ੴ ਸਤਿਗੁਰ ਪ੍ਰਸਾਦਿ ॥

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਰੁਤਿ ਛੇਵੀਂ Rut 6

Sri Gur Partap Suraj Granth

ਕ੍ਰਿਤ:

ਭਾਈ ਸੰਤੋਖ ਸਿੰਘ ਜੀ 'ਕਵਿ ਚੂੜਾਮਣਿ'

By

Bhai Santokh Singh 'Kavi Churamani'

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ
ਅਤੇ ਮਾਤਾ ਗੁਜਰੀ ਜੀ ਦੇ
੩੦੦ ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ

Dedicated to 300th Martyrdom Anniversary of
Guru Gobind Singh ji's
Four Sahibzadas and Mata Gujri ji

ਵਲੋਂ: ਭਾਈ ਬਲਜਿੰਦਰ ਸਿੰਘ ਜੀ (ਰਾੜਾ ਸਾਹਿਬ)
Bhai Baljinder Singh ji

ੴ ਸਤਿਗੁਰ ਪ੍ਰਸਾਦਿ ॥

ਦੋ ਸ਼ਬਦ

ਵਲੋਂ: ਸਿਰਜਕ 'ਈਸਰ ਮਾਈਕ੍ਰੋ ਮੀਡੀਆ'

ਘਰਿ ਘਰਿ ਅੰਦਰਿ ਧਰਮਸਾਲ

ਵਲੋਂ: ਸੰਤ ਹਰੀ ਸਿੰਘ ਜੀ ਰੰਧਾਵਾ

(ਜਨਰਲ ਸਕੱਤਰ ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ)

ਸੰਦੇਸ਼

ਵਲੋਂ: ਡਾ. ਗੁਰਚਰਨ ਸਿੰਘ

ਪ੍ਰੋ. (ਰੀਟਾਇਰਡ) ਪੰਜਾਬੀ ਯੂਨੀਵਰਸਿਟੀ, ਪਟਿਆਲਾ

(ਐਕਸ ਫੈਲੋ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ)

ਸੰਖੇਪ ਲਿੰਕ

ਤਤਕਰਾ ਰੁਤਿ ਛੇਵੀਂ

ਦੋ ਸ਼ਬਦ

ਕਿਸੇ ਵੀ ਕੌਮ ਦੇ ਇਤਿਹਾਸ ਦੇ ਮੂਲ ਸ੍ਰੋਤ ਉਸ ਕੌਮ ਵਾਸਤੇ ਇੱਕ ਅਜਿਹਾ ਸਰਮਾਇਆ ਹੁੰਦੇ ਹਨ, ਜਿਸ ਉੱਤੇ ਉਹ ਕੌਮ ਫ਼ਖ਼ਰ ਕਰ ਸਕਦੀ ਹੈ। ਇਹ ਕੌਮੀ ਸਰਮਾਇਆ ਹੀ ਉਸ ਦੇ ਪੈਰੋਕਾਰਾਂ ਲਈ ਪ੍ਰੇਰਨਾ ਦਾ ਸ੍ਰੋਤ ਬਣਦਾ ਹੈ। ਸਿੱਖ ਇਤਿਹਾਸ ਨਾਲ ਸੰਬੰਧਤ ਅਜਿਹੇ ਸ੍ਰੋਤ ਸਾਡੇ ਪਾਸ ਭਾਵੇਂ ਗਿਣਤੀ ਵਿੱਚ ਬਹੁਤ ਜ਼ਿਆਦਾ ਤਾਂ ਨਹੀਂ ਪਰ ਜਿਤਨੇ ਕੁ ਵੀ ਉਪਲਬਧ ਹਨ, ਉਨ੍ਹਾਂ ਨੂੰ ਗ਼ਨੀਮਤ ਸਮਝ ਕੇ ਜਿੱਥੇ ਉਨ੍ਹਾਂ ਦਾ ਅਧਿਐਨ ਜ਼ਰੂਰੀ ਹੈ, ਉਥੇ ਉਨ੍ਹਾਂ ਦੀ ਸੰਭਾਲ ਵੀ ਆਵੱਸ਼ਕ ਹੈ।

ਇਨ੍ਹਾਂ ਵਿੱਚੋਂ ਇੱਕ ਸ੍ਰੋਤ 'ਕਵਿ ਚੂੜਾਮਣਿ' ਭਾਈ ਸੰਤੋਖ ਸਿੰਘ ਜੀ ਦੁਆਰਾ ਰਚਿਤ 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ ਹੈ। 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ ਸਿੱਖ ਇਤਿਹਾਸ ਦਾ ਇੱਕ ਵਡਮੁੱਲਾ ਸ੍ਰੋਤ ਹੋਣ ਦੇ ਨਾਲ ਨਾਲ ਭਾਈ ਸੰਤੋਖ ਸਿੰਘ ਜੀ ਨੂੰ ਸਤਿਗੁਰੂ ਜੀ ਵਲੋਂ ਬਖ਼ਸ਼ੀ ਅਦਭੁਤ ਵਿੱਦਵਤਾ ਦਾ ਖ਼ਜ਼ਾਨਾ ਵੀ ਹੈ। ਆਕਾਰ ਅਤੇ ਗੁਣਾਤਮਕ ਦ੍ਰਿਸ਼ਟੀ ਤੋਂ ਇਹ ਸ੍ਰੋਤ ਇਤਨਾ ਵੱਡਾ ਹੈ ਕਿ ਸਿੱਖ ਫ਼ਲਸਫ਼ੇ ਅਤੇ ਇਤਿਹਾਸ ਦੇ ਖੋਜੀ ਇਸਦੇ ਅਧਿਐਨ ਤੋਂ ਬਿਨਾਂ ਆਪਣੀ ਵਿੱਦਵਤਾ ਅਧੂਰੀ ਮੰਨਦੇ ਹਨ। ਸਿੱਖ ਜਗਤ ਵਿੱਚ ਇਸਦੀ ਹਰਮਨਪਿਆਰਾ ਅਤੇ ਪ੍ਰਮਾਣਿਕਤਾ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਜ਼ਿਆਦਾਤਰ ਇਤਿਹਾਸਕ ਅਤੇ ਹੋਰ ਪ੍ਰਸਿੱਧ ਗੁਰ-ਅਸਥਾਨਾਂ ਤੇ ਰੋਜ਼ਾਨਾ ਇਸ ਗ੍ਰੰਥਾਵਲੀ ਦੀ ਕਥਾ ਦੀ ਪਰੰਪਰਾ ਤੁਰੀ ਆ ਰਹੀ ਹੈ। ਕਿਸੇ ਵੀ ਇਤਿਹਾਸਕ ਰਚਨਾ ਨੂੰ ਭਾਵੇਂ ਮੁਕੰਮਲ ਤਾਂ ਨਹੀਂ ਕਿਹਾ ਜਾ ਸਕਦਾ ਪਰ ਜੋ ਸ਼ਰਧਾ, ਸਿਦਕ ਅਤੇ ਸਿੱਖੀ ਨਾਲ ਪ੍ਰੇਮ ਭਾਈ ਸਾਹਿਬ ਜੀ ਦੀ ਰਚਨਾ ਨੂੰ ਪੜ੍ਹਨ ਉਪਰੰਤ ਪ੍ਰਾਪਤ ਹੁੰਦਾ ਹੈ, ਉਹ ਸੱਚਮੁੱਚ ਬੇਮਿਸਾਲ ਹੈ।

ਸੂਚਨਾ ਤਕਨਾਲੋਜੀ ਦੇ ਨਵੀਨਤਮ ਅਤੇ ਤੇਜ਼ ਤਰਾਰ ਸਾਧਨਾਂ ਦੁਆਰਾ ਸਿੱਖ ਇਤਿਹਾਸ ਦੀ ਮੂਲ ਸਾਮਗ੍ਰੀ ਨੂੰ ਦੁਨੀਆਂ ਦੇ ਹਰ ਕੋਨੇ ਵਿੱਚ ਵਸੇ ਗੁਰੂ ਨਾਨਕ ਨਾਮ ਲੇਵਾ ਗੁਰਸਿੱਖਾਂ ਤੱਕ ਪਹੁੰਚਾਉਣ ਦੀ ਸੇਵਾ ਨਿਭਾਉਣਾ, ਦਾਸ ਦਾ ਉਦੇਸ਼ ਹੈ। ਸਤਿਗੁਰੂ ਜੀ ਦੀ ਕ੍ਰਿਪਾ ਸਦਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਗੁਰਬਾਣੀ, ਵਾਰਾਂ/ਕਬਿੱਤ ਭਾਈ ਗੁਰਦਾਸ ਜੀ ਦਾ ਇੱਕ ਸ਼ਕਤੀਸ਼ਾਲੀ ਸਰਚ ਟੂਲ, ਭਾਈ ਕਾਹਨ ਸਿੰਘ 'ਨਾਭਾ' ਜੀ ਦੀ ਮਹਾਨ ਰਚਨਾ 'ਗੁਰ ਸ਼ਬਦ ਰਤਾਨਾਕਰ ਮਹਾਨਕੋਸ਼', ਨਿਰਮਲਾ ਸੰਪ੍ਰਦਾਇ ਦੇ ਵਿਦਵਾਨ ਮਹਾਂਪੁਰਖਾਂ ਦੁਆਰਾ ਤਿਆਰ ਕੀਤਾ ਸੰਪ੍ਰਦਾਈ ਅਰਥਾਂ ਵਾਲਾ ਗੁਰਬਾਣੀ ਦਾ ਟੀਕਾ ਜਿਹੜਾ ਸਿੱਖ ਜਗਤ ਵਿੱਚ 'ਫਰੀਦਕੋਟ ਵਾਲਾ ਟੀਕਾ' ਕਰਕੇ ਪ੍ਰਸਿੱਧ ਹੈ (ਕਿਉਂਕਿ ਇਸ ਦੇ ਟੀਕਾਕਾਰਾਂ ਨੂੰ ਉਸ ਸਮੇਂ ਫਰੀਦਕੋਟ ਰਿਆਸਤ ਦੇ ਮਹਾਰਾਜਾ ਦੀ ਸਰਪ੍ਰਸਤੀ ਹਾਸਿਲ ਸੀ), ਭਾਈ ਸੰਤੋਖ ਸਿੰਘ ਜੀ ਦੁਆਰਾ ਰਚਿਤ 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ ਵਿੱਚੋਂ ਸ੍ਰੀ 'ਨਾਨਕ ਪ੍ਰਕਾਸ਼' ਡਿਜਿਟਲ ਰੂਪ ਵਿੱਚ ਉਪਲਬਧ ਕਰਵਾਉਣ ਦੀ ਸੇਵਾ ਕਰਵਾ ਕੇ ਇਸ ਉਦੇਸ਼ ਨੂੰ ਹਾਸਿਲ ਕਰਨ ਵਾਸਤੇ ਇੱਕ ਪੜਾਅ ਮੁਕੰਮਲ ਹੋ ਚੁੱਕਾ ਹੈ। ਆਈ. ਟੀ. ਦੇ ਮਾਧਿਅਮ ਰਾਹੀ ਸਿੱਖ ਇਤਿਹਾਸ ਅਤੇ ਗੁਰਮਤਿ ਦਰਸ਼ਨ ਦਾ ਅਧਿਐਨ ਅਤੇ ਖੋਜ ਕਰਨ ਵਾਲੇ ਵਿਦਵਾਨਾਂ ਲਈ ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਦੀਆਂ ੧੨ ਰਾਸਾਂ, ੬ ਰੁਤਾਂ ਅਤੇ ੨ ਐਨ ਡਿਜਿਟਲ ਰੂਪ ਵਿੱਚ ਉਪਲਬਧ ਕਰਵਾਉਣ ਦੀ ਸੇਵਾ ਸੰਪੂਰਨ ਹੋ ਚੁੱਕੀ ਹੈ। ਸਤਿਗੁਰੂ ਜੀ ਨੇ ਹੀ ਮਹਾਨ ਬਖਸ਼ਿਸ਼ ਕਰਕੇ ਇਹ ਸੇਵਾ ਇਸ ਕੀਟ ਪਾਸੋਂ ਲਈ ਹੈ।

ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਦਾ ਸਾਰਾ ਮੂਲ ਪਾਠ ਪਾਠਕਾਂ ਦੀ ਸੁਵਿਧਾ ਲਈ ਪੰਕਤੀ-ਛੇਦ ਅਤੇ ਪਦ-ਛੇਦ ਵਿਧੀ ਅਨੁਸਾਰ ਦਿੱਤਾ ਗਿਆ ਹੈ। ਕਈ ਕੁ ਸੱਜਣਾਂ ਦੀ ਵੀਚਾਰ ਸੀ ਕਿ ਸ੍ਰੀ ਗੁਰਪ੍ਰਤਾਪ ਸੂਰਜ ਵਿੱਚੋਂ ਕੁੱਝ ਬੇਲੋੜੇ ਅਤੇ ਮਨਮੱਤ ਵਾਲੇ ਅੰਸ਼ ਕੱਢ ਕੇ ਇਸਦੀ ਸੋਧ ਕਰ ਦਿੱਤੀ ਜਾਵੇ ਪਰ ਦਾਸ ਨੇ ਆਪਣੀ ਤੁੱਛ ਮੱਤ ਅਨੁਸਾਰ ਗ੍ਰੰਥ ਦੀ ਮੌਲਿਕਤਾ ਬਰਕਰਾਰ ਰੱਖਣ

ਲਈ ਐਸਾ ਕਰਨਾ ਮੁਨਾਸਿਬ ਨਹੀਂ ਸਮਝਿਆ। ਵੈਸੇ ਵੀ ਸ੍ਰੀ ਨਾਨਕ ਪ੍ਰਕਾਸ਼ ਅਤੇ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥਾਵਲੀ ਵਿੱਚ ਪੰਥ ਰਤਨ ਡਾ. ਭਾਈ ਵੀਰ ਸਿੰਘ ਜੀ ਵਲੋਂ ਥਾਂ ਥਾਂ ਦਿੱਤੀਆਂ ਟਿੱਪਣੀਆਂ ਪਾਠਕਾਂ ਨੂੰ ਗੁਰਮਤਿ ਤੋਂ ਦੂਰ ਨਹੀਂ ਜਾਣ ਦਿੰਦੀਆਂ। ਇਸ ਲਈ ਭਾਈ ਵੀਰ ਸਿੰਘ ਜੀ ਵਲੋਂ ਦਿੱਤੇ ਪ੍ਰਯਾਯ, ਟਿੱਪਣੀਆਂ, ਹਵਾਲੇ ਅਤੇ ਫੁੱਟਨੋਟ ਨਾਲ ਨਾਲ ਦੇ ਕੇ ਮੂਲ ਪਾਠ ਨਾਲ ਕੋਈ ਛੇੜ ਛਾੜ ਨਹੀਂ ਕੀਤੀ ਗਈ। ਭਾਈ ਸਾਹਿਬ ਵਲੋਂ ਬਣਾਇਆ ਤਤਕਰਾ ਉਸੇ ਤਰ੍ਹਾਂ ਰੱਖ ਕੇ, ਕਿਸੇ ਵੀ ਅੰਸੂ ਤੱਕ ਸਿੱਧੀ ਪਹੁੰਚ ਲਈ ਆਸਾਨ ਲਿੰਕ ਦੇ ਦਿੱਤੇ ਗਏ ਹਨ।

ਨਾਲ ਹੀ ਖੋਜ ਕਾਰਜ ਲਈ ਸ. ਹਰਬੰਸ ਸਿੰਘ ਜੀ ਐਮ.ਏ. (ਜੰਮੂ) ਦੁਆਰਾ ਰਚਿਤ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ 'ਸੰਬੰਧ ਸੂਚਕ ਅਨੁਕ੍ਰਮਣਿਕਾ' (ਨਾਵਾਂ ਅਤੇ ਥਾਵਾਂ ਦਾ ਕੋਸ਼) ਵੀ ਦਿੱਤਾ ਜਾ ਰਿਹਾ ਹੈ। ਇਸ ਵਾਸਤੇ ਦਾਸ ਵਲੋਂ ਜਿੱਥੇ ਸ. ਹਰਬੰਸ ਸਿੰਘ ਜੀ ਦਾ ਧੰਨਵਾਦ ਹੈ, ਉੱਥੇ ਡਾ. ਗੁਰਚਰਨ ਸਿੰਘ ਜੀ (ਐਕਸ ਫੈਲੋ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ) ਦਾ ਵੀ ਦਾਸ ਰਿਣੀ ਹੈ ਜਿਨ੍ਹਾਂ ਦੇ ਸਹਿਯੋਗ ਨਾਲ ਇਹ ਸੰਭਵ ਹੋ ਸਕਿਆ ਹੈ। ਡਾ. ਗੁਰਚਰਨ ਸਿੰਘ ਜੀ ਦਾ ਦਾਸ ਇਸ ਕਰਕੇ ਵੀ ਕ੍ਰਿਤੱਗ ਹੈ ਉਨ੍ਹਾਂ ਨੇ ਦਾਸ ਨੂੰ 'ਸਰਕਾਰੀ ਕਾਲਿਜ ਕਰਮਸਰ' ਵਿੱਚ ਆਪਣਾ ਸ਼ਾਗਿਰਦ ਹੋਣ ਦੇ ਨਾਤੇ 'ਈਸ਼ਰ ਮਾਈਕ੍ਰੋ ਮੀਡੀਆ' ਨੂੰ ਖੋਜ ਕਾਰਜ ਲਈ ਵੱਧ ਤੋਂ ਵੱਧ ਸਹਾਇਕ ਬਣਾਉਣ ਲਈ ਸਮੇਂ ਸਮੇਂ ਬਹੁਤ ਹੀ ਕੀਮਤੀ ਸੁਝਾਅ ਦਿੱਤੇ ਹਨ। ਨਾਲ ਹੀ ਦਾਸ ਡਾ. ਕੁਲਬੀਰ ਸਿੰਘ ਜੀ 'ਥਿੰਦ' (ਸੈਨ ਮਟੇਓ, ਕੈਲੇਫੋਰਨੀਆ) ਦਾ ਧੰਨਵਾਦ ਕੀਤੇ ਬਿਨਾਂ ਵੀ ਨਹੀਂ ਰਹਿ ਸਕਦਾ, ਜਿਨ੍ਹਾਂ ਨੇ ਜਦੋਂ ਵੀ ਜ਼ਰੂਰਤ ਪਈ, ਆਪਣੇ ਡਾਕਟਰੀ ਕਿੱਤੇ ਦੇ ਰੁਝੇਵਿਆਂ ਦੇ ਬਾਵਜੂਦ ਆਪਣਾ ਭਰਪੂਰ ਤਕਨੀਕੀ ਸਹਿਯੋਗ ਦਿੱਤਾ।

ਮੰਜ਼ਿਲ ਹਾਲਾਂ ਦੂਰ ਹੈ। ਅਜੇ ਤਵਾਰੀਖ ਗੁਰੂ ਖਾਲਸਾ ਪਾਠਕਾਂ ਤੱਕ ਆਉਣਾ ਹੈ। ਫਿਰ ਭਾਈ ਨੰਦ ਲਾਲ ਰਚਨਾਵਲੀ, ਜਨਮ ਸਾਖੀ ਭਾਈ ਬਾਲੇ ਵਾਲੀ, ਮਹਿਮਾ ਪ੍ਰਕਾਸ਼, ਦੋਵੇਂ ਗੁਰਬਿਲਾਸ (ਪਾ: ੬ ਅਤੇ ਪਾ: ੧੦), ਗੁਰੂ ਕੀਆਂ ਸਾਖੀਆਂ, ਗਿਆਨ ਰਤਨਾਵਲੀ, ਸਿੱਖ ਰਹਿਤਨਾਮੇ, ਗੁਰਬਾਣੀ ਦੇ ਪ੍ਰਸਿੱਧ ਟੀਕੇ ਅਤੇ ਸਿੱਖ ਇਤਿਹਾਸ ਦੀ ਹੋਰ ਮੂਲ ਸਾਮਗ੍ਰੀ... ਕਾਰਜ ਇਤਨਾ ਵੱਡਾ ਹੈ, ਜਿਹੜਾ ਸਤਿਗੁਰੂ ਜੀ ਦੀ ਬਖ਼ਸ਼ੀਸ਼ ਅਤੇ ਸਾਧ ਸੰਗਤ ਦੀ ਆਸੀਸ ਨਾਲ ਹੀ ਨੇਪਰੇ ਚੜ੍ਹ ਸਕਦਾ ਹੈ।

ਸੰਪੂਰਨ ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥਾਵਲੀ ਇੰਟਰਨੈੱਟ ਉੱਪਰ ਉਪਲਬਧ ਕਰਾਉਣ ਦੀ ਇਹ ਸੇਵਾ ਦਾਸ ਵਲੋਂ ਸੰਤ ਕਿਸ਼ਨ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲਿਆਂ ਦੀ ਯਾਦ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੂਜਰੀ ਜੀ ਦੇ ੩੦੦ ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਹੈ। ਸਤਿਗੁਰੂ ਜੀ ਬਖ਼ਸ਼ਿਸ਼ ਕਰਨ, ਕਵਿ ਚੂੜਾਮਣਿ ਭਾਈ ਸੰਤੋਖ ਸਿੰਘ ਜੀ ਦੀ ਇਹ ਮਹਾਨ ਰਚਨਾ ਜੋ ਕਿ ਹਾਲਾਂ ਤੱਕ ਸਿਰਫ ਕੁਝ ਵਿਦਵਾਨਾਂ, ਲਾਈਬ੍ਰੇਰੀਆਂ ਅਤੇ ਗੁਰਦੁਆਰਿਆਂ ਤੱਕ ਹੀ ਸੀਮਿਤ ਹੈ, ਹੁਣ ਕੰਪਿਊਟਰ ਅਤੇ ਇੰਟਰਨੈਟ ਦੇ ਮਾਧਿਅਮ ਰਾਹੀਂ ਦੁਨੀਆਂ ਦੀ ਹਰ ਨੁੱਕਰ ਵਿੱਚ ਵਸਦੇ ਗੁਰੂ ਨਾਨਕ ਨਾਮ ਲੇਵਾ ਗੁਰਸਿਖਾਂ ਦੇ ਘਰ ਘਰ ਤੱਕ ਪਹੁੰਚ ਸਕੇ ਅਤੇ 'ਹਉ ਮੂਰਖ' ਇਸੇ ਤਰ੍ਹਾਂ 'ਕਾਰੇ' ਲੱਗਿਆ ਰਹੇ:

ਪੂਰੀ ਸ਼ੈ ਨੂੰ ਡਰ ਘਾਟੇ ਦਾ, ਡਰ ਨਹੀਂ ਅੱਧੀ ਤਾਈਂ।
ਰੱਬਾ! ਪਿਆਰ ਮੇਰੇ ਦੀ ਮੰਜ਼ਿਲ, ਪੂਰੀ ਕਦੇ ਨਾ ਹੋਵੇ।

ਦਾਸ
ਬਲਜਿੰਦਰ ਸਿੰਘ
੧ ਜਨਵਰੀ ੨੦੦੫ ਗੁਰਦੁਆਰਾ ਕਰਮਸਰ, ਰਾੜਾ ਸਾਹਿਬ।

ਨਵੇਂ ਸੰਸਕਰਣ ਬਾਬਤ

ਸਤਿਗੁਰੂ ਜੀ ਦੀ ਕ੍ਰਿਪਾ ਸਦਕਾ ਹੁਣ ਤੱਕ ਮਹਾਨਕੋਸ਼, ਫਰੀਦਕੋਟ ਵਾਲਾ ਟੀਕਾ, ਸੰਪੂਰਨ 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ, ਗਿਆਨੀ ਗਿਆਨ ਸਿੰਘ ਜੀ ਦੁਆਰਾ ਰਚਿਤ 'ਤਵਾਰੀਖ ਗੁਰੂ ਖਾਲਸਾ' ਅਤੇ 'ਸ੍ਰੀ ਗੁਰੂ ਪੰਥ ਪ੍ਰਕਾਸ਼' ਦਾ ਡਿਜਿਟਲ ਸੰਸਕਰਣ ਕੰਪਿਊਟਰ ਦੇ ਪਾਠਕਾਂ ਦੀ ਪਹੁੰਚ ਅੰਦਰ ਲਿਆਂਦਾ ਜਾ ਚੁਕਾ ਹੈ।

ਇਸ ਸਾਲ (ਸੰਨ ੨੦੦੮ ਈ.) ਇਨ੍ਹਾਂ ਨਵੇਂ ਸੰਸਕਰਣਾਂ ਵਿੱਚ ਜਿੱਥੇ 'ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ' ਅਤੇ 'ਸ੍ਰੀ ਗੁਰੂ ਪੰਥ ਪ੍ਰਕਾਸ਼' ਦਾ ਸਾਰਾ ਮੂਲ ਪਾਠ ਪਾਠਕਾਂ ਦੀ ਸੁਵਿਧਾ ਲਈ ਪੰਕਤੀ-ਛੇਦ ਅਤੇ ਪਦ-ਛੇਦ ਵਿਧੀ ਅਨੁਸਾਰ ਦਿੱਤਾ ਗਿਆ ਹੈ, ਉੱਥੇ ਫੁੱਟਨੋਟ ਅਤੇ ਟਿੱਪਣੀਆਂ ਪਾਠਕਾਂ ਦੀ ਸੁਵਿਧਾ ਵਾਸਤੇ ਮੂਲ ਪਾਠ ਦੇ ਨਾਲ ਹੀ ਦੇ ਦਿੱਤੀਆਂ ਗਈਆਂ ਹਨ।

ਇਸੇ ਸਾਲ ਸਿੱਖ ਜਗਤ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ੩੦੦ ਸਾਲਾ ਗੁਰਗੱਦੀ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਹੈ। ਦਾਸ ਵਲੋਂ ਇਸ ਸ਼ੁਭ ਅਵਸਰ ਤੇ ਸੰਗਤਾਂ ਨੂੰ ਈਸ਼ਰ ਮਾਈਕ੍ਰੋ ਮੀਡੀਆ ਦੇ ਨਵਾਂ ਸੰਸਕਰਣ ਵੀ ਭੇਟਾ ਕੀਤਾ ਗਿਆ ਹੈ ਜਿਸ ਸ੍ਰੀ ਵਿੱਚ ਸ੍ਰੀ ਦਸਮ ਗ੍ਰੰਥ ਦਾ ਖੋਜ ਯੰਤਰ ਵੀ ਉਪਲਬਧ ਕਰਵਾਇਆ ਗਿਆ ਹੈ।

ਦਾਸ
ਬਲਜਿੰਦਰ ਸਿੰਘ
ਗੁਰਦੁਆਰਾ ਕਰਮਸਰ, ਰਾੜਾ ਸਾਹਿਬ।

੨੬ ਅਗਸਤ ੨੦੦੮

ਘਰਿ ਘਰਿ ਅੰਦਰਿ ਧਰਮਸਾਲ

ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ ਦੇ ਅਨਿੰਨ 'ਪਿਆਰੇ' ਭਾਈ ਦਇਆ ਸਿੰਘ ਜੀ ਤੋਂ ਚਲੀ ਆ ਰਹੀ ਜਗਤ ਪ੍ਰਸਿੱਧ ਸੰਪ੍ਰਦਾਇ, ਜਿਹੜੀ ਹੋਤੀ ਮਰਦਾਨ ਵਾਲੀ ਸੰਪ੍ਰਦਾਇ ਕਰਕੇ ਵੀ ਪ੍ਰਸਿੱਧ ਹੈ, ਦੇ ਮਹਾਂਪੁਰਖ ਸੰਤ ਈਸ਼ਰ ਸਿੰਘ ਜੀ ਅਤੇ ਸੰਤ ਕਿਸ਼ਨ ਸਿੰਘ ਜੀ ਮਹਾਰਾਜ ਦੀਆਂ ਸ਼ਖਸ਼ੀਅਤਾਂ ਕਿਸੇ ਜਾਣਕਾਰੀ ਦੀਆਂ ਮੁਥਾਜ ਨਹੀਂ। ਇਸ ਸੰਪ੍ਰਦਾਇ ਦੇ ਮੌਜੂਦਾ ਮੁਖੀ, ਨਾਮ ਬਾਣੀ ਦੇ ਰਸੀਏ, ਸੰਤ ਬਾਬਾ ਤੇਜਾ ਸਿੰਘ ਜੀ ਦੀ ਆਗਿਆ ਅਨੁਸਾਰ ਬਾਬਾ ਬਲਜਿੰਦਰ ਸਿੰਘ ਜੀ ਨੇ ਜਿਸ ਢੰਗ ਨਾਲ ਗੁਰਸਿੱਖੀ ਦਾ ਪ੍ਰਚਾਰ ਕਰਨ ਵਾਸਤੇ ਬੀੜਾ ਚੁੱਕਿਆ ਹੈ, ਉਹ ਆਪਣੇ ਆਪ ਦੇ ਵਿੱਚ ਇੱਕ ਮਿਸਾਲ ਹੈ। ਸਿੱਧੀਆਂ ਧਾਰਨਾ ਦੁਆਰਾ ਗੁਰਬਾਣੀ ਦੇ ਕੀਰਤਨ ਅਤੇ ਵਖਿਆਨ ਦੁਆਰਾ ਬਾਬਾ ਬਲਜਿੰਦਰ ਸਿੰਘ ਜੀ ਨੇ ਨਾ ਕੇਵਲ ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲਿਆਂ ਦੀ ਰਵਾਇਤ ਨੂੰ ਬਰਕਰਾਰ ਰੱਖਿਆ ਹੈ, ਬਲਕਿ ਉਨ੍ਹਾਂ ਨੇ ਕੰਪਿਊਟਰ ਅਤੇ ਇੰਟਰਨੈੱਟ ਦੇ ਮਾਧਿਅਮ ਰਾਹੀਂ ਗੁਰਬਾਣੀ ਅਤੇ ਗੁਰਮਤਿ ਨਾਲ ਸੰਬੰਧਤ ਸਾਮੱਗਰੀ ਨੂੰ ਘਰ ਘਰ ਪਹੁੰਚਾ ਕੇ 'ਘਰਿ ਘਰਿ ਅੰਦਰਿ ਧਰਮਸਾਲ' ਭਾਈ ਗੁਰਦਾਸ ਜੀ ਦੇ ਇਸ ਵਚਨ ਨੂੰ ਇੱਕ ਨਿਵੇਕਲੇ ਤਰੀਕੇ ਦੁਆਰਾ ਸਫ਼ਲ ਕਰਨ ਦੀ ਇੱਕ ਹੋਰ ਨਵੀਂ ਰੀਤਿ ਚਲਾਈ ਹੈ।

ਦਾਸ ਦਾ ਪਿਛਲੇ ਕਈ ਸਾਲਾਂ ਤੋਂ ਗਾਹੇ ਬਗਾਹੇ ਜਦੋਂ ਕਿਤੇ ਵੀ ਉਨ੍ਹਾਂ ਨਾਲ ਮੇਲ ਹੁੰਦਾ ਰਿਹਾ ਹੈ, ਦਾਸ ਉਨ੍ਹਾਂ ਨੂੰ ਆਪਣੇ ਇਸੇ ਕਾਰਜ ਵਿੱਚ ਰੁੱਝਿਆ ਦੇਖਦਾ ਰਿਹਾ ਹੈ। ਸਭ ਤੋਂ ਪਹਿਲਾਂ ਮਹਾਨ ਕੋਸ਼ ਨੂੰ ਇੰਟਰਨੈੱਟ ਤੇ ਲਿਆ ਕੇ, ਫਿਰ 'ਈਸ਼ਰ ਮਾਈਕਰੋ ਮੀਡੀਆ' ਗੁਰਬਾਣੀ ਅਤੇ ਭਾਈ ਗੁਰਦਾਸ ਜੀ ਦੀ ਰਚਨਾ ਦਾ ਸਰਚ ਟੂਲ ਤਿਆਰ ਕਰ ਕੇ ਜਿੱਥੇ ਆਪ ਨੇ ਹੁਣ ਤੱਕ ਇਸ ਖੇਤਰ ਵਿੱਚ ਵੱਡੀ ਸਫ਼ਲਤਾ ਹਾਸਿਲ ਕੀਤੀ ਹੈ, ਉੱਥੇ 'ਕਵਿ ਚੂੜਾਮਣਿ' ਭਾਈ ਸੰਤੋਖ ਸਿੰਘ ਜੀ ਦੀ ਮਹਾਨ ਰਚਨਾ 'ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ' ਇੰਟਰਨੈੱਟ ਤੇ ਲਿਆ ਕੇ ਇਸ ਖੇਤਰ ਵਿੱਚ ਇੱਕ ਹੋਰ ਮਾਅਰਕਾ ਮਾਰਿਆ ਹੈ।

ਸੰਨ ੨੦੦੪ ਈ. ਸਿੱਖ ਇਤਿਹਾਸ ਨਾਲ ਸੰਬੰਧਤ ਸ਼ਤਾਬਦੀ ਸਮਾਰੋਹਾਂ ਦਾ ਸਾਲ ਰਿਹਾ ਹੈ। ਇਸ ਸਾਲ ਦੌਰਾਨ ਸਿੱਖ ਜਗਤ ਨੇ ਗੁਰੂ ਅੰਗਦ ਦੇਵ ਜੀ ਦਾ ੫੦੦ ਸਾਲਾ ਪ੍ਰਕਾਸ਼ ਪੁਰਬ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਰਜਣਾ ਦਾ ੪੦੦ ਸਾਲਾ ਸਮਾਰੋਹ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਦਾ ੩੦੦ ਸਾਲਾ ਦਿਹਾੜਾ ਮਨਾਇਆ ਹੈ। ਬਾਬਾ ਬਲਜਿੰਦਰ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪ੍ਰਦਾਈ 'ਫਰੀਦਕੋਟ ਵਾਲਾ' ਟੀਕਾ ਗੁਰੂ ਅੰਗਦ ਦੇਵ ਜੀ ਦੇ ੫੦੦ ਸਾਲਾ ਪ੍ਰਕਾਸ਼ ਪੁਰਬ ਨੂੰ, 'ਈਸ਼ਰ ਮਾਈਕ੍ਰੋ ਮੀਡੀਆ' ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਰਜਣਾ ਦੇ ੪੦੦ ਸਾਲਾ ਪੁਰਬ ਨੂੰ ਅਤੇ 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਦੇ ੩੦੦ ਸਾਲਾ ਦਿਹਾੜੇ ਨੂੰ ਸਮਰਪਿਤ ਕਰਕੇ ਜਿੱਥੇ ਗੁਰੂ ਸਾਹਿਬਾਨ ਦੇ ਉਪਕਾਰਾਂ ਅਤੇ ਕੁਰਬਾਨੀਆਂ ਪ੍ਰਤੀ ਆਪਣੀ ਸ਼ਰਧਾ ਅਤੇ ਕ੍ਰਿਤੱਗਤਾ ਪ੍ਰਗਟ ਕੀਤੀ ਹੈ, ਉਥੇ ਨਾਲ ਹੀ ਕੰਪਿਊਟਰ ਅਤੇ ਇੰਟਰਨੈੱਟ ਨਾਲ ਜਾਣਕਾਰੀ ਰੱਖਣ ਵਾਲੇ 'ਗੁਰਮੁਖ ਹੰਸਾਂ' ਵਾਸਤੇ ਆਪ ਨੇ ਗੁਰੂ ਸਾਹਿਬਾਨ ਦੀ ਬਾਣੀ ਅਤੇ ਉਪਮਾ ਦਾ 'ਮਾਨ ਸਰੋਵਰ' ਉਨ੍ਹਾਂ ਦੇ ਬਿਲਕੁਲ ਨੇੜੇ ਕਰ ਦਿੱਤਾ ਹੈ। ਯਾਦ ਰਹੇ ਕਿ ਭਾਈ ਕਾਨ੍ਹ ਸਿੰਘ ਨਾਭਾ ਜੀ ਦੀ ਮਹਾਨ ਰਚਨਾ 'ਮਹਾਨਕੋਸ਼' ਆਪ ਪਹਿਲਾਂ ਹੀ ਇੰਟਰਨੈੱਟ ਤੇ ਉਪਲਬਧ ਕਰਵਾ ਕੇ ਖਾਲਸੇ ਦੀ ਸਿਰਜਨਾ ਦੇ ੩੦੦ ਸਾਲਾ ਪੁਰਬ ਨੂੰ ਸਮਰਪਿਤ ਕਰ ਚੁੱਕੇ ਹਨ।

ਬਾਬਾ ਬਲਜਿੰਦਰ ਸਿੰਘ ਜੀ ਦੀ ਇਸ ਘਾਲਣਾ ਉਪਰ ਸਿਰਫ ਰਾੜਾ ਸਾਹਿਬ ਸੰਪ੍ਰਦਾਇ ਹੀ ਨਹੀਂ, ਬਲਕਿ ਸਮੁੱਚਾ ਸੰਤ ਸਮਾਜ ਮਾਣ ਕਰ ਸਕਦਾ ਹੈ। ਗੁਰਮਤਿ ਦਾ ਪ੍ਰੰਪਰਾਗਤ ਤਰੀਕੇ ਦੁਆਰਾ

ਪ੍ਰਚਾਰ ਕਰਨਾ, ਅੰਮ੍ਰਿਤ ਛਕਾਉਣਾ, ਲੰਗਰ ਚਲਾਉਣੇ, ਸਮਾਜ ਅਤੇ ਮਾਨਵਤਾ ਦੀ ਸੇਵਾ ਕਰਨਾ ਆਦਿਕ ਸੇਵਾਵਾਂ ਤਾਂ ਪਹਿਲਾਂ ਹੀ ਸੰਤ ਸਮਾਜ ਦੇ ਹਿੱਸੇ ਆ ਚੁੱਕੀਆਂ ਹਨ, ਬਾਬਾ ਬਲਜਿੰਦਰ ਸਿੰਘ ਜੀ ਨੇ ਆਧੁਨਿਕ ਢੰਗ ਦੁਆਰਾ ਕੰਪਿਊਟਰ ਅਤੇ ਇੰਟਰਨੈਟ ਦੇ ਮਾਧਿਅਮ ਰਾਹੀਂ ਗੁਰਬਾਣੀ ਅਤੇ ਗੁਰਮਤਿ ਦਾ ਪ੍ਰਚਾਰ ਕਰਨ ਦੀ ਸੇਵਾ ਆਰੰਭ ਕਰਕੇ 'ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ' ਦਾ ਨਾਂ ਹੋਰ ਉੱਚਾ ਕਰ ਦਿੱਤਾ ਹੈ। ਨਾਲ ਹੀ ਬਾਬਾ ਬਲਜਿੰਦਰ ਸਿੰਘ ਜੀ ਨੇ ਸੰਤ ਸਮਾਜ, ਸਿੱਖ ਵਿਦਵਾਨਾਂ ਅਤੇ ਹੋਰ ਸਿੱਖ ਸੰਸਥਾਵਾਂ ਨੂੰ ਇਸ ਗੱਲ ਦਾ ਅਹਿਸਾਸ ਵੀ ਕਰਵਾਇਆ ਹੈ ਕਿ ਅੱਜ ਦੇ ਕੰਪਿਊਟਰ ਯੁਗ ਵਿੱਚ ਗੁਰਮਤਿ ਦੇ ਪ੍ਰਚਾਰ ਅਤੇ ਖੋਜ ਕਾਰਜ ਵਾਸਤੇ ਜੇਕਰ ਇਨ੍ਹਾਂ ਸਾਧਨਾਂ ਦੀ ਵਰਤੋਂ ਨਾ ਕੀਤੀ ਗਈ ਤਾਂ ਗੁਰੂ ਸਾਹਿਬਾਨ ਦੇ ਸੰਦੇਸ਼ ਨੂੰ ਘਰ ਘਰ ਪਹੁੰਚਾਉਣ ਦਾ ਸੰਕਲਪ ਪੂਰਾ ਨਹੀਂ ਹੋ ਸਕੇਗਾ।

ਦਾਸ ਨੂੰ ਆਸ ਹੈ ਕਿ ਗੁਰਮਤਿ ਨਾਲ ਸੰਬੰਧਤ ਮੂਲ ਸਾਮਗ੍ਰੀ ਕੰਪਿਊਟਰ ਅਤੇ ਇੰਟਰਨੈੱਟ ਰਾਹੀਂ ਘਰ ਘਰ ਪਹੁੰਚਾਉਣ ਦੇ ਇਸ ਸ਼ੁਭ ਮਨੋਰਥ ਵਿੱਚ ਬਾਬਾ ਬਲਜਿੰਦਰ ਸਿੰਘ ਜੀ ਨੂੰ ਪੂਰਨ ਕਾਮਯਾਬੀ ਪ੍ਰਾਪਤ ਹੋਵੇਗੀ। ਅਖ਼ੀਰ ਵਿੱਚ ਦਾਸ ਆਪਣੇ ਵਲੋਂ ਅਤੇ 'ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ' ਵਲੋਂ ਬਾਬਾ ਬਲਜਿੰਦਰ ਸਿੰਘ ਜੀ ਦੇ ਇਸ ਪੁਰਸ਼ਾਰਥ ਦੀ ਭਰਪੂਰ ਸ਼ਾਲਾਘਾ ਕਰਦਾ ਹੋਇਆ ਉਨ੍ਹਾਂ ਨੂੰ ਹੁਣ ਤੱਕ ਪ੍ਰਾਪਤ ਕੀਤੀ ਸਫ਼ਲਤਾ ਲਈ ਵਧਾਈ ਦਿੰਦਾ ਹੈ ਅਤੇ ਉਨ੍ਹਾਂ ਦੇ ਬਾਕੀ ਰਹਿੰਦੇ ਮਹਾਨ ਕਾਰਜ ਦੀ ਸੰਪੂਰਨਤਾ ਵਾਸਤੇ ਸਤਿਗੁਰੂ ਜੀ ਦੇ ਚਰਨਾਂ ਵਿੱਚ ਅਰਦਾਸ ਕਰਦਾ ਹੈ।

੨੧ ਜਨਵਰੀ ੨੦੦੫ — ਸੰਤ ਹਰੀ ਸਿੰਘ ਰੰਧਾਵਾ
ਰੰਧਾਵਾ — ਜਨਰਲ ਸਕੱਤਰ, ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ।

ਸੰਦੇਸ਼

ਬਾਬਾ ਬਲਜਿੰਦਰ ਸਿੰਘ ਜੀ ਸੰਤ ਸਮਾਜ ਨਾਲ ਸੰਬੰਧਿਤ ਪ੍ਰਚਾਰ ਦੀ ਸੁਪ੍ਰਸਿੱਧ ਸੰਸਥਾ ਸੰਤ ਈਸ਼ਰ ਸਿੰਘ ਜੀ ਤੇ ਸੰਤ ਕਿਸ਼ਨ ਸਿੰਘ ਜੀ ਰਾੜਾ ਸਾਹਿਬ ਵੱਲੋਂ ਵਰੋਸਾਇ ਸਥਾਨ ਦੇ ਪ੍ਰਮੁੱਖ ਪ੍ਰਤਿਨਿਧ ਹਨ। ਚੇਤੰਨ ਤੇ ਸੂਝਵਾਨ ਹੋਣ ਦੇ ਨਾਤੇ ਉਹ ਸਿੱਖੀ ਦਾ ਪ੍ਰਚਾਰ ਪ੍ਰੰਪਕ ਤੇ ਆਧੁਨਿਕ ਵਿਗਿਆਨਕ ਸੂਝ ਦਾ ਸੁਮੇਲ ਕਰਕੇ ਕਰਨ ਦੇ ਚਾਹਵਾਨ ਹਨ। ਜਿੱਥੇ ਉਹ ਹੋਤੀ ਮਰਦਾਨ ਵਾਲੀ ਸੰਪ੍ਰਦਾਇ ਨਾਲ ਸੰਬੰਧਿਤ ਸੰਤ ਈਸ਼ਰ ਸਿੰਘ ਜੀ ਦੇ ਸਿੱਧੀਆਂ ਧਾਰਨਾਂ ਦੁਆਰਾ ਗੁਰਬਾਣੀ ਕੀਰਤਨ ਤੇ ਵਖਿਆਨ ਦੀ ਪ੍ਰੰਪਰਾ ਨੂੰ ਅਗਾਂਹ ਤੋਰ ਰਹੇ ਹਨ, ਉੱਥੇ ਉਨ੍ਹਾਂ ਨੂੰ ਵਿਦੇਸ਼ਾਂ ਦੇ ਰਟਨ ਤੋਂ ਇਹ ਵੀ ਅਨੁਭਵ ਹੋ ਗਿਆ ਹੈ ਕਿ ਸਮੁੱਚੇ ਤੌਰ ਤੇ, ਵਿਸ਼ੇਸ਼ ਕਰਕੇ ਵਿਦੇਸ਼ਾਂ ਵਿੱਚ ਵਸਦੀ ਅਜੋਕੀ ਪੀੜ੍ਹੀ ਨੂੰ ਧਰਮ, ਅਤੇ ਇਸ ਰਾਹੀਂ ਜੀਵਨ ਦੀਆਂ ਉੱਚੀਆਂ ਸੁੱਚੀਆਂ ਕੀਮਤਾਂ ਵੱਲ ਆਕਰਸ਼ਤ ਕਰਨ ਦੇ ਪ੍ਰਮੁੱਖ ਸਾਧਨ ਇੰਟਰਨੈੱਟ ਅਤੇ ਕੰਪਿਊਟਰ ਹੀ ਹਨ। ਅੱਜ ਦੇ ਇਸ ਪੀੜ੍ਹੀ ਦੇ ਵਿਦਵਾਨ ਤੇ ਖੋਜਕਾਰ ਵੀ ਗੁਰਮਤਿ ਅਧਿਐਨ ਲਈ ਨਵੀਨਤਮ ਸੂਚਨਾਂ ਤੇ ਪ੍ਰਸਾਰ ਦੇ ਸਾਧਨਾਂ ਦੀਆਂ ਸਹੂਲਤਾਂ ਦੀ ਘਾਟ ਨੂੰ ਬੜੇ ਤੀਬਰ ਰੂਪ ਵਿੱਚ ਅਨੁਭਵ ਕਰਕੇ, ਇਸ ਤੋਂ ਦੂਰ ਹੁੰਦੇ ਜਾ ਰਹੇ ਹਨ। ਉਹ ਪੀੜ੍ਹੀ ਜਿਸ ਨੇ ਆਪਣੀ ਸਾਰੀ ਸਿੱਖਿਆ ਹੀ ਇਸ ਮਾਧਿਅਮ ਰਾਹੀਂ ਲਈ ਹੈ, ਉਹਨਾਂ ਨੂੰ ਇਹ ਘਾਟ ਹੋਰ ਵੀ ਸ਼ਿੱਦਤ ਨਾਲ ਮਹਿਸੂਸ ਹੁੰਦੀ ਹੈ।

ਬਾਬਾ ਬਲਜਿੰਦਰ ਸਿੰਘ ਜੀ ਅਕਾਲ ਪੁਰਖ ਦੀ ਅਪਾਰ ਬਖ਼ਸ਼ਿਸ਼ ਦੇ ਪਾਤਰ ਹਨ ਜਿਸ ਸਦਕੇ ਉਨ੍ਹਾਂ ਨੂੰ ਸਤਿਗੁਰੂ ਜੀ ਨੇ ਇਹ ਸੇਵਾ ਬਖ਼ਸ਼ੀ ਹੈ। ਕਈ ਸਾਲਾਂ ਤੋਂ ਜਿੱਥੇ ਉਹ ਗੁਰਮਤਿ ਦੇ ਪ੍ਰੋਖ ਤੇ ਅਪ੍ਰੋਖ ਸੋਮਿਆਂ ਨੂੰ ਪ੍ਰੋਗ੍ਰਾਮਡ ਰੂਪ ਵਿਚ ਸੀ.ਡੀ. ਅਤੇ ਵੈੱਬਸਾਈਟ ਤੇ ਲਿਆ ਰਹੇ ਹਨ, ਉੱਥੇ ਨਾਲ ਹੀ ਉਹ ਇਸ ਨੂੰ ਨਿੱਤ ਹੋਰ ਸੁਧਾਰਨ ਤੇ ਵਧੇਰੇ ਅਧਿਐਨ-ਸਹਾਇਕ ਬਨਾਉਣ ਵਿੱਚ ਰੁੱਝੇ ਹੋਏ ਹਨ। ਵਿਅਕਤੀ ਰੂਪ ਵਿੱਚ ਬਿਨਾਂ ਕਿਸੇ ਸੰਸਥਾਗਤ ਸਹਾਇਤਾ ਦੇ ਉਹ ਐੱਨਾ ਕੰਮ ਕਰ ਚੁੱਕੇ ਹਨ ਕਿ ਸੰਤ ਸਮਾਜ, ਵੱਖ-ਵੱਖ ਡੇਰੇ ਤੇ ਵੱਡੀਆਂ ਸੰਸਥਾਵਾਂ ਉਨ੍ਹਾਂ ਦੇ ਇਸ ਕਾਰਜ ਅਤੇ ਲਗਨ ਉਪਰ ਮਾਣ ਕਰ ਸਕਦੀਆਂ ਹਨ। 'ਈਸ਼ਰ ਮਾਈਕਰੋ ਮੀਡੀਆ' ਦੇ ਨਵੀਨਤਮ ਸੰਸਕਰਨ ਵਿੱਚ ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਭਾਈ ਗੁਰਦਾਸ ਜੀ ਦੀਆਂ ਵਾਰਾਂ ਤੇ ਸਵੈਯੇ; ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਫਰੀਦਕੋਟ ਵਾਲਾ ਟੀਕਾ (੪ ਜਿਲਦਾਂ); ਸ. ਮਨਮੋਹਨ ਸਿੰਘ ਰਚਿਤ ਪੰਜਾਬੀ ਅੰਗਰੇਜੀ ਸਟੀਕ (੮ ਜਿਲਦਾਂ); ਪ੍ਰੋ. ਸਾਹਿਬ ਸਿੰਘ ਜੀ ਰਚਿਤ 'ਗੁਰੂ ਗ੍ਰੰਥ ਸਾਹਿਬ ਦਰਪਨ' (੧੦ ਜਿਲਦਾਂ); ਭਾਈ ਕਾਨ੍ਹ ਸਿੰਘ ਜੀ ਦਾ 'ਮਹਾਨ ਕੋਸ਼' ਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੁਆਰਾ ਪ੍ਰਕਾਸ਼ਤ ਮੇਰਾ 'ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼' (੨ ਜਿਲਦਾਂ) ਨੂੰ ਭਾਈ ਸੰਤੋਖ ਸਿੰਘ ਜੀ ਦੇ 'ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ' (੧੪ ਜਿਲਦਾਂ) ਸਮੇਤ ਭਰ ਦਿੱਤਾ ਗਿਆ ਹੈ ਅਤੇ ਇਨ੍ਹਾਂ ਸਾਰਿਆਂ ਨੂੰ ਆਪਸ ਵਿੱਚ ਸੰਬੰਧਿਤ ਕਰ ਦਿੱਤਾ ਗਿਆ ਹੈ। ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਏ ਕਿਸੇ ਵੀ ਸ਼ਬਦ ਅਤੇ ਤੁਕ ਦੀ ਭਾਲ ਲਈ ਸਰਚ ਇੰਜਨ ਤਾਂ ਹੈ ਹੀ ਪਰ ਜੇ ਉਪਰੋਕਤ ਕਿਸੇ ਵੀ ਟੀਕੇ ਵਿੱਚੋਂ ਤੁਕ-ਵਿਸ਼ੇਸ਼ ਦੇ ਅਰਥ ਵੇਖਣੇ ਹੋਣ, ਅਜਿਹੀ ਸੁਵਿਧਾ ਵੀ ਇਸ ਵਿੱਚ ਉਪਲਬਧ ਹੈ। ਕਿਸੇ ਵਿਸ਼ੇਸ਼ ਸ਼ਬਦ ਦੇ ਅਰਥਾਂ ਨੂੰ ਲੋੜ ਅਨੁਸਾਰ ਮਹਾਨ ਕੋਸ਼ ਅਥਵਾ 'ਸ੍ਰੀ ਗੁਰੂ ਗ੍ਰੰਥ ਕੋਸ਼' ਵਿੱਚੋਂ ਵੀ ਵੇਖਿਆ ਜਾ ਸਕਦਾ ਹੈ। ਸ਼ਬਦਾਂ ਦੀ ਢੂੰਡ ਸੀਮਤ ਰੂਪ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕਿਸੇ ਵੀ ਯੋਗਦਾਨੀ ਅਥਵਾ ਰਾਗ ਵਿੱਚੋਂ ਵੀ ਕੀਤੀ ਜਾ ਸਕਦੀ ਹੈ। ਇਹ ਸਾਰੀ ਭਾਲ ਕਿਸੇ ਸ਼ਬਦ ਦੇ ਵੱਖ-ਵੱਖ ਜੋੜਾਂ ਵਾਲੇ ਸ਼ਬਦਾਂ ਦੀ ਇਕੱਠੀ ਵੀ ਹੋ ਸਕਦੀ ਹੈ। ਸਾਰੀਆਂ ਤੁਕਾਂ ਨੂੰ ਅਗਲੀਆਂ-ਪਿਛਲੀਆਂ ਤੁਕਾਂ ਸਮੇਤ ਵੱਖਰੇ ਵੀ ਕੱਢਿਆ ਜਾ ਸਕਦਾ ਹੈ। ਇਸ ਤਰ੍ਹਾਂ ਦੀ ਖੋਜ ਅਤੇ ਸਾਫਟਵੇਅਰ ਦੀ ਸਿਰਜਨਾ ਵਡੇਰੀਆਂ ਵਿੱਦਿਅਕ ਅਤੇ ਧਾਰਮਿਕ ਸੰਸਥਾਵਾਂ ਲਈ ਅਨੁਸਰਨ ਕਰਨਯੋਗ ਹੈ।

ਸਤਿਗੁਰੂ ਜੀ ਬਾਬਾ ਬਲਜਿੰਦਰ ਸਿੰਘ ਜੀ ਤੇ ਹੋਰ ਬਖ਼ਸ਼ਿਸ਼ਾਂ ਕਰਨ, ਉਨ੍ਹਾਂ ਨੂੰ ਇਸ ਸੇਵਾ ਲਈ ਹੋਰ ਉਤਸ਼ਾਹ ਬਖ਼ਸ਼ਣ ਤਾਂ ਜੋ ਉਹ ਗੁਰਮਤਿ ਦੇ ਸੁਨੇਹੇ ਦੇ ਪ੍ਰਸਾਰ ਵਿਚ ਜੁਟੇ ਰਹਿਣ। ਸਾਡੀ ਸਤਿਗੁਰੂ ਜੀ ਦੇ ਦਰਬਾਰ ਵਿੱਚ ਇਹ ਹੀ ਅਰਦਾਸ ਹੈ।

ਪਟਿਆਲਾ
੨੮ ਜਨਵਰੀ, ੨੦੦੫

ਡਾ. ਗੁਰਚਰਨ ਸਿੰਘ
ਪ੍ਰੋ. (ਰੀਟਾਇਰਡ) ਪੰਜਾਬੀ ਯੂਨੀਵਰਸਿਟੀ, ਪਟਿਆਲਾ
(ਐਕਸ ਫੈਲੋ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ)

ਸੰਖੇਪ ਲਿੰਕ

ਰੁਤਿ ਛੇਵੀਂ

(ਵਿਸਥਾਰ ਵਿੱਚ ਤਤਕਰਾ ਦੇਖਣ ਵਾਸਤੇ ਤਤਕਰਾ ਰੁਤਿ ਛੇਵੀਂ ਉਪਰ ਕਲਿਕ ਕਰੋ ਜੀ)

ਤਤਕਰਾ ਰੁਤਿ ਛੇਵੀਂ

ਛੇਵੀਂ ਰੁਤਿ

ਰੁਤਿ ਛੇਵੀਂ ਚੱਲੀ

ੴ ਸਤਿਗੁਰ ਪ੍ਰਸਾਦਿ ॥

ਸ੍ਰੀ ਵਾਹਿਗੁਰੂ ਜੀ ਕੀ ਫਤੇ ॥

ਅਥ ਖਸ਼ਟਮ ਰੁਤ ਕਥਨੰ।

੧. [ਮੰਗਲ-ਮਸੰਦਾਂ ਤੇ ਮਾਤਾ ਜੀ ਦੀ ਸਿਪਾਰਸ਼]

<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨

ਦੋਹਰਾ:

ਸ੍ਰੀ ਗੁਰ ਚਰਨ ਸਰੋਜ ਕੋ, ਸਮ ਜਹਾਜ ਕੇ ਪਾਇ।
ਬਿਘਨ ਉਦੁਧਿ ਤੇ ਪਾਰਿ ਭਾ, ਧਜਾਵਤਿ ਸਹਜਿ ਸੁਭਾਇ ॥੧॥

ਅਰਥ:

ਸ੍ਰੀ ਗੁਰ (ਸਾਹਿਬਾਨ ਦੇ) ਚਰਨ ਕਵਲਾਂ ਨੂੰ ਜਹਾਜ ਵਰਗੇ (ਤਾਰਨਹਾਰ) ਪਾਕੇ (ਮੈਂ ਉਨ੍ਹਾਂ ਚਰਨਾਂ ਦਾ) ਸਹਿਜ ਸੁਭਾਵ ਧਿਆਨ ਧਰਦਾ ਹੋਯਾ ਬਿਘਨਾਂ (ਰੂਪ) ਸਮੁੰਦ੍ਰ ਤੋਂ ਪਾਰ ਹੋ ਗਿਆ ਹਾਂ, ਭਾਵ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਹੁਣ ਸਮਾਪਤੀ ਨੇੜੇ ਹੈ।

੧. ਇਸ਼੍ਰ ਗੁਰੂ-ਦਸੋਂ ਗੁਰੂ ਸਾਹਿਬਾਨ ਦਾ-ਮੰਗਲ।

ਸ੍ਰੀ ਨਾਨਕ, ਅੰਗਦ ਗੁਰੂ, ਤ੍ਰਿਤੀ ਚਤੁਰਥੋ ਰੂਪ।
ਪੰਚਮ, ਖਸ਼ਟਮ, ਸਪਤਮੋ, ਅਸ਼ਟਮ ਨਵਮ ਅਨੂਪ ॥੨॥
ਗੁਰੂ ਗੁਬਿੰਦ ਸਿੰਘ ਦਸਮ ਪ੍ਰਭੁ, ਜਗ ਤਾਰਨ ਅਵਤਾਰ।
ਕਥਾ ਆਪਨੀ ਆਪ ਹੀ ਰਚੀ, ਸਹਿਤ ਬਿਸਤਾਰ ॥੩॥
ਕਰਜੋ ਬਹਾਨੋ ਮੋਹਿ ਕਉ, ਦਾਸ ਜਾਨਿ ਕਰਿ ਦੀਨਿ।
ਕਹਾਂ ਸ਼ਕਤਿ ਨਰ ਤਨ ਬਿਖੈ ਸੰਚਨ ਕਰਹਿ ਪ੍ਰਬੀਨ ॥੪॥
ਸਭਿ ਇੱਛਾ ਪੂਰਨ ਕਰੀ, ਹਲਤ ਬਿਖੈ ਸੁਖ ਦੀਨ।
ਰਿਦੈ ਭਰੋਸਾ ਪਲਤਿ ਮਹਿਂ, ਕਰਹਿਂ ਕਸ਼ਟ ਸਭਿ ਛੀਨ ॥੫॥

ਅਰਥ:

ਸ੍ਰੀ (ਗੁਰੂ) ਨਾਨਕ, (ਗੁਰੂ) ਅੰਗਦ, ਤੀਸਰੇ, ਚਉਥੇ ਰੂਪ, ਪੰਜਵੇਂ, ਛੇਵੇਂ, ਸੱਤਵੇਂ, ਅੱਠਵੇਂ ਤੇ ਅਨੂਪਮ ਨੌਵੇਂ (ਗੁਰੂ ਜੀ) ਤੇ ਦਸਵੇਂ ਪ੍ਰਭੂ ਗੁਰੂ ਗੋਬਿੰਦ ਸਿੰਘ ਜੀ (ਜਿਨ੍ਹਾਂ ਦਸਾਂ ਸਤਿਗੁਰਾਂ ਨੇ) ਜਗਤ ਦੇ ਤਾਰਨ ਹਿਤ ਅਵਤਾਰ ਲਿਆ ਸੀ (ਉਨ੍ਹਾਂ ਨੇ) ਆਪਣੀ ਕਥਾ ਆਪ ਹੀ ਵਿਸਤਾਰ ਸਹਿਤ ਰਚਵਾ ਲਈ ਹੈ ॥ ੩ ॥

ਮੈਨੂੰ ਤਾਂ (ਆਪ ਨੇ ਆਪਣਾ) ਨਿਮਾਣਾ ਦਾਸ ਜਾਣਕੇ ਇਕ ਬਹਾਨਾ ਬਣਾਇਆ ਹੈ। (ਸ੍ਰੋਤਾ ਗਣੋ! ਸੋਚੋ) ਕਿ (ਮੇਰੇ ਜਹੇ) ਨਰ ਤਨ ਵਿਚ ਇਤਨੀ ਸ਼ਕਤੀ ਕਿੱਥੇ ਸੀ (ਕਿ) ਪ੍ਰਬੀਨ (ਸਤਿਗੁਰਾਂ ਦਾ ਇਤਨਾ ਯਸ਼) ਇਕੱਠਾ ਕਰ ਸਕੇ ॥ ੪ ॥

ਇਸ ਲੋਕ ਵਿਚ (ਸਤਿਗੁਰਾਂ ਨੇ ਮੇਰੀਆਂ) ਸਾਰੀਆਂ ਇੱਛਾਂ ਪੂਰਨ ਕਰਕੇ (ਪ੍ਰਤੱਖ) ਸੁਖ ਦਿਤਾ ਹੈ (ਤੇ ਇਸ ਤਰ੍ਹਾਂ ਹੀ ਮੇਰੇ) ਰਿਦੇ ਵਿਚ (ਪੱਕਾ) ਭਰੋਸਾ ਹੈ ਕਿ ਪ੍ਰਲੋਕ ਵਿਚ ਵੀ (ਆਪਣੇ ਦਾਸ ਦੇ) ਸਾਰੇ ਕਸ਼ਟ ਨਾਸ਼ ਕਰਨਗੇ।

ਇਮ ਉਪਦੇਸ਼ਤਿ ਸਤਿਗੁਰੂ,

ਜਿਮ ਸਿੰਘਨਿ ਕੱਲਜਾਨ।
ਉਮਗਜੋ ਉਰ ਅਨੁਰਾਗ ਜਿਨ,
ਦਏ ਅੱਗ੍ਰ ਗੁਰ ਪ੍ਰਾਨ ॥੬॥
ਪਠੇ ਦੂਤ ਗਿਰਪਤਿ ਨਿਜੇ,
ਸਾਚ ਕਿ ਝੂਠਿ ਸੁਨਾਇ।
ਸਵਾ ਲਾਖ ਸੈਨਾ ਸਹਿਤ,
ਤਹਿਂ ਉਮਰਾਵ ਚਢਾਇ[1] ॥੭॥ — [1]ਚੜ੍ਹਾਕੇ ਲਿਆਏ।

ਚੌਪਈ:

ਸੈਦੇ ਖਾਂ ਪਠਾਨ ਚਢਿ ਆਯੋ।
ਚਹੈ ਗੁਰੂ ਸੰਗ ਜੁੱਧ ਮਚਾਯੋ।
ਉਤਰੀ ਆਨਿ ਥਨੇਸਰ ਨਗਰੀ।
ਤੁਰਕਨਿ ਚਮੂੰ ਸਨਧਬਧ ਸਗਰੀ ॥੮॥
†ਇਤ ਗੁਰ ਘਰ ਤੇ ਹਟੇ ਮਸੰਦ। — †ਇਹ ਸੌ ਸਾਖੀ ਦੀ ੨੬ਵੀਂ ਸਾਖੀ ਹੈ।
ਬੈਠੇ, ਧਨ ਸੰਗਤ ਤੇ ਬੰਦ।
ਸ਼੍ਰੀ ਗੁਰ ਕਹਜੋ 'ਮਸੰਦ ਨ ਮੇਰੇ।
ਸਿੱਖਨਿ ਪਰ ਇਹ ਰਾਛਸ ਹੇਰੇ' ॥੯॥
ਕਿਤਿਕ ਮਸੰਦ ਬੰਦਿ ਕਰ[1] ਕਹਜੋ। — [1]ਹੱਥ ਜੋੜਕੇ।
'ਕਰੀ ਏਕ ਨੇ, ਦੁਖ ਸਭਿ ਲਹਜੋ।
ਖਤਾ ਪ੍ਰਥਮ ਕੀ ਬਖਸ਼ਨ ਕਰੀਅਹਿ।
ਅਪਨੇ ਜਾਨਿ ਦਯਾ ਉਰ ਧਰੀਅਹਿ ॥੧੦॥
ਅਬਿ ਤੇ ਜੋ ਸਿੱਖ ਕੇ ਘਰ ਜਾਇ।
ਖੁਸ਼ੀ ਹੋਇ ਦੇ ਸੋ ਹਮ ਲਜਾਇਂ।
ਸਗਰੇ ਮਾਰੇ ਏਕ ਪਿਛਾਰੀ[1]। — [1]ਇਕ ਦੇ ਪਿੱਛੇ।
ਅਬਿ ਬਰਤਹਿਂ ਗੁਰ ਬਚ ਅਨੁਸਾਰੀ ॥੧੧॥
ਸੁਨਿ ਸ਼੍ਰੀ ਮੁਖ ਤੇ ਤਬਹਿ ਉਚਾਰਾ।
'ਸਿੱਖ ਸਿਦਕ ਕੋ ਹੁਇ ਨਿਰਧਾਰਾ[1]। — [1]ਸਿੱਖੀ ਦੇ ਸਿਦਕ ਦਾ ਨਿਰਨਾ ਹੋ ਜਾਵੇਗਾ।
ਕਾਲ ਕਲੂ ਕੋ[1], ਸੁਨੀਅਹਿ ਭਾਈ! — [1]ਕਲਜੁਗ ਦਾ ਸਮਾਂ ਹੈ।
ਦੁਸ਼ਤਰ ਜੇ ਸਿੱਖੀ ਨਿਬਹਾਈ[1] ॥੧੨॥ — [1]ਸਿੱਖੀ ਨਿਬਾਹੁਣੀ ਔਖੀ ਹੈ।
ਕੁਛ ਘਾਟਾ ਧਨ ਕੇ ਗੁਰ ਘਰ ਨਹਿਂ।
ਬਿਨ ਬੋਲੇ[1] ਨਹਿਂ ਗਮਨੋ ਸਿਖ ਗ੍ਰਿਹ।' — [1]ਸਿੱਖ ਦੇ) ਬੁਲਾਏ ਬਿਨਾਂ।

ਗੁਰ ਕੋ ਹੁਕਮ ਬਿਦਤ ਭਾ ਜਬੈ।
ਬੰਦ ਮਸੰਦ ਹੋਤਿ ਭੇ ਤਬੈ ॥੧੩॥
ਦਾਰਿਦ ਭਯੋ, ਨਹੀਂ ਕੁਛ ਪਾਵਹਿਂ।
ਸ੍ਰੀ ਗੁਜਰੀ ਢਿਗ ਨਿਤ ਚਲਿ ਆਵਹਿਂ।
ਅਨਿਕ ਭਾਂਤਿ ਕੀ ਬਾਤ ਸੁਨਾਵੈਂ।
ਕਰੈਂ ਫਿਰਾਦ ਕਲੇਸ਼ ਬਤਾਵੈਂ ॥੧੪॥
'ਸੁਨਹੁ ਮਾਤ ਜੀ! ਰੀਤਿ ਹਮੇਸ਼ਾ।
ਗੁਰ ਘਰ ਕੇ ਥੇ ਕਾਜ ਅਸ਼ੇਸ਼ਾ।
ਜਬਿ ਕੀ ਕਰੀ ਕਾਰ[1] ਸਭਿ ਬੰਦ।
ਸਨੇ ਸਨੇ ਪਰਿਗੇ ਸਭਿ ਮੰਦ[1] ॥੧੫॥
ਨਹੀਂ ਆਮਦਨ ਧਨ ਕੀ ਹੋਇ।
ਦੇਨਿ ਲੇਨਿ ਪੁਨ ਕਿਮ ਕਰਿ ਹੋਇ?'
ਇੱਤਜਾਦਿਕ ਨਿਤ ਮਾਤਾ ਪਾਸ।
ਬ੍ਰਿੰਦ ਮਸੰਦ ਸੁ ਕਰੈਂ ਪ੍ਰਕਾਸ਼ ॥੧੬॥
ਕਹੇ ਤਿਨਹੁ ਕੇ ਇਕ ਦਿਨ ਮਾਈ।
ਸੋਢੀ ਬੰਸ ਮੁਕਟ ਢਿਗ ਆਈ।
ਕਹਤਿ ਭਈ 'ਬੇਟਾ! ਸੁਨਿ ਅਬੈ।
ਕਿਮ ਸੰਸਾਰ ਕੋ ਕਾਰਜ ਨਿਭੈ ॥੧੭॥
ਕਿਮ ਲੰਗਰ ਸਿੰਘਨਿ ਕੋ ਹੋਇ।
ਬੰਦਿ ਕਾਰ ਸੰਗਤਿ ਕੀ ਜੋਇ।
ਸਿਰੇਪਾਉ ਲੇਂ ਸਿੱਖ ਬਡੇਰੇ।
ਇੱਤਜਾਦਿਕ ਜੇ ਕਾਜ ਘਨੇਰੇ ॥੧੮॥
ਕਿਮ ਨਿਰਬਾਹੁ ਬਿਨਾ ਧਨ ਆਏ।
ਸਗਰੇ ਬਰਜਿ ਮਸੰਦ ਹਟਾਏ।'
ਪਖ ਕੀ ਬਾਤ ਮਾਤ ਤੇ ਸੁਨੀ।
ਗੁਰ ਕੇ ਰਿਦੇ ਭਈ ਰਿਸ ਘਨੀ ॥੧੯॥
'ਖੱਤ੍ਰੀ ਨਈਯੜ ਉੱਜੜ ਧੀਏ[1]!
ਤ੍ਰਿਸ਼ਨਾ ਧਰਹਿਂ ਅਧਿਕ ਅਧਿਕੀਏ[†]।

[1]ਭਾਵ ਕਾਰ ਭੇਟ।

[1]ਸਭ ਕੰਮ ਮੰਦੇ ਪੈ ਗਏ ਹਨ।

[1]ਹੇ ਉੱਜੜ ਜਾਣੇ ਨੱਯੜ (ਜ਼ਾਤ ਦੇ) ਖੱਤ੍ਰੀਆਂ ਦੀਏ ਧੀਏ।

[†]ਇਹ ਵਾਰਤਾ ਗੁਰਬਿਲਾਸ ਤੇ ਮਹਿਮਾ ਪ੍ਰਕਾਸ਼ ਵਿਚ ਨਹੀਂ ਹੈ। ਸ਼੍ਰੀ ਮੁਖਬਾਕ ਮਾਤਾ ਜੀ ਦੀ ਸ਼ਾਨ ਵਿਚ ਏਹ ਹੈਨ ਯਥਾ:-'ਤਾਤ ਮਾਤ ਮੁਰ ਅਲਖ ਅਰਾਧਾ। ਬਹੁ ਬਿਧ ਜੋਗ ਸਾਧਨਾ ਸਾਧਾ। ਤਿਨ ਜੋ ਕਰੀ ਅਲਖ ਕੀ ਸੇਵਾ। ਤਾਂਤੇ ਭਏ ਪ੍ਰਸੰਨ ਗੁਰਦੇਵਾ'। ਮਾਤਾ ਨੂੰ ਐਸੇ ਉੱਚੇ ਕਥਨ ਕਰਨ ਵਾਲੇ ਗੁਰੂ ਜੀ ਨੇ ਆਸ ਨਹੀਂ ਕਿ ਐਸੇ ਵਾਕ ਆਖੇ ਹੋਣ, ਕਵੀ ਜੀ ਨੇ ਇਹ ਵਾਕ ਬੀ ਸੌ ਸਾਖੀ ਵਿਚੋਂ ਤਰਜਮਾ ਕੀਤੇ ਹਨ ਯਥਾ:-'ਨਯੜ ਉਜੜ ਧੀਏ'। (ਸੌ: ਸਾ:) ਵਿਸ਼ੇਸ਼ ਲਈ ਦੇਖੋ ਪਿਛੇ ਰੁਤ ੩ ਅੰ: ੪੮ ਦੀ ਹੇਠਲੀ ਟੂਕ।

ਪੂਰਬ ਦੋਇ ਲਾਖ ਲੇ ਦਰਬਾ।
ਧਰਜੋ ਛਪਾਇ ਖਜ਼ਾਨੋ ਸਰਬਾ ॥੨੦॥
ਨਹਿਂ ਲੰਗਰ ਸਿੱਖਨਿ ਤਿਸ ਮਾਂਹੀ[1]।
ਭਲੇ ਸੰਭਾਰ ਰਾਖੀਯਹਿ ਤਾਂਹੀ[1]।
ਜੋ ਸ਼ੱਤ੍ਰੂ ਹੈਂ ਤੁਰਕ ਹਮਾਰੇ।
ਭਾਗ ਤਿਨਹੁ ਕੋ ਤਾਂਹਿ ਮਝਾਰੇ ॥੨੧॥
ਸਿੱਖੀ ਪਿਖੀ, ਭਲੇ ਸਭਿ ਭਾਵਹੁ[1]।
ਸਿੱਖਹੁ ਲੂਟ ਕੂਟ ਤੁਮ ਖਾਵਹੁ।
ਭੂਖਾ ਸਤਿਗੁਰ ਕੋ ਪਰਵਾਰ[†]।
ਜਿਤ ਕਿਤ ਤੇ ਕਰਿ ਲੇਹੁ ਅਹਾਰ' ॥੨੨॥
ਸੁਨਿ ਕਰਿ ਡਰ ਉਰ ਸਿੰਘਨਿ ਧਾਰਾ।
ਹਾਥ ਜੋਰਿ ਕਰਿ ਬਿਨੈ ਉਚਾਰਾ।
'ਰਾਵਰਿ ਬਾਕ ਰਾਮ ਕੇ ਬਾਨਾ।
ਨਿਸ਼ਫਲ ਹੋਤਿ ਨਹੀਂ ਸਭਿ ਜਾਨਾ ॥੨੩॥
ਕ੍ਰਿਪਾ ਕਰਹੁ ਸਭਿ ਕੋ ਰਖਿ ਲੀਜੈ।
ਭਲੇ ਬਾਕ ਸਭਿ ਕੋ ਕਹਿ ਦੀਜੈ।'
ਸੁਨਿ ਸ਼੍ਰੀ ਮੁਖ ਤੇ ਬਹੁਰ ਉਚਾਰੀ।
'ਬਾਬਾ ਨਾਨਕ ਜਗ ਗੁਰ ਭਾਰੀ ॥੨੪॥
ਤਿਨਹੁ ਕਹੇ ਬਾਕਨ ਅਭਿਰਾਮੇ।
-ਵਰਤੌਂਗਾ ਪਹਿਰੌਂ ਦਸ ਜਾਮੇ[1][†]-।
ਭਾਣਾ ਇਸੀ ਤਰ੍ਹਾਂ ਸਭਿ ਹੋਵੈ।
ਕਰੀ ਪ੍ਰਮੇਸ਼ੁਰ ਕੀ ਕੋ ਖੋਵੈ?' ॥੨੫॥
ਸੁਨਿ ਮਾਤਾ ਤੂਸ਼ਨ ਹੁਇ ਰਹੀ।
ਕਿਤਿਕ ਬਾਰ ਮਹਿਂ ਸੁਤ ਸਨ ਕਹੀ।
'ਭਲੀ ਕਰਨਿ ਮਹਿਂ ਹੋਈ ਬੁਰੀ।

[1]ਤਿਸ ਵਿਚੋਂ ਸਿੱਖਾਂ ਦਾ ਲੰਗਰ ਨਹੀਂ ਹੁੰਦਾ।

[1]ਤਿਸ (ਧਨ) ਨੂੰ ਚੰਗੀ ਤਰ੍ਹਾਂ ਸੰਭਾਲ ਰਖੋ।

[1]ਅਸਾਂ ਤਾਂ ਜਿਨ੍ਹਾਂ ਦੀ) ਸਿੱਖੀ ਵੇਖੀ ਹੈ ਉਹ ਸਾਰੇ ਸਾਨੂੰ ਭਲੇ ਭਾਂਵਦੇ ਹਨ।

[†]ਦੇਖੋ ਇਸ ਤੋਂ ਪਹਿਲੇ ਚਿੰਨ੍ਹ ਵਾਲਾ ਫੁੱਟਨੋਟ।

[1]ਦਸ ਜਾਮੇ ਹੀ ਪਹਿਰਕੇ ਵਰਤਾਂਗਾ। [†]ਸੌ ਸਾਖੀ ਦੇ ਵਦਤੋਵਜਾਘਾਤ ਧਜਾਨ ਰੱਖਣੇ ਚਾਹੀਏ। 'ਦਸ ਜਾਮੇ ਪਹਿਰਕੇ ਵਰਤੋਂਗਾ' ਉਥੋਂ ਦਾ ਪਾਠ ਕਵੀ ਜੀ ਨੇ ਲਿਆ ਹੈ। ਫਿਰ ਸਾਖੀ ੭੮ ਵਿਚ ਕਿਹਾ ਹੈ, ਗਜਾਰਵਾਂ ਰੂਪ ਗੁਰੂ ਗ੍ਰੰਥ ਹੈ, ਏਹ ਮੰਨਕੇ ਫੇਰ ਯਾਰਵੇਂ ਮਨੁੱਖੀ ਜਾਮੇ ਧਾਰਨ ਦੇ ਉਥੇ ਵਾਕ ਕਹੇ ਹਨ। ਵਿਸ਼ੇਸ਼ ਲਈ ਦੇਖੋ ਰੁਤ ੫ ਅੰਸੂ ੩੯ ਅੰਕ ੫੨ ਦੀਆਂ ਹੇਠਲੀਆਂ ਦੋਵੇਂ ਟੂਕਾਂ[++] ਤੇ ¶।

ਸੁਨਹੁ ਪੁੱਤ੍ਰ ਹਿਰਦੇ ਰਿਸ ਧਰੀ ॥੨੬॥
ਦੇਨੋ ਥੋ ਬਰ ਦੀਨੋ ਸ੍ਰਾਪ।
ਜਿਮ ਚੰਦਨ ਘਸਤੇ ਹੁਇ ਤਾਪ[1]।

[1]ਜਿਵੇਂ ਚੰਦਨ ਘਸਾਵਨ ਤੇ (ਹੋਣੀ ਸੀ ਪਰ ਠੰਢ ਹੋ ਜਾਏ) ਤਾਪ।

ਸੁਤ ਕੋ ਦਾਵਾ ਕਰਿ ਮੈਂ ਆਈ।
ਬਖਸ਼ਹੁ ਦਿਹੁ ਸਭਿ ਕੋ ਬਡਿਆਈ ॥੨੭॥
ਸਿਖ ਸੇਵਕ ਤੁਮਰੋ ਪਰਵਾਰੁ।
ਕਹੀਯਹਿ ਜਿਮ ਪ੍ਰਾਪਤਿ ਸੁਖ ਭਾਰੂ।'
ਗੁਰ ਬੋਲੇ 'ਸੁਨਿ ਮਾਤ ! ਮਹਾਂ ਹਿਤ[1] !

[1]ਮਹਾਨ ਹਿਤ ਵਾਲੀ ਮਾਤਾ ਜੀ ! (ਅ) ਹਿਤ ਵਾਲੀ ਗਲ।

ਕਰਹੁ ਖਾਲਸੇ ਕੋ ਤੁਮ ਸਾਬਿਤ[1] ॥੨੮॥

[1]ਸਾ+ਬਿਤ=) ਉਹ ਧਨ ਤੁਸੀਂ ਖਾਲਸੇ ਦਾ ਕਰ ਦਿਓ। (ਅ) ਖਾਲਸੇ ਨੂੰ ਤੁਸੀਂ ਮਜ਼ਬੂਤ ਕਰੋ। [ਅ਼:, ਸਾਬਤ=ਮਜ਼ਬੂਤ ਕਾਇਮ]। (ੲ) ਖਾਲਸੇ ਵਿਚ ਨਿਸ਼ਚਾ ਰਖੋ ਬੀ ਭਾਵ ਕੱਢਦੇ ਹਨ।

ਰਹਿਤ ਕਹਤਿ ਕੇ ਸਹਤਿ ਅਚਾਰੀ।
ਬੀਚ ਖਾਲਸੇ ਜੋਤਿ ਹਮਾਰੀ।
ਭਲੋ, ਖਾਲਸਾ ਹੀ ਸਭਿ ਕਰਿ ਹੈ।
ਜਗਤ ਰਾਜ ਜਿਨ ਕੇ ਅਨੁਸਰਿ ਹੈ[1]' ॥੨੯॥

[1]ਅਧੀਨ ਹੋਵੇਗਾ।

ਇਮ ਸੁਨਿ ਕਰਿ ਜਨਨੀ ਤਬਿ ਗਈ।
ਪਸ਼ਚਾਤਾਪ ਕਰਤਿ ਚਿਤ ਭਈ।
ਬੈਠੀ ਜਾਇ ਕਿਤਿਕ ਸਿਖ ਆਏ।
ਜਿਮ ਬੀਤੀ ਤਿਮ ਬਾਤ ਚਲਾਏ ॥੩੦॥
'ਕਠਨ ਸੁਭਾਵ' ਮਸੰਦਨਿ ਕਹਯੋ[1]।

[1]ਭਾਵ ਮਸੰਦਾਂ ਨੇ ਭੀ ਆਕੇ ਮਾਤਾ ਜੀ ਨੂੰ ਕਹਿਆ ਕਿ (ਗੁਰੂ ਜੀ ਦਾ) ਸੁਭਾਵ ਕਰੜਾ ਹੋ ਗਿਆ ਹੈ।

'ਜਿਨ ਕੇ ਮੋਹ ਲੇਸ਼ ਨਹਿਂ ਲਹਯੋ।
ਕਰੈਂ ਬਚਨ ਸੋ ਜਾਤਿ ਨ ਖਾਲੀ।
ਤਤਛਿਨ ਫਲੈ ਸੁਖ ਕਿ ਦੁਖ ਨਾਲੀ ॥੩੧॥
ਬਿੱਪ੍ਰੈ ਕਹੈ, ਸ਼ਕਤਿ ਕਿਸ ਮਾਂਹੀ[1] ?

[1]ਗੁਰੂ ਜੀ ਦੇ ਵਾਕ ਦੇ ਉਲਟ ਕਹੇ ਇਹ ਸ਼ਕਤੀ ਕਿਸ ਵਿਚ ਹੈ?

ਬੋਲੇ ਸਮੁਖ, ਅਧਿਕ ਡਰਪਾਹੀ[1]।

[1]ਸਨਮੁਖ ਬੋਲੇ (ਕੋਈ?) ਸਭ ਡਰਦੇ ਹਨ।

ਕਹਿਬੇ ਕੋ ਤੁਮ ਉਚਿਤ ਬਿਸਾਲੇ[1]।

[1]ਤੁਸੀਂ ਕਹਿਣ ਨੂੰ ਬਹੁਤੇ ਯੋਗ ਸਾਓ।

ਤਊ ਸ੍ਰਾਪ ਭਾ, ਰਿਸੇ ਕੁਢਾਲੇ' ॥੩੨॥

ਸ਼੍ਰੀ ਗੁਜਰੀ ਤਬਿ ਸਭਿਨਿ ਸੁਨਾਏ।
'ਅਲਪ ਬੈਸ ਤੇ ਜੇ ਜਿਦ ਪਾਏ[1]। [1]ਜ਼ਿਦ ਪੈਂਦੇ।
ਇਕ ਦਿਨ ਜਲ ਕ੍ਰੀੜਾ ਕਹੁ ਕਰੈਂ।
ਛੀਂਟਨਿ ਦੇਤਿ ਪਰਸਪਰ ਭਿਰੈਂ ॥੩੩॥
ਰਾਇ ਗੁਲਾਬ ਸ਼ਜਾਮ ਸਿੰਘ ਆਦਿ।
ਬਾਲਕ ਬਯ ਖੇਲੈਂ ਅਹਿਲਾਦ।
ਜਰੇ ਜਵਾਹਰ ਜ਼ਾਹਰ ਜੋਤਿ।
ਬਹੁ ਮੋਲੇ ਕੰਕਨ ਕਰ ਹੋਤਿ ॥੩੪॥
ਜਲ ਮਹਿਂ ਏਕ ਕਟਕ[1] ਗਿਰ ਪਰਜੋ। [1]ਕੜਾ।
ਨਹੀਂ ਨਿਹਾਰ ਸੰਭਾਰਨਿ ਕਰਜੋ।
ਸ਼ੁਸ਼ਕ ਬਸਤ੍ਰ ਪਹਿਰੇ ਤਬਿ ਹੇਰਜੋ।
ਦਾਸਨ ਕਹਜੋ -ਬੜਾ ਜਲ ਗੇਰਜੋ- ॥੩੫॥
ਗਿਨਜੋ ਨ ਕੁਛ ਆਏ[1] ਢਿਗ ਮੇਰੇ। [1]ਆਪ) ਆਏ।
ਬੂਝਨਿ ਕਰੇ ਹਾਥ ਜਬਿ ਹੇਰੇ।
ਰਿਸ ਕਰਿ ਬਹੁਤ ਭਾਂਤਿ ਸਮੁਝਾਏ।
ਸਭਿ ਕੋ ਲੇ ਸਲਿਤਾ ਢਿਗ ਆਏ ॥੩੬॥
ਖੁਜਵਾਇਵ ਬਹੁ ਜਲ ਕੇ ਮਾਂਹੀ।
ਦੇਖਿ ਰਹੇ ਪਾਯੋ ਕਿਤ ਨਾਂਹੀ।
ਮੈਂ ਕਰਿ ਕੋਪ ਕਹਜੋ ਢਿਗ ਤਹਾਂ।
-ਕਜੋਂ ਨ ਬਤਾਵਤ ਗੇਰਜੋ ਕਹਾਂ? ॥੩੭॥
ਦੁਰਲਭ ਵਸਤੁ ਦਰਬ ਬਹੁ ਕੇਰੀ।
ਬਿਨ ਸੰਭਾਰ ਨੀਰ ਮਹਿਂ ਗੇਰੀ।
ਇਕ ਤੌਂ ਪ੍ਰਥਮ ਸੰਭਾਰ ਨ ਕਰੀ।
ਦੂਜੇ ਅਬਿ ਤੁਸ਼ਨਿ ਮੁਖ ਧਰੀ ॥੩੮॥
ਧਨ ਬਿਸਾਲ ਕੋ ਬਾਦਹਿ ਖੋਵਾ।
ਕਹਾਂ ਬੁੱਧਿ ਤੁਮਰੀ ਕਹੁ ਹੋਵਾ-?
ਇੱਤਜਾਦਿਕ ਕਰਿ ਕੋਪ ਮਹਾਨਾ।
ਧਰੀ ਮੋਨ ਰਿਸ ਕੈ ਸੁਨਿ ਕਾਨਾ ॥੩੯॥
ਦੂਜੋ ਕੰਕਨ ਹਾਥ ਮਝਾਰਾ।
ਸਭਿ ਕੇ ਦੇਖਤਿ ਤੁਰਤ ਉਤਾਰਾ।

ਕਰਿ ਬਲ ਬਾਹਨਿ ਦੂਰ ਬਗਾਯੋ।
ਸਤੱਦ੍ਰਵ ਕੇ ਪ੍ਰਵਾਹ ਮਹਿਂ ਪਾਯੋ† ॥੪੦॥

†ਸਾਖੀ ਇਉਂ ਬੀ ਕਰਦੇ ਹਨ ਕਿ ਮਾਤਾ ਜੀ ਦੇ ਪੁੱਛਣ ਪਰ ਕਿ ਕੜਾ ਕਿੱਥੇ ਸੱਟਿਆ ਨੇ ਆਪ ਨੇ ਦੂਜਾ ਕੜਾ ਜਲ ਵਿਚ ਦੂਰ ਸੱਟਿਆ ਤੇ ਕਹਿਣ ਲਗੇ ਕਿ ਪਹਿਲਾ ਕੜਾ ਔਥੇ ਕੁ ਡਿੱਗਾ ਸੀ।

ਸਕਲ ਬਿਲੋਕਤਿ ਬਹੁ ਬਿਸਮਾਏ।
-ਕਹਾਂ ਕੀਨਿ ਕਟ ਦੁਤੀ ਬਗਾਏ?
ਕਈ ਹਜ਼ਾਰਨ ਤੇ ਜੋ ਬਨੇ।
ਸੋ ਬਿਰਾਟਕਾ[1] ਸਮ ਮਨ ਗਨੇ- ॥੪੧॥

[1]ਕੌਡੀ।

ਬਹੁ ਕਹਿ ਰਹੀ ਕਹਾਂ ਪੁਨ ਹੋਇ[1]।

[1]ਫਿਰ ਕੀ ਹੋ ਸਕਦਾ ਸੀ।

ਕਟਕ ਜਰਾਊ ਦੋਇ ਸੁ ਖੋਇ।
ਘਨ ਮਲਾਹ ਜਤਨ ਕਰਿ ਹਾਰੇ।
ਅਪਰ ਲੋਕ ਬਹੁ ਜਲ ਮਹਿ ਬਾਰੇ ॥੪੨॥
ਕਰੇ ਉਪਾਇ ਨ ਪਾਯੋ ਕੋਈ।
ਅਲਪ ਬੈਸ ਮਹਿਂ ਅਸ ਬੁਧਿ ਜੋਈ।
ਸਦਾ ਸੁਭਾਉ ਰਹਜੋ ਇਸ ਬਿਧਿ ਕੋ।
ਧਨ ਸੰਚਨਿ ਕੀ ਰਖੈਂ ਨ ਸੁਧਿ ਕੋ ॥੪੩॥
ਅਬਿ ਕਜਾ ਕੀਨਿ ਮਸੰਦ ਹਟਾਏ।
-ਲਾਖਹੁਂ ਧਨ ਲਜਾਵਤਿ ਸਮੁਦਾਏ।
ਦੇਸ਼ ਬਿਦੇਸ਼ਨਿ ਮਹਿਂ ਬਿਚਰੰਤੇ।
ਖੋਜਿ ਖੋਜਿ ਸਿੱਖਨਿ ਘਰਵੰਤੇ[1] ॥੪੪॥

[1]ਸਿੱਖਾਂ ਦੇ ਘਰਾਂ ਨੂੰ।

ਸਭਿ ਕੇ ਕਹਿ ਕਰਿ ਦੇ ਉਪਦੇਸ਼।
ਆਨਹਿਂ ਧਨ ਕੇ ਸਦਾ ਵਿਸ਼ੇਸ਼।
ਅਬਿ ਹਟਿ ਗਏ, ਕਹਾਂ ਧਨ ਐ ਹੈ?
ਕਿਮ ਗੁਰੂ ਘਰ ਕੋ ਕਾਜ ਨਿਬੈ ਹੈ ॥੪੫॥
ਇਮ ਉਰ ਜਾਨਿ ਨਿਕਟ ਹੁਇ ਕਹਯੋ।
ਇਸ ਤੇ ਸ਼੍ਰਾਪ ਦੁਖਦ ਹੀ ਲਹਯੋ।
ਕੁਸ਼ਲ ਕਰਹਿਂ ਪਰਮੇਸ਼ੁਰ ਸਾਰੇ।
ਕਹਿ ਮੈਂ ਰਹੀ ਨ ਬਹੁਰ ਨਿਵਾਰੇ[1] ॥੪੬॥

[1]ਫਿਰ (ਸ੍ਰਾਪ) ਹਟਾਇਆ ਨਹੀਂ।

ਮਿਲਿ ਮਸੰਦ ਮਾਤਾ ਕੇ ਸੰਗ।
ਕਹਿ ਸੁਨਿ ਜਾਨਜੋਂ -ਬਨਜੋਂ ਕੁਢੰਗ-।

ਬਾਤ ਬਿਬਸ ਤੇ ਤੂਸ਼ਨਿ ਭਏ[1]।
ਸੰਧ੍ਯਾ ਭਈ ਤਰਨਿ ਅਸਤਏ ॥੪੭॥

[1]ਵਸੋਂ ਬਾਹਰੀ ਗੱਲ ਹੋਣ ਤੇ ਚੁੱਪ ਹੋ ਗਏ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸਟਮ ਰੁਤੇ 'ਮਾਤਾ ਕੋ ਕਹਿਨ' ਪ੍ਰਸੰਗ ਬਰਨਨੰ ਨਾਮ ਪ੍ਰਥਮੋ ਅੰਸੂ ॥੧॥

੨. [ਸੈਦੇ ਖਾਂ ਜੰਗ ਕਰਨ ਆਇਆ]

੧<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩

ਦੋਹਰਾ:

†ਖਾਨ ਪਾਨ ਕਰਿ ਸੁਪਤਿ ਭੇ, ਅਰਧਿ ਗਈ ਜਬਿ ਰਾਤਿ।
ਸਿੱਖ ਥਨੇਸਰ ਤੇ ਗਯੋ, ਕਹੀ ਪਹੁੰਚ ਕੇ ਬਾਤ ॥੧॥

†ਇਹ ਸੌ ਸਾਖੀ ਦੀ ੨੭ਵੀਂ ਸਾਖੀ ਹੈ।

ਚੌਪਈ:

ਚੌਕੀਦਾਰ ਸਿੰਘ ਜੋ ਖਰੇ।
ਤਿਨ ਕੇ ਸੰਗ ਕਹਿਨ ਇਮ ਕਰੇ।
'ਸੈਦੇ ਖਾਂ ਪਠਾਨ ਚਢਿ ਆਵਾ।
ਡੇਰਾ ਜਬਹਿ ਥਨੇਸਰ ਪਾਵਾ ॥੨॥
ਮੈਂ ਤਬਿ ਸੁਨੀ ਲਰਨਿ ਕੋ ਚਲਸੋ।
ਦਲ ਕੋ ਇਕ ਨਰ ਭੇਤੀ ਮਿਲਸੋ।
ਤਬਿ ਹੀ ਤਜਿ ਪੁਰਿ ਕੋ ਮੈਂ ਧਾਯੋ।
ਬਡੇ ਬੇਗ ਤੇ ਇਤ ਲਗਿ ਆਯੋ ॥੩॥
ਸੁਧਿ ਗੁਰ ਕੋ ਦਿਹੁ ਸਕਲ ਸੁਨਾਈ।
ਸਵਧਾਨੀ ਬਿਧਿ ਕਰਹਿਂ ਲਰਾਈ।
ਮੁਗ਼ਲ ਪਠਾਨ ਸਵਾ ਲਖ ਆਵਾ।
ਮਹਿਦ ਜੰਗ ਕੋ ਸੰਗ ਬਨਾਵਾ ॥੪॥
ਪਹੁੰਚਹਿ ਆਨਿ ਅਨੰਦ ਪੁਰਿ ਕਾਲੀ[1]। [1]ਕੱਲ।
ਸੁਧਿ ਦੈਬੇ ਹਿਤ ਆਇ ਉਤਾਲੀ।'
ਤਬਿ ਸਤਿਗੁਰ ਕਰਿ ਸੌਚ ਸ਼ਨਾਨਾ।
ਬੈਠੇ ਆਇ ਸੁ ਲਗਸੋ ਦਿਵਾਨਾ ॥੫॥
ਅਖਿਲ ਖਾਲਸਾ ਜਬਿ ਚਲਿ ਆਯੋ।
ਸ੍ਰੀ ਕਲਗ਼ੀਧਰ ਤਬਹਿ ਅਲਾਯੋ।
'ਸੈਨਾ ਸਿੰਘਨਿ ਕੀ ਅਬਿ ਸਾਰੀ।
ਅਹੈ ਪੰਚ ਸੈ ਲੇਹੁ ਬਿਚਾਰੀ ॥੬॥
ਨਿਜ ਨਿਜ ਸਦਨ ਬ੍ਰਿੰਦ ਹੀ ਗਏ।
ਆਇ ਸਕਹਿਂ ਨਹਿਂ ਰਣ ਕੇ ਭਏ[1]। [1]ਜੰਗ ਦੇ ਹੋਣ ਤੱਕ।
ਸ਼ੱਤ੍ਰੂ ਪ੍ਰਬਲ ਸਵਾ ਲਖ ਆਯੋ।
ਮੰਤ੍ਰ ਗਿਰੇਸ਼ਨਿ ਮਿਲੇ ਪਕਾਯੋ ॥੭॥
ਰਾਜਨ ਕੀ ਸੈਨਾ ਬਹੁ ਆਵੈ।
ਮਿਲਿ ਕਰਿ ਪੁੰਜ ਅਧਿਕ ਪ੍ਰਬਲਾਵੈ[1]। [1]ਬਹੁਤ ਪ੍ਰਬਲ ਪਏਗੀ।

ਜੇ ਕਰਿ ਬਨੈ ਸੁਚੇਤੀ ਤੁਮ ਤੇ।
ਲਰਨਿ ਹੇਤ ਸੋ ਭਨੀਯਹਿ ਹਮ ਤੇ' ॥ ੮ ॥
ਸੁਨਤਿ ਖਾਲਸਾ ਅਖਿਲ ਉਚਾਰੇ।
'ਕਾਰਨ ਕਰਨ ਆਪ ਹੋ ਸਾਰੇ।'
ਜਬਿ ਭੁਨਸਾਰ ਭਈ ਦਿਨ ਚਢ੍ਯੋ।
ਸਿੰਘਨਿ ਬਿਖੈ ਬੀਰ ਰਸ ਬਢ੍ਯੋ ॥ ੯ ॥
ਸ਼ਸਤ੍ਰ ਬਸਤ੍ਰ ਨਿਜ ਤੁਰੰਗ ਸੰਭਾਲੇ।
ਜ਼ੀਨ ਸਭਿਨਿ ਹੀ ਤਤਛਿਨ ਡਾਲੇ।
ਭਈ ਪ੍ਰਭਾਤ ਤੁਰਕ ਦਲ ਆਏ।
ਦੁੰਦਭਿ ਬਾਜੇ ਪੁਰਿ ਸੁਨਿ ਪਾਏ ॥ ੧੦ ॥
ਭਈ ਜੰਗ ਕੀ ਤਜਾਰੀ ਜਬੈ।
ਮੇਮੂਖਾਂ ਪਠਾਣ ਇਕ ਤਬੈ।
ਸ਼੍ਰੀ ਗੁਰ ਕੋ ਚਾਕਰ ਬਡ ਜੋਧਾ।
ਜੰਗ ਸਮੈਂ ਲਖਿ ਕੈ ਧਰਿ ਕ੍ਰੋਧਾ ॥ ੧੧ ॥
ਪ੍ਰਭੁ ਕੇ ਪਾਸ ਆਇ ਕਰਿ ਭਾਖਾ।
'ਪਾਤਿਸ਼ਾਹੁ ਜਿਸ ਹਿਤ ਤੁਮ ਰਾਖਾ।
ਸੌ ਸੁਭਟਨਿ ਕੋ ਡੇਰਾ ਦੀਨਾ।
ਸਭਿ ਕੋ ਜਮਾਦਾਰ ਮੁਝ ਕੀਨਾ ॥ ੧੨ ॥
ਨਿਮਕ ਆਪ ਕੋ ਖਾਇ ਵਿਸ਼ੇਖਹੁ।
ਤਿਹ[1] ਬਹਾਦਰੀ ਕੋ ਅਬਿ ਦੇਖਹੁ।'
ਸੁਨਿ ਪ੍ਰਸੰਨ ਕਲਗ਼ੀਧਰ ਹ੍ਵੈ ਕੈ।
ਇਕ ਕਮਾਨ ਕੋ ਬਖਸ਼ਨ ਕੈ ॥ ੧੩ ॥
ਕਹ੍ਯੋ 'ਸ਼ਰੀਕ ਮਾਰਨੋ ਨੀਕੋ।
ਸਨਮੁਖ ਆਇ ਕਰਤਿ ਰਣ ਹੀ ਕੋ।'
ਦੁਤੀਓ ਸੈਦ ਬੇਗ ਉਮਰਾਊ।
ਡੇਰਾ ਪੂਰਬ ਦੀਨ ਲੁਟਾਊ ॥ ੧੪ ॥
ਸੋ ਭੀ ਆਨਿ ਖਰੋ ਜਬਿ ਭਯੋ।
ਸਤਿਗੁਰ ਪਾਤਿਸ਼ਾਹੁ ਪਿਖਿ ਲਯੋ।
ਪੂਰਬ ਜਨਮ ਬਿਖੈ ਸਿਖ ਭਯੋ।
ਸ਼੍ਰੀ ਨਾਨਕ ਸੰਗ ਮਿਲਿ ਮਗ ਲਯੋ
॥ ੧੫ ॥
ਤਿਸ ਕੋ ਭੀ ਬਖਸ਼ੇ ਗੁਰ ਆਯੁਧ।

[1]ਤਿਸ (ਲੂਣ ਖਾਣ) ਦੀ।

ਭਯੋ ਸੁਚੇਤ ਸੁ ਕਰਨਿ ਮਹਾਂ ਜੁੱਧ।
ਅਪਨੋ ਸਿੱਖ ਜਾਨ ਹਿਤ ਕਰਯੋ।
ਤਿਸ ਕੇ ਸਿਰ ਪਰ ਨਿਜ ਕਰ ਧਰਯੋ
॥ ੧੬ ॥
ਦੋਨਹੁ ਬਡੇ ਬੀਰ ਤਬਿ ਗਏ।
ਨਿਕਸੇ ਸਿੰਘ ਸੰਗ ਸਭਿ ਲਏ।
ਕਲਗ਼ੀ ਝੂਲਤਿ ਆਪ ਅਰੂਢੇ।
ਕੋ ਨਹਿਂ ਲਖਹਿ ਜਿਨਹੁ ਗੁਨ ਗੂਢੇ
॥ ੧੭ ॥
ਸਮੁਖ ਰਿਪੁਨਿ ਕੇ ਜਬਿ ਥਿਰ ਭਏ।
ਰਾਜੇ ਤੁਰਕ ਸਕਲ ਮਿਲਿ ਗਏ।
ਅਵਿਲੋਕਤਿ ਸਿੰਘਨ ਤਿਨ ਓਰਾ।
ਗੁਰ ਸਨ ਕਹਯੋ 'ਖਰਚ ਰਣ ਥੋਰਾ[1]' [1]ਜੁੱਧ ਦਾ ਖਰਚ ਥੋੜਾ ਹੈ।
॥ ੧੮ ॥
ਪ੍ਰਭੁ ਬੋਲੇ 'ਦ੍ਰਿਗ ਮੂੰਦਨ ਕਰੋ।
ਖਰਚ ਲਰਾਈ ਪਿਖਿ ਹਿਤ ਧਰੋ।'
ਗੁਰ ਕੇ ਕਹੇ ਮੂੰਦ ਦ੍ਰਿਗ ਲੀਨਿ।
ਰਚਨਾ ਬਡੀ ਬਿਲੋਕਨਿ ਕੀਨਿ ॥ ੧੯ ॥
ਲਾਖਹੁਂ ਹੀ ਦਲ ਚਢੇ ਨਿਹਾਰੇ।
ਅਨਿਕ ਰੀਤ ਕੇ ਆਯੁਧ ਧਾਰੇ।
ਕਿਤਿਕ ਤੁਰੰਗਨਿ ਪਰ ਚਢਿ ਰਹੇ।
ਧਨੁਖ, ਤੁਪਕ, ਅਸਿ ਢਾਲਨਿ ਗਹੇ
॥ ੨੦ ॥
ਪੈਦਲ ਕੇਤਿਕ ਹੈਂ ਸਵਧਾਨੇ।
ਹੇਤ ਜੰਗ ਕੇ ਰਿਸ ਉਰ ਠਾਨੇ।
ਧੂਲ ਰੇਤ ਬਾਰੂਦ ਦਿਖਾਈ[1]। [1]ਧੂੜ ਤੇ ਰੇਤ ਬਰੂਦ ਹੋਕੇ ਦਿੱਸੀ।
ਗੁਲਕਾਂ ਜੇ ਪਾਥਰ ਸਮੁਦਾਈ[1] ॥ ੨੧ ॥ [1]ਸਾਰੇ ਪੱਥਰ ਗੋਲੀਆਂ (ਹੋ ਦਿੱਸੇ)।
ਤਰਕਸ਼ ਤੀਰ ਪਰੇ ਦਿਸਿ ਆਵੈਂ।
ਚਾਹਤਿ ਹੈਂ ਅਬਿ ਜੰਗ ਮਚਾਵੈਂ।
ਦੇਖਿ ਦੇਖਿ ਸਭਿ ਸਿੰਘ ਅਨੰਦੇ।
ਚਹਤਿ ਜੰਗ ਦੋਨੋ ਕਰ ਬੰਦੇ ॥ ੨੨ ॥
ਮਸਤਕ ਟੇਕਿ ਚਮਕ ਕਰ ਪੜੇ[1]। [1]ਰੇਹ ਨਾਲ (ਵੈਰੀ ਤੇ) ਪਏ।

ਸ਼ੱਤ੍ਰਨਿ ਸਾਥ ਸਮੁਖਿ ਹੁਇ ਲੜੇ।
ਖੁਸ਼ੀ ਹੋਇ ਕਰਿ ਸ਼ਸਤ੍ਰ ਚਲਾਏ।
ਘਨ ਬਨਿ ਕੈ ਗੁਲਕਾਂ ਬਰਖਾਏ ॥੨੩॥
ਇਕ ਰੋੜੀ[1] ਪਰ ਸਤਿਗੁਰ ਬੈਸੇ।
ਦੇਖਹਿਂ ਜੰਗ ਪਰਜੋ ਬਡ ਜੈਸੇ।
ਏਕ ਏਕ ਸਿਖ ਪਰ ਪਿਖਿ ਧਾਏ[1]।
ਸੌ ਸੌ ਤੁਰਕ, ਹੰਕਾਰਤਿ ਆਏ ॥੨੪॥
ਤੁਪਕ, ਤੀਰ, ਤਰਵਾਰ, ਕਟਾਰੀ।
ਮਚੀ ਮਾਰ ਭੀਮਾ[1] ਇਕ ਸਾਰੀ।
ਗਿਰ ਗਿਰ ਪਰੈਂ ਘਾਇ ਕੋ ਖੈ ਕੈ।
ਸ਼੍ਰੋਣਤਿ ਸੰਗ ਲਿਪਤਿ ਤਨ ਹ੍ਵੈ ਕੈ ॥੨੫॥

[1]ਟਿੱਬਾ, ਟਿੱਲਾ।

[1]ਤੁਰਕ) ਧਾ ਕੇ (ਪਏ)।

[1]ਭਜਾਨਕ।

ਕਬਿੱਤ:

ਰਣ ਸਿੰਘ, ਸ਼ਜਾਮ ਸਿੰਘ, ਬੀਰ ਸਿੰਘ, ਦਯਾ ਸਿੰਘ,
ਸੂਰਮਾ ਧਰਮ ਸਿੰਘ ਧਾਯੋ ਕਰਿ ਹੇਲ ਕੋ।
ਸਾਹਿਬ ਸਿੰਘ, ਦੇਵਾ ਸਿੰਘ, ਔਰ ਭਾਈ ਟੇਕ ਸਿੰਘ,
ਰਾਮ ਸਿੰਘ, ਹਰੀ ਸਿੰਘ, ਬਾਜੀ ਦੀਨ ਪੇਲ ਕੋ[1]।
ਮੋਹਕਮ ਸਿੰਘ, ਧੰਨਾ ਸਿੰਘ ਅਰੁ ਹੈ ਧਿਆਨ ਸਿੰਘ,
ਗਯਾਨ ਸਿੰਘ, ਮਾਨ ਸਿੰਘ ਰੌਰ ਬਡ ਮੇਲਿ ਕੋ।
'ਮਾਰ ਮਾਰ' ਕਹੈਂ, ਅਰਿ ਮਾਰਿ ਮਾਰਿ ਗੇਰੈਂ ਸਿੰਘ,
ਵਧਤਿ ਅਗੇਰੈ, ਪੈ ਪਿਛੇਰੈ ਜਿਮ ਖੇਲ ਕੋ[1] ॥੨੬॥

[1]ਘੋੜੇ ਦਬਾਕੇ ਲੈ ਚਲੇ। (ਅ) (ਬਾਜੀ=) ਜੰਗ ਰੂਪੀ ਖੇਲ ਨੂੰ ਦੱਬ ਚਾੜ੍ਹੀ।

[1]ਮੂੰਹੋਂ) ਮਾਰੋ ਮਾਰੋ ਕਹਿੰਦੇ ਹਨ (ਤੇ ਸ਼ਤ੍ਰੂ ਨੂੰ) ਸਿੰਘ ਮਾਰਕੇ ਡੇਗਦੇ ਹਨ, ਵਧਦੇ ਹਨ ਅਗੇ ਫਿਰ ਪਿਛੇ ਆਉਂਦੇ ਹਨ, ਜਿਵੇਂ (ਸੌਂਚੀ ਆਦਿ) ਖੇਡ ਵਿਚ (ਕਰੀਦੀ ਹੈ)। (ਅ) ਐਉਂ ਬੀ ਕਰਦੇ ਹਨ:-(ਸਿੰਘ) ਅਗੇ ਵਧਦੇ ਹਨ (ਸ਼ੱਤ੍ਰੂਆਂ ਦੀ) ਖੇਲ ਦਾ ਕਦਮ ਪਿਛੇ ਪੈਂਦਾ ਹੈ (ਪੈ=ਕਦਮ)।

ਦੋਹਰਾ:

ਸੈਦਬੇਗ ਗਹਿ ਸ਼ਸਤ੍ਰ ਕੋ
ਵਧਜੋ ਅੱਗ੍ਰ ਰਣ ਮਾਂਹਿ।

ਹਰੀਚੰਦ ਗਿਰਪਤੀ ਕੋ
ਮੀਆਂ ਸੰਗਜਾ ਜਾਂਹਿ ॥੨੭॥
ਚੌਪਈ:
ਪਟੇਬਾਜ ਦੋਨੋ ਬਡ ਜੋਧੇ।
ਭਯੋ ਭੇੜ ਸਨਮੁਖ ਉਰ ਕ੍ਰੋਧੇ।
ਖੜਗ ਸਿਪਰ ਦੋਨਹੁਂ ਕਰ ਧਾਰੀ।
ਭਾਂਤਿ ਅਨੇਕ ਘਾਤ ਬਿਸਤਾਰੀ ॥੨੮॥
ਬਾਮ, ਦਾਹਨੇ, ਪਾਛੇ, ਆਗੇ।
ਵਿਚਰਤਿ ਦਾਵ ਕਰਨਿ ਬਹੁ ਲਾਗੇ।
ਸਤਿਗੁਰ ਆਦਿਕ ਪਿਖਹਿਂ ਤਮਾਸ਼ਾ।
ਦੋਨਹੁਂ ਜੈ ਚਹਿ ਕਰਤਿ ਬਿਨਾਸ਼ਾ ॥੨੯॥
ਏਕ ਪ੍ਰਹਾਰੈ ਦੁਤੀ ਬਚਾਵੈ।
ਆਡਹਿਂ ਸਿਪਰ[1] ਕ੍ਰਿਪਾਨ ਚਲਾਵੈਂ।
ਦਾਵ ਅਨਿਕ ਕਰਿ ਜੁੱਧ ਮਚਾਯੋ।
ਕਟਹਿਂ ਅੰਗ ਨਹਿਂ ਥਾਉਂ ਛੁਟਾਯੋ[1] ॥੩੦॥
ਸੈਦਬੇਗ ਤਬਿ ਖੜਗ ਪ੍ਰਹਾਰਾ।
ਹਰੀਚੰਦ ਗਹਿ ਸਿਪਰ ਸਹਾਰਾ।
ਘਾਵ ਬਚਾਇ ਸੁ ਆਪ ਚਲਾਯੋ।
ਸੈਦਬੇਗ ਨੇ ਅੰਗ ਬਚਾਯੋ ॥੩੧॥
ਹਰੀਚੰਦ ਕੈ ਹਨਜੋ ਕ੍ਰਿਪਾਨਾ।
ਕਟਜੋ ਅੰਗ ਕਰਿ ਪ੍ਰਾਨਨਿ ਹਾਨਾ।
ਪਿਖਜੋ ਲਰਾਈ ਮੈਂ ਜਬਿ ਮਾਰਜੋ।
ਦੀਨਬੇਗ[1] ਤਬਿ ਆਨ ਵੰਗਾਰਜੋ ॥੩੨॥
ਫੇਰਤਿ ਸੈਫ[1] ਆਨ ਕਰਿ ਭਿਰਜੋ।
ਸੈਦਬੇਗ ਸੋਂ ਸਨਮੁਖ ਅਰਜੋ।
ਦੋਇ ਘਟੀ ਲਗ ਕੀਨ ਸੰਗ੍ਰਾਮਾ।
ਦੇਖਤਿ ਬਹੁ ਨਰ ਭਾ ਅਭਿਰਾਮਾ ॥੩੩॥
ਦੀਨਬੇਗ ਤਬਿ ਸੈਫ ਚਲਾਈ।
ਸੈਦਬੇਗ ਕੇ ਅੰਗ ਲਗਾਈ।
ਗਿਰਜੋ ਜੁੱਧ ਮਹਿਂ 'ਗੁਰ ਗੁਰ' ਸਿਮਰਤਿ।
ਸ਼੍ਰੀ ਪ੍ਰਭੁ ਖੁਸ਼ੀ ਕਰੀ ਚਿਤ ਹਰਖਤਿ

[1]ਆਸਰਾ ਕਰਕੇ ਢਾਲ ਦਾ।

[1]ਅੰਗ ਕਟੀਂਦੇ ਹਨ ਥਾਂ ਨਹੀਂ ਛੱਡਦੇ। (ਅ) ਨਾ ਅੰਗ ਕਟਿਆ ਨਾ ਥਾਂ ਛੁਟਿਆ।

[1]ਤੁਰਕਾਂ ਦੀ ਤਰਫ ਦਾ) ਦੀਨਬੇਗ (ਆਦੀਨਾ ਬੇਗ)।

[1]ਤਲਵਾਰ ਫੇਰਦਾ।

॥ ੩੪ ॥
ਮਹਾਂ ਕੌਤੂਹਲ[1] ਸਭਿ ਨੈ ਹੇਰਾ।
ਸੁਰ ਪੁਰਿ ਮਹਿਂ ਤਿਨ ਕੀਨਿ ਬਸੇਰਾ।
ਕ੍ਰਿਪਾ ਕਰੀ ਕਲਗ਼ੀਧਰ ਜਬੈ।
ਅਪਨੇ ਲੋਕ ਬਾਸ ਦਿਯ ਤਬੈ ॥ ੩੫ ॥
ਅਪਰ ਸਿੰਘ ਬਹੁ ਲਰਤਿ ਜੁਝਾਰੇ।
ਪਰੇ ਤੁਰਕ ਜਨੁ ਗਿਰੇ ਮੁਨਾਰੇ।
ਹਤਹਿਂ ਸ਼ਹੀਦ ਬੀਰ ਰਸ ਮਾਤੇ।
ਸ਼੍ਰੋਣਤਿ ਗਿਰਹਿ ਪ੍ਰਿਥੀ ਰੰਗ ਰਾਤੇ ॥ ੩੬ ॥
ਇਸ ਪ੍ਰਕਾਰ ਮਾਚਯੋ ਘਮਸਾਨ।
ਲੋਥ ਪੋਥਨਾ ਭਈ ਮਹਾਂਨ।
ਬਾਇਸੁ[1] ਜੰਬੁਕ[2] ਕੰਕ[3] ਕਰਾਲੇ।
ਕੂਕਤਿ ਆਮਿਖ ਖਾਇਂ ਬਿਸਾਲੇ ॥ ੩੭ ॥
ਛਾਤੀ ਮੂੰਡ ਫੁਟੈਂ ਲਗਿ ਗੋਰੀ।
ਪਰਯੋ ਜੋਰ ਭਾਰੀ ਜੁਗ ਓਰੀ।
ਹਲਾਹਾਲ ਬਡ ਭਯੋ ਕੁਲਾਹਲ।
ਲਰਤਿ ਬੀਰ ਰਣ ਰੰਗ ਚਲਾ ਚਲ[1] ॥ ੩੮ ॥
ਪਾਛੇ ਪਾਉਂ ਨਹੀਂ ਕਿਨ ਡਾਰੇ।
ਲਰਤੇ ਆਪਸ ਬਿਖੈ ਪ੍ਰਚਾਰੇਂ[1]।
ਕਹਾਂ ਸਿੰਘ ਦਲ ਪੰਚ ਸੈ ਹੋਵਾ।
ਕਹਾਂ ਸ਼ੱਤ੍ਰੂ ਲਾਖਹੁ ਭਟ ਜੋਵਾ ॥ ੩੯ ॥
ਬਿਚਰੈਂ ਬੀਰ ਕਿਕਾਨ[1] ਕੁਦਾਵੈਂ।
ਵਧਹਿ ਅੱਗ੍ਰ ਤੋਮਰ ਭਰਮਾਵੈਂ।
ਬਿਸਮੇ ਤੁਰਕ ਮਾਰ ਜਬਿ ਪਰੀ।
ਅੰਧ ਧੁੰਧ ਉਡਿ ਰਜ ਨਭ ਭਰੀ ॥ ੪੦ ॥
ਸਤਿਗੁਰ ਬੈਠੇ ਕੇਤਿਕ ਕਾਲ।
ਮਾਰਨ ਮਰਨੌ ਮਚਯੋ ਕਰਾਲ।
ਜੁੱਧ ਖੇਤ ਜੋਧਨ ਤੇ ਛਾਯੋ।
ਮਹਾਂ ਸਾਰ ਸੋਂ ਸਾਰ ਬਜਾਯੋ ॥ ੪੧ ॥

[1]ਅਚਰਜ ਤਮਾਸ਼ਾ।
[1]ਕਾਂ। [2]ਗਿੱਦੜ। [3]ਚਿੱਟੀ ਚੀਲ।
[1]ਰਣਰੰਗ=) ਜੰਗ ਭੂਮੀ ਵਿਚ ਅੱਗੇ ਵਧ ਵਧਕੇ।
[1]ਵੰਗਾਰਦੇ ਹਨ।
[1]ਘੋੜੇ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰੁਤੇ 'ਸੰਗ੍ਰਾਮ' ਪ੍ਰਸੰਗ ਬਰਨਨੰ ਨਾਮ ਦੁਤੀਓ ਅੰਸੂ ॥੨॥

੩. [ਸੈਦੇ ਖਾਂ ਦਰਸ਼ਨ ਕਰਕੇ ਫਕੀਰ ਹੋ ਗਿਆ]

੨<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪

ਦੋਹਰਾ:

ਇਸ ਪ੍ਰਕਾਰ ਰਣ ਮਚ ਰਹਜੋ, ਮੇਮੂਖਾਨ ਪਠਾਨ।
ਕਰਤਿ ਸ਼ੀਘ੍ਰਤਾ ਫਿਰਤਿ ਹੈ, ਤਾਨਹਿ ਬਾਨ ਕਮਾਨ ॥੧॥

ਚੌਪਈ:

ਹਯ ਕੁਦਾਇ ਚਪਲਾਇ ਪ੍ਰਹਾਰਹਿ।
ਇਤ ਉਤਿ ਬਿਚਰਤਿ ਸ਼ੱਤ੍ਰ ਸੰਘਾਰਹਿ।
ਕਰਿ ਬਹਾਦਰੀ ਗੁਰ ਦਿਖਰਾਵਹਿ।
ਰਿਪੁ ਕੋ ਖਾਪਤਿ ਆਪ ਬਚਾਵਹਿ ॥੨॥
ਸੈਦਖਾਨ ਜਿਸ ਢਿਗ ਸਰਦਾਰੀ।
ਜਿਸ ਕੇ ਸਕਲ ਸੈਨ ਅਨੁਸਾਰੀ।
ਤਿਸ ਕੇ ਜਾਗੇ ਭਾਗ ਬਿਸਾਲਾ।
ਉਪਜਜੋ ਪ੍ਰੇਮ ਆਨਿ ਤਿਸ ਕਾਲਾ ॥੩॥
ਸੁਜਸੁ ਗੁਰੂ ਕੋ ਸੁਨਤੋ ਰਹਜੋ।
ਨਹੀਂ ਬਿਲੋਚਨ ਤੇ ਕਬਿ ਲਹਜੋ।
ਗੁਨੀ, ਉਦਾਰ, ਚਤੁਰ, ਤਨ ਰੂਰੇ[1]। — [1]ਭਾਵ (ਅੰਦਰੋਂ) ਗੁਣੀ, (ਸੁਭਾਵ ਤੋਂ) ਉਦਾਰ, (ਬਾਣੀ ਤੋਂ) ਚਤੁਰ ਤੇ ਸਰੀਰੋਂ ਸੁੰਦਰ।
ਇੱਤਜਾਦਿਕ ਗੁਨ ਗਨ ਕਰਿ ਪੂਰੇ[1] ॥੪॥ — [1]ਪੂਰੇ (ਹਨ ਗੁਰੂ ਜੀ)।
ਜਨੁ ਜਗ ਕੀ ਸੁੰਦਰਤਾ ਜੋਰੀ[1]। — [1]ਕੱਠੀ ਕੀਤੀ ਹੈ।
ਬਿਬਿਧਿ ਬਿਧਿਨਿ ਕੀ ਬਿਧਹਿ ਬਟੋਰੀ[1]। — [1]ਮਾਨੋ ਨਾਨਾ ਤਰ੍ਹਾਂ ਦੀ (ਜਗਤ ਦੀ ਸੁੰਦਰਤਾ) ਬ੍ਰਹਮਾ ਨੇ ਬਟੋਰ ਬਟੋਰ ਕੇ ਕੱਠੀ ਕੀਤੀ ਹੈ।
ਸੁਮਤਿ ਬਿਚਾਰ ਚਾਰ ਚਤੁਰਾਈ।
ਮੂਰਤਿ ਗੁਰ ਕੀ ਏਕ ਬਨਾਈ ॥੫॥
ਮਨਹੁਂ ਦਿਖਾਵਨ ਨਿਜ ਨਿਪੁਨਾਈ[1]। — [1]ਪ੍ਰਬੀਨਤਾ।
ਗੁਰ ਤਨ ਰਚਿ ਤਿਸ ਕੀਰਤਿ ਪਾਈ।
ਪਦਮ ਪੱਤ੍ਰ ਆਕ੍ਰਿਤ ਵਿਚ ਡੋਰੇ[1]। — [1]ਕਵਲ ਦੇ ਪੱਤ੍ਰ ਦੀ ਸ਼ੋਭਾ (ਵਾਲੇ ਨੇਤ੍ਰਾਂ) ਵਿਚ ਡੋਰੇ।
[1]ਖੰਜਨ ਮਨ ਰੰਜਨ ਚਿਤ ਚੋਰੇ ॥੬॥ — [1]ਮਮੋਲੇ ਵਰਗੇ ਤੇ ਮਨ ਨੂੰ ਪ੍ਰਸੰਨ ਕਰਨ ਵਾਲੇ ਚਿਤ ਚੁਰਾਉਣ ਵਾਲੇ ਸੁਹਣੇ ਨੈਣ....।
ਰੁਚਿਰ ਬਿਲੋਚਨ[10] ਭਲੇ ਬਨਾਏ।
ਮੀਨ ਪਲਟ ਆਦਿਕ[1] ਗੁਣ ਪਾਏ। — [1]ਮੱਛੀ ਦੀ ਪਲਟ ਆਦਿਕ।
ਮੁਖ ਮੰਡਲ ਕਜਾ ਬਪੁਰਾ ਚੰਦ।
ਬਹੁ ਦੋਸ਼ਨਿ ਤੇ ਦੀਸਤਿ ਮੰਦ ॥੭॥
ਸਦਾ ਪਫੁੱਲਿਤ, ਅੰਕ ਨ ਕੋਈ[1]। — [1]ਦਾਗ ਨਹੀਂ ਕੋਈ (ਗੁਰੂ ਜੀ ਦੇ ਮੁਖ) ਉਪਰ।

ਕਮਲ ਕਹਹੁ ਕਿਮ ਸਮਤਾ ਹੋਈ।
ਕੌਨ ਕੌਨ ਗੁਨ ਬਰਨੌਂ ਅਬੈ।
ਸੁਜਸੁ ਕਹਤਿ ਜੋ ਘਰ ਘਰ ਸਬੈ ॥੮॥
ਕਰਾਮਾਤ ਕਾਮਲ ਜਗ ਜ਼ਾਹਰ।
ਸਕਲ ਕਲਾ ਸਮਰਥ ਸੁਖ ਠਾਹਰ[1]।
ਸੈਦ ਖਾਨ ਸੁਨਿ ਸੁਨਿ ਗੁਨ ਗਨ ਕੋ।
ਚਾਹਤਿ ਪਿਖøੋ ਪ੍ਰੇਮ ਕਰ ਮਨ ਕੋ ॥੯॥
ਨਹਿਂ ਇਤਫਾਕ ਬਨøੋ ਕਬਿ ਕੋਈ।
ਜਿਸ ਤੈ ਸਤਿਗੁਰ ਦਰਸ਼ਨ ਹੋਈ।
ਚਢøੋ ਮੁਹਿੰਮ ਅਨੰਦਤਿ ਆਯੋ।
ਅਵਸਰ ਏਹੁ ਖ਼ੁਦਾਇ ਬਨਾਯੋ ॥੧੦॥
-ਦਰਸ਼ਨ ਹੁਇ ਹੈਂ ਜੰਗ ਬਹਾਨੇ-।
ਰਿਦੇ ਮਨੋਰਥ ਦ੍ਰਿੜ ਅਸ ਠਾਨੇ।
ਦਲ ਮੁਕਾਬਲੇ ਦੋਨਹੁਂ ਭਏ।
ਦੇਖਨਿ ਕੀ ਇੱਛਾ ਉਰ ਲਏ ॥੧੧॥
ਤੁਰਕਨਿ ਤੇ ਚਿਤ ਤ੍ਰਾਸ ਧਰੰਤਾ।
-ਬਿਦਤ ਮਿਲੌਂ- ਇਮ ਨਹੀਂ ਚਹੰਤਾ।
-ਸ਼ਸਤ੍ਰ ਬੰਧਿ ਕਰਿ ਸਨਮੁਖ ਆਵੈਂ।
ਰਣ ਹਿਤ ਕਰਨਿ, ਦਰਸ ਦਿਖਰਾਵੈਂ ॥੧੨॥
ਅੰਤਰਜਾਮੀ ਪੀਰਨ ਪੀਰ।
ਉਰ ਕੀ ਲਖਹਿਂ ਪ੍ਰੇਮ ਕੀ ਧੀਰ[1]।
ਤੌ ਅਬਿ ਤੇਜ ਤੁਰੰਗ ਕੁਦਾਵਹਿਂ।
ਕਲਗ਼ੀ ਝੂਲਤ ਰੂਪ ਦਿਖਾਵਹਿਂ ॥੧੩॥
ਅਤਿ ਉਤਿਕੰਠਾ[1] ਲਖਿ ਚਿਤ ਮੇਰੀ।
ਏਕ ਬਾਰ ਇਤ ਪਾਵਹਿਂ ਫੇਰੀ-।
ਮਨ ਕੇ ਇਮ ਸੰਕਲਪ ਉਠਾਵੈ।
ਵਹਿਰ ਡਰਤਿ ਨਹਿਂ ਕਛੂ ਅਲਾਵੈ ॥੧੪॥
ਜਾਨੈ -ਤੁਰਕ ਤਰਕ ਕੋ ਕਰੈਂ।
ਹਜੋ[1] ਸਭਿਨਿ ਮਹਿਂ ਬਹੁ ਬਿਸਤਰੈਂ।

[1]ਸੁਖਾਂ ਦਾ ਟਿਕਾਣਾ।

[1]ਪ੍ਰੇਮ ਦੀ ਧਿਰ (ਆਸ਼ਾ) ਹਨ ਤੇ ਦਿਲ ਦੀ ਲਖ ਲੈਂਦੇ ਹਨ। (ਅ) ਪ੍ਰੇਮ ਦੀ ਇਸਥਿਤੀ ਵਾਲੇ (ਮੇਰੇ) ਹਿਰਦੇ ਦੀ (ਪੀੜ ਨੂੰ) ਲਖ ਲੈਣ।

[1]ਇੱਛਾ।

[1]ਨਿੰਦਾ।

ਪਾਤਿਸ਼ਾਹ ਨਵਰੰਗ ਢਿਗ ਕਹੈਂ।
ਮੋ ਕਹੁ ਮਹਾਂ ਨਿਲਾਯਕ ਲਹੈਂ- ॥੧੫॥
ਇੱਤਜਾਦਿਕ ਮਨ ਗਟੀ ਗਨੰਤਾ।
ਬਿਨ ਦੇਖੇ ਅਤਿਸ਼ੈ ਅਕੁਲੰਤਾ।
ਜਾਗੇ ਭਾਗ ਪ੍ਰੇਮ ਵਸ਼ਿ ਹੋਯੋ।
ਬਿਹਬਲ ਭਯੋ ਚਹੈ ਗੁਰ ਜੋਯੋ ॥੧੬॥
ਮਹਾਂ ਭਾਵਨਾ ਉਰ ਬਿਰਧਾਨੀ।
ਸ੍ਰੀ ਕਲਗ਼ੀਧਰ ਸੋ ਪਹਿਚਾਨੀ।
ਸਹਿ ਨ ਸਕੇ ਬ੍ਰਿਹੁ ਪ੍ਰੇਮੀ ਕੇਰਾ।
ਰੋੜੀ ਪਰ ਤੇ ਉਠਿ ਬਿਨ ਦੇਰਾ ॥੧੭॥
ਹ੍ਵੈ ਸੁਚੇਤ ਤਬਿ ਹੀ ਕਟ ਕਸੀ।
ਸਦਾ ਪ੍ਰੇਮ ਕੇ ਜੋ ਹੈਂ ਬਸੀ।
ਧਨੁਖ ਬਾਨ ਨਿਜ ਪਾਨ ਸੰਭਾਰਾ।
ਭਏ ਤੁਰੰਗਮ ਪਰ ਅਸਵਾਰਾ ॥੧੮॥
ਕਰਤਿ ਸ਼ੀਘ੍ਰਤਾ ਹਯ ਚਪਲਾਏ।
ਤਤਛਿਨ ਖਾਨ ਅੱਗ੍ਰ ਕੋ ਆਏ।
ਕਹਜੋ 'ਖਾਨ ਜੀ ! ਬਨ ਸਵਧਾਨਾ।
ਤਜਿ ਆਲਸ ਹੁਇ ਆਯੁਧ ਪਾਨਾ ॥੧੯॥
ਖਬਰਦਾਰ ਹੁਇ ਸ਼ਸਤ੍ਰ ਸੰਭਾਰਹੁ।
ਸਹਹੁ ਵਾਰ ਕੈ ਅਪਨਿ ਪ੍ਰਹਾਰਹੁ।'
ਸੈਦਖਾਨ ਵਿਚ ਸੈਨ ਤਮਾਮੂ।
ਹਾਥ ਬੰਦਿ ਝੁਕਿ ਕੀਨਿ ਸਲਾਮੂ ॥੨੦॥
ਸ਼੍ਰੀ ਗੁਰ ਸੂਰਜ ਕੋ ਦਰਸਾਏ।
ਕਮਲ ਬਿਲੋਚਨ ਜੁਗ ਬਿਕਸਾਏ।
ਮਹਾਂ ਪ੍ਰੇਮ ਤੇ ਗਦਗਦ ਬਾਨੀ।
ਆਨੰਦਤਿ ਚਿਤ ਤਊ ਬਖਾਨੀ ॥੨੧॥

ਖ਼ੁਦਾਇ ਦੀ ਖ਼ੁਦਾਇਤ† ਬਜਿਨਸਿ ਬੰਦਹ।

†ਫਾਰਸੀ ਸ਼ਿਅਰ ਦਾ ਪਾਠ ਫਾਰਸੀ ਅਨਪੜ੍ਹੇ ਲਿਖਾਰੀਆਂ ਵਿਗਾੜ ਦਿੱਤਾ ਹੋਇਆ ਹੈ। ਕਿਤੇ ਪਾਠ 'ਖੁਦਾਇਦੀਂ ਖੁਦਾਇਦ ਹੈ', ਸੋ ਸਾਖੀ ਵਿਚ ਵੀ ਇਹੋ ਪਾਠ ਹੈ। ਕਈ ਗਯਾਨੀਆਂ ਨੇ 'ਖੁਦਾਇ ਖੁਦ ਦੀਦਮ' ਪਾਠ ਰੱਖਿਆ ਹੈ, ਪਰੰਤੂ ਦਰੁਸਤ ਪਾਠ ਐਉਂ ਜਾਪਦਾ ਹੈ:- 'ਖੁਦਾ ਆਇਦ ਖੁਦਾ ਆਇਦ ਕਿ ਮੈ ਆਇਦ ਖੁਦਾ ਬੰਦਹ, ਹਕ਼ੀਕ਼ਤ ਦਰ ਮਿਜਾਜ਼ ਆਇਦ ਕਿ ਮੁਰਦਹ ਰਾ ਕੁਨਦ ਜ਼ਿੰਦਹ' ਅਰਥਾਤ 'ਖੁਦਾ ਆ ਰਿਹਾ ਹੈ, ਖੁਦਾ ਆ ਰਿਹਾ ਹੈ ਕਿ ਖੁਦਾ ਦਾ ਬੰਦਹ ਆ ਰਿਹਾ ਹੈ? (ਹਾਂ) 'ਯਥਾਰਥ' ਸਥੂਲ ਜਾਮੇ ਵਿਚ ਆ ਰਿਹਾ ਹੈ ਤਾਂਕਿ ਮੁਰਦੇ ਨੂੰ ਜੀਉਂਦਾ ਕਰ ਦੇਵੇ। '

ਬਜਿਨਸ ਖ਼ੁਦਾਇ ਮੁਰੀਦ ਜ਼ਿੰਦਹ[1]।

[1]ਇਸ ਗ਼ਲਤ ਫਾਰਸੀ ਇਬਾਰਤ ਦੇ ਅਰਥ ਐਉਂ ਲਗਦੇ ਹਨ:- ਇਹ ਬੰਦਾ ਖੁਦਾ ਦੀ ਹੂ-ਬਹੂ ਖੁਦਾਈ ਹੈ, (ਹਾਂ) ਬਿੰਨ ਬਿਨ ਤੇ ਹੂ-ਬ-ਹੂ (ਇਹ) ਖੁਦਾ ਹੈ (ਜੋ) ਮੁਰੀਦਾਂ ਨੂੰ ਜ਼ਿੰਦਾ ਕਰਦਾ ਹੈ।

ਨਹਿਂ ਸਮਤਾ ਮੋ ਤੇ ਬਨਿ ਆਵੈ।
ਰਵਿ ਖਦਜੋਤ ਜਥਾ ਕਿਮ ਪਾਵੈ' ॥੨੨॥
ਸ਼੍ਰੀ ਕਲਗੀਧਰ ਬਹੁਰ ਉਚਾਰਾ।
'ਸੁਨਹੁ ਖਾਨ ਜੀ ! ਬਾਕ ਹਮਾਰਾ।
ਚਾਕਰ ਰਹਿਬੋ ਡੇਰੇ ਦਾਰੀ[1]।
ਜੰਗ ਜੀਤਿਬੋ ਪਾਕੰ ਦਾਰੀ[1]' ॥੨੩॥

[1]ਸ਼ਾਹੀ) ਨੌਕਰ ਰਹਿਣਾ ਤੇ (ਫੌਜ ਦਾ) ਡੇਰਾ ਰੱਖਣਾ।

[1]ਜੰਗ ਜਿੱਤਣੇ ਤੇ ਫਿਰ ਅਲੱਗ ਰਹਿ ਸਕਣਾ!! ਭਾਵ 'ਕਰਮ ਕਰਤ ਹੋਵੈ ਨਿਹਕਰਮ' ਦੀ ਜੁਗਤ ਤੁਸਾਂ ਨੂੰ ਨਹੀਂ ਆਉਂਦੀ।

ਸੁਨਤਿ ਬਾਕ ਤਜਿ ਦਿਯੋ ਤੁਰੰਗਮ।
ਛੋਰਿ ਦਿਯੋ ਸਭਿ ਅਪਨੋ ਸੰਗਮ।
ਚਰਨ ਕਮਲ ਸਮ ਪਕਰੇ ਆਇ।
ਊਪਰ ਰਾਖਯੋ ਸੀਸ ਟਿਕਾਇ ॥੨੪॥
ਅਤਿ ਅਨੰਦ ਕੇ ਅੱਸ਼ੂ ਚਾਲੇ।
ਜਿਸ ਤੇ ਪਦ ਸਮ ਪਦਮ ਪਖਾਲੇ[1]।
ਮਾਰਨ ਮਰਿਬੇ ਕੋ ਜਹਿਂ ਬੈਰ।
ਤਹਿਂ ਕਰਿ ਪ੍ਰੇਮ ਲੀਨ ਬਡ ਖੈਰ[1] ॥੨੫॥

[1]ਕਮਲਾਂ ਵਰਗੇ ਪੈਰ ਧੋਤੇ।

[1]ਬੜਾ ਸੁਖ ਲਿਆ।

ਪੂਰਬ ਜਨਮ ਸਿੱਖ ਸ਼੍ਰੀ ਗੁਰ ਕੋ।
ਜਾਗ ਉਠਯੋ ਅੰਕੂਰ ਸੁ ਉਰ ਕੋ।
ਕਿਸੂ ਦੋਸ਼ ਤੇ ਪਾਇ ਤੁਰਕ ਤਨ।
ਤੱਦਪਿ ਲਾਗੀ ਰਹੀ ਲਗਨ ਮਨ ॥੨੬॥
ਭੂਤ ਭਵਿੱਖਯਤ ਕੇ ਗੁਰ ਗਜਾਤੇ।
ਕਰਮ ਸ਼ੁਭਾਸ਼ੁਭ ਤਿਸ ਤੇ ਜਾਤੇ।
ਰਿਦੇ ਪ੍ਰਵਾਹ ਪ੍ਰੇਮ ਕੋ ਲਹਯੋ।
ਕਲੁਖ ਪੁੰਜ ਜਿਸ ਮਹਿਂ[1] ਸਭਿ ਦਹਯੋ ॥੨੭॥

[1]ਜਿਸ (ਪ੍ਰੇਮ) ਦੇ ਪ੍ਰਵਾਹ ਵਿਚ।

ਕ੍ਰਿਪਾ ਦ੍ਰਿਸ਼ਟਿ ਤੇ ਧਰਿ ਸਿਰ ਹਾਥਾ।
ਤਤਛਿਨ ਸੇਵਕ ਕੀਨਿ ਸਨਾਥਾ।
ਸਹਿਤ ਕੁਟੰਬ ਜਗਤ ਕੋ ਤਜਾਗਾ।
ਰਿਦੇ ਤੀਬ੍ਰ ਤਰਿ[1] ਭਯੋ ਵਿਰਾਗਾ ॥੨੮॥

[1]ਬੜੇ ਜ਼ੋਰ ਦਾ।

ਸ਼ਸਤ੍ਰ ਤੁਰੰਗਮ ਸਭਿ ਦਲ ਛੋਰਾ।
ਹੁਇ ਫਕੀਰ ਗਮਨਯੋ ਬਨ ਓਰਾ।

ਕਿਹ ਸੋਂ ਮਿਲਜੋ ਨ ਦੀਖਜੋ ਫੇਰ।
ਗਯੋ ਸੁ ਗਯੋ ਗੁਰਨਿ ਮੁਦ ਹੇਰਿ[1] ॥੨੯॥ [1]ਅਨੰਦ ਨਾਲ ਦਰਸ਼ਨ ਕਰਕੇ।
ਜਗਤ ਅਸਾਰ ਕੂਰ ਸਭਿ ਜਾਨਾ।
ਸਾਚ ਆਤਮਾ ਸਾਰ ਪਛਾਨਾ।
ਦੁਬਿਧਾ ਮਿਟੀ ਗਜਾਨ ਕਹੁ ਪਾਯੋ।
ਰਾਗ ਦ੍ਵੈਖ ਮਨ ਮੂਲ ਮਿਟਾਯੋ ॥੩੦॥
ਨਾਨਾ ਭੇਦ ਸਰਬ ਨਿਰਵਾਰੇ।
ਹੇਰਜੋ ਏਕ ਬ੍ਰਹਮ ਵਿਸਤਾਰੇ[1]। [1]ਪਸਰਿਆ ਹੋਯਾ।
ਕੋਸ਼ਠ ਤਿਮਰ ਬਿਖੈ ਕੋ ਰੋਕਾ।
ਨਿਕਸਤਿ ਜਥਾ ਪ੍ਰਕਾਸ਼ ਬਿਲੋਕਾ[1] ॥੩੧॥ [1]ਭਾਵ ਜਿਵੇਂ ਕੋਠੇ ਵਿਚ (ਚਿਰ ਤੋਂ) ਰੁਕਿਆ ਹੋਇਆ ਹਨੇਰਾ ਪ੍ਰਕਾਸ਼ ਨੂੰ ਵੇਖਕੇ ਨਿਕਲ ਜਾਂਦਾ ਹੈ।
ਤਨ ਹੰਤਾ ਮਹਿਂ ਬ੍ਰਿਤੀ ਨ ਆਈ।
'ਹੰ ਬ੍ਰਹਮਾਸਮਿ' ਕੀ ਲਿਵਲਾਈ।
ਜਿਸ ਮੁਖ ਭਯੋ ਤਿਤਹਿ ਚਲਿ ਗਯੋ।
ਪਰਮ ਹੰਸ ਆਵਸਥਾ ਥਯੋ ॥੩੨॥
ਏਕ ਬਾਰ ਸੰਕਲਪ ਬਿਲਾਏ।
ਨਿਸ਼ਚਲ ਭਯੋ ਨ ਬਹੁਰ ਉਠਾਏ।
ਦੇਹਿ ਪਾਤ ਕਿਤ ਹੂੰ ਹੁਇ ਗਯੋ।
ਬ੍ਰਹਮ ਰੂਪ ਤਤਛਿਨ ਹੀ ਭਯੋ ॥੩੩॥
ਮੂਲ ਅਹੰਤਾ[1] ਜਨਮ ਮਰਨ ਕੀ। [1]ਅਹੰਤਾ ਹੀ ਮੂਲ ਹੇ।
ਸੋ ਮਿਟਿ ਗਈ ਨ ਫੇਰ ਧਰਨਿ ਕੀ।
ਇਵ ਦੋ ਦਲ ਅਵਿਲੋਕਿ ਤਮਾਸ਼ਾ।
ਬਿਸਮਾਨੇ ਗੁਰ ਕੇਰ ਬਿਲਾਸਾ ॥੩੪॥
-ਇਹ ਕਜਾ ਭਯੋ ਨ ਜਾਨਜੋ ਜਾਈ।
ਸੈਦਖ਼ਾਨ ਕਿਤ ਗਯੋ ਪਲਾਈ।
ਕੈ ਟਾਮਣ[1] ਗੁਰ ਕੀਨਸ ਕੋਈ। [1]ਟੂਣਾ।
ਬਡ ਸਰਦਾਰੀ ਤਜਿ ਕਰਿ ਸੋਈ ॥੩੫॥
ਸਭਿ ਧਨ ਧਾਮ ਪੁੱਤ੍ਰ ਅਰੁ ਦਾਰਾ।
ਲਰਤਿ ਹੁਤੋ ਤਜਿ ਕਹਾਂ ਸਿਧਾਰਾ?
ਸਗਰੀ ਸੈਨ ਚਢੀ ਜਿਹ ਪਾਛੇ।
ਤਜਿ ਐਸ਼੍ਵਰਜ ਕਹਾਂ ਸੋ ਗਾਛੇ[1] ॥੩੬॥ [1]ਕਿੱਥੇ ਚਲਾ ਗਿਆ।
ਤੁਰਕਨਿ ਮਹਿਂ ਜੇਤੇ ਉਮਰਾਊ।

ਕਰਤਿ ਬਿਚਾਰਨਿ ਲਖੵੋ ਨ ਕਾਊ।
ਸੁਨਿ ਸੁਨਿ ਦੌਰਿ ਆਪ ਮਹਿਂ ਮਿਲੇ।
ਸੈਦਖਾਨ ਕੀ ਬਾਤਨਿ ਭਿਲੇ[1] ॥੩੭॥ [1]ਮਿਲੇ ਹੋਏ, ਲੱਗੇ ਹੋਏ।
ਸੰਘਰ ਹੋਤਿ ਸਿੰਘ ਲਰਿ ਰਹੇ।
ਚਮੂ ਬਿਸਾਲੀ ਕਿਮ ਜੈ ਲਹੇ।
ਛੁਟਹਿਂ ਤੀਰ ਬਰ ਬੀਰਨਿ[†] ਗੋਰੀ। [†]ਪਾ:-ਤੀਰ ਬਰਛੀ ਹਨ।
ਛਾਤੀ ਮੂੰਡ ਅੰਗ ਦੇਂ ਫੋਰੀ ॥੩੮॥
ਇਕ ਦਿਸ਼ਿ ਰਾਜੇ ਕਰਹਿਂ ਲਰਾਈ।
ਹੇਲਾ ਘਾਲਿ ਪਰੇ ਸਮੁਦਾਈ।
ਦਿਸ਼ ਦੂਸਰ ਮਹਿਂ ਤੁਰਕ ਬਿਸਾਲੇ।
ਹਾਲ ਹੂਲ ਕਰਿ ਹੇਲ ਸੁ ਘਾਲੇ[1] ॥੩੯॥ [1]ਰੌਲਾ ਪਾਕੇ ਹੱਲੇ ਕਰਦੇ ਹਨ।
ਥਿਰੇ ਨ ਪੈਰ ਖਾਲਸੇ ਕੇਰੇ।
ਲਰਤਿ ਘਨੇ ਅਰੁ ਹਟਤਿ ਪਿਛੇਰੇ।
ਤਜਿ ਜ੍ਵਾਲਾਬਮਣੀ ਰਿਪੁ ਸ਼ਮਣੀ[1]। [1]ਤੁਰਕਾਂ ਦਾ ਨਾਸ਼ ਕਰਨ ਵਾਲੀ।
ਜੈ ਚਾਹਤਿ ਤੁਰਕਨਿ ਗਨ ਦਮਣੀ[1] ॥੪੦॥ [1]ਨਾਸ਼ ਕਰਕੇ।
ਭਿੜੈਂ ਭੇੜ ਕਬਹੂੰ ਥਿਰ ਰਹੈਂ[1]। [1]ਕਦੇ ਟਿਕ ਜਾਣ।
ਲਾਖਹੁੰ ਸ਼ੱਤ੍ਰਨਿ ਕੋ ਕਿਮ ਸਹੈਂ?
ਸੇਲੇ ਸਾਂਗ ਤਮਾਚੇ ਹਤੇ।
ਵਾਹਿਗੁਰੂ ਜੀ ਕੀ ਕਹਿ ਫਤੇ ॥੪੧॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰੁਤੇ 'ਸੈਦਖਾਨ' ਪ੍ਰਸੰਗ ਬਰਨਨੰ ਨਾਮ ਤ੍ਰਿਤੀਓ ਅੰਸੂ ॥੩॥

੪. [ਰਮਜ਼ਾਨ ਮਾਰਿਆ। ਔਰੰਗਜ਼ੇਬ ਨੂੰ ਖਬਰ]

੩<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫

ਦੋਹਰਾ:

ਸੈਦਖਾਨ ਲਹਿ ਗਜਾਨ ਕੋ, ਜਬ ਗਮਨਜੋਂ ਰਣ ਥਾਨ[1]। [1]ਰਣ ਥਾਨ। (ਵਿਚੋਂ) ਚਲਾ ਗਿਆ।
ਸਨਮੁਖ ਸ੍ਰੀ ਸਤਿਗੁਰੂ ਕੇ, ਭਯੋ ਖਾਨ ਰਮਜ਼ਾਨ ॥੧॥

ਚੌਪਈ:

ਫੇਰਿ ਤੁਰੰਗਮ ਤੀਰ ਚਲਾਵਹਿ।
ਕਰਤਿ ਸ਼ੀਘ੍ਰਤਾ ਆਪ ਬਚਾਵਹਿ।
ਇਤ ਉਤ ਗੁਰ ਕੇ ਸ਼ੁਕਤਿ ਜਾਤੇ।
ਨਿਫਲ ਭਯੋ ਕੋ ਲਗਜੋ ਨ ਗਾਤੇ ॥੨॥
ਸ਼੍ਰੀ ਕਲਗੀਧਰ ਪਿਖਿ ਚਤੁਰਾਈ।
ਇਤ ਉਤ ਬਿਚਰਤਿ ਹਯ ਚਪਲਾਈ।
ਇਕ ਨਿਖੰਗ ਤੇ ਤੀਰ ਨਿਕਾਰਜੋ।
ਜੇਹ ਬਿਖੈ[1] ਧਰਿ ਖਰ ਸੰਚਾਰਜੋ ॥੩॥ [1]ਚਿੱਲੇ ਵਿਚੋਂ।
ਤਾਨ ਕਾਨ ਲੌਂ ਬਾਨ ਪ੍ਰਹਾਰਾ।
ਤਤਛਿਨ ਤਰੈ ਤੁਰੰਗ ਤੇ ਡਾਰਾ।
ਤਿਸ ਕੋ ਦੇਖਤਿ ਤੁਰਕ ਤਰਾਸੇ[1]। [1]ਡਰ ਗਏ।
ਇਕ ਸਰ ਤੇ ਰਮਜ਼ਾਨ ਬਿਨਾਸ਼ੇ ॥੪॥
ਸਿੰਘਨਿ ਕੀ ਦਿਸ਼ਿ ਹੇਲਾ ਡਾਰਜੋ।
ਭਜਜੋ ਖਾਲਸਾ ਧੀਰਜ ਹਾਰਯੋ।
ਲਾਖਹੁੰ ਤੁਰਕ ਕਹਾਂ ਲਗ ਲਰੈਂ।
ਗੁਰੂ ਆਸਰੇ ਬਿਨ ਕਜੋਂ ਥਿਰੈਂ ॥੫॥
ਭਾਜਤ ਆਨੰਦ ਪੁਰਿ ਲਗ ਆਏ।
ਲੂਟਨਿ ਲਗਜੋ ਵਸਤੁ ਸਮੁਦਾਏ।
ਸ਼੍ਰੀ ਗੁਜਰੀ ਮਾਤਾ ਧਨ ਜਹਾਂ।
ਲੂਟ ਲੀਨ ਕੁਛ ਪਹੁੰਚੇ ਤਹਾਂ ॥੬॥
ਮੁਗ਼ਲ ਪਠਾਨ ਲੂਟ ਤੌ ਕਰੈਂ।
ਤਊ ਗੁਰੂ ਤੇ ਉਰ ਬਹੁ ਡਰੈਂ।
ਲੇ ਲੇ ਵਸਤੁ ਖੁਸ਼ੀ ਹੁਇੰ ਜ਼ਾਹਰ।
ਨਹੀਂ ਜਨਾਇੰ ਤ੍ਰਾਸ ਕੋ ਬਾਹਿਰ ॥੭॥
ਕੁਛਕ ਲੂਟ ਕਰਿ ਤੂਰਨ ਮੁਰੇ।
ਜੀਤ ਪਾਇ ਕਰਿ ਨਿਕਟ ਨ ਥਿਰੇ।

ਡਰਤਿ ਦੂਰ ਹੁਇ ਡੇਰਾ ਘਾਲਾ।
ਕੁਛ ਅਰਾਮ ਕਰਿ ਨਿਸ ਪਨ ਚਾਲਾ ॥੮॥
ਅਧਿਕ ਸ਼ੀਘ੍ਰਤਾ ਮਗ ਚਲਿ ਆਏ।
ਪੁਰਿ ਸਿਰ੍ਹੰਦ ਠਹਿਰੇ ਦਿਢ ਥਾਏ।
ਕਿਤ ਕਿਤ ਕੋ ਭਾਜਤਿ ਸਿਖ ਗਏ।
ਰਣ ਪਾਛੇ ਸਤਿਗੁਰ ਢਿਗ ਅਏ ॥੯॥
ਪਸ਼ਚਾਤਾਪ ਕਰਤਿ ਮੁਰਝਾਏ।
ਹਾਥ ਜੋਰਿ ਕਰਿ ਬਾਕ ਸੁਨਾਏ।
'ਪ੍ਰਭੁ ਜੀ ! ਪ੍ਰਥਮ ਜੀਤ ਕਰਿਵਾਈ।
ਪਾਤਸ਼ਾਹੁ ! ਪੁਨ ਦਏ ਹਰਾਈ ॥੧੦॥
ਅਬਿ ਭੀ ਬਚਨ ਆਪ ਕੋ ਹੋਇ।
ਮਿਲਹਿਂ ਪਹੁੰਚਿ ਜਿਸ ਥਲ ਰਿਪੁ ਹੋਇ।
ਪਲਟਾ ਲੇਹਿਂ ਲੂਟ ਜਿਨ ਕਰੀ।
ਮਾਰਹਿਂ ਲਰਹਿਂ ਪਾਇ ਫਲ ਅਰੀ' ॥੧੧॥
ਸਕਲ ਖਾਲਸਾ ਜਬਿ ਚਲਿ ਆਯੋ।
ਸ਼੍ਰੀ ਮੁਖ ਤੇ ਕਹਿ ਬਾਕ ਸੁਨਾਯੋ।
'ਸਿੱਖਹੁ ਸੁਨਹੁ ਸੁਛੰਦ ਨ ਹਮ ਹੈਂ।
ਜਿਮ ਅਧੀਨ ਹਮਰੇ ਸਭਿ ਤੁਮ ਹੈਂ ॥੧੨॥
ਤਿਮ ਹਮ ਬਸਿ ਪਰਬ੍ਰਹਮ[1] ਚਲੰਤੇ।
ਈਸ਼ੁਰ ਕੀ ਆਇਸੁ ਬਰਤੰਤੇ।
ਜਿਸ ਕੀ ਆਗਜਾ ਮਹਿਂ ਸਭਿ ਰਹੈਂ।
ਰਦੇ ਨਿਰੰਤਰ ਡਰ ਕੋ ਲਹੈਂ ॥੧੩॥
ਜਿਸ ਜਿਸ ਕੀ ਜਸ[1] ਕਰੀ ਮ੍ਰਿਯਾਦਾ।
ਰਚਨਾ ਜਗ ਕੀ ਤੇ ਜੋ ਆਦਾ।
ਤਿਸ ਤੇ ਬਾਹਰ ਨਹਿਂ, ਨਿਜ ਰੋਕੈਂ[1]।'
ਇਮ ਕਹਿ ਸਤਿਗੁਰ ਪਠਜੋ ਸ਼ਲੋਕੈ ॥੧੪॥

[1]ਪਾਰਬ੍ਰਹਮ ਦੇ ਅਧੀਨ।

[1]ਜੈਸੀ।

[1]ਜਗਤ ਦੀ ਰਚਨਾ ਦੇ ਆਦਿ ਤੋਂ ਜਿਸ ਜਿਸ ਦੀ ਮ੍ਰਯਾਦਾ ਜੈਸੀ ਰਚੀ ਹੈ ਉਸ ਤੋਂ ਕੋਈ ਬਾਹਰ ਨਹੀਂ ਹੈ, (ਸਭ ਬਾਹਰ ਹੋਣੋ) ਆਪ ਨੂੰ ਰੋਕਦੇ ਹਨ। (ਅ) ਨਿਜ ਰੋਕੈਂ=ਤਿਵੇਂ ਅਸੀਂ ਬੀ ਆਪ ਨੂੰ ਬਾਹਰ ਹੋਣੋ ਰੋਕਦੇ ਹਾਂ।

ਸਲੋਕ ਮਃ ੧ ॥
ਭੈ ਵਿਚਿ ਪਵਣੁ ਵਹੈ ਸਦਵਾਉ ॥ ਭੈ ਵਿਚਿ ਚਲਹਿ ਲਖ ਦਰੀਆਉ ॥
ਭੈ ਵਿਚਿ ਅਗਨਿ ਕਢੈ ਵੇਗਾਰਿ ॥ ਭੈ ਵਿਚਿ ਧਰਤੀ ਦਬੀ ਭਾਰਿ ॥
ਭੈ ਵਿਚਿ ਇੰਦੁ ਫਿਰੈ ਸਿਰ ਭਾਰਿ ॥ ਭੈ ਵਿਚਿ ਰਾਜਾ ਧਰਮ ਦੁਆਰੁ ॥
ਭੈ ਵਿਚਿ ਸੂਰਜੁ ਭੈ ਵਿਚਿ ਚੰਦੁ ॥ ਕੋਹ ਕਰੋੜੀ ਚਲਤ ਨ ਅੰਤੁ ॥
ਭੈ ਵਿਚਿ ਸਿਧ ਬੁਧ ਸੁਰ ਨਾਥ ॥ ਭੈ ਵਿਚਿ ਆਡਾਣੇ ਆਕਾਸ ॥
ਭੈ ਵਿਚਿ ਜੋਧ ਮਹਾਬਲ ਸੂਰ ॥ ਭੈ ਵਿਚਿ ਆਵਹਿ ਜਾਵਹਿ ਪੂਰ ॥
ਸਗਲਿਆ ਭਉ ਲਿਖਿਆ ਸਿਰਿ ਲੇਖੁ ॥ ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ ॥੧॥

ਚੌਪਈ:

ਇਹ ਸ਼ਲੋਕ ਸਭਿ ਪਠਜੋ ਸੁਨਾਯੋ।
ਤਉ ਪੰਥ ਕੋ ਮਨ ਮੁਰਝਾਯੋ।
-ਬਿਜੈ ਲਈ ਗਨ ਤੁਰਕ ਸਿਧਾਰੇ।
ਗੁਰੂ ਅਲੰਬ ਸਿੰਘ ਗਨ ਹਾਰੇ- ॥੧੫॥
ਇਮ ਲਖਿ ਗੁਰ ਸੋਂ ਬਹੁਰ ਬਖਾਨੇ।
'ਮੁਗਲ ਪਠਾਨ ਦਿੱਲੀ ਲਗਿ ਹਾਨੇਂ।'
ਸੁਨਿ ਸ਼੍ਰੀ ਮੁਖ ਤੇ ਹਰਖਤਿ ਭਏ।
ਏਕ ਜਾਮਨੀ ਮਹਿਂ ਥਿਤ ਲਏ ॥੧੬॥
ਭਈ ਪ੍ਰਾਤਿ ਬਜਵਾਇ ਨਗਾਰਾ।
ਚਢ੍ਯੋ ਬਹੁਰ ਸਿੰਘਨਿ ਦਲ ਸਾਰਾ।
ਕਰਤਿ ਸ਼ੀਘ੍ਰਤਾ ਮਿਲੇ ਸੁ ਧਾਈ।
ਜਾਂਹਿ ਰਿਪੁਨਿ ਦਲ ਮਗ ਚਲਿ ਜਾਈ
॥੧੭॥
ਪਰੇ ਧਾੜਵੀ ਸਮ ਹੁਇ ਤਬੈ।
ਮਿਲ੍ਯੋ ਸ਼ੱਤ੍ਰ ਮਾਰਨ ਕਿਯ ਸਬੈ।
ਰੁੰਡ ਮੁੰਡ ਕਰਿ ਦੀਨਿ ਘਨੇਰੇ।
ਪਲਟਾ ਲੀਨ ਕੀਨ ਜਿਨ ਨੇਰੇ ॥੧੮॥
ਲੂਟ ਕੂਟ ਕਰਿ ਲੀਨ ਬਿਹੀਰ।
ਰੌਰਾ ਪਰ੍ਯੋ ਚਲੇ ਭਯ ਭੀਰ।
ਬਿਸਮਤਿ ਭਏ ਨ ਜਾਨੇ ਜਾਈ।
-ਕਿਤ ਤੇ ਮਿਲੇ ਬੀਰ ਸਮੁਦਾਈ-
॥੧੯॥
ਆਪ ਆਪ ਕੇ ਪੰਥ ਪਧਾਰੇ।
ਮਿਲੇ ਤੁਰਕ ਸੋ ਸਿੰਘਨਿ ਮਾਰੇ।

ਮਹਾਂ ਤ੍ਰਾਸ ਬੀਤਯੋ ਮਗ ਜਾਤੇ।
ਔਚਕ ਪਰੇ ਬ੍ਰਿੰਦ ਰਿਪੁ ਘਾਤੇ ॥੨੦॥
ਨਹੀਂ ਸੰਭਾਲ ਪਰਸਪਰ ਹੋਈ।
ਦੇਖਿ ਦੇਖਿ ਭਾਜੇ ਸਭਿ ਕੋਈ।
ਲਾਖਹੁੰ ਲਸ਼ਕਰ ਬਿਚਲਯੋ ਭਾਜਾ।
ਪੀਛੇ ਰਹਯੋ ਸੁ ਲੁਟਯੋ ਸਮਾਜਾ ॥੨੧॥
ਫਤੇ ਲੀਨਿ ਅਰੁ ਲੂਟ ਘਨੇਰੀ।
ਪਲਟਾ ਲੀਨ ਹਟੇ ਤਿਸ ਬੇਰੀ।
ਪੰਥ ਬਚਾਇ[1] ਅਨੰਦਪੁਰਿ ਆਏ।
ਸ਼੍ਰੀ ਗੁਰ ਜੀ ਕੀ ਫਤੇ ਬੁਲਾਏ[†] ॥੨੨॥

[1]ਰਾਹ ਵਿਚ (ਆਪਣੇ ਆਪ ਨੂੰ) ਬਚਾਕੇ।

[†]ਖਾਲਸੇ ਨੇ ਸਲੇਮਾਵਾਦ ਕੋਲ ਇਹ ਧਾਵਾ ਕਰਕੇ ਆਪਣੀ ਲੁੱਟ ਮੋੜੀ ਸੀ। ਹਾਰ ਖਾਧੀ, ਵਾਙੂ ਭਜ ਜਾਣਾ ਤੇ ਮੁੜ ਸ਼ੱਤ੍ਰੂ ਦਲ ਤੇ ਪੈਕੇ ਬਿਜੈ ਪਾਉਣਾ ਇਹ ਸਿੱਖ ਦਲਾਂ ਦਾ ਖਾਸ ਕਰਤੱਬ ਰਿਹਾ ਹੈ।

ਮੁਦਿਤ ਹੋਇ ਦਰਸ਼ਨ ਸਭਿ ਕਰਯੋ।
ਸ਼ੱਤ੍ਰੂ ਹਨਤਿ ਪ੍ਰਸੰਨ ਉਚਰਯੋ।
ਸ਼੍ਰੀ ਮੁਖ ਤੇ ਮੁਸਕਾਇ ਬਖਾਨਾ।
'ਸਿੰਘਨਿ ਕਾਜ, ਹਤਨ ਤੁਰਕਾਨਾ ॥੨੩॥
ਪੰਥ ਖਾਲਸਾ ਜਯੋਂ ਅਧਿਕੈ ਹੈ।
ਤਯੋਂ ਤਯੋਂ ਤੁਰਕ ਨਾਸ਼ ਕੋ ਪੈ ਹੈਂ।
ਲੇਹਿਂ ਬੈਰ ਕੋ ਬਦਲਾ ਐਸੇ।
ਰਹੈ ਨਗਾਰਬੰਦ ਨਹਿਂ ਜੈਸੇ' ॥੨੪॥
ਹੁਇ ਪ੍ਰਸੰਨ ਸਿੰਘਨਿ ਬਰ ਦੀਨੋ।
'ਰਾਜ ਤੇਜ ਹੁਇ ਪ੍ਰਾਪਤਿ ਪੀਨੋ।
ਇਤ ਪ੍ਰਸੰਗ ਗੁਰ ਢਿਗ ਇਮ ਭਯੋ।
ਕਿਤਿਕ ਲੁਟਾਇ ਲੂਟਿ ਪੁਨ ਲਯੋ ॥੨੫॥
ਉਤ ਗਤਿ ਤੁਰਕਾਨੇ ਕੀ ਸੁਨੀਅਹਿ।
ਭਾਜੇ ਹੁਇ ਬਿਹਾਲ ਭਟ ਹਨੀਅਹਿ।
ਸ਼ਾਹੁ ਨੁਰੰਗੇ ਨਿਕਟਿ ਪੁਕਾਰੇ।
'ਗੁਰ ਕੇ ਦਲ ਸਿੰਘਨਿ ਹਮ ਮਾਰੇ ॥੨੬॥
ਜੋ ਉਮਰਾਵ ਗਯੋ ਬਨ ਬੀਰ।
ਦੇਖਤਿ ਗੁਰ ਕੋ ਭਯੋ ਫਕੀਰ।

ਜਾਨਜੋਂ ਗਯੋ ਨ ਕਿਤ ਕੋ ਗਯੋ।
ਸਭਿ ਲਸ਼ਕਰ ਮਹਿਂ ਅਚਰਜ ਭਯੋ ॥੨੭॥
ਬਡੋ ਬਹਾਦਰ ਜੋ ਰਮਜ਼ਾਨ।
ਮਾਰਿ ਦੀਨ ਤਜਿ ਕੈ ਇਕ ਬਾਨ।
ਅਲਪ ਚਮੂੰ ਕੁਛ ਗੁਰ ਕੈ ਸੰਗ।
ਹਤੇ ਹਜ਼ਾਰਹੁੰ ਕਰਿ ਕਰਿ ਜੰਗ ॥੨੮॥
ਆਵਤਿ ਲੂਟ ਲੀਨ ਧਨ ਸਾਰਾ।
ਮਗ ਮਹਿਂ ਲਸ਼ਕਰ ਮਿਲਿ ਕਰਿ ਮਾਰਾ।'
ਸੁਨਤਿ ਨੁਰੰਗਾ ਬਹੁ ਪਛੁਤਾਯੋ।
ਪਤਿਸ਼ਾਹਿਤ ਮੈਂ ਰੌਰ ਮਚਾਯੋ ॥੨੯॥
ਕਰਾਮਾਤ ਕੋ ਸੁਨਿ ਸੁਨਿ ਜਰੇ।
ਗੁਰ ਬਡਿਆਈ ਕੋ ਨਹਿਂ ਜਰੇ।
ਸਿਰ ਕੋ ਧੁਨਿ ਧੁਨਿ ਮਨ ਦੁਖ ਪਾਵੈ।
ਕਹਾਂ ਕਰੈ ਕੁਛ ਬਸ ਨ ਬਸਾਵੈ ॥੩੦॥
-ਇਨ ਕੇ ਪਿਤਾ ਸੰਗ ਮੈਂ ਅਰਜੋ।
ਦਿੱਲੀ ਪੁਰਿ ਤੇ ਬਾਹਿਰ ਕਰਜੋ[1]।

[1]ਨੁਰੰਗਾ ਕਹਿੰਦਾ ਹੈ ਕਿ (ਮੈਨੂੰ) ਬਾਹਰ ਕੀਤਾ (ਤਦ ਦਾ ਨੁਰੰਗਾ ਦੱਖਣ ਵਿਚ ਹੈਸੀ)।

ਅਬਿ ਇਹ ਸਭਿ ਬਿਧਿ ਜੋਰ ਜਨਾਵੈ।
ਗਹੇ ਬਿਨਾਂ ਇਨ ਕਜੋਂ ਬਨਿ ਆਵੈ- ॥੩੧॥
ਇੱਤਜਾਦਿਕ ਬਿਚਾਰ ਬਹੁ ਬਾਤੀ।
ਨੀਠ ਨੀਠ ਕਰਿ ਬਿਤਈ ਰਾਤੀ।
†ਪ੍ਰਾਤਿ ਸਮੈਂ ਨਿਜ ਸਭਾ ਲਗਾਈ।
ਮੰਤ੍ਰੀ ਸਜਾਨੇ ਲੀਨ ਬੁਲਾਈ ॥੩੨॥

†ਇਹ ਸੌ ਸਾਖੀ ਦੀ ੨੮ਵੀਂ ਸਾਖੀ ਹੈ।

ਕਾਜੀ ਬ੍ਰਿੰਦ ਮੌਲਵੀ ਆਏ।
ਦੀਨ ਸ਼ਰਾ ਕੇ ਹਠੀ ਸੁਨਾਏ[1]।

[1]ਸੁਣਕੇ ਆਏ।

ਜਬਿ ਸਭਿ ਬੈਠੇ ਹੁਕਮ ਉਚਾਰਾ।
'ਜੇ ਭਗੈਲ ਆਏ ਰਣਹਾਰਾ ॥੩੩॥
ਕਰਹੁ ਹਕਾਰਨਿ ਕਹੈਂ ਪ੍ਰਸੰਗ।
ਕੈਸਾ ਪਿਖਜੋ ਗੁਰੂ ਵਿਚ ਜੰਗ।'
ਆਨਿ ਖਰੇ ਜਬਿ ਭਏ ਅਗਾਰੀ।
ਹਿਤ ਬੂਝਨ ਕੇ ਸ਼ਾਹ ਉਚਾਰੀ ॥੩੪॥

'ਹਿੰਦੂਗਰਦੀ ਕਹਾਂ ਮਚਾਈ[1]?
ਚਮੂੰ ਕਿਤਿਕ ਨਿਜ ਸੰਗ ਮਿਲਾਈ?
ਕੈਸਾ ਪਿਖ੍ਯੋ ਬਹਾਦਰ ਬੀਰ?
ਫੈਸਲ ਬੰਦਾ ਮੁਰਸ਼ਿਦ ਪੀਰ[1]' ॥੩੫॥

[1]ਹਿੰਦੂ ਨੇ ਕੀ ਰੌਲਾ ਰੱਪਾ ਪਾਇਆ ਹੈ।

[1]ਕੈਸਾ (ਫੈਸਲਬੰਦ=) ਨਿਆਇਕਾਰੀ ਹੈ, ਕੈਸਾ ਪੀਰ ਤੇ ਮੁਰਸ਼ਿਦ ਹੈ? (ਅ) ਪੀਰ ਤੇ ਮੁਰਸ਼ਿਦ ਤੋਂ ਫੈਸਲੇ ਕਰਨ ਵਾਲਾ ਭਾਵ ਹਾਕਮ ਕਿਵੇਂ ਹੋ ਗਿਆ ਹੈ।

ਸੁਨਤਿ ਅਹਿਦੀਏ ਕਰਜੋ ਉਚਾਰ।
'ਇਕ ਤੇ ਲਾਖ, ਖਰਚ ਬਿਸੀਆਰ[1]†।

[1]ਇਕ ਤੋਂ ਲੱਖ (ਬਣਾ ਦਿਤਾ ਸੁ ਇਨਸਾਨ ਨੂੰ ਤੇ) ਖਰਚ ਬਹੁਤ (ਕਰਦਾ ਹੈ)। (ਅ) ਇਕ ਦੀ ਥਾਂ ਲੱਖ ਖਰਚਦਾ ਹੈ ਐਸਾ ਬਿਸੀਆਰ ਖਰਚ ਹੈ ਭਾਵ ਸਖੀ ਹੈ। †ਪਾ:-ਬਿਖਦਾਰ। ਉਪਰਲਾ ਪਾਠ ਪੁਰਾਤਨ ਨੁਸਖੇ ਦਾ ਹੈ, ਸੌ ਸਾਖੀ ਤੇ ਹੋਰਨੀਂ ਥਾਈਂ ਪਾਠ ਹੈ ਇਕ ਤੇ ਲਾਖ ਖਰਚ ਬਿਖਦਾਰ'। ਜਿਸ ਦਾ ਅਰਥ ਸੰਪ੍ਰਦਾਈ ਇਹ ਹੈ:-ਇਹ ਬਿਖਦਾਰ (ਬਿਖਧਰ=ਤੀਰ) ਨਾਲ ਲੱਖਾਂ ਨੂੰ ਖਰਚ (ਨਾਸ਼) ਕਰ ਦੇਂਦਾ ਹੈ।

ਸਭਿ ਬਿਧਿ ਜਾਨਹੁ ਐਨ ਹੁਸ਼ੀਆਰ।
ਸੁੰਦਰ, ਉਮਰ ਸੁ ਬਰਖੁਰਦਾਰ[1]†' ॥੩੬॥

[1]ਜਵਾਨੀ ਦੀ ਉਮਰ ਹੈ। †ਸੌ ਸਾਖੀ ਦਾ ਪਾਠ ਹੈ:- 'ਉਮਰ ਬਰਖੁਰਦਾਰ ਸਿਰਦਾਰ' ਇਸ ਦਾ ਭਾਵ ਹੈ ਕਿ ਉਮਰ ਨੌਜਵਾਨੀ ਦੀ ਹੈ, ਤੇ (ਜਬਹ ਸਰਦਾਰੀ ਹੈ।

ਬੋਲਜੋ ਸੁਨਤਿ ਸਾਹ ਮਨ ਬਾਂਦਮ[1]।

[1]ਖੋਟੇ ਮਨ ਵਾਲਾ [ਪੰ:, ਵਿਚ ਬਾਦ ਖੋਟੇ ਸਿੱਕੇ ਨੂੰ ਕਹਿੰਦੇ ਹਨ। ਫਾ:, ਆਕੜ]।

'ਮੁਰਦਮ ਆਖਰੀ ਬਹਿ ਨਿਸ਼ਾਦਮ[1]।

[1]ਆਖਰ ਤੁਸੀਂ ਮੁਰਦੇ ਹੋ ਤੇ ਨਾਸ਼ਾਦ ਹੋ (ਬਦਕਿਸਮਤ) ਹੋ ਬਹਿ ਜਾਓ [ਨਾਸ਼ਾਦ=ਨਾ ਖੁਸ਼]। (ਅ) ਆਖਰ ਮੈਂ ਮਰਦਾਂ=ਮੁਸਲਮਾਨਾਂ ਨੂੰ ਫਿਰ ਹੱਦਿਆਂ ਤੇ ਬਿਠਾ ਦਿਆਂਗਾ। [ਮੁਰਦਮ=ਮਰਦਾਂ ਨੂੰ, ਆਖਰੀ=ਅੰਤ ਨੂੰ। ਬਹਿ=ਬੈਠਣ ਦੀ ਥਾਂ, ਹੁੱਦਾ। ਨਿਸ਼ਾਦਮ=ਬਿਠਾ ਦਿਆਂਗਾ]।

ਬਡ ਸਰਦਾਰ ਸੁ ਜ਼ਿੰਦਾ ਪੀਰ[1]।

[1]ਮੈਂ) ਬੜਾ ਸਰਦਾਰ ਤੇ ਜ਼ਿੰਦਾ ਪੀਰ ਹਾਂ।

ਖਾਵੰਦ ਖਲਕ ਬੰਦਿਬੇ ਪੀਰ[1] ॥੩੭॥

[1]ਖਲਕਤ ਦਾ ਖਾਵੰਦ ਤੇ ਪੀਰਾਂ ਤੋਂ ਬੰਦਨ ਯੋਗ ਹਾਂ।

ਹਿੰਦੂ ਤਰੀਫ ਖੈਰ ਖਵਾਇ[1]।

[1]ਹਿੰਦੂ ਦੀ ਤਾਰੀਫ ਤੇ ਖੈਰ ਖਵਾਹੀ ਕੀਤੀ ਨੇ (ਮੇਰੇ ਸਾਹਮਣੇ)।

ਖਾਰਜ ਕਰਦਮ ਮਜਬ ਹਵਾਇ[1]†।'

[1]ਮੈਂ ਤੁਹਾਨੂੰ) ਮਜ਼ਹਬ ਦੇ ਦਾਇਰੇ ਤੋਂ ਖਾਰਜ ਕੀਤਾ। †ਕਵੀ ਜੀ ਦੇ ਪਾਠ ਤੇ ਸੌ ਸਾਖੀ ਦੇ ਪਾਠ ਦਾ ਫਰਕ ਹੈ, 'ਬਡ ਸਰਦਾਰ ਸੁ ਜ਼ਿੰਦਾ ਪੀਰ, ਖਾਵੰਦ ਖਲਕ ਬੰਦਬੇ ਪੀਰ' ਇਹ ਪਾਠ ਸੌ ਸਾਖੀ ਨੇ ਅਹਿਦੀਦੇ ਦੇ ਮੂੰਹ ਵਿਚ ਰਖਿਆ ਹੈ। ਯਥਾ:-(ਪਾਤਸ਼ਾਹ ਨੇ) ਪੁਛਿਆ:-ਹਿੰਦੂ ਨੇ ਕਿਆ ਗਰਦੀ ਮਚਾਈ, ਕਿਤਨੀ ਕੁ ਫੌਜ, ਕੈਸਾ ਬਹਾਦਰ, ਕਿਆਸੀ ਤਰੀਫ, ਫੈਸਲ ਬੰਦਹ, ਪੀਰ ਮੁਰਸ਼ਿਦ? ਤਾਂ ਅਹਦੀਏ ਬੋਲੇ-ਏਕ ਤੇ ਲਾਖ ਖਰਚੇ ਬਿਖੀਦਾਰ। ਐਨ ਹੁਸ਼ਿਆਰ, ਉਮਰ ਬਰਖੁਰਦਾਰ, ਸਿਰਦਾਰ, ਜ਼ਿੰਦਾ ਪੀਰ, ਖਲਿਕ ਖਾਵੰਦ, ਬੰਦਾ ਬੇਪੀਰ (=ਸੁਧ ਪਾਠ:-ਬੰਦਬੇ ਪੀਰ=ਮੱਥਾ ਟੇਕਣ ਯੋਗ ਗੁਰੂ)। ਬੋਲਿਆ ਤੁਰਕ:-ਮੁਰਦ ਮੁਆਖਰੀ ਬਹਿ ਨਿਸ਼ਾਦਮ, ਹਿੰਦੂ ਤਰੀਫ ਖੈਰ ਖਵਾਇ? 'ਮਜ਼ਬ ਹਵਾਇ ਖਾਰਜ ਕਰਦਮ। ' ਇਸ ਤੋਂ ਸਾਫ ਹੈ ਕਿ ਅਹਿਦੀਏ ਨੇ ਗੁਰੂ ਜੀ ਦੀ ਤਾਰੀਫ ਕੀਤੀ, ਪਾਤਸ਼ਾਹ ਨੇ ਨਾ ਸਹਿ ਸਕਣ ਕਰਕੇ ਝਿੜਕ ਦਿਤੀ ਹੈ ਕਿ 'ਤੁਸੀਂ ਆਖਰ ਮੁਰਦੇ ਹੋ, ਨਾਸ਼ਾਦ ਹੋ (ਬਦਕਿਸਮਤ ਹੋ) ਬਹਿ ਜਾਓ, ਹਿੰਦੂ ਦੀ ਤਾਰੀਫ ਤੇ ਖੈਰ ਖਵਾਹੀ ਕੀਤੀ ਨੇ ਮੈਂ ਤੁਹਾਨੂੰ ਮਜ਼ਹਬ (ਇਸਲਾਮ ਦੇ) ਦਾਇਰੇ ਤੋਂ ਖਾਰਜ ਕੀਤਾ। ਅਥਵਾ ਇਸ ਤੁਕ

ਦਾ ਇਹ ਭਾਵ ਹੈ ਕਿ ਮੈਂ ਫੇਰ ਮੁਸਲਮਾਨਾਂ ਨੂੰ ਕਾਇਮ ਕਰਾਂਗਾ ਤੇ ਹਿੰਦੂ ਦੀ ਤਾਰੀਫ ਕਰਨ ਵਾਲੇ ਤੇ ਉਸ ਦੇ ਖੈਰ ਖਵਾਹਾਂ ਨੂੰ ਖਾਰਜ ਕਰ ਦਿਆਂਗਾ। ਸੂਚਨਾ-ਫਾਰਸੀ ਲਿਖਤ ਸ਼ੁਧ ਨਹੀਂ ਰਹੀ ਹੋਈ।

ਇਮ ਕਹਿ ਕੈ ਸੁਲਗਤਿ ਜਿਸ ਛਾਤੀ।
ਬੋਲਜੋ ਬਹੁਰ ਸਭਾ ਮਹਿਂ ਬਾਤੀ ॥੩੮॥
''ਕਰੀਏ ਕਹਾਂ ਬਰੋਬਰ ਨਹੀਂ।

[1]ਹੁਣ ਕੀ ਕਰੀਏ ਨਾਂ ਤਾਂ ਉਹ ਮੇਰੇ ਬ੍ਰਾਬਰਦਾ ਹੈ ਨਾਂ (ਮੇਰੇ) ਮਜ਼੍ਹਬ ਦਾ ਪਜਾਰਾ ਮੈਂ ਉਸ ਨੂੰ ਦੇਖਦਾ ਹਾਂ।

ਮਜਬ ਮਬੂਬ ਨਹੀਂ ਮੈਂ ਲਹੀ[1]।'
ਸੁਨਿ ਸਭਿ ਸਜਾਨੈ ਬਾਕ ਬਖਾਨੈਂ।
'ਜੇਤੀ ਮਤਿ ਜੇਤਿਕ ਚਿਤ ਜਾਨੈ' ॥੩੯॥
ਪੀਛੇ ਕਾਜ਼ੀ ਬਾਕ ਉਚਾਰਾ।
'ਜਉ ਸਭਿ ਬਿਧਿ ਕਰ ਸੋ ਹੁਸ਼ੀਆਰਾ[1]।

[1]ਜੇ ਸਭਿ ਤਰ੍ਹਾਂ ਉਹ ਹੁਸ਼ਿਆਰ ਹੈ।

ਕਰੋ ਮੁਹਬਤਿ ਸਾਥ ਬੁਲਾਵਨ।
ਦੇਖਹੁ ਰੂਪ ਸੁਨਹੁ ਬਚ ਭਾਵਨ[1] ॥੪੦॥

[1]ਪ੍ਰੇਮ ਦੇ।

ਪਰਖ ਲੇਹੁ ਜੇਤਿਕ ਸੋ ਹੋਇ।
ਜਿਹ ਤਰੀਫ ਕਰਤਾ ਸਭਿ ਕੋਇ।'
ਸੁਨਤਿ ਸਭਾ ਸਦ ਅਰੁ ਪਤਿਸ਼ਾਹੂ।
ਬੁਧਿ ਕਾਜ਼ੀ ਕੀ ਕਰਤਿ ਸਰਾਹੂ ॥੪੧॥
'ਆਛੀ ਕਹੀ, ਬਨਹਿ ਇਸ ਰੀਤਿ।
ਕਰਹਿਂ ਬੁਲਵਾਨ ਜਿਮ ਹੁਇ ਮੀਤ।
ਸੁਮਤਿ ਖੂਬ ਕਾਜ਼ੀ ਇਹੁ ਭਾਖੀ।
ਲਿਖਹੁਂ ਪ੍ਰਵਾਨੇ' ਆਇਸੁ ਆਖੀ ॥੪੨॥
'ਪਤਿਸ਼ਾਹੀ ਇਕ ਹੀ ਕੀ ਹੋਇ।
ਉਰ ਅੰਤਰ ਨੀਕੇ ਲਿਹੁ ਜੋਇ।
ਪਰਵਾਨਾ ਹੇਰਤਿ ਹੀ ਆਵਹੁ।
ਹਮ ਤੁਮ ਮਜਬ ਏਕ ਲਖਿ ਪਾਵਹੁ[1] ॥੪੩॥

[1]ਭਾਵ ਦੋਵੇਂ ਮਵਾਹਿਦ ਹਾਂ, ਇਕ ਰੱਬ ਨੂੰ ਮੰਨਣ ਵਾਲੇ, ਦੋਵੇਂ ਬੁਤ ਪ੍ਰਸਤ ਨਹੀਂ ਹਾਂ। ਸੌ ਸਾ: ਦਾ ਪਾਠ ਹੈ:-ਹਮ ਤੁਮ ਮਜਹਬ ਏਕ ਹੈ।

ਨਾਂਹਿ ਤ ਮੈਂ ਪਹੁੰਚਹੁੰਗਾ ਤਹਾਂ।
ਕਰਿ ਬਹਾਦਰੀ ਬੈਠਜੋ ਜਹਾਂ।
ਅਜ਼ਮਤ ਜਿਤਿਕ ਫਕੀਰੀ ਕੇਰ।
ਬਿਚ ਜਹਾਨ ਤੇ ਜੈ ਹੈ[1] ਫੇਰ ॥੪੪॥

[1]ਚਲੀ ਜਾਵੇਗੀ।

ਪੀਰ ਫਕੀਰ ਬਡੇ ਲਘੁ ਅਹੈਂ।
ਪਤਿਸ਼ਾਹੀ ਘਰ ਮਹਿਂ ਜਿਮ ਰਹੈਂ।
ਤੈਸੇ ਤੁਮ ਭੀ ਰਹਿਬੋ ਕਰੀਅਹਿ।

ਨਹਿਂ ਬਿਰੋਧ ਕਿਮ ਉਰ ਮਹਿਂ ਧਰੀਅਹਿ'
॥੪੫॥
ਬਡ ਹੰਕਾਰ ਹਕੀਕਤ ਔਰ[1]।
ਜਿਮ ਪਤਿਸ਼ਾਹੀ ਕੋ ਹੁਇ ਤੌਰ।
ਪਰਵਾਨੇ ਮਹਿਂ ਬਹੁ ਲਿਖਵਾਈ।
'ਬਖਸ਼ਿਸ ਹਮ ਦਰਗਾਹਿ ਤੇ ਪਾਈ
॥੪੬॥
[1]ਪਤਿਸ਼ਾਹਤਿ ਕੀ ਕਿਯ ਬਖਸ਼ੀਸ਼।
ਪਰਵਰਦਗਾਰ ਕਲਾ ਜਗਦੀਸ਼[2]।'
ਦੇ ਪਰਵਾਨਾ ਪਠੇ ਵਕੀਲ।
ਕਰਿ ਤਗੀਦ 'ਜਾਵਹੁ ਬਿਨ ਢੀਲ'
॥੪੭॥
ਸ੍ਰੀ ਕਲਗ਼ੀਧਰ ਕੇ ਢਿਗ ਆਏ।
ਸਭਾ ਲਗਾਇ ਹਜ਼ੂਰ ਬੁਲਾਏ।
ਸਭਿ ਅਹਿਵਾਲ ਸੁਨਜੋ ਜਬਿ ਕਾਨ।
ਉੱਤਰ ਲਿਖਵਾਯਹੁ ਤਬਿ ਜਾਨ ॥੪੮॥
'ਜਿਸ ਤੇ ਬਖਸ਼ਿਸ਼ ਪ੍ਰਾਪਤਿ ਤੋਹੀ।
ਤਿਸੀ ਪੁਰਖ ਨੇ ਭੇਜਯੋ ਮੋਹੀ।
ਨਯਾਉਂ ਕਰਨ ਤੇ ਹੇਤ ਪਠਾਯੋ[1]।
ਬਿਸਰ ਗਯੋ ਤੈਂ ਦੰਭ ਕਮਾਯੋ ॥੪੯॥
ਯਾਂ ਤੇ ਕਿਮ ਤੁਝ ਸੰਗ ਬਨਿ ਆਵੈ।
ਜੋ ਹਿੰਦੁਨਿ ਸੰਗ ਬਾਦ ਉਠਾਵੈ।
ਖਲਕਤ ਨਹਿਂ ਖ਼ੁਦਾਇ ਕੀ ਜਾਨੀ।
ਚਾਹਤਿ ਕਰੀ ਧਰਮ ਕੀ ਹਾਨੀ' ॥੫੦॥
ਰੁਖ਼ਸਦ ਤਬਿ ਵਕੀਲ ਕੋ ਕੀਨ।
ਖਿਲਤ ਦਰਬ ਜੁਤਿ ਤਿਨ ਕੋ ਦੀਨ[†]।
ਗਏ ਜਾਇ ਅਵਰੰਗ ਸੁਨਾਯੋ।
ਨਹਿਂ ਆਵਤਿ ਲਖਿ ਅਧਿਕ ਰਿਸਾਯੋ
॥੫੧॥
ਇਤੇ ਪ੍ਰਸੰਗ ਨੁਰੰਗੇ ਕੇਰਾ।

[1]ਵਡੇ ਹੰਕਾਰ ਨਾਲ ਹੋਰ ਭੀ ਹਾਲ (ਲਿਖਿਆ)।

[1]ਬਖਸ਼ੀਸ਼ ਕੀਤੀ ਹੈ ਜਗਦੀਸ਼ ਪਰਵਰਦਗਾਰ ਦੀ ਕਲਾ ਨੇ।

[1]ਤੈਨੂੰ) ਇਨਸਾਫ ਕਰਨ ਲਈ ਭੇਜਿਆ ਸੀ।

[†]ਸੌ ਸਾਖੀ ਵਿਚ ਲਿਖਿਆ ਹੈ 'ਅਤੇ ਨਾਲ ਭੇਜਿਆ ਦਇਆ ਸਿੰਘ ਖੱਤਰੀ ਲਾਹੌਰ ਕਾ, ਧਰਮ ਸਿੰਘ ਆਗਰੇ ਕਾ। '

ਸੁਨਹੁ ਗਿਰੇਸ਼ੁਨਿ ਜਥਾ ਬਖੇਰਾ।
ਲੂਟਿ ਕੂਟਿ ਕਰਿ ਸਦਾ ਲਰਾਈ।
ਕਰਤਿ ਸਿੰਘ ਬਿਚਰਤਿ ਸਮੁਦਾਈ
॥੫੨॥
ਇਸ ਰਣ ਕੋ ਸੁਨਿ ਦੇਸ਼ ਬਿਦੇਸ਼।
ਮਿਲਿ ਸਿਖ ਸੰਗਤਿ ਆਇ ਵਿਸ਼ੇਸ਼।
ਦਿਨ ਪ੍ਰਤਿ ਆਇ ਹਜ਼ਾਰਹੁ ਭਏ।
ਸ਼ਸਤ੍ਰ ਧਰਹਿਂ ਬਿਚਰਨਿ ਗਿਰ ਲਏ
॥੫੩॥
ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰੁਤੇ 'ਅਵਰੰਗ' ਪ੍ਰਸੰਗ ਬਰਨਨੰ ਨਾਮ ਚਤਰਥੋ ਅੰਸੂ
॥੪॥

੫. [ਪਹਾੜੀਆਂ ਦੀ ਨੌਰੰਗੇ ਅੱਗੇ ਫਰਿਆਦ]

੪<<ਪਿਛਲਾ ਅੰਸੂ ਸੰਖੇਪ ਲਿੰਕ – ਤਤਕਰਾ ਅਗਲਾ ਅੰਸੂ>>੬

ਦੋਹਰਾ:

ਦੇਖ੍ਯੋ[1] ਬਡੋ ਕਸੂਰ ਕੋ ਗੁਰ ਕੀ ਜਬਰੀ ਬਾਤ। [1]ਪਹਾੜੀਆਂ) ਨੇ ਦੇਖਿਆ।
ਪੰਥ ਖਾਲਸਾ ਮਿਟਤਿ ਨਹਿਂ ਵਧਿਤਿ ਜਾਤਿ ਅਵਦਾਤ ॥੧॥

ਚੌਪਈ:

ਭੀਮ ਚੰਦ ਦੁਖ ਪਾਇ ਘਨੇਰਾ।
ਗ੍ਰਾਮ ਉਜਾਰੇ, ਬਹੁ ਬਲ ਹੇਰਾ[1]। [1]ਗੁਰੂ ਜੀ ਦਾ ਬੜਾ ਬਲ ਦੇਖਿਆ।
ਗੁਰੂ ਸੂਰਮਾ ਰਣ ਪ੍ਰਿਯ ਅਹੈ।
ਸਦਾ ਜੰਗ ਚਿਤ ਚਾਹਤਿ ਰਹੈ ॥੨॥
ਭਯੋ ਬਿਬਸ ਕੁਛ ਜਤਨ ਨ ਜਾਨ੍ਯੋਂ।
ਹੋਨਿ ਪੁਕਾਰੂ ਮਿਲ ਮਤਿ[1] ਠਾਨ੍ਯੋਂ। [1]ਸਲਾਹ।
ਸਭਿ ਰਾਜਨ ਨੀਕੀ ਮਨ ਮਾਨੀ।
ਲੇ ਕਰਿ ਧਨ ਗਨ ਤਜਾਰੀ ਠਾਨੀ ॥੩॥

ਦੋਹਰਾ:

ਭੀਮ ਚੰਦ ਕਹਿਲੂਰੀਆ ਲੀਨਿ ਹੰਡੂਰੀ ਨਾਲ।
ਕਰੇ ਕੂਚ ਦਰ ਕੂਚ ਕੋ ਦਿੱਲੀ ਗਏ ਉਤਾਲ ॥੪॥

ਚੌਪਈ:

ਦੇ ਕਰਿ ਭੇਟ ਬਹੁਤ ਬਿਧਿ ਨਾਨਾ।
ਗ੍ਰੀਵ ਨਿਵਾਇ ਸਲਾਮ ਬਖਾਨਾ।
ਮਿਲ ਸੂਬੇ ਸੰਗ ਅਰਜ਼ ਗੁਜਾਰੀ।
'ਇਕ ਹਜ਼ਰਤ ਹੈ! ਓਟ ਹਮਾਰੀ ॥੫॥
ਬਹੁ ਸੰਮਤਿ ਬੀਤੇ ਚਢਿ ਗਯੋ[1]। [1]ਭਾਵ ਦੱਖਣ ਨੂੰ ਮੁਹਿੰਮ ਤੇ ਗਏ ਨੂੰ।
ਅਪਨੇ ਥਾਨ ਤੁਮੇ ਕਰਿ ਦਿਯੋ।
ਯਾਂ ਤੇ ਹਮਰੇ ਹੋ ਰਖਵਾਰੇ।
ਜ਼ੋਰ ਜ਼ੁਲਮ ਜੋ ਕਰਹਿ ਨ੍ਰਿਵਾਰੇ[1] ॥੬॥ [1]ਤਿਸ ਨੂੰ) ਦੂਰ ਕਰ ਦਿਓ।
ਆਗੇ ਤੁਮਹੁ ਹਿਮਾਯਤਿ ਕਰੀ।
ਦਸ ਹਜ਼ਾਰ ਸੈਨਾ ਬਲਿ ਭਰੀ।
ਪਠਿ ਉਪਰਾਲਾ ਕੀਨ ਹਮਾਰਾ।
ਮਚ੍ਯੋ ਜੁੱਧ ਦਾਰੁਨ ਤਿਸ ਬਾਰਾ ॥੭॥
ਪੁਨ ਸਿਰ੍ਹੰਦ ਕੋ ਸੂਬਾ ਗਯੋ।

ਲਰਿ ਕਰਿ ਗੁਰ ਸਰਿਤਾ ਤਟ ਲਯੋ।'
ਸੁਨਿ ਸੂਬੇ ਗਿਰਪਤਿ ਸਮੁਝਾਏ।
'ਸ਼ਾਹੁ ਨਿਕਟ ਗਮਨਹੁ ਬਨਿ ਆਏ ॥ ੮ ॥
ਮੈਂ ਲਿਖਿ ਪਠਹੁਂ ਸਕਲ ਅਹਿਵਾਲ।
ਜ਼ੁਲਮੀ ਤੁਮ ਪਰ ਹੋਤਿ ਕਮਾਲ[1]।
ਤਹਿਂ ਤੇ ਹੁਕਮ ਲੇਹੁ ਬਹੁ ਦਲ ਕੋ।
ਲਰਹੁ ਬਹੁਰ ਹੇਰਹੁ ਰਿਪੁ ਬਲ ਕੋ' ॥ ੯ ॥
ਨੇਕ ਸਲਾਹ ਜਾਨਿ ਸਭਿ ਰਾਜੇ।
ਮਿਲੇ ਸ਼ਾਹ ਬਿਨ ਬਨੈ ਨ ਕਾਜੇ।
ਸੂਬੇ ਤੇ ਅਹਿਵਾਲ ਲਿਖਾਯੋ।
ਨਿਜ ਪਹੁਂਚਨਿ ਤੇ ਪ੍ਰਥਮ ਪਠਾਯੋ ॥ ੧੦ ॥
ਦੁਰਗ ਗੋਲਕੁੰਡਾ[1] ਬਡ ਜਹਾਂ।
ਲਰਤਿ ਨੁਰੰਗਾ ਬਾਸਜੋ ਤਹਾਂ।
ਨੌਮੇ ਪਾਤਿਸ਼ਾਹੁ ਕੇ ਸਾਥ।
ਕਰੀ ਅਵੱਗਜਾ ਦਿੱਲੀ ਨਾਥ ॥ ੧੧ ॥
ਤਬਿ ਕੋ ਨਹੀਂ ਬਸਨ ਪੁਰਿ ਪਾਯੋ।
ਮਿਸ ਮੁਹਿੰਮ ਲੇ ਦੱਖਣ ਧਾਯੋ[1]।
ਹਠੀ ਬਿਲੰਦ ਮੂੜ ਚਵਗੱਤਾ।
ਗੁਰ ਸਨ ਦ੍ਵੈਖੀ ਮਹਾਂ ਕੁਪੱਤਾ ॥ ੧੨ ॥
ਦਿੱਲੀ ਤੇ ਚੜਿ ਕਰਿ ਗਿਰਨਾਥ।
ਗਮਨੇ ਤਬਿ ਬਡ ਤੂਰਨ ਸਾਥ।
ਕਰੇ ਕੂਚ ਦਰ ਕੂਚ ਹਮੇਸ਼ੂ।
ਉਲੰਘੇ ਪੰਥ ਅਸ਼ੇਸ਼ ਵਿਸ਼ੇਸ਼ੂ ॥ ੧੩ ॥
ਪਹੁਂਚਿ ਤਹਾਂ ਡੇਰਾ ਨਿਜ ਘਾਲਾ।
ਮਿਲਿ ਉਮਰਾਵਨਿ ਕਹਿ ਅਹਿਵਾਲਾ।
ਰਿਸ਼ਵਤਿ ਦੇ ਧਨ ਵਸਤੁ ਅਛੇਰੀ।
'-ਆਇ ਪੁਕਾਰੂ- ਸੁਧਿ ਦਿਹੁ ਮੇਰੀ' ॥ ੧੪ ॥
ਬਹੁ ਉਮਰਾਵਨਿ ਸ਼ਾਹ ਜਨਾਈ।
'ਸ਼੍ਰੀ ਗੁਬਿੰਦ ਸਿੰਘ ਧੂਮ ਉਠਾਈ।
ਰਾਜੇ ਬਡ ਖੇਦ ਕੋ ਪਾਇ।
ਕਰਨਿ ਪੁਕਾਰ ਇਹਾਂ ਲਗ ਆਇ'

[1] ਬਹੁਤੀ।

[1] ਗੋਲਕੁੰਡਾ ਦੱਖਣ ਵਿਚ ਹੈ।

[1] ਜੰਗ ਦੇ ਬਹਾਨੇ ਦੱਖਣ ਨੂੰ ਚਲਾ ਗਿਆ।

॥੧੫॥
ਸੁਨਿ ਕੈ ਸ਼ਾਹ ਬੁਲਾਵਨਿ ਕੀਨੇ।
ਗਏ ਨਿਕਟਿ ਭੇਟਾ ਗਨ ਦੀਨੇ।
ਠਾਂਢੇ ਹਾਥ ਜੋਰਿ ਕਰਿ ਰਹੇ।
ਬੂਝੇ ਸਭਿ ਬ੍ਰਿਤਾਂਤ ਤਬਿ ਕਹੇ ॥੧੬॥
'ਦੇਸ਼ ਨ ਬਸਨ ਦੇਤਿ ਦਲ ਕੀਨੋ[1]। [1]ਫੌਜ ਬਣਾ ਲਈ ਹੈ।
ਗੁਰੂ ਨਿਡਰ ਕਿਸ ਤ੍ਰਾਸ ਨ ਚੀਨੋ।
ਸਦਾ ਜੰਗ ਕੇ ਸੰਗ ਸਨੇਹੂ।
ਹਮ ਸਨ ਠਾਨਤਿ ਬੈਰ ਅਛੇਹੂ' ॥੧੭॥
ਸੁਨਿ ਅਵਰੰਗੇ ਬੂਝਜੋ ਫੇਰ।
'ਕਜੋਂ ਤੁਮ ਸੰਗ ਗੁਰੂ ਕੋ ਬੈਰ।
ਸੈਨਾ ਦੀਰਘ ਪ੍ਰਥਮ ਪਠਾਈ।
ਤਊ ਨ ਤੁਮਰੀ ਰਾਰ ਮਿਟਾਈ ॥੧੮॥
ਗੁਰ ਢਿਗ ਰਾਜ ਦੇਸ਼ ਕਿਛੁ ਨਾਹੀਂ।
ਕਹਾਂ ਦੇਤਿ ਲਸ਼ਕਰ ਰਖਿ ਪਾਹੀ।
ਜਥਾ ਬ੍ਰਿਤੰਤ ਛੋਰ[1] ਤੇ ਸਾਰੋ। [1]ਮੁੱਢ ਤੋਂ। (ਅ) ਖੋਲ੍ਹਕੇ।
ਅਬਿ ਤੁਮ ਮੋਹਿ ਸਮੀਪ ਉਚਾਰੋ' ॥੧੯॥
ਸੁਨਿ ਕਰਿ ਜੋਰਤਿ ਕਥਾ ਬਖਾਨੀ।
ਜਿਮ ਬੀਤੀ ਨਿਜ ਸੰਗ ਕਹਾਨੀ।
'ਗੁਰ ਕੋ ਪਿਤਾ ਮੋਲ ਲੇ ਥਾਨ।
ਤਹਾਂ ਬਸਾਵਨਿ ਕਰਿ ਨਰ ਆਨ[1] ॥੨੦॥ [1]ਹੋਰ ਲਿਆਕੇ ਨਰ ਵਸਾਏ।
ਪੁਰਿ ਬਿਸਾਇ ਪੂਰਬ ਚਲਿ ਗਏ।
ਉਤ ਹੀ ਪਟਣੇ ਇਹ ਜਨਮਏ।
ਸੋ ਤੋ ਸੁਰਗਬਾਸ ਜਬਿ ਭਏ।
ਬਯ ਲਘੁ ਮਹਿਂ ਇਤ ਕੌ ਗੁਰ ਅਏ ॥੨੧॥
ਬਸ ਕਰਿ ਕੁਛ ਤਨ ਸੁਰਤਿ ਸੰਭਾਰੀ।
ਰਾਖੇ ਚਾਕਰ ਆਯੁਧ ਧਾਰੀ।
ਗ੍ਰਾਮਨਿ ਮਹਿਂ ਅਖੇਰ ਕੋ ਜਾਇਂ।
ਖੇਤੀ ਦੇਤਿ ਉਜਾਰ ਸੁ ਥਾਇਂ ॥੨੨॥
ਤਬਿ ਹਮ ਨੇ ਮਿਲਿ ਦੀਨਸਿ ਜ਼ੋਰ।

ਗਮਨਜੋਂ ਸ਼ਾਰਮੌਰ ਕੀ ਓਰ[1]।
ਤਹਿਂ ਭੀ ਪਹੁੰਚੇ ਧੂਮ ਉਠਾਈ।
ਰਾਮਰਾਇ ਕੇ ਨਰ ਸਮੁਦਾਈ ॥੨੩॥
ਹੁਤੇ ਮਸੰਦ ਮਾਰ ਸਭਿ ਦੀਨੇ।
ਰਾਜਨ ਸੰਗ ਬਖੇਰਾ ਕੀਨੇ।
ਹਰੀ ਚੰਦ ਦੀਰਘ ਧਨੁ ਧਾਰੀ।
ਤਹਾਂ ਜੰਗ ਕਰਿ ਲੀਨਸਿ ਮਾਰੀ ॥੨੪॥
ਸਕਲ ਸੈਲਪਤਿ ਦਏ ਭਜਾਈ।
ਜਮਨਾ ਤਟ ਨਿਜ ਪੁਰੀ ਬਸਾਈ।
ਕਿਤਿਕ ਸਮਾਂ ਬਸਿ ਤਹਾਂ ਬਸਾਯੋ।
ਪੁਨ ਔਚਕ ਆਨੰਦ ਪੁਰਿ ਆਯੋ ॥੨੫॥
ਤਹਿਂ ਹੁਇ ਥਿਰ ਪੂਜਨ ਕਰਿ ਕਾਲੀ।
ਭੀਮਾ ਕੀਨੀ ਬਿਦਤ ਕਪਾਲੀ[1]।
ਲੇ ਬਰ ਰਚਜੋ ਪੰਥ ਇਕ ਭਾਰੀ।
ਹਿੰਦੂ ਤੁਰਕਨਿ ਤੇ ਬਿਧਿ ਨਜਾਰੀ ॥੨੬॥
ਹਮ ਜਬਿ ਗਏ ਨਿਕਟ ਇਕ ਬਾਰੀ।
ਸਭਿ ਕੋ ਸਿੱਖਜਾ ਹੇਤੁ ਉਚਾਰੀ।
-ਤੁਮ ਭੀ ਸਿੰਘ ਬਨੋ ਸੁਖ ਪਾਵਹੁ।
ਰਾਜ ਸਮਾਜ ਸਕਲ ਬਿਰਧਾਵਹੁ ॥੨੭॥
ਦਿੱਲੀਨਾਥ ਸਾਥ ਹਮ ਦ੍ਵੈਸ਼।
ਤਿਹ ਸੰਗ ਕਰੀਅਹਿ ਜੰਗ ਵਿਸ਼ੇਸ਼।
ਲੇਉਂ ਪਿਤਾ ਕਾ ਬੈਰ ਮਹਾਨਾ।
ਕਰੋਂ ਖਪਾਵਨ ਮੈਂ ਤੁਰਕਾਨਾ-੨੮॥
ਰਾਵਰਿ ਨਾਮ ਗੁਰੂ ਜਬਿ ਲਯੋ।
ਸੁਨਿ ਹਮ ਸਕਲ ਤ੍ਰਾਸ ਮਨ ਅਯੋ।
ਦੇ ਜਵਾਬ ਤਬਿ ਨਾਂਹਿਨ ਮਾਨੇ।
ਹਜ਼ਰਤਿ ਕੋ ਨਿਜ ਖਾਵੰਦ ਜਾਨੇ ॥੨੯॥
ਚੜ੍ਹ ਕਰਿ ਗਏ ਆਪਨੇ ਡੇਰੇ।
ਹਮ ਤੇ ਪੀਛੇ ਸਿੰਘ ਘਨੇਰੇ।
ਚਾਰਹੁੰ ਬਰਨ ਕਰੇ ਇਕ[†] ਥਾਇਂ।
ਇਕਠੇ ਭੋਜਨ ਸਭਿਨਿ ਖੁਵਾਇ ॥੩੦॥
ਤਿਨ ਸੋਂ ਕਹੈ ਗਹੋ ਹੱਥਜਾਰੰ।

[1]ਪਾਉਂਟੇ ਵੱਲ।

[1]ਭਾਵ ਪ੍ਰਗਟ ਕੀਤੀ ਦੇਵੀ।

[†]ਇਕ ਕਹਿਣ ਦਾ ਹੀਆ ਪੈਣਾ ਕਠਨ ਸੀ।

ਸਦਾ ਜੁੱਧ ਸਨ ਧਰੀਅਹਿ ਪਜਾਰੰ।
ਪਾਤਿਸ਼ਾਹੁ ਆਦਿਕ ਮਹਿਪਾਲਾ।
ਤੁਮ ਕੋ ਸਕਲ ਭਰੈਂਗੇ ਹਾਲਾ ॥੩੧॥
ਸਭਾ ਮਲੇਛਨਿ ਛਿੱਪ੍ਰ ਉਠਾਵਹਿਂ।
ਲੂਟ ਕੂਟ ਗਨ ਤੁਰਕ ਖਪਾਵਹਿਂ।
ਪਿਤਾ ਮਾਤ ਅਸਿਧੁਜ ਅਸਿ ਕਾਲੀ'।

'ਜਿਸ ਦੇ ਝੰਡੇ ਤੇ ਤਲਵਾਰ ਹੈ (ਭਾਵ ਅਕਾਲ ਪੁਰਖ) ਪਿਤਾ ਹੈ ਤੇ ਮਾਤਾ ਤਲਵਾਰ ਰੂਪ ਕਾਲੀ ਹੈ।

ਪੰਥ ਸਹਾਇਕ ਨਿਤ ਰਖਵਾਲੀ ॥੩੨॥
ਤੁਰਕਨਿ ਸਨ ਰਣ ਇਹ ਉਪਦੇਸ਼ੂ।
ਦੇਤਿ ਤਿਨੈ ਉਤਸਾਹ ਵਿਸ਼ੇਸ਼ੂ।
ਪ੍ਰਥਮ ਸੈਂਕਰੇ ਸਿੰਘ ਭਏ ਹੈਂ।
ਅਬੈ ਹਜ਼ਾਰਹੁਂ ਸਿੰਘ ਥਏ ਹੈਂ ॥੩੩॥
ਸੋ ਚਢਿ ਕਰਿ ਆਯੁਧ ਕਰ ਧਰਿ ਕੈ।
ਸੈਲ ਦੇਸ਼ ਲੂਟਤਿ ਨਿਤ ਬਰਿ ਕੈ।
ਹਮ ਬਹੁ ਛਿਮਾ ਕਰਤਿ ਹੀ ਰਹੇ।
ਮਿਟਤਿ ਨਹੀਂ ਕਿਮ, ਜਬਿ ਉਰ ਲਹੇ ॥੩੪॥
ਦਿੱਲੀ ਬਿਖੈ ਆਨਿ ਹਮ ਕਹਯੋ।
ਤੁਮ ਢਿਗ ਸੁਧਿ ਪਠਿ ਕੈ ਸਭਿ ਲਹਯੋ।
ਦ੍ਵੈ ਉਮਰਾਵ ਗਏ ਚਢਿ ਜਬੈ।
ਦਸ ਹਜ਼ਾਰ ਲਸ਼ਕਰ ਲੇ ਸਬੈ ॥੩੫॥
ਪਠਿ ਉਪਰਾਲੋ ਕੀਨ ਹਮਾਰਾ।
ਮਚਯੋ ਜੁੱਧ ਦਾਰੁਨ ਤਿਸ ਬਾਰਾ।
ਪੈਂਡ ਖਾਨ ਅਰੁ ਸਤਿਗੁਰ ਸੰਗ।
ਭਯੋ ਜੰਗ ਦ੍ਵੈ ਹਤੇ ਖਤੰਗ ॥੩੬॥
ਨਿਫਲ ਖਾਨ ਕੇ ਸਰ ਦ੍ਵੈ ਗਏ।
ਗੁਰ ਇਕ ਮਚਯੋ ਹਯ ਉਥਲਏ।
ਸੈਫ ਸੰਗ ਸਿਰ ਕਾਟਿ ਉਤਾਰਾ।
ਦੀਨ ਬੇਗ ਘਾਇਲ ਦੁਖਿ ਭਾਰਾ ॥੩੭॥
ਖਿਦਰਾਬਾਦ ਗ੍ਰਾਮ ਲਗਿ ਆਏ।
ਮਾਰਤਿ ਮਰਤਿ ਪਠਾਨ ਪਲਾਏ।
ਜੇ ਕਰਿ ਲਸ਼ਕਰਿ ਸ਼ਾਹ ਪਲਾਯੋ।
ਸਿੰਘਨਿ ਦਲ ਪੀਛੇ ਤਿਨ ਧਾਯੋ ॥੩੮॥

ਹਮ ਰਾਜਨਿ ਕੀ ਗਿਨਤੀ ਕਹਾਂ।
ਲਰ ਕਰਿ ਸਨਮੁਖ ਠਹਿਰਹਿਂ ਤਹਾਂ।
ਪੀਛੇ ਤੇ ਪੁਨ ਧੂਮ ਉਠਾਈ।
ਲੂਟ ਕੂਟ ਕਰਿ ਮਾਰ ਮਚਾਈ ॥੩੯॥
ਸਕਲ ਸੈਲਪਤਿ ਤਬਹਿ ਬਟੋਰੇ।
ਮੈਂ ਤਬਿ ਕਹਜੋ ਸੁਨਹੁ ਮਤਿ ਭੋਰੇ !
ਦਲ ਵਧਤੋ ਨਿਤ ਸਿੰਘਨਿ ਕੇਰਾ।
ਜਿਨਹੁ ਇਰਾਦਾ ਧਰਜੋ ਬਡੇਰਾ ॥੪੦॥
ਰਾਜ ਲੇਨਿ ਕੀ ਉਰ ਮਹਿਂ ਇੱਛਾ।
ਕਜੋਂ ਬੈਠੇ, ਤੁਮ ਕਰਤਿ ਨ ਪਿੱਛਾ[1]।

[1]ਕਿਉਂ ਬੈਠੇ ਹੋ, ਉਸਦਾ (ਪੂਰੀ ਤਰ੍ਹਾਂ) ਕਿਉਂ ਪਿੱਛਾ ਨਹੀਂ ਕਰਦੇ।

ਇੱਤਜਾਦਿਕ ਸਮੁਝਾਇ ਹਕਾਰੇ।
ਮਿਲੇ ਸਭਿਨਿ ਕੇ ਦਲ ਬਡ ਭਾਰੇ ॥੪੧॥
ਬਾਈ ਧਾਰਨਿ ਕੀ ਠਕੁਰਾਈ[1]।

[1]ਬਾਈ ਧਾਰਾਂ ਦੇ ਰਾਜੇ।

ਕੀਨ ਇਕੱਤ੍ਰ ਚਮੂੰ ਸਮੁਦਾਈ।
ਆਨਿ ਅਨੰਦਪੁਰਿ ਰਣ ਬਡ ਕਰਜੋ।
ਬੀਰ ਕੇਸਰੀ ਚੰਦ ਸੁ ਮਰਜੋ ॥੪੨॥
ਘਾਇਲ ਸੁਭਟਨਿ ਗਿਨਤੀ ਨਾਂਹਿ।
ਮਰੇ ਹਜ਼ਾਰਹੁ ਰਣ ਕੇ ਮਾਂਹਿ।
ਬਡੀ ਮੁਹਿੰਮ ਗਿਰੇਸ਼ੁਨਿ ਰਹੀ।
ਨਹੀਂ ਪਰਾਜੈ ਸਤਿਗੁਰ ਲਹੀ[1] ॥੪੩॥

[1]ਸਤਿਗੁਰਾਂ ਹਾਰ ਨਾ ਖਾਧੀ।

ਲਰੇ ਕਿਤਿਕ ਦਿਨ ਖਰਚਜੋ ਦਰਬਾ।
ਬਹੁ ਬਿਧਿ ਹਾਰਿ ਪਰੇ ਜਬਿ ਸਰਬਾ।
ਆਨ ਧੇਨੁ ਕੀ ਦੀਨ ਨਿਕਾਰਾ।
ਨਿਕਸਜੋ ਗੁਰੂ ਬਜਾਇ ਨਗਾਰਾ ॥੪੪॥
ਜੰਗ ਬਿਸਾਲ ਡਾਲਿ ਤਤਕਾਲਾ।
ਚਹੁੰਦਿਸ਼ਿ ਘੇਰ ਲੀਨਿ ਮਿਲਿ ਜਾਲਾ।
ਲਿਖਜੋ ਆਪ ਕੋ ਪਹੁੰਚਜੋ ਜਬੈ।
ਸੀਰੰਦ[1] ਕੋ ਸੂਬਾ ਚਢਿ ਤਬੈ ॥੪੫॥

[1]ਸਰਹਿੰਦ।

ਮਿਲੀ ਆਨਿ ਕਰਿ ਸੈਨ ਮਹਾਂਨੀ।
ਲਰਜੋ ਸਭਿਨਿ ਸਨ ਬਨਿ ਧਨੁਪਾਨੀ।
ਸਨੇ ਸਨੇ ਸਤੱਦ੍ਰਵ ਕੇ ਪਾਰ।

ਗਮਨਜੋਂ ਜਾਇ ਥਿਰਜੋ ਤਿਸ ਬਾਰ
॥ ੪੬ ॥
ਕੇਤਿਕ ਦਿਵਸ ਬਿਤਾਵਨ ਕਰੇ।
ਸਕਲ ਗਏ ਦਲ ਨਿਜ ਨਿਜ ਘਰੇ।
ਪੁਨ ਔਚਕ ਚੜ੍ਹਿ ਕਰਿ ਤਤਕਾਲਾ।
ਹੁਤੋ ਗ੍ਰਾਮ ਕਲਮੋਟ ਬਿਸਾਲਾ ॥ ੪੭ ॥
ਲੂਟ ਕੂਟ ਕਰਿ ਸਕਲ ਉਜਾਰੀ।
ਕੇਤਿਕ ਮਾਨਵ ਦੀਨਸਿ ਮਾਰੀ।
ਆਨਿ ਅਨੰਦਪੁਰਿ ਮਹਿਂ ਤਬਿ ਬਰਜੋ।
ਊਧਮ ਅਧਿਕ ਉਠਾਵਨਿ ਕਰਜੋ ॥ ੪੮ ॥
ਦ੍ਵੈ ਉਮਰਾਵ ਪੰਥ ਮਹਿਂ ਆਵਤਿ।
ਲਰਜੋ ਤਿਨਹੁ ਸੋਂ ਬੈਰ ਬਧਾਵਤਿ।
ਏਕ ਪਠਜੋ ਗੁਰ ਸੋਂ ਮਿਲਿ ਗਯੋ।
ਸੈਦਬੇਗ ਤਿਨ ਢਿਗ ਥਿਤ ਭਯੋ ॥ ੪੯ ॥
ਬਹੁਰ ਸਵਾ ਲਖ ਸੈਨਾ ਸੰਗ।
ਦਿਵਸ ਅਲਪ ਭੇ ਮਾਚਜੋ ਜੰਗ।
ਸਭਿ ਰਾਜੇ ਮਿਲਿ ਕੈ ਤਿਸਕਾਲ।
ਹੋਨਿ ਲਗਜੋ ਸੰਗ੍ਰਾਮ ਬਿਸਾਲ ॥ ੫੦ ॥
ਗੁਰੂ ਆਪ ਰਣ ਮਹਿਂ ਤਬਿ ਆਯੋ।
ਸੈਦਖਾਨ ਦੇਖਤਿ ਬਿਕੁਲਾਯੋ।
ਸ਼ਸਤ੍ਰ ਛੋਰਿ ਪਾਇਨਿ ਪਰ ਪਰਯੋ।
ਨਿਕਸਿ ਗਯੋ ਕਿਹ ਨਹੀਂ ਨਿਹਰਜੋ
॥ ੫੧ ॥
ਹਮਹੁ ਜੰਗ ਕਰਿ ਲੂਟ ਮਚਾਈ।
ਹਨਜੋਂ ਖਾਨ ਰਮਜ਼ਾਨ ਤਹਾਂ ਹੀ।
ਲਸ਼ਕਰ ਹਟਿ ਆਯੋ ਪੁਨ ਉਰੇ।
ਹੁਇ ਬਟਪਾਰ ਸਿੰਘ ਤਬਿ ਪਰੇ ॥ ੫੨ ॥
ਨਾਸ਼ ਹਜ਼ਾਰਹੁ ਕੋ ਕਰਿ ਦੀਨਿ।
ਸ੍ਰੀ ਗੋਬਿੰਦ ਸਿੰਘ ਇਮ ਬਲ ਪੀਨ।
ਹਮ ਹੁਇ ਦੁਖੀ ਪੁਕਾਰੂ ਆਏ।
ਹਤਹੁ, ਗਹਹੁ, ਦਲ ਪਠਿ ਸਮੁਦਾਏ'
॥ ੫੩ ॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰੁਤੇ 'ਭੀਮਚੰਦ ਪੁਕਾਰ ਕਰਨ' ਪ੍ਰਸੰਗ ਬਰਨਨੰ ਨਾਮ ਪੰਚਮੋ ਅੰਸੂ ॥੫॥

੬. [ਪਹਾੜੀਆਂ ਨੇ ਸੂਬਿਆਂ ਅੱਗੇ ਮਿੰਨਤਾਂ ਕਰਨੀਆਂ]

੫<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੭

ਦੋਹਰਾ:

ਭੀਮਚੰਦ ਕਰ ਬੰਦਿ ਕੈ ਭਨਜੋ ਸਕਲ ਅਹਿਵਾਲ।
'ਤੁਮ ਮਾਲਿਕ ਹਮਰੇ ਸਦਾ ਕਰਹੁ ਆਪ ਪ੍ਰਤਿਪਾਲ ॥੧॥

ਚੌਪਈ:

ਸ਼੍ਰੀ ਨਾਨਕ ਗਾਦੀ ਪੁਰ ਬੈਸਾ।
ਹੁਕਮ ਚਲਾਵੈ ਸੁਰਪਤਿ ਜੈਸਾ।
ਅਬਿ ਤਿਸ ਤੇ ਕੀਜੈ ਰਖਵਾਰੀ।
ਨਤੁ ਦੈ ਹੈ ਗਿਰ ਦੂਨ ਉਜਾਰੀ ॥੨॥
ਰਾਜ ਅਕਾਰਥ ਹਮਰੋ ਕਰਜੋ।
ਲੂਟ ਕੂਟ ਬਿਨ ਦੁਤਿਯ ਨ ਧਰਜੋ[1]। [1]ਦੂਜਾ ਕੰਮ ਨਹੀਂ ਕਰਦਾ।
ਲਰਿ ਕੈ ਬਹੁਤ ਕਾਲ ਹਮ ਹਾਰੇ।
ਹੁਇ ਲਚਾਰ ਸਭਿ ਇਤਹੁੰ ਪਧਾਰੇ ॥੩॥
ਅਬਿ ਲਸ਼ਕਰ ਜੇ ਪਠਹੁ ਬਡੇਰਾ।
ਤੋਪ ਜੰਬੂਰੇ ਸਾਜ ਘਨੇਰਾ।
ਅਲਪ ਚਮੂੰ ਤੇ ਕਾਜ ਨ ਸਰੈ।
ਤਿਸ ਕੋ ਤ੍ਰਾਸ ਗੁਰੂ ਨਹਿੰ ਧਰੈ ॥੪॥
ਗਹਿ ਲੀਜੈ ਕੈ ਰਣ ਮਹਿੰ ਮਾਰੋ।
ਤੌ ਆਪਨੋ ਸਭਿ ਕਾਜ ਸੁਧਾਰੋ।'
ਸੁਨਿ ਨੁਰੰਗ ਮਨ ਭਯੋ ਹਿਰਾਨਾ।
-ਜਿਸ ਨੇ ਏਵ ਕਰਨ ਕੋ ਠਾਨਾ ॥੫॥
ਸੋ ਥੋਰਨਿ ਤੇ ਕਿਮ ਸਧਿ ਆਵੈ[1]। [1]ਠੀਕ ਹੋਵੇ।
ਮਾਰਨ ਮਰਨ ਜਿਸੈ ਮਨ ਭਾਵੈ।
ਪੈਂਡਖਾਨ ਬਾਨਨਿ ਸੋਂ ਘਾਯੋ।
ਲਰਿ ਕੈ ਖਾਨ ਵਜੀਦ ਪਲਾਯੋ ॥੬॥
ਸੈਦਬੇਗ ਅਰੁ ਸੈਦੇਖਾਨ।
ਬਨੇ ਮੁਰੀਦ ਪੀਰ ਕੋ ਮਾਨਿ।
ਸਵਾ ਲਾਖ ਸੈਨਾ ਭਜਿ ਆਈ।
ਅਧਿਕ ਸਮਾਜ ਲੁਟਾਇ ਬਿਹਾਈ[1] ॥੭॥ [1]ਦੌੜ ਗਈ।
ਅਸ ਨਹਿੰ ਹੋਇ ਫਤੂਰ ਉਠਾਵੈ।
ਦਿੱਲੀ ਲਗਿ ਲਰਿਤੋ ਚਲਿ ਆਵੈ।

ਫਿਰਹਿ ਮੁਲਖ[1] ਹ੍ਵੈ ਤਿਸ ਅਨੁਸਾਰਾ।
ਪਠੇ ਵਕੀਲ ਨ ਆਇ ਹਕਾਰਾ[1] ॥ ੮ ॥

[1]ਮੁਲਕ ਅਸਾਡੇ ਵਲੋਂ ਹਟਕੇ।
[1]ਵਕੀਲ ਭੇਜਿਆ ਸੀ (ਪਰ) ਬੁਲਾਇਆ ਆਇਆ ਨਹੀਂ।

ਪੰਥ[1] ਹਜ਼ਾਰੋਂ ਨਰ ਨਿਤ ਬਨੈਂ।
ਆਯੁਧ ਧਰਿ ਧਰਿ ਰਣ ਮਹਿਂ ਹਨੈ-।
ਕਹਜੋ[1] ਕੋਪ ਕਰਿ ਕੈ ਤਿਸ ਕਾਲਾ।
'ਜੋ ਦਿੱਲੀ ਮਹਿਂ ਚਮੂੰ' ਬਿਸਾਲਾ ॥ ੯ ॥

[1]ਖਾਲਸਾ ਪੰਥ।
[1]ਨੌਰੰਗ ਨੇ) ਕਿਹਾ।

ਸੋ ਸਭਿ ਰਾਜਨਿ ਕੇ ਸੰਗ ਹੋਇ।
ਕਰਹਿ ਅਨੰਦਪੁਰਿ ਪਰ ਢੋਇ[1]।
ਸੀਰੰਦ ਕੋ ਸੂਬਾ ਦਲ ਜੋਰਿ।
ਸੋਪਿ ਚਢੈ ਸਤਿਗੁਰ ਕੀ ਓਰ ॥ ੧੦ ॥

[1]ਚੜ੍ਹਾਈ।

ਉਤ ਲਵਪੁਰਿ ਦਿਸ਼ ਦਲ ਜਹਿਂ ਕਹਾਂ।
ਜ਼ਬਰਦਸਤ[1] ਲੇ ਕਰਿ ਸੰਗ ਮਹਾਂ।
ਗੁਰ ਕੀ ਦਿਸ਼ਿ ਸਭਿ ਕਰੈਂ ਚੜ੍ਹਾਈ।
ਅਟਕ ਪ੍ਰਯੰਤ ਚਮੂੰ ਸਮੁਦਾਈ' ॥ ੧੧ ॥

[1]ਜ਼ਬਰਦਸਤ ਖਾਂ ਤਦੋਂ ਲਾਹੌਰ ਦਾ ਫੌਜਦਾਰ ਸੀ।

ਜਬਿ ਅਵਰੰਗ ਇਮ ਹੁਕਮ ਬਖਾਨਾ।
ਲਿਖੇ ਪੱਤ੍ਰ ਜਹਿਂ ਕਹਿਂ ਬਿਧਿ ਨਾਨਾ।
ਭੀਮਚੰਦ ਕਰਿ ਹਰਖ ਮਹਾਨਾ।
ਖਰੋ ਜੋਰਿ ਕਰ ਕਹਤਿ ਸੁਜਾਨਾ ॥ ੧੨ ॥
'ਜਬਿ ਗਮਨਹਿਗੀ ਚਮੂੰ ਬਿਸਾਲਾ।
ਹਮ ਭਿ ਦੇਸ਼ ਨਰ ਜੋਰਹਿਂ ਜਾਲਾ।
ਏਕ ਬਾਰ ਸਗਰੇ ਬਲ ਕਰਿ ਹੈਂ।
ਗੁਰੂ ਸ਼ੱਤ੍ਰ ਕੋ ਦੇਸ਼ ਨਿਕਰਿ ਹੈਂ ॥ ੧੩ ॥
ਜੇ ਨ ਕਰਤਿ ਰਾਵਰਿ ਉਪਰਾਲਾ।
ਹਮਰੇ ਸਾਥ ਲਰਤਿ ਚਿਰਕਾਲਾ।
ਵਧਤਿ ਨਿਤਾਪ੍ਰਤਿ ਦਲ ਬਡ ਕਰਤਿ।
ਪੁਨ ਇਕ ਦਿਨ ਤੁਮ ਸਨ ਭੀ ਲਰਤਿ ॥ ੧੪ ॥
ਇਸੀ ਹੇਤੁ ਤੇ ਆਪ ਬਿਚਾਰਹੁ।
ਅਹੈ ਅਲਪ ਰਿਪੁ ਗਹਹੁ ਕਿ ਮਾਰਹੁ।'
ਸੁਨਿ ਕਰਿ ਰਿਦੈ ਤਪਹਿ ਚਵਗੱਤਾ।
ਰਾਜ ਮਾਨ ਤੇ ਬਹੁ ਮਦਮੱਤਾ ॥ ੧੫ ॥

ਪੈਂਡਖਾਨ ਕੋ ਮਰਿਬੋ ਸੁਨਜੋਂ।
ਦੀਨ ਬੇਗ ਘਾਇਲ ਤਨ ਭਨਜੋਂ।
-ਪਾਇ ਦੇਸ਼ ਮਹਿਂ ਦੁੰਦ ਬਿਸਾਲਾ।
ਲੋਕ ਹਜ਼ਾਰਨਿ ਕੋ ਕਿਯ ਕਾਲਾ- ॥੧੬॥
ਕੁਪਜੋ ਅਧਿਕ ਆਇਸੁ ਤਬਿ ਦੀਨਿ।
'ਅਬਿ ਚਢਿ ਜਾਉ ਗਿਰੇਂਦ੍ਰ ਪ੍ਰਬੀਨ !
ਲਸ਼ਕਰ ਬਡੋ ਬਟੋਰਨਿ ਕਰੋ।
ਹ੍ਵੈ ਇਕ ਤਾਨ[1] ਗੁਰੂ ਸੰਗ ਲਰੋ ॥੧੭॥
ਸਭਿ ਪਰਬਤ ਕੇ ਰਾਜੇ ਮਿਲੋ।
ਕਰਿ ਕਰਿ ਬਲ ਕੋ ਰਣ ਰਿਪੁ ਭਿਲੋ[1]।
ਸਭਿ ਦਿੱਲੀ ਤੇ ਫੌਜ ਚਢਾਵਹੁ।
ਜਜੋਂ ਜਜੋਂ ਕਰਿ ਗੁਰ ਕੋ ਗਹਿ ਲਜਾਵਹੁ'
॥੧੮॥
ਇਸ ਪ੍ਰਕਾਰ ਹੀ ਪੱਤ੍ਰ ਪਠਾਏ।
ਤੂਰਨ ਗਨ ਕਾਸਦ ਤਬਿ ਧਾਏ।
ਭੀਮ ਚੰਦ ਕੋ ਦੈ ਸਿਰੁਪਾਉ।
ਨਿਜ ਸਮੀਪ ਤੇ ਕੀਨ ਬਿਦਾਊ ॥੧੯॥
ਦਿੱਲੀ ਕੋ ਪ੍ਰਥਮੈ ਚਲਿ ਆਯੋ।
ਆਨੰਦਤਿ ਚਿਤ ਡੇਰਾ ਪਾਯੋ।
ਸੂਬੇ ਸੰਗ ਮਿਲਜੋ ਧਨ ਦੈ ਕੈ।
ਸ਼ਾਹੁ ਮਿਲਨਿ ਬਿਰਤਾਂਤ ਬਤੈ ਕੈ ॥੨੦॥
ਸਕਲ ਹਕੀਕਤਿ ਕਹਿ ਸਮੁਝਾਈ।
'ਹਜ਼ਰਤ ਕੀ ਆਇਸੁ ਇਮ ਆਈ।
-ਗਿਰ ਕੀ ਸੈਨਾ ਅਖਿਲ ਬਟੋਰੇ।
ਭ੍ਰਾਤਾ ਬੰਧੁ ਸਮੂਹ ਨਿਹੋਰੇ[1] ॥੨੧॥
ਸੀਰੰਦ ਕੋ ਸੂਬਾ ਲੈ ਜਾਵੋ।
ਲਵਪੁਰਿ ਕੋ ਨਿਜ ਸੰਗ ਚਢਾਵੋ।
ਇਮ ਸਭਿ ਦੇਸ਼ਨਿ ਕੇ ਦਲ ਚਢੈਂ।
ਤੌ ਅਨੰਦਪੁਰਿ ਤੇ ਗੁਰ ਕਢੈਂ ॥੨੨॥
ਨਤੁ ਥੋਰੋ ਦਲ ਜੇ ਚਢਿ ਜਾਵੈ।
ਮਾਰਤਿ ਲਰਤਿ ਤੁਫੰਗ ਬਜਾਵੈ।
ਦਿਢ ਕਾਇਮ ਆਨੰਦਪੁਰਿ ਰਾਖੈ।

[1]ਇਕ ਤਾਣ ਹੋ ਕੇ ਭਾਵ ਕਿ ਮੁੱਠ ਹੋਕੇ।

[1]ਮਿਲੋ, ਭਾਵ ਸਾਹਮਣਾ ਕਰੋ।

[1]ਬੇਨਤੀ ਕਰੋ ਭਾਵ ਬੁਲਾਓ।

ਅਰਜੋ ਰਹੈ ਸਭਿ ਸੋਂ ਮਨ ਮਾਖੈ[1] ॥੨੩॥
ਸੁਪਨੇ ਮਹਿਂ ਭੀ ਤ੍ਰਾਸ ਨ ਜਿਨ ਕੇ।
ਕੇਹਰਿ ਸਮਤਾ ਪਾਈਅਹਿ ਤਿਨ ਕੇ।
ਥੋਰੇ ਘਨੇ ਸ਼ੱਤ੍ਰੁ ਨਹਿਂ ਗਿਨੈ।
ਸਨਮੁਖ ਪਹੁੰਚਿ, ਕ੍ਰਿਪਾਨਨਿ ਹਨੈ ॥੨੪॥
ਤਿਸੀ ਹੇਤੁ ਤੇ ਲਸ਼ਕਰ ਘਨੇ।
ਪਹੁੰਚ ਲਰੈ, ਪਕਰੈਂ, ਕੈ ਹਨੇਂ-।'
ਸੁਨਿ ਸੂਬੇ ਗਿਰਪਤਿ ਤੇ ਸਬੈ।
ਸਭਿ ਕਾਰਨ ਕੋ ਬੂਝਜੋ ਤਬੈ ॥੨੫॥
'ਕੌਨ ਜਾਤ ਕੇ ਭਟ ਤਿਹ ਪਾਸਾ?
ਜਿਸਤੇ ਅਸ ਤੁਮ ਤ੍ਰਾਸ ਪ੍ਰਕਾਸ਼ਾ।
ਗਿਨਤੀ ਬਿਖੈ ਚਮੂੰ ਕਹੁ ਕੇਤੀ?
ਲਰਹਿ ਨਿਕਸਿ[1] ਤੁਮ ਭਾਖਹੁ ਤੇਤੀ ॥੨੬॥
ਆਪ ਗੁਰੂ ਕਜਾ ਆਯੁਧ ਧਾਰੈ?
ਕਿਮ ਪ੍ਰਕਾਰ ਕਰਿ ਬਹੁ ਨਰ ਮਾਰੈ?
ਕੈਸੇ ਦੁਰਗ ਮਵਾਸੀ ਪਾਏ।
ਕੌਨ ਦੇਸ਼ ਕੋ ਰਾਜ ਕਮਾਏ? ॥੨੭॥
ਸਭਿ ਸਮਾਜ ਤਿਸ ਕਰਜੋ ਬਤਾਵਹੁ।
ਕਿਮ ਜ਼ੋਰਾਵਰ ਬਹੁ ਠਹਿਰਾਵਹੁ?'
ਸੁਨਿ ਕਰਿ ਭੀਮ ਚੰਦ ਕਰ ਬੰਦਿ।
ਭਾਖਜੋ ਸਕਲ ਪ੍ਰਸੰਗ ਬਿਲੰਦ ॥੨੮॥
'ਪਟਣੇ ਨਗਰ ਜਨਮ ਗੁਰ ਪਾਏ।
ਪੂਰਬ ਤੇ ਪੂਰਬ ਇਤ ਆਏ[1]।
ਅਪਨ ਸਥਾਨ ਜਾਨ ਕਰਿ ਬਾਸੇ।
ਬਾਲਕ ਬਯ ਮਹਿਂ ਬਲ ਨਹਿਂ ਭਾਸੇ ॥੨੯॥
ਸ਼ਾਂਤਿ ਸੁਭਾਵ ਪਿਤਾ ਇਨ ਕੇਰੋ।
ਮਾਨੈਂ ਗੁਰ ਕਰਿ ਸਿੱਖ ਘਨੇਰੋ।
ਤਿਨ ਕੇ ਸਮ ਇਨ ਕੋ ਹਮ ਜਾਨਾ।
ਦੀਨ ਬਸਨ ਆਨੰਦਪੁਰਿ ਥਾਨਾ ॥੩੦॥

[1]ਮਨ ਵਿਚ ਗੁੱਸਾ ਕਰਕੇ।

[1](ਕਿੰਨੀ ਕੁ ਮੈਦਾਨ ਵਿਚ) ਨਿਕਲਕੇ ਲੜਨ ਵਾਲੀ ਹੈ।

[1]ਪਹਿਲਾਂ ਪੂਰਬ ਦਿਸ਼ਾ ਤੋਂ ਇਧਰ ਆਏ ਸੇ।

ਸੰਗਤਿ ਆਇ ਪੁੰਜ ਹੀ ਜਾਤੀ[1]।
ਅਨਿਕ ਅਕੋਰਨ ਕੋ ਅਰਪਾਤੀ।
ਕੇਤਿਕ ਸੰਮਤਿ ਸਮਾਂ ਬਿਤਾਯੋ।
ਤਰੁਨਾਪਨ ਜਬ ਤਨ ਮਹਿਂ ਆਯੋ ॥੩੧॥
ਹਮ ਸੋਂ ਕਰਨ ਸ਼ੱਤ੍ਰੁਤਾ ਲਾਗਜੋ।
ਆਯੁਧ ਵਿੱਦਜਾ ਮਹਿਂ ਅਨੁਰਾਗਜੋ।
ਏਕ ਬਾਰ ਹਮ ਤਬੈ ਨਿਕਾਸਾ।
ਆਨ ਕਰਜੋ ਜਮਨਾ ਤਟ ਬਾਸਾ ॥੩੨॥
ਤਹਿਂ ਭੀ ਦੁੰਦ ਮਚਾਯੋ ਐਸੇ।
ਦਾਰੁਣ ਯੁੱਧ ਮਚਜੋ ਤਬਿ ਤੈਸੇ।
ਫਤੇਸ਼ਾਹ ਸੋਂ ਕਰੀ ਲਰਾਈ।
ਗ੍ਰਾਮ ਦਾਮਲੇ ਖਾਨ ਖਪਾਈ[1] ॥੩੩॥

ਪੁਨ ਕੇਤਿਕ ਸੰਮਤਿ ਮਹਿਂ ਆਯੋ।
ਆਨੰਦਪੁਰਿ ਕੋ ਆਨਿ ਬਸਾਯੋ।
ਕਰਨ ਲਗਜੋ ਦੇਵੀ ਕੀ ਪੂਜਾ।
ਤਜਜੋ ਸਰਬ ਕੀ ਕਾਰਜ ਦੂਜਾ ॥੩੪॥
ਬਿਦਤ ਕਰੀ ਜਗਦੰਬਾ ਜਬੈ।
ਬਡ ਉਤਪਾਤ ਰਚਜੋ ਇਕ ਤਬੈ।
ਖੰਡੇ ਕੀ ਪਾਹੁਲ ਕੋ ਦੇਤਿ।
ਮਾਨਵ ਮਿਲਿ ਮਿਲਿ ਬ੍ਰਿੰਦ ਸੁ ਲੇਤਿ ॥੩੫॥
ਕਹੈ -ਖਾਲਸਾ ਮੈਂ ਇਹ ਕੀਨਾ।
ਨਜਾਰੋ ਹਿੰਦੁ ਤੁਰਕ ਤੇ ਚੀਨਾ-।
ਸ਼ਸਤ੍ਰ ਹਾਥ ਤਿਨ ਕੇ ਗਹਿਵਾਵੈ।
ਮਾਰਨ ਮਰਨ ਉਪਦੇਸ਼ ਦ੍ਰਿੜਾਵੈ ॥੩੬॥
ਕਹੈ -ਤੁਰਕ ਸੋਂ ਬੈਰ ਕਰੀਜੈ।
ਦਿੱਲੀ ਆਇ ਦੇਸ਼ ਸਭਿ ਲੀਜੈ-।
ਦਿਜ ਖੱਤ੍ਰੀ ਅਰੁ ਬੈਸ਼ ਸ਼ੂਦ੍ਰ ਗਨ।
ਇਕ ਥਲ ਸਭਿਨਿ ਅਚਾਵਤਿ ਹੈ ਭਨਿ ॥੩੭॥
ਪੂਰਬਲੀ ਮਿਰਜਾਦ ਤਿਆਗੀ।
ਸਿਰ ਪਰ ਕੇਸ਼, ਕਾਛ ਅਨੁਰਾਗੀ।

[1]ਬਹੁਤੀਆਂ ਜਾਤੀਆਂ ਦੀ।

[1]ਕਰਨਾਲ ਜ਼ਿਲੇ ਦੇ) ਦਾਮਲੇ ਪਿੰਡ ਦੇ ਪਠਾਣ ਜੋ ਭੰਗਾਣੀ ਜੁੱਧ ਵੇਲੇ ਨਿਮਕਹਰਾਮ ਹੋਏ ਸਨ।

ਏਕ ਬਾਰ ਹਮ ਕੋ ਬੁਲਵਾਏ।
ਕੇਤਿਕ ਗਿਰਪਤਿ ਦਰਸ਼ਨ ਪਾਏ ॥੩੮॥
ਕਹਜੋ -ਖਾਲਸਾ ਤੁਮ ਹੁਇ ਜਾਵੋ।
ਦੇਸ਼ ਬਿਦੇਸ਼ ਰਾਜ ਸਭਿ ਪਾਵੋ।
ਚਵਗੱਤੇ ਆਦਿਕ ਮਹਿਪਾਲਾ।
ਸਗਰੇ ਦੇਹਿਂ ਤੁਮਹਿਂ ਕਹੁ ਹਾਲਾ ॥੩੯॥
ਅਵਰੰਗ ਸੰਗ ਜੰਗ ਕੋ ਕਰੀਅਹਿ।
ਛੱਤ੍ਰ ਆਪਣੇ ਸਿਰ ਪਰ ਧਰੀਅਹਿ।
ਦਿੱਲੀਨਾਥ ਹਤਜੋ ਪਿਤ ਮੇਰਾ।
ਸੋ ਬਲਿ ਕਰਿ ਲੈਹੌਂ ਬਡ ਬੈਰਾ- ॥੪੦॥
ਇਤਿਕ ਇਰਾਦਾ ਸਤਿਗੁਰ ਕਰਜੋ।
ਸ਼ਾਹੁ ਨਾਮ ਤੇ ਮਨ ਬਹੁ ਡਰਜੋ।
ਹਮ ਤੋ ਸੁਨਤਿ ਸਦਨ ਉਠਿ ਗਏ।
ਪੀਛੇ ਚਾਰ ਬਰਨ ਸਿਖ ਭਏ ॥੪੧॥
ਸੋ ਚਾਹਤਿ ਹੈ ਬੈਰ ਬਧਾਯੋ।
ਲਰਹਿ ਤੁਮਾਰੇ ਸੰਗ ਰਿਸਾਯੋ।
ਯਾਂ ਤੇ ਆਪ ਜਾਨੀਅਹਿ ਨੀਕੇ।
ਇਸ ਬਿਧਿ ਕੇ ਹੈਂ ਸੁਭਟ ਤਿਸੀ ਕੇ ॥੪੨॥
ਮਾਰਨ ਮਰਨਿ ਜਹਾਂ ਕਹਿਂ ਕਰੈਂ।
ਥੋਰ ਬਹੁਤ ਕੀ ਕਾਨ ਨ ਧਰੈਂ।
ਦਿਨ ਪ੍ਰਤਿ ਵਧਤਿ ਜਾਤਿ ਤਿਹ ਪੰਥਾ।
ਮੈਂ ਸਮੁਝਾਇ ਕਹੀ ਸਭਿ ਸੰਥਾ ॥੪੩॥
ਹਮ ਸੋਂ ਬੈਰ ਥੋਰ ਹੀ ਅਹੈ।
ਸੋ ਵਿਰੋਧ ਦਿੱਲੀ ਸਨ ਕਹੈ।
ਨਿਤ ਪ੍ਰਤਿ ਦੇਸ਼ ਫਤੂਰ ਉਠਾਵੈ।
ਲੂਟਹਿ ਕੂਟਹਿ ਬਸਨ ਨ ਪਾਵੈ ॥੪੪॥
-ਸ਼ਾਹੁ ਸਾਥ ਕਜੋਂ ਕਰਹੁ ਨ ਜੰਗ-।
ਯਾਂ ਤੇ ਬੈਰ ਪਰਜੋ ਹਮ ਸੰਗ।
ਨਿਸ ਦਿਨ ਟਿਕਨ ਦੇਤਿ ਕਿਸ ਨਾਂਹੀ।
ਖੇਤੀ ਹ੍ਵੈ ਨ ਖੇਤ ਕੇ ਮਾਂਹੀ ॥੪੫॥

ਅਬਿ ਸਹਾਇਤਾ ਕਰਹੁ ਹਮਾਰੀ।
ਚਲਿ ਆਏ ਸਭਿ ਸ਼ਰਣਿ ਤੁਮਾਰੀ।
ਗੜ ਅਨੰਦ ਕੋ ਦੇਹੁ ਛੁਟਾਈ।
ਸੰਕਟ ਸਗਰੋ ਤਬਿ ਮਿਟਿ ਜਾਈ' ॥੪੬॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿਥੇ ਖਸ਼ਟਮ ਰੁਤੇ 'ਭੀਮ ਚੰਦ ਬਾਕ' ਪ੍ਰਸੰਗ ਬਰਨਨੰ ਨਾਮ ਖਸ਼ਟਮੋ ਅੰਸੂ ॥੬॥

੭. [ਪਹਾੜੀਆਂ ਤੇ ਸੂਬਿਆਂ ਦੀ ਤਜਾਰੀ]

੬<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੮

ਦੋਹਰਾ:

†ਨਹੀਂ ਰਾਜ ਕਿਸ ਦੇਸ਼ ਕੋ, ਦੁਰਗ ਬਿਸਾਲ ਨ ਕੋਇ।

†ਪਿਛਲੀ ਗੱਲ ਹੀ ਜਾਰੀ ਹੈ।

ਚਮੂੰ ਸਿੰਘ ਕਬਿ ਬਹੁਤ ਹ੍ਵੈ[1], ਕਬਿ ਘਰ ਗਮਨੈਂ ਸੋਇ ॥੧॥

[1]ਕਦੇ ਬਹੁਤੀ (ਕੱਠੀ) ਹੋ ਜਾਂਦੀ ਹੈ।

ਚੌਪਈ:

ਆਪ ਗੁਰੂ ਧਨ ਵਿੱਦਜਾ ਪੰਡਿਤ।
ਗਜ਼ਬ ਗੁਜ਼ਾਰੇ ਬਾਨਨਿ ਛੰਡਤਿ[1]।
ਪੈਂਡਖਾਨ ਸੇ ਜਿਨਹਿਂ ਖਪਾਏ।
ਤੀਰ ਅਨੂਪਮ ਬ੍ਰਿੰਦ ਚਲਾਏ ॥੨॥

[1]ਤੀਰ ਚਲਾਉਣ ਵਿਚ ਗਜ਼ਬ ਕਰਦਾ ਹੈ ਭਾਵ ਨਿਪੁੰਨ ਹੈ।

ਸ਼੍ਰੀ ਨਾਨਕ ਗਾਦੀ ਪਰ ਥਿਰਜੋ।
ਸਤਿਗੁਰ ਰਾਮਦਾਸ ਬਿਦਤਯੋ†।
ਤਿਨ ਕੋ ਸੁਤ ਸ਼੍ਰੀ ਅਰਜਨ ਹੋਵਾ।
ਮਤਿ ਸੰਤਨ ਕੋ ਸੁਨਿ ਕਰਿ ਜੋਵਾ[1] ॥੩॥

†ਪਾ:-ਰਾਮਦਾਸ ਸੋਢੀ ਅਵਤਰਜੋ।

[1]ਉਸਦਾ) ਮਤਾ ਸੰਤਾਂ ਵਾਲਾ ਸੀ (ਅਸਾਂ) ਪਤਾ ਲਾਕੇ ਸੁਣਿਆ ਹੈ। [ਕਰਿ ਜੋਵਾ=ਢੂੰਡ ਕਰਕੇ, ਪਤਾ ਲਾਕੇ]।

ਸ਼੍ਰੀ ਗੁਰ ਹਰ ਗੋਬਿੰਦ ਤਿਨ ਨੰਦਾ।
ਭਯੋ ਪ੍ਰਥਮ ਸੋ ਬੀਰ ਬਿਲੰਦਾ।
ਹਜ਼ਰਤਿ ਸ਼ਾਹਜਹਾਂ ਕੇ ਸੰਗ।
ਹਤਿ ਉਮਰਾਵ ਕਰੇ ਵਡ ਜੰਗ ॥੪॥
ਤਿਸ ਕੌ ਪੌਤ੍ਰ ਬਿਲੰਦ ਬਹਾਦੁਰ।
ਪਿਤਾ ਸੰਤ ਸ਼੍ਰੀ ਤੇਗ ਬਹਾਦਰ।
ਤਿਨਹੁ ਜ਼ਿਮੀਂ ਤਹਿ ਮੋਲ ਸੁ ਲੀਨੀ।
ਆਨੰਦ ਪੁਰਾ ਬਸਾਵਨ ਕੀਨੀ ॥੫॥
ਇਹ ਸਭਿ ਭੇਵ ਆਪ ਸੋਂ ਕਹਜੋ।
ਕਰਹੁ ਕਾਜ ਜੈਸੇ ਚਿਤ ਚਹਜੋ।'
ਭੀਮ ਚੰਦ ਤੇ ਸੁਨਜੋਂ ਬ੍ਰਿਤਾਂਤ।
ਜਾਨਜੋਂ ਸੂਬੇ ਤਬਿ ਭਲਿ ਭਾਂਤ ॥੬॥
ਕਹਜੋ 'ਨ੍ਰਿਪਤਿ ! ਲੇ ਕਰਿ ਦਲ ਜਾਵਹੁ।
ਚਹੁੰ ਦਿਸ਼ਿ ਘੇਰਹੁ ਜੰਗ ਮਚਾਵਹੁ।
ਦੋਨੋ ਸੂਬੇ ਹੁਇ ਤੁਮ ਸਾਥ।
ਲਾਖਹੁਂ ਸੈਨ ਤੁਫੰਗੈਂ ਹਾਥ' ॥੭॥

ਇਮ ਕਹਿ ਪੱਤ੍ਰ ਲਿਖੇ ਤਤਕਾਲ।
ਪੁਰਿ ਸਿਰੰਦ ਲਵਪੁਰ ਕੋ ਚਾਲੇ।
'ਸਗਰੀ ਚਮੂੰ ਲੇਹੁ ਨਿਜ ਸੰਗ।
ਕਰਹੁ ਅਨੰਦਪੁਰਿ ਗੁਰ ਸੋਂ ਜੰਗ ॥੮॥
ਮਿਲਹਿ ਤ ਮੇਲ ਲੇਹੁ ਸਨਮਾਨਹੁ।
ਹਜ਼ਰਤਿ ਕੇ ਸਮੀਪ ਗੁਰ ਆਨਹੁਂ।
ਨਤੁ ਗਿਰਪਤਿਨਿ ਸਾਥ ਲਿਹੁ ਸਾਰੇ।
ਲਰਹਿ ਅਰਹਿਰਣ ਮਹਿਂ ਲਿਹੁ ਮਾਰੇ' ॥੯॥
ਜਹਿਂ ਜਹਿਂ ਧਾਵਨ ਕਰੇ ਪਠਾਵਨਿ[1]। [1]ਹਲਕਾਰੇ ਭੇਜੇ।
'ਚਢਹੁ ਨ ਬਿਲਮਹੁ ਅਪਨੇ ਥਾਵਨਿ[1]।' [1]ਅਪਨੇ ਥਾਵਾਂ ਤੋਂ ਚੜ੍ਹੋ ਦੇਰ ਨਾਂ ਲਾਓ।
ਇੱਤਜਾਦਿਕ ਸੁਨਿ ਕਰਿ ਹਰਖਾਯੋ।
ਭੀਮ ਚੰਦ ਹੁਇ ਤਜਾਰ ਅਲਾਯੋ ॥੧੦॥
'ਨਿਤਪ੍ਰਤਿ ਸੁਧਿ ਸੁਨਿ ਕਰਿ ਸਹਿਸਾਇ।
ਕਰਤਿ ਰਹੋ[1] ਸਭ ਰੀਤਿ ਸਹਾਇ।' [1]ਕਰਦੇ ਰਹਿਣਾ।
ਕਰਿ ਸਲਾਮ ਘਿਘਿਆਇ ਘਨੇਰਾ।
ਸੂਬੇ ਤੇ ਰੁਖਸਦ[1] ਤਿਹ ਬੇਰਾ ॥੧੧॥ [1]ਵਿਦਾ ਹੋਏ।
ਮਜਲ ਬਡੀ ਕਰਿ ਤੂਰਨ ਧਾਯੋ।
ਦੇਸ਼ ਕਲੂਰ ਆਪਣੇ ਆਯੋ।
ਜਹਿਂ ਕਹਿਂ ਸੈਲਪਤੀ ਸਮੁਦਾਏ।
ਲਿਖੇ ਪੱਤਰ ਪਰਧਾਨ ਪਠਾਏ ॥੧੨॥
ਦਿੱਲੀ ਕੋ ਪ੍ਰਸੰਗ ਸਭਿ ਕਹਜੋ।
ਲਘੁ ਦੀਰਘ ਸਭਿਹਿਨਿ ਮਨ ਲਹਜੋ।
ਭਏ ਤਜਾਰ ਨਿਜ ਨਿਜ ਦਲ ਜੋਰੇ।
ਜਿਸ ਜਿਸ ਮਹਿਂ ਜੇਤਿਕ ਧਰ ਜ਼ੋਰੇ[1] ॥੧੩॥ [1]ਬਲ ਰੱਖਦੇ ਸੀ।
ਇੰਦ੍ਰ ਪ੍ਰਸਤ[1] ਮਹਿਂ ਸੰਗਤਿ ਜੋਈ। [1]ਦਿੱਲੀ।
ਸੁਨਿ ਪ੍ਰਸੰਗ ਸਭਿ ਲਸ਼ਕਰ ਢੋਈ।
[1]ਮਿਲਿ ਕਰਿ ਦੂਰਿ ਲਿਖਿ ਕਰਿ ਅਰਦਾਸ[2]। [1]ਕੱਠੇ ਹੋਣ ਦਾ। [2]ਛਿਪਕੇ ਅਰਦਾਸ ਲਿਖ ਘੱਲੀ।
ਸੁਧਿ ਹਿਤ ਪਠੀ ਗੁਰੂ ਕੇ ਪਾਸ ॥੧੪॥
'ਹੇ ਪ੍ਰਭੁ ! ਤੁਮ ਸੰਮ੍ਰਥ ਸਭਿ ਭਾਂਤੀ।

ਸਭਿਨਿ ਰਿਦੇ ਕੀ ਜਾਨਹੁ ਬਾਤੀ।
ਵਹਿਰ ਬ੍ਰਿਤੰਤ ਕਸੋਂ ਨ ਤੁਮ ਜਾਨਹੁ।
ਘਟਿ ਘਟਿ ਕੇ ਮਾਲਿਕ ਪਹਿਚਾਨਹੁ ॥੧੫॥
ਤੁਮ ਸੇਵਾ ਅਰੁ ਅਪਨਿ ਭਲੇ ਹਿਤ।
ਪਾਤੀ ਲਿਖੀ ਸੁਨੀ ਜਿਮ ਭੀ ਇਤ।
ਰਾਜਨਿ ਤੁਮ ਪਰ ਕਰੀ ਪੁਕਾਰਾ।
-ਹਮ ਪਰ ਗੁਰੂ ਬਲੀ ਪਰਿ ਭਾਰਾ[1]- ॥੧੬॥ — [1]ਭਾਰੀ ਬਲੀ ਪਿਆ ਹੈ।
ਦੱਖਣ ਦਿਸ਼ਿ ਅਵਰੰਗੁ ਜੁ ਲਿਖ੍ਯੋ[1]। — [1]ਦੱਖਣ ਵਲ ਨੁਰੰਗੇ ਨੂੰ ਜੋ (ਸੂਬੇ ਨੇ) ਲਿਖ੍ਯਾ ਸੀ।
ਤਿਨ ਬ੍ਰਿਤਾਂਤ ਪਠਿ ਕਰਿ ਸਭਿ ਲਖ੍ਯੋ[1]। — [1]ਔਰੰਗੇ ਨੇ ਪੜ੍ਹ ਕਰਕੇ ਜਾਣ ਲਿਆ ਸਾਰਾ ਹਾਲ।
ਦੁਇ ਸੂਬੇ ਪਰ ਹੁਕਮ ਪਠਾਯੋ[1]। — [1]ਨੁਰੰਗੇ ਨੇ) ਭੇਜਿਆ ਹੈ ਹੁਕਮ।
ਸੋ ਚਲਿ ਕਰਿ ਦਿੱਲੀ ਪੁਰਿ ਆਯੋ[1] ॥੧੭॥ — [1]ਉਹ (ਦੂਤ) ਚੱਲਕੇ ਦਿੱਲੀ ਆ ਗਿਆ ਹੈ।
ਇਨ ਸੂਬੇ ਲਖਿ ਹਜ਼ਰਤ ਆਸ਼ੇ।
ਦੋਨਹੁਂ ਪਰ ਸੋ ਹੁਕਮ ਪ੍ਰਕਾਸ਼ੇ।
ਲਵਪੁਰਿ ਅਰੁ ਸਿਰ੍ਹੰਦ ਬਡ ਲਸ਼ਕਰ।
ਲਰਿਬੇ ਹੇਤੁ ਆਇ ਹੈਂ ਤੁਮ ਪਰ ॥੧੮॥
ਰਣ ਕੇ ਛੁਧਤਿ ਤੁਰਕ ਗਨ ਆਵੈਂ।
ਹਯ ਗਜ ਸਾਥ ਚੌਂਪ ਤੇ ਧਾਵੈਂ।
ਮਿਜਮਾਨੀ ਬਹੁ ਇਨ ਕੇ ਹੇਤ[1]। — [1]ਇਨ੍ਹਾਂ ਦੀ ਪ੍ਰਾਹੁਣਚਾਰੀ ਵਾਸਤੇ ਭਾਵ ਲੜਨ ਵਾਸਤੇ।
ਕਰੀਅਹਿ ਤਯਾਰੀ ਬਨਹੁ ਸੁਚੇਤ ॥੧੯॥
ਸਿਪਰ ਪਾਤਰਾਂ[1] ਆਗੇ ਕਰਿ ਕਰਿ। — [1]ਢਾਲਾਂ ਰੂਪੀ ਪੱਤਲਾਂ।
ਕੜਛੇ ਪੁੰਜ ਖੜਗ ਕਰ ਧਰਿ ਧਰਿ।
ਗੁਲਕਾਂ ਸੱਕਰਪਾਰੇ ਬ੍ਰਿੰਦ।
ਕਰਹਿਂ ਪਰੋਸਨਿ ਸ਼ੁਭਤ ਬਿਲੰਦ ॥੨੦॥
ਚੱਕ੍ਰ ਜਲੇਬ, ਸੁਹਾਰੀ[1] ਖਪਰੇ[2]। — [1]ਸਾਦੀ ਪੂਰੀ [ਸੰਸ:, ਸੁਘਹਾਰਾ, ਹਿੰਦੀ, ਸੁਹਾਰੀ]। [2]ਚੌੜੀ ਮੁਖੀ ਵਾਲੇ ਤੀਰ।
ਬੂੰਦੀ ਅਣੀ ਤੀਰ ਗਨ ਅਪਰੇ[1]। — [1]ਹੋਰ ਸਾਰੇ ਤੀਰਾਂ ਦੀਆਂ ਅਣੀਆਂ ਬੂੰਦੀ ਹੋਵੇ।
ਤੋਪ ਜੰਬੂਰ ਜੰਜੈਲਨਿ ਗੋਰੇ।
ਮੋਦਕ ਦੇਹੁ ਚਹਤਿ ਨਹਿਂ ਥੋਰੇ[1] ॥੨੧॥ — [1]ਜਿੰਨੇ) ਚਾਹੁੰਣ, ਥੋੜੇ ਨਾ (ਦੇਣੇ)।
ਪ੍ਰੋਸਨ ਹਾਰ ਬੀਰ ਗਨਧੀਰ।

ਕਰਹੁ ਇੱਕਤ੍ਰ ਪ੍ਰਭੁ ਇਨ ਭੀਰੁ[1]।' — [1]ਇਨ੍ਹਾਂ ਕਾਇਰਾਂ ਲਈ।
ਇਮ ਲਿਖਿ ਧਾਵਨ[1] ਹਾਥ ਪਠਾਈ। — [1]ਹਲਕਾਰੇ ਦੇ।
ਤੂਰਨ ਹੀ ਆਨੰਦਪੁਰਿ ਆਈ ॥੨੨॥
'ਦਿੱਲੀ ਸੰਗਤਿ ਬੰਦਤਿ ਸਬੈ।'
ਇਮ ਕਹਿ ਅੱਗ੍ਰ ਧਰੀ ਗੁਰ ਤਬੈ।
ਕਰ ਮਹਿਂ ਲੇ ਉਠਾਇ ਕਰਿ ਬਾਚੀ।
ਦਈ ਸੁਨਾਇ ਸਭਿਨਿ ਕੋ ਸਾਚੀ ॥੨੩॥
'ਗੁਰ ਸੰਗਤ ਕੋ ਧੰਨ' ਬਖਾਨਾ।
'ਸੁਨਹੁ ਖਾਲਸਾ ! ਕਾਜ ਮਹਾਨਾ।
ਹੁਇ ਹੈ ਅਬਿ ਘਮੰਡ ਬਲਵੰਡਾ।
ਸੰਘਰ ਕਰੋ ਬਿਲੰਦ ਪ੍ਰਚੰਡਾ ॥੨੪॥
ਇਸ ਕੇ ਸਮ ਕੁਛ ਨਾਂਹਿਨ ਆਛੀ।
ਲੋਕ ਪ੍ਰਲੋਕ ਸੁਖਦ ਬਡ ਬਾਛੀ।
ਦੀਨ ਮਜਬ ਕੋ ਜੁੱਧ[1] ਬਿਸਾਲਾ। — [1]ਧਰਮ ਦਾ ਯੁੱਧ।
ਪ੍ਰਾਪਤਿ ਬਡਿਭਾਗੀ ਇਸ ਕਾਲਾ ॥੨੫॥
ਨ੍ਰਿਭੈ ਜੰਗ ਮਹਿਂ ਖੜਗ ਪ੍ਰਹਾਰੋ।
ਸਨਮੁਖ ਥਿਰੋ ਸ਼ੱਤ੍ਰ ਗਨ ਮਾਰੋ।
ਮਹਾਂ ਸੁਜਸੁ ਕੋ ਪ੍ਰਾਪਤਿ ਹੋਵਹੁ।
ਲੇਨਿ ਪਰਮਪਦ[†] ਕੋ ਮਗ ਜੋਵਹੁ ॥੨੬॥ — [†]ਪਰਮ ਪਦ ਦੀ ਕਠਨ ਪ੍ਰਾਪਤੀ ਦਾ ਵੇਰਵਾ ਅੱਗੇ ਦੱਸਦੇ ਹਨ।

ਸੰਮਤਿ ਘਨੇ ਤਪਹਿ[1] ਤਪ ਭਾਰੇ। — [1]ਤਪਦਾ ਰਹੇ।
ਬਰਖਾ ਸੀਤ ਰੁ ਉਸ਼ਨ ਸਹਾਰੇ।
ਸੰਕਟ ਅਨਿਕ ਭਾਂਤਿ ਕੇ ਝਾਲੇ।
ਸਭਿ ਜਗ ਸੁਖ ਤੇ ਬਨਹਿ ਨਿਰਾਲੇ ॥੨੭॥
ਤਿਨ ਕੋ ਭੀ ਦੁਰਲਭ ਪਦ ਜੋਇ।
ਕਰਹਿ ਜਤਨ ਜੋਗੀ ਚਹਿ ਸੋਇ।
ਰਣ ਮਹਿਂ ਮ੍ਰਿੱਤੁ ਹੋਇ ਸੋ ਪਾਵਹੁ।
ਏਕ ਪਲਕ ਮਹਿਂ ਤਹਾਂ ਸਿਧਾਵਹੁ ॥੨੮॥
ਜੋ ਅਬਿ ਲਰਹਿ ਮਰਹਿ ਸਹਿਕਾਮੀ।
ਸੋ ਤੂਰਨ ਹੁਇ ਸੁਰਪੁਰਿਗਾਮੀ[1]। — [1]ਸੁਰਗ ਪਹੁੰਚੇਗਾ।

ਤਹਿਂ ਕੇ ਸੁਖ ਭੋਗੈ ਚਿਤ ਚਹੈ।
ਆਦਿ ਅਪਸਰਾਂ ਜੇਤਿਕ ਅਹੈਂ ॥੨੯॥
ਪੁਨ ਅਵਨੀ ਪਰ ਹ੍ਵੈ ਹੈ ਰਾਜੇ।
ਸਭਿ ਸੁਖ ਭੋਗੈ ਵਧਹਿ ਸਮਾਜੇ।
ਮੇਰੀ ਸਿੱਖੀ ਬਹੁਰ ਕਮਾਇ।
ਮਿਲਹਿ ਆਨਿ ਮੁਝ ਆਨੰਦ ਪਾਇ ॥੩੦॥
ਜੋ ਨਿਸ਼ਕਾਮੀ ਜੰਗ ਮਝਾਰਾ।
ਮਾਰਹਿ ਮਰਹਿ ਗਹਹਿ ਹੱਥਜਾਰਾ?
ਸੋ ਮਮ ਸੰਗ ਸਦਾ ਹੀ ਰਹੈ।
ਪਦ ਜੋਗਿਨਿ ਜੋ ਦੁਰਲਭ ਅਹੈ[1] ॥੩੧॥

[1]ਜੋ ਪਦਵੀ ਜੋਗੀਆਂ ਨੂੰ ਭੀ ਦੁਰਲਭ ਹੈ ਅਰਥਾਤ ਮੇਰੇ ਨਾਲ ਰਹਿਣ ਦੀ ਪਦਵੀ।

ਆਗੇ ਲਾਖਹੁਂ ਛੱਤ੍ਰੀ ਭਏ।
ਰਣ ਮਹਿਂ ਮਰੇ ਸੁਰਗ ਸਭਿ ਗਏ।
ਛਪੀ ਨਹੀਂ ਇਹ ਜਗ ਮਹਿਂ ਕਥਾ।
ਜੋਧੇ ਕੋ ਸੁਖ ਪ੍ਰਾਪਤਿ ਜਥਾ ॥੩੨॥
ਪੁਨ ਮੈਂ ਤੁਮਰੇ ਸੰਗ ਸਹਾਈ।
ਲੋਕ ਪ੍ਰਲੋਕ ਬਿਖੈ ਜਹਿਂ ਜਾਈ[1]।'

[1]ਜਿੱਥੇ ਜਾਓਗੇ।

ਇੱਤਯਾਦਿਕ ਉਪਦੇਸ਼ਤਿ ਸ੍ਵਾਮੀ।
ਭਯੋ ਖਾਲਸਾ ਸੰਘਰਕਾਮੀ[1] ॥੩੩॥

[1]ਜਗ ਦੀ ਇੱਛਾ ਵਾਲਾ।

ਦੀਪਮਾਲ ਕੋ ਆਯੋ ਮੇਲਾ।
ਸੰਗਤਿ ਜਿਤ ਕਿਤ ਭਈ ਸਕੇਲਾ।
ਚਹੁਂਦਿਸ਼ਿ ਤੇ ਦਰਸ਼ਨ ਹਿਤ ਧਾਏ।
ਵਸਤੁ ਅਕੋਰ ਦਰਬ ਗਨ ਲਜਾਏ ॥੩੪॥
ਆਨੰਦਪੁਰਿ ਕੇ ਚਹੁਂ ਦਿਸ਼ਿ ਡੇਰੇ।
ਸਿੱਖ ਸੰਗਤਿ ਕੀ ਭੀਰ ਘਨੇਰੇ।
ਤੁੰਗ ਦਮਦਮੇ ਪਰ ਗੁਰ ਥਿਰੇ।
ਆਇ ਸਰਬ ਨੇ ਦਰਸ਼ਨ ਕਰੇ ॥੩੫॥
ਚਾਮੁਰ ਚਾਰ ਚਲਾਚਲ ਹੋਵਤਿ।
ਬਾਰ ਬਾਰ ਢੁਰਤੋ ਸਭਿ ਜੋਵਤਿ।
ਮੁਖ ਮੰਡਲ ਪਰ ਕੁੰਡਲ ਡੋਲ।
ਸੁੰਦਰ ਦ੍ਰਿਗ ਜੁਗ ਉਪਮ ਅਤੋਲ ॥੩੬॥

ਕ੍ਰਿਪਾ ਦ੍ਰਿਸ਼ਟਿ ਸੰਗਤਿ ਕੋ ਹੇਰਤਿ।
ਬੈਠ ਖਰੇ ਸਭਿਨਿ ਦਿਸ਼ਿ ਪ੍ਰੇਰਤਿ।
ਕਰਤਿ ਖਰੋ ਅਰਦਾਸ ਅਗਾਰੀ।
ਕੋਸ਼ਪ ਕਰਤਿ ਅਕੋਰ ਸੰਭਾਰੀ ॥੩੭॥
ਸਭਿ ਸੰਗਤਿ ਮਹਿਂ ਹੁਕਮ ਬਖਾਨਾ।
'ਜੋ ਹੱਥਜਾਰ ਧਰੈ ਨਿਜ ਪਾਨਾ।
ਗੁਰ ਕੀ ਸੇਵਾ ਹਿਤ ਸੋ ਰਹੈ[1]। — [1]ਸੇਵਾ ਲਈ (ਏਥੇ ਹੀ) ਰਹਿ ਜਾਵੇ।
ਮਿਲਹਿ ਚਾਕਰੀ ਜੇ ਧਨ ਚਹੈ ॥੩੮॥
ਰਣ ਤੁਰਕਨਿ ਸਨ ਪਰੈ ਹਮਾਰਾ।
ਜੋਧਾ ਰਹੈਂ ਲੇਹਿਂ ਹੱਥਜਾਰਾ।'
ਸੁਨਿ ਕਰਿ ਜਿਨ ਰਹਿਬੋ ਚਿਤ ਧਰੇ।
ਤਿਨ ਕੇ ਚਿਹਰੇ ਲੇਖਨਿ ਕਰੇ[1] ॥੩੯॥ — [1]ਹੁਲੀਏ ਅਰਥਾਤ ਨਾਮ ਪਤੇ ਲਿਖ ਲਏ।
ਜਿਨ ਕੇ ਢਿਗ ਆਯੁਧ ਤਬਿ ਨਾਂਹੀ।
ਬਖਸ਼ੇ ਦਰਬਾਰਹੁਂ ਕਰ ਤਾਂਹੀ।
ਤੀਰ ਤੀਰ ਜੇ ਦੇਸ਼ ਬਿਸਾਲੇ।
ਮਾਝੇ ਆਦਿ ਸਿੰਘ ਜਹਿਂ ਜਾਲੇ ॥੪੦॥
ਹੁਕਮ ਗੁਰੂ ਕੋ ਸਭਿ ਪਰ ਗਯੋ।
ਸੁਨਿ ਸੁਨਿ ਆਇ ਮੇਲ ਗਨ ਕਯੋ।
ਰਹੇ ਹਜ਼ੂਰ ਬਿਖੈ ਬਹੁ ਸਿੰਘ।
ਸ਼ਸਤ੍ਰਨਿ ਸਹਿਤ ਸ਼ੱਤ੍ਰ ਮ੍ਰਿਗ ਸਿੰਘ[1] ॥੪੧॥ — [1]ਸ਼ੱਤ੍ਰ ਰੂਪੀ ਮਿਰਗਾਂ ਉਤੇ ਸ਼ੇਰ ਵਤ।
ਸੰਗਤਿ ਅਪਰ ਲਿਏ ਸਿਰੁਪਾਇ।
ਗਮਨੇ ਘਰ ਰਜਾਇ ਗੁਰ ਪਾਇ।
ਪੁਰਿ ਅਨੰਦ ਮਹਿਂ ਬੀਰ ਬਿਸਾਲੇ।
ਭਈ ਭੀਰ ਜਿਤ ਕਿਤ ਥਿਤ ਜਾਲੇ ॥੪੨॥
ਗੁਲਕਾਂ ਅਨਿਕ ਘਰੈਂ ਸੁਨਿਆਰੇ।
ਬ੍ਰਿੰਦ ਬਰੂਦ ਹੋਤਿ ਹੈਂ ਤਜਾਰੇ।
ਤੋਮਰ ਸੇਲੇ ਸਾਂਗ ਘਰੰਤੇ।
ਬਾਨ ਬਨਾਇ ਬਨਾਇ ਧਰੰਤੇ ॥੪੩॥
ਧਨੁਖ ਕਠੋਰ ਸਮੂਹ ਤਮਾਚੇ।
ਲੇ ਲੇ ਬਖਸ਼ਤਿ ਸ਼੍ਰੀ ਗੁਰ ਸਾਚੇ।

ਦਿਨ ਪ੍ਰਤਿ ਤਜਾਰੀ ਸੰਘਰ ਕੇਰੀ।
ਕਲਗੀਧਰ ਇਮ ਕਰਤਿ ਘਨੇਰੀ
॥੪੪॥
ਚਾਕਰ ਅਪਰ ਹਿੰਦੁ ਕੈ ਤੁਰਕਾ।
ਆਵਤਿ ਰਹਤਿ ਸੁਨਤਿ ਜਸ ਗੁਰ ਕਾ।
ਰਾਖਹਿਂ ਤਿਸੈ ਲਿਖੈਂ ਦਰਮਾਹਾ[1]।
ਇਮ ਬਹੁ ਭੀਰ ਅਨੰਦਪੁਰਿ ਮਾਂਹਾ
॥੪੫॥

[1] ਤਨਖਾਹ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰੁਤੇ 'ਜੰਗਾ ਤਿਆਰੀ' ਪ੍ਰਸੰਗ ਬਰਨਨੰ ਨਾਮ ਸਪਤਮੋ ਅੰਸੂ ॥੭॥

੮. [ਪਹਾੜੀਆਂ ਤੇ ਸੂਬਿਆਂ ਦੀ ਚੜ੍ਹਾਈ]

੭<<ਪਿਛਲਾ ਅੰਸੂ ਸੰਖੇਪ ਲਿੰਕ – ਤਤਕਰਾ ਅਗਲਾ ਅੰਸੂ>>੯

ਦੋਹਰਾ:

ਭੀਮ ਚੰਦ ਸੈਲੇਂਦ੍ਰ ਕੁਪਿ, ਗਿਰਪਤਿ ਲਏ ਹਕਾਰਿ।
ਪੂਰਬ ਆਇ ਹੰਡੂਰੀਆਂ, ਨਿਜ ਸੈਨਾ ਕਰਿ ਤਯਾਰ ॥੧॥

ਚੌਪਈ:

ਚਢ੍ਯੋ ਘਮੰਡ ਚੰਦ ਤਹਿਂ ਆਯੋ।
ਸੋ ਅਨੀਕਨੀ ਅਪਨੀ ਲ੍ਯਾਯੋ।
ਬੀਰ ਸਿੰਘ ਜਸੁਪਾਲੀ ਆਇ।
ਨਾਲੇਗੜੀਏ ਮਿਲਿ ਸਮੁਦਾਇ ॥੨॥
ਕੱਲੂ ਅਰੁ ਕੈਂਠਲ ਠਕੁਰਾਈ।
ਮੰਡਸਪਤੀ ਸੈਨ ਚਢਿ ਆਈ।
ਜੰਮੂ ਨੂਰਪੁਰੇ ਤੇ ਧਾਏ।
ਨਗਰ ਹਰੀਪੁਰ ਚਮੂੰ ਬਨਾਏ ॥੩॥
ਚੰਬਿਆਲ ਗਨ ਆਇ ਮਦੂਣੀ।
ਸ਼ਾਹੁ ਅਨੀ ਤੇ ਚੌਂਪ ਸੁ ਦੂਣੀ[1]।

[1]ਪਾਤਸ਼ਾਹੀ ਫੌਜ ਦੇ ਆਉਣ ਦੇ ਕਾਰਨ ਇਨ੍ਹਾਂ ਨੂੰ ਦੂਣਾ ਚਾਉ ਚੜ੍ਹਿਆ ਹੈ।

ਗ੍ਵਾਲੀਏਰ ਸ਼੍ਰੀ ਨਗਰ ਮਝਾਰੇ।
ਚਢਿ ਧਾਈ ਸੈਨਾ ਬਲ ਭਾਰੇ ॥੪॥
ਪੁਰਿ ਬਿਸ਼ਹਿਰ[1] ਕੇ ਸੁਭਟਿ ਭਟੰਤ।

[1]ਜਿਸਨੂੰ ਰਾਮ ਪੁਰ ਬੁਸ਼ਹਿਰ ਕਹਿੰਦੇ ਹਨ।

ਬਿਝੜ ਵਾਲੀਏ ਚੜੇ ਤੁਰੰਤ।
ਚੰਦੇਸ਼ੁਰ ਅਰੁ ਘਨੇ ਦੜੋਲ।
ਮਿਲਿ ਡਢਵਾਲੀ ਬੰਧਿ ਬੰਧਿ ਟੋਲ ॥੫॥
ਗੂਜਰ ਰੰਘੜ ਬ੍ਰਿੰਦ ਗਵਾਰ।
ਮਿਲੀ ਚਮੂੰ ਅਰੁ ਪ੍ਰਜਾ ਪਹਾਰ[1]।

[1]ਪਹਾੜ ਦੀ ਪ੍ਰਜਾ।

ਦੂਰ ਦੂਰ ਲਗਿ ਡੇਰੇ ਡਾਰੇ।
ਗਨ ਸਊਰ ਪੈਦਲ ਬਿਸਤਾਰੇ ॥੬॥
ਉਤ ਦਿੱਲੀ ਤੇ ਲਸ਼ਕਰ ਚਢ੍ਯੋ।
ਲਰਿਬੇ ਹਿਤ ਉਤਸਾਹ ਜਿ ਬਧ੍ਯੋ।
ਦੁੰਦਭਿ ਪੁੰਜ ਬਜਤਿ ਜਿਸ ਮਹੀਆ।
ਬਰਣ ਬਰਣ ਕੀ ਧੁਜ[1] ਕਰ ਗਹੀਆ ॥੭॥

[1]ਝੰਡੇ।

ਮਜਲ ਕਰਤਿ ਮਗ ਉਲੰਘਤਿ ਧਾਏ।

ਪੁਰਿ ਸਿਰੰਦ ਮੈਂ ਸਭਿ ਦਲ ਆਏ।
ਡੇਰਾ ਕਰਯੋ ਹੇਤ ਬਿਸਰਾਮੂ।
ਤਹਾਂ ਵਜੀਦਖਾਨ ਕੇ ਧਾਮੂ ॥੮॥
ਸਭਿ ਸੋਂ ਮਿਲਯੋ ਸੇਵ ਨਿਬਹਾਈ।
ਆਪ ਚਢਨ ਤਯਾਰੀ ਕਰਿਵਾਈ।
ਬ੍ਰਿੰਦ ਬਰੂਦ ਸੁ ਗੁਲਕਾਂ ਦੀਨਿ।
ਤੋਪ ਜੰਬੂਰਨ ਤਯਾਰੀ ਕੀਨਿ ॥੯॥
ਘਨੀ ਤੁਰੰਗਨਿ ਚਮੂੰ ਕਰਾਲਾ।
ਪੈਦਲ ਬ੍ਰਿੰਦ ਤਯਾਰ ਤਤਕਾਲਾ।
ਜਗ ਸਮਾਜ ਕਰਯੋ ਬਡ ਭਾਰੀ।
ਮਿਲਯੋ ਤਮਾਮ ਜੁ ਲਸ਼ਕਰ ਤਯਾਰੀ[1] ॥੧੦॥

[1]ਤਿਆਰ ਹੋਕੇ।

ਹੋਤਿ ਪ੍ਰਾਤ ਕੇ ਬਜੇ ਨਗਾਰੇ।
ਸੁਨਿ ਤੁਰੰਗ ਪਰ ਜ਼ੀਨਨਿ ਡਾਰੇ।
ਤਹਿੰ ਸੰਗਤਿ ਗੁਰ ਕੀ ਸੁਨਿ ਬਾਤ।
ਲਿਖੀ ਪੱਤ੍ਰਿਕਾ ਸਕਲ ਬ੍ਰਿਤਾਂਤ ॥੧੧॥
'ਮਹਾਰਾਜ ਰਾਜਨ ਕੇ ਰਾਜਾ !
ਦੰਡਹੁ ਦੁਸ਼ਟ ਗ਼ਰੀਬ ਨਿਵਾਜਾ !
ਭੀਮ ਚੰਦ ਮੂਰਖ ਕਹਿਲੂਰੀ।
ਫਿਰਯੋ ਪੁਕਾਰ ਕਰਤਿ ਇਛ ਪੂਰੀ[1] ॥੧੨॥

[1]ਇੱਛਾ ਪੂਰੀ ਕਰਨ ਲਈ ਪਾਤਸ਼ਾਹ ਪਾਸ ਪੁਕਾਰ ਕਰਦਾ ਫਿਰਿਆ।

ਦੱਖਣ ਗਮਨਯੋ ਸ਼ਾਹੁ ਸਮੀਪ।
ਲਿਏ ਲਰਨ ਕੌ ਬ੍ਰਿੰਦ ਮਹੀਪ।
ਅਵਰੰਗ ਰਿਸਯੋ ਪਠਯੋ ਬਡ ਲਸ਼ਕਰ।
ਦਿੱਲੀ ਤੇ ਧਾਏ ਚਿਤ ਰਿਸ ਧਰਿ ॥੧੩॥
ਅਬਿ ਸਿਰ੍ਹੰਦ ਮਹਿਂ ਘਾਲਯੋ ਡੇਰਾ।
ਇਤ ਤੇ ਲੀਨ ਬਟੋਰ ਬਡੇਰਾ।
ਤੋਪ, ਰਹਿਕਲੇ, ਪੁੰਜ ਧਮਾਕੇ[1]।
ਚਲਤਿ ਜਮੂਰੇ ਧਰਾ ਧਮਾਕੇ ॥੧੪॥

[1]ਧਰਤੀ ਧਮਕਦੀ ਹੈ।

ਆਪ ਵਜੀਦਖਾਨ[†] ਕਰਿ ਤਯਾਰੀ।
ਰਾਵਰਿ ਸੰਗ ਜੰਗ ਚਹਿ ਭਾਰੀ।
ਪਹੁੰਚੇ ਹੀ ਸਮਝਹੁ ਨਿਜ ਪਾਸ।

[†]ਠੀਕ ਨਾਮ ਵਜ਼ੀਰਖਾਨ ਹੈ।

ਆਪ ਭਿ ਕਰਿ ਲਿਹੁ ਲਰਨਿ ਪ੍ਰਯਾਸ
॥ ੧੫ ॥
ਇਤ ਤੁਰਕਾਨੇ ਕੋ ਸਭਿ ਜ਼ੋਰ।
ਲਖਹੁ ਪ੍ਰਭੂ ਆਯਹੁ ਤੁਮ ਓਰ।'
ਇੱਤਜਾਦਿਕ ਲਿਖਿ ਸੰਗਤਿ ਅਰਜ਼ੀ।
ਕਰੀ ਪਠਾਵਨ ਢਿਗ ਸਤਿਗੁਰ ਜੀ
॥ ੧੬ ॥
ਸਰੇ ਦਿਵਾਨ[1] ਪਢੀ, ਸੁਨਿ ਕਰਿ ਕੈ। [1]ਦੀਵਾਨ ਦੇ ਵਿੱਚ।
'ਤੁਰਕ ਸੈਨ ਉਮਡੀ ਇਤਿ ਚਰਿ ਕੈ।'
ਸੁਨਿ ਕਲਗ਼ੀਧਰ ਕ੍ਰੋਧ ਬਿਸਾਲੇ।
ਸਭਿ ਮਹਿਂ ਕਹੀ ਗਿਰਾ ਇਸ ਢਾਲੇ
॥ ੧੭ ॥
'ਮੈਂ ਤੁਰਕਾਨਾ ਸਕਲ ਖਪਾਵੌਂ।
ਰਾਜ ਤੇਜ ਜਗ ਬਿਖੈ ਉਠਾਵੌਂ।
ਕਰਿ ਕਰਿ ਕੂਰੇ ਮਾਰਨਿ ਕਰੌਂ।
ਓਜ ਬਿਸਾਲ ਸਰਬ ਪਰਹਰੌਂ ॥ ੧੮ ॥
ਹਤਹੁ ਖਾਲਸਾ ! ਸ਼ਸਤ੍ਰਨਿ ਗਹਿ ਗਹਿ।
ਹਿੰਦੂ ਤੁਰਕ ਅਪਨਿ ਰਿਪੁ ਲਹਿ ਲਹਿ।'
ਕਰਤਿ ਹੁਤੇ ਪ੍ਰਭੁ ਇਸ ਬਿਧਿ ਬਾਤੀ।
ਇਤਨੇ ਮਹਿਂ ਆਯਹੁ ਕਰ ਪਾਤੀ[1] [1]ਹੱਥ ਵਿਚ ਚਿੱਠੀ ਲਈ (ਹਲਕਾਰਾ) ਆਯਾ।
॥ ੧੯ ॥
'ਲਵਪੁਰਿ ਕੀ ਸੰਗਤਿ ਕਰ ਜੋਰੇ।
ਅਭਿਬੰਦਨ ਕਰਿ ਚਰਨ ਨਿਹੋਰੇ।
ਲਿਖੀ ਪੱਤ੍ਰਿਕਾ ਪਠਿ ਅਹਿਵਾਲ।
ਜਾਨ ਲੀਜੀਐ ਆਪ ਕ੍ਰਿਪਾਲ !' ॥ ੨੦ ॥
ਲੇ ਕਰਿ ਹਾਥ ਗਿਰੰਥੀ ਬਾਚੀ।
ਪ੍ਰਥਮੇ ਖੁਸ਼ੀ ਗੁਰੂ ਤੇ ਜਾਚੀ।
'ਲਵਪੁਰਿ ਕੋ ਸੂਬਾ ਬਲਿ ਭਾਰੀ।
ਜ਼ਬਰਦਸਤ ਖਾਂ ਕੀਨਸਿ ਤਜਾਰੀ ॥ ੨੧ ॥
ਨਿਕਟ ਦੂਰ ਕੀ ਚਮੂੰ ਬਟੋਰੀ।
ਆਯੋ ਚਹਤਿ ਆਪ ਕੀ ਓਰੀ।
ਛੋਟੀ ਵਡੀ ਤੋਪ ਸੰਗ ਲੀਨਿ।

ਕੂਚ ਆਜ ਪੁਰਿ ਤੇ[1] ਕਰਿ ਦੀਨਿ' ॥੨੨॥

[1]ਹਰਨਾਂ ਦੇ ਔਣ ਤੇ।

ਸੁਨੀ ਸਭਾ ਮਹਿਂ ਹਰਖੇ ਸਿੰਘ।
ਮ੍ਰਿਗਨ ਆਦਮਨ ਤੇ ਜਿਮ ਸਿੰਘ।
ਸ਼੍ਰੀ ਗੋਬਿੰਦ ਸਿੰਘ ਬਹ ਤਕਰਾਈ।
ਦਏ ਸ਼ਸਤ੍ਰ ਸੁਭਟਨਿ ਸਮੁਦਾਈ ॥੨੩॥
ਰਿਦੋ ਬੀਰ ਰਸ ਸਭਿ ਕੇ ਜਾਗਾ।
ਕਹੈਂ ਪਰਸਪਰ 'ਹਮ ਬਡਭਾਗਾ।
ਜੀਤਹਿਂ ਸ਼ੱਤ੍ਰਨਿ ਸੁਖ ਜਸ ਪਾਵਹਿਂ।
ਖੁਸ਼ੀ ਕਰਹਿ ਪ੍ਰਭੁ ਜਯੋਂ ਹਮ ਭਾਵਹਿਂ[1] ॥੨੪॥

[1]ਜਿਵੇਂ ਪ੍ਰਭੁ (ਗੁਰੂ ਜੀ) ਨੂੰ ਚੰਗੀ ਲੱਗੇ (ਤਿਵੇਂ ਉਹਨਾਂ ਨੂੰ) ਅਸੀਂ ਖੁਸ਼ੀ ਕਰਾਂਗੇ। ਅੰਨ੍ਵੈ-ਜਯੋਂ ਪ੍ਰਭੁ ਭਾਵੈ (ਤਯੋਂ) ਖੁਸ਼ੀ ਕਰਹਿ ਹਮ।

ਜੇ ਗੁਰ ਹਿਤ ਅਬਿ ਤਜਹਿਂ ਸਰੀਰ।
ਮਾਰਨ ਮਰਨ ਧਰਹਿਂ ਰਣ ਬੀਰ।
ਸਤਿਗੁਰ ਹੋਇਂ ਪ੍ਰਲੋਕ ਸਹਾਇ।
ਥਿਰਹਿਂ[1] ਊਚ ਪਦਵੀ ਕੋ ਪਾਇ' ॥੨੫॥

[1]ਅਸੀਂ) ਟਿਕਾਂਗੇ।

ਕੇਚਿਤ ਕਰਿ ਉਰ ਹਰਖ ਮਹਾਨੇ।
ਕੀਨੇ ਅਪਨ ਕੇਸਰੀ ਬਾਨੇ।
ਕਿਨਹੁ ਤਿਲੌਨਾ ਅਰੁਨ ਸਰੀਰ[1]।

[1]ਕਿਸੇ ਨੇ (ਤਿਲੌਨਾ=) ਸੁਰਮਈ ਤੇ ਕਿਸੇ ਨੇ ਲਾਲ (ਪੁਸ਼ਾਕਾ ਸਰੀਰ ਤੇ) ਪਹਿਰਿਆ। (ਅ) ਕਿਸੇ ਨੇ ਲਾਲ ਵੱਟਣਾ ਸਰੀਰ ਤੇ (ਮਲਿਆ)। [ਤਿਲੌਨਾ=ਮਿੱਠੇ ਤੇਲ ਤੇ ਲਾਲ ਚੰਦਨ, ਛਾਣ ਬੂਰਾ ਆਦਿ ਪਦਾਰਥਾਂ ਤੋਂ ਬਣਦਾ ਹੈ]।

ਜੁਝਨਿ ਜੰਗ[1] ਧਰੇ ਤਨ ਚੀਰ ॥੨੬॥

[1]ਜੰਗ ਵਿਚ ਸ਼ਹੀਦ ਹੋ ਜਾਣ ਲਈ।

'ਚਾਰ ਦਿਵਸ ਕਜਾ ਜਗਮਹਿਂ ਜੀਵਨ।
ਕਯੋਂ ਨ ਲੇਹਿਂ ਪਦ ਆਨੰਦ ਥੀਵਨ।
ਪਿਖਹੁ ਮਹਾਭਾਰਥ ਕੇ ਰਾਜੇ।
ਬਾਂਛਤਿ ਸੁਰਗ ਲਰੇ ਕੁਲ ਲਾਜੇ[1] ॥੨੭॥

[1]ਆਪਣੀ ਕੁਲ ਦੀ ਲਾਜ ਤੇ ਸੁਰਗ ਦੀ ਇੱਛਾ ਕਰਕੇ ਲੜੇ।

ਨਿਰਸੰਸੈ ਸੁਰਲੋਕ ਸਿਧਾਰੇ।
ਜਨਮ ਮਰਨ ਕੇ ਕਸ਼ਟ ਨਿਵਾਰੇ।
ਕਹਾਂ ਜਗਤਿ ਸੁਖ ਦ੍ਵੈ ਦਿਨ ਕੇਰਾ।
ਨਿਸ਼ਚੈ ਮਰਨਿ ਅੰਤ ਕੀ ਬੇਰਾ ॥੨੮॥
[1]ਪਰਿ ਕਰਿ ਮੰਚ ਪ੍ਰਾਣ ਕੋ ਤਜਾਗਨ।

[1]ਮੰਜੇ ਤੇ ਪੈਕੇ (ਭਾਵ ਬੀਮਾਰ ਪੈਕੇ) ਸ਼ਸਤ੍ਰ ਧਾਰੀ ਦਾ ਮਰਨਾ ਉਸ ਦੇ ਬਡੇ ਭਾਗ ਨਹੀਂ ਹਨ।

ਆਯੁਧ ਧਾਰੀ ਤਿਹ ਬਡ ਭਾਗ ਨ੯।
ਰੁਕਹਿ ਕੰਠ ਕਫ ਤੇ ਦੁਖ ਪਾਵੈ[1]।
ਤਜੈ ਮੂਤ੍ਰ ਮਲ ਨਹੀਂ ਨਹਾਵੈ ॥੨੯॥
ਬਜਾਧ ਬਿਬਿਧ ਬਿਧਿ ਤਨ ਉਪਜਾਇ[1]।
ਬਰਖਨ, ਮਾਸਨ ਦਿਨ ਦੁਖ ਪਾਇ[1]।
ਅਤਿ ਸੰਕਟ ਤੇ ਛੁਟਹਿਂ ਪ੍ਰਾਨ।
ਨਿਸ਼ਚੈ ਬਨੈ ਦੇਹਿ ਕੀ ਹਾਨ[1] ॥੩੦॥
ਯਾਂ ਤੇ ਜੰਗ ਬੀਰਤਾ ਕਰਿ ਕੈ।
ਦੇਹ ਛਿਨਕ ਮਹਿਂ ਪ੍ਰਾਨ ਨਿਕਰਿ ਕੈ।
ਅਟਲ ਅਨੰਦ ਬਿਲੰਦੈ ਪਾਇ।
ਸ੍ਰੀ ਸਤਿਗੁਰ ਕੇ ਚਰਨ ਸਮਾਇ ॥੩੧॥
ਮੁਕਤਿ ਲੇਹਿ ਜੋਧਾ ਨਿਸ਼ਕਾਮੀ।
ਬਾਂਛਤਿ ਸੁਖ ਪ੍ਰਾਪਤਿ ਸਹਿਕਾਮੀ[1]।
ਇਹ ਤੌ ਸਦਾਬਰਤ ਗੁਰ ਲਾਯੋ।
ਲਰੇ ਜੰਗ, ਤਿਨ ਨਿਸ਼ਚੈ ਪਾਯੋ ॥੩੨॥
ਬਡੇ ਭਾਗ ਤੇ ਨਰ ਤਨ ਹੋਵਾ।
ਤਿਨ ਤੇ ਅਧਿਕ ਪ੍ਰਭੁ ਗੁਰ ਜੋਵਾ।
ਪੁਨ ਅਧਿਕਾਇ ਸੁ ਅੰਮ੍ਰਿਤ ਲੀਨਾ।
ਗੁਰਬਾਣੀ ਮਹਿਂ ਨਿਜ ਮਨ ਭੀਨਾ ॥੩੩॥
ਅਸ ਪਦ ਪਾਇ ਖੋਇ ਨਹਿਂ ਦੈ ਹੈ।
ਕਜੋਂ ਨ ਸਫਲ ਗੁਰ ਢਿਗ ਕਰਿ ਲੈ ਹੈਂ।
ਦਸ ਦਿਨ ਅਪਰ ਜੀਏ ਕਜਾ ਹੋਇ।
ਐਸੋ ਲਾਭ ਤਜੈ ਨਹਿਂ ਕੋਇ' ॥੩੪॥
ਇਸ ਪ੍ਰਕਾਰ ਆਪਸ ਕੇ ਮਾਂਹਿ।
ਕਹੈਂ ਖਾਲਸਾ, ਸੁਨਹਿਂ ਉਮਾਹਿ।
ਸ਼ਸਤ੍ਰਨਿ ਕੀ ਤਜਾਰੀ ਸਭਿ ਕਰੈਂ।
ਕਰਨਿ ਖੜਗ ਖਰ ਸਾਨੈਂ ਧਰੈਂ[1] ॥੩੫॥
ਤੀਛਨ ਬਾਢ[1] ਲਾਇ ਕਰਿ ਰਾਖੇ।
ਰਿਪੁ ਕੇ ਅੰਗ ਹਤਨਿ ਅਭਿਲਾਖੇ।
ਤੋੜੇ ਆਦਿਕ ਤਜਾਰ ਤੁਫੰਗ।

[1]ਕੰਠ ਦੇ ਰੁਕਣ ਤੇ ਕਫ (ਖਾਂਸੀ ਆਦਿ) ਨਾਲ ਦੁਖ ਪਾਕੇ।

[1]ਤਨ ਵਿਚ ਨਾਨਾ ਤਰ੍ਹਾਂ ਦੀਆਂ ਬੀਮਾਰੀਆਂ ਦੇ ਉਪਜਣ ਨਾਲ।

[1]ਦਿਨਾਂ, ਮਹੀਨਿਆਂ, ਅਥਵਾ ਵਰਿਹਾਂ ਤਕ ਦੁਖ ਪਾਕੇ।

[1]ਅੰਤ ਇਕ ਦਿਨ) ਮਰਨਾ ਨਿਸ਼ਚੇ ਹੈ।

[1]ਕਾਮਨਾ ਵਾਲੇ ਨੂੰ।

[1]ਤਿੱਖੇ ਕਰਨ ਹਿਤ ਸਾਣ ਤੇ ਖੜਗਾਂ ਲਾਉਂਦੇ ਹਨ।

[1]ਧਾਰ।

ਤੀਰਨ ਖਰ ਤੇ ਭਰਹਿਂ ਨਿਖੰਗ ॥੩੬॥	
ਖਰ ਤੋਮਰ ਕੀ ਅਨੀ ਕਰੰਤੇ[1]।	[1]ਤੋਮਰਾਂ ਦੀਆਂ ਅਣੀਆਂ ਤਿੱਖੀਆਂ ਕਰਦੇ ਹਨ।
ਸੇਲੇ ਭਾਲੇ ਚੱਕ੍ਰ ਧਰੰਤੇ[1]।	[1]ਧਾਰਨ ਕਰਦੇ ਹਨ।
ਬਿਛੂਏ, ਪੇਸ਼ਕਬਜ਼, ਜਮਧਰ ਧਰਿ।	
ਅਲਪ ਤਮਾਂਚੇ ਤਜਿਬੇ ਭਰਿ[1] ਭਰਿ ॥੩੭॥	[1]ਭਰ ਭਰਕੇ ਚਲਾਉਂਦੇ ਹਨ ਛੋਟੇ ਤਮਾਂਚੇ (ਪਸਤੌਲ)।
ਸੁੰਦਰ ਸਿਪਰਨਿ ਧਰੈਂ ਬਨਾਇ।	
ਗਮਨੈਂ ਬਾਹਰ ਸ਼ਸਤ੍ਰ ਲਗਾਇ।	
ਐਂਚਹਿ ਚਾਂਪ ਕਠੋਰ ਸੁ ਜ਼ੋਰ[1]।	[1]ਜ਼ੋਰ ਨਾਲ।
ਤਜਾਗਹਿਂ ਤੀਰ ਨਿਸ਼ਾਨੇ ਜੋਰਿ[1] ॥੩੮॥	[1]ਜੋੜਕੇ।
ਸਤਿਗੁਰ ਅੰਨ ਕਿਤਿਕ ਮੰਗਵਾਇ।	
ਨਿਜ ਦੁਰਗਨਿ ਮਹਿਂ ਰਖਿ ਸਮੁਦਾਇ।	
ਤੇਲ ਘ੍ਰਿੱਤ ਆਦਿਕ ਲੇ ਧਰੈਂ।	
ਬਾਂਛਤਿ ਵਸਤੁ ਬਟੋਰਨਿ ਕਰੈਂ ॥੩੯॥	
ਬਹੁ ਬਿਜੀਆ ਆਛੀ ਮੰਗਵਾਇ।	
ਰਾਖੇ ਵਹਿਰ ਕੁੱਪ ਬੰਧਵਾਇ।	
ਤਥਾ ਅਫੀਮ ਖਰਚ ਕੋ ਜਾਨੇ।	
ਕੀਨ ਅਨਾਵਨ ਸੁਭਟਨਿ ਖਾਨੇ[1] ॥੪੦॥	[1]ਸੂਰਮਿਆਂ ਦੇ ਖਾਣ ਲਈ।
ਇਸ ਤੇ ਆਦਿ ਜਿਤਿਕ ਰਣ ਤਜਾਰੀ।	
ਸ੍ਰੀ ਕਲਗੀਧਰ ਧਰਤਿ ਸੁਧਾਰੀ।	
ਲਗਹਿ ਦਿਵਾਨ ਖਾਲਸੇ ਕੇਰਾ।	
ਲਰਨ ਹੇਤੁ ਢਿਗ ਪ੍ਰਾਪਤਿ ਹੇਰਾ[1] ॥੪੧॥	[1]ਪਾਸ ਪ੍ਰਾਪਤ ਹੋਇਆ ਦੇਖਿਆ (ਖਾਲਸਾ)।
ਉਪਦੇਸ਼ਤਿ[1] ਰਣ ਮਹਿਮਾ ਕਹਿ ਕਹਿ।	[1]ਗੁਰੂ ਜੀ) ਉਪਦੇਸ਼ਦੇ ਹਨ।
'ਲਯੋ ਸੁਜਸੁ ਪਾਵਨ ਕੋ ਮਹਿ ਮਹਿਂ[1]।	[1]ਧਰਤੀ ਵਿਚ।
ਹਿੰਦੂ ਤੁਰਕ ਸ਼ੱਤ੍ਰ ਨਿਜ ਲਹਿ ਲਹਿ[1]।	[1]ਜਾਣ ਜਾਣਕੇ।
ਕਰਹੁ ਬਿਨਾਸ਼ ਆਯੁਧਨਿ ਗਹਿ ਗਹਿ ॥੪੨॥	
ਨ੍ਰਿਭੈ ਹੋਇ ਧੀਰਜ ਬਹੁ ਧਰਿ ਧਰਿ।	
ਉਰ ਉਤਸਾਹੁ ਆਪਨੇ ਕਰਿ ਕਰਿ।	
ਅਪਨਿ ਅਪਨਿ ਮੁਰਚਨਿ ਪਰ ਥਿਰਿ ਥਿਰਿ।	
ਨਿਕਟ ਬਿਲੋਕਹੁ ਮਾਰਹੁ ਫਿਰਿ ਫਿਰਿ	

॥ ੪੩ ॥

ਹੇਲਾ ਝਾਲ ਅਰਿਨਿ ਸੋਂ ਅਰਿ ਅਰਿ[1]।
ਪਿਖਹਿਂ ਤੁਮਹਿਂ ਭਾਗਹਿਂਗੇ ਡਰਿ ਡਰਿ।
ਘਣੀ ਮਾਰ ਕਰੀਯਹਿ ਰਣ ਲਰਿ ਲਰਿ।
ਜਿਸ ਤੇ ਭੈ ਧਰਿ ਕੰਪੈਂ ਥਰ ਥਰ' ॥ ੪੪ ॥

[1]ਵੈਰੀਆਂ ਨਾਲ ਅੜ ਅੜ ਕੇ।

ਇਸ ਪ੍ਰਕਾਰ ਲਰਿਬੇ ਹੁਇ ਤਯਾਰ।
ਕਰਹਿਂ ਪ੍ਰਤੀਖਨ 'ਮੰਡਹਿਂ ਰਾਰ।'
[1]ਧੰਨ ਖਾਲਸਾ ਸਤਿਗੁਰ ਸਾਚਾ[2]।
ਰਸ ਉਤਸਾਹ[1] ਬਿਖੈ ਚਿਤ ਰਾਚਾ ॥ ੪੫ ॥

[1]ਕਵੀ ਜੀ ਕਹਿੰਦੇ ਹਨ:- [2]ਖਾਲਸਾ ਤੇ ਸਚੇ ਸਤਿਗੁਰੂ ਜੀ ਧੰਨ ਹਨ।

[1]ਭਾਵ ਬੀਰ ਰਸ ਤੋਂ ਹੈ ਕਿਉਂਕਿ ਬੀਰ ਰਸ ਦਾ ਸਥਾਈ ਭਾਵ 'ਉਤਸਾਹ' ਹੈ।

ਆਪ ਅਲਪ ਸ਼ੱਤ੍ਰੂ ਸਮੁਦਾਈ।
ਸਭਿ ਜਗ ਕੇ ਭਟ ਕੀਨਿ ਚਢਾਈ।
ਤਊ ਅਨੰਦਤਿ, ਨਹਿਂ ਦੁਚਿਤਾਈ।
ਸਾਵਧਾਨ ਭੇ ਹੋਤਿ ਲਰਾਈ[1]' ॥ ੪੬ ॥

[1]ਲੜਾਈ ਲਈ ਸਾਵਧਾਨ ਹੁੰਦੇ ਹਨ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰੁਤੇ 'ਜੰਗ ਤਿਆਰੀ' ਪ੍ਰਸੰਗ ਬਰਨਨੰ ਨਾਮ ਅਸ਼ਟਮੋ ਅੰਸੂ ॥ ੮ ॥

੯. [ਜੰਗ ਅਰੰਭ]

੮<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੦

ਦੋਹਰਾ:

ਪੁਰਿ ਸਿਰੰਦ ਤੇ ਚਢਿ ਚਲਜੋ, ਲਸ਼ਕਰ ਬਡੋ ਬਟੋਰਿ।
ਖ਼ਾਨ ਵਜੀਦਾ ਕ੍ਰੋਧ ਕੈ, ਗਮਨਿ ਅਨੰਦਪਰਿ ਓਰ ॥੧॥

ਚੌਪਈ:

ਸੰਗ ਚਾਰ ਸੈ ਅਰੁ ਪੰਚਾਸ[1]।
ਬਜੇ ਨਗਾਰੇ ਧੁਨਿ ਬਡ ਤਾਸ।
ਇਤਨੇ ਹੀ ਨਿਸ਼ਾਨ ਫਹਿਰਾਇ।
ਨਿਜ ਨਿਜ ਮਿਸਲਨਿ ਅੱਗ੍ਰ ਚਲਾਇ ॥੨॥

[1]੪੫੦ (ਨਗਾਰੇ)।

ਪੈਦਲ ਚਲਤਿ ਤੁਫ਼ੰਗ ਸੰਭਾਰੇ।
ਤਜਾਰ ਤੁਰੰਗਮ ਪਰ ਅਸਵਾਰੇ।
ਤੋਪੈਂ ਚਲੀ ਅਨੇਕ ਪ੍ਰਕਾਰੀ।
ਉਮਡਜੋ ਦਲ ਜਲ ਸਮ ਬਹੁ ਬਾਰੀ[1] ॥੩॥

[1]ਸਮੁੰਦ੍ਰ ਦੇ ਜਲ ਵਾਂਙ।

ਦੁੰਦਭਿ ਬਜਹਿਂ, ਪਟਹਿ, ਸ਼ਰਨਾਈ।
ਰਣਸਿੰਘੇ ਬਾਜਹਿਂ ਸਮੁਦਾਈ।
ਮਹਾਂ ਕੁਲਾਹਲ ਚਾਲਤਿ ਹੋਵਾ।
ਉਡੀ ਧੂਲ ਨਹਿਂ ਸੂਰਜ ਜੋਵਾ ॥੪॥
ਕੈ ਘਨ ਘਟਾ ਬਿਥਰਿ ਕਰਿ ਚਾਲੀ।
ਸ਼ਸਤ੍ਰ ਦਮੰਕਤਿ[†]ਛਟਾ ਬਿਸਾਲੀ।
ਬਡੋ ਰੌਰ ਭਾ ਮਾਰਗ ਮਾਂਹੀ।
ਕਹੀ ਬਾਤ ਸੁਨਿਯਤਿ ਕੁਛ ਨਾਂਹੀ ॥੫॥

[†]ਪਾ:-ਸ਼ਸਤਰ ਦਮਕਤ।

ਕੈ ਜਲ ਉਮਡਜੋ ਬਡੋ ਸਮੁੱਦ੍ਰ।
ਬੰਧੇ ਟੋਲ ਤਰੰਗ ਅਛੁੱਦ੍ਰ[1†]।
ਗਨ ਦੇਸ਼ਨਿ ਕੇ ਆਯੁਧ ਧਾਰੀ।
ਕਹੇ ਸ਼ਾਹ ਉਮਡੇ ਇਕ ਵਾਰੀ ॥੬॥

[1]ਫੌਜ ਦੇ ਟੋਲੇ ਬੰਨ੍ਹੇ ਹੋਏ ਇਕ ਵੱਡੇ ਤਰੰਗ ਹਨ। [ਅ+ਕੁਸ਼ਦ੍ਰ=ਨਾ ਛੋਟੇ]। [†]ਪਾ:-ਅਰਛਿੱਦ੍ਰ। ਆਛੰਦ੍ਰ।

ਜਥਾ ਇੰਦ੍ਰ ਕੀ ਆਗਜਾ ਪਾਇ।
ਨਭ ਮਹਿਂ ਚਲੇ ਮੇਘ ਸਮੁਦਾਇ।
ਕਰਤੇ ਮਜ਼ਲ ਸਿਵਰ ਕੋ ਪਾਵੈਂ।
ਹਿਤ ਅਰਾਮ ਕੇ ਨਿਸਾ ਬਿਤਾਵੈਂ ॥੭॥

ਰੋਪਰ ਉਲੰਘਿ ਸਿਰੰਦੀ ਲਸ਼ਕਰ।
ਉਤਰਜੋ ਸਿਵਰ ਅੱਗ੍ਰ ਕੁਛ ਹ੍ਵੈ ਕਰਿ।
ਜ਼ਬਰਦਸਤ ਖਾਂ ਲਵਪੁਰਿ ਤਜਾਗਾ।
ਗਮਨਜੋਂ ਲਰਨ ਜੰਗ ਅਨੁਰਾਗਾ ॥ ੮ ॥
ਪੈਦਲ ਗਨ ਤੁਰੰਗਨਿ ਕੀ ਸੈਨਾ।
ਚਲੇ ਸ਼ੀਘ੍ਰ ਛਾਈ ਰਜ ਗੈਨਾ[1]।
ਤੋਪੈਂ ਤੁਪਕ ਅਨੇਕ ਪ੍ਰਕਾਰੇ।
ਲੇ ਕਰਿ ਚਢ੍ਯੋ ਕਟਕ ਭਟ ਭਾਰੇ ॥ ੯ ॥
ਚਾਰ ਸੈਂਕਰੇ ਅਰੁ ਪੰਚਾਸਾ।
ਦੁੰਦਭਿ ਬਾਜੇ ਸ਼ਬਦ ਪ੍ਰਕਾਸ਼ਾ।
ਢੋਲ ਪਟਹਿ ਤੁਰਰੀ ਕਰਨਾਈ।
ਬਾਜਿ ਉਠੇ ਬਾਦਿਤ[1] ਸਮੁਦਾਈ ॥ ੧੦ ॥
ਇਤਨੇ ਹੀ ਨਿਸ਼ਾਨ ਪ੍ਰਸਥਾਨੇ।
ਛੋਰੇ ਪਟ ਛੂਟਤਿ ਫਹਿਰਾਨੇ।
ਲਸ਼ਕਰ ਕੇ ਆਗੂ ਹੁਇ ਚਾਲੇ।
ਕਰਤਿ ਕੂਚ ਉਠਿ ਰੌਰ ਬਿਸਾਲੇ ॥ ੧੧ ॥
ਮਾਰਗ ਉਲੰਘਿ ਜਥਾ ਕ੍ਰਮ ਸਾਰਾ।
ਡੇਰਾ ਨਦੀ ਕਿਨਾਰੇ ਡਾਰਾ।
ਨੌ ਸੈ ਦੁੰਦਭਿ ਦੁਇ ਦਲ ਕੇਰੇ।
ਨੌ ਸੈ ਝੰਡੇ ਝੁਲਹਿੰ ਅਗੇਰੇ ॥ ੧੨ ॥
ਆਨੰਦਪੁਰਿ ਕੇ ਦ੍ਵੈ ਦਿਸ਼ਿ ਆਏ[1]।
ਦੂਰ ਦੂਰ ਸੇ ਪਰਹਿੰ ਦਿਸਾਏ।
ਦਿਸ਼ਾ ਤੀਸਰੀ ਸੈਲਨਿ ਸੈਨਾ।
ਭੀਮ ਚੰਦ ਅਵਿਲੋਕੇ ਨੈਨਾ ॥ ੧੩ ॥
ਸਭਿ ਰਾਜਨ ਕੋ ਭਲੇ ਸੰਭਾਰਿ।
ਚਢਿਬੇ ਹਿਤ ਤਬਿ ਲੀਨ ਹਕਾਰਿ।
ਗਜ ਬਾਜੀਨ ਅਰੋਹਨਿ ਭਏ।
ਇਕ ਥਲ ਮੇਲ ਸਭਿਨਿ ਹੂੰ ਕਏ ॥ ੧੪ ॥
ਤੁਰਕਨਿ ਚਮੂੰ ਉਡੀਕਤਿ ਰਹੇ।
ਜਬਿ ਆਗਮਨ ਦੁਹਨ ਕੋ ਲਹੇ।
ਤਤਛਿਨ ਕਰਿ ਤਜਾਰੀ ਚਢਿ ਆਏ।
ਗਿਰ ਗਨ ਪਤੀ ਮੇਲ ਕਰਿ ਧਾਏ ॥ ੧੫ ॥

[1]ਅਕਾਸ਼ ਵਿਚ ਧੂੜ ਛਾਈ।
[1]ਵਾਜੇ।
[1]ਇਕ ਪਾਸੇ ਵਲੋਂ ਲਾਹੌਰ ਦਾ ਸੂਬਾ ਦੂਜੀ ਵਲੋਂ ਵਜੀਦਾ।

ਇਨ ਕੇ ਦੁੰਦਭਿ ਬਜੇ ਨਿਰਾਲੇ।
ਨਿਕਸੇ ਪਰਬਤ ਲੈ ਦਲ ਜਾਲੇ।
ਜ਼ਬਰਦਸਤ ਖਾਂ ਉਤਰਯੋ ਪਾਰ।
ਸਭਿ ਲਸ਼ਕਰ ਤਰਿ[1] ਸਲਿਤਾ ਬਾਰ ॥੧੬॥

[1]ਤਰਕੇ।

ਦੋਨੋ ਸੂਬੇ ਮਿਲਿ ਇਕ ਥਾਇਂ।
ਕਰੀ ਸੁਚੇਤ ਚਮੂੰ ਸਮੁਦਾਇ।
ਸਭਿ ਬਿਧਿ ਕੀ ਮਸਲਤਿ ਗਿਨ ਕਰਿ ਕੈ।
ਗਮਨੇ ਮਗ ਗਜ ਬਾਜੀ ਚਰਿ ਕੈ ॥੧੭॥

ਕਬਿੱਤ:

[1]ਕਵੀ ਜੀ ਨੇ ਇਸ ਕਬਿੱਤ ਵਿਚ ਸਮੁੰਦ੍ਰ ਦਾ ਰੂਪਕ ਬੱਧਾ ਹੈ:- [†]ਪਾ:-ਲਾਘਤ=ਉਲਾਂਘ।

[1]ਦੁੰਦਭਿ ਸ਼ਬਦ ਭੀਮ, ਘਾਲਤਿ[†] ਕਦੀਮ ਸੀਮ,
ਤੁਪਕ ਪਠੀ, ਅਸੀਮ ਮੀਨ ਤਨ ਛੁੱਦ੍ਰ ਕੋ[1†]।

[1]ਨਗਾਰੇ (ਜੋ ਵੱਜ ਰਹੇ ਹਨ ਸੋ ਸਮੁੰਦ੍ਰ ਦਾ) ਭਯਾਨਕ ਸ਼ਬਦ ਹੋ ਰਿਹਾ ਹੈ। (ਕਵਾਇਦ ਕਰਦਿਆਂ ਕਵਾਇਦ ਦੇ ਕਾਇਦਿਆਂ ਵਿਚ ਬੱਧੇ ਸਿਪਾਹੀ ਜੋ) ਕਦਮ ਧਰਦੇ ਹਨ (ਸੋਈ ਸਮੁੰਦ੍ਰ ਦੀ ਹਦ ਬੰਦੀ) ਹੈ, ਬੰਦੂਕਾਂ (ਮਾਨੋਂ) ਮੱਛੀਆਂ ਹਨ। ਯਮ ਰੂਪ ਤਲਵਾਰਾਂ ਮਾਨੋਂ ਛੋਟੀਆਂ ਮੱਛੀਆਂ ਦੇ ਸਰੀਰ ਹਨ। [ਕਦੀਮ=ਅ਼ਰਬੀ ਪਦ ਕ਼ਦਮ ਨੂੰ ਕਵੀ ਜੀ ਨੇ ਕਦੀਮ ਲਿਖਿਆ ਹੈ। ਪਠੀ=ਮੱਛੀ। (ਸੰਸ:, ਪਾਠੀਨ)। ਅਸੀਮ=ਯਮ ਰੂਪ ਤਲਵਾਰ (ਸੰਸ:, ਅਸੀ=ਤਲਵਾਰ। ਮ=ਯਮ)। (ਅ) ਪਠੀ ਅਸੀਮ=ਜੋ ਬੇਹੱਦ ਬੰਦੂਕਾਂ ਘੱਲੀਆਂ ਹਨ]। [†]ਸ਼ੁਧ ਪਾਠ ਐਉਂ ਚਾਹੀਏ:-ਤੁਪਕ ਪਠੀਨ ਅਸੀ ਮੀਨ ਤਨ ਛੁੱਦ੍ਰ ਕੋ। ਅਰਥ:-ਬੰਦੂਕਾਂ ਮੱਛੀਆਂ ਹਨ, ਤਲਵਾਰਾਂ ਨਿੱਕੀਆਂ ਮੱਛੀਆਂ ਦੇ ਸਰੀਰ ਹਨ।

ਤੋਪੈਂ ਮਹਾਂ ਨੱਕ੍ਰ ਤੁੰਡ ਪਸਰੇ ਅਬੱਕ੍ਰ ਜਿਨ,
ਸਿਪਰੈਂ ਕਮਠ ਬੇਗ ਧਾਵਤਿ ਅਮੁੱਦ੍ਰ ਕੋ[1]।

[1]ਵੱਡੀਆਂ ਤੋਪਾਂ ਜਿਨ੍ਹਾਂ ਦੇ ਮੂੰਹ ਸਿੱਧੇ ਪਸਰ ਰਹੇ ਹਨ (ਮਾਨੋਂ) ਮਗਰਮੱਛ ਹਨ, ਢਾਲਾਂ (ਮਨੋਂ) ਕੱਛੂਕੁੰਮੇ ਹਨ ਜੋ ਰੋਕ ਤੋਂ ਬਿਨਾਂ ਕਾਹਲੇ ਦੌੜਦੇ ਹਨ। [ਨੱਕ੍ਰ=ਮਗਰਮੱਛ। ਅਬੱਕ੍ਰ=ਸਿੱਧੇ। (ਸੰਸ:, ਅ=ਨਹੀਂ। ਵੱਕ੍ਰ=ਟੇਢੇ)। ਸਿਪਰ=ਢਾਲ। ਕਮਠ=ਕੱਛੂ। ਅਮੁਦ੍ਰ=ਜੋ ਨਾ ਰੁਕੇ (ਸੰਸ:, ਆ=ਨਹੀਂ। ਮੁੱਦ੍ਰ=ਰੋਕ)]।

ਸੁਧੁਜਾ ਮਤੰਗ ਤੁੰਗ ਸੈਲ ਹੈਂ ਸਪੰਖ ਰੰਗ,
ਤੋਮਰ ਭੁਜੰਗ ਹੈਂ, ਤੁਰੰਗ ਜੰਤੁ ਰੁੱਦ੍ਰ ਕੋ[1]।

[1]ਰੰਗਦਾਰ ਝੰਡੀਆਂ ਵਾਲੇ ਹਾਥੀ (ਮਾਨੋਂ) ਖੰਭਾਂ ਵਾਲੇ ਉਚੇ ਪਹਾੜ ਹਨ, ਤੋਮਰ (ਮਾਨੋਂ) ਸੱਪ ਹਨ, ਘੋੜੇ (ਮਾਨੋਂ ਸਮੁੰਦ੍ਰ ਦੇ) ਭਯਾਨਕ ਜੰਤੂ ਹਨ। [ਰੁਦ੍ਰ=ਭਯਾਨਕ। ਜੰਤੁ=ਜੰਤੂ, ਜੀਵ]।

ਗੁਰੂ ਕੋਪ ਤਵਾ ਪੈ ਪਰਨਿ ਧਾਏ ਜੋਰ ਕਰਿ
ਚਲ੍ਯੋ ਦਲ ਆਇ ਕੈਧੋਂ ਜਲ ਹੈ ਸਮੁੱਦ੍ਰ ਕੋ[1] ॥੧੮॥

[1]ਗੁਰੂ ਕੇ ਕ੍ਰੋਧ ਰੂਪੀ ਤਵੇ ਉਤੇ ਪੈਣ ਲਈ ਜ਼ੋਰ ਲਾਕੇ ਮਾਨੋਂ ਦਲ ਭੱਜਾ ਜਾ ਰਿਹਾ ਹੈ ਕਿ ਕਿਤੇ ਸਮੁੰਦਰ ਦਾ ਜਲ ਹੈ। [ਤਵਾ=ਲੋਹੇ ਦਾ ਚੱਕ੍ਰਾਕਾਰ ਟੁਕੜਾ ਜੋ ਅੱਗ ਤੇ ਧਰੀਦਾ ਹੈ। ਇਸ਼ਾਰਾ ਹੈ ਉਸ ਤਵੇ ਵਲ ਜਿਸ ਦੀ ਬਾਬਤ ਖਿਆਲ ਹੈ ਕਿ ਸੱਤ ਸਮੁੰਦ੍ਰ ਕੱਠੇ ਹੋਕੇ ਇਕ ਗੜਾੜ ਵਿਚ ਪੈਣ ਤੇ ਉਸ ਗੜਾੜ ਹੇਠ ਇਕ ਤਵਾ ਹੋਵੇ ਤੇ ਉਸ ਤਵੇ ਪਰ ਇਹ ਪਾਣੀ

ਇਕ ਬੂੰਦ ਵਾਂਙੂ ਪੈਕੈ ਸੜ ਜਾਵੇ। ਭਾਵੇਹ ਕਿ ਸਮੁੰਦ੍ਰ ਸਮਾਨ ਦਲ ਗੁਰੂ-ਕੋਪ ਰੂਪੀ ਤੱਤੇ ਤਵੇ ਤੇ ਬੂੰਦ ਵਾਂਙੂ ਸੜੇਗਾ। ਇਸ ਤਵੇ ਦਾ ਅਲੰਕਾਰ ਭਾਈ ਗੁਰਦਾਸ ਜੀ ਨੇ ਵਾਰ ੨੫ ਪੌ: ੧੫ ਵਿਚ ਵਰਤਿਆ ਹੈ]।

[1]ਦੀਰਘ ਦਮਾਮੇ ਧੁਨਿ ਹੋਤਿ ਹੈ ਗੰਭੀਰ ਤਾ ਮੈਂ
ਘੋਖ ਹੈ ਬਿਸਾਲ ਜਾਮੇ ਚਲ੍ਯੋ ਦਲ ਆਵਈ।

[1]ਹੁਣ ਕਵੀ ਜੀ ਬੱਦਲ ਦਾ ਰੂਪਕ ਬੰਨ੍ਹਦੇ ਹਨ। ਅਰਥ ਦੂਸਰੀ ਤੁਕ ਤੋਂ ਐਉਂ ਚੱਲੇਗਾ:-ਅਥਵਾ ਪਾਤਸ਼ਾਹ ਦੇ ਹੁਕਮ ਨੇ ਪੌਣ ਬਣਕੇ ਘਨਘੋਰ ਘਟਾਂ (ਰੂਪੀ ਦਲਾਂ) ਨੂੰ ਪ੍ਰੇਰਿਆ ਹੈ ਜੋ ਉਸ ਦੇ ਅਗੇ ਅਗੇ ਉਮਡੇ ਆ ਰਹੇ ਹਨ। ਜਿਸ ਵੱਡੇ ਦਲ ਵਿਚ ਵੱਡੇ ਦਮਾਮਿਆਂ ਦੀ ਧੁਨਿ (ਐਉਂ) ਹੋ ਰਹੀ ਹੈ ਕਿ ਮਾਨੋਂ (ਬੱਦਲਾਂ ਦੀ) ਗੰਭੀਰ ਘੋਖ (ਗਰਜ) ਉਠ ਰਹੀ ਹੈ (ਤੇ ਉਹ ਦਲ) ਚੜ੍ਹਿਆ ਆ ਰਿਹਾ ਹੈ। ਤੋਪਾਂ ਦੀ ਆਵਾਜ਼ ਮਾਨੋਂ ਘੜੀ ਮੁੜੀ ਬਿਜਲੀ ਪੈ ਰਹੀ ਹੈ, ਪਲੀਤਿਆਂ ਦੀ ਅੱਗ ਦਾ ਧੁਖਣਾਂ (ਬਿਜਲੀ ਦੀ) ਚਮਕ ਹੈ। ਸੁਹਣਾ ਅਨੰਦਪੁਰ ਮਾਨੋਂ ਉਚਾ ਪਰਬਤ ਹੈ ਜਿਸ ਪਰ (ਦਲ ਰੂਪੀ ਬੱਦਲ) ਗੋਲੇ ਗੋਲੀਆਂ ਰੂਪ ਓਲੇ ਵਰਸਾਏ ਚਾਹੁੰਦਾ ਹੈ।

ਕੈਧੌਂ ਘਨ ਘਟਾ ਬਨਿ ਸ਼ਾਹੁ ਕੋ ਹੁਕਮ ਪੌਨ
ਪ੍ਰੇਰੇ ਕੀਨ ਤਾਂਹੀ ਕੇ ਅਗੇਰੇ ਉਮਡਾਵਈ।
ਤੋਪਨ ਅਵਾਜ ਮਾਨੋ ਗਾਜ ਪਰੈ ਬਾਰ ਬਾਰ,
ਪਾਵਕ ਪਲੀਤੇ ਕੀ ਧੁਖਤਿ ਚਮਕਾਵਈ।
ਸੁੰਦਰ ਅਨੰਦ ਪੁਰਿ ਸੈਲ ਜਥੋਂ ਬਿਲੰਦ ਪਰ
ਗੋਰੀ ਗੋਰੇ ਓਰੇ ਕੋ ਚਹਤਿ ਬਰਖਾਵਈ[1] ॥੧੯॥

[1]ਇਸ ਕਬਿੱਤ ਸਾਰੇ ਦਾ ਅਰਥ ਪਿਛਲੇ ਪੰਨੇ ਦੇ ਅੰਕ ੫ ਵਿਚ ਆ ਚੁੱਕਾ ਹੈ।

ਦੋਹਰਾ:
ਇਤ ਤੇ ਲਸ਼ਕਰ ਉਮਡਿ ਕੈ, ਤੁਰਕਾਨੇ ਕੋ ਆਇ।
ਉਤ ਤੇ ਸਕਲ ਪਹਾਰੀਏ, ਮਿਲਿ ਕੈ ਦਲ ਸਮੁਦਾਇ ॥੨੦॥

ਕਬਿੱਤ:
ਦਲ ਦਿੱਲੀਏਸ਼ ਅਚਲੇਸ਼ ਦੋਊ[1] ਮਿਲਿ ਧਾਏ

[1]ਦਿਲੀਪਤੀ ਤੇ ਪਹਾੜੀਏ ਰਾਜੇ ਦੋਹਾਂ ਦਾ ਦਲ।

ਧੁਰਵਾ ਸੇ[1] ਧੌਂਸਾ ਕੀ ਧੁੰਕਾਰ ਉਠੈ ਘੋਰ ਘੋਰ।

[1]ਬੱਦਲ ਵਰਗੇ।

ਬਾਂਧੇ ਬਡੇ ਠੱਟ ਭੱਟ ਘੱਟ ਕੇ ਸੰਘਟ ਜੁਟ,
ਲੋਹ ਕੀ ਚਮਕ ਛਟਾ ਛਬਿ ਭਾਂਤਿ ਕੋਰਿ[1] ਕੋਰਿ।

[1]ਲੋਹੇ ਦੀ ਚਮਕ ਮਾਨੋਂ ਬਿਜਲੀ ਦੀ ਕ੍ਰੋੜ ਕ੍ਰੋੜ ਭਾਂਤ ਦੀ ਛਬੀ ਹੋ ਰਹੀ ਹੈ।

ਗੋਰੇ ਪਰੈਂ ਓਰੇ[1], ਧੂੰਮ[2] ਅਧਿਕ, ਅੰਧੇਰੋ ਧੂਲ[3],

[1]ਗੋਲੇ ਮਾਨੋਂ ਗੜੇ ਪੈਂਦੇ ਹਨ। [2]ਧੂੰਆਂ। [3]ਧੂੜ।

ਹਲਕੇ ਹਰੌਲ ਹਲਾਹਲੀ ਉਠੈ ਲੋਰਿ ਲੋਰਿ।
ਤੌ ਲੌ ਹੀ ਬਨਾਵ[1] ਸ਼੍ਰੀ ਗੋਬਿੰਦ ਸਿੰਘ ਰਾਉ ਜੌ ਲੌ
ਛੋਡੈ ਨ ਸਮੀਰ ਤੀਰ ਜੇਹ ਮਾਂਹਿ ਜੋਰਿ ਜੋਰਿ[†] ॥੨੧॥

[1]ਤਦ ਤਕ ਹੀ (ਇਨ੍ਹਾਂ ਸਭਨਾਂ ਦਾ) ਬਨਾਉ ਹੈ।

[†]ਇਹ ਕਬਿੱਤ ਪਿਛੇ ਆ ਚੁੱਕਾ ਹੈ। ਅਰਥ ਓਥੇ ਸਾਰੇ ਦਾ ਲੱਗਾ ਹੋਯਾ ਹੈ। ਦੇਖੋ ਰਾਸ ੬ ਅੰਸੂ ੧, ਅੰਕ ੧੩, ਪਾਠਾਂ ਦਾ ਫਰਕ ਕੇਵਲ ਇਤਨਾ ਹੈ:-
ਦਲ ਦਿਲੀਏਸ। ਦਲ ਜੇ ਦਲੇਸ਼।
ਅਰਥ ਦੋਹਾਂ ਦਾ ਇਕੋ ਹੈ। ਉਠੈ ਲੋਰਿ ਲੋਰਿ। ਉਠੈ ਠੌਰ ਠੌਰ। 'ਠੌਰ ਠੌਰ' ਦਾ ਅਰਥ ਹੈ 'ਥਾਓਂ ਥਾਈਂ'। 'ਲੋਰਿ ਲੋਰਿ' ਦਾ ਅਰਥ 'ਚਾਹ ਚਾਹ ਕੇ'।

ਰਾਜੇ, ਗਨ ਰਾਣੇ, ਰਾਵ, ਮੀਏਂ ਜੇ ਹਜ਼ਾਰੋਂ ਨਾਵ,
ਧਾਏ ਚਿਤ ਚਾਵ ਕਰਿ, ਹੇਰਿ ਤੁਰਕਾਨ ਕੋ।
ਗੂਜਰ ਸਮੂਹ ਮਹਿਂ ਰੰਘੜ ਹੰਕਾਰ ਭਰੇ,
ਬਾਈਧਾਰ ਜੋਧੇ ਲੀਨਿ ਸੰਗ ਲੇ ਪ੍ਰਜਾਨ ਕੋ।
ਸੱਯਦ, ਪਠਾਨ, ਸ਼ੇਖ, ਮੁਗ਼ਲ ਬਿਸੇਖ ਮਿਲਿ,
ਕਾਬਲੀ ਕੰਧਾਰੀ ਯੇ ਮਲੇਛ ਕਿਰਮਾਨ ਕੌ[1]।

[1]ਕਿਰਮਾਨ ਦੇ ਮਲੇਛ [ਈਰਾਨ ਵਿਚ ਕਿਰਮਾਨ ਨਾਮੇ ਇਕ ਸੂਬਾ ਤੇ ਸ਼ਹਿਰ ਹੈ ਜੋ ਉਸ ਦੇ ਦੱਖਣ ਪੂਰਬ ਨੂੰ ਹੈ, ਇਰਾਕ ਅਜਮ ਵਿਚ ਹਮਦਾਮ ਦੇ ਨੇੜੇ ਇਕ ਕਿਰਮਾਨ ਸ਼ਾਹ ਨਾਮੇ ਬੀ ਸ਼ਹਿਰ ਹੈ]।

ਦਾਉਜ਼ਈ[1] ਆਏ ਪੈ ਰੁਹੇਲੇ ਬੇਗ ਧਾਏ ਦਲ,

[1]ਦਾਊਦਜ਼ਈ।

ਮਿਲਿ ਕੈ ਫਿਰੀਦੀ[1], ਆਨਿ ਤੇਜ ਕੈ ਕਿਕਾਨ ਕੋ[2] ॥੨੨॥

[1]ਅਫ਼੍ਰੀਦੀ। [2]ਘੋੜੇ ਤੇਜ਼ ਕੀਤੇ।

ਦੂਰ ਦੂਰ ਡੇਰੇ ਕਰਿ, ਨੇਰੇ ਹ੍ਵੈ ਨ ਧਾਰਿ ਡਰ,
ਮਾਨੋ ਜਰਾਸੰਧ ਸ਼੍ਰੀ ਗੁਬਿੰਦ ਪਰ ਆਯੋ ਹੈ।
ਚਾਰੋਂ ਓਰ ਜਲ ਸਮ ਫੈਲਯੋ ਦਲ ਸਿੰਧ ਬਡੋ[1]
ਮਾਨਹੁਂ ਅਨੰਦਪੁਰ ਟਾਪੂ ਦਰਸਾਯੋ ਹੈ।
ਲਰਿਬੇ ਕੌ ਢੁਕੇ ਜਬਿ ਹੇਰੈਂ ਸਭਿ ਸਿੰਘ ਤਬਿ,
ਜ੍ਵਾਲਾਬੌਨਿ ਹਾਥ ਧਰੇ ਚਾਹਤਿ ਚਲਾਯੋ ਹੈ।

[1]ਸਮੁੰਦਰ ਵਰਗਾ ਵੱਡਾ ਦਲ।

ਸ਼ੁਤਰੀ ਨਗਾਰੇ ਪਰ ਮਾਰੇ ਚੋਬ ਨਾਦ ਭਾਰੇ,
ਸੂਬੇ ਦ੍ਵੈ ਨਿਹਾਰੇ, ਗੁਰੂ ਤ੍ਰਾਸ ਨਹਿਂ ਪਾਯੋ ਹੈ[1] ॥੨੩॥
[1]ਗੁਰੂ ਜੀ ਡਰੇ ਨਹੀਂ।

ਸ਼੍ਰੀ ਅਨੰਦਪੁਰਿ ਕੇ ਬਿਲੰਦ ਥਿਰੇ ਦੂਰ ਦੂਰ,
ਬ੍ਰਿੰਦ ਹੋਇ ਖਾਲਸਾ ਅਨੰਦ ਉਤਸਾਹ ਤੇ।
ਸੂਰਨਿ ਕੇ ਲਾਲੀ ਮੁਖ ਅਧਿਕ ਬਹਾਲੀ ਭਈ[1]
[1]ਕਾਇਮ ਹੋਈ ਭਾਵ ਰੌਣਕ ਵਾਲੀ ਹੋਈ ਯਾ ਪ੍ਰਗਟ ਹੋਈ।
ਧੀਰਜ ਬਿਸਾਲੀ ਨਹਿਂ ਹਾਲੀ ਗੁਰ ਪਾਹਿ ਤੇ[1]।
[1]ਗੁਰਾਂ ਦੇ ਪਾਸ ਹੋਣ ਤੇ ਧੀਰਜ ਨਾਂ ਹੱਲੀ।
ਭੀਰੁਨਿ ਕੋ[1] ਭਯੋ ਭਯ, ਛਾਤੀ ਧਰਕਾਤਿ ਬਹੁ,
[1]ਕਾਇਰਾਂ ਨੂੰ।
ਕੰਪ ਰਹਯੋ ਗਾਤ ਜਾਨੁ ਮ੍ਰਿੱਤੁ ਲੀਨ ਗ੍ਰਾਹ ਤੇ[1]।
[1]ਮਾਨੋਂ ਮੌਤ ਨੇ ਗ੍ਰਾਸ ਲਏ ਹਨ।
ਜੂਝਨਿ ਕੋ ਕੀਯੋ ਨੇਰ, ਚਾਹੈਂ ਭਟ ਭੇਰ ਭੂਰ[1],
[1]ਸਾਰੇ ਭਟ ਭੇੜ=) ਮੁਕਾਬਲਾ ਚਾਹ ਰਹੇ ਹਨ।
ਆਗੇ ਹੁਇ ਗ਼ਰੂਰ ਸੂਰ ਮਾਰਨ ਕੋ ਚਾਹਤੇ ॥੨੪॥

ਥੋਰੇ ਜਿਮ ਕੇਹਰੀ ਤੇ ਤ੍ਰਾਸਮਾਨ ਹੋਇ ਕਰਿ
ਬਨ ਮਿਰਗਾਵਲੀ ਤੇ ਆਏ ਸਮੁਦਾਇ ਹੈਂ।
ਪਕਰਯੋ ਪਲਾਯੋ ਚਹੈ[1], ਤੈਸੇ ਬਿਧਿ ਭਈ ਆਇ,
[1]ਪਕੜਨਾ ਯਾ (ਸ਼ੇਰ ਨੂੰ) ਭਜਾਯਾ ਚਾਹੁਣ।
ਸੂਬੇ ਦੋਊ ਰਾਜੇ ਸਭਿ ਦੇਖੈਂ ਨਿਜ ਦਾਇ ਹੈ।
ਸ਼੍ਰੀ ਮੁਖ ਹੁਕਮ ਕੀਨ, 'ਤੋਪਚੀ! ਬਿਲੋਕਿ ਨੀਕੇ,
ਜਹਾਂ ਖਰੋ ਟੋਲ ਤਹਾਂ ਗੋਰੇ ਕੋ ਪੁਜਾਇ ਹੈ।
ਸਮੁਖ ਥਿਰਨ ਨਹੀਂ ਦੇਹੁ ਰਿਪੁ ਪੁੰਜ ਹੂੰ ਕੋ,
ਕਰੋ ਇਨ ਤ੍ਰਾਸ ਆਸ ਪਾਸ ਹੋਇ ਜਾਇ ਹੈਂ[1]' ॥੨੫॥
[1]ਇਨ੍ਹਾਂ ਨੂੰ ਡਰ ਦਿਓ ਇਹ ਆਸੇ ਪਾਸੇ (ਪਰੇ) ਹੋ ਜਾਣਗੇ।

ਆਗਜਾ ਸੁਨਿ ਪ੍ਰਭੂ ਕੀ ਸੁ ਤੋਪ ਹੁਤੀ ਤਯਾਰ ਤਬਿ
ਸ਼ਿਸਤ ਕੋ ਬਾਂਧਿ ਬਾਂਧਿ ਅਗਨਿ ਲਗਾਇ ਕਰਿ।

ਤੂਰਨ ਪਲੀਤਾ ਉਠਯੋ ਗਾਜ ਸਮ ਨਾਦ ਭਯੋ
ਗੋਰਾ ਚਲ੍ਯੋ ਸ਼ੂੰਕਤਿ ਸਬੇਗ ਤਹਿਂ ਜਾਇ ਕਰਿ।
ਦੇਖੈਂ ਦੁਹੂੰ ਓਰ ਕੇ ਅਨੇਕ ਸੂਰਬੀਰ ਭਾਰੀ,
ਲਗ੍ਯੋ ਆਇ ਦੂਰ ਤੇ ਦਿਯੋ ਹੈ ਉਥਲਾਇ ਕਰਿ।
ਤ੍ਰਾਸ ਉਪਜਾਇ ਕਰਿ ਇਤੇ ਉਤ ਧਾਇ ਕਰਿ,
ਬੋਲ੍ਯੋ ਹੈ[1] ਰਿਸਾਇ ਕਰਿ 'ਮਾਰਹੁ ਚਲਾਇ ਕਰਿ[2]' ॥੨੬॥

[1]ਸੂਬਾ) ਬੋਲਿਆ। [2]ਤੋਪ) ਚਲਾਕੇ ਮਾਰੋ।

ਸੂਬਨਿ ਤੇ ਸੁਨਿ ਕੈ ਅਗਾਊ ਧਾਇ ਜਾਇ ਪਰੇ
ਜਹਾਂ ਬੰਧਿ ਮੋਰਚੇ ਥਿਰ੍ਯੋ ਹੈ ਬੀਚ ਖਾਲਸਾ[1]।

[1]ਅੱਗੇ ਨੂੰ ਵਧਕੇ ਜਾ ਪਏ ਜਿੱਧਰ ਮੋਰਚੇ ਬੱਝ ਰਹੇ ਸਨ, ਵਿਚ ਖਾਲਸਾ ਖੜਾ ਸੀ।

ਤੁਪਕਨ[1] ਤਜਾਰ ਹੁਤੀ, ਏਕ ਬਾਰ ਛੋਰੀ ਮਿਲਿ,

[1]ਸਿੰਘਾਂ ਦੀਆਂ ਬੰਦੂਕਾਂ।

ਤੜਾਭੜ ਨਾਦ ਭਯੋ ਤਜਾਗ ਦੀਨ ਆਲਸਾ[1]।

[1]ਭਾਵ ਛੇਤੀ ਛੇਤੀ ਚਲਾਈਆਂ।

ਸਿੰਘ ਥਿਰੇ ਓਟ ਲੈ[1], ਮਲੇਛ ਲੱਛ ਢੁਕੇ ਨੇਰ,

[1]ਅੰਕ ੨੯ ਵਿਚ ਓਟ ਦਾ ਪਤਾ ਦਿੱਤਾ ਹੈ।

ਜਾਨੈ ਮਨ ਸਾਰੇ ਗੁਰੂ ਹੋਇ ਅਬਿ ਕਾਲਸਾ।
ਸਮੁਖ ਮਦਾਨ ਬੀਚ ਹਾਨ ਭਏ ਪ੍ਰਾਨ ਤਜਿ,
ਲਾਗਿ ਲਾਗਿ ਗੋਰੀਆਂ ਗਿਰੇ ਹੈਂ ਤਰੁ ਡਾਲਸਾ[1] ॥੨੭॥

[1]ਲਗ ਲਗ ਕੇ ਗੋਲੀਆਂ ਬ੍ਰਿਛ ਦੇ ਟਾਹਣਿਆਂ ਸਮ ਡਿੱਗੇ।

ਸੈਯਾ:
ਪੁੰਜ ਤੁਰੰਗ ਨਚਾਇ ਧਵਾਇ ਕੈ
ਮਾਰਤਿ ਹੈਂ[1] ਢਿਗ ਹ੍ਵੈ ਕਰਿ ਗੋਰੀ।

[1]ਤੁਰਕ) ਮਾਰਦੇ ਹਨ।

ਤੀਰ ਸੜਾਸੜ ਛੂਟਤਿ ਹੈਂ ਇਮ
ਆਵਤਿ ਜਾਤਿ ਦੁਊਨ ਕੀ ਓਰੀ[1]।

[1]ਦੋਹਾਂ ਪਾਸਿਆਂ ਵਲੋਂ (ਤੀਰ) ਆਉਂਦੇ ਤੇ ਜਾਂਦੇ ਹਨ।

ਹੋਵਨਿ ਲਾਗ ਬਡੋ ਤਬਿ ਸੰਘਰ[1]

[1]ਜੰਗ।

ਤੂਰਨ ਤਜਾਗ ਤੁਫੰਗਨਿ ਛੋਰੀ।

ਛੂਟਤਿ ਹੀ ਤਤਕਾਲ ਲਗੇ ਅਰਿ
ਬੀਰਨ ਕੋ ਉਰ ਕੈ ਸਿਰ ਫੋਰੀ[1] ॥੨੮॥

[1]ਵੈਰੀ ਸੂਰਮਿਆਂ ਦਾ ਕਲੇਜਾ ਯਾ ਸਿਰ ਫੋੜਦੀਆਂ ਹਨ (ਗੋਲੀਆਂ)।

ਦੋਹਰਾ:
ਸਿੰਘ ਬੈਠਿ ਕਰਿ ਮੋਰਚੇ, ਓਟਾ ਰਚ੍ਯੋ ਬਨਾਇ।
ਬਿਨਾ ਓਟ ਸ਼ੱਤ੍ਰ[1] ਹਤੈਂ, ਗਿਰਹਿਂ ਦੜਾਦੜ ਜਾਇ ॥੨੯॥

[1]ਬਿਨ ਓਟੇ ਸ਼ੱਤ੍ਰੂਆਂ ਨੂੰ।

ਸੋਰਠਾ:
ਲਾਖਹੁਂ ਓਰੜ ਆਇ, ਮਿਲੇ ਮਲੇਛ ਪ੍ਰਹਾਰਤੇ।
ਨਿਫਲ ਵਾਰ ਸਭਿ ਜਾਇਂ, ਗੁਰ ਰੱਛ੍ਯਾ ਤੇ ਲਗਤਿ ਨਹਿ ॥੩੦॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰੁਤੇ 'ਜੰਗ ਪ੍ਰਸੰਗ' ਬਰਨਨੰ ਨਾਮ ਨਵਮੋ ਅੰਸੂ ॥੯॥

੧੦. [ਜੰਗ ਜਾਰੀ]

੯<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੧

ਦੋਹਰਾ:

ਛਿਰਯੋ ਜੰਗ ਭਟ ਭੇਰ ਭਾ, ਉਡੀ ਧੂਲ† ਅਸਮਾਨ। †ਪਾ:-ਧੂਮ।
ਦੁਤਿਯ ਧੂਮ ਬਾਰੂਦ ਕੋ, ਰਵਿ ਪ੍ਰਕਾਸ਼ ਭਾ ਹਾਨ[1] ॥੧॥
[1]ਦੂਜੇ ਬਰੂਦ ਦੇ ਧੂੰਏ ਕਰਕੇ ਸੂਰਜ ਦਾ ਪ੍ਰਕਾਸ਼ ਨਾਸ਼ ਹੋ ਗਿਆ।

ਰਸਾਵਲ ਛੰਦ:

ਭਯੋ ਅੰਧਕਾਰੰ। ਦਿਖੈ ਧੂੰਮ ਧਾਰੰ[1]। [1]ਧੂਆਂ ਧਾਰ ਹੀ ਦਿਖਾਈ ਦਿੰਦਾ ਹੈ।
ਮਹਾਂ ਧੂਮ[1] ਪਾਈ। 'ਹਲਾਹੱਲ' ਗਾਈ ॥੨॥
[1]ਰੌਲਾ।
ਛੁਟੈਂ ਬਾਨ ਗੋਰੀ। ਦੁਹੂੰ ਓਰ ਜੋਰੀ[1]।
[1]ਜੋੜਕੇ। (ਅ) ਜ਼ੋਰ ਨਾਲ।
ਘਨੇ ਘਾਵ ਲਾਗੇ। ਲਹੂ ਚੀਰ ਪਾਗੇ[1] ॥੩॥ [1]ਰੰਗੇ ਗਏ।
ਫਿਰੇ ਛੂਛ ਘੋਰੇ। ਜ਼ਰੀ ਜ਼ੀਨ ਬੋਰੇ[1]। [1]ਜਿਨ੍ਹਾਂ ਦੀਆਂ ਕਾਠੀਆਂ ਜ਼ਰੀ ਨਾਲ ਮੜ੍ਹੀਆਂ ਸਨ।
ਮਿਲੈਂ ਹੇਲ ਘਾਲੈਂ। ਪੁਕਾਰੈਂ ਬਿਸਾਲੈ ॥੪॥
ਡੰਡੈ ਮੋੜਿ ਤੋੜੇ। ਰਿਪੂ ਤੁੰਡ ਫੋੜੇ[1]†। [1]ਵੈਰੀਆਂ ਦੇ ਮੂੰਹ ਭਨ ਦਿੱਤੇ। †ਪਾ:-ਤੋੜੇ।
ਚਲੇ ਬਾਜ ਘੋੜੇ। ਨਹੀਂ ਜਾਇਂ ਮੋੜੇ ॥੫॥
ਕਿਊ ਪਾਇ ਗੇੜੇ। ਢੁਕੇ ਜਾਇ ਨੇੜੇ[1]। [1]ਕਈ ਗੇੜੇ ਪਾਕੇ ਸੂਰਮੇ ਨੇੜੇ ਜਾ ਢੁਕਦੇ ਹਨ।
ਲਗੇ ਅੱਗ੍ਰ ਗੋਰੀ। ਗਿਰੇ ਮੂੰਡ ਫੋਰੀ ॥੬॥
ਪਿਖੈਂ ਔਰ ਤ੍ਰਾਸੈਂ। ਨਹੀਂ ਜਾਇਂ ਪਾਸੈਂ।
ਕਹੂੰ ਬੀਰ ਗਾਜੇ। ਨਹੀਂ ਪਾਇ ਭਾਜੇ[1] ॥੭॥ [1]ਭੱਜਣਾ ਨਹੀਂ ਪਾਉਂਦੇ।
ਰੁਪੇ ਸਿੰਘ ਬੈਸੇ। ਛੁਧਾ ਸਿੰਘ ਜੈਸੇ।
ਸੰਭਾਰੈਂ ਤੁਫੰਗੈਂ। ਮਹਾਂ ਕ੍ਰੋਧ ਸੰਗੈ ॥੮॥
ਪਿਖੈਂ ਜਾਂਹਿ ਨੇਰੈ[1]। ਤਕੈਂ ਤਾਂਹਿ ਗੇਰੈਂ। [1]ਜਿਸ ਨੂੰ ਨੇੜੇ ਆਯਾ ਤੱਕਦੇ ਹਨ (ਸਿੰਘ)।
ਮਹਾਂ ਜੰਗ ਮਾਚਾ। ਰਜੰ ਸ਼੍ਰੋਣ ਰਾਚਾ ॥੯॥
ਭੂਮੀ ਗੀਧ ਆਈ। ਪਿਖਯੋ ਮਾਸ ਖਾਈ।
ਮਰੇ ਸੂਰ ਘੋਰੇ। ਪਰੇ ਪੇਟ ਫੋਰੇ ॥੧੦॥
ਕਿਸੂ ਟਾਂਗ ਟੂਟੀ। ਤੁਫੰਗਾਨਿ ਛੂਟੀ।
ਚਮੂੰ ਦੌਨ ਜੁਟੀ। ਪਰੀ ਮਾਰ ਕੂਟੀ[1] ॥੧੧॥ [1]ਮਾਰ ਕੁੱਟ ਪਈ।

ਜਬੈ ਹੇਲ ਡਾਰਾ। ਬਕੈਂ 'ਮਾਰ ਮਾਰਾ।'

ਮਲੇਛੰ ਸੁ ਲੱਛੈਂ[1]। ਭਏ ਸੋ ਪ੍ਰਤੱਛੈਂ[2] ॥ ੧੨ ॥ — [1]ਲੱਖਾਂ ਹੀ। [2]ਪ੍ਰਤੱਖ ਹੋਏ।

ਪ੍ਰਭੂ ਜੀ ਨਿਹਾਰੇ[1]। ਸੋ ਜੋਧਾ ਪ੍ਰਚਾਰੇ[2]। — [1]ਨੇ ਡਿੱਠਾ। [2]ਜੋਧਿਆਂ ਨੂੰ ਵੰਗਾਰਿਆ।

[1]ਉਦੇ ਸਿੰਘ ਆਦੰ। ਦਯਾ ਸਿੰਘ ਨਾਦੰ ॥ ੧੩ ॥ — [1]ਉਦੇ ਸਿੰਘ ਦਇਆ ਸਿੰਘ ਆਦਿਕਾਂ ਨੂੰ (ਤੁਰੀ ਦੀ) ਅਵਾਜ਼ ਦਿੱਤੀ (ਇਉਂ ਇਨ੍ਹਾਂ ਨੂੰ ਕੋਲ) ਸੱਦਿਆ। [ਨਾਦੰ ਤੋਂ ਮੁਰਾਦ ਹੈ ਜੰਗ ਵਿਚ ਦੂਰ ਅਪਨੀ ਸੈਨਾ ਦੇ ਯੋਧਿਆਂ ਨੂੰ ਤੁਰੀ ਆਦਿਕ ਦੇ ਸੰਕੇਤਕ ਬਜਾਉ ਨਾਲ ਅਪਣਾ ਮਤਲਬ ਸਮਝਾ ਦੇਣਾ]।

ਇਨੈ ਕੋ ਬੁਲਾਏ[੬]। ਥਿਰੇ[†] ਊਚ ਥਾਏ। — [†]ਇਥੇ ਕਵੀ ਜੀ ਗੁਰੂ ਜੀ ਦਾ ਉਚੇ ਟਿਕਾਣੇ ਖਲੋਕੇ ਜੰਗ ਨੂੰ ਦੇਖਣਾ ਜਿਸ ਵਿਚ ਬੰਦੂਕਾਂ, ਜੰਬੂਰੇ, ਜੰਜੈਲਾਂ ਚਲ ਰਹੇ ਸਨ ਦਾ ਵੇਰਵਾ ਦੱਸਕੇ ਤੇ ਅਗਲੀਆਂ ਸਤਰਾਂ ਵਿਚ ਗੁਰੂ ਜੀ ਦਾ ਉਨ੍ਹਾਂ ਦੋਹਾਂ ਪ੍ਰਤੀ ਹੁਕਮ ਦੇਣਾ ਵਰਣਨ ਕਰਦੇ ਹਨ।

ਪਿਖੈਂ ਜੰਗ ਮਾਚਾ। ਤੁਫੰਗੈਂ ਤਮਾਚਾ ॥ ੧੪ ॥

ਜੰਬੂਰਾਨ ਮਾਰੈਂ। ਜੰਜੈਲਾਂ ਪ੍ਰਹਾਰੈਂ[*]।

ਕਹ੍ਯੋ 'ਸ਼ੀਘ੍ਰ ਜਾਓ। ਮਲੇਛੈਂ ਹਟਾਓ ॥ ੧੫ ॥

ਭਰੇ ਛੋਭ ਆਏ। ਗਿਨੇ ਜੋ[1] ਨ ਜਾਏ। — [1]ਭਾਵ ਦੁਸ਼ਮਨ।

ਇਤੈ ਸਿੰਘ ਥੋਰੇ। ਰਿਪੂ ਪੁੰਜ ਘੋਰੇ[1] ॥ ੧੬ ॥ — [1]ਬਹੁਤੇ ਤੇ ਭਯਾਨਕ।

ਤੁਮਾਰੇ ਪਿਛਾਰੀ। ਸ਼ਹੀਦਾਨ ਭਾਰੀ।

ਬਡੋ ਆਇ ਹੱਲਾ। ਨਹੀ ਜਾਇ ਝੱਲਾ ॥ ੧੭ ॥

ਉਭੈ[1] ਅੱਗ੍ਰ ਜਾਵੋ। ਲਰਾਈ ਮਚਾਵੋ।' — [1]ਦੋਵੇਂ।

ਸੁਨੇ ਬਾਕ ਐਸੇ। ਬਲੰ ਪਾਇ ਜੈਸੇ ॥ ੧੮ ॥

ਨਮੋ ਠਾਨਿ ਚਾਲੇ। ਮਹਾਂ ਸ਼ੱਤ੍ਰ ਜਾਲੇ।

ਲਰੇ ਅੱਗ੍ਰ ਹੋਏ। ਸਭੈ ਬੀਰ ਢੋਏ ॥ ੧੯ ॥

ਤਹਾਂ ਦ੍ਵੈ ਭੁਜੰਗੀ[1]। ਗਹੇ ਹ੍ਵੈ ਨਿਸੰਗੀ। — [1]ਭਾਈ ਦਯਾ ਸਿੰਘ ਜੀ ਤੇ ਭਾਈ ਉਦੈ ਸਿੰਘ ਜੀ।

ਧਰੇ ਚਾਂਪ ਬਾਨਾ। ਕਰੇ ਓਜ ਤਾਨਾ ॥ ੨੦ ॥

ਮਲੇਛਾਨਿ ਮਾਰੈਂ। ਪਗੰ ਅੱਗ੍ਰਡਾਰੈਂ[1]। — [1]ਪੈਰ ਅਗੇ ਵਧਾਉਂਦੇ ਹਨ।

ਪਹੂਚੈ ਸੁ ਜਾਈ। ਪ੍ਰਚੰਡੈ ਲਰਾਈ ॥੨੧॥
ਪਾਧੜੀ ਛੰਦ:
ਥਿਰ ਜ਼ਬਰਦਸਤ ਅਰੁ ਖਾਂ ਵਜੀਦ।
ਰਣ ਪਿਖਹਿਂ ਚਮੂੰ ਆਪਨ ਰਸੀਦ[1]।
ਗਨ ਸੈਲਪਤੀ ਤਿਨ ਕੇ ਨਜੀਕ।
ਦਲ ਦੋਇ ਮਿਲੇ ਰਣ ਹੋਤਿ ਨੀਕ ॥੨੨॥
ਸ਼ਸਤ੍ਰਨ ਪ੍ਰਹਾਰ ਬਕ 'ਮਾਰ ਮਾਰ।'
ਕਸਿ ਕਸਿ ਤੁਫੰਗ ਗਨ ਡਾਰਿ ਡਾਰਿ।
ਕਰਿ ਰਵਾਂ ਦਸਤ ਤਕਿ ਦੇਤਿ ਛੋਰਿ।
ਤਬਿ ਪਰੇ ਤੁਰਕ ਕਰਿ ਹੇਲ ਜ਼ੋਰ ॥੨੩॥
ਉਤ ਉਦੈ ਸਿੰਘ ਤਿਨ ਸਮੁਖ ਆਇ।
ਕਰਿ ਅਧਿਕ ਕ੍ਰੋਧ ਸਰ ਗਨ ਚਲਾਇ।
ਪਿਖਿ ਤੁਰਕ ਹੇਲ ਭਾ ਰੇਲ ਪੇਲ।
ਬਿਚ ਮਿਲੇ ਸਿੰਘ ਨਹਿਂ ਭੇ ਪਿਛੇਲ[1] ॥੨੪॥
ਬਲ ਪਰਜੋ ਖਾਲਸੇ ਪਰ ਬਿਸਾਲ।
ਆਏ ਸ਼ਹੀਦ[1] ਗੁਰ ਹੁਕਮ ਨਾਲ।
ਕੁਛ ਬਹੀ ਬਾਯੁ ਪਿਖਿਯੰਤਿ ਨਾਂਹਿ।
ਇਕ ਬਾਰ ਮਾਰ[1] ਤੁਰਕਾਨਿ ਮਾਂਹਿ ॥੨੫॥
ਗਨ ਕਰਾਚੋਲ ਚਾਲੇ ਕਰਾਲ।
ਲਿਪਿ ਲਹੂ ਸੰਗ ਭੇ ਰੰਗ ਲਾਲ।
ਇਤ ਸਿੰਘ ਹਜ਼ਾਰਹੁੰ ਪਰ ਬਿਲੰਦ।
ਰਿਪੁ ਤੁਰਕ ਪਰੇ, ਲਾਖਹੁੰ ਨਿਕੰਦ[1] ॥੨੬॥
ਤਬਿ ਧਰੀ ਮਾਰਿ ਇਕਸਾਰ ਬੀਰ।
ਕਤਲਾਮ ਸ਼ਹੀਦਨ ਕੀਨਿ ਬੀਰ।
ਨਹਿਂ ਦਿਖਤਿ ਕੋਇ ਮਾਰੰਤਿ ਜੋਇ।
ਗਿਰ ਪਰਤਿ ਭੂਮ ਪਰ ਪ੍ਰਾਨ ਖੋਇ ॥੨੭॥
ਨਹਿਂ ਗਏ ਸਿੰਘ ਤਹਿਂ ਲੌ ਸੁ ਧਾਇ।

[1]ਪਹੁੰਚੀ ਹੋਈ।
[1]ਪਿਛੇ ਨਹੀਂ ਹਟੇ।
[1]ਭਾਵ ਗੁਪਤ ਸੰਸਾਰ ਦੇ ਜੋਧੇ।
[1]ਮਾਰ (ਮਚੀ)।
[1]ਕੱਟ ਦਿੱਤੇ।

ਜਹਿਂ ਅੱਗ੍ਰ ਸ਼ਹੀਦਨ ਮਾਰ ਪਾਇ।
ਕਟਿ ਗਿਰੇ ਤੁਰਕ ਰਣ ਮਹਿਂ ਹਜ਼ਾਰ।
ਕਰਿ ਰਹੇ ਓਜ ਹੱਥਜਾਰ ਮਾਰਿ ॥੨੮॥
ਗਿਰਤੇ ਮਰੰਤਿ ਦੇਖੰਤਿ ਬੀਰ।
-ਕਿਮ ਲਗੇ ਘਾਇ- ਨਹਿਂ ਲਖਤਿ ਧੀਰ।
ਅਟਕੈ ਨ ਕੋਇ ਘੋਰਾ ਨ ਸੂਰ।
ਕਟ ਗਿਰੇ ਪਿਖਤਿ ਮਿਲਿਯੰਤਿ ਧੂਰ ॥੨੯॥
ਜਬਿ ਭਈ ਸ਼ਹੀਦਨਿ ਕੀ ਰਸੀਦ[1]। [1]ਪਹੁੰਚ, ਭਾਵ ਜਦੋਂ ਸ਼ਹੀਦ ਆ ਪਹੁੰਚੇ।
ਬਿਸਮਾਇ ਰਹਯੋ ਤਬਿ ਖਾਂ ਵਜੀਦ।
ਕੁਛ ਜ਼ਬਰਦਸਤ ਨਹਿਂ ਕਹਿ ਸਕੰਤਿ।
'ਮਰਿ ਗਏ ਸ਼ੀਘ੍ਰ ਹਮ ਢਿਗ ਤਕੰਤਿ[1] ॥੩੦॥ [1]ਸਾਡੇ ਕੋਲ ਦੇਖਦਿਆਂ।
ਦਲ ਤੁਰਕ ਮਹਿਦ ਘਾਲਯੋ ਸੁ ਹੇਲ।
ਸਭਿ ਰਹੇ ਤਹਾਂ ਨਹਿਂ ਹਟਿ ਪਿਛੇਲ।
ਚਮਕੰਤਿ ਖੜਗ ਢਲਕੰਤਿ ਢਾਲ।
ਕਟਯੰਤਿ ਬੀਰ ਪਗਯੰਤਿ ਲਾਲ[1] ॥੩੧॥ [1]ਕਟੇ ਹੋਏ ਸੂਰਮੇ ਲਾਲ ਲਹੂ ਵਿਚ ਰਪ ਗਏ।
ਕੁਛ ਸਿੰਘ ਅਲਪ ਹੀ ਲਖਹਿ ਜਾਹਿਂ[1]। [1]ਜਿਥੇ ਸਿੰਘ ਥੋੜੇ ਹੀ ਦਿਸਦੇ ਹਨ।
-ਕਿਨ ਮਾਰ ਗੇਰ? ਦਿਖਿਯੰਤਿ ਨਾਂਹਿ-।
ਅਚਰਜ ਬਿਸਾਲ ਉਰ ਹੋਤਿ ਹੇਰਿ[1]। [1]ਦੇਖਕੇ।
ਗਿਰ ਪਰੇ ਬੀਰ ਖੇਤਹਿਂ ਬਡੇਰ' ॥੩੨॥
ਇਮ ਕਹਹਿਂ ਪਰਸਪਰ ਬਹੁ ਲਰਾਹਿਂ[1]। [1]ਲੜਨ ਲਗੇ।
ਜੁਰਿ ਗਏ ਸੁਭਟ ਮਿਟਤੇ ਸੁ ਨਾਂਹਿ।
ਕਟਿ ਕਟਿ ਪਰੰਤਿ ਚਾਲਹਿ ਕ੍ਰਿਪਾਨ।
ਬਹੁ ਪਰੀ ਲੋਥ ਭੈਰਵ ਸਥਾਨ ॥੩੩॥
ਗਨ ਰੁੰਡ ਮੁੰਡ ਕਹਿਂ ਤੁੰਡ ਖੰਡ[1]। [1]ਕਿਤੇ ਮੂੰਹ ਕੱਟੇ ਗਏ।
ਤਨ ਖੰਡ ਖੰਡ ਭੜਥੂ ਪ੍ਰਚੰਡ।
ਕਟਿ ਗਏ ਹਾਥ ਅਰੁ ਪਾਉਂ ਬ੍ਰਿੰਦ।
ਕੇਤਿਕ ਚੁਚਾਤਿ ਸ਼੍ਰੋਣਤਿ ਬਿਲੰਦ[1] ॥੩੪॥ [1]ਬਹੁਤ ਲਹੂ ਚੋਂਦਾ ਹੈ।
ਬਡ ਉਠਯੋ ਧੂਮ ਛੂਟੈਂ ਤੁਫੰਗ।
ਗੁਲਕਾਂ ਸੜਾਕ ਗੇਰੈਂ ਤੁਰੰਗ।

ਕੋ ਆਇ ਚੀਂਕਤੀ ਚੁਭਤਿ ਅੰਗ[1]। [1]ਚੀਕਦੀਆਂ (ਗੋਲੀਆਂ) ਆਕੇ ਅੰਗਾਂ ਵਿਚ ਚੁੱਭ ਜਾਂਦੀਆਂ ਹਨ।
ਨਹਿਂ ਬਚਹਿ ਪ੍ਰਾਣ ਹੁਇ ਪਰਤਿ ਭੰਗ ॥੩੫॥
ਬਹੁ ਫਿਰੀ ਜੋਗਨੀ ਸ਼੍ਰੋਨਪਾਨ।
ਲੇਤੀ ਡਕਾਰ ਮੁਖ ਕਰਤਿ ਗਾਨ।
ਗਨ ਭੂਤ ਪ੍ਰੇਤ ਨਾਚੰਤਿ ਆਇ।
ਭੈਰੋਂ ਕੁਰੂਪ ਅਪਨੋ ਦਿਖਾਇ ॥੩੬॥
ਚਾਂਵਡ ਚਿਕਾਰ[1], ਕੂਕੈਂ ਸ਼੍ਰਿੰਗਾਲਿ। [1]ਇੱਲਾਂ ਚੀਕਦੀਆਂ ਹਨ।
ਉਡਿ ਕਾਕ ਕੰਕ ਨਭ ਫਿਰਤਿ ਜਾਲ।
ਬਲ ਕਰਹਿਂ ਤੁਰਕ ਮਿਲਿ ਕੈ ਬਿਲੰਦ।
ਥਲ ਮੋਰਚਾਨਿ ਕੋ[1] ਲੇਂ ਨਿਕੰਦ ॥੩੭॥ [1]ਸਿੰਘਾਂ ਦੇ) ਮੋਰਚਿਆਂ ਦੀ ਥਾਂ ਨੂੰ।
'ਦੀਜੈ ਹਲਾਇ, ਥਿਰ ਸਿੰਘ ਥੋਰ।
ਕਰਿ ਕਰਾਚੋਲ ਕੀ ਮਾਰ ਘੋਰ।
ਕੋ ਰਹੈ ਅਟਕ ਲਸ਼ਕਰ ਬਿਸਾਲ।
ਸਮਰੱਥ ਜੀਤਬੇ ਜਗਤ ਜਾਲ ॥੩੮॥
ਅਵਰੰਗ ਮਹਾਂ ਸ਼ਾਹਾਨਸ਼ਾਹ।
ਤਿਹ ਸੰਗ ਅਰਨ ਅਰਿ ਓਜ ਕਾਹ[1]?' [1]ਅੜਨੇ ਦਾ ਬਲ ਕਿਸ ਵੈਰੀ ਵਿਚ ਹੈ।
ਇਮ ਕਹਿ ਰਿਸਾਇ ਬਡ ਹੇਲ ਡਾਰਿ।
ਕਟ ਗਿਰਤਿ ਮਰਤਿ ਅਸਿ ਮਾਰਿ ਮਾਰਿ ॥੩੯॥
ਫੂਟਹਿ ਪ੍ਰਚੰਡ ਬਹੁ ਮੁੰਡ ਤੁੰਡ।
ਤਨ ਖੰਡ ਖੰਡ ਹ੍ਵੈ ਕਰਿ ਬਿਹੰਡ[1]। [1]ਕੱਟੇ ਜਾਕੇ, ਮਾਰੇ ਜਾਕੇ।
ਗਨ ਫਿਰੀ ਪਰੀ[1] ਅਸਮਾਨ ਆਇ। [1]ਪਰੀਆਂ।
ਭਟ ਬਰਤਿ[1] ਘਿਰਤ[2] ਚਿਤ ਚਾਇ ਚਾਇ ॥੪੦॥ [1]ਵਰਦੀਆਂ ਹਨ। [2]ਘੇਰਕੇ।
ਭਾ ਤੁਮਲ[1] ਜੁੱਧ ਦੋਊ ਦਿਸਾਨ। [1]ਭਾਰੀ।
ਚਮਕੰਤਿ ਭਿਗੇ ਸ਼੍ਰੋਣਤ ਕ੍ਰਿਪਾਨ।
ਅਸਵਾਰ ਕਿ ਪੈਦਲ ਸੋ ਪਹੂਚ।
ਕਟਿਗੇ ਬਿਸਾਲ ਭਟ ਨੀਚ ਊਚ ॥੪੧॥
ਕਹਿਂ ਲਗਿ ਬਖਾਨ ਜਸੋਂ ਮਚਤਿ ਰਾਰ।
ਜਹਿਂ ਕਹਿਂ ਬਿਥਾਰ ਲੋਥਨ ਸੁਮਾਰ[1]। [1]ਲੋਥਾਂ ਦੇ ਜ਼ਖਮੀਆਂ ਦਾ।

ਇਕ ਜਾਮ ਲੋਹ ਸੋਂ ਲੋਹ ਬਾਜਿ।
ਹਟਿ ਪਰੇ ਤੁਰਕ ਤਜਿ ਲਾਜ ਸਾਜ ॥ ੪੨ ॥
ਬਿਸਮਤਿ ਬਿਸਾਲ ਅਵਲੋਕਿ ਜੰਗ।
ਅਬਿ ਅਲਪ ਕਾਲ ਦਲ ਇਤਿਕ ਭੰਗ।'
ਕੇਚਿਤ ਕਹੰਤਿ 'ਹਮ ਰਹੈਂ ਹਾਰ[1]।
ਗੁਰ ਕਰਾਮਾਤ ਸਾਹਿਬ ਉਦਾਰ' ॥ ੪੩ ॥
ਕੇਚਿਤ ਕਹੰਤਿ 'ਬਹੁ ਓਟ ਲੀਨਿ।
ਥਿਰ ਮੋਰਚਾਨ ਹੁਇ ਮਾਰ ਕੀਨਿ।
ਹਮ ਮਰੇ ਬਹੁਤ ਤਿਨ ਕੇ ਨ ਲਾਗ।
ਸਮ ਥੋ ਸਥਾਨ ਥਿਰ ਲਗਤਿ ਆਗ[1]' ॥ ੪੪ ॥
ਸੂਬੇ ਦੁਊਨ ਬਿਸਮਾਇ ਚੀਤ।
ਇਹ ਪ੍ਰਥਮ ਜੰਗ ਪਾਈ ਨ ਜੀਤ[1]।
ਸਭਿ ਦਲ ਹਟਾਇ ਜੀਵੰਤਿ ਜੋਇ[1]।
ਥਿਰ ਭਏ ਸਕਲ ਹੀ ਦੂਰ ਹੋਇ ॥ ੪੫ ॥
ਮਿਲਿ ਸੈਲਪਤਨਿ ਸੋਂ ਮੰਤ੍ਰ ਕੀਨ।
'ਕਿਮ ਭਯੋ ਜੰਗ ਭਟ ਪ੍ਰਾਨ ਹੀਨ?
ਕਿਮ ਰਹੇ ਲਰਤਿ ਕਰਿ ਦਾਵ ਘਾਵ।
ਸੋ ਬਿਧਿ ਬਚਾਉ ਜਿਮ ਜੀਤ ਪਾਵ ॥ ੪੬ ॥
ਜਿਮ ਲਰੈਂ ਆਜ ਤਿਮ ਲਰੈਂ ਰੋਜ।
ਸਭਿ ਜਾਹਿ ਫੌਜ ਕੋ ਮਿਟਹਿ ਖੋਜ[1]।
ਨਹਿਂ ਸਿੰਘ ਮਰਜੋ ਰਣ ਦਿਖਹਿ ਕੋਇ।
ਤੁਰਕਨਿ ਬਿਨਾਸ਼ ਪਿਖਿ ਤ੍ਰਾਸ ਹੋਇ' ॥ ੪੭ ॥
ਤਬਿ ਭੀਮਚੰਦ ਕਰ ਬੰਦਿ ਭਾਖ।
'ਥਿਤਿ ਮੋਰਚਾਨ ਲੇ ਓਟ ਰਾਖਿ।
ਤੁਮਰੇ ਮਦਾਨ ਰਹਿ ਲਰਤਿ ਬੀਰ।
ਬਹੁ ਪਰੀ ਮਾਰ ਕਿਮ ਧਰਹਿਂ ਧੀਰ ॥ ੪੮ ॥
ਤੁਮ ਸੁਮਤਿਵੰਤਿ ਇਮ ਲਰਹੁ ਨਾਂਹਿ।

[1]ਸਾਡੀ ਹਾਰ ਹੋਸੀ।

[1](ਸਾਡਾ) ਸਥਾਨ ਸੀ ਪੱਧਰਾ (ਅੱਗੇ) ਖੜੋਤੇ ਨੂੰ ਅਾ ਲਗਦੀ ਸੀ।

[1]ਇਸ ਪਹਿਲੇ ਜੰਗ (ਹੱਲੇ) ਵਿਚ ਜਿੱਤ ਨਾਂ ਪਾਈ।

[1]ਸਾਰਾ ਦਲ ਜੋ ਜੀਉਂਦਾ ਸੀ।

[1]ਸਾਰੀ ਫੌਜ ਦਾ ਖੋਜ ਹੀ ਮਿਟ ਜਾਏਗਾ।

ਹੋਵਤਿ ਪ੍ਰਭਾਤਿ ਰਣ ਜੀਤਿ ਚਾਹਿ।
ਤੋਪੈਂ ਸੰਬੂਹ ਸਭਿ ਆਇ ਜਾਇਂ[1]।
ਰਚਿ ਮੋਰਚਾਨ ਆਛੇ ਟਿਕਾਇ ॥੪੯॥
ਇਕਸਾਰ ਮਾਰ ਗੋਰਾਨਿ ਦੇਹੁ।
ਸਭਿ ਸੁਭਟ ਦੂਰ ਹੀ ਰਾਖਿ ਲੇਹੁ।
ਹਤਿ ਤੋਪ ਪੁੰਜ ਲਿਹੁ ਜੀਤ ਪਾਇ।
ਮਮ ਬੁੱਧਿ ਆਇ ਇਸ ਰੀਤਿ ਦਾਇ ॥੫੦॥

[1]ਆ ਜਾਵਣ।

ਬਡ ਰਾਠ ਸੁਭਟ[1] ਸਤਿਗੁਰ ਬਟੋਰਿ।
ਬਟਪਾਰ ਅਧਿਕ, ਕੈ ਬ੍ਰਿੰਦ ਚੋਰ।
ਬਿਨ ਖੜਗ ਸੇਲ ਨਹਿਂ ਕਰਤਿ ਬਾਤ।
ਇਕ ਬਾਰ ਹੇਲਤੇ ਕਟਕ ਜਾਤਿ[1]" ॥੫੧॥

[1]ਬੜੇ ਬੜੇ ਰਾਠ ਸੂਰਮੇ।

[1]ਫੌਜਾਂ ਦੇ ਉਤੇ ਇਕੋ ਵਾਰੀ ਹੱਲਾ ਕਰਕੇ ਜਾਂ ਪੈਂਦੇ ਹਨ। (ਅ) ਸ਼ੁਧ ਪਾਠ 'ਕਟਤਿ' ਜਾਪਦਾ ਹੈ। ਇਕੋ ਵਾਰੀ ਹੱਲਾ ਕਰਕੇ ਜਾ ਪੈਂਦੇ ਤੇ ਕੱਟਦੇ ਜਾਂਦੇ ਹਨ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰੁਤੇ 'ਜੰਗ' ਪ੍ਰਸੰਗ ਬਰਨਨੰ ਨਾਮ ਦਸਮੋ ਅੰਸੂ ॥੧੦॥

੧੧. [ਦੂਸਰੇ ਦਿਨ ਦਾ ਜੰਗ]

੧੦<<ਪਿਛਲਾ ਅੰਸੂ ਸੰਖੇਪ ਲਿੰਕ – ਤਤਕਰਾ ਅਗਲਾ ਅੰਸੂ>>੧੨

ਦੋਹਰਾ:

ਸੁਨਿ ਸੂਬੇ ਦੋਊ ਹਟੇ, ਲਸ਼ਕਰ ਕੀ ਸੁਧਿ ਲੀਨਿ।
ਭਏ ਸੁਮਾਰ ਸ਼ੁਮਾਰ ਬਿਨ, ਨੌ ਸੈ ਪ੍ਰਾਨ ਬਿਹੀਨ[1] ॥੧॥

[1]ਬੇਸ਼ੁਮਾਰ ਜ਼ਖਮੀ ਹੋਏ ਤੇ ਨੌਂ ਸੈ ਮਰੇ।

ਭੁਯੰਗ ਪ੍ਰਯਾਤ ਛੰਦ:

ਪੁਨੰ ਖਾਨ ਪਾਨੰ ਕਿਯੋ ਜਾਇ ਡੇਰੇ।
ਟਿਕੇ ਬੀਰ ਧੀਰੰ ਲਰੇ ਜੋ ਘਨੇਰੇ।
ਥਿਰੇ ਸਿੰਘ ਗਾਢੇ ਲਰੈਂ ਮੋਰਚਾ ਮੈਂ।
ਗੁਰੂ ਤੀਰ ਕੇਤੇ ਨਮੋ ਕੈ ਪਗਾ ਮੈਂ[1] ॥੨॥ [1]ਚਰਨਾਂ ਵਿਚ ਨਮੋ ਕਰਕੇ।
'ਬਡੀ ਮਾਰ ਹੋਈ ਮਹਾਰਾਜ ਜਾਨੋ।
ਤੁਫੰਗੈਂ ਹਤੀ ਦੇਖਿ ਸ਼ੱਤ੍ਰੁ ਮਦਾਨੋ।
ਦੜਾਦਾੜ ਗੇਰੇ ਫਲੰ ਪੱਕ੍ਵ ਜੈਸੇ[1]। [1]ਪੱਕੇ ਫਲਾਂ ਵਾਂਗ।
ਮਹਾਂ ਬੁੱਧਿ ਅੰਧੇ ਹਤੇ ਸ਼ੀਘ੍ਰ ਤੈਸੇ ॥੩॥
ਉਦੇ ਸਿੰਘ ਸੰਗੀ ਦਇਆ ਸਿੰਘ ਦੋਊ।
ਪਹੂਚੇ ਜਬੈ ਹੇਲ ਕੋ ਓਜ ਜੋਊ।
ਗਿਰੇ ਬ੍ਰਿੰਦ ਘੋਰਾ ਮਰੇ ਬੀਰ ਮਾਨੀ।
ਮਰੇ ਪੁੰਜ ਕੈਸੇ, ਨਹੀਂ ਜਾਇ ਜਾਨੀ' ॥੪॥
ਪ੍ਰਭੂ ਫੇਰ ਬੋਲੇ 'ਲਰੋ ਰਾਖਿ ਦਾਊ।
ਥਿਰੋ ਮੋਰਚਾ ਮੈ ਨ ਹੂਜੋ ਅਗਾਊ।
ਕਰੈ ਨੇਰ ਸ਼ੱਤ੍ਰੂ ਤਬੈ ਤਾਕ ਮਾਰਹੁ।
ਸਵਾਧਾਨ ਬੈਠਹੁ ਨਹੀਂ ਏਵ ਹਾਰਹੁ[1]' ॥੫॥ [1]ਏਸ ਤਰ੍ਹਾਂ ਹਾਰੋਗੇ ਨਹੀਂ।
ਦਿਯੋ ਸਾਲ ਪੱਤ੍ਰੰ ਲਗੇ ਘਾਵ ਜਾਂਹੀ।
ਘਸਾਵੈਂ ਲਗਾਵੈਂ ਬਚਾਵੈਂ ਸੁ ਤਾਂਹੀ।
ਕੁਊ ਚਾਰ ਜਾਮੰ, ਕੁਊ ਆਠ ਜਾਮੰ।
ਮਿਲੈ ਘਾਵ ਦੇਹੰ ਸੁ ਪਾਵੈਂ ਅਰਾਮੰ ॥੬॥
ਮਰੇ ਸਿੰਘ ਕੇਤੇ ਗਏ ਦੇਵ ਲੋਕੰ।
ਸੁਖੰ ਪਾਇ ਸਾਰੇ ਮਿਟੀ ਸਰਬ ਸ਼ੋਕੰ।
ਕਿਯੋ ਖਾਨ ਪਾਨੰ ਭਏ ਸਾਵਧਾਨੰ।
ਥਿਰੇ ਮੋਰਚਾ ਮੈਂ ਮਹਾਂ ਓਜਵਾਨੰ ॥੭॥

ਰਹੇ ਜਾਗ ਆਧੇ ਪਰੇ ਆਧ ਸੋਏ।
ਤੁਫੰਗੈਂ ਚਲਾਵੈਂ ਜਿ ਢੂਕੈ ਨ ਕੋਏ[1]।
ਬਿਤੀ ਰਾਤਿ ਐਸੇ ਭਈ ਪ੍ਰਾਤਿ ਫੇਰੰ।
ਬਜੇ ਬ੍ਰਿੰਦ ਬਾਜੇ ਸੁ ਨਾਦੰ ਉਚੇਰੰ ॥੮॥
ਨਗਾਰੇ ਬਜੇ ਢੋਲ ਬਾਜੇ ਸ਼ਨਾਈ[1]।
ਗੁਰੂ ਪੌਰ ਮੈਂ ਨੌਬਤੰ ਸੋ ਬਜਾਈ।
ਬਜੇ ਸੰਖ ਭੇਰੀ ਇਕੰ ਬਾਰ ਨਾਦੰ।
ਸਭੈ ਸ੍ਰੂਯ ਕੈ ਜਾਂਹਿ ਤੇ ਆਹਿਲਾਦੰ[1] ॥੯॥

ਨਿਸ਼ਾਨੀ ਛੰਦ:

ਗੁਰੂ ਹੁਕਮ ਤੇ ਬਜ ਉਠਜੋ, ਰਣਜੀਤ ਨਗਾਰਾ।
'ਹੁਯ ਤਜਾਰੀ ਹੁਇ ਸੈਨ ਕੋ,' ਪ੍ਰਭੁ ਬਾਕ ਉਚਾਰਾ।
'ਸਜਹਿਂ ਸ਼ਸਤ੍ਰ ਗਹਿ ਤੁਪਕ ਕੋ, ਚਢਿ ਕੇ ਹਮ ਸੰਗਾ।
ਚਲਹਿਂ ਵਹਿਰ ਹਿਤ ਜੰਗ ਕੇ, ਕਰਿ ਹੈਂ ਰਿਪੁ ਭੰਗਾ ॥੧੦॥
ਸੁਨਤਿ ਪ੍ਰਭੂ ਤੇ ਖਾਲਸਾ, ਕੀਨਸਿ ਤਬਿ ਤਜਾਰੀ।
ਜ਼ੀਨ ਤੁਰੰਗਨ ਡਾਲ ਕਰਿ, ਉਤਸਾਹਤਿ ਭਾਰੀ।
ਕਸੀ ਕਮਰ ਅਸਿ ਪਾਇ ਗਰਿ, ਸਜਿ ਸਿਪਰ ਪਿਛਾਰੀ।
ਤੋਮਰ ਸੇਲਾ ਸਾਂਗ ਖਰ, ਕਿਨ ਬਰਛੀ ਧਾਰੀ ॥੧੧॥
ਕਿਨਹੁੰ ਧਨੁਖ ਤਰਕਸ਼ ਕਸਜੋ, ਕਿਹ ਲੀਨ ਤੁਫੰਗੈ।
ਆਯੁਧ ਸਗਰੇ ਧਾਰਿ ਕਰਿ, ਤਜਾਰੀ ਪ੍ਰਭੁ ਸੰਗੈ।
ਸ਼੍ਰੀ ਸਤਿਗੁਰ ਰਣ ਬਸਤ੍ਰ ਕੋ, ਪਹਿਰੇ ਪਰਚਾਰੂ[1]।

[1]ਕਿ ਕੋਈ ਨੇੜੇ ਨਾ ਆ ਢੁਕੇ।

[1]ਸ਼ਹਨਾਈ।

[1]ਜਿਨ੍ਹਾਂ ਨੂੰ ਸੁਣਕੇ ਸਭ ਨੂੰ ਆਨੰਦ ਹੁੰਦਾ ਹੈ।

[1]ਵਿਸ਼ੇਸ਼ ਸੁੰਦਰ।

ਅੰਗ ਨਿਖੰਗ ਸ ਖੜਗ ਧਰਿ, ਧਨੁ ਨਿਠੁਰ ਉਦਾਰੂ ॥੧੨॥
ਹੁਇ ਕਰਿ ਤਯਾਰ ਤੁਰੰਗ ਪਰ, ਆਰੋਹਨ ਕੀਨੋ।
ਤਬਿ ਦੁੰਦਭਿ ਰਣਜੀਤ ਪਰ, ਦੁਇ ਚੋਬਨ ਦੀਨੋ।
ਗਰਜਯੋ ਧੁਨਿ ਗੰਭੀਰ ਤੇ, ਬਹੁ ਦੂਰ ਸੁਨਾਈ।
ਉਤਸਾਹਤਿ ਹੁਇ ਖਾਲਸਾ, ਚਢਿ ਕੈ ਸਮੁਦਾਈ ॥੧੩॥
ਭਏ ਪਿਛਾਰੀ ਗੁਰੂ ਕੇ, ਤਜਿ ਦੁਰਗ ਜੁ ਦ੍ਵਾਰਾ।
ਵਹਿਰ ਗਏ ਹਿਤ ਲਰਨ ਕੇ, ਬਡ ਮੰਡਿ ਅਖਾਰਾ।
ਜਬਰਾ[1] ਤੁਰਕ ਵਜੀਦ ਦ੍ਵੈ, ਦੇਖਤਿ ਭਏ ਸੈਨਾ।
ਦੂਰਬੀਨ ਅਨਵਾਇ ਕੈ, ਆਗੇ ਧਰਿ ਨੈਨਾ ॥੧੪॥
ਭੀਮਚੰਦ ਬੈਠਯੋ ਨਿਕਟ, ਬੂਝਨ ਕੋ ਕੀਨਾ।
'ਚਢੀ ਤੁਰੰਗਨ ਪਰ ਚਮੂੰ, ਨਿਕਸੀ ਬਲ ਪੀਨਾ।
ਦੁਰਗ ਪੌਰ ਤੇ ਵਹਿਰ ਕੋ, ਉਮਡਤਿ ਇਤ ਆਵੈ।
ਇਨ ਮਹਿਂ ਗੁਰ ਹੈ ਕੈ ਨਹੀ, ਸਭਿ ਮੋਹਿ ਦਿਸਾਵੈਂ[1]' ॥੧੫॥
ਭੀਮ ਚੰਦ ਦੁਰਬੀਨ ਤੇ, ਦੇਖਯੋ ਬਚ ਭਾਖੇ।
'ਪਿਖਹੁ ਖਾਨ ਜੀ! ਅੱਗ੍ਰ ਸਭਿ, ਰਣ ਕੋ ਅਭਿਲਾਖੇ[1]।
ਕੰਚਨ ਜ਼ੀਨ ਤੁਰੰਗ ਪਰ, ਜ਼ਾਹਰ ਝਮਕਾਵੈ।
ਜਰੇ ਜਵਾਹਰ ਜਗਮਗਤਿ, ਜੋ ਫਾਂਧਤਿ ਆਵੈ ॥੧੬॥

[1]ਜ਼ਬਰਦਸਤ ਖਾਂ।

[1]ਜੋ ਸਾਰੇ ਮੈਨੂੰ ਦਿੱਸਦੇ ਹਨ ਇਨ੍ਹਾਂ ਵਿਚ ਗੁਰੂ ਹੈ ਕਿ ਨਹੀਂ?

[1]ਰਣ ਭੂਮੀ ਚਾਹੁਣ ਵਾਲੇ ਸਭ ਤੋਂ ਅੱਗੇ।

ਨੀਲਾ ਬਰਣ ਛਬੀਲ ਹਯ[1], ਤਿਸ ਪਰ ਅਸਵਾਰੂ।
ਮੋਢੇ ਸਬਜ਼ ਕਮਾਨ ਹੈ, ਗਰ ਖੜਗ ਉਦਾਰੂ।
ਜਿਗਾ ਸੀਸ ਪਰ ਦਮਕਤੀ, ਲਾਗੇ ਗਨ[†] ਹੀਰੇ।
ਉਚੀ ਕਲਗੀ ਝੂਲਤੀ, ਜਿਹ ਸ਼ੋਭਤਿ ਹੀਰੇ ॥੧੭॥
ਸੋ ਗੁਬਿੰਦ ਸਿੰਘ ਸਤਿਗੁਰੂ, ਹਿਤ ਲਰਨ ਅਰੂੜਾ।
ਕਰੇ ਖੇਤ ਅਬਿ ਭਟਨਿ ਕੋ, ਬਲ ਗਨ ਕਰਿ ਗੂੜਾ[1]।
ਕਰਿ ਦੀਜੈ ਤੋਪੈਂ ਸ਼ੁਰੂ, ਮਾਰਹੁ ਗਨ ਗੋਰੇ।
ਸਹਤਿ ਸੈਨ ਕੇ ਉਡਹਿ ਕਿਤ, ਨਹਿਂ ਪ੍ਰਾਪਤਿ ਟੋਰੇ[1]" ॥੧੮॥
ਹੁਤੀ ਤੋਪ ਗਨ ਤਯਾਰ ਤਬਿ, ਤਿਨ ਹੁਕਮ ਬਖਾਨਾ।
ਸਾਥ ਮਤਾਬੀ ਦਾਗ਼ ਦੀ, ਉਠਿ ਨਾਦ ਮਹਾਂਨਾ।
ਬਹੁ ਜ੍ਵਾਲਾ ਕੋ ਬਮਨਤੀ, ਤਹਿਂ ਧਰਾ ਹਿਲਾਈ।
ਧੂੰਮ ਮਾਰ ਅੰਧਾਰ ਭਾ ਕੁਛ, ਲਖਯਾ ਨ ਜਾਈ ॥੧੯॥
ਹਲੇ ਸੈਲ ਤੇ ਪ੍ਰਤਿ ਧੁਨੀ, ਅਰੜਾਟ ਉਠਾਏ[1]।
ਗੋਰੇ ਗਨ ਐਸੇ ਚਲੇ, ਕਿਤ ਛੁਹਨ ਨ ਪਾਏ।
ਗੁਰ ਸਮੇਤ ਸਭਿ ਖਾਲਸਾ, ਰਿਪੁ ਸਨਮੁਖ ਚਾਲਾ।
ਤੜਾਭੜੀ ਬੰਦੂਕ ਕੀ, ਛੋਰੀ ਤਬਿ ਜਾਲਾ ॥੨੦॥
ਹੇਰੇ, ਗੋਰੇ ਗਗਨ ਕੋ, ਉਚੇ ਬਹੁ ਚਾਲੇ[1]।

[1]ਨੀਲੇ ਰੰਗ ਦਾ ਛਬੀਲਾ ਘੋੜਾ।

[†]ਪਾ:-ਨਗ।

[1]ਭਾਵ ਬੜਾ ਬਲ ਕਰਕੇ ਹੁਣ ਸੂਰਮਿਆਂ ਨੂੰ ਮੈਦਾਨ ਜੰਗ ਵਿਚ ਮਾਰੇਗਾ। [ਖੇਤ ਕਰਨਾ=ਜੰਗ ਵਿਚ ਮਾਰਨਾ]।

[1]ਟੋਲਿਆਂ ਭੀ ਨਾ ਲੱਭੇ।

[1]ਪਹਾੜ ਹਿਲ ਪਏ ਤੇ (ਪਹਾੜਾਂ ਤੋਂ) ਪ੍ਰਤੀ ਧੁਨੀ ਦਾ ਅਰੜਾਟ ਉਠਿਆ।

[1]ਭਾਵ ਤੋਪਾਂ ਦੇ ਗੋਲੇ ਨਿਸ਼ਾਨੇ ਤੇ ਨਾ ਪੈਣ ਬਹੁਤ ਉਚੇ

ਚੜ੍ਹਕੇ ਦੂਰ ਦੂਰ ਜਾ ਪੈਣ।

ਸੂਬੇ ਗਾਰ ਨਿਕਾਰਿ ਕੈ, ਝਿਰਕੰਤਿ ਬਿਸਾਲੇ।
'ਇਲਮ ਤੋਪ ਕੋ ਕਿਤ ਗਯੋ, ਕਿਤ ਲਾਗ੍ਯੋ ਨ ਗੋਰਾ।
ਸਨਮੁਖ ਆਵਤਿ ਦਲ ਚਲ੍ਯੋ, ਸਿਰ ਏਕ ਨ ਫੋਰਾ ॥੨੧॥
ਕਰਿ ਨੀਚੇ ਮੁਖ ਤੋਪ ਕੋ, ਪੁਨ ਸ਼ਲਖ ਪ੍ਰਹਾਰੋ।
ਸ਼ੱਤ੍ਰੂ ਹਤੇ ਇਨਾਮ ਕੋ, ਲੀਜੈ ਧਨ ਭਾਰੋ।'
ਰਿਸ੍ਯੋ ਜਾਨਿ ਸੂਬਾ ਸਬੈ, ਪੁਨ ਸ਼ਿਸਤ[1] ਲਗਾਈ।
ਫੇਰਿ ਪੇਚ ਤਤਕਾਲ ਹੀ, ਮੁਖ ਨੰਮ੍ਰਿ ਕਰਾਈ ॥੨੨॥
ਚਲੀ ਤੋਪ ਅਨਗਿਨਤ ਹੀ, ਗੋਰੇ ਗਨ ਧਾਵੈਂ।
ਲਗਹਿਂ ਧਰਾ ਮਹਿਂ ਗਰਕ ਹ੍ਵੈਂ, ਨਹਿ ਗੁਰ ਲਗਿ ਆਵੈਂ।
ਜਾਤਿ ਬਾਮ ਕੋ ਦਾਹਨੇ, ਨਹਿਂ ਮੂਰਖ ਜਾਨੈਂ।
ਬਾਯੁ, ਬਾਰ, ਬੰਨਿ, ਆਦਿ ਗਨ, ਆਇਸੁ ਪ੍ਰਭੁ ਮਾਨੈ[1] ॥੨੩॥
ਤਿਸ ਕੋ ਮਾਰ੍ਯੋ ਚਹਤਿ ਹੈਂ, ਮਤਿਮੰਦ ਮਲੀਨੇ।
ਜਬਿ ਤੋਪਨ ਤੇ ਨਹਿਂ ਸਰ੍ਯੋ, ਰਿਸ ਦੀਰਘ ਕੀਨੇ।
ਅਸਵਾਰੀ ਲੇ[1] ਸੈਨ ਕੋ, ਹਿਤ ਲਰਨ ਅਰੂਢੇ।
ਬਜੀ ਦੀਹ ਦੁੰਦਭਿ ਤਬੈ, ਉਤਸਾਹਤਿ ਗੂਢੇ ॥੨੪॥
ਪਟਹਿ ਢੋਲ ਇਕ ਬਾਰ ਗਨ, ਬਾਜੇ ਸਮੁਦਾਏ।

[1]ਸੇਧ।

[1]ਪੌਣ ਜਲ ਤੇ ਅਗਨੀ ਪ੍ਰਭੂ ਦੀ ਆਗਜਾ ਮੰਨਦੇ ਹਨ।

[1]ਘੋੜੇ ਦੀ) ਅਸਵਾਰੀ ਲੈਕੇ।

ਚਢੀ ਚਮੂੰ ਚਿਤ ਚੌਂਪ ਤੇ, ਭਟ ਅੱਗ੍ਰਯ ਧਾਏ।
ਮਿਲਹਿਂ ਆਨਿ ਆਗੈ ਜਬਹਿ, ਚਲਿ ਬਾਨ ਰੁ ਗੋਰੀ।
ਭਈ ਤੜਾਭੜ ਤੁਪਕ ਕੀ, ਛੂਟੀ ਜੁਗ ਓਰੀ ॥੨੫॥
ਸ਼੍ਰੀ ਕਲ਼ਗੀਧਰ ਰਿਸ ਧਰੇ, ਧਨੁ ਕਰਜੋ ਕਠੋਰਾ।
ਖਰ ਖਪਰੇ ਧਰਿ ਧਰਿ ਪਨਚ, ਮਾਰੇ ਅਰਿ ਓਰਾ।
ਬੀਧਨ ਕੀਨੇ ਭਟ ਤੁਰਕ, ਦਸ ਦਸ ਇਕਬਾਰਾ।
ਆਗੇ ਪਾਛੇ ਗਿਰਤ ਹੈਂ, ਹਯ ਨਰ ਇਕ ਸਾਰਾ ॥੨੬॥
ਉਠੀ ਧੂਲ ਅਸੁ ਖੁਰਨ ਤੇ[1], ਛਾਦਜੋ ਅਸਮਾਨਾ।
ਭਯੋ ਧੂਮ ਪੁਨ ਦੂਸਰੇ, ਅੰਧੇਰ ਮਹਾਂਨਾ।
ਘੋਰਨ ਪਰ ਘੋਰੇ ਗਿਰੇ, ਤਜਿ ਤਜਿ ਕਰਿ ਪ੍ਰਾਨਾ।
ਆਗੇ ਪਾਛੇ ਸਮਝ ਤੇ, ਹੋਏ ਅੱਗਜਾਨਾ[1] ॥੨੭॥
ਹਾਥਨਿ ਧਰੈਂ ਤੁਫੰਗ ਕੋ, ਗਿਰਿ ਖੇਤ ਮਝਾਰੀ।
ਕਿਤਿਕ ਤੁਰੰਗ ਨਚਾਵਤੇ, ਹੁਇ ਚਮੂੰ ਅਗਾਰੀ।
ਸੱਯਦ ਮੁਗ਼ਲ ਪਠਾਨ ਗਨ, ਉਮਡੰਤਿ ਰੁਹੇਲੇ।
ਤੀਰਨ ਤੋਮਰ ਤਬਰ ਕੋ, ਤਰਵਾਰਨ ਮੇਲੇ ॥੨੮॥
ਹਯ ਭਜਾਇ ਕਰਿ ਅੱਗ੍ਰ ਹ੍ਵੈ, ਤਜਿ ਹਤਹਿਂ[†] ਤੁਫੰਗੈਂ[1]।
ਘਨੋ ਘੁਮੰਡ ਪ੍ਰਚੰਡ ਭਾ, ਭਟ ਭੇ ਰਨ ਭੰਗੈ।

[1]ਘੋੜਿਆਂ ਦੇ ਖੁਰਾਂ ਤੋਂ।

[1]ਅੱਗੇ ਪਿਛੇ ਦੀ ਖਬਰ ਤੋਂ ਅਗਜਾਨੀ ਹੋ ਗਏ।

[1]ਬੰਦੂਕਾਂ ਚਲਾਕੇ ਮਾਰਦੇ ਹਨ। [†]ਪਾ:-ਹਟਹਿ।

ਮਾਰ ਮਾਰ ਲਲਕਾਰ ਕਰਿ, ਮਿਲਿ ਆਪਸ ਮਾਂਹੀ।
ਗੁਰੂ ਹੁਕਮ ਤੇ ਖਾਲਸਾ, ਵਧਿ ਅੱਗ੍ਰ ਲਰਾਹੀ ॥੨੯॥

ਸਿਰਖੰਡੀ ਛੰਦ:

ਸਿੰਘ ਕ੍ਰੋਧ ਕਰਿ ਜੁੱਟੇ, ਜ੍ਵਾਲਾਬੌਨਿ[1] ਲੈ। — [1]ਬੰਦੂਕਾਂ।
ਬਹੁਤਨਿ ਕੇ ਸਿਰ ਫੁੱਟੇ, ਲਗਿ ਲਗਿ ਗੋਰੀਆਂ।
ਕੇਚਿਤ ਕਰ ਪਗ ਟੁੱਟੇ, ਗਿਰੇ ਪਵੰਗਮਾ[1]। — [1]ਘੋੜਿਆਂ ਤੋਂ ਡਿੱਗੇ।
ਕੈ ਸਊਰ ਹਯ ਸੁੱਟੇ, ਡਰ ਡਰ ਸ਼ਬਦ ਤੇ[1] ॥੩੦॥ — [1]ਲਲਕਾਰਿਆਂ ਤੋਂ ਡਰ ਡਰਕੇ ਘੋੜਿਆਂ ਨੇ ਅਸਵਾਰ ਸੁੱਟੇ।

ਮਿਲਿ ਗੇ ਦਲ ਸਮੁਦਾਏ, ਸੇਲਨਿ ਸਾਂਗ ਤੇ।
ਤੀਛਨ ਤੀਰ ਚਲਾਏ, ਸ਼ੂੰਕਤਿ ਮਾਰਤੇ।
ਤੋਮਰ ਹਾਥ ਭ੍ਰਮਾਏ, ਸਨਮੁਖ ਧਾਂਵਦੇ।
ਸ਼ੱਤ੍ਰੁਨਿ ਦੇਹਿ ਧਸਾਏ, ਬਰਮੀ ਸਰਪ ਜਿਉਂ ॥੩੧॥

ਬਰਛੀਂ ਅਰੁ ਤਰਵਾਰੀਂ, ਭੜਥੂ ਮੱਚਿਆ।
ਲੋਹੂ ਨਾਲ ਪਖਾਰੀ, ਚਮਕਤਿ ਲਾਲ ਹ੍ਵੈ।
ਜਨੁ ਸੂਹੀ ਧਰਿ ਸਾਰੀ, ਜੋਗਣ ਦਾਰੁਣਾ[1]। — [1]ਮਾਨੋਂ ਸੂਹੇ ਰੰਗ ਦੀ ਸਾੜ੍ਹੀ ਜੋਗਣਾਂ ਨੇ ਲਈ ਹੈ।
ਚਰਿਬੇ ਪਾਨ ਸੁਪਾਰੀ, ਜਮ ਕੀ ਜੀਹ ਕੈ[1] ॥੩੨॥ — [1]ਯਾ ਜਮ (ਕਾਲ) ਦੀ ਜੀਭ ਹੋਕੇ ਪਾਨ ਸੁਪਾਰੀ ਚੱਬਦੀ ਹੈ।

ਤੋਪੈਂ ਦੂਰ ਪਿਛਾਰੀ, ਤਜਿ ਕੈ ਅੱਗ੍ਰ ਹ੍ਵੈ[1]। — [1]ਤੁਰਕ) ਅੱਗੇ ਹੋਏ।
ਲਸ਼ਕਰ ਆਇ ਅਗਾਰੀ, ਸੰਘਰ ਰੱਚਿਆ।
ਤੁਪਕ ਸੰਬੂਹ ਸੰਭਾਰੀ, ਤੜਭੜ ਮਚ ਰਹੀ।
ਤਕ ਤਕ ਗੁਲਕਾਂ ਮਾਰੀ, ਸ਼ਬਦ ਉਠੰਤਿ ਬਡ ॥੩੩॥

ਉਠੇ ਗਜ ਛਣਕਾਰੇ, ਗੋਰੀ ਠੋਕਤੇ[1]। — [1]ਬੰਦੂਕਾਂ ਵਿਚ ਫਿਰਨ ਵਾਲੇ) ਗਜਾਂ ਦੀ ਛਣਕਾਰ ਗੋਲੀ ਠੋਕਦਿਆਂ ਉੱਠਦੀ ਹੈ।
ਧੁਖੇ ਪਲੀਤੇ ਭਾਰੇ, ਤੋੜੇ ਡਾਂਭਤੇ।

ਦਸਤਰਵਾਂ ਕਰ ਧਾਰੇ, ਛੋਰੇ ਤਾਕਿ ਕੈ।
ਬਹੁਰ ਬਰੂਦਹਿਂ ਡਾਰੇ, ਤੂਰਨ ਤਜਾਰ ਹਿਤ ॥੩੪॥

ਨਰਾਜ ਛੰਦ:

ਗੁਰੂ ਗੁਬਿੰਦ ਸਿੰਘ ਜੀ, ਬਿਲੰਦ ਹੇਲ ਡਾਰਿਓ।
ਸਮੂਹ ਸਿੰਘ ਸੰਗ ਲੈ, ਤੁਫੰਗ ਕੋ ਸੰਭਾਰਿਓ।
ਬਿਰੁੱਧ ਜੁੱਧ ਸੁੱਧ ਤੇ, ਸੁਕ੍ਰੁੱਧ ਹੋਇ ਆਇਓ[1]।

[1](ਅਕਾਰਣ) ਵਿਰੋਧੀਆਂ ਦੇ ਜੁੱਧ ਕਰਨੇ ਕਰਕੇ ਸ਼ੁੱਧ ਕ੍ਰੋਧ ਚੜ੍ਹ ਆਇਆ। ਸ਼ੁੱਧ ਕ੍ਰੋਧ ਉਹ ਹੈ ਜੋ ਕਿਸੇ ਧਰਮ ਉਪਕਾਰ ਦੇ ਕੰਮ ਲਈ ਆਵੇ। (ਅ) ਜੁੱਧ ਵਿਚ (ਸ਼ੱਤ੍ਰੂ) ਦੇ (ਵਿ+ਰੁੱਧ) ਬਹੁਤ ਅੜਨ ਦੀ (ਸੁਧ=) ਖਬਰ ਪਾਕੇ ਕ੍ਰੋਧ ਆ ਗਿਆ।

ਕਠੋਰ ਧਾਰਿ ਚਾਂਪ ਕੋ, ਤੁਰੰਗ ਕੋ ਧਵਾਇਓ ॥੩੫॥
ਸਮੂਹ ਬਾਨ ਤਾਨਿ ਤਾਨਿ, ਤਾਨ ਤੇ[1] ਪ੍ਰਹਾਰਤੇ।

[1]ਜ਼ੋਰ ਨਾਲ।

ਦੜਾ ਦੜੀ ਤੁਰੰਗ ਬੀਰ, ਭੂਮ ਬੀਚ ਡਾਰਤੇ।
ਬਹੈ ਸਬੇਗ ਬਾਯੁ ਜਯੋਂ, ਪੁਰਾਤਨੇ ਤਰੋਵਰਾ।
ਉਖਾਰਿ ਮੂਲ ਗੇਰਤੇ, ਭਈ ਸੰਕੀਰਣ ਧਰਾ[1] ॥੩੬॥

[1]ਧਰਤੀ ਭਰ ਗਈ।

ਥਿਰਯੋ ਕਿ ਆਇ ਅੱਗ੍ਰ[1] ਜੋ, ਸੁ ਪ੍ਰਾਨ ਹੀਨ ਹੋਵਤੇ।

[1]ਜੋ ਅੱਗੇ ਆ ਕੇ ਠਹਿਰਦਾ ਹੈ।

ਭਜਾਨ ਭੂਰ ਭੂਮਿਕਾ, ਭਗੈਂ ਭਗੈਲ ਜੋਵਤੇ[1]।

[1]ਭਗੈਲ ਭੱਜਦੇ ਦਿਖਾਈ ਦਿੰਦੇ ਹਨ।

ਨਹੀਂ ਜੁ ਨੈਨ ਗੋਚਰਾ[1], ਬਚਯੋ ਸੁ ਜਿੰਦ ਰਾਖ ਕੈ।

[1]ਭਾਵ ਨੇਤ੍ਰਾਂ ਦੇ ਸਾਹਮਣੇ ਜੋ ਨਹੀਂ ਆਯਾ।

ਇਤੇ ਉਤੇ ਪਲਾਇਗੇ, ਨ ਸਾਮੁਹਾ ਭਿਲਾਖ ਕੈ[1] ॥੩੭॥

[1]ਜੇ ਸਾਹਮਣੇ ਹੋਣਾ ਨਹੀਂ ਚਾਹੁੰਦੇ।

ਗੁਰੂ ਸਮੇਤ ਖਾਲਸੇ, ਧਵਾਇ ਜਾਹਿਂ ਜਾਹਿਂ ਕੋ[1]।

[1]ਜਿਸ ਜਿਸ ਤਰਫ ਦੌੜਾਈ ਜਾਂਦੇ ਹਨ।

ਸੰਘਾਰਿ ਕੈ ਸਥਾਰ ਕੀਨ, ਕੋ ਟਿਕੈ ਨ ਤਾਂਹਿ ਕੋ[1]।
ਲਗੰਤਿ ਬਾਨ ਗੋਰੀਆਂ, ਦੁਓਰੀਆਂ ਸੜਾਕਤੇ।
ਪਲਾਇ ਜਾਇੰ ਜੀਵਤੇ, ਮਰੇ ਪਰੇ ਤੜਾਕਤੇ[1] ॥੩੮॥

[1]ਤਿਨ੍ਹਾਂ ਦੇ ਅੱਗੇ।

[1]ਤੜੱਕ ਕਰਕੇ (ਗੋਲੀ ਵੱਜੀ) ਨਾਲ ਮਰ ਗਏ।

ਚੌਪਈ:

ਜੁਗ ਸੂਬੇ ਗਿਰਪਤਿ ਮਿਲਿ ਸਾਰੇ।
ਹੇਰਿ ਚਮੂੰ ਪ੍ਰਤਿ ਗਾਰ ਉਚਾਰੇਂ।
ਬਡੇ ਜਤਨ ਤੇ ਸਨਮੁਖ ਕਰੈਂ।
ਕਿਤਿਕ ਪਲਾਵੈਂ, ਕੇਤਿਕ ਮਰੈਂ ॥੩੯॥
ਕੋ ਕੋ ਸਿੰਘ ਘਾਵ ਜੁਤਿ ਹੋਯੋ।
ਗੁਰੂ ਪ੍ਰਤਾਪ ਖਾਲਸੇ ਜੋਯੋ।
ਯੌਂ ਲਸ਼ਕਰ ਤੁਰਕਨ ਕੇ ਫੇਰੇ।
ਕੇਚਿਤ ਪਹੁੰਚੇ ਭਾਜਤਿ ਡੇਰੇ ॥੪੦॥
ਸ਼ੱਤ੍ਰੁਨਿ ਕੇ ਦਲ ਲਰ ਕਰਿ ਹੁੱਟੇ।
ਬਹੁਰ ਚੌਂਪ ਤੇ ਸਮੁਖ ਨ ਜੁੱਟੇ।
ਸਨੇ ਸਨੇ ਹਟ ਕਰਿ ਪੁਰਿ ਓਰੀ।
ਆਵਤਿ ਪੁੰਜ ਤੁਫੰਗਨ ਛੋਰੀ ॥੪੧॥
ਰਣ ਮਹਿਂ ਮਰੇ ਲੋਥ ਉਠਵਾਇ।
ਘਾਇਲ ਕੋ ਸੰਭਾਲ ਸਭਿ ਥਾਇੰ।
ਆਇ ਦੁਰਗ ਮਹਿਂ ਸਤਿਗੁਰ ਬਰੇ।
ਸ਼ਲਖ ਤੁਪਕ ਤੋਪਨਿ ਕੀ ਕਰੇ ॥੪੨॥
ਦੁਰਜਨ ਰਾਖੇ ਦੂਰ ਹਟਾਇ।
ਮਾਰੇ ਖੇਤ ਬਿਖੈ ਸਮੁਦਾਇ।
ਵਾਹਿਗੁਰੂ ਜੀ ਕੀ ਕਹਿ ਫਤੇ।
ਹਰਖੇ ਖਾਲਸੇ ਮਹਿਂ ਭਾ ਅਤੇ[1] ॥੪੩॥

[1]ਬਹੁਤ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰੁੱਤੇ 'ਜੰਗ' ਪ੍ਰਸੰਗ ਬਰਨਨੰ ਨਾਮ ਇਕਾਦਸ਼ਮੋ ਅੰਸੂ ॥੧੧॥

੧੨. [ਰਾਤੀ ਵੈਰੀਆਂ ਦੀਆਂ ਸਲਾਹਾਂ। ਤੀਜੇ ਦਿਨ ਦਾ ਜੰਗ]

੧੧<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੩

ਦੋਹਰਾ:

ਬੀਤ ਗਯੋ ਬਾਸੁਰ ਸਰਬ, ਨਿਸ ਹੋਈ ਜਬਿ ਆਇ।
ਗਿਰਪਤਿ ਸਭਿ, ਸੂਬੇ ਦੁਊ, ਮਿਲੇ ਆਇ ਇਕ ਥਾਂਇ ॥੧॥

ਲਲਿਤਪਦ ਛੰਦ:

ਮਿਲਿ ਕਰਿ ਮਸਲਤ ਲਗੇ ਬਿਚਾਰਨ
'ਜਾਇ ਨਹੀਂ ਕੁਛ ਜਾਨਾ।
ਕਲ ਤੌਂ ਹੁਤੇ ਗੁਰੂ ਭਟ ਓਟੇ[1], — [1]ਗੁਰਾਂ ਦੇ ਸੂਰਮੇ ਓਟ ਵਿਚ ਖੜੇ ਸਨ।
ਹਮਰੇ ਖਰੇ ਮਦਾਨਾ ॥੨॥
ਯਾਂ ਤੇ ਮਰੇ ਹਜ਼ਾਰਹੁਂ ਜੋਧਾ
ਮਿੱਟੀ ਮਾਸ ਰਲਾਈ[1]। — [1]ਮਿੱਟੀ ਵਿਚ ਮਾਸ ਰਲਾ ਦਿੱਤਾ।
ਨਹਿਂ ਸਮੀਪ ਨਿਜ ਢੁਕਨ ਦੀਨੇ
ਮਾਰ ਮਹਾਨ ਮਚਾਈ ॥੩॥
ਗੁਰ ਭਟ ਬਚੇ, ਮਰੇ ਬਹੁ ਹਮਰੇ,
ਜਾਨ ਲੀਨ ਤਬਿ ਹੇਤਾ[1]। — [1]ਤਦੋਂ (ਉਨ੍ਹਾਂ ਬਚਣੇ ਦਾ) ਕਾਰਨ ਕਿਲ੍ਹੇ ਦੀ ਓਟ ਜਾਣ ਲਈ ਸੀ।
ਆਜ ਲਰੇ ਸਮ ਹ੍ਵੈ ਕਰਿ ਸਾਰੇ
ਬਨਿ ਕੈ ਸਿੰਘ ਸੁਚੇਤਾ ॥੪॥
ਹਮਰੇ ਮਰੇ ਹਜ਼ਾਰਹੁਂ ਦੀਖਤਿ
ਖੇਤ ਸੰਕਰੀਨ[1] ਹੋਵਾ। — [1]ਭਰ ਗਿਆ ਹੈ।
ਗੁਰ ਕੋ ਭਟ ਘਾਇਲ ਭਾ ਕੋ ਨਹਿਂ,
ਮਰਜੋ ਨ ਰਨ ਮਹਿਂ ਜੋਵਾ' ॥੫॥
ਭੀਮ ਚੰਦ ਤੇ ਆਦਿਕ ਰਾਜੇ
ਹਾਥ ਬੰਦਿ ਕਰਿ ਭਾਖੇ।
'ਘਾਤ ਲਰਨ ਕੀ ਐਸੀ ਜਾਨਤਿ
ਤ੍ਰਾਸ ਨ ਮਨ ਮਹਿਂ ਰਾਖੇ ॥੬॥
ਏਕ ਬਾਰ ਹੀ ਹੇਲ ਘਾਲਿ ਕਰਿ,
ਕਰਤ ਵਾਰ ਮਿਲਿ ਸਾਰੇ।
ਬੰਧਿ ਟੋਲ, ਕਰਿ ਘਾਤ ਹਟਤਿ ਹੈਂ[1], — [1]ਟੋਲੇ ਬੰਨ੍ਹ ਕੇ ਨਾਸ਼ ਕਰਕੇ ਪਿਛੇ ਹਟ ਜਾਂਦੇ ਹਨ।
ਹੋਤ ਨ ਕਿਮ ਨਿਰਵਾਰੇ ॥੭॥
ਆਗੇ ਲਰੇ ਘੇਰ ਹਮ ਲੀਨਸਿ,
ਸੰਗ ਵਜੀਦ ਪਠਾਨਾ[1]। — [1]ਵਜ਼ੀਰ ਖਾਂ ਪਠਾਣ ਸਾਡੇ ਨਾਲ ਸੀ।

ਨੀਠ ਨੀਠ ਕਰਿ ਗਮਨਜੋ ਬਚਿ ਕੈ
ਰੋਕਜੋ ਵਹਿਰ ਮਦਾਨਾ ॥੮॥
ਅਬਿ ਤੁਮ ਚਢਹੁ ਨ ਲਰਿਬੇ ਕਾਰਨ
ਰਾਖਹੁਂ ਚਹੁਂਦਿਸ਼ਿ ਡੇਰੇ।
ਦੇਹੁ ਨ ਕਛੂ ਪ੍ਰਵੇਸ਼ਨ ਅੰਤਰਿ
ਇਸ ਪ੍ਰਕਾਰ ਲਿਹੁ ਘੇਰੇ ॥੯॥
ਦੁਰਗ ਮਝਾਰ ਖਰਚਿਬੇ ਕਾਰਨ
ਜਮਾ ਨ ਵਸਤੁ ਕਾਈ।
ਘ੍ਰਿੱਤ ਸਨੇਹ ਅੰਨ ਬਹੁ ਨਾਹਿਨ
ਨਹਿਂ ਬਰੂਦ ਸਮੁਦਾਈ ॥੧੦॥
ਗੁਲਕਾਂ ਆਦਿ ਵਸਤ੍ਰ ਵਥੁ ਸਗਰੀ
ਪਾਇਂ ਨ ਜਬਿ, ਨਿਕਸੈਂ ਹੈਂ।
ਪੁਰਿ ਗ੍ਰਾਮਨਿ ਤੇ ਮਨਹਿ ਕਰਹੁ ਸਭਿ[1],
ਕੋਇ ਨ ਕਿਨਹੁਂ ਦੈਹੈ ॥੧੧॥
ਦਿਨ ਅਲਪਨਿ ਮਹਿਂ ਹੁਇ ਲਚਾਰ ਬਹੁ
ਮਿਲਹਿ ਗੁਰੂ ਤਬਿ ਆਪੇ।
ਜਿਮ ਬਾਂਛਹੁ ਤਿਮ ਕਰਹੁ ਤਬਹਿ ਮਿਲਿ
ਤੁਮਰੋ ਮਹਿਦ ਪ੍ਰਤਾਪੇ ॥੧੨॥
ਸਗਰੇ ਮੁਲਖਨ ਕੇ ਤੁਮ ਮਾਲਿਕ
ਕੌਨ ਅਰੈ ਬਲਧਾਰੀ।
ਮਹਾਂ ਮਵਾਸੀ ਜ਼ੇਰ ਕਰੇ ਸਭਿ
ਕਜਾ ਗੁਰ ਬਾਤ ਬਿਚਾਰੀ[1]' ॥੧੩॥

ਇਮ ਗਿਰਪਤਿਨਿ ਭਨਜੋ ਸੁਨਿ ਦੋਨਹੁਂ
ਰਿਦੇ ਮਹਿਦ ਬਿਸਮਾਏ।
ਪੁਰਖ ਪ੍ਰਤਾਪਵੰਤ ਮਨ ਜਾਨਜੋਂ,
ਚਲੀ ਸੁਮਤਿ ਨਹਿਂ ਕਾਏ ॥੧੪॥
ਸੁਪਤਿ ਜਥਾ ਸੁਖ ਤਊ ਤ੍ਰਾਸ ਕਰਿ
-ਗੁਰ ਕੇ ਬੀਰ ਨ ਆਵਹਿਂ-।
ਲਾਖਹੁਂ ਲਸ਼ਕਰ ਜਾਗਤਿ ਆਧੇ,
ਪਰਿ ਆਧੇ ਸੁਪਤਾਵੈਂ ॥੧੫॥
ਇਤ ਸਤਿਗੁਰ ਕਰਿ ਖਾਨਿ ਪਾਨ ਕੋ
ਸਭਿ ਕੀ ਸੁਰਤ ਸੰਭਾਰੀ।

[1]ਸਭ ਨੂੰ ਮਨ੍ਹਾਂ ਕਰ ਦਿਓ।

[1]ਵਿਚਾਰੇ ਗੁਰੂ ਦੀ ਕੀ ਗਲ ਹੈ? (ਅ) ਗੁਰੂ ਦੀ ਗੱਲ ਕੀਹ ਵਿਚਾਰਨੀ ਹੋਈ।

ਸਾਲਪੱਤ੍ਰ ਦੇ ਘਾਇਲ ਸਭਿ ਕੋ
ਛਦ[1] ਕੀ ਪੀਰ ਨਿਵਾਰੀ ॥੧੬॥ — [1]ਜ਼ਖਮਾਂ ਦੀ।
ਜੋ ਮਰਿ ਗਏ ਕਰੇ ਸਸਕਾਰਨਿ
ਮਨ ਬਾਂਛਤ ਕੋ ਦੈ ਕੈ।
ਪਹੁੰਚੇ ਸ਼੍ਰੀ ਸਤਿਗੁਰ ਕੇ ਲੋਕਹਿਂ
ਜਨਮ ਮਰਨ ਦੁਖ ਖ੍ਵੈ ਕੈ ॥੧੭॥
ਸੁਪਤਿ ਜਥਾ ਸੁਖ ਰਾਤਿ ਬਿਤਾਈ
ਉਠਿ ਕਰਿ ਅੰਮ੍ਰਿਤ ਵੇਲੇ।
ਗੁਰਬਾਨੀ ਕੋ ਪਠਹਿ ਖਾਲਸਾ
ਨਾਮ ਵਾਹਿਗੁਰੂ ਲੇ ਲੇ ॥੧੮॥
ਆਸਾਵਾਰ ਰਬਾਬੀ ਗਾਵੈਂ
ਸੁਨਹਿਂ ਏਕ ਮਨ ਹੋਏ।
ਸੌਚ ਸ਼ਨਾਨ ਠਾਨਿ ਕਰਿ ਸਗਰੇ
ਰਿਸ ਤੇ ਤੁਰਕਨਿ ਜੋਏ ॥੧੯॥
ਹੁਕਮ ਗੁਰੂ ਕੀਨੋ ਸਭਿਹਿਨਿ ਕੋ
'ਨਿਜ ਮੁਰਚੇ ਸਵਧਾਨਾ।
ਅੱਗ੍ਰ ਜਾਇ ਨਹਿਂ ਆਯੁਧ ਖਾਵਹੁ
ਥਿਰੇ ਰਹਹੁ ਨਿਜ ਥਾਨਾ' ॥੨੦॥
ਮਾਨਿ ਹੁਕਮਿ ਕੋ ਥਿਰਜੋ ਖਾਲਸਾ
ਜ੍ਵਾਲਾਬਮਨੀ ਛੋਰੈਂ।
ਤੁਰਕ ਪ੍ਰਹਾਰੀ ਉਠੇ ਪ੍ਰਾਤਿ ਪਿਖਿ
ਜਗਤ ਜੂਠ ਮੁਖ ਜੋਰੈਂ[1] ॥੨੧॥ — [1]ਹੁੱਕੇ ਨਾਲ ਮੂੰਹ ਜੋੜਦੇ ਹਨ।
ਮ੍ਰਿਤਕ ਸੰਬੰਧੀ ਹੁਤੇ ਜੁ ਨੇਰੇ
ਦਾਹ ਕਰੇ ਦਫਨਾਏ।
ਰਹੇ ਸ਼ੇਖ ਗੋਮਾਇ[1] ਗੀਧ ਗਨ — [1]ਗਿੱਦੜ।
ਸਭਿ ਕੇ ਆਮਿਖ ਖਾਏ ॥੨੨॥
ਕਾਕ ਕੰਕ ਚਾਵੰਡਾ[1] ਚੀਂਕਤਿ — [1]ਗਿੱਧਾ।
ਹਯ ਨਰ ਮਾਸ ਅਹਾਰਾ[1]। — [1]ਖਾਕੇ।
ਬ੍ਰਿੰਦ ਭ੍ਰਮਾਵੈਂ ਉਡ ਅਕਾਸ਼ ਮਹਿਂ
ਕੇਤਿਕ ਭੂਮਿ ਮਝਾਰਾ ॥੨੩॥
ਜਿਤਿਕ ਅਨੰਦਪੁਰਿ ਕੇ ਮਗ ਪਹੁੰਚਨਿ
ਸਭਿ ਰੋਕੇ ਚਹੂੰ ਓਰੇ।

ਡੇਰੇ ਕਰੇ ਅਨੇਕ ਜੂਥਪਤਿ[1]
ਘੇਰਜੋ ਭੈ ਕਰਿ ਘੋਰੇ[1] ॥੨੪॥
ਨਿਕਟ ਨ ਢੂਕੇ ਲਰਿਬੇ ਕਾਰਨ
ਦੂਰ ਦੂਰ ਕਰਿ ਫੇਰੇ।
ਜਥਾ ਸ਼ੇਰ ਤੇ ਡਰ ਕਰਿ ਰੁਕਤੇ
ਗਨ ਗਜਰਾਜ[1] ਬਡੇਰੇ ॥੨੫॥
ਦਿਵਸ ਢਰਜੋ ਤਬਿ ਸਤਿਗੁਰ ਮਾਦਿਕ†
ਦੋਨਹੁੰ[1] ਢਿਗ ਮੰਗਵਾਏ।
ਸੇਵਕ ਲੇ ਚਾਮੀ ਕਰ ਸੰਪਟ[1],
ਸਾਰ ਅਫੀਮੈ[1] ਲਜਾਏ ॥੨੬॥
ਲਘੁਏਲਾ[1] ਗਨ ਗਿਰੀ ਬਦਾਮਹਿਂ[2]
ਬਿਜੀਆ ਜੁਤਿ ਸਰਦਾਈ।
ਭਰਜੋ ਕਟੋਰਾ ਦਿਯੋ ਗੁਰੂ ਕਰ
ਪਾਨ ਕੀਨਿ ਸਮੁਦਾਈ ॥੨੭॥
ਮਾਵਾ ਪੁਨ ਅਫੀਮ ਕੋ ਖਾਯੋ
ਪੁਨ ਬਿਜੀਆ ਲਘੁ ਪਾਨਾ*।
ਚਢਿ ਤੁਰੰਗ ਪਰ ਗਮਨੇ ਸੌਚਹਿ
ਫਿਰ ਆਏ ਤਿਸ ਥਾਨਾ ॥੨੮॥
ਥਾਨ ਉਤੰਗ ਅਨੰਦਪੁਰਿ ਜਿਹ ਠਾਂ
ਹੈ ਪੂਰਬ ਦਿਸ਼ਿ ਜੋਈ।
ਤਿਸ ਹੀ ਦਿਸ਼ ਮਹਿਂ ਕੋਸ ਅਢਾਈ
ਸੂਬੇ ਉਤਰੇ ਦੋਈ ॥੨੯॥
ਤੰਬੂ ਸ਼ਮਿਯਾਨੇ ਬਹੁ ਤਾਨੇ
ਦੂਰ ਦੂਰ ਲਗਿ ਹੇਰੇ।
ਅਨਿਕ ਬਰਣ ਕੇ ਸ਼ਜਾਮ ਲਾਲ ਗਨ
ਲਾਗੇ ਸੇਤ ਬਡੇਰੇ ॥੩੦॥
ਥਾਨ ਥਾਨ ਝੰਡੇ ਬਡ ਗਾਡੇ
ਬਹੁਤ ਬਰਣ ਕੇ ਸੇਈ।
ਬੈਠਿ ਊਚ ਥਲ ਪ੍ਰਭੁ ਬਿਲੋਕਤਿ
ਲਸ਼ਕਰ ਸ਼ੱਤ੍ਰੁਨਿ ਜੋਈ ॥੩੧॥
ਬੈਠੇ ਲਗੇ ਸੁਚੇਤਾ ਕਰਨੇ
ਨਿਰਮਲ ਨੀਰ ਸ਼ਨਾਨੇ।

[1]ਸੈਨਾਪਤੀਆਂ ਨੇ।
[1]ਬਹੁਤਾ ਭੈ ਕਰਕੇ।
[1]ਵੱਡੇ ਹਾਥੀ।
†ਦੇਖੋ ਰੁਤ ੨ ਅੰਸੂ ੪੪ ਅੰਕ ੨੦ ਦੀ ਹੇਠਲੀ ਟੂਕ।
[1]ਫੀਮ ਤੇ ਸੁੱਖਾ।
[1]ਸੋਨੇ ਦੀ ਡੱਬੀ।
[1]ਪੱਕੀ ਅਫੀਮ। ਅਸਲੀ ਅਫੀਮ।
[1]ਛੋਟੀਆਂ ਲਾਚੀਆਂ। [2]ਬਦਾਮਾਂ ਦੀਆਂ ਗਿਰੀਆਂ।

ਬਸਤ੍ਰ ਪਹਿਰ ਕਰਿ ਥਿਰਤਾ ਕੀਨੀ
ਆਇ ਸਿੰਘ ਤਿਸ ਥਾਨੇ ॥੩੨॥
ਲਗ੍ਯੋ ਦਿਵਾਨ ਖਾਲਸੇ ਕੇਰਾ
ਬਸਤ੍ਰ ਸ਼ਸਤ੍ਰ ਤਨ ਸਾਜੇ।
ਜਾਮ ਦਿਵਸ ਤੇ ਸੂਬੇ ਚਢਿ ਕੈ
ਸੰਗ ਲੀਨ ਸਭਿ ਰਾਜੇ ॥੩੩॥
ਥੋਰੇ ਨਰ ਲੇ ਸੰਗ ਸੁ ਗਮਨੇ
ਦ੍ਰਿਸ਼ਟਿ ਅਨੰਦ ਪੁਰਿ ਓਰੀ।
ਚਲਤਿ ਚਲਤਿ ਕੁਛ ਨਿਕਟ ਪਹੂਚੇ
ਭੀਮ ਚੰਦ ਕਰ ਜੋਰੀ[1] ॥੩੪॥
ਜ਼ੇਰਦਸਤ[†] ਅਰੁ ਖਾਂ ਵਜੀਦ ਪਿਖਿ
ਬੋਲੇ ਰਾਜਨਿ ਸੰਗਾ।
'ਸਗਰੇ ਦ੍ਰਿਸ਼ਟਿ ਲਗਾਇ ਬਿਲੋਕਹੁ
ਬਹੁ ਨਰ ਥਾਨ ਉਤੰਗਾ[1]' ॥੩੫॥
ਦੂਰਬੀਨ ਪੁਨ ਲਾਇ ਨਿਹਾਰੇ
ਤੁਰਕਨਿ ਬਾਕ ਉਚਾਰਾ।
'ਇਹ ਕੋ ਹੈ ਥਿਰਿਓ ਮੰਚ ਊਪਰ
ਢਿਗ ਲਗਿ ਸਭਾ ਉਦਾਰਾ ॥੩੬॥
ਬਾਰੰਬਾਰ ਚਮਰ ਕੌ ਢੋਰਤਿ
ਸੂਰਜ ਮੁਖੀ ਅਗਾਰੀ।
ਜ਼ੇਵਰ ਜਰੇ ਜਵਾਹਰ ਜ਼ਾਹਰ
ਜਗਮਗ ਜਗਮਗ ਕਾਰੀ ॥੩੭॥
ਸੀਸ ਪਾਗ ਪਰ ਜਿਗਾ ਮਨੋਰਹ
ਕਲ਼ਗੀ ਝੁਲਤਿ ਉਤੰਗਾਂ।
ਧਨੁਖ ਧਰੇ, ਦ੍ਵੈ ਤਰਕਸ਼ ਆਗੇ
ਪੂਰਨ ਸੰਗ ਖਤੰਗਾਂ[1] ॥੩੮॥
ਖੜਗ ਗਾਤਰੇ ਥਿਰਜੋ ਪ੍ਰਕਾਸ਼ਤਿ
ਮਹਿਦ ਮਜਾਜ ਉਚੇਰੇ[1]।
ਸ਼ਾਹਨਸ਼ਾਹੁ ਮਨਹੁ ਕੋ ਬੈਠ੍ਯੋ
ਬੰਦਹਿਂ ਚਰਨ ਘਨੇਰੇ ॥੩੯॥
ਸਿੰਘ ਸੈਂਕਰੇ ਸੰਗ ਅਲਬਾਲਤਿ

[1]ਹਥ ਜੋੜਕੇ।

[†]ਕਵੀ ਜੀ ਕਿਤੇ ਇਸ ਨੂੰ ਜ਼ੇਰਦਸਤ ਤੇ ਕਿਤੇ ਜ਼ਬਰਦਸਤ ਲਿਖ ਰਹੇ ਹਨ।

[1]ਉਚੇ ਥਾਂ ਵਿਚ ਬਹੁਤੇ ਪੁਰਸ਼ ਹਨ।

[1]ਤੀਰਾਂ ਨਾਲ।

[1]ਬੜੀ ਮਜਾਜ ਉੱਚੀ ਹੈ ਭਾਵ ਆਨਬਾਨ ਨਾਲ ਬੈਠੇ ਹਨ।

ਸਭਾ ਬਿਸਾਲ ਲਗਾਈ।
ਸਨਧਬੱਧ ਸਭਿ ਸੇਲੇ ਸਾਂਗਨ
ਖੜਗ ਤੁਪਕ ਸਮੁਦਾਈ ॥੪੦॥
ਗੁਰ ਕੋ ਜਥੇਦਾਰ ਹੈ ਕੋਈ
ਕਿਧੌਂ ਪੁੱਤ੍ਰ ਤਿਨ ਕੇਰਾ।
ਸ਼੍ਰੀ ਗੁਬਿੰਦ ਸਿੰਘ ਆਪ ਕਿਧੌਂ ਇਹ
ਦਿਪਹਿ ਪ੍ਰਤਾਪ ਉਚੇਰਾ ॥੪੧॥
ਭੋ ਅਚਲੇਂਦ੍ਰ ! ਚਿਨਾਰੀ ਕਰਿਯਹੁ
ਨੀਕੇ ਮੋਹਿ ਬਤਾਵਹੁ।
ਕੌਨ ਅਹੈ ਇਤ ਸਨਮੁਖ ਬੈਠਯੋ
ਸਕਲ ਭੇਦ ਸਮੁਝਾਵਹੁ' ॥੪੨॥
ਭੀਮ ਚੰਦ ਸੁਨਿ ਕੈ ਕਰ ਬੰਦੇ
ਭਲੇ ਪਛਾਨਿ ਬਖਾਨਾ।
'ਇਹੀ ਗੁਬਿੰਦ ਸਿੰਘ ਕਲਹਿ ਮੂਲ ਸਭਿ
ਕੀਨੇ ਜੰਗ ਮਹਾਂਨਾ ॥੪੩॥
ਜਹਿਂ ਕਹਿਂ ਲਰਯੋ ਬਿਜਯ ਕੋ ਪ੍ਰਾਪਤਿ
ਮਨਹੁਂ ਵਸਤੁ ਇਸ ਕੇਰੀ[1]।
ਕਬਹੁਂ ਸ਼ੱਤ੍ਰ ਕੇ ਦੀਨਸਿ ਨਾਂਹਿਨ[1],
ਸੈਲਨਿ ਚਮੂੰ ਨਿਬੇਰੀ ॥੪੪॥
ਆਦਿ ਕੇਸਰੀ ਚੰਦ ਸੰਘਾਰੇ
ਧਨੁ ਬਿੱਦਜਾ ਮੈਂ ਭਾਰੀ।
ਪੈਂਡਖਾਨ ਬਡ ਤੀਰਮਦਾਜੰ
ਇਕ ਸਰ ਤੇ ਲਿਯ ਮਾਰੀ ॥੪੫॥
ਮਰੇ ਬਿਲੋਕਹੁ ਲਰੇ ਪਿਛਾਰੀ
ਤੀਰਨਿ ਸੰਗ ਪਰੋਏ[1]।
ਪਰਹਿਂ ਪਾਰ, ਨਹਿਂ ਥਿਰਹਿਂ ਦੇਹਿ ਮਹਿਂ,
ਬਿਸਮਤਿ ਹ੍ਵੈ ਹੈ ਜੋਏ ॥੪੬॥
ਪਾਛੇ ਪਾਵ ਨ ਘਾਲਯੋ ਕਬਿਹੂੰ
ਬਲ ਕਰਿ ਕਰਿ ਪਚਹਾਰੇ।
ਦਲ ਸਕੇਲਿ ਬਹੁ ਕਰੀ ਸੂਰਤਾ
ਟਰਯੋ ਨ ਕਿਮ ਹੀ ਟਾਰੇ ॥੪੭॥
ਪ੍ਰਥਮ ਕਥਾ ਮੈਂ ਸੁਨੀ ਕ੍ਰਿਸ਼ਨ ਜੀ

[1]ਜੈ ਰੂਪੀ) ਵਸਤੂ ਮਾਨੋਂ ਇਸੇ ਦੀ ਹੀ ਹੈ।

[1]ਕਦੇ ਨਹੀਂ ਦਿੱਤੀ (ਬਿਜੈ।

[1]ਅਰ ਜੋ) ਪਿਛੇਰੇ ਲੇੜੇ ਹਨ (ਤੁਸਾਡੇ) ਦੇਖਦਿਆਂ ਮਰੇ ਹਨ (ਕੀਕੂੰ) ਤੀਰਾਂ ਨਾਲ ਪ੍ਰੋਤੇ ਹਨ।

ਭਯੋ ਸੁ ਅਤਿਰਥਿ ਜੋਧਾ।
ਥੋਰੇ ਘਨੇ ਸ਼ੱਤ੍ਰ ਨਹਿਂ ਗਿਨਤੋ
ਲਰਿ ਮਾਰਹਿ ਧਰਿ ਕ੍ਰੋਧਾ ॥੪੮॥
ਰਾਮਚੰਦ ਅਤਿਰਥੀ ਭਏ ਹੈਂ
ਸੋ ਸੁਨਿਬੇ ਮਹਿਂ ਆਏ।
ਤਿਨ ਸਮ ਪਿਖ੍ਯੋ ਬਿਲੋਚਨ ਤੇ ਇਹ
ਹਨੈ ਲਰਤਿ ਸਮੁਦਾਏ ॥੪੯॥
ਤੁਮ ਸਮਰਥ ਹੋ ਜਗ ਕੇ ਮਾਲਿਕ
ਗਹਹੁ ਕਿ ਮਾਰਨ ਕੀਜੈ।
ਗਿਰ ਰਾਜੇ ਦਲ ਪ੍ਰਜਾ ਸਹਿਤ ਸਭਿ
ਹਾਰ ਪਰੇ ਲਖਿ ਲੀਜੈ ॥੫੦॥
ਹੁਇ ਲਾਚਾਰ ਹਮ ਹਜ਼ਰਤ ਕੇ ਢਿਗ
ਪਹੁੰਚੇ ਦੱਖਣ ਜਾਈ।
ਤੁਮ ਸਮੇਤ ਲਸ਼ਕਰ ਬਹੁ ਆਨਜੋਂ
ਦ੍ਵੈ ਕਰਿ ਚੁਕੇ ਲਰਾਈ" ॥੫੧॥ 'ਦੋ ਲੜਾਈਆਂ ਤੁਸੀਂ ਵੀ ਕਰ ਚੁੱਕੇ ਹੋ।
ਇਮ ਸੁਨਿ ਕੈ ਬਲ ਸਤਿਗੁਰ ਕੇਰਾ
ਸੂਬੇ ਕ੍ਰੁੱਧਤਿ ਦੋਈ।
'ਦੇਖਿ ਨ੍ਰਿਪਤ ! ਤੁਝ ਆਗੇ ਅਬਿ ਹਮ
ਗਹੈਂ ਕਿ ਮਾਰੈਂ ਸੋਈ' ॥੫੨॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਸੂਰਜ ਗ੍ਰਿੰਥੇ ਖਸਟਮ ਰੁਤੇ 'ਜੰਗ' ਪ੍ਰਸੰਗ ਬਰਨਨੰ ਨਾਮ ਦ੍ਵਾਦਸ਼ਮੋ ਅੰਸੂ ॥੧੨॥

੧੩. [ਸੂਬਿਆਂ ਨੇ ਤੋਪਾਂ ਚਲਾਉਣੀਆਂ]

੧੨<<ਪਿਛਲਾ ਅੰਸੁ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੪

ਦੋਹਰਾ:

ਅਵਲੋਕੈ ਦ੍ਰਿਗ ਕ੍ਰੋਧ ਤੇ, ਜ਼ਬਰਦਸਤ ਕਹਿ ਬਾਤ।
'ਸੁਨਿ ਬਜੀਦ ਖਾਂ ਅਬਿ, ਇਹਾਂ ਬੈਠੇ ਕਰੀਅਹਿ ਘਾਤ ॥੧॥

ਲਲਿਤਪਦ ਛੰਦ:

ਅਲਪ ਬਿਸਾਲ ਤੋਪ ਗਨ ਆਨਹੁ
ਏਕ ਬਾਰ ਦਿਹੁ ਛੋਰੀ।
ਸ਼ਿਸਤ ਲਗਾਇ ਹਤੋਂ ਮੈਂ ਆਪੇ
ਤਜਿ ਗੋਰਾ ਗੁਰ ਓਰੀ' ॥੨॥
ਹੁਕਮ ਦੀਨ ਤਤਕਾਲ ਮੰਗਾਈ
ਲਸ਼ਕਰ ਮਾਂਹਿ ਜੁ ਠਾਂਢੀ।
ਸੁਭਟ ਹਜ਼ਾਰਹੁੰ ਮਿਲਿ ਕਰਿ ਜੋਰੀ
ਹੇਰਨ ਕੋ ਰੁਚਿ ਬਾਢੀ ॥੩॥
ਬ੍ਰਿਖਭ ਤੁਰੰਗਨਿ ਐਂਚਨ ਕਰਿ ਕੈ
ਅਰੁ ਮਾਨਵ ਸਮੁਦਾਈ।
ਬਲ ਤੇ ਪੇਲ ਧਕੇਲਤਿ ਲਜਾਏ
ਨਹੀਂ ਬਿਲੰਬ ਲਗਾਈ ॥੪॥
ਕਰੀ ਬਰੋਬਰ ਥਿਰ ਇਕ ਬੇਰੀ
ਗਜ ਤੇ ਉਤਰਜੋ ਸੂਬਾ।
ਊਚ ਨੀਚ ਤੋਪਨ ਮੁਖ ਕਰਿ ਕੈ
ਤਕੈ ਸ਼ਿਸਤ ਹੁਇ ਕੂਬਾ[1] ॥੫॥
ਸਰਬ ਸਭਾ ਕੋ ਅਰੁ ਸਤਿਗੁਰ ਕੋ
ਤਾਕਿ ਤਾਕਿ ਬਿਧਿ ਨੀਕੀ।
ਥੈਲੀ ਭਰਿ ਬਰੂਦ ਅਰੁ ਗੋਰਾ
ਕਰਿ ਕਰਿ ਮਤਿ ਨਿਜ ਹੀ ਕੀ ॥੬॥
ਉਤ ਸਿੰਘਨ ਗਤਿ ਇਨ ਕੀ ਪਿਖਿ ਕਰਿ
ਬ੍ਰਿੰਦ ਤੋਪ ਅਨਮਾਨੀ[1]।
'ਮਹਾਰਾਜ ਅਵਿਲੋਕਹੁ ਉਤ ਕੌ
ਨੀਚਨ ਦੁਰਮਤਿ ਠਾਨੀ ॥੭॥
ਖਰੇ ਮਤੰਗ ਤੁਰੰਗਮ ਪੁੰਜੰ
ਮਾਨਵ ਜਹਿਂ ਸਮੁਦਾਏ।

[1]ਕੁੱਬਾ ਹੋਕੇ।

[1]ਅਨੁਮਾਨ ਕਰ ਲਿਆ ਕਿ ਤੋਪਾਂ ਬਹੁਤ ਆਈਆਂ ਹਨ।

ਤਹਾਂ ਤੋਪ ਗਨ ਲਜਾਵਨ ਕੀਨੀ
ਹਮ ਹੇਰੀ ਦਿਗ ਲਾਏ ॥੮॥
ਅਸ ਨਹਿਂ ਹੋਇ ਆਇ ਗਨ ਗੋਰੇ
ਲਗਹਿਂ ਦਿਵਾਨ ਮਝਾਰੇ।
ਅੰਗ ਭੰਗ ਕਰਿ ਪ੍ਰਾਨ ਬਿਨਾਸਹਿਂ
ਔਚਕ ਗਜ਼ਬ ਗੁਜ਼ਾਰੇਂ ॥੯॥
ਸਨਮੁਖਿ ਤੇ ਉਠਿ ਦਿਸ਼ਾ ਦੂਸਰੀ
ਥਿਰਹੁ ਲਗਾਇ ਦਿਵਾਨਾ।
ਤੁਰਕ ਸ਼ੱਤ੍ਰੁ ਕੋ ਕਹਾਂ ਭਰੋਸਾ
ਦੁਸ਼ਟ ਸੁ ਬੇਈਮਾਨਾ ॥੧੦॥
ਜਬਿ ਨਿਰਮੋਹ ਆਪ ਪ੍ਰਭੁ ਉਤਰੇ
ਰਾਜਨਿ ਦਗ਼ਾ ਗੁਜ਼ਾਰਾ।
ਤੋਪ ਸਮੁਖ ਕਰਿ ਤਾਕਿ ਸ਼ਿਸਤ ਕੋ
ਗੋਰਾ ਔਚਕ ਮਾਰਾ ॥੧੧॥
ਤੈਸੀ ਬਿਧਿ ਇਨ ਕੀ ਅਬਿ ਦੀਖਤਿ
ਰਚਯੋ ਪਾਪ ਮਤਿ ਪਾਪੀ।
ਬਿਨਾ ਜੰਗ ਤੇ ਮਾਰਨ ਚਾਹਤਿ
ਮੰਦ ਮਹਿਦ ਸੰਤਾਪੀ ॥੧੨॥
ਆਛੀ ਬਾਤ ਦਾਸਿ ਕਰਿ ਬਿਨਤੀ
ਜੈਸੀ ਬਿਧਿ ਲਖਿ ਪਾਈ[1]।

[1]ਜਿਸ ਤਰ੍ਹਾਂ ਅੱਛੀ ਬਾਤ ਜਾਣ ਪਾਈ ਹੈ ਦਾਸ ਨੇ ਬੇਨਤੀ ਕੀਤੀ ਹੈ।

ਆਗੇ ਜਿਮ ਰਾਵਰਿ ਹੁਇ ਮਰਜ਼ੀ
ਕਰਹੁ ਜਥਾ ਮਨ ਭਾਈ' ॥੧੩॥
ਸੁਨਿ ਕਰਿ ਸ੍ਰੀ ਕਲਗੀਧਰ ਬੋਲੇ
'ਸੁਨਹੁ ਖਾਲਸਾ ਪਜਾਰੇ !
ਕਾਲ ਕੌਚ ਤਨ ਪਹਿਰਨ ਕੀਨੀ
ਬ੍ਰਹਮ ਕੌਚ ਉਰ ਧਾਰੇ[1] ॥੧੪॥

[1](ਅਸਾਂ) ਤਨ ਤੇ ਤਾਂ ਕਾਲ ਕਵਚ ਪਹਿਰੀ ਹੈ ਤੇ ਰਿਦੇ ਵਿਚ ਬ੍ਰਹਮ ਕਵਚ ਧਾਰੀ ਹੈ। [ਕਾਲ ਕਵਚ=ਕਾਲ ਰੂਪੀ ਸੰਜੋਅ। ਅਕਾਲ ਪੁਰਖ ਦੀ ਸ਼ੰਘਾਰ ਸ਼ਕਤੀ ਦਾ ਨਾਮ ਹੈ ਕਾਲ, ਮਹਾਂ ਕਾਲ। ਉਸੇ ਦੀ ਸਾਨੂੰ ਰੱਖਿਆ ਹੈ ਹਰ ਵੇਲੇ ਕਿਉਂਕਿ ਅਸਾਂ ਅੰਦਰ ਅਕਾਲ ਪੁਰਖ ਨਾਲ ਲਿਵ ਲਾਈ ਹੈ। 'ਚੁੰਭੀ ਰਹੀ ਸੂਤ ਪ੍ਰਭੁ ਚਰਨਨ ਮਹਿਂ' ਇਹ ਸਾਡਾ ਬ੍ਰਹਮ ਕਵਚ ਹੈ। ਬ੍ਰਹਮ ਵਿਚ ਸੁਰਤ ਧਾਰਨੀ ਬ੍ਰਹਮ ਕਵਚ ਹੈ ਯਥਾ:-'ਰਾਮ ਕਵਚੁ ਦਾਸ ਕਾ ਸੰਨਾਹੁ ॥ ਦੂਤ ਦੁਸਟ ਤਿਸੁ ਪੋਹਤਿ ਨਾਹਿ' ॥ ਕਿਉਂਕਿ ਅਗਲੀਆਂ ਤੁਕਾਂ ਵਿਚ ਦੱਸਦੇ ਹਨ ਕਿ ਮਹਾਂਕਾਲ ਸਾਨੂੰ ਬਚਾਉਂਦਾ ਹੈ ਤੇ ਸਰਬ ਲੋਹ=ਅਕਾਲ ਪੁਰਖ ਦੀ ਰੱਖਯਾ ਸਾਨੂੰ ਉਠਦਿਆਂ ਬੈਠਦਿਆਂ ਪ੍ਰਾਪਤ ਹੈ]।

ਜਿਸ ਤੇ ਸੇਲ[†] ਸਾਂਗ, ਸਰ, ਸ਼ਕਤੀ,

[†]ਪਾ:-ਸੈਵ।

ਤੋਮਰ, ਗੋਰੀ, ਗੋਰਾ।
ਕੰਟਕ ਦੁਸ਼ਟ ਅਨੇਕ ਜਤਨ ਤੇ
ਮਾਰਹਿਂ ਜੇ ਹਮ ਓਰਾ ॥੧੫॥
ਏਕ ਨ ਲਾਗ ਸਕਹਿਂ ਤਨ ਹਮਰੇ
ਸਭਿ ਉਪਾਇ ਨਿਫਲਾਵੈਂ।
ਮਹਾਂ ਕਾਲ ਕਾਲੀ ਰਖਵਾਰੀ
ਦੇ ਕਰਿ ਹਾਥ ਬਚਾਵੈਂ ॥੧੬॥
ਸਰਬ ਲੋਹ[1] ਕੀ ਰੱਛਾ ਹਮ ਕੋ
ਊਠਤਿ ਬੈਠਤਿ ਚਾਲੇ।
ਪੇਸ਼ ਨ ਜਾਇ ਮਲੇਛਨਿ ਕੋ ਕੁਛ
ਕਰਤਿ ਉਪਾਇ ਬਿਸਾਲੇ' ॥੧੭॥

[1]ਅਕਾਲ ਪੁਰਖ।

ਇਤਨੀ ਕਹਤਿ ਹੁਤੇ ਸ਼੍ਰੀ ਸਤਿਗੁਰ
ਛੁਟੀ ਤੋਪ ਸਮੁਦਾਈ।
ਗਾਜ ਗਾਜ ਕਰਿ[1] ਬਾਰ ਬਾਰ ਜਨੁ
ਗਿਰੀ ਸੁ ਗਿਰ ਪਰ ਆਈ ॥੧੮॥

[1]ਬਿਜਲੀ ਵਾਂਙ ਗੱਜਕੇ।

ਅੰਧ ਧੁੰਧ ਇਕ ਬਾਰ ਭਯੋ ਤਬਿ
ਉਠਯੋ ਧੂੰਮ ਨਭ ਛਾਯੋ।
ਖਰੇ ਤੁਰੰਗ ਮਤੰਗ ਨ ਦੀਖਤਿ
ਨਿਕਟ ਸਥਾਨ ਹਿਲਾਯੋ ॥੧੯॥
ਪ੍ਰਤਿ ਧੁਨਿ ਉਠੀ ਸੈਲ ਅਰੜਾਏ
ਸ਼ਬਦ ਸਹੈਂ ਨਹਿਂ ਸ਼੍ਰੋਨਾ[1]।
ਕੜਕੈਂ ਤੋਪਾਂ ਬਲ ਬਰੂਦ ਤੇ
ਆਗੈ ਅਟਕਹਿ ਕੌਨਾ ॥੨੦॥

[1]ਕੰਨਾਂ ਨੇ ਅਵਾਜ਼ ਨਹੀਂ ਸਹਾਰੀ।

ਸਗਰੇ ਗੋਰੇ ਗਿਰ ਕੇ ਸਿਰ ਤੇ[1]
ਉਚੇ ਨਭ ਕੋ ਜਾਈ।
ਖਿਰਯੋ ਦਿਵਾਨ ਸਕਲ ਬਿਚ ਸ਼੍ਰੀ ਪ੍ਰਭੁ
ਕਿਹ ਕੋ ਛੁਹਨ ਨ ਪਾਈ ॥੨੧॥

[1]ਪਹਾੜ ਦੇ ਸਿਰ ਤੋਂ।

ਊਪਰ ਮੁਖ ਕਰਿ ਦੇਖਤਿ ਹੈਂ ਸਿੰਘ,
ਸ਼ੂਕਤਿ ਜਾਹਿਂ ਅਕਾਸ਼ਾ।
ਪਰੈ ਸਿਵਰ ਜੇ ਤੁਰਕਨਿ ਘਾਲੇ
ਤਿਨ ਕੋ ਕਰਤਿ ਬਿਨਾਸ਼ਾ[1] ॥੨੨॥

[1]ਭਾਵ ਤੋਪਾਂ ਦੀਆਂ ਸ਼ਿਸਤਾਂ ਗ਼ਲਤ ਸਨ ਗੋਲੇ ਬਜਾਏ ਦੀਵਾਨ ਪਰ ਡਿੱਗਣ ਦੇ ਕਿਲੇ ਤੋਂ ਪਾਰ ਜਾਕੇ ਘੇਰੇ ਘੱਤੇ ਹੋਏ ਤੁਰਕਾਂ ਪਰ ਹੀ ਪੈਂਦੇ ਸਨ।

ਸੁਭਟ† ਪਵੰਗਮ ਕਰੇ ਸੰਘਾਰਨਿ
ਹਾਹਾਕਾਰ ਮਚਾਯੋ।
ਪਿਖਿ ਸੂਬੇ ਤੋਪਨ ਮੁਖ ਊਚਾ
ਫੇਰਜੋ ਪੇਚ ਨਿਵਾਯੋ ॥੨੩॥
ਸਗਰੀ ਮਹਿਂ ਥੈਲੀ[1] ਪੁਨ ਘਾਲੀ
ਗੋਰਾ ਗਜ ਤੇ ਠੋਕਾ।
ਕਰੀ ਤਯਾਰ ਪੁਨ ਤਾਕਿ ਸ਼ਿਸ਼ਤ ਕੋ
ਬਾਰੰਬਾਰ ਬਿਲੋਕਾ ॥੨੪॥
ਦੁਤਿਯ ਸ਼ਲਖ ਫਿਰ ਤਾਕਿ ਪ੍ਰਹਾਰੀ
ਦਾਰੁਣ ਨਾਦ ਉਠਾਵਾ।
ਧੂਮਧਾਰ ਤਹਿਂ ਜਿਤ ਕਿਤ ਪਸਰੀ
ਨਹਿਂ ਦੇਖਨਿ ਕੁਛ ਪਾਵਾ ॥੨੫॥
ਗਿਰ ਕੀ ਜਰ ਮਹਿਂ ਗੋਰੇ ਸਗਰੇ
ਜਾਇ ਲਗੇ ਇਕ ਬਾਰੀ।
ਪਿਖਹਿ ਖਾਲਸਾ ਹਰਖਤਿ ਹ੍ਵੈ ਕਰਿ
ਤੁਰਕਨਿ ਕੀ ਮਤਿ ਮਾਰੀ ॥੨੬॥
ਜਗਤ ਪਤੀ ਕੋ ਚਾਹਤਿ ਹਤਿਬੇ
ਸੀਪਨਿ[1] ਸਿੰਧ ਉਲੀਚੈਂ।
-ਭਗਨੋਂ ਸੈਲ- ਮਸ਼ਕ ਜਿਮ ਚਿਤਵਤਿ,
ਕੀਟ ਸੁਮੇਰੂ ਖੀਚੈ[1] ॥੨੭॥
ਬਿਸਮਤਿ ਸੂਬੇ ਸਰਬ ਤੋਪ ਗਨ
ਕ੍ਰੁੱਧਤਿ ਹ੍ਵੈ ਕਸਵਾਈ।
ਕਰਿ ਕਰਿ ਬੁਧਿ ਬਲ ਅਨਿਕ ਘਾਤ ਤੇ
ਛੋਰਿ ਦਈ ਸਮੁਦਾਈ ॥੨੮॥
ਨੀਚੇ ਮੁਖ ਜਬਿ ਕਰਹਿਂ ਤੋਪ ਕੋ
ਗਿਰ ਕੀ ਜਰ ਮਹਿਂ ਲਾਗੈਂ।
ਜੇ ਊਚੋ ਕਰਿ ਛੋਰਹਿਂ ਗੋਰਾ
ਤਤਛਿਨ ਜਾਵਤਿ ਆਗੈ ॥੨੯॥
ਸ਼ੂਕਤਿ ਨਭ ਮਹਿਂ ਨਿਫਲ ਪਰੈ ਕਿਤ
ਬਾਂਮ ਕਿ ਦਾਹਨ ਜਾਈ।
ਸਰਬ ਸਭਾ ਯੁਤਿ ਸਤਿਗੁਰ ਬੈਸੇ
ਚਿੰਤਾ ਕਿਸਹੁਂ ਨ ਕਾਈ ॥੩੦॥

†ਪਾ:-ਸੁਭ੍ਰ।
[1]ਸਾਰੀਆਂ ਵਿਚ ਥੈਲੀ (ਬਾਰੂਦ ਦੀ)।
[1]ਸਿੱਪੀਆਂ ਨਾਲ।
[1]ਕੀੜਾ ਖਿੱਚੇ ਸੁਮੇਰੂ ਨੂੰ।

ਬਾਰ ਬਾਰ ਤਾਕਤਿ ਪੁਨ ਛੋਰਹਿ
ਕਰਿ ਕਰਿ ਨਿਜ ਮਤਿ ਆਛੇ।
ਨਹਿਂ ਦਿਵਾਨ ਮਹਿਂ ਗੋਰਾ ਲਾਗਯੋ
ਜਹਿਂ ਮਾਰਨ ਕੋ ਬਾਂਛੇ ॥੩੧॥
ਇਕ ਕੀ ਨਿੰਦਾ ਦੂਸਰ ਕਰਿ ਕਰਿ
ਤਾਕਿ ਤਾਕਿ ਕਰਿ ਛੋਰੈਂ[1]।

[1]ਭਾਵ ਗੋਲੰਦਾਜ਼ ਇਕ ਦੂਜੇ ਨੂੰ ਨਾਲਾਇਕ ਕਹਿ ਕਹਿਕੇ ਆਪ ਚਲਾਉਂਦੇ ਹਨ ਪਰ।

ਜੇਤਿਕ ਬਿੱਦਜਾ ਕਰਿ ਪਚਿ ਹਾਰੇ
ਗਯੋ ਨ ਸਤਿਗੁਰ ਧੋਰੈ[1] ॥੩੨॥

[1]ਕੋਲ, ਨੇੜੇ।

ਤਜੀ ਸੈਂਕਰੇ ਮੁਹੁਰਮੁਹੁ[1] ਸਭਿ,
ਪਾਇ ਬਰੂਦ ਰੁ ਗੋਰਾ।

[1]ਬਾਰ-ਬਾਰ।

ਧੂੰਮਧਾਰ ਤੇ ਅੰਧ ਧੁੰਦ ਭਾ
ਅਧਿਕ ਮਚਯੋ ਤਬਿ ਸ਼ੋਰਾ ॥੩੩॥
ਜਤਨ ਕਰਤਿ ਅਰੁ ਤੋਪ ਚਲਾਵਤਿ
ਤਬਿ ਸੰਧਜਾ ਹੁਇ ਆਈ।
ਬਹੁ ਬਿਸਮਾਇ ਰਹੇ ਪੁਛਤਾਵਤਿ
ਬਡੀ ਘਾਤ ਅਬਿ ਪਾਈ[1] ॥੩੪॥

[1]ਬੜਾ ਦਾਉ ਲੱਗਾ ਸੀ।

ਲਗਤਿ ਜਿ ਗੋਰੇ ਗੁਰ ਸਮੇਤ ਅਬਿ
ਹੋਤਿ ਸੰਘਾਰਨਿ ਸਾਰੇ।
ਫਤੇ ਮੁਹਿੰਮ ਲੇਤਿ ਕਰਿ ਸਗਰੀ
ਕਾਰਜ ਹੋਤਿ ਸੁਧਾਰੇ ॥੩੫॥
ਤਮ ਪਸਰਯੋ, ਪਰਕਾਸ਼ ਹਾਨ ਭਾ,
ਹਟਿ ਡੇਰੇ ਕੋ ਚਾਲੇ।
ਭੀਮਚੰਦ ਸੋਂ ਬੂਝਯੋ ਸੂਬੇ
'ਅਚਰਜ ਪਿਖਯੋ ਬਿਸਾਲੇ ॥੩੬॥
ਇਹ ਕਜਾ ਭਯੋ ਨ ਜਾਨਯੋਂ ਜਾਈ
ਗੋਰੇ ਪੁੰਜ ਚਲਾਏ।
ਕਿਸ ਨੇ ਪਤਾ ਦਿਯੋ ਕੁਛ ਨਾਂਹੀ
ਸਤਿਗੁਰ ਨਹਿਂ ਨ ਉਠਾਏ[1] ॥੩੭॥

[1]ਕਿਸੇ (ਗੋਲੇ) ਨੇ ਕੁਛ ਪਤਾ ਨਹੀਂ ਦਿੱਤਾ ਸਤਿਗੁਰ (ਉਸ ਥਾਵੋਂ) ਉਠੇ ਤੱਕ ਨਹੀਂ।

ਉਚੇ ਥਲ ਕਰਿ ਲਗਯੋ ਨ ਗੋਰਾ
ਟਿੱਬਾ ਕਿਧੌਂ ਕੁਢਾਲਾ।
ਕਿਧੌਂ ਗਿਰਦ ਮੈਂ ਹੁਤੋ ਨਿਸ਼ਾਨਾ[1]

[1]ਯਾ ਤਾਂ ਨਿਸ਼ਾਨਾ ਕਿਸੇ ਫੇਰ (ਗੇੜ) ਵਿਚ ਸੀ।

ਕੈ ਗੁਰ ਅਜ਼ਮਤ ਵਾਲਾ ॥੩੮॥
ਗਏ ਊਚ ਕੇ ਨੀਚੇ ਲਾਗੇ
ਬਾਮ ਦਾਹਨੇ ਹੋਏ।
ਨਹੀਂ ਤ੍ਰਾਸ ਭੀ ਕਿਸ ਨੇ ਪਾਯੋ
ਉਠਨ ਕਹਾਂ ਕਿਤ ਕੋਏ[1]" ॥੩੯॥
ਰਾਜੇ ਭਨਜੋਂ 'ਚਲੇ ਗਨ ਗੋਰੇ
ਮੈਂ ਭੀ ਅਚਰਜ ਮਾਨਾ।
ਜਾਇ ਨ ਜਾਨੀ ਕਜਾ ਕੁਛ ਹੋਯੋ
ਕਜਾ ਮੈਂ ਕਰੌਂ ਬਖਾਨਾ ॥੪੦॥
ਪ੍ਰਥਮ ਲਰਾਈ ਵਹਿਰ ਨਿਕਾਰੇ
ਤਹਿ ਹਮ ਤੋਪ ਚਲਾਈ।
ਗੁਰ ਕੋ ਲਗੀ ਨ, ਸਿਖ ਇਕ ਮਾਰਜੋ
ਦਿਯੋ ਪਤਾ ਢਿਗ ਜਾਈ ॥੪੧॥
ਹੁਤੋ ਤੋਪਚੀ ਬਿੱਦਜਾ ਨਿਪਨੁ
ਮਾਰਤਿ ਦੂਸਰ ਗੋਰਾ।
ਪਿਖਿ ਸਿਖ ਮਰਜੋ ਸੰਧਿ ਸਰ ਧਨੁ ਗੁਰ
ਤਾਤਕਾਲ ਖਰ ਛੋਰਾ ॥੪੨॥
ਕੋਸਿਕ ਹੁਤੋ ਪ੍ਰਮਾਨ ਬੀਚ ਕੋ[1]
ਲਗਜੋ ਭਾਲ ਮਹਿੰ ਜਾਈ।
ਮਰਜੋ ਸੁ, ਇਕ ਸਰ ਔਰ ਚਲਾਯੋ
ਨਿਕਟ ਖਰੋ ਤਿਸ ਭਾਈ ॥੪੩॥
ਤਿਸ ਕੇ ਲਗਜੋ ਮਰਜੋ ਸੋ ਤਤਛਿਨ
ਤੁਪਚੀ ਰਹਜੋ ਨ ਕੋਈ।
ਯੌਂ ਇਕ ਬਾਰ ਭਈ ਬਿਧਿ ਮਾਰਨ
ਕੀਨਿ ਸੁਨਾਵਨ ਸੋਈ ॥੪੪॥
ਤਿਸ ਤੁਪਚੀ ਨੇ ਪਤਾ ਦਿਯੋ ਢਿਗ
ਖਰੋ ਅੱਗ੍ਰ ਸਿਖ ਮਾਰਾ[1]।
ਤੁਮਰੋ ਗੋਰਾ ਨਿਕਟ ਨ ਪਹੁੰਚਜੋ
ਟਿੱਬਾ ਹੁਤੋ ਕੁਢਾਰਾ ॥੪੫॥
ਕਜਾ ਅਭਿ ਭਯੋ, ਨ ਬੀਤ ਗਯੋ ਕੁਛ[1],
ਕਈ ਬਾਰ ਇਮ ਹੋਵੈ[1]।

[1]ਕਿਸੇ ਦਾ ਉੱਠਣਾ ਤਾਂ ਕਿਤੇ ਰਿਹਾ।

[1]ਵਿਚ ਕੋਹ ਭਰ ਦਾ ਫਾਸਲਾ ਸੀ।

[1]ਉਸ ਤੋਪਚੀ ਨੇ ਪਤਾ ਤਾਂ ਦਿਖਾ ਦਿਤਾ ਸੀ ਜੋ (ਗੁਰੂ ਜੀ ਦੇ) ਕੋਲ ਤੇ ਅੱਗੇ ਖੜਾ ਸਿਖ ਮਾਰਿਆ ਗਿਆ ਸੀ।

[1]ਵੇਲਾ ਕੁਛ ਬੀਤ ਤਾਂ ਨਹੀਂ ਗਿਆ।

[1]ਕਈ ਵਾਰ ਇਸ ਤਰ੍ਹਾਂ ਹੋ ਹੀ ਜਾਂਦਾ ਹੈ।

ਤੋਪ ਤੁਪਕ ਇਹ ਬੁਰੀ ਬਲਾਇ ਸੁ
ਲਗਤਿ ਪ੍ਰਾਨ ਕੋ ਖੋਵੈ' ॥੪੬॥
ਜ਼ੇਰਦਸਤ ਕਹਿ 'ਮੈਂ ਇਮ ਜਾਨੀ
ਮੰਤ੍ਰ ਸਿੱਧ ਇਨ ਕੀਨਾ।
ਸਾਰ ਬੰਦ[1] ਕਰਿ ਨਿਸ਼ਚਲ ਬੈਠਜੋ
ਕਛੁ ਤ੍ਰਾਸ ਨਹਿਂ ਚੀਨਾ ॥੪੭॥
ਨਤੁ ਗੋਰੇ ਮੈਂ ਬਹੁਤ ਚਲਾਏ
ਇਲਮ ਲਖੌਂ ਮੈਂ ਭਾਰੀ।
ਹਤਜੋ ਨ ਕੋ, ਸਮੀਪ ਨਹਿਂ ਪਹੁੰਚਜੋ,
ਯਾਂ ਤੇ ਰਿਦੈ ਬਿਚਾਰੀ' ॥੪੮॥
ਸੁਨਤਿ ਵਜੀਦ ਖਾਨ ਸਮੁਝਾਇਸਿ
'ਮੰਤ੍ਰ ਨ[†] ਸਿਧ ਕੁਛ ਜਾਨੋ।
ਪ੍ਰਥਮ ਜੁੱਧ ਮਹਿਂ ਅਧਿਕ ਵਿਰੁੱਧਜੋ
ਕਰੇ ਬੀਰ ਗਨ ਹਾਨੋ ॥੪੯॥
ਸਾਹਿਬ ਚੰਦ ਜੁਥਪਤਿ ਗੁਰ ਕੋ
ਮਾਰਜੋ ਬੀਚ ਲਰਾਈ।
ਨੀਠ ਨੀਠ ਕਰਿ ਲੋਥ ਉਠਾਈ
ਜ਼ੋਰ ਲਾਇ ਸਮੁਦਾਈ' ॥੫੦॥
ਇਮ ਬਾਤਨਿ ਕੋ ਕਰਤਿ ਪਹੂਚੇ
ਨਿਜ ਡੇਰੇ ਬਿਸਰਾਮੇ।
ਖਾਨ ਪਾਨ ਕਰਿ ਸੋਵਤਿ ਨਿੰਦ੍ਰਾ
ਸਗਲੇ ਟਿਕੇ ਨਿਸਾ ਮੇਂ ॥੫੧॥
ਇਤ ਸਤਿਗੁਰ ਸੋਦਰ ਪਾਠ ਸੰਧਜਾ
ਚੌਂਕੀ ਪੂਰਨ ਹੋਈ।
ਖਰੋ ਗਿਰੰਥੀ ਕਰਿ ਅਰਦਾਸਹਿ
ਸਿਰ ਨਿੰਮ੍ਰੇ ਸਭਿ ਕੋਈ ॥੫੨॥
ਕੂਰ ਤੁਰਕ ਝਖ ਮਾਰਿ ਰਹੇ ਸਭਿ
ਕਛੂ ਨ ਬਸ ਬਲ ਚਾਲਾ।
ਫਤੇ ਗੁਰੂ ਕੀ ਸਭਿਨਿ ਬੁਲਾਈ
ਊਚੇ ਨਾਦ ਉਠਾਲਾ ॥੫੩॥
ਹਰਖਤਿ ਭਏ ਅਸਤ ਰਵਿ ਹੋਯੋ
ਗੇ ਸਤਿਗੁਰ ਨਿਜ ਥਾਨਾ।

[1]ਲੋਹਾ ਬੰਨ੍ਹਕੇ ਭਾਵ ਮੰਤ੍ਰਾਂ ਨਾਲ ਸ਼ਸਤ੍ਰਾਂ ਦੇ ਅਸਰ ਨੂੰ ਰੋਕ ਕੇ।

[†]ਪਾ:-ਮੰਤ੍ਰਨਿ।

ਕਿਤਿਕ ਖਾਲਸਾ ਥਿਰਯੋ ਮੋਰਚੇ
ਹ੍ਵੈ ਕਰਿ ਬਹੁ ਸਵਧਾਨਾ ॥੫੪॥
ਖਾਨ ਪਾਨ ਕਰਿ ਪੌਢੇ ਸੁਪਤੇ
ਤ੍ਰਾਸ ਨ ਮਾਨਤਿ ਕੋਈ।
ਜਥਾ ਗੁਹਾ[1] ਮਹਿਂ ਕੇਹਰਿ ਬਾਸੈ
ਗਜ ਸਮਾਨ ਰਿਪੁ ਜੋਈ ॥੫੫॥
ਦੋਨਹੁਂ ਦਿਸ਼ਾ ਨਿਸਾ ਮਹਿਂ ਟਿਕ ਗੇ
ਆਪ ਆਪਨੇ ਥਾਨਾ।
ਘੇਰਾ ਪਾਇ ਪਰੇ ਚਹੁਂਦਿਸ਼ਿ ਮਹਿਂ
ਡਰਤਿ ਨ ਰਣ ਕੋ ਠਾਨਾ ॥੫੬॥

[1]ਗੁਫਾ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰੁਤੇ 'ਜੰਗ' ਪ੍ਰਸੰਗ ਬਰਨਨੰ ਨਾਮ ਤ੍ਰਯੋਦਸ਼ਮੋਂ ਅੰਸੂ ॥੧੩॥

੧੪. [ਘੇਰਾ। ਗੁਰੂ ਜੀ ਨੇ ਤੀਰ ਚਲਾਉਣੇ]

੧੩<<ਪਿਛਲਾ ਅੰਸੁ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੫

ਦੋਹਰਾ:

ਉਠੇ ਬਹੁਰ ਜਬਿ ਪ੍ਰਾਤ ਭੀ, ਬਾਦਤ ਬਜੈਂ ਬਿਸਾਲ।
ਸੰਖ ਨਫੀਰੀ ਨੌਬਤਾਂ, ਰਣਸਿੰਘੇ ਤਤਕਾਲ ॥੧॥

ਲਲਿਤਪਦ ਛੰਦ:

ਬਜੇ ਨਗਾਰੇ ਦੋਊ ਦਿਸ਼ਿ ਮਹਿਂ,
ਉਤਸਾਹਤਿ ਭਟ ਹੋਏ।
ਸੌਚ ਸ਼ਨਾਨ ਬਨੇ ਸਵਧਾਨਾ,
ਨਿਜ ਨਿਜ ਥਾਨ ਖਰੋਏ ॥੨॥
ਰੋਕਹਿਂ ਤੁਰਕ ਪੰਥ ਜੇ ਪੁੰਜਹਿਂ[1],
[1]ਸਾਰੇ ਰਾਹਾਂ ਤੋਂ।
ਜੋ ਚਾਹਤਿ ਪੁਰਿ ਜਾਯੋ।
ਬ੍ਰਿੰਦ ਵਪਾਰੀ ਵਰਜ ਦੀਏ ਸਭਿ,
'ਲੂਟ ਲੇਹਿਂਗੇ ਆਯੋ'[1] ॥੩॥
[1]ਜੋ ਆਵੇਗਾ ਲੁੱਟ ਲਵਾਂਗੇ।
ਨਿਕਟਿ ਗ੍ਰਾਮ ਅਰੁ ਪੁਰਿ ਜਨ ਜੇਈ,
ਸਭਿ ਮਹਿਂ ਡਿੰਡਮ ਫੇਰਾ।
'ਆਨੰਦ ਪੁਰਿ ਮਹਿਂ ਕੁਛ ਪਹੁੰਚਾਵੈ,
ਉਚਿਤ ਸਜ਼ਾਇ ਬਡੇਰਾ ॥੪॥
ਕਰੋ ਨ ਕੁਛ ਵਿਵਹਾਰ[1] ਤਹਾਂ ਕੋ,
[1]ਵਪਾਰ।
ਕਰਹਿ ਜਿ ਦੇਵੈ ਲੇਵੈ।
ਦੁਰ ਕਰਿ ਕਰਹਿ ਬਿਦਤ ਹੁਇ ਪਕਰੈਂ[1],
[1]ਜੋ ਲੁਕ ਛੁਪ ਕੇ ਕਰੇਗਾ ਪ੍ਰਗਟ ਹੋਣ ਤੇ ਉਸ ਨੂੰ ਪਕੜ ਲਵਾਂਗੇ।
ਸਦਨ ਲੂਟ ਤਿਹ ਲੇਵੈਂ' ॥੫॥
ਰੋਪਰ ਅਰੁ ਹੁਸ਼ੀਆਰ ਪੁਰਾ ਪੁਰਿ,
ਇੱਤਯਾਦਿਕ ਸਭਿ ਠਾਕੇ।
ਦੂਰ ਦੂਰ ਚਹੁੰਦਿਸ਼ਿ ਕਰਿ ਡੇਰੇ,
ਤ੍ਰਸਤਿ ਅਨੰਦਪੁਰਿ ਤਾਕੇ ॥੬॥
ਇਮ ਘੇਰਾ ਕਰਿ ਲਸ਼ਕਰ ਉਤਰਯੋ,
ਆਇ ਜਾਇ ਨਹਿਂ ਕੋਈ।
ਕਬਿ ਕਬਿ ਚਢਹਿ ਖਾਲਸਾ ਇਤ ਉਤ,
ਅਰਹਿਂ ਅਰੀ ਰਣ ਹੋਈ[1] ॥੭॥
[1]ਜੇ ਦੁਸ਼ਮਨ ਅੜੇ ਤਾਂ ਜੁੱਧ ਹੋ ਪਵੇ।
ਚਲਹਿਂ ਤੋਪ ਬੰਦੂਕ ਤੀਰ ਗਨ,
ਮਾਰਨ ਮਰਿਬੋ ਹੋਵੈ।

ਮਰਹਿਂ ਸੈਂਕਰੇ ਤੁਰਕ ਜਿ ਦਿਨਪ੍ਰਤਿ,
ਸਮੁਖ ਪ੍ਰਾਨ ਕੋ ਖੋਵੈਂ ॥ ੮ ॥
ਕਬਿ ਕਬਿ ਰਹੈਂ ਮੋਰਚਨਿ ਬੈਠੇ,
ਨਿਜ ਨਿਜ ਥਲ ਸਵਧਾਨਾ।
ਕਬਹੁੰ ਤੁਫੰਗ ਤੋਪ ਕੋ ਛੋਰਹਿਂ,
ਹਾਨ ਕਰਹਿਂ ਅਰਿ ਪ੍ਰਾਨਾ ॥ ੯ ॥
ਕਬਿ ਕਬਿ ਨੇਰ ਅਚਾਨਕ ਹੁਇ ਜਬਿ,
ਚਲਹਿਂ ਤੁਪਕ ਸਮੁਦਾਯਾ।
ਬਾਜ ਮਨਿੰਦੈ ਬ੍ਰਿੰਦ ਖਾਲਸਾ,
ਖਗ ਸ਼ੱਤ੍ਰੁਨਿ ਪਰਧਾਯਾ ॥ ੧੦ ॥
ਸ਼੍ਰੀ ਅਜੀਤ ਸਿੰਘ ਸਾਹਿਬਜ਼ਾਦਾ,
ਸਾਹਿਬ ਨਿਕਟ ਹਕਾਰਾ।
'ਸੰਵਾਧਾਨ ਬਨਿ ਰਹੋ ਕੇਸਗੜ੍ਹ,
ਕਰਹੁ ਰਿਪੁਨਿ ਤਹਿਂ ਮਾਰਾ ॥ ੧੧ ॥
ਸਿੰਘ ਪੰਜ ਸੈ ਰਾਖ ਸੰਗ ਨਿਜ,
ਵਹਿਰ ਦੂਰ ਨਹਿਂ ਜਾਵੋ।
ਤਹਿਂ ਸ਼ੱਤ੍ਰੂ ਜੋ ਨੇਰਿ ਕਰਜੋ ਚਹਿ,
ਮਾਰ ਤੁਫੰਗ ਖਪਾਵੋ ॥ ੧੨ ॥
ਨਿਸ ਮਹਿਂ ਜਾਗ੍ਰਨ ਕਰਹੁ ਬਿਲੋਕਹੁ,
ਸੁਧ ਰਖਿ ਸ਼ੱਤ੍ਰੁਨਿ ਕੇਰੀ।
ਜ੍ਵਾਲਾਬਮਣੀ ਤਜਾਰ ਧਰਹੁ ਨਿਤ,
ਹਿੰਦੁ ਤੁਰਕ ਲਿਹੁ ਬੈਰੀ ॥ ੧੩ ॥
ਪਿਤਾ ਹੁਕਮ ਸੁਨਿ ਸ਼੍ਰੀ ਅਜੀਤ ਸਿੰਘ
ਤਿਸ ਮੁਰਚੇ ਮਹਿਂ ਬਾਸਾ।
ਸਦਾ ਸੁਚੇਤ ਰਹਤਿ ਗਹਿ ਸ਼ਸਤ੍ਰਨਿ
ਨਿਜ ਰਿਪੁ ਪੁੰਜ ਬਿਨਾਸਾ ॥ ੧੪ ॥
ਨਾਹਰ ਸਿੰਘ ਅਰੁ ਸ਼ੇਰ ਸਿੰਘ
ਦ੍ਵੈ ਲੋਹ ਕੋਟ ਮਹਿਂ ਛੋਰੇ।
ਸਿੰਘ ਪੰਜ ਸੈ ਸੰਗ ਕਰੇ ਨਿਤ
ਕਰਤਾ ਸੰਘਰ ਘੋਰੇ ॥ ੧੫ ॥
ਸਵਾਧਾਨ ਦਿਨ ਮਹਿਂ ਨਿਤ ਰਹਿਤੇ
ਤਥਾ ਰਾਤਿ ਤਕਰਾਈ।

ਸ਼ੱਤ੍ਰ ਸਮੀਪ ਹੋਨਿ ਨਹਿਂ ਦੇਵਹਿਂ
ਤਜੈਂ ਤੁਪਕ ਸਮੁਦਾਈ ॥੧੬॥
ਕਬਿ ਹੁਇ ਵਹਿਰ ਕਰੈਂ ਰਣ ਜੁਝਹਿਂ
ਰਿਪੁ ਗਨ ਕਰਤਿ ਬਿਨਾਸ਼ਾ।
ਗੁਰਬਾਣੀ ਸੰਗ ਧਜਾਨ ਪਢਹਿਂ ਨਿਤ
ਜੀਵਨ ਗੁਰ ਭਰਵਾਸਾ ॥੧੭॥
ਅਗਮ ਪੁਰੇ ਆਲਮ ਸਿੰਘ ਜੋਧਾ
ਸਿੰਘ ਪੰਜ ਸੈ ਲੀਨੇ।
ਤਹਾਂ ਸੁਚੇਤ ਰਹੇ ਗਹਿ ਸ਼ਸਤ੍ਰਨਿ
ਰਿਪੁ ਢਿਗ ਹੋਨਿ ਨ ਦੀਨੇ ॥੧੮॥
ਉਦੈ ਸਿੰਘ ਬਲਵੰਤ ਬਹਾਦਰ
ਊਚ ਦਮਦਮੇ ਛੋਰਾ।
ਇਕ ਸੌ ਸਿੰਘ ਸੰਗ ਮੈਂ ਰਖਿ ਕਰਿ
ਸ਼ੱਤ੍ਰਨਿ ਕੋ ਸਿਰ ਫੋਰਾ ॥੧੯॥
ਮੁਹਕਮ ਸਿੰਘ ਸਾਹਿਬ ਸਿੰਘ ਜੋਧਾ
ਥਿਰੇ ਹੋਲ ਗੜ੍ਹ ਥਾਨਾ।
ਸਿੰਘ ਚਾਰ ਸੈ ਸੰਗ ਰਾਖ ਕਰਿ
ਰਹੈਂ ਸਦਾ ਸਵਧਾਨਾ ॥੨੦॥
ਸ਼੍ਰੀ ਗੁਰੁ ਪ੍ਰਭੁ ਥਿਰ ਰਹੈਂ ਅਨੰਦਪੁਰਿ
ਕਬਿ ਕਬਿ ਲਾਇਂ ਦਿਵਾਨਾ।
ਅਪਨੋ ਆਪ ਦਿਖਾਵਹਿਂ ਤੁਰਕਨਿ
ਹੋਇ ਪਰੈ ਘਮਸਾਨਾ ॥੨੧॥
ਗਿਰਨਿ ਦਿਸ਼ਾ ਮਹਿਂ ਦਇਆ ਸਿੰਘ ਰਹਿ
ਰਾਖਹਿ ਬਹੁ ਤਕਰਾਈ।
ਇਮ ਸਤਿਗੁਰ ਮੁਰਚਨਿ ਮਹਿਂ[1] ਥਾਪੇ
ਨਿਜ ਜੋਧਾ ਸਮੁਦਾਈ ॥੨੨॥
ਜੁਗ ਸੂਬੇ ਆਪਸ ਮਹਿਂ ਮਿਲਿ ਕਰਿ
ਪੂਰਬ ਦਿਸ਼ਿ ਕਿਯ ਡੇਰਾ।
ਚਮੂੰ ਸਿਰੰਦੀ ਸਕਲ ਪਸਾਰੀ
ਗਿਰ ਸਤੁੱਦ੍ਰਵ ਲਗਿ ਘੇਰਾ[1] ॥੨੩॥
ਦੱਖਨ ਦਿਸ਼ਿ ਦਿੱਲੀ ਕੋ ਲਸ਼ਕਰ
ਅਗਮ ਪੁਰੇ ਲਗਿ ਸਾਰੇ।

[1]ਮੋਰਚਿਆਂ ਵਿਚ।

[1]ਪਹਾੜ ਤੋਂ ਲੈ ਕੇ ਦਰਯਾ ਤੱਕ ਘੇਰਾ ਪਾਇਆ ਹੋਇਆ।

ਤੋਪ ਤੁਪਕ ਤਜਾਰੀ ਕਰਿ ਤਰਕਸ਼
ਤਹਾਂ ਮੋਰਚੇ ਧਾਰੇ ॥੨੪॥
ਪਸ਼ਚਮ ਦਿਸ਼ ਮਹਿਂ ਲਵਪੁਰਿ ਸੈਨਾ
ਆਪਸ ਮਹਿਂ ਮਿਲਿ ਡੇਰੇ।
ਅੰਤਰ ਨਹੀਂ ਤਨਕ ਭੀ ਰਾਖ੍ਯੋ[1]
ਦ੍ਰਿੜ੍ਹ ਹ੍ਵੈ ਘਾਲ੍ਯੋ ਘੇਰੇ ॥੨੫॥
ਪਰਬਤ ਦਿਸ਼ ਪਰਬਤ ਪਤਿ ਗਨ ਕੀ
ਚਮੂੰ ਪਰੀ ਸਵਧਾਨਾ।
ਗਜ ਬਾਜੀ ਗਨ ਲਗੇ ਤਬੇਲੇ
ਸ਼ਬਦ ਉਠੈਂ ਜਹਿਂ ਨਾਨਾ ॥੨੬॥
ਲਾਖਹੁਂ ਲਸ਼ਕਰ ਚਹੁਂਦਿਸ਼ਿ ਉਤਰ੍ਯੋ
ਤੰਬੂ ਗਨ ਸ਼ਮਿਯਾਨੇ।
ਜਹਿਂ ਕਹਿਂ ਪਿਖਿਯਤਿ ਕਪੜ ਕੋਟ ਕੋ,
ਬਰਨ ਬਰਨ ਬਰ ਬਾਨੇ[1] ॥੨੭॥

[1]ਵਿਚ ਵਿੱਥ ਰਤਾ ਨਹੀਂ ਰੱਖੀ।

[1]ਜਿੱਥੇ ਕਿਤੇ ਕਪੜਿਆਂ ਦੇ ਕੋਟ ਦਿਸਦੇ ਹਨ ਤੇ ਰੰਗਾਂ ਰੰਗਾਂ ਦੇ ਸ੍ਰੇਸ਼੍ਟ ਭੇਸ (=ਵਰਦੀਆਂ ਪਹਿਨੇ ਹੋਏ ਦਿਸਦੇ ਹਨ)।

ਤਿਮ ਝੰਡੇ ਚਹੁਂਦਿਸ਼ਿ ਮਹਿਂ ਊਚੇ
ਝੂਲਤਿ ਨਾਨਾ ਰੰਗਾ।
ਗਜ ਚਿੰਘਾਰਤਿ ਹਯਨਿ ਹਿਰੇਖਾ
ਊਠਤਿ ਸ਼ਬਦ ਉਤੰਗਾ ॥੨੮॥
ਲਕਰੀ ਘਾਸ ਨਿਖੂਟੀ ਜਹਿਂ ਕਹਿਂ
ਦੂਰ ਦੂਰ ਤੇ ਆਨੈਂ।
ਭਰਤੀ ਅੰਨ ਘਨੀ ਚਲਿ ਆਵਤਿ
ਦੇਸ਼ ਬਿਦੇਸ਼ ਮਹਾਨੈ ॥੨੯॥
ਅੰਤਰ ਨਹੀਂ ਪ੍ਰਵੇਸ਼ਨਿ ਦੇਵੈਂ
ਚਹੁਂਦਿਸ਼ਿ ਰਖਿ ਤਕਰਾਈ।
ਸ਼੍ਰੀ ਅਨੰਦਪੁਰਿ ਇਸ ਬਿਧਿ ਘੇਰ੍ਯੋ
ਮਿਲਿ ਮੂਰਖ ਸਮੁਦਾਈ ॥੩੦॥
ਰਹੈਂ ਮੋਰਚੇ ਨਿਜ ਨਿਜ ਨਿਸ ਮਹਿਂ
ਸਿੰਘ ਕਿ ਤੁਰਕ ਪਹਾਰੀ।
ਜਾਗ੍ਰਤਿ ਰਖੈਂ ਸੁਚੇਤੀ ਸਭਿ ਬਿਧਿ
ਠਾਂਢੇ ਬਾਰੋ ਬਾਰੀ ॥੩੧॥
ਦਿਨ ਮਹਿਂ ਜੇ ਪ੍ਰਧਾਨ ਅਰੁ ਰਾਜੇ

ਸਭਿ ਸੁਬਿਨਿ ਢਿਗ ਜਾਵੈਂ।
ਕਰਹਿਂ ਬਾਰਤਾ ਅਨਿਕ ਬਿਧਿਨਿ ਕੀ
ਜਤਨ ਸਮੂਹ ਬਨਾਵੈਂ ॥੩੨॥
ਜ਼ੇਰਦਸਤ ਅਰੁ ਖਾਨ ਵਜੀਦਾ
ਭੀਮਚੰਦ ਕਹਿਲੂਰੀ।
ਅਪਰ ਗਿਰੇਸ਼੍ਵਰ ਬਨਹਿਂ ਸਲਾਮੀ
ਭੂਪਚੰਦ ਹੰਡੂਰੀ ॥੩੩॥
ਬਹੁ ਪ੍ਰਕਾਰ ਕੀ ਮਸਲਤਿ ਗਿਨਤੇ
ਬਿਨਤੀ ਭਨਹਿਂ ਬਡੇਰੀ।
ਕਰਹਿਂ ਕੁਸ਼ਾਮਦ ਤੁਰਕਨਿ ਕੇਰੀ
-ਕੋਪ ਨ ਹੁਇਂ ਕਿਸ ਬੇਰੀ- ॥੩੪॥
ਇਤ ਸਤਿਗੁਰੂ ਢਿਗ ਦੌਨ ਸਮੇਂ ਮਹਿਂ
ਭਲੇ ਸਿੰਘ ਚਲਿ ਆਵਹਿਂ।
ਦਰਸ਼ਨ ਪਰਸਹਿਂ ਹਰਖਹਿਂ ਉਰ ਮਹਿਂ
ਬੰਦਹਿਂ ਸੀਸ ਨਿਵਾਵਹਿਂ ॥੩੫॥
ਸਭਾ ਲਗਹਿ ਕਹਿਂ ਅਨਿਕ ਬਾਰਤਾ
ਸੁਨਿ ਸੁਨਿ ਕਰਿ ਗੁਰ ਬੈਨਾ।
ਬਹੁਰ ਮੋਰਚੇ ਥਿਰਹਿਂ ਆਪਨੇ
ਕਰੈਂ ਗੁਜ਼ਾਰਨਿ ਰੈਨਾ ॥੩੬॥
ਅੰਤਰ ਅੰਨ ਲਵਨ ਘ੍ਰਿਤ ਆਦਿਕ
ਸੋ ਬਰਤਨ ਮਹਿਂ ਆਵੈ।
ਬੰਦ ਵਹਿਰ ਤੇ ਭਯੋ ਸਰਬ ਕੁਛ
ਨਹਿਂ ਪ੍ਰਵੇਸ਼ਬੋ ਪਾਵੈ ॥੩੭॥
ਇਕ ਦਿਨ ਕਲਗੀਧਰ ਆਨੰਦਪੁਰਿ
ਬੈਠੇ ਸਭਾ ਲਗਾਈ।
ਚਮਰ ਚਲਾਚਲ ਢੋਰਤਿ ਸਿਰ ਪਰ
ਪਿਖਹਿ ਚਮੂੰ ਸਮੁਦਾਈ ॥੩੮॥
ਦੂਰ ਦੂਰ ਲਗਿ ਕਰਹਿਂ ਬਿਲੋਕਨ
ਇਤ ਉਤ ਦ੍ਰਿਸ਼ਟਿ ਚਲਾਵੈਂ।
ਤੰਬੂ ਸ਼ਮਿਯਾਨੇ ਗਨ ਝੰਡੇ
ਜਿਤ ਕਿਤ ਦ੍ਰਿਸ਼ਟੀ ਆਵੈਂ ॥੩੯॥
ਸ਼ਾਲਮਲੀ[1] ਕੋ ਬ੍ਰਿੱਛ ਹੁਤੋ ਇਕ

[1]ਸਿੰਬਲ।

ਜਿਹ ਸਕੰਧ[1] ਸਮੁਦਾਯਾ। [1]ਟਾਹਣੇ।
ਤੁੰਗ ਅਧਿਕ ਵਿਸਤਾਰ ਸਹਿਤ ਸੋ
ਸਘਨ ਪੱਤ੍ਰ ਕੀ ਛਾਯਾ ॥੪੦॥
ਤਿਸ ਕੇ ਤਰੇ ਥਿਰੇ ਦ੍ਵੈ ਸੂਬੇ
ਚੌਂਪਰ ਖੇਲ ਮਚਾਏ।
ਭੀਮਚੰਦ ਨ੍ਰਿਪ ਭੂਪਚੰਦ ਤੇ
ਆਦਿ ਨਿਕਟ ਗਿਰਰਾਏ ॥੪੧॥
ਬੀਡ ਸਭਾ ਜੁਤਿ ਬੈਠੇ ਤਿਹ ਠਾਂ
ਤੁਰਕ ਮਿਲੇ ਪਰਧਾਨਾ।
ਰਿਦੇ ਅਨੰਦਤਿ ਕਰਹਿਂ ਕੁਸ਼ਾਮਤ
ਕਹਿ ਕਹਿ ਬਾਤਨ ਨਾਨਾ ॥੪੨॥
ਧਨੁਖ ਕਠੋਰ ਗੁਰੂ ਕੇ ਆਗੇ
ਹਾਥ ਬਿਖੇ ਗਹਿ ਲੀਨਾ।
ਕੰਚਨ ਲਪਟ੍ਯੋ ਸੁੰਦਰ ਖਪਰਾ
ਤੀਛਨ ਭੀਛਨ ਕੀਨਾ[1] ॥੪੩॥ [1]ਬਹੁਤ ਤਿੱਖਾ ਕੀਤਾ ਹੋਇਆ।
ਤਰਕਸ਼ ਤੇ ਤਬਿ ਕਰ੍ਯੋ ਨਿਕਾਸਨ
ਸੰਧਿ ਪਨਚ ਮਹਿ ਸੋਈ।
ਕਰਿ ਕੈ ਤਾਨ[1] ਕਾਨ ਲਗਿ ਤਾਨਾ [1]ਬਲ।
ਸ਼ਬਦ ਬਡੋ ਤਬਿ ਹੋਈ ॥੪੪॥
ਕਰਿ ਉਦੇਸ਼[1], ਸੂਬਾ ਜਹਿਂ ਬੈਠ੍ਯੋ [1]ਨਿਸ਼ਾਨਾ ਕਰਕੇ [ਸੰਸ:, ਉਦਸ਼੍ਯ=ਨਿਸ਼ਾਨਾ। ਲੱਖ੍ਯ]।
ਤਿਤ ਕੋ ਸਤਿਗੁਰ ਤ੍ਯਾਗਾ।
ਹੁਤੋ ਪ੍ਰਯੰਕ ਥਿਰ੍ਯੋ ਜਿਸ ਊਪਰ
ਪਾਵੇ ਜਹਿਂ ਸਰ ਲਾਗਾ ॥੪੫॥
ਖਪਰਾ ਲਗਤਿ ਫਟ੍ਯੋ ਸੋ ਤਤਖਿਨ
ਔਚਕ ਉਦਕੇ[1] ਸਾਰੇ। [1]ਤ੍ਰਬ੍ਰਕੇ। (ਅ) ਉੱਠ ਖੜੇ ਹੋਏ।
ਤੀਛਨ ਭੀਛਨ ਕੀਨ ਨਿਰੀਛਨ[1] [1]ਦੇਖਣਾ ਕੀਤਾ।
-ਖਪਰਾ ਇਹ ਗੁਰ ਮਾਰੇ- ॥੪੬॥
ਜ਼ੇਰਦਸਤ ਨਿਜ ਦਸਤ[1†] ਨਿਕਾਸ੍ਯੋ [1]ਹੱਥ। [†]ਪਾ:-ਹਾਥ।
ਕਹਿ ਬਜੀਦ ਖਾਂ ਸੰਗਾ।
'ਇਤੀ ਦੂਰ ਸਰ ਪਹੁੰਚ੍ਯੋ ਜਿਨ ਕੇ
ਕਹਾਂ ਓਜ ਨਰ ਅੰਗਾ[1] ॥੪੭॥ [1]ਨਰ ਦੇ ਅੰਗਾਂ ਵਿਚ ਭਲਾ ਕਿੱਥੇ ਇਤਨਾ ਜ਼ੋਰ ਹੈ।
ਕੋਸ ਅਢਾਈ ਅਹੈ ਅਨੰਦ ਪੁਰਿ

ਜਹਿਂ ਤੇ ਬੈਠਿ ਪ੍ਰਹਾਰਾ।
ਨਰ ਤਨ ਕੋ ਕੁਛ ਇਹ ਬਲ ਨਾਂਹਿਨ
ਅਜ਼ਮਤਿ ਕੋ ਬਲ ਭਾਰਾ' ॥੪੮॥
ਰਤਨ ਜਰੇ ਬਰ ਬਾਗਰ ਉਪਰ[1],

[1]ਸ੍ਰੇਸ਼੍ਰ ਬਾਗੜ (=ਤੀਰ ਦਾ ਪਿਛਲਾ ਸਿਰਾ) ਰਤਨਾਂ ਨਾਲ ਜਟਿਤ ਹੈ।

ਹੇਰਤਿ ਸਰਬ ਸਰਾਹਾ।
'ਕੰਚਨ ਲਿਪਤਿ ਮੋਟ ਬਡ ਕਾਨੋ
ਲੋਹ ਪੁਲਾਦੀ ਆਹਾ ॥੪੯॥
ਮੁਖੀ ਅਹੈ ਕਰ ਤਲ ਸਮ ਆਯੁਤ[1],

[1]ਹੱਥ ਦੀ ਤਲੀਵਤ ਚੌੜੀ।

ਨਰ ਤਨ ਕੌਨ ਚਲਾਵੈ।
ਅਜ਼ਮਤਿ ਜੁਤਿ ਗੁਰ ਕਰੈ ਪ੍ਰਹਾਰਨਿ
ਇਤੀ ਦੂਰ ਪਹੁੰਚਾਵੈ[†] ॥੫੦॥

[†]ਪਾ:-ਪਠਾਵੈ।

ਕਹਹੁ ਲਗੈ ਇਹ ਬਚਹਿ ਕੌਨ ਤਬਿ
ਜਥਾ ਤੋਪ ਕੋ ਗੋਰਾ।
ਭੜਭੜਾਇ[1] ਹਮ ਪਰੇ ਸਭੈ ਅਬਿ

[1]ਅੱਭੜਵਾਏ ਘਬਰਾ ਉੱਠਣਾ। (ਅ) ਭੜ ਭੜ ਕਰਦਾ ਇਹ ਸਾਡੇ ਸਭਨਾਂ ਤੇ ਆ ਪੈਂਦਾ ਹੈ।

-ਰਖਿ ਖੁਦਾਇ ਤਨ ਮੋਰਾ'- ॥੫੧॥
ਤਜਯੋ ਖੇਲ ਚੌਂਪਰ ਕੋ ਤਬਿ ਹੀ
ਕਹਿ ਕਹਿ ਸਭਿ ਬਿਸਮਾਏ।
ਦੂਰਬੀਨ ਤਬਿ ਲਾਵਨ ਕੀਨੀ
ਬੈਠੇ ਪ੍ਰਭੂ ਸੁਹਾਏ ॥੫੨॥
ਸਭਾ ਸਹਿਤ ਅਵਲੋਕਤਿ ਸਗਰੇ
ਚਮਰ ਚਲਾਚਲ ਚਾਰੂ।
ਪਾਨ ਕਮਾਨ ਧਰੇ ਜੁਤਿ ਬਾਨਹਿ
ਦੀਪਤਿ ਸ਼ੋਭ ਉਦਾਰੂ ॥੫੩॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰੁਤੇ 'ਤੀਰ ਪ੍ਰਹਾਰਨ' ਪ੍ਰਸੰਗ ਬਰਨਨੰ ਨਾਮ ਚਤਰਦਸਮੋਂ ਅੰਸੂ ॥੧੪॥

੧੫. [ਸਤਿਗੁਰੂ ਜੀ ਦੀ ਤੀਰ ਨਾਲ ਚਿੱਠੀ]

੧੪<<ਪਿਛਲਾ ਅੰਸੂ ਸੰਖੇਪ ਲਿੰਕ – ਤਤਕਰਾ ਅਗਲਾ ਅੰਸੂ>>੧੬

ਦੋਹਰਾ:

ਜਥਾ ਬਾਰਤਾ ਪਰਸਪਰ, ਗਿਰਪਤਿ ਸੂਬਨ ਕੀਨਿ।
ਤਥਾ ਪ੍ਰਭੂ ਜਾਨਤਿ ਭਏ, ਜੋ ਨਿਸ਼ਚੈ ਚਿਤ ਚੀਨ[1] ॥੧॥

[1]ਜੋ ਨਿਸ਼ਚੈ ਕਰ ਚਿਤ ਵਿਚ ਦੇਖੀ ਸੀ ਕਿ ਇਹ ਕਰਾਮਾਤ ਹੈ।

ਲਲਿਤਪਦ ਛੰਦ:

ਕਾਗਦ ਕੋ ਸ਼੍ਰੀ ਸਤਿਗੁਰੁ ਲੇ ਕਰਿ
ਹਰਫ ਫਾਰਸੀ ਕੇਰੇ।
ਲਿਖਤਿ ਭਏ ਤਿਸ ਊਪਰ ਆਛੇ
ਰਿਪੁਨਿ ਬ੍ਰਿਤੰਤ ਘਨੇਰੇ ॥੨॥
[1] 'ਦਾਨਸ਼ਵੰਦਨ ਦਾਨਸ਼ ਕੀਨਸਿ
ਬਿੱਦਜਾ ਕੋ ਅੱਭਜਾਸਾ।
ਕਰਹਿ ਨਿਤਾਪ੍ਰਤਿ ਹੁਇ ਤਿਹ ਪ੍ਰਾਪਤਿ[੩]
ਸੁਭਟ ਧਰਹਿਂ ਭਰਵਾਸਾ ॥੩॥

[1](ਤੁਸਾਂ) ਦਾਨਿਆਂ ਨੇ ਦਾਨਾਈ ਲਾਈ ਹੈ (ਕਿ ਇਹ ਕਰਾਮਾਤ ਹੈ ਪਰ ਇਹ ਤਾਂ) ਵਿਦਜਾ ਦਾ ਅਭਿਆਸ ਹੈ ਜੋ ਨਿਤ ਕਰੇਗਾ ਉਸ ਨੂੰ ਪ੍ਰਾਪਤ ਹੋ ਜਾਏਗਾ।

ਕਰਾਮਾਤ ਕੋ ਕਹਿਰ ਕਹੈ ਬਡ
ਕਰਤਿ ਨ ਰਨ ਕੇ ਮਾਂਹੀ।
ਇਹ ਤੌਂ ਕਰਮ ਕਰੀਮ ਕਰਜੋ ਕੁਲ[†]
ਕਰਤਾ ਪੁਰਖ ਅਲਾਹੀ[1] ॥੪॥

[†]ਪਾ:-ਕੁਛ।

[1]ਪਰ ਇਹ ਤਾਂ ਕੁੱਲ ਦੇ ਕਰਤਾ ਪੁਰਖ ਇਲਾਹੀ ਨੇ ਕਰਮ (=ਬਖਸ਼ਿਸ਼) ਕੀਤਾ ਹੈ (ਅਸਾਂ ਪਰ)। [ਫਾ:, ਕਰਮ=ਬਖਸ਼ਿਸ਼। ਕਰੀਮ=ਬਖਸ਼ਿੰਦ। ਕੁਲ=ਸਾਰੇ (ਜਗਤ ਦੇ]।

ਭੂਤ ਭਵਿਖਜਤ ਵਰਤਮਾਨ ਮਹਿਂ
ਵਿਦਜਾ ਜਿਨਹੁ ਕਮਾਈ।
ਦੁਰਗਮ ਕੋ ਭੀ ਸੁਗਮ ਕਰਤਿ ਹੈਂ,
ਦੁਲਭ ਸੁਲਭ ਹੁਇ ਜਾਈ' ॥੫॥
ਲਿਖਜੋ ਪੱਤ੍ਰ ਸੋ ਕਰਜੋ ਇਕੱਤ੍ਰੈ
ਧਾਗੇ ਸੋ ਸਰ ਬੰਧਾ।
ਬਹੁਰੋ ਧਨੁਖ ਕਠੋਰ ਲਿਯੋ ਕਰ
ਬਾਨ ਪਨਚ ਮਹਿਂ ਸੰਧਾ ॥੬॥
ਤਾਨਿ ਕਾਨ ਲਗਿ ਬਲ ਤੇ ਛੋਡਜੋ
ਚਲਜੋ ਸ਼ੂੰਕ ਅਸਮਾਨਾ।

ਦਾਰੁਨ ਸ਼ਬਦ ਚਾਂਪ ਤੇ ਹੋਵਾ
ਬੈਠੇ ਪਿਖਹਿਂ ਸੁਜਾਨਾ ॥੭॥
ਗਿਰਪਤਿ ਤੁਰਕ ਜਹਾਂ ਬਿਸਮਾਏ
ਕਰੈਂ[1] ਪਰਸਪਰ ਬਾਤੀ।
ਸ਼ਾਲਮਲੀ ਕੋ ਬਡੋ ਕਾਂਡ ਜੋ
ਜਿਸ ਤਰੁ ਤਰ ਨਰ ਪਾਤੀ[1] ॥੮॥
ਬਡੇ ਸ਼ਬਦ ਜੁਤਿ ਲਗਯੋ ਜਾਇ ਕਰ
ਸਭਿਨਿ ਕਰੇ ਦ੍ਰਿਗ ਊਚੇ।
ਕਹਾਂ ਬਿਲੋਕੈਂ[1] ਲਗਯੋ ਆਨਿ ਕਰਿ
ਦੂਸਰ ਬਾਨ ਪਹੂਚੇ ॥੯॥
ਨੀਕੇ ਪਿਖਯੋ ਸੁ ਕਾਗਦ ਲਟਕਤਿ
ਬੰਧਯੋ ਤਾਗੇ ਸੰਗਾ।
ਅਚਰਜ ਹ੍ਵੈ ਕਰਿ ਦਾਸ ਚਢਾਯਹੁ
'ਆਨਹੁ ਕਾਢਿ ਖਤੰਗਾ' ॥੧੦॥
ਤ੍ਰਸਤਹਿ[1] ਹੁਇ ਕਰਿ ਤੁਰਨ ਚਢਿ ਕਰਿ
ਕਾਢਯੋ ਠਾਨਿ ਉਪਾਏ।
ਲੇ ਕਰਿ ਜ਼ੇਰਦਸਤ ਅਵਲੋਕਯੋ
ਖੋਲਯੋ ਦਸਤ ਲਗਾਏ ॥੧੧॥
ਪਿਖੇ ਲਿਖੇ ਹੈਂ ਹਰਫ ਪਾਰਸੀ
ਬਨੀ ਬੈਤ ਬਿਚ ਬਾਚੀ[1]।
ਲਖਯੋ ਮਾਇਨਾ ਸਭਿਨਿ ਸੁਨਾਯਹੁ
'ਇਹ ਬਿੱਦਯਾ ਬਿਧਿ ਸਾਚੀ ॥੧੨॥
ਅਜ਼ਮਤ ਕੀ ਅਜ਼ਮਾਇਸ਼ ਨਾਹਿਨ
ਇਹ ਅੱਭਯਾਸ ਪ੍ਰਤਾਪਾ।
ਜਿਨਹੁਂ ਕੀਨ ਤਿਨ ਕੋ ਬਹੁ ਪ੍ਰਾਪਤਿ
ਧਰੈਂ ਭਰੋਸਾ ਆਪਾ ॥੧੩॥
ਕਰਾਮਾਤ ਕੀ ਨਿੰਦਾ ਕੀਨੀ
ਬਿੱਦਯਾ ਕੀ ਬਡਿਆਈ।
ਜਿਨ ਬੁਧਿ ਬਲ ਤੇ ਬਹੁ ਅਭਯਾਸੀ
ਸੋ ਦੁਰਲਭ ਭੀ ਪਾਈ' ॥੧੪॥
ਕਹਿ ਵਜੀਦ ਖਾਂ 'ਅਹੈ ਇਸੀ ਬਿਧਿ

[1]ਕਰਦੇ ਸਨ।

[1]ਜਿਸ ਬ੍ਰਿੱਛ ਹੇਠ ਨਰਾਂ ਦੀ ਪੰਗਤੀ ਬੈਠੀ ਸੀ।

[1]ਕੀ ਦੇਖਦੇ ਹਨ ਕਿ।

[1]ਜਰ ਡਰਕੇ।

[1]ਬੈਂਤਾਂ ਵਿਚ ਬਣੀ (ਹੋਈ ਇਬਾਰਤ) ਫਾਰਸੀ ਅੱਖਰਾਂ ਵਿਚ ਲਿਖੀ ਹੋਈ ਦੇਖੀ ਤੇ ਪੜ੍ਹੀ।

ਜਿਨ ਅੱਭਯਾਸ ਕਮਾਵਾ।
ਅਸ ਕੋ ਵਸਤੁ ਜੁ ਪ੍ਰਾਪਤਿ ਹੋਇ ਨ
ਲੇਤਿ ਜੁ ਕਰਤਿ ਉਪਾਵਾ ॥੧੫॥
ਅਚਰਜ ਅਪਰ ਬਿਚਾਰਹੁ ਚਿਤ ਮਹਿਂ
ਹਮ ਤੁਮ ਬਾਤੈਂ ਕੀਨੀ।
ਕੋਸ ਅਢਾਈ ਪਰ ਸੋ ਬੈਠੇ
ਤਿਹ ਠਾਂ ਸਗਰੀ ਚੀਨੀ[1] ॥੧੬॥
ਗੁਰੂ ਗੰਭੀਰ ਧੀਰ ਧਰਿ ਭਾਰੀ
ਸਭਿ ਘਟਿ ਅੰਤਰਜਾਮੀ।
ਕੌਨ ਕਰੈ ਸਮਸਰਤਾ ਤਿਨ ਕੀ
ਕਰਾਮਾਤ ਕੋ ਸ੍ਵਾਮੀ' ॥੧੭॥
ਇਮ ਕਹਿ ਸੁਨਿ ਕਰਿ ਬਹੁ ਬਿਸਮਾਏ
ਮਿਲੇ ਆਨਿ ਸਮੁਦਾਈ।
ਪਢਹਿਂ ਪੱਤ੍ਰ ਕੋ ਬਾਨ ਬਿਲੋਕਹਿਂ
ਕਰਹਿਂ ਤਰੀਫ ਬਡਾਈ ॥੧੮॥
ਸੱਯਦ, ਸ਼ੇਖ, ਪਠਾਨ, ਮੁਗ਼ਲ ਗਨ
ਆਨਿ ਆਨਿ ਪਰਵਾਰੇ।
ਸਭਿ ਗਿਰਪਤ ਜੁਤਿ ਸਚਿਵਨਿ ਬੈਠੇ
ਗੁਰ ਕੋ ਸੁਜਸ ਉਚਾਰੇਂ ॥੧੯॥
'ਇਤੀ ਸ਼ਕਤਿ ਕੋ ਧਾਰਨਹਾਰੋ
ਨਰ ਲੀਲਾ ਅਨੁਸਾਰੀ।
ਹਮ ਸੋਂ ਲਰਤਿ ਬਿਤਜੋ ਚਿਰ ਕਾਲਾ
ਨਹਿਂ ਕੁਛ ਬਿਘਨ ਬਿਥਾਰੀ' ॥੨੦॥
ਨਿਜ ਨਿਜ ਉਰ ਮਹਿਂ ਡਰ ਸਭਿ ਧਰਿ
ਧਰਿ
ਗਮਨੇ ਉਠਿ ਉਠਿ ਡੇਰੇ।
-ਅਸ ਨਹਿਂ ਹੋਹਿ ਗੁਰੂ ਰਿਸ ਕਰਿ ਉਰ
ਸਰ ਤੇ ਹਮ ਹਤਿ ਗੇਰੇ ॥੨੧॥
ਕੋਸ ਅਢਾਈ ਹਤੇ ਨਿਸ਼ਾਨਾ
ਕਜਾ ਛੋਰਹਿ ਕਿਸ ਤਾਂਈ[1]।
ਤਊ ਹਮਹਿਂ ਸਮ ਲਰਤਿ ਕਰਤਿ ਰਣ
ਇਹ ਤੇ ਬਹੁਤ ਬਡਿਆਈ- ॥੨੨॥

[1](ਸਾਡੀ) ਸਾਰੀ ਗੱਲ ਬਾਤ ਓਥੇ ਜਾਣ ਲਈ।

[1]ਕਿਸੇ ਨੂੰ ਕਿਵੇਂ ਛੱਡ ਸਕਦਾ ਹੈ।

ਸਗਰੇ ਰਿਦੇ ਬਿਚਾਰਤਿ ਮਹਿਮਾ
ਵਹਿਰ ਕਹੈਂ ਬਹੁ ਨਾਂਹੀ[1]।
ਸਭਿ ਬਿਧਿ ਅਧਿਕ ਪ੍ਰਤਾਪੀ ਜਾਨਹਿਂ
-ਭਯੋ ਨ ਕੋ ਭਵ ਮਾਂਹੀ- ॥੨੩॥
ਉਤ ਸਤਿਗੁਰੂ ਅਵਲੋਕਤਿ ਚਹੁਂ ਦਿਸ਼
ਤੰਬੂ ਗਨ ਸ਼ਮਿਯਾਨੇ।
ਗਜ ਬਾਜੀ ਕੇ ਪੁੰਜ ਖਰੇ ਬਹੁ
ਸਿੰਘਨਿ ਸੰਗ ਬਖਾਨੇ ॥੨੪॥
'ਆਦਿ ਨ ਅੰਤ ਸੈਨ ਕੋ ਲਖਿਯਤਿ
ਪਰੀ ਚਹੂੰਦਿਸ਼ਿ ਮਾਂਹੀ।
ਮਤਿ ਕਾਚੀ ਇਤ ਪਰੇ ਪਰਬਤੀ
ਚੇਰੇ ਤੁਰਕਨਿ ਚਾਹੀ' ॥੨੫॥
ਦਯਾ ਸਿੰਘ ਕਰ ਜੋਰਿ ਉਚਾਰੀ
'ਆਜ ਤੁਰਕ ਪਤਿ ਰਾਜਾ।
ਸਿੰਧੁ ਮੇਖਲਾ ਅਵਨੀ ਲੀਨਸਿ
ਫਿਰੈ ਸੀਸ ਪਰ ਤਾਜਾ ॥੨੬॥
ਕਹੂੰ ਮਵਾਸ ਨ ਜਗ ਮਹਿਂ ਛੋਰਯੋ
ਦੇਸ਼ ਬਿਦੇਸ਼ ਅਸ਼ੇਸ਼ੂ।
ਹਾਲਾ ਭਰੈਂ ਤੁਰਕਪਤਿ ਆਗੈ
ਅਵਰੰਗ ਭਯੋ ਵਿਸ਼ੇਸ਼ੂ ॥੨੭॥
ਅਰਹਿ ਕੌਨ, ਹੇ ਪ੍ਰਭੁ ! ਇਨ ਸਨਮੁਖ
ਉਦੈ ਅਸਤ ਤੁਰਕਾਨਾ।
ਆਪ ਲਰਹੁ ਸਭਿ ਸਫਾ ਉਠਾਵਹੁ
ਜਗ ਮਹਿਂ ਰਹਿ ਹਿੰਦੁਵਾਨਾ ॥੨੮॥
ਰਾਜੇ ਕੁਛ ਰਜਪੂਤ ਰਹੇ ਜਗ,
ਤਿਨ ਕੀ ਬਹੁ ਮਤਿ ਮਾਰੀ।
ਦੇ ਕੰਨਜਾ ਤੁਰਕਨਿ ਕੋ ਜੀਵਤਿ
ਧਿਕ ਤਿਨ ਕੀ ਸਰਦਾਰੀ ॥੨੯॥
ਉਦੈ ਅਸਤ ਕੀ ਲੀਨ ਜਮੀਯਤ[1]
ਰੱਯਤ ਸਭਿ ਨਰ ਹੋਏ।
ਤੁਮ ਪ੍ਰਭੁ ਲਰਹੁ ਕਿ ਮਾਰਹੁ ਤੁਰਕਨਿ
ਅਪਰ ਨ ਜਗ ਮਹਿਂ ਕੋਏ' ॥੩੦॥

[1]ਬਾਹਰੋਂ (ਪ੍ਰਤੱਖ) ਬਹੁਤੀ ਨਹੀਂ ਕਹਿੰਦੇ।

[1]ਬਹੁਤੇ ਆਦਮੀ ਭਾਵ ਫੌਜ।

ਇੱਤਜਾਦਿਕ ਕਹਿ ਸੁਨਿ ਸ੍ਰੀ ਸਤਿਗੁਰ
ਸੰਧਯਾ ਸਮੈਂ ਪਛਾਨਾ।
ਉਠਿ ਕਰਿ ਚਲੇ ਬੰਦਨਾ ਠਾਨਹਿਂ
ਸਿੰਘ ਜੋਰਿ ਜੁਗ ਪਾਨਾ ॥੩੧॥
ਨਿਜ ਨਿਜ ਮੁਰਚਨਿ ਮਹਿਂ ਸਵਧਾਨੀ
ਦੁਹੁੰਦਿਸ਼ਿ ਮਹਿਂ ਤਰਕਾਈ।
ਖਾਨ ਪਾਨ ਕਰਿ ਗਾਢੇ ਹੋਵਤਿ
ਸੁਪਤੇ ਰਾਤਿ ਬਿਤਾਈ ॥੩੨॥
ਦਿਨਪ੍ਰਤਿ ਤੋਪ ਤੁਰਕ ਬਹੁ ਛੂਟਹਿਂ
ਮੁਰਚਨਿ ਰਹੈ ਲਰਾਈ।
ਇਕ ਦਿਸ਼ ਨਦੀ ਦੁਤਿਯ ਦਿਸ਼ ਗਿਰ ਗਨ
ਸ਼ਬਦ ਹੋਤਿ ਸਮੁਦਾਈ ॥੩੩॥
ਜਿਤ ਦਿਸ਼ਿ ਪਰਹਿ ਜੰਗ ਨਰ ਦੀਰਘੁ
ਤਿਤ ਦਿਸ਼ਿ ਸਿੰਘ ਸਿਧਾਵੈਂ।
ਖੜਗ ਪ੍ਰਹਾਰਨ ਲਾਗ ਪਹੁੰਚ ਕਰਿ
ਰਿਪੁ ਕੀ ਚਮੂੰ ਭਜਾਵੈਂ ॥੩੪॥
ਕਈ ਬਾਰ ਗਨ ਮਰਹਿਂ ਪਹਾਰੀ
ਕਈ ਬਾਰ ਤੁਰਕਾਨਾ।
ਜਿਤ ਦਿਸ਼ਿ ਪਰਹਿ ਜ਼ੋਰ ਬਲ ਦਲ ਕੋ
ਘਾਲਹਿਂ ਬਡ ਘਮਸਾਨਾ ॥੩੫॥
ਯਾਂ ਤੇ ਡਰਤਿ, ਨ ਕਰਤਿ ਲਰਾਈ
ਦਬਕਹਿਂ ਮੁਰਚਨਿ ਮਾਂਹੀ।
ਨਿਜ ਨਿਜ ਥਲ ਮਹਿਂ ਥਿਰ ਹੁਇ ਬੈਠਤਿ
ਓਟ ਕਰਹਿਂ ਬਡ ਤਾਂਹੀ ॥੩੬॥
ਭੀਮਚੰਦ ਸੂਬਨਿ ਸੰਗ ਮਿਲਿ ਕਰਿ
ਨਿਤ ਸੀਖਯਾ ਅਸ ਦੇਤਾ।
'ਗੁਰ ਢਿਗ ਤਸਕਰ ਗਨ ਬਟਪਾਰੇ
ਤਿਨ ਤੇ ਰਹਹੁ ਸੁਚੇਤਾ ॥੩੭॥
ਮੱਦ੍ਰ ਦੇਸ਼ ਅਧਿਕ ਜੇ ਰਾਠਹਿ[1]
ਬੀਨ ਬੀਨ ਕਰਿ ਰਾਖੇ।
ਨਿਸ ਮਹਿਂ ਅਧਿਕ ਬਲੀ ਸੇ ਹੋਵਤਿ
ਮਹਾਂ ਤਿਮਰ ਅਭਿਲਾਖੇ[1] ॥੩੮॥

[1]ਨਾ ਹਾਰਨ ਵਾਲੇ ਸੂਰਮੇ।

[1]ਰਾਤ ਵਾਲੇ (ਕੰਮ ਕਰਨ ਨੂੰ) ਬੜੇ ਬਲੀ ਹੁੰਦੇ ਹਨ ਤੇ ਉਹ ਬੜਾ ਹਨੇਰਾ ਚਾਹੁੰਦੇ ਹਨ।

ਅਸ ਨਹਿਂ ਹੋਇ ਨਿਕਸ ਕਰਿ ਨਿਸ ਮਹਿਂ
ਪਰਹਿਂ ਮੋਰਚੇ ਮਾਂਹੀ।
ਕਤਲ ਕਰਹਿਂਗੇ, ਔਚਕ ਧਾਵਹਿਂ,
ਕੁਛ ਬਸ ਚਾਲਹਿਂ ਨਾਂਹੀ ॥ ੩੯ ॥
ਬਹੁਤੇ ਅਹੈਂ ਲੋਹਗੜ ਮਹਿਂ ਸੋ
ਰਾਖਹੁ ਬਹੁ ਤਕਰਾਈ।
ਫੇਰਾ ਆਪ ਕਰਹੁ ਤਿਸ ਦਿਸ਼ ਮਹਿਂ
ਤਜਿ ਸਿਪਾਹ ਸਮੁਦਾਈ' ॥ ੪੦ ॥
ਇੱਤਜਾਦਿਕ ਸੁਨ ਜ਼ੋਰਦਸਤ ਜੌਂ
ਕਈ ਬਾਰ ਕਰਿ ਫੇਰੇ।
ਸੱਜਦ ਸ਼ੇਖ ਘਨੇ ਤਹਿਂ ਤਜਾਗੇ
ਕਰਿ ਸਵਧਾਨ ਬਡੇਰੇ ॥ ੪੧ ॥
ਜਮਾਦਾਰ ਭਾਰੀ ਤਹਿਂ ਛੋਰਾ
ਨਾਮ ਸ਼ਰਫਲੀ[1] ਜਾਂਹੀ।'
ਸੁਪਤਹੁ ਨਹਿਂ ਨਿਸ ਮਹਿਂ ਬਨ ਗ਼ਾਫਲ
ਸ਼ਸਤ੍ਰ ਰਾਖਿ ਕਰ ਮਾਂਹੀ ॥ ੪੨ ॥
ਸਵਾਧਾਨ ਦੇਖਤਿ ਉਤ ਰਹੀਏ
ਦ੍ਰਿਗ ਉਘਾਰ ਕਰਿ ਨੀਕੇ।
ਨਹਿਂ ਆਲਸ ਕਿਸ ਰੀਤਿ ਕਰਹੁ ਤੁਮ
ਗਢ ਹੁਇ ਗਯੋ ਨਜੀਕੇ[1]' ॥ ੪੩ ॥
ਸੁਨਤਿ ਸ਼ਰਫਲੀ ਬਾਕ ਬਖਾਨਾ
'ਕਜਾ ਨਬਾਬ ਇਮ ਭਾਖਜੋ।
ਹਜ਼ਰਤ ਕੋ ਇਕਬਾਲ[1] ਬਡੇਰਾ
ਬਿਜੈ ਕਰਨ ਅਭਿਲਾਖਜੋ ॥ ੪੪ ॥
ਕਿਸ ਕੋ ਪ੍ਰਾਨ ਨ ਪਜਾਰੇ ਹੋਵਹਿਂ
ਜੋ ਹਮਰੇ ਪਰ ਆਵੈ।
ਕੇਤਿਕ ਗਢ ਮਹਿਂ ਨਰ ਭਟ[†] ਠਹਿਰੇ
ਨਿਕਸ ਜੁ ਮਾਰ ਮਚਾਵੈਂ ॥ ੪੫ ॥
ਕਈ ਹਜ਼ਾਰ ਸਿਪਾਹ ਬਿਲੋਕਹੁ
ਰਿਪੁ ਕੋ ਤ੍ਰਾਸ ਕਰੰਤੀ।
ਨੀਠ ਨੀਠ ਸਿਖ ਥਿਰੇ ਦੁਰਗ ਮਹਿਂ
ਵਹਿਰ ਮ੍ਰਿਤੂ ਦਿਖਰੰਤੀ ॥ ੪੬ ॥

[1]ਸ਼ਰਫ਼ਅਲੀ।

[1]ਮੋਰਚਾ ਕਿਲੇ ਦੇ ਨੇੜੇ ਹੀ ਆ ਗਿਆ ਹੈ।

[1]ਪ੍ਰਤਾਪ।

[†]ਪਾ:-ਭਵ।

ਹੁਕਮ ਕਰੋ ਤੌਂ ਹੇਲਾ ਘਾਲਹਿਂ
ਤੋਰਹਿਂ ਗਢ ਦਰਵਾਜਾ।
ਕਹਿ ਕਰਿ ਕਹਾ ਤ੍ਰਾਸ ਦਿਖਰਾਵੌਂ
ਹਮ ਹੈਂ ਸੁਭਟ ਸਮਾਜਾ' ॥੪੭॥
ਇਮ ਤਕਰਾਈ ਕਰਤਿ ਮੋਰਚਨਿ
ਸੂਬੇ ਫਿਰ ਦਿਸ਼ਿ ਚਾਰੋਂ।
'ਨਿਕਟ ਨ ਢੂਕਹੁ ਥਿਰੇ ਰਹਹੁ ਥਲ
ਘੇਰਾ ਪੁਰਿ ਕੋ ਡਾਰੋ ॥੪੮॥
ਲਰਿਬੇ ਮਹਿਂ ਸਮਤਾ ਨਹਿਂ ਬਨਿ ਹੈ
ਮਰਹਿਂ ਹਜ਼ਾਰੋਂ ਜੋਧਾ।
ਮਾਰ ਕੂਟ ਪੁਨ ਪ੍ਰਵਿਸ਼ਹਿਂ ਅੰਤਰ
ਚਲਹਿ ਨ ਬਸ ਕਿਯ ਕ੍ਰੋਧਾ ॥੪੯॥
ਅੰਨ ਆਦਿ ਵਸਤੂ ਥੁਰ ਜੈ ਹੈ
ਤਉ ਗੁਰ ਵਹਿਰ ਨਿਕਾਸਹਿਂ।
ਜੇ ਕਰਿ ਲਰਤਿ ਰਹੈਂ ਸਿੰਘਨਿ ਸਨ
ਲਾਖਹੁਂ ਸੁਭਟ ਬਿਨਾਸਹਿਂ ॥੫੦॥
ਤਊ ਨ ਸਰ ਹੋਵਹਿ[1] ਰਣ ਮੰਡਹਿਂ
ਅਪਰ ਉਪਾਵ ਨ ਕੋਈ।'
ਸਗਰੇ ਗਿਰਪਤਿ ਤੁਰਕ ਪ੍ਰਧਾਨਾ
ਇਹ ਮਸਲਤ ਦ੍ਰਿਢ ਹੋਈ ॥੫੧॥
ਲਰਿਬੇ ਤੇ ਸਭਿ ਅੰਗ ਬਚਾਵਹਿਂ
ਮਾਨਿ ਮਰਨ ਕੋ ਤ੍ਰਾਸਾ।
ਘੇਰਾ ਪਾਇ ਥਿਰੇ ਚਹੁਂ ਦਿਸ਼ਿ ਮਹਿਂ
ਚਿਰੰਕਾਲ ਜੈ ਆਸਾ[1] ॥੫੨॥
ਕੇਤਿਕ ਦਿਨ ਬੀਤੇ ਇਸ ਭਾਂਤੀ
ਪਰਜੋ ਚੁਗਿਰਦੇ ਘੇਰਾ।
ਸਿੰਘਨ ਕੇ ਉਤਸਾਹ ਵਧੈ ਨਿਤ
ਰਿਪੁ ਸਨ ਲਰਿਬੇ ਕੇਰਾ ॥੫੩॥

[1]'ਕਿਲ੍ਹਾ) ਸਰ ਨਹੀਂ ਹੋਊ। (ਅ) ਜਿੱਤ ਨਹੀਂ ਹੋਊ।

[1]ਭਾਵ ਜੈ ਦੀ ਆਸ਼ਾ ਧਾਰਕੇ ਕਿ ਚਿਰਾਕੀ ਹੋਵੇਗੀ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰੁਤੇ 'ਜੰਗ' ਪ੍ਰਸੰਗ ਬਰਨਨੰ ਨਾਮ ਪੰਚਦਸ਼ਮੋ ਅੰਸੀ ॥੧੫॥

੧੬. [ਸਿੰਘਾਂ ਦਾ ਰਾਤੀਂ ਹੱਲਾ]

੧੫<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੭

ਦੋਹਰਾ:

ਹੁਤੋ ਦੂਰ ਕੁਛ ਲੋਹਗੜ, ਆਨੰਦ ਪੁਰਿ ਤੇ ਸੋਇ।
ਢੁਕੇ ਮੋਰਚੇ ਨਿਕਟ ਤਿਹਿ, ਦਿਨ ਪ੍ਰਤਿ ਗ਼ਾਫਲ ਹੋਇ ॥੧॥

ਲਲਿਤਪਦ ਛੰਦ:

ਇਕ ਦਿਨ ਨਿਸਾ ਭਈ ਅੰਧਿਆਰੀ
ਸ਼ੇਰ ਸਿੰਘ ਬਚ ਭਾਖਾ।
'ਨਾਹਰ ਸਿੰਘ ਜੀ ! ਸਵਾਧਾਨ ਬਨਿ
ਸੁਨਿ ਮੇਰੀ ਅਭਿਲਾਖਾ ॥੨॥
ਸ਼੍ਰੀ ਅਨੰਦਪੁਰਿ ਤੇ ਕੁਛ ਅੰਤਰ,
ਨੇਰ ਨਹੀਂ[1] ਲਖਿ ਸੋਊ।
ਯਾਂ ਤੇ ਨਿਕਟ ਮੋਰਚੇ ਲਜਾਵਤਿ[1]
ਮਨ ਵਧਾਇ ਸਭਿ ਕੋਊ ॥੩॥
ਅਗਮ ਪੁਰੇ ਅਰੁ ਹੋਲ ਗੜੀ ਮਹਿਂ
ਅਪਰ ਕੇਸ ਗੜ ਸਾਰੇ।
ਦੂਰ ਦੂਰ ਹੈਂ ਸਭਿ ਥਲ ਮੁਰਚੇ
ਢੁਕੇ ਨਿਕਟ ਹਮਾਰੇ[1] ॥੪॥

[1]ਨੇੜੇ ਨਹੀਂ ਹੈ (ਸਾਡਾ ਮੋਰਚਾ 'ਲੋਹ ਗੜ੍ਹ')।
[1]ਵੈਰੀ) ਮੋਰਚੇ ਨੇੜੇ ਲਿਆ ਰਹੇ ਹਨ।
[1]ਇਨ੍ਹਾਂ ਤੋਂ ਤਾਂ) ਸਭਨੀ ਥਾਈਂ (ਵੈਰੀਆਂ ਦੇ) ਮੋਰਚੇ ਦੂਰ ਦੂਰ ਹਨ (ਪਰ) ਸਾਡੇ (ਇਹ) ਨੇੜੇ ਆ ਢੁੱਕੇ ਹਨ।

ਅਬਿ ਨਿਸ ਮਹਾਂ ਅੰਧੇਰ ਗੁਬਾਰੀ
ਦੁਰਜਨ ਗ਼ਾਫਲ ਭਾਰੇ।
ਧਰੇ ਭਰੋਸਾ ਸੁਪਤ ਪਰੇ ਬਹੁ
ਕੋ ਇਕ ਜਾਗਨ ਹਾਰੇ ॥੫॥
ਊਪਰ ਪਰਹੁ ਕ੍ਰਿਪਾਨਨਿ ਐਂਚਹੁ
ਕਰਹੁ ਲਥੇਰ ਪਥੇਰਾ।
ਏਕ ਵਾਰ ਕਰਿ ਕਰਹੁ ਕਿਨਾਰਾ
ਪਰਿਹੈ ਰੌਰ ਘਨੇਰਾ ॥੬॥
ਨਹੀਂ ਪਛਾਨ ਪਰਸਪਰ ਹੋਵੈ
ਕਟਹਿਂ ਪਰਸਪਰ ਸਾਰੇ।
ਹੋਤਿ ਪ੍ਰਾਤਿ ਕੇ ਕਰਹਿਂ ਫਰਕ[1] ਫਿਰ
ਨਿਕਟ ਨ ਆਇਂ ਹਮਾਰੇ' ॥੭॥
ਸੁਨਿ ਨਾਹਨ ਸਿੰਘ ਤਿਹ ਸਮੁਝਾਯਹੁ
'ਹੁਕਮ ਨ ਪ੍ਰਭੁ ਬਖਾਨਾ।

[1]ਭਾਵ ਪਰੇ ਹੋ ਜਾਣਗੇ (ਸਾਥੋਂ)।

ਨਿਤ ਪ੍ਰਤਿ ਕਹਤਿ -ਨ ਨਿਕਸਹੁ ਬਾਹਰ
ਦੁਰਗ ਰਹਹੁ ਸਵਧਾਨਾ- ॥੮॥
ਅਬਿ ਬੂਝਨ ਕੀ ਬਿਧਿ ਨਹਿਂ ਬਨਿ ਹੈ
ਕ੍ਰਿਪਾਸਿੰਧੁ ਸੁਖ ਮਾਂਹੀ।
ਨਹੀਂ ਜਗਾਵਨ ਕੈਸੇ ਹੋਵਹਿ
ਕੁਤੋ ਕਹਹਿਂ ਤੁਵ ਪਾਹੀ[1]" ॥੯॥
ਸ਼ੇਰ ਸਿੰਘ ਪੁਨ ਕਹ੍ਯੋ 'ਲਖਹੁ ਇਮ
ਰਾਜਨੀਤ ਕੀ ਬਾਤੀ।
ਸਮਾ ਪਾਇ ਰਿਪੁ ਤੇ ਨ ਚੁਕੈ ਕਿਮ
ਨਿਸ਼ਚੈ ਕਰਹਿ ਸੁ ਘਾਤੀ ॥੧੦॥
ਤੁਰਕਨਿ ਕੋ ਮਾਰਨ ਮਤਿ ਗੁਰ ਕੋ
ਇਹ ਬਿਧਿ ਤਿਨ ਅਨੁਸਾਰੇ।
ਪ੍ਰਭੂ ਬੂਝਨਿ ਕੀ ਅਬਿ ਨਹਿਂ ਆਛੀ,
ਸੁਨਿ ਹੈਂ ਸਕਲ ਸਕਾਰੇ[1] ॥੧੧॥
ਅਬਿ ਮੈਂ ਭਲੀ ਭਾਂਤਿ ਰਿਪੁ ਜੋਹੇ
ਪਰੇ ਸੁਪਤ ਇਕ ਸਾਰਾ।
ਬਹੁਰ ਘਾਤ ਇਹ ਹਾਥ ਨ ਆਵੈ
ਕਰਹੁ ਸੰਘਾਰ ਸਥਾਰਾ ॥੧੨॥
ਛਕਿ ਅਫੀਮ ਮੈਂ ਬਾਹਰ ਗਮਨ੍ਯੋਂ
ਆਵਤਿ ਜਾਤਿ ਨਿਹਾਰੇ।
ਗ਼ਾਫਲ ਪਰੇ ਤ੍ਰਾਸ ਬਿਨ ਹ੍ਵੈ ਕੇ
ਆਛੀ ਬਿਧਿ ਲਿਹੁ ਮਾਰੇ' ॥੧੩॥
ਸਨੇ ਸਨੇ ਸਭਿ ਸਿੰਘ ਜਗਾਏ
ਸੁੱਖਾ ਪੀਵਨ ਕੀਨੋ।
ਸੌਚ ਸ਼ਨਾਨ ਠਾਨਿ ਕਰਿ ਸਗਰੇ
ਖੜਗ ਸਿਪਰ ਧਰਿ ਲੀਨੋ ॥੧੪॥
ਜਾਮ ਨਿਸਾ ਤੇ ਤਜਾਰੀ ਠਾਨਤਿ
ਅਪਰ ਦੁ ਘਰੀ ਬਿਤਾਈ।
ਖਟ ਘਟਿਕਾ ਜਬਿ ਰਹੀ ਰਾਤਿ ਲਖਿ
ਸਿੰਘ ਤਜਾਰ ਸਮੁਦਾਈ ॥੧੫॥
ਸਭਿ ਕੋ ਸਮੁਝਾਵਨ ਕਰਿ ਨੀਕੇ
'ਇਕ ਇਕ ਖੜਗ ਪ੍ਰਹਾਰੇ।

[1]ਭਾਵ ਤੈਨੂੰ ਕੀ (ਆਪਣੀ ਸਲਾਹ) ਦੱਸੀਏ।

[1]ਸਵੇਰੇ ਸਾਰੀ (ਗਲ) ਸੁਣ ਹੀ ਲੈਣਗੇ।

ਬਹੁਰ ਸ਼ੱਤ੍ਰੂ ਕੇ ਬੀਚ ਨ ਰਹੀਏ
ਹੂਜੇ ਤੁਰਤ ਕਿਨਾਰੇ' ॥੧੬॥
ਪੌਰ ਲੋਹਗੜ ਕੋ ਤਬਿ ਖੋਲਜੋ
ਨਿਕਸੇ ਸਿੰਘ ਜੁਝਾਰੇ।
ਖੜਗ ਸਿਪਰ ਦ੍ਵੈ ਕਰ ਮਹਿਂ ਲੀਨੇ
ਅਛਿਨ ਅਛਿਨ[1] ਪਗ ਧਾਰੇ ॥੧੭॥
ਮੌਨ ਧਰੇ ਕੁਛ ਕਰੇ ਸ਼ਬਦ ਨਹਿਂ
ਔਚਕ ਪਰੇ ਸੁ ਜਾਈ।
ਮੁੰਡੀਆ ਨਗਨ ਤੁਰਕ ਕਟ ਡਾਰੇ[1]
ਸਭਿਨਿ ਕ੍ਰਿਪਾਨ ਚਲਾਈ ॥੧੮॥
ਮਾਰਿ ਮਾਰਿ ਕਰਿ ਰੌਰ ਮਚਾਯਹੁ
ਕੂਦਤਿ ਸਿੰਘ ਜੁਝਾਰੇ।
ਨੀਂਦ ਮਾਂਹਿ ਤੇ ਪਲਕ ਨ ਖੁਲਤੀ
ਮਾਰਿ ਖੜਗ ਕਟਿ ਡਾਰੇ ॥੧੯॥
ਆਧੀ ਘੜੀ ਕ੍ਰਿਪਾਨ ਬਹੀ ਬਹੁ
ਰੁੰਡ ਮੁੰਡ ਗਨ ਹੋਏ।
ਸ਼ਸਤ੍ਰ ਸੰਭਾਰ ਨ ਕਿਸ ਕੀ ਹੋਈ
ਕਟਿ ਕਟਿ ਧਰਿ ਪਰ ਸੋਏ ॥੨੦॥
ਕਿਸ ਕੋ ਮੁੰਡ ਤੁੰਡ ਕਿਹ ਕਾਟਜੋ
ਕਿਸ ਕੀ ਗ੍ਰੀਵਾ ਨਜਾਰੀ।
ਕਿਹ ਸਿਕੰਧ, ਭੁਜ, ਹਾਥ ਕਟਜੋ ਕਿਹ,
ਕਟ[1] ਕਿਸ ਪੇਟ ਪਿਛਾਰੀ ॥੨੧॥
ਜੰਘ ਕਟੀ, ਜਾਨੂ ਕਿਸ ਕਾਟਜੋ,
ਕਿਸ ਕੇ ਚਰਨ ਬਿਦਾਰੇ।
ਲੋਚਨ, ਕਰਨ ਕਟੇ ਬਿਲਲਾਵਤਿ
ਇਕ ਬਾਰੀ ਇਮ ਮਾਰੇ ॥੨੨॥
ਭਯੋ ਸਥਾਰ ਖੇਤ ਮਹਿਂ ਤੁਰਕਨਿ
ਜਿਮ ਕਾਸ਼ਟ ਕਟਿ ਡਾਰੇ।
ਨਿਸਾ ਅੰਧੇਰ ਸ਼ੋਰ ਬਡ ਮਾਚਾ
ਦਿਖਤਿ ਨ ਹਾਥ ਪਸਾਰੇ ॥੨੩॥
ਨਿਕਟ ਕਿ ਦੂਰ ਹੁਤੇ ਗਨ ਡੇਰੇ
ਸਨਧ ਬੱਧ ਹੁਇ ਧਾਏ।

[1]ਹੌਲੀ ਹੌਲੀ। (ਅ) ਅਛਿੰਨ=ਲਗਾਤਾਰ।

[1]ਨੰਗੀਆਂ ਸਿਰੀਆਂ ਕੱਟ ਸੁੱਟੀਆਂ।

[1]ਲਕ।

ਸਿੰਘ ਕਿਨਾਰਾ ਕਰਿ ਤਤਛਿਨ ਮਹਿ
ਦੁਰਗ ਬਿਖੈ ਸਭਿ ਆਏ ॥੨੪॥
ਚਲਨਿ ਲਗੀ ਗਨ ਤੁਪਕ ਮਿਲੇ ਪੁਨ
ਕਛੂ ਪਛਾਨ ਨ ਹੋਈ।
ਆਪਸ ਬਿਖੇ ਕਟਨ ਸਭਿ ਲਾਗੇ
ਸੂਝ ਬੂਝ ਨਹਿਂ ਕੋਈ ॥੨੫॥
ਗੁਲਕਾਂ ਸੰਗ ਮਰੇ ਤਬਿ ਅਨਗਨ
ਕਟੇ ਖੜਗ ਕੇ ਸੰਗਾ।
ਇਤ ਉਤ ਲਖੈਂ ਸਿੰਘ ਇਹ ਆਵਤਿ
ਕਰਤਿ ਆਪ ਮਹਿਂ ਜੰਗਾ[1] ॥੨੬॥

[1]ਇਧਰ ਉਧਰ ਜਾਣਦੇ ਹਨ ਕਿ ਸਿੰਘ ਔਂਦੇ ਹਨ ਪਰ ਕਰਦੇ ਹਨ ਆਪੋ ਵਿਚ ਜੰਗ।

ਰਸਾਵਲ ਛੰਦ:

ਪਿਤਾ ਪੂਤ ਮਾਰਾ। ਕਿ ਭ੍ਰਾਤੰ ਪ੍ਰਹਾਰਾ।
ਕਰਾਚੋਲ ਚਾਲੇ। ਨ ਜਾਂਹੀ ਸੰਭਾਲੇ ॥੨੭॥
ਕਿਸੂ ਨਾਂਹਿ ਪੂਛੇ। ਸੁਧੀ ਤੇ ਸੁ ਛੂਛੇ[1]।
ਕਰੈਂ ਓਜ ਧਾਵੈਂ। ਪ੍ਰਹਾਰੰ ਚਲਾਵੈਂ ॥੨੮॥

[1]ਬੇਖਬਰੇ।

ਕਟੈਂ ਆਪ ਮਾਂਹੀ। ਦਿਖੇ ਕੋਇ ਨਾਂਹੀ।
ਪਛਾਨੈਂ ਨ ਆਨਾ। ਪ੍ਰਹਾਰੈਂ ਕ੍ਰਿਪਾਨਾਂ ॥੨੯॥
ਤਿਸੀ ਮੋਰਚਾ ਮੈਂ। ਸੰਘਾਰੇ ਤਮਾਮੈ।
ਬਹਯੋ ਸ਼੍ਰੋਣ ਜਾਈ। ਥਿਰਾ ਲੋਥ ਛਾਈ[1] ॥੩੦॥

[1]ਧਰਤੀ ਤੇ ਲੋਥਾਂ ਭਰ ਗਈਆਂ।

ਸੁਨਯੋ ਰੌਰ ਸੂਬੇ। ਮਹਾਂ ਚਿੰਤ ਡੂਬੇ।
ਕਟਯੋ ਮੋਰਚਾ ਕੋ। ਸੁਨਯੋ ਸ਼ੋਰ ਤਾਂ ਕੋ ॥੩੧॥
'ਬਡੋ ਗ਼ਜ਼ਬ ਹੋਵਾ। ਨਹੀਂ ਮੂਢ ਜੋਵਾ।
ਬਨੈ ਕੋ ਉਪਾਵਾ? ਅੰਧੇਰਾ ਸੁ ਛਾਵਾ ॥੩੨॥
ਨਹੀਂ ਰਾਤਿ ਜਾਗੇ। ਤਬੈ ਦਾਵ ਲਾਗੇ।
ਪਰੇ ਸਿੰਘ ਜਾਈ। ਲਖੇ ਜਾਹੁ ਭਾਈ[1]' ॥੩੩॥

[1]ਜਾਕੇ ਦੇਖੋ ਭਾਈ!। (ਅ) ਲਖੇ ਜਾਹਿਂ=ਪ੍ਰਤੀਤ ਹੁੰਦੇ ਹਨ।

ਦੋਹਰਾ:
ਇਸ ਪ੍ਰਕਾਰ ਕਟਿ ਮੋਰਚਾ, ਫਤੇ ਖਾਲਸਾ ਪਾਇ।
ਤੁਰਕ ਮੂਢ ਮਤਿ ਹੋਇ ਕਰਿ, ਨਾਸ਼ ਭਏ ਦੁਖ ਪਾਇ ॥੩੪॥
ਚੌਪਈ:
ਕੰਚਨ ਕੋ ਮੰਦਰ ਬਡ ਸੁੰਦਰ।
ਹੀਰਾ ਮੁਕਤਾ ਲਾਗੇ ਅੰਦਰ।
ਨੀਕੇ ਕਾਰੀਗਰਨਿ ਸੁਧਾਰੀ।
ਤਰੁ ਕੀ ਪੰਕਤਿ ਬੇਲ ਬਿਥਾਰੀ ॥੩੫॥
ਬਹੁਤ ਬਡੂਰਜ ਮਨਿ ਦਮਕਾਈ[1]।
ਅਸ ਘਰ ਸਭਿ ਰੁਤ ਮਹਿਂ ਸੁਖਦਾਈ।
ਸਤਿਗੁਰ ਤਿਸ ਕੇ ਬੀਚ ਬਿਰਾਜੇ।
ਰੁਚਿਰ ਪ੍ਰਯੰਕ ਤਰੇ ਛਬਿ ਛਾਜੇ ॥੩੬॥
ਰਚੇ ਪੁਰਟ[1] ਕੇ ਪਾਵੇ ਚਾਰੁ।
ਸਬਜ਼ ਮਾਂਣੀ ਖਚਿ ਕੀ ਗੁਲਜ਼ਾਰੁ[1]।
ਮੂੰਗਾ ਅਧਿਕ ਜਾਂਹਿ ਕੇ ਜਰਜੋ।
ਕਿਸੀ ਦੇਸ਼ ਕੋ ਸੁੰਦਰ ਘਰਜੋ ॥੩੭॥
ਰੁਚਿਰ ਮਖ਼ਮਲੀ ਛਾਦਿ ਬਿਛੌਨਾ।
ਸੇਜ ਬੰਦ ਸੁੰਦਰ ਦੁਤਿ ਭੌਨਾ।
ਗੁੰਫੇ ਜ਼ਰੀਦਾਰ ਲਟਕੰਤੇ।
ਤਿਸ ਪਰ ਪ੍ਰਭੁ ਬਿਸ੍ਰਾਮ ਕਰੰਤੇ ॥੩੮॥
ਰੌਰਾ ਸੁਨਿ ਕਰਿ ਨਿੰਦ੍ਰਾ ਤਜਾਗੀ।
ਚੌਂਕੀਦਾਰ ਹਕਾਰਸਿ ਆਗੀ।
ਤਿਸ ਕੋ ਕਹਜੋ 'ਪਠਹੁ ਨਰ ਕੋਈ।
ਕਹਾਂ ਜੰਗ ਮਾਚਜੋ ਲਿਹੁ ਜੋਈ? ॥੩੯॥
ਤਹਿਂ ਕੋ ਸਿੰਘ ਲਜਾਉ ਮਮ ਤੀਰ।
ਸਰਬ ਬਾਤ ਜੋ ਕਹੈ ਸਧੀਰ।'
ਸੁਨਿ ਬਾਹਰ ਤੇ ਸਿੰਘ ਪਠਾਯੋ।
ਦੌਰਜੋ ਤੁਰਤ ਲੋਹਗੜ ਆਯੋ ॥੪੦॥
ਸ਼ੇਰ ਸਿੰਘ ਨਾਹਰ ਸਿੰਘ ਮਿਲਜੋ[1]।
'ਗੁਰੂ ਪਠਾਯੋ ਮੈਂ ਇਤ ਮਿਲਜੋ।

[1]ਲਸਨੀਆਂ ਨਾਮੇ ਮਣੀ ਚਮਕਦੀ ਹੈ। [ਸੰਸ:, ਵੈਦੂਰਯ]।
[1]ਸੋਨੇ ਦੇ [ਸੰਸ:, ਪੁਰਟ]।
[1]ਪੰਨੇ ਦੀ ਗੁਲਜ਼ਾਰ ਵਿਚ ਜੜਤ ਕੀਤੀ ਹੋਈ।
[1]ਆਕੇ ਮਿਲਿਆ ਹਾਂ।

-ਕਿਮ ਰੌਰਾ ਮਾਚਯੋ ਤੁਮ ਓਰੀ-।
ਸੁਧਿ ਲੈਬੇ ਹਿਤ ਆਯੋ ਦੌਰੀ ॥੪੧॥
ਅਪਨੇ ਸਿੰਘ ਸੰਗ ਕਰਿ ਦੀਜੈ।
ਪਠਹੁ ਤੁਰਤ ਨਹਿਂ ਬਿਲਮ ਲਗੀਜੈ।'
ਸੁਨਿ ਗੁਰ ਨਾਮ ਬਤਾਇ ਬ੍ਰਿਤੰਤਾ।
'-ਫਤੇ ਲਈ- ਕਹੀਏ ਭਗਵੰਤਾ' ॥੪੨॥
ਸੰਗ ਜਵਾਹਰ ਸਿੰਘ ਪਠਾਯੋ।
ਤਤਛਿਨ ਚਲਯੋ ਗੁਰੂ ਢਿਗ ਆਯੋ।
ਬੈਠੇ ਪ੍ਰਭੁ ਬੂਝਯੋ ਤਿਸ ਤਾਂਈ।
'ਕਸ ਰੌਰਾ ਮਾਚਯੋ ਸਮੁਦਾਈ?' ॥੪੩॥
ਕਹਯੋ ਜਵਾਹਰ ਸਿੰਘ ਕਰ ਜੋਰਿ।
'ਪ੍ਰਭੁ ਜੀ ਭਯੋ ਮੋਰਚੇ ਸ਼ੋਰ?
ਸ਼ੇਰ ਸਿੰਘ ਨਾਹਰ ਸਿੰਘ ਦੋਈ।
ਮੰਤ੍ਰ ਕੀਨ ਮੁਰਚਾ ਢਿਗ ਹੋਈ[1] ॥੪੪॥
ਸਗਰੇ ਸੁਪਤੇ ਤੁਰਕ ਨਿਹਾਰੇ।
ਤੁਮਰੀ ਦਿਸ਼ਿ ਤੇ ਡਰ ਉਰ ਧਾਰੇ।
ਸ਼ੇਰ ਸਿੰਘ ਤਬਿ ਕਹਯੋ ਸੁਨਾਈ।
ਹਾਥ ਜੋਰਿ ਹਮ ਲੇਂ ਬਖ਼ਸ਼ਾਈ ॥੪੫॥
ਨਿਸ ਅੰਧਯਾਰੀ ਪਿਖਿ ਕਰਿ ਪਰੇ।
ਚਰਮ ਧਰੇ[1] ਖਗ ਨੰਗੇ ਕਰੇ।
ਕਟੀਆ ਕਰਤਿ ਭਏ ਤੁਰਕਾਨਾ।
-ਹਾਇ ਖ਼ੁਦਾਇ! ਅਲਾਹਿ!- ਬਖਾਨਾ ॥੪੬॥
ਆਧੀ ਘਰੀ ਕ੍ਰਿਪਾਨ ਬਜਾਏ।
ਕੋ ਹਤਿ ਹ੍ਵੈ ਕੋ ਘਾਇ ਪਲਾਏ।
ਤੁਪਕ ਤਮਾਚੇ ਖੜਗ ਨਿਖੰਗਾ।
ਕਰਾਚੋਲ ਬਹੁ ਲੂਟ ਨਿਸੰਗਾ[1] ॥੪੭॥
ਜਬਹਿ ਮਤਾਬੀ ਜਰੇ ਮਸਾਲਾ।
ਜਿਤ ਕਿਤ ਭਯੋ ਪ੍ਰਕਾਸ਼ ਬਿਸਾਲਾ।
ਆਇ ਆਪਨੇ ਦੁਰਗ ਸਮਾਏ।
ਕਿਸ ਕੋ ਲਗੀ ਨ ਤਾਤੀ ਬਾਏ ॥੪੮॥
ਤੁਰਕ ਫਤੇ ਕੋ ਦੁੰਦਭਿ ਬਾਜਾ।

[1]ਕਿ ਨੇੜੇ ਹੋ ਗਿਆ ਹੈ (ਵੈਰੀ ਦਾ) ਮੋਰਚਾ।

[1]ਢਾਲਾਂ ਧਾਰਕੇ।

[1]ਤਲਵਾਰਾਂ ਨਿਸ਼ੰਗ ਹੋਕੇ ਲੁਟੀਆ।

ਬਹੁ ਤੁਰਕਨਿ ਕੋ ਲੂਟਿ ਸਮਾਜਾ।
ਆਪ ਸਹਾਇਕ ਹ੍ਵੈ ਕਰਿਵਾਯੋ।
ਮਾਰਿ ਖਾਲਸਾ ਉਰ ਹਰਖਾਯੋ' ॥੪੯॥
ਇਤਨੇ ਮਹਿਂ ਹੋਈ ਭੁਨਸਾਰਾ।
ਸੌਚ ਸ਼ਨਾਨ ਗੁਰੂ ਤਨ ਧਾਰਾ।
ਦੋਨਹੁਂ ਜਥੇਦਾਰ ਬੁਲਵਾਏ।
ਆਇ ਤਬਹਿ ਪਗ ਸੀਸ ਨਿਵਾਏ ॥੫੦॥
ਭਏ ਪ੍ਰਸੰਨ ਦੇਖਿ ਗੋਸਾਈਂ।
'ਸਾਧ ਸਾਧ' ਸਭਿਹੂੰਨਿ ਅਲਾਈ।
'ਇਸ ਬਿਧਿ ਹੀ ਮਾਰਨ ਰਿਪੁ ਬਨੈ।
ਬਚੈ ਆਪ ਬਲ ਛਲ ਤੇ ਹਨੈ ॥੫੧॥
ਦੀਜੈ ਤੁਰਕਨ ਸਦਾ ਸਜ਼ਾਇ।
ਰਾਜ ਤੇਜ ਇਨ ਦੇਹੁ ਖਪਾਇ।
ਸਨੇ ਸਨੇ ਲਘੁਤਾ ਸਭਿ ਲਹੈਂ।
ਨਹੀਂ ਨਗਾਰਬੰਦ ਕੋ ਰਹੈ ॥੫੨॥
ਗਿਰਪਤਿ ਬਨਿ ਹੈਂ ਤਬੈ ਅਧੀਨ।
ਰਹੈਂ ਖਾਲਸੇ ਆਗੇ ਦੀਨ।'
ਇਮ ਕਹਿ ਕਰਿ ਬਰ ਸਤਿਗੁਰ ਪੂਰੇ।
ਸਿਰੋਪਾਇ ਮੰਗਵਾਇਸਿ ਰੂਰੇ ॥੫੩॥
ਬਖਸ਼ੇ ਜਥੇਦਾਰ ਜੋ ਦੋਇ।
ਸ਼ੇਰ ਸਿੰਘ ਨਾਹਰ ਸਿੰਘ ਸੋਇ।
ਸਭਿ ਸਿੰਘਨਿ ਕੋ ਹੁਕਮ ਬਖਾਨਾ।
ਪੁਰਹੁ ਕਾਮਨਾ ਮਨ ਕੀ ਨਾਨਾ ॥੫੪॥
ਸਭਿ ਪਰ ਖੁਸ਼ੀ ਕਰੀ ਹਰਖਾਇ।
ਗਏ ਆਪ ਗਢ ਦੇਖਨਿ ਥਾਇਂ।
ਸਰਬ ਪ੍ਰਕਾਰ ਕਰੀ ਤਕਰਾਈ।
ਗੁਲਕਾਂ ਅਰੁ ਬਰੂਦ ਸਮੁਦਾਈ ॥੫੫॥
ਬਹੁਰ ਸਭਾ ਮਹਿ ਆਨਿ ਬਿਰਾਜੇ।
ਜਿਨ ਦੇਖਤਿ ਅਘ ਜੈ ਹੈਂ ਭਾਜੇ।
ਸੁੰਦਰ ਸੂਰਤ ਮੋਹਤਿ ਮਨ ਕੋ।
ਸਾਬਤ ਸਿੱਖ ਰਹੇ, ਧੰਨ ਤਿਨ ਕੋ[1] [1]ਤਿੰਨ੍ਹਾਂ ਨੂੰ ਧੰਨ ਹੈ।

॥ ੫੬ ॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰੁਤੇ 'ਮੋਰਚਾ ਕਤਲ ਕਰਨ' ਪ੍ਰਸੰਗ ਬਰਨਨੰ ਨਾਮ ਖੋੜਸਮੋ ਅੰਸੂ ॥ ੧੬ ॥

੧੭. [ਬਾਘਨ ਤੇ ਬਿੱਜਘੋਖ ਦੇ ਗੋਲੇ ਚਲਾਉਣੇ]

੧੬<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੮

ਦੋਹਰਾ:

ਸ਼ੇਰ ਸਿੰਘ ਜੋਧਾ ਮਹਾਂ, ਨਾਹਰ ਸਿੰਘ ਤੇ ਆਦਿ।
ਸਭਿਨਿ ਸਿੰਘ ਮਨੁ ਕਾਮਨਾ, ਦਈ ਕਰੇ ਅਹਿਲਾਦ[1] ॥੧॥

[1]ਸਾਰੇ ਸਿੰਘਾਂ ਦੀ ਮਨੋਂ ਕਾਮਨਾ ਦੇਕੇ ਸ਼੍ਰੀ ਗੁਰੂ ਜੀ ਨੇ ਖੁਸ਼ੀ ਕੀਤੀ।

ਲਲਿਤਪਦ ਛੰਦ:

ਦੇਵਨਿ ਕੋ ਭੀ ਦੁਰਲਭ ਦੀਰਘ
ਚਾਰ ਪਦਾਰਥ ਦੀਨੇ।
ਅੰਤ ਸਮੈਂ ਦੈ ਅਪਨ ਸਮੀਪਾ[1]
ਮਹਾਂ ਕ੍ਰਿਤਾਰਥ ਕੀਨੇ ॥੨॥

[1]ਆਪਣੀ ਸਮੀਪਤਾ ਦੇਕੇ।

ਥਾਨ ਥਾਨ ਪ੍ਰਤਿ ਮੁਰਚਨਿ ਮਾਂਹੀ
ਕਰੇ ਸਿੰਘ ਸਵਧਾਨਾ।
'ਹੋਨਿ ਸਮੀਪ ਨ ਦੀਜੈ ਦੁਰਜਨ
ਸ਼ਸਤ੍ਰਨ ਤੇ ਕਰਿ ਹਾਨਾ' ॥੩॥
ਬਿਨਾਂ ਤ੍ਰਾਸ ਇਕ ਗੁਰ ਕੀ ਆਸਾ
ਸਿੰਘ ਸੁਚੇਤ ਰਹੰਤੇ।
ਦੁਟਸ਼ ਸਮੀਪੀ ਹੋਨਿ ਨ ਪਾਵੈਂ
ਲਾਖਹੁਂ ਗਿਰਦ ਭ੍ਰਮੰਤੇ ॥੪॥
ਉਤ ਸੂਬੇ ਦੋਨਹੁਂ ਮਿਲਿ ਬੈਠੇ
ਭੀਮਚੰਦ ਢਿਗ ਆਯੋ।
ਗਿਰਪਤਿ ਅਪਰ ਹੰਡੂਰੀ ਆਦਿਕ
ਮਿਲੇ ਆਨਿ ਇਕ ਥਾਯੋ ॥੫॥
ਤੁਰਕ ਮੁਸਾਹਿਬ ਸਜਾਨੇ ਮੁਖਿ ਜੋ
ਬੈਠੇ ਸਰਬ ਸਭਾ ਮੈਂ।
ਸ਼ੋਕ ਪਰਾਜੈ ਤੇ ਚਿਤ ਉਪਜੇ
ਤਜਿ ਉਤਸਾਹ ਤਮਾਮੇ ॥੬॥
ਭਾਜਿ ਬਚੇ ਜੇ ਮੁਰਚੇ ਮਹਿਂ ਤੇ
ਸੋ ਤਤਕਾਲ ਬੁਲਾਇ।
ਕਰਨ ਲਗੇ ਦਰਿਯਾਫਤ ਤਿਨ ਕੀ
'ਕਿਸ ਬਿਧਿ ਦੁਸ਼ਮਨ ਆਏ? ॥੭॥
ਕਿਮ ਆਲਮ ਬਹੁ ਕਰੇ ਦਬਾਵਨਿ
ਗ਼ਾਫਲ ਹ੍ਵੈ ਕਰਿ ਸੋਏ।

ਭਈ ਪਰਾਜੈ ਸੁਬਕੀ ਹਮ ਕੋ
ਜਹਿਂ ਕਹਿਂ ਸੁਨਿ ਸਭਿ ਕੋਏ[1]' ॥ ੮ ॥

[1]ਤੁਸਾਡੀ ਹਾਰ ਹੋਈ, ਸਾਡੀ ਇਸ ਵਿਚ (ਸੁਬਕੀ=) ਛੁਟਿਆਈ ਹੋਈ, ਜਿਸ ਨੂੰ ਸਭ ਕੋਈ ਥਾਂ ਥਾਂ ਸੁਣੇਗਾ।

ਕਹਤਿ ਭਏ ਸਭਿ 'ਸੁਨਿ ਨਵਾਬ ਜੀ!
ਰਖੀ ਘਨੀ ਤਕਰਾਈ।
ਜਾਨਿ ਫਜਰ ਕੋ ਵਖਤ ਹੋਇ ਅਬਿ
ਨਰ ਬਹੁਤੇ ਅਲਸਾਈ ॥ ੯ ॥
ਕਰਤਿ ਰੋਜ ਹੀ ਰਹੇ ਇਸੀ ਬਿਧਿ
ਫਜਰ ਵਖਤ ਅਲਸਾਏ।
ਦਿਨ ਮਹਿਂ ਲਰਿ ਹੈਂ ਇਹ ਬਿਸਾਸ ਧਰਿ
ਜਾਗਤਿ ਕਿਤਿਕ ਰਹਾਏ ॥ ੧੦ ॥
ਇਤਨੇ ਮਹਿਂ ਤਸਕਰ ਕੀ ਸਮਸਰ
ਆਨਿ ਪਰੇ ਸਮੁਦਾਈ।
ਪਗਿਯਾ ਕੀ ਨਹਿਂ[1] ਸੁੱਧਿ ਸੰਭਾਰੀ
ਆਯੁਧ ਕਹਾਂ ਉਠਾਈ ॥ ੧੧ ॥

[1]ਸੌਣ ਵਿਚ ਇਕ ਘੜੀ (ਦੇਰ) ਨਹੀਂ ਪਈ।

ਸੁਪਤ ਕਟੇ, ਕੋ ਉਠਨ ਨ ਪਾਏ,
ਕਿਨਹਿਂ ਨ ਬਸਤ੍ਰ ਸੰਭਾਰਾ।
ਇਮ ਜ਼ੁਲਮੀਂ ਤਤਕਾਲ ਕਰਤਿ ਹੀ
ਸਕਲ ਮੋਰਚਾ ਮਾਰਾ ॥ ੧੨ ॥
ਯਾ ਖ਼ੁਦਾਇ ਹਮ ਜਾਨਤਿ ਕਜਾ ਥੇ
ਦਗ਼ਾ ਕਰਹਿਂ ਸੰਘਾਰੈਂ।
ਏਕ ਘਰੀ ਦਰਮਜਾਨ ਪਰੀ ਨਹਿਂ,
ਇਮ ਏ ਗਜ਼ਬ ਗੁਜ਼ਾਰੈਂ ॥ ੧੩ ॥
ਸੂਤੇ ਜਾਗਤਿ ਨਹੀਂ ਬਰਾਬਰ[1]
ਔਚਕ ਖੜਗ ਪ੍ਰਹਾਰੈਂ।
ਪੁਨ ਆਪਸ ਮਹਿਂ ਭਿੜੇ ਭੂਲ ਭਟ
ਭੂਰ ਭਯਾਨਕ ਮਾਰੇ' ॥ ੧੪ ॥

[1]ਸੁੱਤੇ ਜਾਗਦਿਆਂ ਦੇ ਬਰੋਬਰ ਨਹੀਂ ਹੋ ਸਕਦੇ।

ਜ਼ੋਰਦਸਤ ਅਰੁ ਖਾਨ ਵਜੀਦਾ
ਸੂਬੇ ਡੂਬੇ ਲਾਜਾ।
ਰਿਦੇ ਕ੍ਰੋਧ ਕਰਿ ਨੇਤ੍ਰ ਫੇਰਿ ਕਰਿ
ਤਾੜਜੋ ਗਿਰਪਤਿ ਰਾਜਾ ॥ ੧੫ ॥
'ਆਪ ਨਿਚਿੰਤ ਹੋਇ ਕਰਿ ਬੈਠੇ
ਸ਼ਾਹ ਚਮੂੰ ਮਰਿਵਾਈ।

ਕਈ ਹਜ਼ਾਰ ਮਰੀ ਬਹੁ ਨਿਬਰੀ
ਅਪਕੀਰਤਿ ਜਗ ਛਾਈ ॥੧੬॥
ਕਹ੍ਯੋ ਸ਼ਾਹੁ ਸਨ ਜਬਿ ਤੁਮ ਪਹੁੰਚੇ
-ਸਤਿਗੁਰ ਢਿਗ ਨਹਿਂ ਸੈਨਾ-।
ਅਬਿ ਇਹ ਲਰਤਿ ਕੌਨ ਬਿਚ ਹ੍ਵੈ ਕੇ
ਕ੍ਯੋਂ ਨ ਕਹਤਿ ਕੁਛ ਬੈਨਾ? ॥੧੭॥
ਹਜ਼ਰਤ ਸੁਨਹਿ ਮੁਹਿੰਮ ਮਹਾਂ ਇਮ
ਲਰਿ ਕਰਿ ਲਸ਼ਕਰ ਗਾਰਾ[1]।
ਕ੍ਰੋਧ ਕਰਹਿ ਤਬਿ ਕੌਨ ਸਹਾਰੈ
ਬਿਨਸੈ ਰਾਜ ਤੁਮਾਰਾ ॥੧੮॥
ਰਾਤਿ ਮੋਰਚਾ ਕਟ੍ਯੋ ਨਿਕਟ ਤੁਮ
ਭਏ ਨ ਆਨਿ ਸਹਾਈ।
ਨਹੀਂ ਭੇਤ ਅੰਤਰ ਤੇ[†] ਲੇ ਕਰਿ
ਸੁਧ ਨਹਿਂ ਪ੍ਰਥਮ ਸੁਨਾਈ ॥੧੯॥
ਲਰਿਬੇ ਕੋ ਤੁਮ ਨਹਿਂ ਬਲ ਘਾਲਹੁ
ਬੈਠੇ ਹੋਇ ਕਿਨਾਰੇ।
ਹਮ ਅਬਿ ਕੂਚ ਕਰਹਿਂ ਚਢਿ ਜਾਵਹਿਂ
ਪਾਛੇ ਤੁਮ ਕੋ ਮਾਰੇ' ॥੨੦॥
ਭੀਮ ਚੰਦ ਅਰੁ ਭੂਪ ਚੰਦ ਜੁਗ
ਹਾਥ ਬੰਦਿ ਕਰਿ ਬੋਲੇ।
'ਕਿਮ ਨਬਾਬ ਜੀ! ਦੋਸ਼ ਹਮਾਰੇ
ਸੁਧ ਕੁਛ ਰਹੀ ਨ ਓਲੇ[1] ॥੨੧॥
ਹਮ ਨਿਤ ਕਹਤਿ ਰਹਤਿ ਹਿਤ ਅਤਿ ਜੁਤਿ[1]
ਤਸਕਰ ਗਨ ਬਟਪਾਰਾ।
ਕਰੇ ਬਟੋਰਨ ਠੌਰ ਠੌਰ ਤੇ
ਗੁਰ ਕੋ ਭਟ ਦਲ ਭਾਰਾ ॥੨੨॥
ਸਭਿ ਤੇ ਅੱਗ੍ਰ ਮੋਰਚਾ ਹੋਯਸਿ
ਰਹੇ ਨ ਬਿਚ ਸਵਧਾਨੇ।
ਕਰੀ ਸਿਆਨਪ ਕਿਨਹੂੰ ਨਾਂਹਿਨ
ਪੁੰਜ ਪ੍ਰਾਨ ਕਿਯ ਹਾਨੇ ॥੨੩॥
ਲਰਿਬੇ ਤੇ ਸਰਬਰ ਨਹਿਂ ਹੋਵਹੁ

[1]ਗਾਲ ਦਿੱਤਾ।

[†]ਪਾ:-ਕਿਸ ਨਰ ਤੇ।

[1]ਅਸੀਂ) ਓਹਲੇ ਸੀ।

[1]ਬਹੁਤੇ ਹਿਤ ਨਾਲ ਅਸੀਂ ਕਹਿਂਦੇ ਰਹਿਂਦੇ ਸਾਂ।

ਲਾਖਹੁਂ ਚਮੂੰ ਖਪਾਵੈ।
ਰਹਹੁ ਦੂਰ ਥਿਰ ਹ੍ਵੈ ਕਰਿ ਸਗਰੇ
ਨਿਕਟ ਹੋਨ ਨਹਿਂ ਪਾਵੈਂ ॥੨੪॥
ਅੰਨ ਆਦਿ ਰੋਕਨਿ ਕਰਿ ਰਖੀਅਹਿ,
ਆਛੀ ਬਾਤ ਇਸੀ ਮਹਿਂ।
ਜਾਗ੍ਰਤਿ ਰਹੈਂ ਰਾਤਿ ਕੋ ਸਗਰੇ
ਜੋ ਭਟ ਥਾਨ ਤਿਸੀ ਮਹਿਂ ॥੨੫॥
ਹਮ ਅਨੁਸਾਰਿ ਆਪਿ ਕੇ ਸਭਿ ਬਿਧਿ
ਕਰਹਿਂ ਕਾਰ ਜਿਮ ਭਾਖਹੁ।
ਲਰਨ ਮਰਨ ਜੀਤਨਿ ਅਰੁ ਹਾਰਨ
ਦਿਸ਼ਿ ਖੁਦਾਇ ਅਭਿਲਾਖਹੁ' ॥੨੬॥
ਕਿਤਿਕ ਹਜ਼ਾਰ ਦਰਬ ਗਿਰਪਤਿ ਸਭਿ
ਸੂਬਨਿ ਕੋ ਪੁਨ ਦੀਨਾ।
ਜਬਿ ਕੁਛ ਰਿਸਹਿਂ ਇਸੀ ਬਿਧ ਤ੍ਰਾਸਹਿਂ
ਕਈ ਬਾਰ ਧਨ ਲੀਨਾ ॥੨੭॥
ਚਢਿ ਸਗਰੇ ਪੁਨ ਗਏ ਬਿਲੋਕਨ
ਪਰਜੋ ਮੋਰਚਾ ਛੂਛਾ।
ਕਾਕ ਕੰਕ ਗਨ ਗੀਧ ਸ੍ਵਾਨ ਪਲ
ਖਾਹਿਂ, ਦੇਖਿ ਤਬਿ ਪੂਛਾ ॥੨੮॥
'ਜਬਿ ਪਹੁੰਚੇਂ ਤਬਿ† ਗੁਲਕਾ ਲਾਗੇ
ਲੋਥ ਪਰੀ ਸਮੁਦਾਈ[1]।

ਦਫਨਾਵਨ ਕੀ ਬਿਧਿ ਨਹਿਂ ਬਨਤੀ,
ਪਰੇ ਰਹੈਂ ਤਿਸ ਠਾਈ[1] ॥੨੯॥
ਦੂਰ ਮੋਰਚਾ ਹਟਿ ਕਰਿ ਬਾਂਧਹੁ,
ਨਿਤ ਰਹੀਅਹਿ ਸਵਧਾਨਾ।
ਗੁਰ ਤੇ ਫਤੇ ਨ ਕਬਹੂੰ ਲੀਨਸਿ
ਕਈ ਬਾਰ ਰਨ ਠਾਨਾ' ॥੩੦॥
ਇਮ ਸੁਚੇਤ ਕਰਿ ਸਭ ਥਲ ਫਿਰ ਕਰਿ
ਜੁਗ ਸੂਬੇ ਅਰੁ ਰਾਜੇ।
ਪੁਨ ਪਹੁਚੇ ਨਿਜ ਸਿਵਰ ਬਿਖੈ ਖਲ
ਨਹਿਂ ਕੁਛ ਦੁੰਦਭਿ ਬਾਜੇ ॥੩੧॥

†ਪਾ:-ਤਬ ਪਹੁੰਚੇ ਅਬ।

[1]ਜਦ (ਲੋਥਾਂ ਚੁੱਕਣ) ਪਹੁੰਚਾਂਗੇ (ਸਿੱਖਾਂ ਵੱਲੋਂ) ਗੋਲੀਆਂ ਲੱਗਣਗੀਆਂ ਤੇ ਲੋਥਾਂ ਬਹੁਤ ਸਾਰੀਆਂ ਹਨ।

[1]ਪਏ ਰਹਿਣ ਦਿਓ ਇਸੇ ਥਾਵੇਂ।

ਪ੍ਰਥਮ ਪਹਿਰ ਜੁਗ ਦਿਨ ਕੇ[1] ਬੀਤੇ
ਢਰਯੋ ਦੁਪਹਿਰਾ ਹੇਰਾ।
ਸਤਿਗੁਰ ਬਿਜੀਆ ਤਬਿ ਅਨਾਇ ਕਰਿ
ਤੂਰਨਿ ਆਨਤਿ ਚੇਰਾ[1] ॥੩੨॥

[1]ਪਹਿਲੇ ਦੋ ਪਹਿਰ ਦਿਨ ਦੇ।

[1]ਦਾਸ ਨੇ।

ਜਰੇ ਜਵਾਹਰ ਕੰਚਨ ਸੰਪਟ
ਲੇ ਅਫੀਮ ਕੋ ਆਏ।
ਮਾਵੇ ਕੋ ਪ੍ਰਮਾਣ ਕਰਿ ਤੇਤਿਕ
ਸ੍ਰੀ ਗੁਰ ਮੁਖ ਮਹਿਂ ਪਾਏ[†] ॥੩੩॥

[†]ਜਗਾ ਜਗਾ ਕਵੀ ਜੀ ਇਸ ਵਰਣਨ ਵਿਚ ਬੜਾ ਰਸ ਲੈਂਦੇ ਜਾਪਦੇ ਹਨ, ਇਸਦਾ ਉਧਾਰ ਪਿੱਛੇ ਦਸ ਆਏ ਹਾਂ। ਇਕ ਗਲ ਇਹ ਬੀ ਹੈ ਕਿ ਕਵੀ ਜੀ ਦੇ ਸਮੇਂ ਸਿੱਖ ਰਾਜ ਘਰਾਣਿਆਂ ਤੇ ਮੈਨਦਾਬ ਦਿਆਂ ਸਰਦਾਰੀ ਘਰਾਂ ਵਿਚ ਅਫੀਮ ਤੇ ਭੰਗ ਇਕ ਸਰਦਾਰੀ ਦਾ ਅੰਗ ਬਣ ਰਹੀਆਂ ਸਨ ਜਿਸਨੇ ਅਣਗਿਣਤ ਸਰਦਾਰੀਆਂ ਸਿਖਾਂ ਦੀਆਂ ਡੋਬੀਆਂ ਹਨ।

ਸੌਚ ਸ਼ਨਾਨ ਠਾਨਿ ਕਰਿ ਬੈਠੇ
ਊਚੇ ਥਲ ਭਗਵੰਤਾ।
ਸਿੰਘ ਸੁਚੇਤਾ ਕਰਿ ਕਰਿ ਪਹੁੰਚੇ
ਦਰਸਹਿਂ ਮੁਖ ਦੁਤਿਵੰਤਾ ॥੩੪॥
ਲਗਯੋ ਦਿਵਾਨ ਖਾਲਸੇ ਸ਼ੋਭਤਿ
ਜਿਮ ਜਾਵਦ ਸਮੁਦਾਯਾ।
ਰੂਪ ਗੁਬਿੰਦ ਗੁਬਿੰਦ ਸਿੰਘ ਜੀ
ਸ਼ਸਤ੍ਰਨਿ ਸਹਿਤ ਸੁਹਾਯਾ ॥੩੫॥
ਕਿਧੌਂ ਕੁਬੇਰ ਥਿਰਯੋ ਬਿਚ ਜੱਛਨ
ਜ਼ੇਵਰ ਜੋਤਿ ਸੁਹਾਵੈ।
ਦੇਵਨ ਗਨ ਮਹਿਂ ਕਿਧੌਂ ਇੰਦ੍ਰ ਹੈ
ਮੁਦਤਿ ਮਹਾਂ ਦੁਤਿ ਪਾਵੈ ॥੩੬॥
ਕੈ ਮੁਨਿ ਗਨ ਮਹਿਂ ਰਾਮਚੰਦ੍ਰ ਜੀ
ਥਿਰੇ ਸੁਭਤਿ ਸੁਖਦਾਈ।
ਤੁੰਗ ਸਥਲ ਪਰ ਸ਼੍ਰੀ ਪ੍ਰਭੁ ਥਿਰ ਤਬਿ
ਚਹੁੰਦਿਸ਼ਿ ਦ੍ਰਿਸ਼ਟਿ ਲਗਾਈ ॥੩੭॥
ਪਰੇ ਜਹਾਂ ਕਹਿਂ ਦੀਰਘ ਡੇਰੇ
ਤੰਬੂ ਗਨ ਸ਼ਮਿਯਾਨੇ।
ਝੰਡੇ ਥਾਨ ਥਾਨ ਪਰ ਝੂਲਤਿ
ਬਹੁਤ ਬਰਨ ਕੇ ਬਾਨੇ[1] ॥੩੮॥

[1]ਰੰਗ ਰੰਗ ਦੇ ਬਣੇ ਹੋਏ। (ਅ) ਬਹੁਤ ਰੰਗਾਂ ਦੇ ਲਿਬਾਸ।

ਸਿਵਰ ਪਿਖਯੋ ਪੁਨ ਸੂਬਨਿ ਕੇਰਾ
ਤੰਬੂ ਲਗਯੋ ਬਨਾਤੀ।
ਤਾਨਯੋ ਸ਼ਮਿਯਾਨਾ ਬਹੁ ਦੀਰਘ
ਮਖ਼ਮਲ ਕੋ ਬਹੁ ਭਾਂਤੀ ॥੩੯॥
ਥਿਰੇ ਲੋਕ ਬਹੁ ਖਰੇ ਹਜ਼ਾਰਹੁਂ
ਸ਼ਸਤ੍ਰਨਿ ਜੁਤਿ ਸਵਧਾਨਾ।
ਤਿਹ ਬਿਲੋਕਿ ਮੁਸਕਾਇ ਕਹਯੋ ਪ੍ਰਭੁ
'ਇਹ ਸਨਮੁਖ ਡਰ ਹਾਨਾ[1]' ॥੪੦॥

[1]'ਇਹ (ਵੈਰੀ) ਸਾਹਮਣੇ ਹੀ ਡਰ ਨਾਸ਼ ਕਰਕੇ (ਬੈਠੇ) ਹਨ।

ਉਦੈ ਸਿੰਘ ਕਰ ਜੋਰਿ ਉਚਾਰੀ,
ਜਬਹਿ ਪ੍ਰਹਾਰੇ ਬਾਨਾ[1]।

[1]ਜਦੋਂ ਤੀਰ ਮਾਰੇ ਸਨ (ਆਪ ਨੇ)।

ਤਬਿ ਡਰਿ ਕਰਿ ਥਿਰ ਦੂਰ ਰਹਤਿ ਭਾ
ਬਹੁ ਦਿਨ ਬਿਤੇ, ਸੁਹਾਨਾ[1]† ॥੪੧॥

[1]ਤਦੋਂ ਡਰਕੇ ਦੂਰ ਬੈਠਣ ਲਗ ਪਏ ਸਨ (ਇਸ ਗਲ ਨੂੰ) ਬਹੁਤ ਦਿਨ ਬੀਤ ਚੁੱਕੇ ਹਨ, (ਪਰ ਹੁਣ ਮੁੜ ਇਸ) ਸੁਹਣੇ ਥਾਂ ਉਤੇ.......। †ਪਾ:-ਸੁਜਾਨਾ।

ਪ੍ਰਥਮ ਰੀਤਿ ਹੀ ਬੈਠਨ ਲਾਗੇ
-ਕਹਾਂ ਤੀਰ ਨਿਤ ਮਾਰੈਂ[1]-।

[1]ਵੈਰੀ ਵਿਚਾਰਦੇ ਹਨ) ਕਿ (ਗੁਰੂ ਜੀ) ਕੇਹੜਾ ਰੋਜ ਰੋਜ ਤੀਰਾ ਮਾਰਦੇ ਹਨ।

ਅਪਨੋ ਆਪ ਦਿਖਾਵਨ ਕਰਤੇ
ਤੁਰਕ -ਕਹਾਂ ਲਗਿ ਹਾਰੈਂ[1]-' ॥੪੨॥

[1]ਤੁਰਕ ਆਪਾ ਦਿਖਾਉਂਦੇ ਹਨ ਕਿ ਕਿਥੋਂ ਤਕ (ਸਿੱਖਾਂ ਤੋਂ) ਹਾਰੇ ਰਹੀਏ ਭਾਵ ਪਿਛੇ ਰਹੀਏ।

ਸੁਨਿ ਕੈ ਸ਼੍ਰੀ ਪ੍ਰਭੁ ਹੁਕਮ ਕਰਯੋ ਤਬਿ
'ਜੁਗ ਤੋਪਨ ਕੋ ਲਯਾਵੋ।
ਇਸ ਥਲ ਊਚੇ ਪਰ ਥਿਰ ਕਰਿ ਕੈ
ਗੋਰਾ ਡਾਰਿ ਚਲਾਵੋ' ॥੪੩॥
ਸੁਨਿ ਆਇਸੁ ਕੋ ਸਿੰਘ ਤੁਰਤ ਹੀ
ਗਏ ਤੋਪ ਜਹਿਂ ਠਾਢੀ।
ਐਂਚਨ ਕਰਿ ਆਨੀ ਤਤਛਿਨ ਮਹਿਂ
ਚੌਂਪ ਰਿਦੇ ਮਹਿਂ† ਬਾਢੀ ॥੪੪॥

†ਪਾ:-ਹਤਨ ਹਿਤ।

ਇਕ ਕੋ ਬਾਘਨ ਨਾਮ ਧਰਯੋ ਪ੍ਰਭੁ
ਬਿੱਜਘੋਖ ਕਹਿਂ ਦੂਜੀ†।

†ਆਨੰਦਪੁਰ ਲੁਟ ਜਾਣ ਸਮੇਂ ਗੁਰੂ ਜੀ ਦੀਆਂ ਤੋਪਾਂ ਸਿਲਹਖਾਨਾ ਸਭ ਵੈਰੀ ਦਲ ਦੇ ਹੱਥ ਪਿਆ। ਤੋਪਾਂ ਵੀ ਸਰਹਿੰਦ ਆਦਿ ਅੱਪੜੀਆਂ। ਲਾਹੌਰ ਦੋ ਛੋਟੀਆਂ ਤੋਪਾਂ ਅਜੈਬਘਰ ਵਿਚ ਪਈਆ ਹਨ। ਜੋ ਗੁਰੂ ਜੀ ਦੀਆਂ ਖਯਾਲ ਕਰਦੇ ਹਨ। ਬਾਘਨ ਤੇ ਬਿੱਜਘੋਖ ਦੇ ਕੱਦ ਬਹੁਤ

ਵਡੇਰੇ ਸਨ ਏਹ ਬਾਘਣ ਬਿੱਜਘੋਖ ਨਹੀਂ ਹਨ, ਕੋਈ ਹੋਰ ਛੋਟੀਆਂ ਤੋਪਾਂ ਹੋਸਨ।

ਕਰ ਦਿਵਾਨ ਆਗੇ ਥਿਰ ਦੋਨਹੁੰ
ਚੰਦਨ ਪੁਸ਼ਪਨਿ ਪੂਜੀ ॥ ੪੫ ॥

ਕਬਿੱਤ:

ਗੁਰ ਕੇ ਪ੍ਰਤਾਪ ਕੀ ਦੁਲਾਰਨ[1] ਕਰਨ ਵਾਰੀ,

[1]ਭਾਵ ਖਿਡਾਣ ਵਾਲੀ।

ਕਿਧੌਂ ਗੁਰੂ ਮੂਰਤ ਕੀ ਰੱਛਾ ਰੂਪ ਧਾਰੀ ਹੈ[1]।

[1]ਗੁਰੂ ਮੂਰਤ ਦੀ ਰੱਖਯਾ ਨੇ ਹੀ ਰੂਪ ਧਾਰਿਆ ਹੈ।

ਕਿਧੌਂ ਬਿਜੈ ਆਪਨੋ ਸਰੂਪ ਧਾਰਿ ਠਾਂਢੀ ਢਿਗ,
ਕਿਧੌਂ ਰੂਪ ਕਾਲਕਾ ਕੋ ਦਾਸਨ ਉਧਾਰੀ ਹੈ[1]।

[1]ਦਾਸਾਂ ਦੇ ਉਧਾਰਨ ਲਈ।

ਸਿੰਘਨਿ ਸਹਾਇ ਹੇਤੁ[†] ਦੇਤਿ ਹੈ ਦਿਖਾਈ ਸੋਇ,

[†]ਪਾ:-ਆਇ।

ਕਿਧੌਂ ਮ੍ਰਿੱਤੁ ਦੁਰਜਨ ਕੀ ਦਾਰੁਨ ਸੁਧਾਰੀ ਹੈ[1]।

[1]ਵੈਰੀਆਂ ਦੀ ਭਯਾਨਕ ਮੌਤ ਚੰਗੀ ਤਰ੍ਹਾਂ ਬਣਾਈ ਹੈ।

ਹਿੰਦੁ ਕੋ ਧਰਮ ਧਰਾ ਧਾਰਿਬੋ ਕੋ, ਧੀਰ ਧਰਿ
ਸ੍ਰੀ ਗੁਬਿੰਦ ਸਿੰਘ ਤੋਪ ਉਪਮਾ ਬਿਚਾਰੀ ਹੈ[1] ॥ ੪੬ ॥

[1]ਹਿੰਦ ਦੇ ਧਰਮ ਨੂੰ ਧਰਤੀ ਤੇ ਰੱਖਣ ਲਈ ਧੀਰਜ ਧਾਰੀ ਗੁਰੂ ਗੋਬਿੰਦ ਸਿੰਘ ਜੀ ਦੀ ਤੋਪ ਦੀ ਇਹ ਉਪਮਾ (ਮੈਂ) ਵਿਚਾਰੀ ਹੈ।

ਗਾਢੇ ਗਢ ਢਾਹਿਬੇ ਕੋ, ਦੀਹ ਦਲ ਦਾਹਿਬੇ ਕੋ,
ਖਾਲਸਾ ਉਮਾਹਿਬੇ ਕੋ ਦੁਰਜਨ ਬਿਹਾਲਕਾ[1]।

[1]ਬਿਹਾਲ ਕਰਨ ਨੂੰ।

ਤੁਰਕਨਿ ਕੋ ਤੇਜ ਤ੍ਰਿਨ ਸੰਚੈ ਸਮ[1] ਬਧਯੋ ਬਹੁ

[1]ਘਾਹ ਦੇ ਢੇਰ ਵਤ।

ਤਾਂ ਕੇ ਛਾਰ ਕਰਿਬੇ ਕਹੁ ਮਾਨਹੁ ਜੋਤਿ ਜ੍ਵਾਲਕਾ।
ਮੇਘਨ ਕੇ ਬੀਚ ਬਸੇ ਗਾਜਿ ਗਾਜਿ ਗਾਜ ਜੋਇ
ਦੂਜੇ ਦੇਹ ਧਾਰੇ ਜਨੁ ਆਈ ਖਲੁ ਘਾਲਕਾ[1]।

[1]ਬਿਜਲੀ ਜੋ ਗੱਜ ਗੱਜਕੇ ਬਦਲਾਂ ਵਿਚ ਵੱਸਦੀ ਹੈ (ਮਾਨੋਂ ਓਹੋ ਹੀ) ਦੂਜੀ ਦੇਹ (ਤੋਪ ਦੀ ਸ਼ਕਲ) ਧਾਰਕੇ ਵੈਰੀਆਂ ਨੂੰ ਨਾਸ਼ ਕਰਨ ਹਿਤ ਆਈ ਹੈ।

ਦਾਸ ਪ੍ਰਤਿਪਾਲਿਕਾ, ਸੁ ਖਾਲਿਕ ਕੀ ਖਾਲਿਕਾ,
ਸਰੂਪ ਮਨੋ ਕਾਲ ਕਾ, ਪ੍ਰਗਟ ਭਈ ਕਾਲਕਾ[1] ॥੪੭॥

[1]ਕਰਤਾਰ ਦੀ ਰਚੀ ਹੋਈ ਹੈ (ਇਹ ਤੋਪ) ਮਾਨੋਂ ਕਾਲ (ਮੌਤ) ਦਾ ਸਰੂਪ ਹੈ ਯਾ ਕਾਲਕਾ (ਦੇਵੀ) ਪ੍ਰਗਟ ਹੋਈ ਹੈ। [ਅ:, ਖਾਲ਼ਿਕ=ਰਚਨ ਹਾਰ। ਖਾਲਿਕਾ=ਰਚੀ ਹੋਈ]।

ਸ੍ਵੈਯਾ:

ਸ਼੍ਰੀ ਮੁਖ ਤੇ ਤਬਿ ਲੇ ਕਰਿ ਆਇਸੁ
ਡਾਰਿ ਬਰੂਦ ਕਸਜੋ ਤਬਿ ਗੋਰਾ।
ਤੰਬੂ ਬਨਾਤੀ ਸੋਂ ਸੂਤ ਬੰਧਜੋ ਮੁਖ
ਕੀਨ ਬਰੋਬਰ ਸ਼ੱਤ੍ਰੁਨਿ ਓਰਾ[1]।

[1]ਤੁਰਕਾਂ ਦਾ ਬਨਾਤੀ ਤੰਬੂ ਡੋਰਾਂ ਨਾਲ ਬੰਨ੍ਹਿਆਂ ਸੀ, ਤਿਨ੍ਹਾਂ ਸ਼ਤ੍ਰੂਆਂ ਵੱਲ ਬਰੋਬਰ ਕਰਕੇ ਤੋਪ ਦਾ ਮੂੰਹ ਕੀਤਾ।

ਤਾਕ ਭਲੇ ਤਬਿ ਤਜਾਰ ਕਰੀ
ਤਤਕਾਲ ਪਲੀਤੇ ਪੈ ਲਾਇਸਿ ਤੋਰਾ।
ਗਾਜ ਗਿਰੀ ਜਨੁ ਦੀਹ ਅਵਾਜ ਤੇ[1]
ਘੂਕ ਸਬੇਗ[1] ਰਿਪੂ ਸਿਰ ਫੋਰਾ ॥੪੮॥

[1]ਵੱਡੀ ਆਵਾਜ਼ ਨਾਲ।

[1]ਛੇਤੀ।

ਬਾਘਨ ਛੋਰਿ ਕੈ ਤਜਾਰ ਕਰੀ,
ਬਿਜਘੋਖ ਕੋ ਸ਼ੂੰਕ ਚਲਜੋ ਤਬਿ ਗੋਰਾ।
ਸੂਬੇ ਕੋ ਝੰਡਾ ਖਰਾ ਅਵਿਲੋਕ ਕੈ
ਤਾਕ ਕੈ ਮਾਰਤਿ ਭੇ ਤਿਸ ਓਰਾ।
ਫੇਰ ਕਸੀ ਨਹਿਂ ਦੇਰ ਲਗੀ
ਉਰ ਕੰਪ ਉਠੇ ਸੁਨਿ ਕੈ ਰਵਿ ਘੋਰਾ[1]।
ਥੈਲੀ ਕੋ ਪਾਇ ਕੈ ਠੋਕਤਿ ਹੈਂ ਗਜ,
ਦੇਤਿ ਪਲੀਤੇ ਮਹਿਂ ਤੂਰਨ ਤੋਰਾ[1] ॥੪੯॥

[1]ਭਜਾਨਕਸ਼ਬਦ।

[1]ਤੋੜਾ।

ਦੋਹਰਾ:

ਤੰਬੂ ਕਲਸ ਉਡਾਇ ਕੈ, ਝੰਡਾ ਦਿਯੋ ਗਿਰਾਇ।
ਟੂਟ ਪਰਜੋ ਧਰ ਪਰ ਤਬੈ, ਸ਼ੋਰ ਉਠਜੋ ਸਮੁਦਾਇ ॥੫੦॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰੁਤੇ 'ਤੋਪ ਮਾਰਨ' ਪ੍ਰਸੰਗ ਬਰਨਨੰ ਨਾਮ ਸਪਤ ਦਸਮੋ ਅੰਸੂ ॥੧੭॥

੧੮. [ਘੇਰਾ ਜਾਰੀ। ਭਾਈ ਕਨ੍ਹੱਯਾ ਜੀ]

੧੭<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੯

ਦੋਹਰਾ:

ਇਸ ਪ੍ਰਕਾਰ ਗੋਰੇ ਚਲੇ, ਲਗੇ ਸੁ ਲਸ਼ਕਰ ਮਾਂਹਿ।
ਝੰਡਾ ਟੂਟਿ ਜੁਗ ਖੰਡ ਭਾ, ਤੰਬੂ ਥਿਰੇ ਸੁ ਨਾਂਹਿ ॥੧॥

ਸ੍ਵੈਯਾ:

ਖਾਨ ਵਜੀਦ, ਲਹੌਰਪਤੀ ਜੁਗ,
ਦੇਖਿ ਕੈ ਗੋਰਨਿ ਕੀ ਅਸ ਮਾਰਾ।
ਛੋਰਿ ਭਜੇ ਅਪਨੋ ਥਲ ਤਾਂ ਛਿਨ
ਆਯੁਧ ਨਾ ਤਨ ਚੀਰ ਸੰਭਾਰਾ[1]।
ਵਾਹਨ ਕੌਨ ਉਡੀਕ ਕਰੈ ਤਬਿ
ਹੋਇ ਬਿਹਾਲ ਭਜੇ ਸਿਰਦਾਰਾ।
ਬੀਚ ਥਿਰੇ ਦਲ ਆਪਨ ਕੇ ਨਹਿਂ,
ਤੂਰਨ ਦੌਰਿ ਕੈ ਕੀਨ ਕਿਨਾਰਾ ॥੨॥
ਗੋਰਨ ਕੀ ਅਸ ਮਾਰ ਕਰੀ
ਜੁਗ ਤੋਪ ਛੁਟੈਂ ਤਬਿ ਬਾਰੰਬਾਰਾ।
ਮਾਰ ਦੀਏ ਤੁਰਕਾਨ ਮਹਾਂ ਭਟ
ਕੀਨ ਬਿਚਾਰ ਨ ਹ੍ਵੈ ਉਪਚਾਰਾ।
ਭਾਜਤਿ ਹੈਂ ਤਜਿ ਕੈ ਪਟ ਆਯੁਧ,
ਤ੍ਰਾਸ ਭਯੋ ਤੁਰਕਾਨ ਮੈਂ ਭਾਰਾ।
ਫੂਟਿ ਗਏ ਸਿਰ, ਟੂਟਿ ਗਏ ਪਗ,
ਛੂਟਿ ਗਏ ਹੱਥਯਾਰ ਨ ਧਾਰਾ[1] ॥੩॥
-[1]ਦੀਰਘ ਦੂਰ ਇਤੀ ਲਗਿ ਆਵਹਿ
ਤੋਪ ਦਰਾਜ ਕਹਾਂ ਅਸ ਭਾਰੀ?
ਬ੍ਰਿੰਦ ਬਿਤੇ ਦਿਨ ਕੀਨੇ ਨਿਵੇਸ ਕੋ
ਕੋਇ ਨ ਪਹੁੰਚਿ ਸਕ੍ਯੋ ਨਹਿਂ ਮਾਰੀ।
ਆਜ ਕਹਾਂ ਇਹ ਕੌਤਕ ਭਾ
ਜਿਮ ਪੂਰਬ ਤੀਰ ਅਏ ਇਕ ਬਾਰੀ।
ਹਿੰਦੁਨਿ ਕੋ ਇਹ ਪੀਰ ਕਹਾਵਤਿ
ਹੈ ਕਰਾਮਾਤ ਕਿ ਆਇ ਅਗਾਰੀ[1]? ॥੪॥
ਅੰਗ ਤੁਰੰਗਨਿ ਭੰਗ ਭਏ,

[1]ਨਾ ਸ਼ਸਤ੍ਰ ਤੇ ਨਾ ਸਰੀਰ ਦੇ ਬਸਤਰ ਹੀ ਸੰਭਾਰੇ।

[1]ਧਾਰੇ ਹੋਏ ਹੱਥਯਾਰ ਵੀ ਛੁੱਟ ਗਏ।

[1]ਸੋਚਦੇ ਹਨ:-

[1](ਇਹ) ਕਰਾਮਾਤ ਹੀ ਹੈ ਜੋ ਅੱਗੇ ਆਏ ਹਨ (ਗੋਲੇ)।

ਬਹੁ ਬੀਰ ਗਿਰੇ ਲਗਿ ਕੈ ਤਨ ਗੋਰੇ।
ਓਟ ਮਹਿਂ ਜਾਇ ਖਰੇ ਥਿਰ ਹੋਵਤਿ,
ਹੇਰਤਿ ਬ੍ਰਿੰਦ ਨਿਵੇਸ ਕੀ ਓਰੇ[1]।
ਸੰਝ ਭਈ ਲਗਿ ਛੂਟਤਿ ਦੋਨਹੁਂ
ਬਾਘਨ ਸੋ ਬਿਜਘੋਖਨ ਘੇਰੇ।
ਬੇਗ ਤੇ ਜਾਤਿ ਕਰੈਂ ਉਤਪਾਤ
ਲਗੈਂ ਭਟ ਗਾਤ ਨ ਜੀਵਤਿ ਛੋਰੇਂ ॥੫॥
ਸੋਦਰ ਕੋ ਸੁਨਿ ਸ੍ਰੀ ਗੁਰ ਪੂਰਨ
ਹੋਤਿ ਅੰਧੇਰ ਉਠੇ ਘਰ ਆਏ।
ਤੋਪਨ ਆਨ ਸਥਾਨ ਕਰੀ ਥਿਰ
ਵਾਹਿਗੁਰੂ ਕੀ ਫਤੇ ਗਰਜਾਏ।
ਦੇਗ਼ ਦਈ ਬਰਤਾਇ ਤਬੈ
ਕਰਿ ਖਾਨ ਰੁ ਪਾਨ ਥਿਰੇ ਨਿਜ ਥਾਏ।
ਹ੍ਵੈ ਸਵਧਾਨ ਰਹੈਂ ਤੁਰਕਾਨ ਤੇ,
ਮਾਰਹਿਂ ਸਦਾ ਨਹਿਂ ਮਾਰ ਕੁ ਖਾਏਂ ॥੬॥
ਖਾਨ ਵਜੀਦ ਲਹੌਰ ਪਤੀ ਤਬਿ
ਤੂਰਨ ਲੀਨ ਉਠਾਇ ਕੇ ਡੇਰਾ।
ਆਨ ਸਥਾਨ ਜਹਾਂ ਦਿਢ ਓਟ ਹੈ
ਬਾਸਿਬੇ ਹੇਤ ਸੁਚੇਤ ਹ੍ਵੈ ਹੇਰਾ।
ਤੰਬੂ ਉਖਾਰ ਲਏ ਸਗਰੇ ਉਤ
ਕੀਨੇ ਲਗਾਵਨਿ ਜਾਨਿ ਅਛੇਰਾ।
ਰਾਤਿ ਕੋ ਜਾਗਿਤ ਹ੍ਵੈ ਸਵਧਾਨ
ਸਿਪਾਹਨ ਕੋ ਬਹੁ ਬਾਰ ਹੀ ਟੇਰਾ ॥੭॥
ਤ੍ਰਾਸ ਧਰੇ ਨਿਸ ਬਾਸੁਰ ਮਹਿਂ
ਕਰਿ ਦੂਰ ਹੀ ਦੂਰ ਨਿਵੇਸ ਪਰੇ ਹੈਂ।
ਜੋ ਕਿਸ ਦੇਸ਼ ਤੇ ਸਿੰਘ ਇਕੱਤ੍ਰ ਹ੍ਵੈ
ਆਨਿ ਅਨੰਦਪੁਰੇ ਸੁ ਬਰੇ ਹੈਂ।
ਘਾਤ ਅਨੇਕਨਿ ਤੇ ਪ੍ਰਵਿਸ਼ੈਂ
ਸ਼ਰਧਾ ਗੁਰ ਭਾਉ ਬਿਸਾਲ ਧਰੇ ਹੈਂ।
ਹੋਤਿ ਜਬੈ ਸੁਧ ਤੌ ਪਛੁਤਾਵਹਿਂ
ਯੌ ਤੁਰਕਾਨਿ ਕੀ ਹਾਨ ਕਰੇ ਹੈਂ[1] ॥੮॥

[1]ਆਪਣੇ) ਸਾਰੇ ਡੇਰਿਆਂ ਵਲ ਤੱਕ ਰਹੇ ਹਨ।

[1]ਜਦੋਂ ਤੁਰਕਾਂ ਨੂੰ ਪਤਾ ਲਗਦਾ ਹੈ ਕਿ (ਸਿੰਘ ਹੋਰ ਆਕੇ ਅੰਦਰ ਚਲੇ ਗਏ ਹਨ) ਤਦ ਪਛਤਾਉਂਦੇ ਹਨ, ਕਿ ਇਸ ਪ੍ਰਕਾਰ ਤੁਰਕਾਂ ਦੀ ਦਿਨੋਂ ਦਿਨ ਹਾਨ ਕਰਨਗੇ (ਗੁਰੂ ਜੀ,

ਕਿਉਂਕਿ ਅੰਦਰ ਕੁਮਕ ਜੁ ਪਹੁੰਚ ਰਹੀ ਹੈ)।

ਦੋਹਰਾ:

ਲਗੇ ਮੋਰਚੇ ਅਨੰਦਪੁਰਿ, ਦੂਰ ਦੂਰ ਕਰਿ ਘੇਰ।
ਲਾਖਹੁ ਫੌਜਾਂ ਚਹੁੰਦਿਸ਼ਨਿ, ਉਤਰੇ ਡੇਰ ਬਡੇਰ[1] ॥੯॥

[1]ਬੜੇ ਡੇਰੇ।

ਚੌਪਈ:

ਦ੍ਵੈ ਤ੍ਰੈ ਮਾਸ ਬੀਤ ਇਮ ਗਏ।
ਦੂਰ ਦੂਰ ਹਟਿ ਡੇਰੇ ਕਏ।
[1] 'ਗੁਰ ਕੇ ਸੰਗ ਲਰਜੋ ਨਹਿਂ ਜਾਈ।
ਸੁਭਟ ਹਜ਼ਾਰਹੁਂ ਦੇਤਿ ਖਪਾਈ ॥੧੦॥
ਉਤਰੇ ਰਹੋ ਘੇਰਿ ਪੁਰਿ ਸਾਰੋ।
ਜਬਿ ਨਹਿਂ ਪ੍ਰਾਪਤਿ ਹੋਇ ਅਹਾਰੋ।
ਮਿਲਹਿ ਆਪ, ਕੈ ਨਿਕਸਿ ਸਿਧਾਵੈ।
ਬਿਨਾਂ ਅੰਨ ਕਿਮ ਕਾਲ ਬਿਤਾਵੈ' ॥੧੧॥
ਤ੍ਰਾਸ ਧਰਿ ਜੇ ਮੁਰਚੇ ਨੇਰੇ।
ਸੋ ਭੀ ਕਰੇ ਦੂਰ ਥਲ ਡੇਰੇ।
ਏਕ ਉਪਾਵ ਸਿੱਧ ਸਭਿ ਕਰੈਂ।
-ਅੰਨ ਆਦਿ ਅੰਤਰ ਨਹਿਂ ਬਰੈ ॥੧੨॥
ਜਮਾ ਨਹੀਂ ਗੁਰ ਕੇ ਘਰ ਮਾਂਹੀ।
ਆਇ ਉਪਾਇਨ ਖਰਚ ਸੁ ਖਾਹੀਂ।
ਅੰਨ ਹਜ਼ਾਰਹੁਂ ਮਣ ਨਿਤ ਚਹੀਏ।
ਜਿਸ ਕੋ ਖਾਇ ਪ੍ਰਾਣ ਨਿਰਬਹੀਏ- ॥੧੩॥
ਸਾਧ ਕਨ੍ਹੱਯਾ ਇਕ ਗੁਰ ਪਾਸ।
ਸਭਿ ਮਹਿਂ ਆਤਮ ਲਖਜੋ ਪ੍ਰਕਾਸ਼।
ਰਾਗ ਨ ਦ੍ਵੈਖ ਹਰਖ ਨਹਿਂ ਸ਼ੋਕ।
ਸ਼ੱਤ੍ਰੁ ਮਿੱਤ੍ਰ ਨਹਿਂ ਭਾਸੈ ਲੋਕ ॥੧੪॥
ਮਸ਼ਕ ਨੀਰ ਕੀ ਭਰਿ ਢਿਗ ਰਾਖੈ।
ਕਰਹਿ ਪਿਲਾਵਨਿ ਜੋ ਅਭਿਲਾਖੈ।
ਸਿੰਘ ਮੋਰਚੇ ਮਹਿਂ ਥਿਰ ਜੇਈ।
ਜਲ ਤੇ ਤ੍ਰਿਪਤ ਕਰਹਿ ਫਿਰਿ ਤੇਈ[1] ॥੧੫॥

[1]ਤੁਰਕ ਸਰਦਾਰ ਐਉਂ ਕਹਿੰਦੇ ਹਨ:-

[1]ਫਿਰਕੇ ਤਿੰਨ੍ਹਾਂ ਨੂੰ।

ਨਿਕਟ ਮੋਰਚੇ ਤੁਰਕਨਿ ਕੇਰੇ।
ਨੀਰ ਨ ਪ੍ਰਾਪਤਿ ਪਜਾਸ ਬਡੇਰੇ।
ਸਭਿ ਦਿਨ ਮੁਰਚੇ ਬਿਖੈ ਬਿਤਾਵੈਂ।
ਤਿਮਰ ਭਏ ਤੇ ਉਠਿ ਕਰਿ ਜਾਵੈਂ ॥੧੬॥
ਪ੍ਰਾਤ ਹੋਨਿ ਤੇ ਪ੍ਰਥਮ ਅੰਧੇਰੇ।
ਥਿਰਹਿਂ ਜਾਇ ਜੋ ਭਟ ਤਿਸ ਬੇਰੇ।
ਦਿਨ ਮਹਿਂ ਭੂਖ ਪਿਪਾਸਾ ਸਹੈਂ।
ਨਿਕਸਨ ਤਿਮਰ ਭਏ ਤੇ ਲਹੈਂ ॥੧੭॥
ਤਿਨ ਪਰ ਭੀ ਕਰਿ ਕ੍ਰਿਪਾ ਕਨ੍ਹਯਾ।
ਭਰਿ ਭਰਿ ਮਸ਼ਕ ਨੀਰ ਬਹੁ ਦੱਯਾ।
ਜਿਤੇ ਮੋਰਚੇ ਮਹਿਂ ਭਟ ਰਹੈਂ।
ਦੁਹਨ ਦਿਸ਼ਨਿ ਕੇ ਦੂਰਿ ਦੂਰਿ ਬਹੈਂ ॥੧੮॥
ਜਲ ਦੁਰਲਭ ਦੋਨਹੁਂ ਦਿਸ਼ਿ ਹੋਇ।
ਯਾਂ ਤੇ ਦੇਤਿ ਸਾਧ ਮਤਿ ਸੋਇ[1]।
ਜਿਮ ਸਿੰਘਨਿ ਕੋ ਜਾਇ ਪਿਲਾਵੈਂ।
ਤਿਮ ਤੁਰਕਨਿ ਕੋ ਨਿਤ ਤ੍ਰਿਪਤਾਵੈ ॥੧੯॥
ਤਿਸ ਕੋ ਦੇਖਿ ਖਾਲਸਾ ਰਿਸੈ।
'ਜਲ ਕਜੋਂ ਦੇਤਿ ਰਿਪੁਨਿ ਗਨ ਬਿਸੈ?'
ਕਈ ਬਾਰ ਤਿਸ ਦੇਤਿ ਹਟਾਇ।
ਸੋ ਨਹਿਂ ਮਿਟੈ ਦੇਤਿ ਜਲ ਜਾਇ ॥੨੦॥
ਇਕ ਦਿਨ ਦਇਆ ਸਿੰਧੁ ਕੇ ਪਾਸਿ।
ਹਿਤ ਪੁਕਾਰ ਕੀਨੀ ਅਰਦਾਸ।
'ਹਮ ਬਹੁ ਤੰਗ ਕਰੈਂ ਰਿਪੁ ਬ੍ਰਿੰਦ।
ਦਰਬ ਮੋਰਚੇ ਰਹੈਂ ਬਿਲੰਦ ॥੨੧॥
ਖਾਨ ਪਾਨ ਨਹਿਂ ਪਹੁੰਚਨਿ ਦੇਤਿ।
ਸਗਰੇ ਦਿਨ ਦੁਖ ਦੈਬੇ ਹੇਤ।
ਤਬਿ ਜਲ ਲੇ ਕਰਿ ਸਾਧ ਕਨ੍ਹੱਯਾ।
ਦੇਤਿ ਤਿਨੈ ਬਹੁ ਕਰਿ ਤ੍ਰਿਪਤੱਯਾ ॥੨੨॥
ਰਹੇ ਹਟਾਇ ਨਹੀਂ ਇਮ ਮਾਨੈ।
ਯਾਂ ਤੇ ਇਸ ਮਹਿਂ ਦੋਸ਼ ਪਛਾਨੈਂ।

[1]ਸਾਧੂ ਬੁੱਧੀ ਵਾਲਾ।

ਗਿਰਪਤਿ ਗਨ ਸੋਂ ਮਿਲ੍ਯੋ ਲਖੀਜੈ।
ਕੁਛ ਲਾਲਚ ਕਰਿ ਦੇਤਿ ਜਨੀਜੈ[1] ॥੨੩॥
ਨਤੁ ਹਮ ਰਿਪੁ ਕੋ ਕਰਿ ਕਰਿ ਤੰਗ।
ਮਾਰੇ ਹੁਤੇ ਸਰੀਰਨਿ ਭੰਗ।'
ਇਮ ਪੁਕਾਰ ਸੁਨਿ ਸਿੰਘਨਿ ਕੇਰੀ।
ਸਾਧ ਹਕਾਰ੍ਯੋ ਢਿਗ ਤਿਸ ਬੇਰੀ ॥੨੪॥
ਨਿਕਟ ਬਿਠਾਇ ਸਹਿਤ ਸਨਮਾਨਾ।
ਸ੍ਰੀ ਮੁਖ ਤੇ ਤਬਿ ਬਾਕ ਬਖਾਨਾ।
'ਕਹਹੁ ਸਾਧ! ਕ੍ਯੋਂ ਸਹਹੁ ਬਿਖਾਦਾ?
ਬੈਠੇ ਕ੍ਯੋਂ ਨ ਰਹਹੁ ਅਹਿਲਾਦਾ ॥੨੫॥
ਬੀਚ ਜੰਗ ਕੇ ਇਤ ਉਤ ਫਿਰੋ।
ਜਲ ਕੋ ਅਚਵਾਵਨ ਹਿਤ ਧਰੋ।
ਸਿੰਘਨਿ ਤੁਮ ਪਰ ਕਰੀ ਪੁਕਾਰਾ।
ਰਿਪੁ ਗਨ ਕੋ ਦੁਖ ਮਹਿਂ ਦੇਂ ਬਾਰਾ[1] ॥੨੬॥
ਜੇ ਨਹਿਂ ਮਿਟੈਂ ਪਿਲਾਵਨ ਚਾਹੈਂ।
ਸਿੰਘਨ ਕੋ ਦਿਹੁ ਨਿਜ ਪਖ ਮਾਂਹੈਂ[1]।
ਹਮਰੋ ਬੈਰ ਗਿਰੀਸ਼ਨਿ ਸੰਗ।
ਨਾਹਕ ਲਰਤੇ ਹੇਤ ਨ ਜੰਗ[1] ॥੨੭॥
ਗ੍ਰਾਮ ਨਗਰ ਤਿਨ ਕੋ ਨਹਿਂ ਰੋਕ੍ਯੋ।
ਜਰਤਿ ਮੂਢ ਮਤਿ ਹਮਹਿਂ ਬਿਲੋਕ੍ਯੋ[1]।
ਜਾਇ ਤੁਰਕ ਕੀ ਸ਼ਰਨੀ ਪਰੇ।
ਹਮਰੋ ਦੇਸ਼ ਸੁਨਵਾਨ ਕਰੇ ॥੨੮॥
ਨਿਜ ਸਹਾਇ ਲਸ਼ਕਰ ਲੇ ਆਏ।
ਕਈ ਲਾਖ ਦੇਖਹੁ ਭਟ ਛਾਏ।
ਅਨਿਕ ਜਤਨ ਕੈ ਕਟਕ ਬਟੋਰਾ।
ਪੁਰਿ ਕੋ ਘੇਰ ਲੀਨਿ ਚਹੁੰ ਓਰਾ ॥੨੯॥
ਹਮਹਿਂ ਅਲੰਬ ਅਕਾਲ ਪੁਰਖ ਕੋ।
ਸਭਿ ਜਗ ਕਰਤਾ ਜੋ ਦੁਖ ਸੁਖ ਕੋ।
ਸ਼ੱਤ੍ਰਨਿ ਆਨ ਮੋਰਚੇ ਲਾਏ।

[1]ਕੁਛ ਲਾਲਚ ਕਰਕੇ (ਪਾਣੀ) ਦਿੰਦਾ ਪ੍ਰਤੀਤ ਹੁੰਦਾ ਹੈ।

[1]ਤੂੰ ਦਿੰਦਾ ਹੈਂ ਜਲ।

[1]ਆਪਣੇ ਪੱਖੀ ਸਿੰਘਾਂ ਨੂੰ ਪਿਲਾ।

[1]ਜੰਗ ਦਾ ਕਾਰਨ ਕੋਈ ਨਹੀਂ, ਅਨਹੱਕਾ ਸਾਡੇ ਨਾਲ ਲੜਦੇ ਹਨ।

[1]ਮੂਰਖ ਮਤ ਵਾਲੇ ਸਾਨੂੰ ਵੇਖ ਵੇਖਕੇ ਸੜਦੇ ਹਨ।

ਤਿਨ ਕੋ ਸਿੰਘ ਹਨਹਿਂ ਸਮੁਦਾਏ ॥੩੦॥
ਨਹਿਂ ਬੈਰੀ ਗਨ ਕੋ ਜਲ ਦੇਹੁ।
ਇਹ ਸਿੱਖ੍ਯਾ ਉਰ ਮਹਿਂ ਧਰਿ ਲੇਹੁ।'
ਸਾਧ ਕਨ੍ਹੰਯਾ ਸੁਨਿ ਗੁਰ ਬਾਨੀ।
ਹਾਥਿ ਜੋਰਿ ਕਰਿ ਤਬਹਿ ਬਖਾਨੀ ॥੩੧॥
'ਸ਼੍ਰੀ ਪ੍ਰਭੁ ਜੀ ਤੁਮਰੇ ਉਪਦੇਸ਼ੂ।
ਮੈਂ ਉਰ ਧਾਰਨ ਕਰੌਂ ਹਮੇਸ਼ੂ।
ਸਦਾ ਚਲੌਂ ਤਿਨਕੇ ਅਨੁਸਾਰੀ।
ਨਹੀਂ ਬਿਪਰਜੈ ਕਰਿ ਹੌਂ ਕਾਰੀ ॥੩੨॥
ਜਹਾਂ ਕਹਾਂ ਇਕ ਰੂਪ ਤੁਮਾਰਾ।
ਨਹਿਂ ਦੂਸਰ ਮੈਂ ਕਹੂੰ ਨਿਹਾਰਾ।
ਜਿਤਿਕ ਚਰਾਚਰ ਜਗਤ ਬਨਾਯੋ।
ਚੌਰਾਸੀ ਲਖ ਜੂਨ ਸੁਹਾਯੋ ॥੩੩॥
ਸਭਿ ਮਹਿਂ ਰਹੇ ਬਿਰਾਜ ਸਮਾਨਾ।
ਸ਼ੱਤ੍ਰੁ ਮਿੱਤ੍ਰ ਕੋ ਜਾਇ ਨ ਜਾਨਾ।
ਸਭਿ ਥਲ ਤੁਮਰੋ ਰੂਪ ਨਿਹਾਰੋਂ।
ਭੇਦ ਭਿੰਨ ਕੋ ਨਹੀਂ ਬਿਚਾਰੋਂ ॥੩੪॥
ਮੋ ਕੌਂ ਤੋ ਇਮ ਹੀ ਦ੍ਰਿਸ਼ਟਾਵੈਂ।
ਤੁਮ ਬਿਨ ਦੂਸਰ ਨਦਰ ਨ ਆਵੈ।
ਇਮ ਰਾਵਰ ਕੋ ਹੈ ਉਪਦੇਸ਼ੁ।
ਸੋ ਉਰ ਧਾਰਜੋ ਬਿਨਾ ਕਲੇਸ਼ੂ ॥੩੫॥
ਇਤ ਸਿੰਘਨ ਮਹਿਂ ਆਪ ਬਿਰਾਜੈਂ।
ਉਤ ਤੁਰਕਨ ਮਹਿਂ ਤੁਮ ਹੀ ਛਾਜੈਂ।
ਨਹੀਂ ਪਹਾਰੀ ਮਹਿਂ ਕੋ ਦੂਜਾ।
ਜਹਿਂ ਕਹਿਂ ਕਰਹਿਂ ਆਪ ਕੀ ਪੂਜਾ ॥੩੬॥
ਜਲ ਥਲ ਸਕਲ ਗਗਨ ਅਰ ਅਵਨੀ।
ਅਹੈ ਖੇਲ ਰਾਵਰ ਕੀ ਰਵਨੀ[1]।' [1]ਸੁਹਣੀ।
ਇਮ ਸੁਨਿ ਸੰਤ ਕੱਨ੍ਹਯੇ ਪਾਸ।
ਪਰਮ ਪ੍ਰਸੰਨ ਭਏ ਗੁਨ ਰਾਸ ॥੩੭॥
ਸ਼੍ਰੀ ਮੁਖ ਤੇ ਮੁਸਕਾਇ ਬਖਾਨਾ।

'ਸੁਨਹੁ ਖਾਲਸਾ ਮਯਾ ਨਿਧਾਨਾ !'[1]

'ਇਹ ਸਾਧੂ ਬ੍ਰਿਤੀ ਵਾਲਾ ਹੈ ਇਸਨੇ ਇਹ ਚਰਿੱਤ੍ਰ ਲਖ ਲਿਆ ਹੈ ਕਿ ਨਾਨੱਤ੍ਵ ਅਸਲ ਵਿਚ ਇਕ ਹੈ (ਇਸ) ਵਿਚ ਸ਼ੱਤ੍ਰ ਮਿੱਤ੍ਰ (ਦਾ ਭੇਦ ਕੋਈ) ਨਹੀਂ। [ਵਚਿੱਤ੍ਰ=ਅਨੇਕ ਰੰਗੀ, ਨਾਨੱਤ੍ਵ, ਅਨੇਕਤਾ]।

ਸਾਧ ਬ੍ਰਿਤੀ ਇਨ ਲਖ੍ਯੋ ਚਰਿੱਤ੍ਰ।
ਇਕ ਬਚਿੱਤ੍ਰ ਮਹਿ ਸ਼ੱਤ੍ਰ ਨ ਮਿੱਤ੍ਰ[੬]
॥੩੮॥
ਇਸ ਕੋ ਕਿਸ ਬਿਧਿ ਕਹਹੁ ਨ ਕੋਈ।
ਕਰਹਿ ਜਥੋਚਿਤ ਜਿਮ ਉਰ ਹੋਈ।
ਨਹਿਂ ਬੈਰੀ ਇਸ ਕੇ ਉਰ ਭਾਸਾ[†]।

[†]ਜਾਕੈ ਛੂਟਿ ਗਯੋ ਭ੍ਰਮ ਉਰਕਾ ॥ ਤਹਿ ਆਗੇ ਹਿੰਦੂ ਕਜਾ ਤੁਰਕਾ। [ਦਸਮ ਗੁਰੂ ਜੀ]।

ਪ੍ਰਭੁ ਇਕ ਸਭਿ ਮਹਿਂ ਲਖ੍ਯੋ ਤਮਾਸਾ
॥੩੯॥
ਊਚ ਭੂਮਿਕਾ ਮਹਿਂ ਮਨ ਥਿਰ੍ਯੋ।
ਨਾਨਾ ਤ੍ਯਾਗ ਏਕ ਰਸ ਢਰ੍ਯੋ।
ਧੰਨ ਜਨਮ[†] ਅਪਨੋ ਇਨ ਕੀਨਾ।

[†]ਭਾਈ ਕਨ੍ਹੱਯਾ ਜੀ ਵਜ਼ੀਰਾਵਾਦ ਦੇ ਪਾਸ ਝਨਾਂ ਦੇ ਕੰਢੇ 'ਸੋਧਰੇ' ਜਨਮ ਧਾਰੀ ਹੋਏ। ਬਚਪਨ ਤੋਂ ਪਰਮਾਰਥ ਦਾ ਸ਼ੌਂਕ ਸੀ, ਦਾਨ ਦਾ ਸੁਭਾ ਸੀ। ਧਰਮਸਾਲੇ ਜਾਣ ਦਾ ਚਾਉ ਹੁੰਦਾ ਸੀ। ਜਾਤ ਦੇ ਖੱਤ੍ਰੀ, ਕਿੱਤੇ ਵਲੋਂ ਵਪਾਰੀ ਤੇ ਚੰਗੇ ਧਨਾਢ ਪਿਤਾ ਦੇ ਪੁੱਤ੍ਰ ਸੇ, ਇਸ ਲਈ ਦਾਨ ਬੀ ਚੋਖਾ ਕਰਦੇ ਸੇ। ਪਹਿਲੀ ਸੰਗਤ ਆਪ ਨੂੰ ਭਾਈ ਨਨੂਆਂ ਜੀ ਦੀ ਮਿਲੀ। ਭਾਈ ਨਨੂਆਂ ਜੀ ਨਾਵੇਂ ਸਤਿਗੁਰਾਂ ਦੇ ਸਿੱਖ ਨੇ, ਕਵੀ ਤੇ ਨਾਮ ਰਸੀਏ ਸੇ। ਨਨੂਆਂ ਜੀ ਪਰ ਮਿਹਰ ਕਰਕੇ ਨਾਵੇਂ ਗੁਰਾਂ ਨੇ ਨਾਮ ਦਾ ਅੱਭਯਾਸ ਕਰਨ ਵਾਸਤੇ ਅਪਣੇ ਸਿੱਖ ਲਾਹੌਰ 'ਗਦਾ ਨਰਾਇਣੀ' ਜੀ ਪਾਸ ਟੋਰਿਆ ਸੀ। ਗਦਾ ਨਰਾਇਣੀ ਜਨਮ ਦੇ ਮੁਸਲਮਾਨ ਸੇ ਅਤੇ ਗੁਰ ਘਰ ਤੋਂ ਤਾਰੇ ਹੋਏ ਗੁਰਸਿੱਖ ਸੇ। ਜਦੋਂ ਨਨੂਆਂ ਜੀ ਮੁਕੰਮਲ ਹੋ ਗਏ ਤਾਂ ਗਦਾ ਨਰਾਇਣੀ ਜੀ ਨੇ ਕਿਹਾ: ਜਾਓ ਹੁਣ ਵਿਚਰੋ, ਅਸੀਂ ਆਪਣੇ ਸ਼ਾਹ ਗੁਰੂ ਤੇਗ ਬਹਾਦਰ ਜੀ ਦੇ ਹੁਕਮ ਤੇ ਹੁੰਡੀ ਤਾਰ ਦਿੱਤੀ ਹੈ। ਜਦੋਂ ਨਨੂਆਂ ਜੀ ਪ੍ਰਲੋਕ ਗਏ ਤਾਂ ਭਾਈ ਕਨ੍ਹੱਯਾ ਜੀ ਉਦਾਸ ਹੋ ਵਜ਼ੀਰਾਵਾਦੋਂ ਸੋਧਰੇ ਆਏ। ਫਿਰ ਵੈਰਾਗ ਅਵਸਥਾ ਵਿਚ ਘਰੋਂ ਨਿਕਲ ਟੁਰੇ। ਸੰਤ ਬੰਸ ਨਾਮੇ ਇਕ ਸੰਤ ਦੇ ਸਤਿਸੰਗ ਵਿਚ ਰਹੇ, ਫਿਰ ਉਥੋਂ ਇਸ਼ਾਰਾ ਪਾਕੇ ਡਰੌਲੀ ਗੁਰੂ ਤੇਗ ਬਹਾਦਰ ਸੀ ਦੀ ਸ਼ਰਨ ਆਕੇ ਠੰਢ ਪਈ ਤੇ ਪੂਰਨ ਪਦ ਨੂੰ ਅੱਪੜੇ। ਗੁਰੂ ਜੀ ਦੀ ਆਗਯਾ ਪਾਕੇ ਫਿਰ ਪ੍ਰਚਾਰ ਵਿਚ ਲਗੇ। ਕਵੇ ਪਿੰਡ, ਜੋ ਅਟਕ ਤੋਂ ੨੦ ਕੁ ਮੀਲ ਉਰੇ ਹੈ, ਡੇਰਾ ਪਾਇਆ। ਇਥੇ ਧਰਮਸਾਲ ਬਨਾਈ ਪਰ ਉਪਕਾਰ ਤੇ ਨਾਮ ਦਾ ਪ੍ਰਵਾਹ ਚਲਾ ਦਿੱਤਾ। ਹਰ ਵੇਲੇ ਨਾਵੇਂ ਸਤਿਗੁਰਾਂ ਦੇ ਤੇ ਫੇਰ ਦਸਮੇਂ ਸਤਿਗੁਰਾਂ ਦੇ ਦਰਸ਼ਨਾਂ ਨੂੰ ਸੰਗਤ ਲੈਕੇ ਹਾਜ਼ਰ ਹੁੰਦੇ ਰਹੇ। ਜਦੋਂ ਸ਼ਸਤ੍ਰ ਧਾਰਨ ਦਾ ਹੁਕਮ ਹੋਇਆ ਤਾਂ ਆਪ ਨੇ ਬੀ ਤਲਵਾਰ ਬੰਨ੍ਹ ਲਈ। ਪਰ ਸਤਿਗੁਰਾਂ ਨੇ ਹੁਕਮ ਦਿੱਤਾ ਭਾਈ ਕੰਨ੍ਹੱਯਾ ਤੁਸੀਂ ਰੂਹਾਂ ਤੇ ਫਤੇ ਪਾਓ, ਤੇਗ ਸਾਨੂੰ ਦੇ ਦਿਓ, ਪ੍ਰਚਾਰ ਕਰੋ ਅਰ ਨਾਮ ਦ੍ਰਿੜਾਓ। ਤੁਸੀਂ ਉਪਦੇਸ਼ ਦੇ ਸੂਰਮੇ ਹੋ। ਦੂਜੀ ਸਾਖੀ ਉਪਰਲੀ ਜਲ ਵਾਲੀ ਵਰਤੀ। ਫਿਰ ਆਗਯਾ ਪਾਕੇ ਆਪ ਡੇਰੇ ਆਕੇ ਪਰੌਪਕਾਰ ਤੇ ਨਾਮ ਸੇਵਾ ਵਿਚ ਲੱਗੇ ਰਹੇ। ਆਪ ਤੋਂ ਵਰੋਸਾਏ ਭਾਈ ਸੇਵਾਦਾਸ ਜੀ ਗੁਰਮੁਖ ਹੋਏ ਹਨ ਜਿਨ੍ਹਾਂ ਦੇ ਨਾਮ ਤੇ ਆਪਦੀ ਸੰਪ੍ਰਦਾ ਦਾ ਨਾਮ 'ਸੇਵਾ ਪੰਥੀ' ਪਿਆ। ਦੂਜੇ ਇਕ ਮੁਗ਼ਲ ਸੌਦਾਗਰ ਵੀ ਭਾਈ ਕਨ੍ਹੱਯਾ ਜੀ ਨੂੰ ਮਿਲਕੇ ਨਾਮ ਰਸੀਆਂ ਹੋਇਆ। ਵਪਾਰ ਘਰ ਬਾਰ ਛੱਡਕੇ ਕਵੇ ਹੀ ਰਿਹਾ ਤੇ ਸਾਰੀ ਉਮਰ ਭਜਨ ਵਿਚ ਬਿਤਾਈ, ਇਸਦਾ ਨਾਮ 'ਨਿਹਾਲ ਨੂਰੀ' ਪੈ ਗਿਆ ਸੀ। ਇਸ ਤਰ੍ਹਾਂ ਅਨੇਕਾਂ ਨੂੰ ਤਾਰਦੇ ਗੁਰਬਾਣੀ ਤੇ ਨਾਮ ਦਾ ਪ੍ਰਚਾਰ ਕਰਦੇ ਆਪ ਸੱਚਖੰਡ ਜਾ ਬਿਰਾਜੇ। ਆਪ ਦੇ ਵਰੋਸਾਏ ਸੰਤ ਸੇਵਾਦਾਸ ਤੋਂ ਸੰਤ 'ਅੱਡਣ' ਜੀ ਬੜੇ ਪ੍ਰਤਾਪੀ ਗੁਰਮੁਖ ਹੋਏ। ਇਨ੍ਹਾਂ ਦੇ ਨਾਮ ਤੇ ਸੰਪ੍ਰਦਾਂ ਨੂੰ 'ਅੱਡਣ ਸ਼ਾਹੀ' ਬੀ ਕਹਿੰਦੇ ਹਨ।

ਜਿਸ ਕੋ ਬਖਸ਼ੇ, ਹੁਇ ਦੁਖ ਹੀਨਾ
॥੪੦॥

ਇਹ ਭੀ ਅਪਨੋ ਪੰਥ ਪ੍ਰਕਾਸ਼ੈ।
ਬਹੁ ਲੋਕਨਿ ਕੀ ਕੁਮਤਿ ਬਿਨਾਸ਼ੈ।
ਸੁਨਿ ਪ੍ਰਭੁ ਤੇ ਸਭਿ ਸਿੰਘ ਅਨੰਦੈ।
ਦ੍ਵੈਤ ਹਤੀ ਲਹਿ ਬ੍ਰਹਮ ਅਨੰਦੇ ॥੪੧॥
ਤਿਸ ਦਿਨ ਤੇ ਨਹਿਂ ਕਿਸ ਕੁਛ ਕਹਜੋ।
ਤਿਮ ਹੀ ਜਲ ਕੋ ਪਜਾਵਤਿ ਰਹਜੋ।
ਸਰਬ ਮੋਰਚੇ ਮਹਿਂ ਫਿਰਿ ਕਰਕਿ।
ਜਲ ਕੋ ਦੇਤਿ ਮਸ਼ਕ ਨਿਤਿ ਭਰਿ ਕੈ
॥੪੨॥
ਇਸ ਕੋ ਨਹਿਂ ਮਾਰਿਤ ਕੋ ਗੋਰੀ।
ਫਿਰਤਿ ਰਹੈ ਲਰਤੇ ਜੁਗ ਓਰੀ।
ਸਾਧ ਜਾਨਿ ਕਰਿ ਬੰਦਨ ਕਰੈਂ।
ਜਲ ਕੋ ਲੇਤਿ ਤ੍ਰਿਖਾ ਕੋ ਹਰੈਂ ॥੪੩॥
ਇਮ ਘੇਰਾ ਕਰਿ ਅੰਨ ਹਟਾਯੋ[1]-।
ਕੇਤਿਕ ਦਿਨ ਲਗਿ ਅੰਤਰ ਖਾਯੋ[1]।
ਲਗਜੋ ਨਿਖੁਟਨਿ ਅੰਨ ਮਹਾਨੇ।
ਜੇ ਅਵੱਸ ਚਹਿਯਤਿ ਨਿਤ ਖਾਨੇ ॥੪੪॥

[1]ਤੁਰਕਾਂ ਨੇ) ਅੰਨ ਰੋਕ ਦਿੱਤਾ।

[1]ਅੰਦਰੋਂ ਹੀ ਛਕਦੇ ਰਹੇ (ਸਿੰਘ)।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰੁਤੇ 'ਭਾਈ ਕਨੑੈਯਾ ਸਾਧ ਕੋ' ਪ੍ਰਸੰਗ ਬਰਨਨੰ ਨਾਮ ਅਸ਼ਟਦਸਮੋ ਅੰਸੂ ॥੧੮॥

੧੯. [ਵੈਰੀ ਦੀ ਫੌਜ਼ ਦੇ ਬਜ਼ਾਰ ਵਿਚੋਂ ਰਸਦ ਲਿਆਂਦੀ]

੧੮<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੦

ਦੋਹਰਾ:
ਅੰਨ ਭਯੋ ਥੋਰਾ ਜਬੈ, ਛੁਧਤਿ ਰਹਤਿ ਨਰ ਬ੍ਰਿੰਦ।
ਚਿਤਵਹਿਂ ਜਤਨ ਅਨੇਕ ਹੀ, ਮਿਲਹਿਂ ਸਿੰਘ ਬਲਵੰਦ ॥੧॥
ਚੌਪਈ:
ਕੇਤਿਕ ਸਿੰਘ ਬਿਸਾਲ ਜੁਝਾਰੇ।
ਮਿਲਿ ਆਪਸ ਮਹਿਂ ਮਸਲਤ ਧਾਰੇ।
ਜਹਾਂ ਬਿਲੋਕੈਂ ਅੰਨ ਮਹਾਂਨਾ।
ਬਿਪਨੀ[1] ਆਦਿ ਵਿਖੈ ਸਵਧਾਨਾ ॥੨॥
ਆਛੀ ਰੀਤਿ ਜੋਹਿ ਸਭਿ ਲੀਨਾ।
ਆਵਨ ਜਾਨਿ ਘਾਤ ਸਭਿ ਚੀਨਾ।
ਤੁਰਕ ਸ਼ੱਤ੍ਰੁਗਨ ਹੁਇੰ ਜੁਤਿ ਆਲਸ।
ਤਬਿ ਪਹੁੰਚਨਿ ਕੀ ਠਾਨੀ ਲਾਲਸ ॥੩॥
ਹੋਇ ਤੁਰੰਗਨਿ ਪਰ ਅਸਵਾਰ।
ਸਨਧਬੱਧ ਹੁਇ ਬਲ ਕੋ ਧਾਰਿ।
ਗਏ ਅਚਾਨਕ ਬਡੇ ਬਜਾਰੂ[†]।
ਭਏ ਪ੍ਰਵੇਸ਼ਨਿ ਬੀਰ ਜੁਝਾਰੂ ॥੪॥
ਸ਼ੇਰ ਸਿੰਘ ਜਿਨ ਮਹਿਂ ਮੁਖਿ ਜੋਧਾ।
ਪਰੇ ਤੁਰਕ ਗਨ ਪਰ ਧਰਿ ਕ੍ਰੋਧਾ[1]।
ਅਰਧਨਿ ਕਹਤੋ[1] 'ਉਠਾਵਨ ਕੀਜੈ।
ਅੰਨ ਘ੍ਰਿੱਤ ਬਹੁ ਸਿਤਾ ਲਈਜੈ ॥੫॥
ਇੱਤਜਾਦਿਕ ਵਸੁ ਭੱਖਜਨ ਕੇਰੀ।
ਲੀਜਹਿ ਲੂਟ ਧਾਰਿ ਬਿਨ ਦੇਰੀ।
ਸਭਿਹਿਨ ਤੇ ਆਗੇ ਹਟਿ ਆਵੋ।
ਨਹਿਂ ਸ਼ੱਤ੍ਰੁਨਿ ਮਹਿ ਬਿਲਮ ਲਗਾਵੋ' ॥੬॥
ਇਮ ਕਹਿ ਪਰੇ ਧਾਇ ਕਰਿ ਸੂਰੇ।
ਵਿਸਤੁਨਿ ਸੋਂ ਬਜ਼ਾਰ ਜਹਿਂ ਪੂਰੇ।
ਜਿਸ ਦਿਸ਼ਿ ਚਮੂੰ ਸ਼ਸਤ੍ਰ ਗਨ ਧਾਰੀ।
ਤਿਤ ਦਿਸ਼ ਸ਼ੇਰ ਸਿੰਘ ਬਲ ਭਾਰੀ ॥੭॥
ਹਲਾਹੂਲ ਬੋਲਤਿ ਬਿਚ ਬਰੇ।

[1]ਦੁਕਾਨਾਂ ਵਿਚ, ਬਾਜ਼ਾਰ ਵਿੱਚ।
[†]ਮੁਰਾਦ ਤੁਰਕਾਂ ਦੇ ਅੰਨ ਦਾਣੇ ਦੇ ਫੌਜੀ ਬਜ਼ਾਰ ਤੋਂ ਹੈ ਦੇਖੋ ਅੰਕ ੧੮।
[1]ਬਹੁਤੇ ਤੁਰਕਾਂ ਤੇ ਕ੍ਰੋਧ ਕਰਕੇ ਜਾ ਪਏ (ਸਿੰਘ)।
[1]ਅੱਧਿਆਂ ਨੂੰ ਆਖਿਆ ਕਿ ਤੁਸੀਂ.......।

ਬਨਕਨ ਤੇ ਵਸਤੂ ਗਨ ਧੇਰੇ।
ਸਰਬ ਲੂਟ ਕਰਿ ਪੋਟ ਬੰਧਾਈ।
ਆਧੇ ਸਿੰਘਨਿ ਲੀਨਿ ਉਠਾਈ ॥੮॥
ਭਈ ਤੁਰਕ ਦਲ ਮਹਿਂ ਸੁਧਿ ਸਾਰੇ।
ਤਤਛਿਨ ਦੁੰਦਭਿ ਬਜੇ ਜੁਝਾਰੇ।
ਸ਼ਸ਼ਤ੍ਰ ਸੰਭਾਰਤਿ ਹੋਵਤਿ ਤਯਾਰ।
ਕੋ ਘੋਰਨਿ ਪੈ ਹ੍ਵੈ ਅਸਵਾਰ ॥੯॥
ਕੇਤਿਕ ਤੁਪਕ ਪਦਾਤੀ ਛੋਰੇ।
ਭੇ ਮੁਕਾਬਲੇ ਸਿੰਘਨਿ ਓਰੇ।
ਦੋ ਸੈ ਜ੍ਵਾਲਾ ਬਮਨੀ ਤਯਾਰ।
ਰਵਾਂ ਦਸਤ ਕਰਿ ਕੈ ਇਕ ਬਾਰ ॥੧੦॥
ਸ਼ੇਰ ਸਿੰਘ ਤਤਕਾਲ ਛੁਰਾਈ।
ਗਿਰੇ ਦੜਾ ਦੜ ਜੇ ਅਗੁਵਾਈ।
ਉਤ ਸੂਬੇ ਅਰੁ ਗਿਰਪਤਿ ਸਾਰੇ।
ਭਟਨ ਤਯਾਰ ਕਹਿ ਬਾਰੰ ਬਾਰੇ ॥੧੧॥
'ਘੇਰਹੁ ਦੁਰਗ ਬਿਖੈ ਨਹਿਂ ਬਰੈਂ।
ਹਤਹੁ ਸ਼ੱਤ੍ਰੁ ਸਭਿ ਬਾਹਰ ਮਰੈਂ।'
ਲੈ ਲੈ ਤੁਪਕ ਚਰਮ[1] ਤਰਵਾਰੈਂ।
ਤ੍ਰਾਸ ਸਮੇਤ ਹੋਇ ਪਰਵਾਰੈ[1] ॥੧੨॥
ਪ੍ਰਥਮ ਛੁਟੀ ਗਨ ਗੋਰੀ ਤੀਰ।
ਪੁਨ ਤਰਵਾਰਨਿ ਹ੍ਵੈ ਕਰ ਬੀਰ[1]।
ਤਛਾ ਮੁੱਛ ਕਰਿਤੇ ਚਲਿ ਆਏ।
ਕਰੇ ਸੰਘਾਰਨ ਜੇ ਅਗੁਵਾਏ ॥੧੩॥
ਅਪਨੇ ਘਾਇਲ ਮ੍ਰਿਤਕ ਉਠਾਏ।
ਪਹੁੰਚਿ ਲੋਹਗੜ ਕੇ ਨਿਯਰਾਏ।
ਤਹਿਂ ਤੇ ਦਗ਼ੀ ਤੋਪ ਬਹੁ ਭਾਰੀ।
ਗੋਰੇ ਚਲਨ ਲਗੇ ਤਿਸ ਬਾਰੀ ॥੧੪॥
ਹਟਿ ਕਰਿ ਤੁਰਕ ਬਰੇ ਨਿਜ ਲਸ਼ਕਰ।
ਸਿੰਘ ਲੋਹਗੜ ਪ੍ਰਵਿਸ਼ੇ ਬਲ ਧਰਿ।
ਲੂਟਿ ਅੰਨ ਲੇ ਪੋਟ ਬਰੇ ਹੈਂ।
ਮਨ ਭਾਵਤਿ ਪੁਨ ਅਚਨ ਕਰੇ ਹੈਂ ॥੧੫॥

[1]ਢਾਲਾਂ।
[1]ਘੇਰ ਲਿਆ।
[1]ਫਿਰ ਤਲਵਾਰਾਂ ਹੱਥ ਵਿਚ ਲੈ ਕੇ ਸੂਰਮੇ।

ਰਹੇ ਬਿਸੂਰਤਿ ਤੁਰਕ ਘਨੇਰੇ।
'ਗ਼ਜ਼ਬ ਗੁਜ਼ਾਰਜੋ ਔਚਕ ਹੇਰੇ।
ਬ੍ਰਿੰਦ ਸੁਭਟ ਸੰਘਾਰਨ ਕੀਨੇ।
ਲੂਟ ਬਜ਼ਾਰ ਵਸਤੁ ਗਨ ਲੀਨੇ ॥੧੬॥
ਬਹੁਰ, ਸਿੰਘ ਜੀਵਤ ਗਢ ਬਰੇ।
ਹਮ ਲਾਖੋਂ ਪਰ ਨਿਜ ਬਲ ਕਰੇ।'
ਭੀਮ ਚੰਦ ਸੂਬੇ ਢਿਗ ਆਯੋ।
ਬੈਠਜੋ ਨਿਕਟ 'ਸਲਾਮ' ਅਲਾਯੋ ॥੧੭॥
ਕਹਜੋ ਬੰਦਿ ਕਰ 'ਗਜ਼ਬ ਗੁਜ਼ਾਰਾ।
ਲਸ਼ਕਰ ਕੋ ਲੁਟ ਲੀਨ ਬਜ਼ਾਰਾ।'
ਇਤਨੇ ਮਹਿਂ ਬਨੀਏਂ ਗਨ ਆਏ।
ਲੂਟਨ ਕੋ ਬਿਰਤੰਤ ਬਤਾਏ ॥੧੮॥
ਘਨੋ ਅੰਨ ਕੈ ਘ੍ਰਿਤ ਮਿਸਟਾਨਾ।
'ਇਹ ਲੇ ਗਏ ਬਜਾਇ ਕ੍ਰਿਪਾਨਾ।
ਅਪਰ ਵਸਤੁ ਕੋ ਹਾਥ ਨ ਡਾਰਾ।
ਸਭਿ ਤੇ ਪੂਰਨ ਹੁਤੋ ਬਜ਼ਾਰਾ' ॥੧੯॥
ਸੁਨਿ ਕੈ ਭੀਮਚੰਦ ਤਬਿ ਕਹਜੋ।
'ਅੰਤਰ ਕੋ ਬ੍ਰਿਤੰਤ ਇਮ ਲਹਜੋ।
ਅੰਨ ਗਯੋ ਥੁਰ ਛੁਧਾ ਦੁਖਾਏ।
ਯਾਂ ਤੇ ਸਿੰਘ ਬਾਜ਼ ਸਮ ਆਏ ॥੨੦॥
ਅਬਿ ਗੁਰ ਨਿਕਸੈਗੋ ਪੁਰਿ ਛੋਰਿ।
ਨਿਸ ਮਹਿਂ ਕਬਹਿ ਜਾਇ ਕਿਤਿ ਓਰ।
ਜਮਾ ਨਹੀਂ ਕੁਛ ਪੁਰਿ ਕੇ ਅੰਤਰ।
ਹਮ ਤੋ ਜਾਨਤਿ ਹਾਲ ਨਿਰੰਤਰ ॥੨੧॥
ਸਰ ਮੁਹਿੰਮ ਅਬਿ ਜਾਨੀ ਪਰੈ'। 'ਮੁਹਿੰਮ ਹੁਣ ਫਤੇ ਹੋਈ ਜਾਣੀ ਪੈਂਦੀ ਹੈ।
ਬਿਨਾ ਅੰਨ ਕੋ ਧੀਰ ਨ ਧਰੈ।'
ਤਬਿ ਸੂਬੇ ਡੂਬੇ ਵਿਚ ਲਾਜਾ।
-ਲੁਟਜੋ ਬਜ਼ਾਰ ਬੁਰੋ ਬਡ ਕਾਜਾ- ॥੨੨॥
ਜਥੇਦਾਰ ਨਿਜ ਸਰਬ ਹਕਾਰੇ।
ਤਾੜਨ ਕਰਤੇ ਬਾਕ ਉਚਾਰੇ।
'ਕਹਾਂ ਸਿੰਘ ਤੁਮ ਲਾਖਹੁਂ ਬੀਰ?

ਡਰਤਿ, ਨ ਲਰਤਿ, ਰਹਹੁ ਮਨ ਭੀਰੁ[1] ! ॥੨੩॥
ਅਬਿ ਤੇ ਆਗੇ ਰਹੀਅਰੁ ਤਯਾਰ।
ਸਭਿਨਿ ਤੁਰੰਗ ਜ਼ੀਨ ਕੋ ਡਾਰਿ।
ਜਿਤ ਕਿਤ ਦੇਖਹੁ ਸਿੰਘ ਜਿ ਆਏ।
ਰੋਕਹੁ ਤੁਰਤ ਧਾਇ ਅਗੁਵਾਏ ॥੨੪॥
ਆਲਸ ਕਾਜ ਕਰਯੋ ਪਰਿ ਰਹੇ।
ਵਸਤੁ ਲੁਟਾਇ ਮਾਰ ਕੋ ਲਹੇ।
ਪ੍ਰਥਮ ਮੋਰਚਾ ਸਕਲ ਕਟਾਵਾ।
ਅਪਜਸੁ ਭਯੋ ਸਰਬ ਬਿਦਤਾਵਾ ॥੨੫॥
ਜਹਿਂ ਕਹਿਂ ਮਾਰਿ ਜਾਤਿ ਹੈਂ ਸਿੰਘ।
ਜਿਮ ਗਜ ਗਨ ਪਰ ਧਾਵਤਿ ਸਿੰਘ[1]।
ਕਹਾਂ ਭਯੋ ਤੁਮ ਕੋ ਬਲ ਹਾਰਾ?
ਬਿਜੈ ਨ ਪ੍ਰਾਪਤਿ ਭੀ ਕਿਸ ਬਾਰਾ' ॥੨੬॥
ਤਬਿ ਸੂਬੇ ਗਿਰਪਤਿ ਚਢਿ ਸਾਰੇ।
ਫਿਰੇ ਚਹੂੰ ਦਿਸ਼ ਕਰਤਿ ਨਿਹਾਰੇ।
ਥਾਨ ਥਾਨ ਪਰ ਕਰਿ ਤਕਰਾਈ।
ਸੁਭਟ ਮੋਰਚੇ ਦਿਏ ਬਿਠਾਈ ॥੨੭॥
'ਇਹਾਂ ਸੁਚੇਤ ਬਨੇ ਨਿਤ ਰਹੀਯਹਿ।
ਅੱਗ੍ਰ ਵਧਨ ਕੋ ਚਿਤ ਨਹਿਂ ਚਹੀਯਹਿ।
ਗ਼ਾਫਲ ਹੋਇ ਨ ਧਰਿ ਵਿਸ਼ਵਾਸ਼ਾ।
ਦੇਖਤਿ ਰਹੋ ਰਿਪੁਨਿ ਕੀ ਆਸਾ[1] ॥੨੮॥
ਤਯਾਰ ਤੁਫੰਗ ਹਾਥ ਧਰਿ ਰਾਖਹੁ।
ਨਿਕਸਹਿਂ ਸਿੰਘ ਹਤਹੁ ਚਿਤ ਮਾਖਹੁ[1]।
ਅਸ ਨਹਿਂ ਹੋਇ ਕਾਟ ਪੁਨ ਜਾਵੈਂ।
ਨਾਹਕ ਤੁਮਰੇ ਪ੍ਰਾਨ ਗਵਾਵੈਂ ॥੨੯॥
ਇਮ ਚਹੂੰ ਓਰ ਮੋਰਚੇ ਸਾਰੇ।
ਫਿਰ ਕਰਿ ਸੂਬੇ ਨ੍ਰਿਪਨ ਨਿਹਾਰੇ।
ਕਰਿ ਸਵਧਾਨ ਸਥਾਪਨ ਕਰੇ।
ਭਾਂਤਿ ਭਾਂਤਿ ਕੀ ਸੀਖ਼ਯਾ ਕਰੇ ॥੩੦॥

[1]ਮਨ ਦੇ ਕਾਇਰ ਹੋ ਰਹੇ ਹੋ।
[1]ਸ਼ੇਰ।
[1]ਵੈਰੀਆਂ ਵੱਲ।
[1]ਦਿਲ ਦੇ ਗੁੱਸੇ ਨਾਲ ਮਾਰੋ।

ਇਤ ਸਤਿਗੁਰ ਕੇ ਢਿਗ ਜਬਿ ਗਏ।
ਸ਼ੇਰ ਸਿੰਘ ਨਾਹਰ ਸਿੰਘ ਲਏ।
ਬੰਧਨ ਕਰਿ ਗੁਰ ਫਤੇ ਬੁਲਾਈ।
ਲੂਟਨ ਕੀ ਸਭਿ ਗਾਥ ਸੁਨਾਈ ॥੩੧॥
'ਸਿੰਘ ਛੁਧਾਤੁਰ ਭਏ ਬਿਸਾਲਾ।
ਪਿਖਿ ਬਜ਼ਾਰ ਹੇਲੋ ਤਬਿ ਘਾਲਾ।
ਖੈਬੇ ਹੇਤੁ ਅੰਨ ਬਹੁ ਲਜਾਏ।
ਤੁਰਕ ਨਿਕਟ ਪਹੁੰਚੇ ਗਨ ਘਾਏ' ॥੩੨॥
ਸ਼੍ਰੀ ਪ੍ਰਭੁ ਕਹਜੋ 'ਘਾਤ ਲਖਿ ਮਾਰਹੁ।
ਬਹੁਤਨ ਮਹਿਂ ਨਹਿਂ ਹੇਰਿ ਪਧਾਰਹੁ।
ਖਾਨ ਪਾਨ ਜੇਤਿਕ ਕਰਿ ਪਾਵੋ।
ਥਿਰੋ ਸੰਤੋਖ ਧਾਰਿ ਸੋ ਖਾਵੋ' ॥੩੩॥
ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰੁਤੇ 'ਜੰਗ' ਪ੍ਰਸੰਗ ਬਰਨਨੰ ਨਾਮ ਉਨੀਸਮੋ ਅੰਸੂ ॥੧੯॥

੨੦. [ਜ਼ੋਰ ਦੀ ਸ਼ਰ੍ਹਾ ਕੀਤਿਆਂ ਤੁਰਕ ਨਹੀਂ ਬਣਦਾ]

੧੯<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੧

ਦੋਹਰਾ:

†ਇਕ ਸਿਖ ਗਹਿ ਲੀਨਸਿ ਤਹਾਂ, ਕੈਦ ਕਰਜੋ ਬਲ ਨਾਲ।
ਸੁੰਨਤ ਕਰਿ, ਸਿਰ ਕੇਸ਼ ਹਰਿ, ਤੱਦੀ[1] ਕੀਨ ਬਿਸਾਲ ॥੧॥

[1]ਜ਼ੋਰਾਵਰੀ। †ਇਹ ਸੌ ਸਾਖੀ ਦੀ ੩੨ਵੀਂ ਸਾਖੀ ਹੈ।

ਚੌਪਈ:

ਕਹਿ ਕਰਿ ਕਲਮਾ ਤਬੈ ਪਠਾਯੋ।
ਤਊ ਸਿੱਖ ਮਨ ਨਾਂਹਿ ਹਲਾਯੋ।
ਬਲ ਤੇ ਕਰੀ ਸ਼ਰ੍ਹਾ ਤਬਿ ਸਾਰੀ।
ਖਾਨੇ ਕੋ ਖਵਾਇ ਤਿਸ ਬਾਰੀ ॥੨॥
ਗ਼ੁਸਲ ਕਰਾਇ ਅਪਨਿ ਬਿਧਿ ਤਾਂਹੂ।
'ਗੁਰ ਗੁਰ' ਜਪੈ ਭਲੇ ਉਰ ਮਾਂਹੂ।
ਸਰਬ ਸ਼ਰ੍ਹਾ ਕਰਿ ਦੀਨੋ ਛੋਰ।
ਆਇ ਬਿਸੁਰਤਿ ਸੋ ਗੁਰ ਓਰ ॥੩॥
ਹੁਤੋ ਸਮਾਂ ਪਠਤੇ ਰਹਿਰਾਸ।
ਗੁਰ ਪਗ ਬੰਦੇ ਹ੍ਵੈ ਕਰਿ ਪਾਸ।
ਲਗਜੋ ਦਿਵਾਨ ਮਹਾਨ ਨਿਹਾਰੇ।
ਹਾਥ ਜੋਰਿ ਸਿਖ ਖਰੈ ਉਚਾਰੇ ॥੪॥
'ਮੈਂ ਸਿਖ ਹੌਂ, ਸਾਚੇ ਪਤਿਸ਼ਾਹਿ।
ਰਣ ਮਹਿਂ ਲਰਤਿ ਗਿਰਜੋ ਛਿਤ ਮਾਂਹਿ।
ਭਈ ਮੂਰਛਾ ਹੋਸ਼ ਨ ਕੋਈ।
ਪਹੁੰਚੇ ਤੁਰਕ ਆਨਿ ਸਭਿ ਕੋਈ ॥੫॥
ਛੁਟੀ ਮੂਰਛਾ ਗਹਿ ਲੇ ਗਏ।
ਸ਼ਰ੍ਹਾ ਸਰਬ ਕੋ ਕਰਤੇ ਭਏ।
ਕਹਾਂ ਕਰੌਂ ਮੈਂ ਅਬੈ ਉਪਾਇ।
ਹਿੰਦੂ ਜਨਮ ਸਿਖੀ ਧ੍ਰਮ ਜਾਇ[1] ॥੬॥

[1]ਮੇਰਾ ਹਿੰਦੂ ਜਨਮ ਹੈ ਸਿੱਖੀ ਧਰਮ ਜਾਂਦਾ ਹੈ।

ਜਿਸ ਬਿਧਿ ਰਹੈ ਰਖਹੁ ਦੁਖ ਪੈਹੌਂ।
ਨਤੁ ਮੈਂ ਚਿਖਾ ਬਨਾਇ ਜਲ ਹੌਂ।'
ਬੂਝਜੋ ਗੁਰੂ 'ਕਰੀ ਕਿਸ ਸ਼ਰ੍ਹਾ?
ਜਬਿ ਸ਼ੱਤ੍ਰਨ ਕੇ ਬਸ ਮਹਿਂ ਪਰਾ' ॥੭॥
ਤਬਿ ਸਿਖ ਸਭਿ ਕਰਿ ਜੋਰਿ ਸੁਨਾਈ।
'ਪੂਰਬ ਸੁੰਨਤ ਮੋਰ ਕਰਾਈ।

ਕਲਮਾ ਅਰੁ ਨਮਾਜ਼ ਕਰਿਵਾਇ।
ਕੇਸ਼ ਬਿਅਦਬੀ, ਖਾਨ ਖਵਾਇ[1]' ॥੮॥ — [1]ਖਾਣਾ ਖੁਆਇਆ।
ਸੁਨਿ ਗੁਰ ਬੂਝਯੋ 'ਕਹੁ ਤੂੰ ਸਾਚੇ।
ਸੰਗ ਤੁਰਕਨੀ ਤੇ ਰਹਿ ਬਾਚੇ[1] ?' — [1]ਤਾਂ ਬਚ ਰਿਹਾ ਹੈਂ ਕਿ ਨਹੀਂ।
ਸਿਖ ਤਬਿ ਕਹਯੋ 'ਬਚਾਵਨ ਕੀਨ।
ਪ੍ਰਭੁ ! ਤੁਮ ਹਾਥ ਦੇਇ ਰਖਿ ਲੀਨ' ॥੯॥
ਤਬੈ ਕਹਯੋ 'ਕਰਿਵਾਇ ਕਰਾਹਿ।
ਦੇਹੁ ਖਾਲਸੇ ਮਹਿਂ ਬਰਤਾਹਿ।
ਖਰਾ ਸਿੱਖ ਤੂੰ ਹੈਂ ਸਭਿ ਬੇਰੀ।
ਬਾਂਹਿ ਗੁਰੂ ਕੇ[1] ਪਕਰੀ ਤੇਰੀ' ॥੧੦॥ — [1]ਗੁਰੂਕਿਆਂ ਨੇ।
ਹੁਤੇ ਸਿੰਘ ਜੇ ਤਬੈ ਹਜ਼ੂਰੰ।
ਬੂਝਯੋ ਤਬੈ 'ਕਹਹੁ ਗੁਰ ਪੂਰੰ !
ਮੁਸਲਮਾਨ ਕਿਸ ਬਿਧਿ ਕਰਿ ਹੋਇ?
ਕਿਧੌਂ ਨ ਬਨੈ ਬਨਾਵੈ ਸੋਇ[1]' ॥੧੧॥ — [1]ਜੇ ਓਹ ਬਣਾ ਲੈਣ ਤਾਂ ਵੀ ਸਿੱਖ ਮੁਸਲਮਾਨ ਕਿਵੇਂ ਨਾਂ ਬਣੇ? ਭਾਵ ਉਹਨਾਂ ਦੇ ਮਲੋ ਮਲੀ ਬਣਾ ਲਿਆ ਸਿੱਖ ਸਚਮੁਚ ਮੁਸਲਮਾਨ ਨਾ ਬਣ ਜਾਵੇ ਇਹਦਾ ਕੀ ਉਪਾ ਹੈ।
ਤਬਿ ਗੁਰ ਬਚਨ ਕਰਯੋ 'ਸੁਨਿ ਭਾਈ।
ਕਰਹਿਂ ਸ਼ਰ੍ਹਾ ਜੇ ਰਿਪੁ ਬੁਰਿਆਈ[†]। — [†]ਕਾਮ ਦੇ ਅਧੀਨ।
ਰਿਦੇ ਭਾਵਨਾ ਜਿਸ ਨਹਿਂ ਹੋਇ।
ਕਰੇ ਜ਼ੋਰ ਤੁਰਕ ਨ ਹ੍ਵੈ ਸੋਇ ॥੧੨॥
ਜਬਿ ਕਾਮੀ[1] ਹੁਇ ਕਰਤਾ ਸੰਗ। — [1]ਅਸਲ ਪਾਠ 'ਬਰਿਆਈ' ਹੈ, ਲਿਖਾਰੀ ਦੀ ਕਲਮ ਉਕਾਈ ਹੈ। ਬਰਿਆਈ ਦਾ ਅਰਥ ਹੈ ਮਲੋ ਮਲੀ। ਯਥਾ ਸੌ ਸਾਖੀ—'ਜੋਰ ਕੀ ਸ਼ਰ੍ਹਾ ਵੈਰੀ ਕਰਦੇ ਆਏ......।
ਤਉ ਮਨ ਮਿਲਤਾ ਹੁਇ ਇਕ ਰੰਗ।
ਮੁਸਲਮਾਨ ਮਾਨ ਤਬਿ ਹੀ ਹੁਇ ਜਾਇ।
ਮਨ ਹੀ ਕਾਰਨ ਲਖਹੁ ਸਬਾਇ[1] ॥੧੩॥ — [1]ਸਭ (ਧਰਮਾਂ) ਦਾ।
ਬਲ ਤੇ ਨਹੀਂ ਭਾਵਨਾ ਫਿਰੈ[1]। — [1]ਬਲ ਨਾਲ ਭਾਵਨਾ ਨਹੀਂ ਫਿਰ ਸਕਦੀ (ਆਪਣੇ ਧਰਮ ਤੋਂ)।
ਮਮ ਸਿਖ ਤੁਰਕਨਿ ਸੰਗ ਨ ਕਰੈ।
ਏਕ ਬਾਰ ਹੀ ਭੋਗੈ ਕੋਇ।
ਮੁਲਸਮਾਨ ਸੋ ਤਤਛਿਨ ਹੋਇ ॥੧੪॥
ਜੋ ਨਰ ਹਿੰਦੁ ਧਰਮ ਕੋ ਧਰੈ।
ਬਚੈ ਤੁਰਕਣੀ ਤੇ ਸੋ ਤਰੈ।
ਜੋ ਪਰ ਨਾਰਿ ਭੋਗ ਪਛੁਤਾਵੈ।

ਕੁਛ ਪ੍ਰਾਸ਼ਚਿਤ ਅਘ ਹਿਤ ਕਰਿਵਾਵੈ ॥੧੫॥
ਕੈ ਗੁਰ ਸਿੱਖਨ ਤੇ ਬਖਸ਼ਾਵੈ।
ਸੋ ਸਿਖ ਅਘ ਤੇ ਬਖਸ਼ਜੋ ਜਾਵੈ।
ਜੋ ਤੁਰਕਨਿ ਸਿਖ ਭੋਗਹਿ ਜਾਇ।
ਸੋ ਨਹਿਂ ਬਖਸ਼ਜੋ ਜਾਇ ਕਦਾਇ ॥੧੬॥
ਪਾਕੋ ਮੁਸਲਮਾਨ ਹ੍ਵੈ ਸੋਇ।
[1]ਪ੍ਰਥਮ ਅਜਾਨ ਜਿ ਭੂਲੈ ਕੋਇ।

[1]ਪਹਿਲੀ ਵੇਰ ਜੇ ਕੋਈ ਅਜਾਨ ਪਨੇ ਵਿਚ ਭੁੱਲਕੇ ਤੁਰਕਨੀ ਨਾਲ ਮਿਲੇ, ਉਹ ਬੀ ਸਿੱਖ ਬਣ ਜਾ ਸਕਦਾ ਹੈ, ਗੁਰੂ ਜੀ ਨੂੰ ਧਿਆਇਕੇ ਉਹ ਉਸ (ਪਾਪ ਤੋਂ) ਛੁੱਟ ਜਾਏਗਾ।

ਮਿਲਿ ਤੁਰਕਨਿ ਸੰਗ ਸਿਖ ਬਨ ਜਾਇ।
ਸੋ ਭੀ ਛੂਟ ਜਾਇ ਗੁਰ ਧਜਾਇ[3]' ॥੧੭॥
ਪੁਨ ਸਿੰਘਨਿ ਬੂਝੇ ਗੁਨ ਖਾਨੀ।
'ਬ੍ਰਿੰਦ ਤੁਰਕ ਭੋਗੈਂ ਹਿੰਦਵਾਨੀ।
ਸਿਖ ਬਦਲਾ ਲੇ ਭਲਾ ਜਨਾਏ[1]।

[1]ਸਿੱਖ (ਤੁਰਕਣੀਆਂ ਭੋਗਕੇ) ਜੇ ਬਦਲਾ ਲੈ ਲੈਣ ਇਸ ਵਿਚ ਤਾਂ ਭਲਾ ਜਾਣੀਦੀ ਹੈ।

ਕਜੋਂ ਗੁਰ ਸ਼ਾਸਤ੍ਰ ਬਰਜ ਹਟਾਏ?' ॥੧੮॥
ਸੁਨਿ ਸਤਿਗੁਰ ਬੋਲੇ ਤਿਸ ਬੇਰੇ।
'ਹਮ ਲੇ ਜਾਨੋ ਪੰਥ ਉਚੇਰੇ।
ਨਹੀਂ ਅਧੋਗਤਿ ਬਿਖੈ ਪੁਚਾਵੈਂ।
ਯਾਂ ਤੇ ਕਲਮਲ[1] ਕਰਨ ਹਟਾਵੈਂ ॥੧੯॥

[1]ਪਾਪ।

ਪੰਥ ਭੂਤਨਾ ਕੋ ਹੈ ਜੋਈ[1]।

[1]ਭੂਤਨੇ ਦਾ ਪੰਥ ਹੈ ਜੋ।

ਲਿਯੇ ਸੰਭਾਲ ਮੁਹੰਮਦ ਸੋਈ।
ਨਹਿਂ ਨੀਚਨ ਕੀ ਰੀਤਿ ਅਛੇਰੀ।
ਪਿਖਿ ਅਪਮਾਨ ਕਰਹਿਂ ਸਭਿ ਬੇਰੀ ॥੨੦॥
ਗੁਰ ਬਚ, ਸ਼ਾਸਤ੍ਰਨ, ਕਰੀ ਨਿਯੋਗ[1]।

[1]ਗੁਰਾਂ ਦੇ ਬਚਨਾਂ ਤੇ ਜੋ ਸ਼ਾਸ਼ਤ੍ਰਾਂ ਨੇ ਆਗਜੀ ਕੀਤੀ।

ਆਸ਼੍ਰਮਾਨ ਤੇ ਮਾਨਨ ਯੋਗ[1][†]।'

[1]ਸਾਰੇ ਆਸ਼੍ਰਮਾਂ ਨੂੰ ਮੰਨਣੇ ਯੋਗ ਹੈ। (ਸਾਰੇ) ਆਸ਼੍ਰਮਾਨ ਦਾ ਅਰਥ ਸ਼੍ਰੇਸ਼ਟ ਪੁਰਖ ਤੇ ਅਵਸ਼ਮੇਵ ਵੀ ਲਾਉਂਦੇ ਹਨ।
[†]ਸਤਿਗੁਰਾਂ ਦੇ ਜ਼ੁਬਾਨੀ ਏਥੇ ਕਾਰਨ ਦੱਸਿਆ ਗਿਆ ਹੈ। ਪੰਥ ਆਪ ਨੇ 'ਜਾਗਤਿ ਜੋਤ ਜਪੈ ਨਿਸ ਬਾਸਰ' ਵਾਲਾ ਰਚਿਆ ਹੈ, ਜਾਗੇ ਮਨ ਵਾਲਾ ਤੇ ਉੱਚੇ ਆਚਰਨ ਵਾਲਾ। ਇਸ ਨੇ ਬਦਲੇ ਲੈਣ ਵਾਸਤੇ ਤੁਰਕਣੀਆਂ ਨਾਲ ਜੁੱਧ ਨਹੀਂ ਕਰਨੇ। ਇਹ ਤੁਰਕਣੀ ਦਾ ਮੇਲ ਪਤਿਤ ਹੋਣ ਦੀ ਪੱਕੀ ਨਿਸ਼ਾਨੀ ਦੱਸੀ ਹੈ, ਕਾਰਨ ਇਹ ਹੈ ਕਿ ਵਿਸ਼ੇ ਪਿਆਰ ਵਿਚ

ਦਿਲ ਮਿਲ ਜਾਂਦਾ ਹੈ, ਦਿਲ ਮਿਲਨਾ ਹੀ ਅਸਲ ਤਬਦੀਲੀ ਹੁੰਦੀ ਹੈ, ਜਬਰਨ ਕੋਈ ਪਤਿਤ ਕਰੇ ਤਾਂ ਉਹ ਪਤਿਤ ਨਹੀਂ ਨਾ ਹੁੰਦਾ, ਦਿਲ ਤੋਂ ਜੋ ਪਤਿਤ ਨਹੀਂ ਹੋਇਆ।

ਇਮ ਕਹਿ ਕਰਿ ਪੁਨ ਸਿੱਖ ਮਿਲਾਯੋ।
ਕਰਜੋ ਕੜਾਹ ਸਰਬ ਵਰਤਾਯੋ ॥੨੧॥
†ਇਸੀ ਰੀਤਿ ਸਿਖ ਕਰਤੇ ਜੰਗ।
ਹੋਵਨਿ ਲਗੇ ਦੁਖਿਤਿ ਛੁਧਿ ਸੰਗ।
ਖਾਸ ਖਜ਼ਾਨੇ ਦਰਬ ਜਿਤੇਕ।
ਪਾਵਹਿਂ ਸਤੁਦ੍ਰਵ ਬਿਖੈ ਤਿਤੇਕ ॥੨੨॥
ਪਸ਼ਮੰਬਰ ਆਦਿਕ ਸਭਿ ਚੀਰ।
ਫੁਕਵਾਵੈਂ ਪਾਵਕ ਪ੍ਰਭੁ ਧੀਰ।
ਇਸ ਬਿਧਿ ਸਰਬ ਸਮਾਜ ਨਿਬੇਰੈਂ।
ਫੂਕੈਂ ਕੈ ਜਲ ਸਲਿਤਾ ਗੇਰੈਂ ॥੨੩॥
ਲੋਕ ਪੁਕਾਰਨ ਲਾਗੇ ਪੁਰਿ ਮੈਂ।
ਸਹਜੋ ਨ ਜਾਇ ਛੁਧਾ ਦੁਖ ਉਰ ਮੈਂ।
ਪ੍ਰਜਾ ਨਿਕਸਿ ਕਰਿ ਗਈ ਵਹਿਰ ਕੋ।
ਸੁਭਟ ਸਿੰਘ ਨਹਿਂ ਤਜਾਗਜੋ ਗੁਰ ਕੋ ॥੨੪॥
ਰਹੈਂ ਛੁਧਾਤੁਰ ਤਊ ਲਰਤਿ ਹੈਂ।
ਸ਼ੱਤ੍ਰਨਿ ਮਾਰਤਿ ਆਪ ਮਰਤਿ ਹੈਂ।
ਕਹੈਂ ਸਕਲ ਮਿਲਿ 'ਅਬਿ ਨਹਿਂ ਭਾਗੈਂ।
ਦੈ ਹੈਂ ਸੀਸ ਗੁਰੂ ਕੇ ਆਗੈ' ॥੨੫॥
ਸਿਦਕ ਬਿਖੈ ਸਾਬਤ ਦ੍ਰਿੜ੍ਹ ਰਹੈਂ।
ਸੰਕਟ ਅਨਿਕ ਪ੍ਰਕਾਰਨਿ ਸਹੈਂ।
ਸ਼੍ਰੀ ਗੁਜਰੀ ਢਿਗ ਕਰਹਿਂ ਬਖਾਨੀ।
'ਮਾਤ! ਗੁਰੂ ਗਤਿ ਜਾਇ ਨ ਜਾਨੀ ॥੨੬॥
ਅੰਨ ਬਿਨਾ ਸਗਰੇ ਮਰਿ ਜੈ ਹੈਂ।
ਪਾਉ ਪਾਉ ਕਬਿ ਕਬਿ[1] ਇਕ ਪੈ ਹੈਂ।'
ਸੁਤ ਕੀ ਕ੍ਰਿਤ ਸੁਨਿ ਦੇਖਨਿ ਕਰਤੀ।
ਪਰਮ ਦੁਖੀ ਚਿਤ ਚਿੰਤਾ ਧਰਤੀ ॥੨੭॥
ਕਹਿ ਨਹਿਂ ਸਕੈ ਸ੍ਰਾਪ ਤੇ ਡਰੈ।
-ਰਿਸ ਤੇ ਕੁਛ ਮੁਖ ਤੇ ਕਹਿਂ ਪਰੈਂ।
ਸੋ ਸਭਿ ਸਾਚ ਹੋਇ ਨਹਿਂ ਟਰੈ-।

†ਇਹ ਸੌ ਸਾਖੀ ਦੀ ੩੭ਵੀਂ ਸਾਖੀ ਹੈ।

[1]ਪਾਉ ਪਾਉ (ਤੇ ਉਹ ਬੀ) ਕਦੀ ਕਦੀ।

ਕਹਿਨ ਅਕਹਿਨ ਅਨੁਚਿਤ ਬਿਚਰੈਂ[1] ॥੨੮॥
ਤਊ ਨਿਕਟ ਜੋ ਦਾਸ ਘਨੇਰੇ।
ਕਰਹਿਂ ਸੁਨਾਵਨ ਕਸ਼ਟ ਬਡੇਰੇ।
ਸਿੰਘ ਸੈਂਕਰੇ ਲਰਿ ਕਰਿ ਮਰੈਂ।
ਬਚੇ ਨ ਜੀਵਨ ਆਸ਼ਾ ਧਰੈਂ[1] ॥੨੯॥
ਇਕ ਦਿਨ ਮਨ ਕੋ ਦ੍ਰਿੜ ਕਰਿ ਆਈ।
ਸਭਿ ਬਿਧਿ ਕਰਿ ਦੁਖ ਤੇ ਤਪਤਾਈ।
ਕਲਗ਼ੀਧਰ ਕੇ ਹੁਇ ਢਿਗ ਖਰੀ।
ਚਿਤ ਚਿੰਤਾ ਤੇ ਕਹਿ ਰਿਸ ਭਰੀ ॥੩੦॥
'ਜਗ ਮਹਿਂ ਬਨ ਕਰਿ ਗੁਰੂ ਕਹਾਏ।
ਸਿਖ ਮਾਰਨ ਹਿਤ ਰਚਜੋ ਉਪਾਏ।
ਨਿਤ ਉਠਿ ਸਿੰਘ ਅੱਗ੍ਰ ਹੁਇ ਲਰੈਂ।
ਸਿਰ ਪਰ ਵੈਰੀ ਕੜਕਤਿ ਖਰੇ ॥੩੧॥
ਸਭਿ ਮਹਿਂ ਭੂਖ ਵਰਤਿ ਬਹੁ ਰਹੀ।
ਨਿਸਦਿਨ ਭੋਜਨ ਪ੍ਰਾਪਤਿ ਨਹੀਂ।
ਪੂਰਬ ਦਰਬ ਪਾਇ ਦਰਿਆਇ।
ਅਬਿ ਨਿਕਾਸ[1] ਸਭਿ ਦੇਤਿ ਰੁੜਾਇ ॥੩੨॥
ਕੋ ਗੁਨਾਹ ਸਿੱਖਨਿ ਅਸ ਕਰਜੋ।
ਜਿਸ ਤੇ ਇਤੋ ਕਸ਼ਟ ਤਿਨ ਪਰਯੋ।
ਪਾਈਆ ਅੰਨ ਪਾਇਂ ਹਿਤ ਖਾਨੇ।
ਕਿਮਿ ਲਰਿ ਸਕੈਂ ਸਿੰਘ ਬਲ ਹਾਨੇ ॥੩੩॥
ਧੀਰਜ ਗਯੋ ਛੂਟ ਸਭਿ ਕੇਰੇ।
ਤੁਰਕ ਗਿਰੀਸ਼ਨ ਚਹੁ ਦਿਸ਼ਿ ਘੇਰੇ।
ਘਾਲਿ ਹੇਲ ਲਾਖਹੁਂ ਚਢਿ ਮਾਰੈਂ।
ਕਿਧੌਂ ਛੁਧਿਤਿ ਹ੍ਵੈ ਪ੍ਰਾਨ ਨਿਕਾਰੈ ॥੩੪॥
ਸਭਿ ਕੋ ਅੰਤ ਲਖਜੋ ਅਬਿ ਆਵੈ।
ਹਮ ਸਮੇਤ ਕਿਮ ਜੀਵਨ ਪਾਵੈਂ?
ਅਬਿ ਭੀ ਬਖਸ਼ਹੁ, ਸੰਗਤ ਤੇਰੀ[1]।
ਕਜੋਂ ਦੁਖ ਭੁਖ ਵਰਤਾਇ ਬਡੇਰੀ?'

[1]ਕਹਿਣਾ ਤੇ ਨਾ ਕਹਿਣਾ ਅਯੋਗ ਵਿਚਾਰਦੀ ਹੈ, ਭਾਵ ਨਾਂ ਕਹਿ ਸਕਦੀ ਹੈ ਨਾ ਚੁੱਪ ਰਹਿ ਸਕਦੀ ਹੈ।

[1]ਜੋ ਬਚੇ ਹਨ ਉਹ ਜੀਵਨ ਦੀ ਆਸ਼ਾ ਨਹੀਂ ਧਾਰਦੇ।

[1]ਹੁਣ ਵੀ ਖਜ਼ਾਨੇ ਵਿਚੋਂ ਕੱਢਕੇ।

[1]ਇਹ ਆਪ ਦੀ ਹੀ ਸੰਗਤ ਹੈ।

॥ ੩੫ ॥
ਸੁਨਿ ਮਾਤਾ ਤੇ ਆਪ ਉਚਾਰਾ।
'ਹਮ ਕੋ ਹੁਕਮ ਦੀਨਿ ਕਰਤਾਰਾ।
ਤੌਂ ਇਹ ਪੰਥ ਸੁਧਾਰਨ ਕਰਜੋ।
ਨਾਮ ਸ਼ਨਾਨ ਆਦਿ ਗੁਨ ਭਰਜੋ ॥ ੩੬ ॥
ਇਸ ਕੋ ਹਮ ਬਿਰਧਾਵਨ ਕਰੈਂ।
ਨਹੀਂ ਗਾਲਿਬੇ ਕੀ ਇਛ ਧਰੈਂ।
ਪੂਜਾ ਕੋ ਲੇ ਕਰਿ ਜਬਿ ਖੈ ਹੈਂ।
ਤਿਸ ਤੇ ਪੰਖ ਘਾਟ ਬਲ ਹ੍ਵੈ ਹੈ ॥ ੩੭ ॥
ਸੁਨਹੁ ਮਾਤ ਇਹ ਪੂਜਾ ਅੰਸ਼।
ਜ਼ਹਿਰ ਅਹੈ ਬਲ ਬੁੱਧਹਿ ਭ੍ਰੰਸ[1]।
ਰਣ ਹਿਤ ਪੰਥ ਖਰੋ ਮੈਂ ਕੀਨ।
ਛੁਧਿਤਿ ਨਗਨ ਹੀ ਨੀਕੋ ਚੀਨ[1] ॥ ੩੮ ॥
ਨਰਕ ਬਿਖੈ ਨਹਿਂ ਇਸ ਕੋ ਪਾਵੌਂ।
ਬੁਰਾ ਨ ਕਰਿਹੌਂ ਗੁਨ ਸਿਖਰਾਵੌਂ।
ਜਿਸ ਬਿਧਿ ਅਹੈਂ ਪੁੱਤ੍ਰ ਹਮ ਤੇਰੇ।
ਬਿਖ ਨਹਿਂ ਦੇਇ ਸਕਹਿਂ ਕਿਸ ਬੇਰੇ
॥ ੩੯ ॥
ਤਿਮ ਹਮ ਸਿਖ ਪੁੱਤ੍ਰਨਿ ਕਿਸ ਭਾਂਤੀ।
ਬਿਖ ਪੂਜਾ ਦੇ ਕਰਿ ਹੈ ਘਾਤੀ?
ਪਾਲਜੋ ਚਾਹੌਂ ਕਰੌਂ ਬਡੇਰਾ।
ਭੋਗਹਿਂ ਸੁਖ ਇਤ ਉਤਹਿ ਘਨੇਰਾ
॥ ੪੦ ॥
ਸ਼ਤਰੁੱਦ੍ਰ ਮੈਂ ਜੋ ਧਨ ਰਾਖਾ।
ਸੁੱਧ ਕਰਨ ਦੀ ਤਿਹ ਅਭਿਲਾਖਾ।
ਜਿਮ ਬਿਖ ਕੋ ਮਾਰਨ ਕਰਿ ਲੇਹੀ[1]।
ਪੁਨ ਖਾਏ ਰੋਗਨ ਹਤਿ ਦੇਹੀ ॥ ੪੧ ॥
ਤਿਮ ਪੂਜਾ ਕੋ ਧਨ ਸੁਧ ਹੋਇ।
ਸਿਖ ਪੁੱਤ੍ਰਨਿ ਲੈ ਦੈ ਹੈਂ ਸੋਇ।
ਪੁਨ ਹ੍ਵੈ ਹੈ ਸਭਿ ਕੋ ਸੁਖਕਾਰੀ।
ਸਮੋ ਹੋਇ ਜਬਿ ਲੇਹਿਂ ਨਿਕਾਰੀ ॥ ੪੨ ॥
ਏਕ ਸਿੱਖ ਹਮਰੋ ਸ਼ੁਭ ਹੋਇ।

[1]ਨਾਸ਼ ਕਰਦੀ ਹੈ।
[1]ਭੁੱਖਾ ਨੰਗਾ ਹੀ ਚੰਗਾ ਜਾਣੋਂ।
[1]ਮਾਰ ਲਈਦਾ ਹੈ।

ਪਠਹਿਂ ਤਾਂਹਿ ਧਨ ਲੈ ਹੈ ਸੋਇ।
ਨਾਮ ਦਲੀਪ ਸਿੰਘ ਬਲ ਭਾਰੋ।
ਤਪ ਤਾਪਹਿ ਪੁਨ ਹੋਇ ਸੁਖਾਰੋ[†] ॥੪੩॥

[†]ਸੌ ਸਾਖੀ (੧੯੦੫) ਤੋਂ ਬੀ ਇਹੋ ਪਤਾ ਲਗਦਾ ਹੈ ਕਿ ਦਲੀਪ ਸਿੰਘ ਸਿੱਖ ਹੋਵੇਗਾ ਜੋ ਇਹ ਧਨ ਕੱਢੇਗਾ ਯਥਾ- "ਹਮਰਾ ਸਿੱਖ ਹੋਵੇਗਾ ਉਸ ਨੂੰ ਹਮ ਭੇਜਾਂਗੇ, ਅਮਾਨ ਲੇਵੇਗਾ। ਨਾਂ ਦਲੀਪ ਸਿੰਘ ਹੋਇਗਾ ਵਿਕ੍ਰਮੀ ਸੰਮਤ ੧੮੯੯ ਵਰਤੇਗਾ"। ੧੮੯੯ ਵਿਚ ਮ: ਦਲੀਪ ਸਿੰਘ ਪੰਜ ਬਰਸ ਦਾ ਸੀ ਇਤਿਹਾਸ ਵਿਚ ਕੋਈ ਵਾਰਤਾ ਨਹੀਂ ਹੈ ਕਿ ੧੮੯੯ ਤੋਂ ੧੯੦੬ ਤਕ ਦਲੀਪ ਸਿੰਘ ਨੇ ਸਤਲੁਜ ਤੋਂ ਧਨ ਕੱਢਿਆ ਸੀ। ੧੯੦੬ ਵਿਚ ਮਹਾਰਾਜਾ ਦਾ ਰਾਜ ਮੁੱਕ ਗਿਆ। ਜੇ ਇਹ ਗੁਰੂ ਵਾਕ ਹੁੰਦੇ ਤਾਂ ਪੂਰਨ ਹੋਕੇ ਰਹਿੰਦੇ।

ਦੋਹਰਾ:

ਪਸ਼ਚਮ ਤੇ ਉਠਿ ਖਾਲਸਾ,
ਚਮਕੈ ਪੂਰਬ ਪੰਥ।
ਦੁਰੈ ਦੁਸ਼ਟ ਸਭਿ ਪਰਬਤੀ,
ਮੌਨ ਮੌਰਜਿ ਕੁਪੰਥ[1] ॥੪੪॥

[1]ਸਾਰੇ ਪਰਬਤੀ ਦੁਸ਼ਟ ਤੇ ਫਿਟਕਾਰੇ ਹੋਏ ਖੋਟੇ ਰਸਤੇ ਟੁਰਨ ਵਾਲੇ ਅਤੇ ਮੌਨ ਛੱਪ ਜਾਣਗੇ। [ਮੌਨ ਤੋਂ ਮੁਰਾਦ ਅੰਗ੍ਰੇਜ਼ਾਂ ਦੀ ਲੈਂਦੇ ਹਨ। ਅਗਲੇ ਅੰਕ ਵਿਚ 'ਗੋਰੇ' ਲਫਜ਼ ਬੀ ਪਿਆ ਹੈ। (ਅ) ਮੌਨ, ਮੌਰਿਜ ਦੁਇ ਜ਼ਾਤੀਆਂ ਦੇ ਨਾਮ ਪੁਰਾਣਾਂ ਵਿਚ ਬੀ ਆਏ ਹਨ]।

ਖਾਲਸਾ ਮਿਲੈ ਮੇਲ ਕਰਿ,
ਖਾਲਸਾ ਟੂਟੇ ਦਿਵਸ[1]।

[1]ਜੋ ਖਾਲਸੇ ਨਾਲ ਮੇਲ ਕਰਕੇ ਮਿਲੇਗਾ (ਉਹ ਬਚਿਆ ਰਹੇਗਾ) ਜੋ ਖਾਲਸੇ ਨਾਲੋਂ ਟੁੱਟ ਜਾਵੇਗਾ ਉਹ ਇਕ ਦਿਨ ਟੁੱਟ ਜਾਏਗਾ। ('ਟੂਟੇ' ਦੇਹੁਰੀ ਦੀਪਕ ਹੈ)।

ਮਿੱਤ੍ਰ ਹਿੰਦਵੀ ਮੌਲਵੀ,
ਗੋਰੇ ਸੁਨੀ ਸੁ ਵੰਸ[1] ॥੪੫॥

[1]ਖਾਲਸੇ ਦੇ ਸਾਰੇ ਹੀ) ਮਿੱਤ੍ਰ ਹੋਣਗੇ ਹਿੰਦੀ, ਮੌਲਵੀ, ਗੋਰੇ ਤੇ ਸੁੰਨੀ ਬੰਸ ਵਾਲੇ।

ਬਲੀ ਹੋਇਗਾ ਖਾਲਸਾ,
ਤੁਰਕ ਤੋੜੇਗਾ ਮੌਨ[1]।

[1]ਮੋਨੀਆਂ ਤੇ ਤੁਰਕਾਂ ਨੂੰ ਤੋੜੇਗਾ।

ਲੁਟੇ ਗਾਉਂ ਪਰਜਾ ਦੁਖੀ,
ਨਜਾਉਂ ਜਾਇਗਾ ਔਨ[1] ॥੪੬॥

[1]ਪਰਜਾ ਨੂੰ ਦੁਖੀ ਕਰਨ ਵਾਲਿਆਂ ਦੇ ਗਿਰਾਵਾਂ ਨੂੰ ਲੁਟੇਗਾ ਤੇ ਨਜਾਉਂ ਧਰਤੀ ਤੇ ਆ ਜਾਏਗਾ। (ਅ) ਗਿਰਾਂ ਲੁੱਟੇ ਜਾਣਗੇ, ਪਰਜਾ ਦੁਖੀ ਹੋਏਗੀ ਤੇ ਨਜਾਉਂ ਧਰਤੀ ਤੋਂ ਟੁੱਟ ਜਾਏਗਾ।

ਸਿਖਣੀ ਹੁਇ ਬਿਭਚਾਰਣੀ,
ਪੁਰਖ ਤੁਰਕ ਕੀ ਆਸ[1]।

[1]ਜੋ ਤੁਰਕ ਪੁਰਖ (ਪਰ) ਇਸਤ੍ਰੀਆਂ ਨੂੰ ਵਿਭਚਾਰਣੀਆਂ ਬਣਾਉਣ ਦੀ ਆਸ਼ਾ ਰਖਦੇ ਹਨ ਉਹਨਾਂ ਨੂੰ ਸਿੱਖਯਾ ਹੋ ਜਾਏਗੀ, ਭਾਵ ਦੰਡਿਤ ਹੋਣਗੇ। (ਅ) ਵਿਭਚਾਰੀ (ਤ੍ਰੀਮਤਾਂ ਜੋ) ਤੁਰਕ ਪੁਰਖਾਂ ਦੀ ਆਸਾ ਰਖਦੀਆਂ ਹਨ ਉਹਨਾਂ ਨੂੰ ਸਿੱਖਯਾ ਆ ਜਾਏਗੀ। ਸੂਚਨਾ:-ਕਈ ਲੋਕ ਸਿਖਣੀਆਂ ਦੇ ਵਿਭਚਾਰੀ ਹੋ ਕੇ ਤੁਰਕ ਪੁਰਖ ਦੀ ਆਸ਼ਾ ਕਰਨ ਦਾ ਅਰਥ ਲਾਉਂਦੇ ਹਨ, ਓਹ ਸਿਖ ਇਤਿਹਾਸ ਦੇ ਵਿਰੁੱਧ ਹੈ, ਅਤੇ ਪ੍ਰਸੰਗ ਵਿਰੁੱਧ ਹੈ ਕਿਉਂਕਿ ਖਾਲਸੇ ਦੀ ਕਾਮਯਾਬੀ ਤੇ ਲੁੱਟ ਮਾਰ ਦੇ ਸਮੇਂ ਸਿੱਖਣੀਆਂ ਕਿਸ ਮਨੋਰਥ ਲਈ ਤੁਰਕ ਪੁਰਖ ਦੀ ਆਸ਼ਾ ਕਰਣਗੀਆਂ? ਨਾਲੇ ਜੇ ਸਿੱਖਣੀਆਂ ਦਾ

ਆਚਰਨ ਐਸਾ ਨਾਵਾਂ ਹੈਸੀ ਤਾਂ ਅਗਲੀ ਤੁਕ ਵਿਚ ਦਸਿਆ ਹੈ ਖਾਲਸਾ ਜੋ ਪਵਿੱਤ੍ਰ ਹੈ ਕੀਕੂੰ ਉਪਜੇਗਾ? ਇਹ ਫਕੀਰੇ ਮ: ਦਲੀਪ ਸਿੰਘ ਦੀ ਖਾਤਰ ਉਸ ਦੇ ਪੱਖੀਆਂ ਵਲੋਂ ਪਾਏ ਗਏ ਸਾਫ ਸਹੀ ਹੋ ਰਹੇ ਹਨ। ਅਸਲ ਬਾਤ ਇਹ ਹੈ ਕਿ ਗੁਰੂ ਜੀ ਮਾਤਾ ਜੀ ਦੇ ਪਾਸ ਵਿਭਚਾਰ ਆਦਿ ਖਿਆਲਾਂ ਦੀ ਬਾਤ ਚੀਤ ਕਰ ਹੀ ਨਹੀਂ ਸਕਦੇ ਇਹ ਆਖੇਪਕਾਰਾਂ ਦੀ ਆਪਣੀ ਵਾਕ ਰਚਨਾ ਹੈ।

ਤਾਂ ਦਿਨ ਉਪਜੇ ਖਾਲਸਾ,
ਸਭਿ ਬਰਨੋ ਕੋ ਪਜਾਸ[1]" ॥੪੭॥

[1]ਸਾਰੇ ਬਰਨਾਂ ਨੂੰ ਚਾਹ ਹੋਵੇਗੀ (ਖਾਲਸੀ ਬਣਨ ਦੀ) ਤਿਸ ਦਿਨ ਖਾਲਸਾ ਉਪਜੇਗਾ।

ਸੁਨਿ ਕੈ ਮਾਤਾ ਤੂਸ਼ਨੀ,
ਨਹਿਂ ਬੋਲੀ ਸੁਤ ਹੇਰਿ।
ਅੰਤਰਜਾਮੀ ਜਾਨਿ ਕੈ,
ਸ਼੍ਰੀ ਮੁਖ ਤੇ ਕਹਿਂ ਫੇਰ:- ॥੪੮॥
'ਪਜਾਰੋ ਧਨ ਹੈ ਮਾਤ ਕੋ,
ਇਹ ਜਾਨੀ ਅਬਿ ਜਾਇ।
ਰਹਿਣ ਦੇਤਿ ਪਰਵਾਰ ਕੋ,
ਵਧਨ ਦੇਤਿ ਨਹਿਂ ਕਾਇ[1]" ॥੪੯॥

[1]ਹੇ ਮਾਤਾ ਜੀ ਮੇਰੇ ਸਿੱਖਾਂ ਰੂਪੀ ਪਰਵਾਰ ਨੂੰ ਰਹਿਣ ਦਿੰਦੀ ਤਾਂ ਚੰਗਾ ਸੀ ਤੂੰ ਕਜੋਂ ਨਹੀਂ ਵੱਧਣ ਦਿੰਦੀ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸਟਮ ਰੁਤੇ 'ਸ਼੍ਰੀ ਗੁਜਰੀ' ਪ੍ਰਸੰਗ ਬਰਨਨੰ ਨਾਮ ਬਿੰਸਤੀ ਅੰਸੂ ॥੨੦॥

੨੧. [ਧਨ ਜਾਣ ਤੇ ਸੋਗ ਨਾ ਕਰਨਾ। ਲੀਕਾਂ ਦਾ ਦ੍ਰਿਸ਼ਟਾਂਤ]

੨੦<<ਪਿਛਲਾ ਅੰਸੂ ਸੰਖੇਪ ਲਿੰਕ – ਤਤਕਰਾ ਅਗਲਾ ਅੰਸੂ>>੨੨

ਦੋਹਰਾ:

†ਇਮ ਘੇਰਾ ਬਡ ਪਰ ਰਹ੍ਯੋ, ਲਰਹਿ ਖਾਲਸਾ ਜਾਇ।
ਇਕ ਦਿਨ ਤਯਾਰੀ ਪ੍ਰਭੁ ਕਰੀ, ਬਡ ਰਣਜੀਤ ਬਜਾਇ ॥੧॥

†ਇਹ ਸੌ ਸਾਖੀ ਦੀ ੩੮ ਵੀਂ ਸਾਖੀ ਹੈ।

ਚੌਪਈ:

ਉਤ ਤੇ ਸਕਲ ਗਿਰੇਸ਼੍ਵਰ ਚੜ੍ਹੇ।
ਮਾਰੂ ਬਜੇ ਜਥਾ ਭਟ ਲੜੇ।
ਰਣਸਿੰਙੇ ਸਰਨਾਈ ਢੋਲ।
ਤੁਰਰੀ ਨਾਦ ਨਗਾਰੇ ਬੋਲ ॥੨॥
ਕਲ਼ਗੀਧਰ ਹ੍ਵੈ ਕੈ ਅਸਵਾਰ।
ਚਢ੍ਯੋ ਖਾਲਸਾ ਆਯੁਧ ਧਾਰਿ।
ਜਹਿਂ ਗਿਰਪਤਨਿ ਮੋਰਚੇ ਕਰੇ।
ਡੇਰੇ ਕਰੇ ਦੂਰ ਜਹਿਂ ਪਰੇ ॥੩॥
ਤਿਤ ਦਿਸ਼ ਕੋ ਗੁਰ ਅੱਗ੍ਰ ਸਿਧਾਰੇ।
ਛੁਟੇ ਤੁਫੰਗਨਿ ਕੇ ਕੜਕਾਰੇ।
ਜੁਟ੍ਯੋ ਖਾਲਸਾ ਜੰਗ ਮਝਾਰਾ।
ਜੈ ਬਹੁ ਬਾਰੀ ਕਰੇ ਹੰਕਾਰਾ[1] ॥੪॥
ਆਗੇ ਵਧ੍ਯੋ ਚਲਾਵਤਿ ਗੋਰੀ।
ਦੋਨਹੁਂ ਦਿਸ਼ਿ ਕੇ ਉਰ ਸਿਰ ਫੋਰੀ।
ਸਭਿ ਗਿਰਪਤੀ ਢੁਕੇ ਤਬਿ ਆਈ।
ਲੈ ਲੈ ਨਿਜ ਸਿਪਾਹ ਸਮੁਦਾਈ ॥੫॥
ਜਬਿ ਆਪਸ ਮਹਿਂ ਦ੍ਵੈ ਦਲ ਜੁੱਟੇ।
ਗੁਲਕਾਂ ਲਗਿ ਲਗਿ ਅੰਗਨ ਫੁੱਟੇ।
ਸਨਮੁਖ ਹੋਇ ਨਹੀਂ ਮੁਖ ਫੇਰੇ।
ਬਜ੍ਯੋ ਸਾਰ ਸੋਂ ਸਾਰ ਬਡੇਰੇ ॥੬॥
ਖੋਵਨ ਸਿੰਘਨ ਕੋ ਹੰਕਾਰ।
ਗੁਰੂ ਮੁਰੇ ਤਬਿ ਜੰਗ ਮਝਾਰ।
ਪੀਛੇ ਖਾਇ ਸ਼ਕਿਸਤ ਪਲਾਈ[1]।
ਹਟੇ ਸਕਲ ਹੀ ਕਰਤਿ ਲਰਾਈ ॥੭॥
ਜਯੋ ਸਿੰਘ ਹਟਤੇ ਵਧੇ ਪਹਾਰੀ।
ਭਰਿ ਰਾਬੇ ਸ਼ਲਖੈਂ ਬਹੁ ਮਾਰੀ।

[1]ਬਹੁਤ ਵੈਰੀ ਜੈ ਕਰਨੇ ਕਰ ਹੰਕਾਰ ਹੋ ਗਿਆ ਸੀ।

[1]ਪਿੱਛੇ ਹਾਰ ਖਾ ਕੇ (ਖਾਲਸੇ ਦੀ ਫੌਜ) ਦੌੜੀ।

ਗੁਰ ਬਿਨ ਠਹਿਰੇ ਕੌਨ ਅਗਾਰੀ।
ਮਿਲੇ ਆਨਿ ਸ਼ੱਤ੍ਰੂ ਗਨ ਭਾਰੀ ॥੮॥
ਭਾਜੇ ਸਿੰਘ ਤਹਾਂ ਲਗਿ ਆਏ।
ਗੁਰ ਕੋ ਜਹਿਂ ਸਮਾਜ ਸਮੁਦਾਏ।
ਠਹਿਰੇ ਨਹੀਂ ਪੈਰ ਵਿਚ ਜੁੱਧਾ।
ਪਰਜੋ ਜ਼ੋਰ ਗਨ ਰਿਪੁ ਬਹੁ ਕ੍ਰੁੱਧਾ ॥੯॥
ਕਿਤਿਕ ਤਬੇਲਾ ਸੋ ਲੁਟਿ ਗਯੋ।
ਧਨ ਪਟ ਆਦਿਕ ਸ਼ੱਤ੍ਰੁਨਿ ਲਯੋ।
ਖਰੇ ਭਏ ਨਹਿਂ ਸਕਹਿਂ ਹਟਾਇ।
ਰਹੇ ਸਿੰਘ ਬਲ ਅਧਿਕ ਲਗਾਇ ॥੧੦॥
ਸਿਖ ਰੋਵੈਂ ਬਹੁ ਖਰੇ ਪੁਕਾਰੈਂ।
'ਬਡ ਹੋਯੋ ਨੁਕਸਾਨ' ਉਚਾਰੈਂ।
'ਸ਼੍ਰੀ ਸਤਿਗੁਰ ਅਬਿ ਜੀਤੈਂ ਕੈਸੇ?
ਇਤੋ ਸਮਾਜ ਗਯੋ ਲੁਟ ਐਸੇ ॥੧੧॥
ਕਿਮ ਜੀਵੈਂ ਸ਼ਰਮਿੰਦਤਿ ਹ੍ਵੈ ਕੈ।
ਗੁਰ ਕੋ ਕੁਛ ਨਹਿਂ ਸਕੈਂ ਬਚੈ ਕੈ।'
ਖਰੇ ਹੋਇ ਪੁਨ ਤਜੀ ਤੁਫੰਗੈਂ।
ਭੇਦਨ ਕਰੇ ਰਿਪੁਨਿ ਕੇ ਅੰਗੈਂ ॥੧੨॥
ਗਨ ਵਸਤੂ ਲੇ ਹਟੇ ਪਹਾਰੀ।
ਮੁਰਚਨਿ ਮਹਿਂ ਕਾਇਮ ਧ੍ਰਿਤਧਾਰੀ।
ਉਦੈ ਸਿੰਘ ਆਦਿਕ ਭਟ ਬੀਰ।
ਰਣ ਤੇ ਹਟਿ ਪਹੁੰਚੇ ਗੁਰ ਤੀਰ ॥੧੩॥
ਕਰ ਜੋਰਤਿ ਅੰਦੇਸਾ ਧਰੈਂ।
ਬਾਕ ਸੁਨਾਵਨ ਪੁਨ ਪੁਨ ਕਰੈਂ।
ਮਚਜੋ ਸਭਿਨਿ ਮਹਿਂ ਹਾਹਾਕਾਰ।
'ਲੁਟਜੋ ਸਮਾਜ ਮਹਾਂ ਬਿਸ਼ੁਮਾਰ[1] ॥੧੪॥ [1]ਬੇਸ਼ੁਮਾਰ।
ਬਸਤ੍ਰ ਤੁਰੰਗਮ ਆਦਿਕ ਵਸਤੂ।
ਮਹਾਰਾਜ ਲੁਟਿ ਗਈ ਸਮਸਤੂ[1]। [1]ਸਾਰੀ।
ਕਈ ਹਜ਼ਾਰਨਿ ਕੋ ਕਜਾ ਗਨੇ।
ਸੱਤ੍ਰ ਪ੍ਰਬਲ ਗਏ ਲੈ ਘਨੇ' ॥੧੫॥
ਸਭਿ ਕੇ ਉਰ ਕੋ ਗੁਰ ਦੁਖ ਲਹਜੋ।
ਆਲਮ ਸਿੰਘ ਸੰਗ ਤਬਿ ਕਹਜੋ।

ਅਵਨੀ ਪਰ ਦਿਹੁ ਐਂਚ ਲਕੀਰ।
ਬਹੁ ਬਿਧਿ ਕੀ ਹੁਇਂ ਅਲਪ ਗਹੀਰ[1] ॥੧੬॥
ਮਾਨ ਬਚਨ ਖੈਂਚੀ ਗਨ ਰੇਖ।
ਖਰੇ ਸਮੀਪੀ ਪਿਖੈਂ ਅਸ਼ੇਖ।
ਸ਼੍ਰੀ ਕਲਗ਼ੀਧਰ ਦੇਖਿ ਉਚਾਰੀ।
'ਆਲਮ ਸਿੰਘ ਮੇਟ ਦਿਹੁ ਸਾਰੀ' ॥੧੭॥
ਸਕਲ ਬਿਲੋਕਤਿ ਮੇਟੀ ਫੇਰ।
ਰਹੀ ਨ ਕੋ ਛਿਤ ਛੋਟ ਬਡੇਰ।
ਤਬਿ ਸਭਿ ਸਿੰਘ ਬੂਝਿਬੇ ਕਰੇ[1]।
'ਹਰਖ ਸ਼ੋਕ ਭੀ ਕੁਛ ਉਰ ਧਰੇ? ॥੧੮॥
ਕਿਧੌਂ ਭਯੋ ਨਹਿਂ, ਦੇਹੁ ਬਤਾਈ।
ਰੇਖ ਦੇਖਿ ਕਰਿ ਕੈ ਬਿਨਸਾਈ।'
ਤਬਿ ਕਰ ਜੋਰਿ ਖਾਲਸੇ ਕਹ੍ਯੋ।
'ਰੇਖ ਨਿਕਾਸੀ ਹਰਖ ਨ ਲਹ੍ਯੋ[1] ॥੧੯॥
ਮੇਟ ਦਈ ਨਹਿਂ ਸ਼ੋਕ ਉਪਾਵਾ।
ਰਿਦਾ ਸਮਾਨ ਸਭਿਨਿ ਲਖਿ ਪਾਵਾ।'
ਸੁਨਿ ਸਿੰਘਨ ਤੇ ਗੁਰੂ ਬਖਾਨਾ।
'ਹਰਖ ਨ ਸ਼ੋਕ ਜਥਾ ਤੁਮ ਜਾਨਾ ॥੨੦॥
ਤਥਾ ਗੁਰੂ ਕੋ ਹੋਇ ਨ ਕੋਈ।
ਹਾਨਿ ਲਾਭ ਮਹਿਂ ਸਮ ਰਹਿਂ ਜੋਈ।
ਸੰਚੇ ਜਾਇਂ ਪਦਾਰਥ ਸਾਰੇ।
ਦਰਬ ਆਦਿ ਜੇ ਰਤਨ ਉਦਾਰੇ ॥੨੧॥
ਗਜ ਬਾਜੀ ਜਿਨ ਮੋਲ ਬਿਸਾਲੇ।
ਮੁਕਤਾ ਹੀਰੇ ਬ੍ਰਿੰਦ ਪ੍ਰਵਾਲੇ[1]।
ਇੱਤਜ਼ਾਦਿਕ ਪਿਖਿ ਅਪਨੀ ਜਾਨਿ।
ਗੁਰ ਕੋ ਹਰਖ ਨ ਹ੍ਵੈ ਹਿਤ ਮਾਨਿ ॥੨੨॥
ਲਾਖਹੁੰ ਕੋ ਸਮਾਜ ਦਿਪਤਾਈ[1]।
ਸਮਾ ਪਾਇ ਹਾਨੀ ਹੁਇ ਜਾਈ।
ਤੌ ਗੁਰ ਕੇ ਕੁਛ ਸ਼ੋਕ ਨ ਹੋਵਹਿ।
ਨਾਸ਼ਵੰਤਿ ਪੂਰਬ ਹੀ ਜੋਵਹਿਂ ॥੨੩॥
ਸਮ ਚਿਤ ਸਦਾ ਰਹਹਿਂ ਆਨੰਦ।

[1]ਛੋਟੀਆਂ ਵੱਡੀਆਂ।

[1]ਸਿੰਘਾਂ ਨੂੰ ਗੁਰੂ ਜੀ ਨੇ ਪੁਛਿਆ।

[1]ਅਥਵਾ ਹਰਖ ਸ਼ੋਕ ਨਹੀਂ ਹੋਇਆ।

[1]ਮੂੰਗੇ।

[1]ਪ੍ਰਕਾਸ਼ ਪਾਕੇ।

ਕਰੈਂ ਬਿਖੇਪ ਨ ਦ੍ਵੰਦ ਬਿਲੰਦ[1]।

[1]ਬੜੇ ਦ੍ਵੰਦ (ਹਰਖ ਸ਼ੋਕ ਆਦਿ) ਵਿਖੇਪ ਨਹੀਂ ਕਰ ਸਕਦੇ। (ਅ) ਵਿਖੇਪ ਤੇ ਕਸ਼ਟ ਨਹੀਂ ਮੰਨਦੇ।

ਭੂਤ ਭਵਿੱਖਤ ਅਰੁ ਬ੍ਰਤਮਾਨ।
ਹੁਯੋ ਨ ਹ੍ਵੈ ਹੈ ਰਹੈਂ ਸਮਾਨ ॥੨੪॥

ਦੋਹਰਾ:

ਹਰਖ ਸੋਗ ਕਾ ਦੇਹੁਰਾ[1]
ਖਿਨ ਆਵੈ ਖਿਨ ਜਾਇ।

[1]ਭਾਵ ਇਹ ਸਰੀਰ।

ਜੋ ਜਾਗੇ[1] ਸੋ ਸੁਖੀ ਹੁਇੰ,
ਸੋਏ[1] ਸੋ ਦੁਖ ਪਾਇੰ ॥੨੫॥

[1]ਗਜਾਨ ਵਿਚ।
[1]ਅਵਿੱਦਜਾ ਨਿੰਦ੍ਰਾ ਵਿਚ।

ਨਾਮ ਧਿਆਵਹੁ, ਸ਼ਬਦ ਕੋ
ਅਰਥ ਬਿਚਾਰਹੁ ਨਿੱਤ।
ਗੁਰਬਾਨੀ ਸਿੱਖਜਾ ਬਿਨਾ
ਤਿਨਾ ਨ ਸੋਗੀ ਮਿੱਤ[1] ॥੨੬॥

[1]ਤਿੰਨ੍ਹਾਂ ਨੂੰ ਸੋਗ ਨਹੀਂ ਹੇ ਮਿੱਤ੍ਰ!

ਮਿਲਿ ਮਲਿ ਨਾਈ ਕਾਮਣੀ
ਖੋੜਸ ਕਰੇ ਸ਼ਿੰਗਾਰ।
ਖਸਮ ਨ ਭਾਈ ਕਹਾਂ ਫਲ
ਸੋ ਸ਼ਰਮਿੰਦੀ ਨਾਰ ॥੨੭॥
[1]ਗੁਰੂ ਜੁ ਆਇਆ ਨਾਮ ਧਰਿ
ਲਹਿਰੀ ਲੁਭਕੀ ਦੂਰ[1]।

[1]ਗੁਰਾਂ ਦੇ ਪਾਸ ਜੋ ਸਿੰਘ ਨਾਮ ਧਾਰਕੇ ਆਯਾ ਹੈ (ਕਿ ਮੈਂ ਗੁਰਾਂ ਦਾ ਸਿਖ ਹਾਂ) ਉਹ ਲੋਭ ਦੀ ਲਹਿਰਾਂ ਤੋਂ ਦੂਰ ਹੈ। (ਅ) ਗੁਰੂ ਜਗਤ ਵਿਚ 'ਨਾਮ' ਲੈ ਕੇ ਆਇਆ ਹੈ (ਦੇਣ ਲਈ), ਲੋਭ ਦੀ ਲਹਿਰ ਉਸ ਤੋਂ ਦੂਰ ਹੈ, ਤਿਵੇਂ ਹੀ ਸਿੱਖ ਗੁਰੂ ਕਾ ਭਾਣਾ ਧਾਰਨ ਕਰੇ ਭਾਵ ਲੋਭ ਤੋਂ ਦੂਰ ਰਹੇ ਉਹ ਹਜ਼ੂਰ ਹੈ ਸਦਾ ਗੁਰੂ ਕੇ।
[1]ਇਸ ਦਾ ਪ੍ਰਯਾਯ ਪਿਛਲੇ ਪੰਨੇ ਦੇ ਅੰਕ ੧੧ ਵਿਚ ਹੈ।

ਸੋਈ ਸਿਖ, ਭਾਣਾ ਧਰੇ
ਗੁਰ ਕੇ ਸਦਾ ਹਜ਼ੂਰ[1] ॥੨੮॥

[1]ਤੇ ਸਿੱਖ ਉਹ ਹੈ ਜੋ ਗੁਰੂ ਕੇ ਹਜ਼ੂਰ ਸਦਾ ਭਾਣਾ ਧਰੇ।

ਚੌਪਈ:

ਇਮ ਸ਼੍ਰੀ ਸਤਿਗੁਰ ਕੇ ਸੁਨਿ ਬੈਨ।
ਪਰਚੇ ਸੁਖ ਸੋਂ ਸਿੰਘ ਸਚੈਨ।
ਖਾਨ ਪਾਨ ਕਰਿ ਜਾਮਨਿ ਮਾਂਹੀ।
ਸੁਪਤੇ ਕੇਚਿਤ, ਕੇਚਿਤ ਨਾਂਹੀ ॥੨੯॥
ਭਈ ਪ੍ਰਾਤਿ ਸਭਿ ਸ਼ੌਚ ਸ਼ਨਾਨੇ।
ਗੁਰਬਾਣੀ ਬਹੁ ਪਾਠ ਬਖਾਨੇ।
ਸੂਰਜ ਉਦੇ ਗੁਰੂ ਢਿਗ ਆਏ।

ਨਹਿਂ ਸਿੰਘਨ ਕੇ ਮੁਖ ਬਿਕਸਾਏ ॥੩੦॥
ਇਕ ਤੌਂ ਸ਼ੱਤ੍ਰੁ ਲੂਟਿ ਲੇ ਗਏ।
ਦੁਤੀਏ ਭਾਜ ਪਰਾਜੈ ਲਏ।
ਇਨ ਕਾਰਨ ਤੇ ਲਾਜ ਬਿਲੋਚਨ।
ਰਿਦੇ ਬਿਖੈ ਸੋਚਹਿਂ ਬਹੁ ਸੋਚਨਿ ॥੩੧॥
ਨਹਿਂ ਉਤਸਾਹ ਕਿਸੀ ਮਹਿਂ ਦੀਖਾ।
ਘਰ ਕੇ ਬਿਗਰੇ ਕਾਜ ਸਰੀਖਾ[1]।

[1]ਜਿਵੇਂ ਘਰ ਦੇ ਕੰਮ ਵਿਗੜ ਜਾਣ ਤੇ ਉਦਾਸ ਹੋ ਜਾਈਦਾ ਹੈ।

ਪਿਖਿ ਪ੍ਰਸੰਨ ਕਲਗ਼ੀਧਰ ਭਏ।
ਪ੍ਰੇਮ ਅਪਨਿ ਮਹਿਂ ਪਰਖਨ ਕਏ ॥੩੨॥
-ਅਰਪਜੋ ਸਭਿਨਿ ਅਗਾਰੀ ਸੀਸ-।
ਇਮ ਲਖਿ ਦਯਾ ਕਰੀ ਜਗਦੀਸ਼।
ਕਹਜੋ ਅਖਿਲ ਸਨ ਤਬਹਿ ਸੁਨਾਇ।
'ਮੇਰਾ ਸਿਖ ਸੋਈ ਚਿਤ ਭਾਇ[1] ॥੩੩॥

[1]ਮੇਰੇ ਚਿੱਤ ਨੂੰ ਓਹੀ ਸਿੱਖ ਭਾਉਂਦਾ ਹੈ। (ਅ) ਮੇਰੀ ਓਹੀ ਸਿੱਖ ਹੈ (ਜਿਸਦੇ) ਚਿੱਤ ਵਿੱਚ) ਪ੍ਰੇਮ ਹੈ।

ਚਢਹਿ ਜੰਗ ਕੋ ਸ਼ਸਤ੍ਰ ਸੁ ਧਾਰੈ।
ਹਤਹਿ ਰਿਪੁਨ ਪਗ ਪਾਛ ਨ ਡਾਰੈਂ।
ਸ਼ੇਰ ਸਮਾਨ ਆਪ ਕੋ ਮਾਨੈ।
ਹੇਰਿ ਸ਼ੱਤ੍ਰੁ ਕੋ ਰਿਸ ਮਨ ਠਾਨੈ ॥੩੪॥
ਨਹੀਂ ਦੀਨਤਾ ਅੰਗੀਕਾਰੈ।
ਜਹਿਂ ਲਗਿ ਬਲ ਪਹੁੰਚੈ ਤਹਿਂ ਮਾਰੈ।
ਹਿੰਮਤ ਕੋ ਹਿਮਾਯਤੀ ਹਰਿ ਹੈ।
ਜਿਤਿਕ ਹੋਇ ਉਤਸਾਹਿਤ ਕਰਿ ਹੈ[1] ॥੩੫॥

[1]ਜਿੰਨਾਂ ਕੁ ਹੱਸ ਕੇ ਉਤਸ਼ਾਹ ਕਰਕੇ ਕਰੇ।

ਚਢਹੁ ਖਾਲਸਾ ਪਲਟਾ ਲੀਜੈ।
ਦੁਸ਼ਟ ਅਰਿਸ਼ਟਨ ਕੋ[1] ਹਤਿ ਕੀਜੈ।'
ਇਮ ਸਿੰਘਨ ਕੋ ਕਰਿ ਹੁਸ਼ੀਯਾਰ।
ਤਤਛਿਨ ਪ੍ਰਭੁ ਜੀ ਹੁਇ ਅਸਵਾਰ ॥੩੬॥
ਸੰਗ ਖਾਲਸਾ ਨਿਖਲ ਚਢਾਯੋ।
ਜੰਗ ਗਿਰੇਸ਼ਨਿ ਸੰਗ ਮਚਾਯੋ।
ਨਿਜ ਨਿਜ ਮੁਰਚਨਿ ਤੁਰਕ ਚਮੂੰ ਗਨ।
ਥਿਰੇ ਸੁਚੇਤ ਹੋਇ ਭੈ ਧਰਿ ਮਨ ॥੩੭॥

[1]ਵਿਪਦਾ ਨੂੰ। (ਅ) ਉਪੱਦ੍ਰਵੀਆਂ ਨੂੰ।

ਤਿਮ ਹੀ ਸਿੰਘ ਸਮੁਖ ਤਿਨ ਥਿਰੇ।
ਤਯਾਰੀ ਤੁਪਕਨਿ ਕੀ ਕਰਿ ਧਰੇ।
ਜਿਤ ਦਿਸ਼ਿ ਮਹਿਂ ਸਭਿ ਪਰੇ ਪਹਾਰੀ।
ਤਿਤ ਕੋ ਗਈ ਪ੍ਰਭੂ ਅਸਵਾਰੀ ॥੩੮॥
ਜ੍ਵਾਲਾ ਬਮਣੀ ਛੋਰਨਿ ਕਰੀ।
ਬਹੁਰ ਬਰੂਦ ਰੁ ਗੋਰੀ ਭਰੀ।
ਉਤ ਤੇ ਬਾਜੇ ਬ੍ਰਿੰਦ ਨਗਾਰੇ।
ਸਨਧਬੱਧ ਜੋਧਾ ਬਲਿ ਭਾਰੇ ॥੩੯॥

ਸੰਖਨਾਰੀ ਛੰਦ:

ਜੁਟੇ ਦੋਇ ਪਾਸੇ। ਪਰੀ ਮਾਰ ਨਾਸ਼ੇ।
ਗੁਰੂ ਧੀਰ ਦੈ ਕੈ। ਅਗੈ ਸਿੰਘ ਕੈ ਕੈ ॥੪੦॥
ਲਰਾਈ ਮਚਾਈ। ਤੁਫੰਗੈਂ ਚਲਾਈ।
ਫੁਟੇ ਮੁੰਡ ਛਾਤੀ। ਪਰੇ ਪ੍ਰਾਨ ਹਾਤੀ ॥੪੧॥
ਗੁਰੂ ਓਜ ਪਾਏ। ਗਏ ਸਿੰਘ ਧਾਏ।
ਬਟੇਰਾ ਦਿਸਾਵੈ। ਜਥਾ ਬਾਜ ਜਾਵੈ ॥੪੨॥
ਛੁਧਾ ਸ਼ੇਰ ਹੋਏ। ਜਥਾ ਮ੍ਰਿੱਗ ਜੋਏ।
ਕਰਯੋ ਓਜ ਹੱਲਾ। ਨਹੀਂ ਕਾਹੁ ਝੱਲਾ ॥੪੩॥
ਪਰੇ ਮੋਰਚਾ ਮੈਂ। ਦਏ ਕਾਟ ਤਾ ਮੈਂ[1]।
ਪਲਾਏ ਪਹਾਰੀ। ਤਜੀ ਧੀਰਿ ਭਾਰੀ ॥੪੪॥
ਕਰਾਚੋਲ ਚਾਲੇ। ਨ ਜਾਈ ਸੰਭਾਲੇ।
ਬਡੇ ਬੀਰ ਬੰਕੇ। ਲਰੇ ਜੇ ਨਿਸ਼ੰਕੇ ॥੪੫॥
ਸੁ ਘਾਲਯੋ ਘਮੰਡਾ। ਭਏ ਖੰਡ ਖੰਡਾ।
ਫਤੇ ਪਾਇ ਜੁੱਧਾ। ਹਟੇ ਸਿੰਘ ਸੁੱਧਾ ॥੪੬॥
ਮਹਾਂ ਮੋਦ ਕਾਯੋ। ਬਿਜੈ ਕੋ ਬਜਾਯੋ।
ਬਡੋ ਨਾਦ ਹੋਵਾ। ਗੁਰੂ ਦਰਸ ਜੋਵਾ ॥੪੭॥

[1]ਤਿੰਨ੍ਹਾਂ (ਮੋਰਚਿਆਂ ਵਿਚ)।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰੁਤੇ 'ਜੰਗ' ਪ੍ਰਸੰਗ ਬਰਨਨੰ ਨਾਮ ਏਕ ਬੀਸਮੋ ਅੰਸੂ ॥੨੧॥

੨੨. [ਵੈਰੀਆਂ ਦੇ ਜਲ ਰੋਕਨ ਤੇ ਫਿਰ ਜਾਰੀ ਕਰਨਾ]

੨੧<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੩

ਦੋਹਰਾ:

ਊਪਰ ਤੇ ਜਲ ਅਨੰਦ ਪੁਰਿ, ਲਘੁ ਨਾਰੋ ਚਲਿ ਆਇ।
ਸਕਲ ਕਾਜ ਪਿਯਨਾਦਿ[1] ਜੇ, ਕਰਤਿ ਸਿੰਘ ਸਮੁਦਾਇ ॥੧॥ [1]ਪੀਣ ਤੋਂ ਆਦਿ ਲੈਕੇ।

ਚੌਪਈ:

ਤਿਤ ਦਿਸ਼ ਡੇਰੇ ਪਰੇ ਪਹਾਰੀ।
ਭੀਮ ਚੰਦ ਢਿਗ ਸਚਿਵ ਉਚਾਰੀ।
'ਜਾਤਿ ਵਹਿਰ ਤੇ ਜਲ ਵਿਚ ਘੇਰੇ[1]। [1]ਭਾਵ ਅੰਦਰ ਜਿਥੇ ਗੁਰੂ ਜੀ ਹਨ।
ਕਯੋਂ ਨਹਿਂ ਰੋਕਹੁ ਰਹੈ ਪਿਛੇਰੇ? ॥੨॥
ਜਿਸ ਤੇ ਰਿਪੁ ਗਨ ਸੰਕਟ ਪਾਵੈਂ।
ਕੋ ਅਸ ਨ੍ਰਿਪਤ, ਨਹੀਂ ਜੁ ਬਨਾਵੈ[1]।' [1]ਜੇ (ਵੈਰੀ ਦੇ ਦੁੱਖ ਦੇਣ ਦੀ ਸੂਰਤ) ਨਾ ਬਣਾਵੇ।
ਸੁਨਤਿ ਗਿਰੇਸ਼ੁਰ ਬਹੁਤ ਪਠਾਏ।
ਪਾਇ ਬੰਧ ਜਲ ਕੋ ਉਲਟਾਏ ॥੩॥
ਸ਼ੁਸ਼ਕ ਗਯੋ ਜਲ ਜਬਿ ਨਹਿਂ ਆਯੋ।
ਖੋਟ ਪਹਾਰੀ ਕੋ ਲਖਿ ਪਾਯੋ।
ਗਏ ਸਿੰਘ ਅਰਦਾਸ ਬਖਾਨੀ।
'ਪ੍ਰਭੁ ਜੀ! ਰੋਕ ਲਿਯੋ ਰਿਪੁ ਮਾਨੀ ॥੪॥
ਕਰਨਿ ਸੁਚੇਤਾ ਆਦਿਕ ਕਾਰਾ।
ਸਰਬ ਖਾਲਸਾ ਕਰਤਿ ਸੁਖਾਰਾ।'
ਸੁਨਿ ਬਿਨਤੀ ਨਿਜ ਦਾਸਨ ਕੇਰੀ।
ਕਲਗ਼ੀਧਰ ਬੋਲੇ ਤਿਸ ਬੇਰੀ ॥੫॥
'ਸਤੁੱਦ੍ਰਵ ਸਲਿਤਾ ਸ਼ਕਤਿ ਸਮੇਤਾ।
ਸੋ ਜਲ ਦੇਇ ਖਾਲਸੇ ਹੇਤਾ।
ਦੁਸ਼ਟਨਿ ਕੀ ਰੋਕੀ ਨਹਿਂ ਰਹੈ।
ਨਿਖਲ[1] ਖੁਟਾਈ ਤਿਨ ਕੀ ਲਹੈ' ॥੬॥ [1]ਸਾਰੀ।
ਇਮ ਕਹਿ ਲਜਾਵਨਿ ਹੇਤ ਬਖਾਨਾ।
ਨਿਜ ਤਰਕਸ਼ ਤੇ ਦੇ ਕਰਿ ਬਾਨਾ।
'ਪਹੁੰਚਹੁ ਸਤਦ੍ਰਵ ਕੇਰਿ ਕਿਨਾਰੇ।
ਹਮਰੋ ਦਿਹੁ ਸੰਦੇਸ਼ ਉਚਾਰੇ ॥੭॥
-ਆਇ ਸੰਗ੍ਰਾਮ ਸਮੋਂ ਬਡ ਹੋਵਾ।
ਸ਼ੱਤ੍ਰੁਨਿ ਲਾਖਹੁਂ ਲਸ਼ਕਰ ਢੋਵਾ।

ਹਮ ਤੇਰੇ ਬਹੁ ਚਿਰ ਤਟ ਬਾਸੀ।
ਬਿਲਸੇ ਅਧਿਕ ਬਿਲਾਸਹਿਂ ਪਾਸੀ ॥ ੮ ॥
ਪੰਥ ਰਚ੍ਯੋ ਜਗ ਪਾਪਨਿ ਖਾਪਨ।
ਹਿੰਦੂ ਧਰਮ ਉਬਾਰਿ ਸਥਾਪਨ।
ਤੁਰਕਨਿ ਸਨ ਇਨ ਬੈਰ ਧੁਖਾਵਨ[1]।
ਲਰਿ ਕਰਿ ਨਿਤ ਰਿਪੁ ਬਲੀ ਖਪਾਵਨ ॥ ੯ ॥
ਇਸ ਕਾਰਨ ਰਣ ਮਹਿਦ ਅਖਾਰੇ।
ਹਮ ਨੇ ਘਾਲੇ ਹੋਇਂ ਪਵਾਰੇ[1]।
ਜਲ ਪਹੁੰਚਾਇ ਹਿਮਾਯਤ ਕਰੀਅਹਿ-।
ਇਮ ਸਿੰਘਹੁ ਤਟ ਪਹੁੰਚਿ ਉਚਰੀਅਹਿ ॥ ੧੦ ॥
ਬਹੁਰ ਤੀਰ ਤੇ ਤੀਰ ਲਕੀਰ[1]।
ਖੈਂਚਤਿ ਪਹੁੰਚਹੁ ਪੁਰਿ ਮਹਿਂ ਬੀਰ।
ਹਟਿ ਕੈ ਦ੍ਰਿਸ਼ਟਿ ਨ ਕਰਹੁ ਪਿਛਾਰੀ।
ਬਿਨਾ ਬਿਲੋਕੇ ਗਮਹੁ ਅਗਾਰੀ ॥ ੧੧ ॥
ਜਿਹ ਠਾਂ ਚਹਹੁ ਤਹਾਂ ਜਲ ਆਵੈ।
ਤੁਮਰੇ ਸਕਲ ਕਾਜ ਨਿਬਹਾਵੈ।'
ਸੁਨਿ ਕਲਗ਼ੀਧਰ ਕੀ ਬਰ ਬਾਨੀ।
ਨਿਕਟ ਜਿ ਤਬਿ ਸ਼ਰਧਾ ਧਰਿ ਮਾਨੀ ॥ ੧੨ ॥
ਲੇ ਕਰਿ ਬਾਨ ਪ੍ਰਭੂ ਤੇ ਗਯੋ।
ਜਾਇ ਕਿਨਾਰੇ ਪਹੁੰਚਤਿ ਭਯੋ।
ਸਤੁੱਦ੍ਰਵ ਕੋ ਸਭਿ ਕਹ੍ਯੋ ਸੰਦੇਸਾ।
'ਯਾਦ ਕਰਹਿਂ ਤੁਝ ਗੁਰ ਜਗਤੇਸ਼ਾ ॥ ੧੩ ॥
ਸ਼੍ਰੀ ਗੁਰ ਗੋਬਿੰਦ ਸਿੰਘ ਪੁਨੀਤ।
ਤੋਹਿ ਬੁਲਾਵਨ ਚਾਹਤਿ ਚੀਤ।
ਅਪਨੋ ਬਾਨ ਨਿਸ਼ਾਨੀ ਦੀਨਾ।'
ਇਮ ਕਹਿ ਨਿਜ ਮੁਖ ਫੇਰਨਿ ਕੀਨਾ ॥ ੧੪ ॥
ਐਂਚਿ ਲਕੀਰ ਤੀਰ ਕੀ ਤੀਰ[1]।

[1]ਖਾਲਸੇ ਦਾ ਵੈਰ ਧੁੱਖ ਰਿਹਾ ਹੈ।

[1]ਪੁਆੜੇ ਭਾਵ ਜੰਗ।

[1]ਕਿਨਾਰੇ ਤੋਂ ਲੈਕੇ ਬਾਣ ਦੀ ਲਕੀਰ।

[1]ਕੰਢੇ ਤੇ ਤੀਰ ਨਾਲ ਲੀਕ ਖਿੱਚਕੇ।

ਗਮਨਜੋ ਪੁਨ ਪੁਰਿ ਦਿਸ਼ਿ ਕੋ ਬੀਰ।
ਰੇਖ ਨਿਕਾਰਤਿ ਆਵਤਿ ਆਗਾ।
ਸਤਦ੍ਰਵ ਜਲ ਪੀਛੇ ਤਿਸ ਲਾਗਾ ॥੧੫॥
ਤੀਰ ਲਕੀਰ ਨੀਰ ਗੰਭੀਰ।
ਗਮਨਜੋਂ ਆਇ ਬੀਰ ਪੁਰਿ ਤੀਰ।
ਮਨ ਮਹਿਂ ਭਯੋ ਭਰਮ ਤਿਸ ਕੇਰੇ।
-ਆਵਤਿ ਜਲ ਕੈ ਨਹੀਂ ਪਿਛੇਰੇ ॥੧੬॥
ਸਤਿਗੁਰ ਕੀ ਆਗਜਾ ਇਨ ਮਾਨੀ।
ਕਿਧੌਂ ਨ ਮਾਨੀ[1] ਆਇ ਨ ਪਾਨੀ[2]-।

[1]ਇਸ (ਪਾਣੀ) ਨੇ ਮੰਨੀ ਹੈ ਕਿ ਨਹੀਂ ਮੰਨੀ? [2]ਪਾਣੀ ਆ ਰਿਹਾ ਹੈ ਕਿ ਨਹੀਂ।

ਗ੍ਰੀਵ ਮੋਰਿ ਕੈ ਕੀਨੋ ਬਿਲੋਕਨ।
ਆਇ ਪ੍ਰਵਾਹ, ਨ ਹੁਇ ਕਿਮ ਰੋਕਨ ॥੧੭॥
ਨਦੀ ਤੀਰ ਤੇ ਤੀਰ ਲਕੀਰ[1]।

[1]ਤੀਰ ਦੀ ਲਕੀਰ।

ਤਹਿਂ ਕੋ ਆਵਤਿ ਨੀਰ ਗਹੀਰ।
ਗੰਗਧਾਰ ਸਮ ਉੱਜਲ ਧਾਰਾ।
ਹੋਇ ਦੁਗਧ ਸਮ ਬੇਗਹਿ ਧਾਰਾ ॥੧੮॥
ਰਿਦੈ ਸਿੰਘ ਕੇ ਦੀਰਘ ਭਾਸੈ।
ਜਨੁ ਜਲ ਧਾਰ ਆਇ ਲਖਿ ਤਾਸੈ[1]।

[1]ਮਾਨੋਂ ਜਲ ਦਾ ਪ੍ਰਵਾਹ ਆ ਰਿਹਾ ਉਸ ਨੇ ਜਾਣਿਆਂ।

ਬਹੁਰ ਬਿਚਾਰਤਿ ਭਾ ਉਰ ਐਸੇ।
-ਹਮਰੋ ਹੁਇ ਬਚਾਇ ਅਬਿ ਕੈਸੇ ॥੧੯॥
ਮੈਂ ਲੇ ਕਰਿ ਜਬਿ ਪੁਰਿ ਮਹਿਂ ਬਰੌਂ।
ਜਹਿਂ ਕਹਿਂ ਜਲ ਬਿਸਾਲ ਕੌ ਕਰੌਂ।
ਦੁਰਗ ਆਦਿ ਸਭਿ ਸਦਨ ਗਿਰਾਵੈ।
ਜਲ ਆਗੈ ਕੋ ਠਹਿਰਨ ਪਾਵੈ ॥੨੦॥
ਨਿਸ ਕੋ ਸਮਾ, ਨ ਜਾਨੈ ਕੋਈ।
ਲਖਹਿਂ ਲੋਕ ਕਜਾ ਪਰਲੈ ਹੋਈ।
ਨਰ ਨਾਰੀ ਨਿਰਨੈ ਕਜਾ ਕਰੈਂ।
ਜਲ ਕੋ ਕਸ਼ਟ ਅਚਾਨਕ ਪਰੈ ॥੨੧॥
ਅਬਿ ਮੈਂ ਜੇ ਕਰ ਜੋਰਿ ਹਟਾਵੌਂ।
ਨਰ ਨਾਰਿਨ ਜੁਤਿ ਨਗਰ ਬਚਾਵੌਂ।
ਜੇ ਪ੍ਰਵਾਹ ਕੋ ਲੇ ਕਰਿ ਜਾਵਉਂ।

ਲਗੈ ਪਾਪ ਬਲ ਹ੍ਵੈ ਨ ਮਿਟਾਵਉਂ[1]- ॥੨੨॥
ਇੱਤਜਾਦਿਕ ਬਿਚਾਰ ਕਰ ਬੰਦੇ।
'ਥੰਭਹੁ ਪ੍ਰਵਾਹ ਜੁ ਬੇਗ ਬਿਲੰਦੇ।'
ਲਜਾਵਨ ਹਾਰ ਜਬੈ ਇਮ ਕਹਜੋ।
ਪੁਰਿ ਤੇ ਪਰੇ ਪ੍ਰਵਾਹੁ ਹਟਿ ਰਹਜੋ ॥੨੩॥
ਜਬਿ ਇਸ ਕੋ ਕੁਛ ਦੀਖਜੋ ਨਾਂਹੀ।
ਤਹਿਂ ਤੇ ਚਲਿ ਆਯੋ ਪੁਰਿ ਮਾਂਹੀ।
ਸ਼੍ਰੀ ਕਲਗ਼ੀਧਰ ਕੋ ਕਰਿ ਨਮੋ।
ਹਾਥ ਜੋਰਿ ਬੋਲਜੋ ਤਿਹ ਸਮੋ ॥੨੪॥
'ਸ਼੍ਰੀ ਪ੍ਰਭੁ ! ਬਖਸ਼ਹੁ ਖਤਾ ਹਮਾਰੀ।
ਰੋਕਜੋ ਆਵਤਿ ਦੀਰਘ ਬਾਰੀ।
ਜਬਿ ਮੈਂ ਤੀਰ ਲਕੀਰ ਨਿਕਾਰੀ।
ਆਯੋ ਬਡੋ ਪ੍ਰਵਾਹੁ ਪਿਛਾਰੀ ॥੨੫॥
ਜਲ ਕੋ ਭੈ ਕਰਿ ਬਿਨੈ ਬਖਾਨੀ।
ਹਟਜੋ ਪ੍ਰਵਾਹ ਦਿਖੰਤਿ ਨਿਸ਼ਾਨੀ[1]।
ਭਯੋ ਲੋਪ ਪੁਨ ਦੇਖਜੋ ਨਾਂਹੀ।
ਭਈ ਖਤਾ ਜਲ ਲਜਾਵਨਿ ਮਾਂਹੀ' ॥੨੬॥
ਸੁਨਿ ਸ਼੍ਰੀ ਮੁਖ ਤੇ ਬੋਲੇ ਤਹੀਂ[1†]।
'ਸਮਾ ਪਾਇ ਐਹੈ ਇਤ ਸਹੀ।
ਹੁਇ -ਹਿਮਾਇਤੀ ਨਾਲਾ- ਨਾਮੂ।
ਬਹੈ ਪ੍ਰਵਾਹ ਬਿਮਲ ਅਭਿਰਾਮੂ ॥੨੭॥
ਘਾਟ ਸੁਪਾਨ ਬਨਹਿਂ ਇਸ ਕੇਰੇ।
ਜੇ ਮੱਜਹਿਂ ਫਲ ਪੁੰਨ ਬਡੇਰੇ।
ਕਲਮਲ ਨਾਸ਼ ਕਰਹਿਂ ਚਿਰ ਕਾਲਾ।'
ਇਮ ਕਹਿ ਤੂਸ਼ਨ ਭਏ ਕ੍ਰਿਪਾਲਾ ॥੨੮॥
ਇਸੀ ਰੀਤਿ ਘੇਰਾ ਪਰਿ ਰਹਜੋ।
ਅੰਨ ਨਿਖੁਟਤਿ ਸਭਿ ਦੁਖ ਲਹਜੋ।
ਕਠਨ ਖੇਲ ਸਤਿਗੁਰੂ ਅਰੰਭਾ।
ਸੁਨਿ ਪਿਖਿ ਸਭਿ ਕੇ ਹੋਤਿ ਅਚੰਭਾ

[1]ਫਿਰ ਮੇਰੇ ਵਿਚ ਹਟਾਵਣੇ ਦਾ ਬਲ ਨਹੀਂ ਹੋਵੇਗਾ।

[1](ਉਸਦੀ) ਨਿਸ਼ਾਨੀ ਦਿੱਸ ਰਹੀ ਹੈ।

[1]ਤਿਸ ਤਾਈਂ। †ਪਾ:-ਅਬ ਰਹੀ।

॥ ੨੯ ॥
ਸਿੱਖਨਿ ਕੋ ਸੁਇਨੇ ਸਮ ਤਾਵਨਿ।
ਦੇਨਿ ਕਸੌਟੀ ਸੁੱਧ ਬਨਾਵਨ।
ਜੋ ਬਾਰਹਿ ਬੰਨੀ ਲਗ ਭਯੋ।
ਪਦ ਅਘਟਨ ਸੋ ਪੁਨ ਮਿਲਿ ਗਯੋ[1] ॥ ੩੦ ॥
ਸਿੱਖੀ ਤਿੱਖੀ ਜਸੋਂ ਖਗ ਧਾਰਾ।
ਤਿਸ ਪਰ ਚਲਿਬੋ ਕਠਨ ਦੁਖਾਰਾ।
ਪ੍ਰੇਮ ਲੀਨ ਦੀਨਸਿ ਮਨ ਵੱਟੇ[1]।
ਰਹੈ ਸਾਬਤੀ ਸਿਰ ਕੇ ਸੱਟੇ[1] ॥ ੩੧ ॥
ਜਿਨ ਪਰ ਕ੍ਰਿਪਾ ਪ੍ਰਮੇਸ਼ੁਰ ਕੀਨਿ।
ਸਤਿਗੁਰ ਚਰਨ ਸੌਂਪ ਮਨ ਦੀਨ।
ਸ੍ਵਾਮੀ ਅੱਗ੍ਰ ਸੀਸ ਕੋ ਅਰਪੇ।
ਕਾਟਨ ਕਰਹਿ ਤਾਂ ਕਸੋਂ ਉਰ ਡਰਪੇ ॥ ੩੨ ॥
ਤਜਜੋ ਅਪਨਪੌ ਅਰਪਜੋ ਜਬੈ।
ਹੰਤਾ ਕਰਹਿਂ ਕੂਰ ਹੁਇ ਤਬੈ।
ਤਿਮ ਸਭਿ ਸਿੰਘਨਿ ਅਰਪੇ ਪ੍ਰਾਨਾ।
ਗੁਰ ਹਿਤ ਹੀ ਚਾਹਤਿ ਚਿਤ ਹਾਨਾ[1] ॥ ੩੩ ॥
ਮਹਾਂ ਛੁਧਿਤਿ ਹ੍ਵੈ ਦਿਵਸ ਗੁਜਾਰੈਂ।
ਕਟ ਕਸਿ ਰਹੈਂ ਤੁਫੰਗਨ ਮਾਰੈਂ।
ਪਾਉ ਪਾਉ ਭਰ ਕਬਿ ਕਬਿ ਅੰਨ।
ਬਨੇ ਗੁਰੂ ਘਰ ਤੇ ਅਚਵੰਨ[1] ॥ ੩੪ ॥
ਕੇਚਿਤ ਕਰਿ ਅਬੇਰ[1] ਨਿਕਸੰਤੇ।
ਤਿਮਰ ਭਏ ਬਡ ਨਹੀਂ ਦਿਖੰਤੇ।
ਜਾਇ ਵਹਿਰ ਤੇ ਲਜਾਵਨਿ ਕਰੈਂ।
ਕੇਚਿਤ ਨਾਮ ਆਸਰੇ ਥਿਰੈਂ ॥ ੩੫ ॥
ਇਕ ਦਿਨ ਸਿੰਘਨ ਕਰੀ ਸਲਾਹਾ।
ਆਨਹਿ ਅੰਨ ਗ੍ਰਾਮ ਕਿਸ ਮਾਂਹਾ।
ਕਰਿ ਮਸਲਤ ਨਿਸ ਮਹਿਂ ਚਲਿ ਗਏ।
ਦੂਰ ਦੂਣ ਮਹਿਂ ਪ੍ਰਾਪਤਿ ਭਏ ॥ ੩੬ ॥

[1]ਨਾ ਘਟਨੇ ਵਾਲੀ ਅਵਸਥਾ ਨੂੰ ਪੁੱਜਾ ਭਾਵ ਉਸ ਨੂੰ ਵੱਟਾ ਨਹੀਂ ਲਗਦਾ। ਮੁਰਾਦ ਹੈ ਸਿੱਖ ਫੇਰ ਗਿਰਾਉ ਵਿੱਚ ਨਹੀਂ ਜਾਂਦਾ, ਪਰਮ ਪਦ ਤੇ ਟਿਕ ਜਾਂਦਾ ਹੈ।

[1]ਪ੍ਰੇਮ ਲਿਆ ਤੇ ਮਨ ਬਦਲੇ ਵਿਚ ਦਿੱਤਾ।

[1]ਸਿਰ ਦੇ ਵੱਟੇ ਸਿਦਕ ਕਾਇਮ ਰਹਿੰਦਾ ਹੈ।

[1]ਗੁਰੂ ਜੀ ਦੇ ਵਾਸਤੇ ਹੀ ਚਿੱਤ ਵਿਚ ਹਾਨਾ (ਭਾਵ ਸ਼ਹੀਦ ਹੋਣਾ) ਚਾਹੁੰਦੇ ਹਨ।

[1]ਖਾਣਾ ਬਣਦਾ ਹੈ।

[1]ਦੇਰੀ ਨਾਲ।

ਜਾਇ ਤਹਾਂ ਇਕ ਗ੍ਰਾਮ ਨਿਹਾਰਜੋ।
ਬਰੇ ਅਚਾਨਕ ਅਰਜੋ ਸੁ ਮਾਰਜੋ।
ਟੋਰਿ ਸਦਨ ਕੋ ਅੰਨ ਜਿਤੇਕ।
ਬੰਧਜੋ ਪੋਟਨ ਬਿਖੈ ਤਿਤੇਕ ॥੩੭॥
ਕੇਤਿਕ ਲਾਦ ਲੀਨ ਨਿਜ ਘੋਰੇ।
ਘ੍ਰਿਤ ਮਿਸਟਾਨ ਪਾਇ ਜੋ ਟੋਰੇ।
ਵਸਤੁ ਜੁ ਖੈਬੇ ਕੀ ਤਹਿਂ ਪਾਈ।
ਸੋ ਸਭਿ ਸਿੰਘਨਿ ਲੀਨਿ ਉਚਾਈ ॥੩੮॥
ਲੇ ਕਰਿ ਨਿਕਸਿ ਚਲੇ ਮਗ ਪਰੇ।
ਪੀਛੇ ਰੌਰ ਮਹਾਂ ਨਰ ਕਰੇ।
ਗਹਿ ਗਹਿ ਹਾਥਨਿ ਮਹਿਂ ਹੱਥਯਾਰੇ।
ਮਿਲਿ ਕਰਿ ਪਰੇ ਸੰਬੂਹ ਪਿਛਾਰੇ ॥੩੯॥
ਜਿਨ ਸਿਰ ਪੋਟ ਸੁ ਆਗੈ ਕਰੇ।
ਪਾਛੇ ਰਹੇ ਤੁਪਕ ਕਰ ਧਰੇ।
ਪਰੇ ਗੈਲ[1] ਸੇ ਮਾਰ ਹਟਾਏ।
ਤਮ ਮਹਿਂ ਡਰਤਿ ਨ ਕੋ ਨਿਯਰਾਏ ॥੪੦॥
ਖੈਬੇ ਹਿਤ ਦਿਨ ਕਿਤਿਕ ਗੁਜ਼ਾਰਾ।
ਆਨਜੋ ਅੰਨ ਤ੍ਰਾਸ ਨਿਰਵਾਰਾ।
ਬਰੇ ਦੁਰਗ ਮਹਿਂ ਫਤੇ ਬੁਲਾਈ।
ਬਿਸਰਾਮੇ ਕਰਿ ਤਜਾਰ ਸੁ ਖਾਈ ॥੪੧॥
ਕਿਤਿਕ ਦਿਵਸ ਇਸ ਭਾਂਤਿ ਬਿਤਾਏ।
ਬਹੁਰ ਛੁਧਾ ਤੇ ਸਿਖ ਬਿਕੁਲਾਏ।
ਬ੍ਰਿੱਛਨ ਕੀ ਲੇਂ ਛੀਲ ਉਤਾਰੀ।
ਕੂਟ ਕਰੈਂ ਖੈਬੇ ਹਿਤ ਤਜਾਰੀ ॥੪੨॥
ਕੇਤਿਕ ਲੇ ਤਰੁਵਰ ਕੇ ਪਾਤ।
ਧਰਹਿਂ ਅਗਨ ਪਰ ਰੀਂਧਹਿਂ ਖਾਤ।
ਕੇਤਿਕ ਫਿਰਿ ਕੈ ਜਿਤ ਕਿਤ ਟੋਰ।
ਫਲ ਫੂਲਨ ਕੋ ਆਨਹਿਂ ਤੋਰ ॥੪੩॥
ਅਧਿਕ ਛੁਧਾ ਕੋ ਸਿੰਘ ਸਹਾਰੈਂ।
ਹੋਇ ਜੰਗ ਤੌ ਆਯੁਧ ਮਾਰੈਂ।

[1]ਜੋ) ਪਿਛੇ ਪਏ।

'ਅਰਪਹਿਂ ਸੀਸ ਨਹੀਂ ਕਿਤ ਜਾਵੈਂ।
ਗੁਰ ਹਿਤ ਦੈ ਹੈਂ ਦੇਰ ਨ ਲਾਵੈਂ' ॥੪੪॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰੁਤੇ 'ਸਤਦ੍ਰਵ ਨਾਲ ਲਿਆਵਨ' ਪ੍ਰਸੰਗ ਬਰਨਨੰ ਨਾਮ ਬਾਈਸਮੋਂ ਅੰਸੂ ॥੨੨॥

੨੩. [ਖਾਲਸੇ ਦੇ ਲੰਗਰ ਮਸਤਾਨੇ]

੨੨<<ਪਿਛਲਾ ਅੰਸੂ ਸੰਖੇਪ ਲਿੰਕ – ਤਤਕਰਾ ਅਗਲਾ ਅੰਸੂ>>੨੪

ਦੋਹਰਾ:

ਪਾਵੈਂ ਸੰਕਟ ਛੁਧਾ ਕੋ, ਤਊ ਰਹੈਂ ਧ੍ਰਿਤਿ ਧਾਰਿ।
ਲਰਹਿਂ ਜੰਗ ਕੈ ਅੰਨ ਹਿਤ, ਕਰਹਿਂ ਉਪਾਇ ਬਿਚਾਰ ॥੧॥

ਚੌਪਈ:

ਅਰਧ ਨਿਸਾ ਮਹਿਂ ਨਿਕਸੇ ਫੇਰ।
ਮਿਲਿ ਕਰਿ ਸਿੰਘ ਸੁ ਭੁਖ ਬਡੇਰ।
ਗਏ ਕੋਸ ਕੇਤਿਕ ਚਲਿ ਜਬੈ।
ਗ੍ਰਾਮ ਅਪਰ ਅਵਲੋਕ੍ਯੋ ਤਬੈ ॥੨॥
ਬਰੇ ਜਾਇ ਤਿਨ ਸਦਨ ਮਝਾਰੇ।
ਸਭਿਹਿਨਿ ਕੋ ਦੈ ਕੈ ਡਰ ਭਾਰੇ।
ਅੰਨ ਨਿਕਾਸਿ ਲੀਨ ਮਨ ਭਾਯੋ।
ਬੰਧਿ ਬੰਧਿ ਕਰਿ ਸੀਸ ਉਠਾਯੋ ॥੩॥
ਜਿਤਿਕ ਉਠਾਇ ਲੀਨ ਲੇ ਚਲੇ।
ਹ੍ਵੈ ਸੁਚੇਤ ਹਟਤ੍ਯੋਂ ਸਭਿ ਮਿਲੇ[1]।
ਲਰ੍ਯੋ ਨ ਕੋਊ ਮਿਲ੍ਯੋ ਨ ਅਰੀ।
ਆਇ ਦੁਰਗ ਮਹਿਂ ਖੁਸ਼ੀ ਸੁ ਕਰੀ ॥੪॥
ਤੁਰਕਨ ਕੇ ਸੂਬੇ ਸੈਲੇਸ਼[1]।
ਮਿਲਿ ਕੈ ਚਿੰਤਾ ਕਰੀ ਵਿਸ਼ੇਸ਼।
'ਕਿਤ ਕੋ ਜਾਇ ਸਿੰਘ ਲੇ ਆਵੈਂ।
ਅੰਤਰ ਅੰਨ ਬਰੇ ਭਟ ਖਾਵੈਂ' ॥੫॥
ਸੁਨਿ ਗਿਰਪਤਨ ਰਾਹੁ ਦਿਖਰਾਏ।
ਇਤ ਕੋ ਗਏ ਉਤਹੁ ਚਲਿ ਆਏ।
ਦੇਖਿ ਘਾਤ ਸਿੰਘਨ ਕੀ ਸਾਰੀ।
ਤੁਰਕਨਿ ਰਖੀ ਚਮੂੰ ਕਰਿ ਤਜਾਰੀ ॥੬॥
ਦਸ ਬੀਸਕ ਨਰ ਹੇਰਨ ਹਾਰੇ।
ਸਭਿ ਮਾਰਗ ਕੋ ਕਰਤਿ ਨਿਹਾਰੇ।
ਲਗੇ ਰਹੇ ਲੈਬੇ ਹਿਤ ਭੇਤ।
ਨਹਿਂ ਜਾਨ੍ਯੋਂ ਸਿੰਘਨ ਸੰਕੇਤ[1] ॥੭॥
ਇਕਠੇ ਹੋਇ ਗਮਨ ਤਬਿ ਕੀਨ।
ਅੰਨ ਲੈਨ ਕੋ ਜਿਤ ਦਿਸ਼ ਚੀਨ।

[1]ਹਟਣ ਵੇਲੇ ਆਪਸ ਵਿਚ ਸਾਰੇ ਮਿਲੇ।

[1]ਗਿਰਪਤੀ।

[1]ਸਿੰਘਾਂ ਨੇ ਇਸ (ਵੈਰੀਆਂ) ਦੀ ਮਿਥੀ ਗਲ ਨੂੰ ਨਾ ਜਾਣਿਆਂ।

ਦੂਰ ਗਏ ਜਬਿ ਚਲਿ ਕਰਿ ਸੋਊ।
ਗ੍ਰਾਮ ਜਹਾਂ ਜਾਨਤਿ ਥੇ ਜੋਊ ॥੮॥
ਤੁਰਕਨਿ ਕੇ ਨਰ ਹੇਰਿ ਸਿਧਾਏ।
ਗਏ ਸਿੰਘ ਜਿਤ ਕੋ ਸੁ ਬਤਾਏ।
ਚਢੀ ਚਮੂੰ ਭਾਰੀ ਤਤਕਾਲਾ।
ਘਾਟਾ ਰੋਕਯੋ ਜਾਇ ਬਿਸਾਲਾ ॥੯॥
ਲੇ ਕਰਿ ਅੰਨ ਹਟੇ ਮਗ ਤਾਂਹੀ।
ਭਯੋ ਭੇੜ ਭਾਰੀ ਭਟ ਜਾਂਹੀ[1]।
ਜਬਿ ਦੁਇ ਦਿਸ਼ਿਨਿ ਪਿਖੇ ਰਿਪੁ ਆਏ।
ਬਨੇ ਸੁਚੇਤ ਸੂਰ ਸਮੁਦਾਏ ॥੧੦॥
ਛੁਟੀ ਬ੍ਰਿੰਦ ਤਬਿ ਜ੍ਵਾਲਾਬਮਣੀ।
ਗੁਲਕ ਬਰੂਦ ਭਰੀ ਅਰਿਦਮਣੀ[1]।
ਸਿਰ ਤੇ ਪੋਟ ਉਤਾਰੀ ਸਬੈ।
ਸ਼ੱਤ੍ਰੁਨਿ ਸਮੁਖ ਸਿੰਘ ਭੇ ਤਬੈ ॥੧੧॥
ਛੋਰਿ ਤੁਫੰਗਨ ਕੋ ਤਤਕਾਲੇ।
ਆਗੇ ਭਏ ਖੜਗ ਗਹਿ ਢਾਲੇ।
ਖਰੇ ਰੋਕ ਸ਼ੱਤ੍ਰੂ ਜਹਿਂ ਘਾਟੇ।
ਤਹਿਂ ਲੌਂ ਪਹੁੰਚਿ ਬੋਲ ਬਹੁ ਡਾਟੇ ॥੧੨॥
ਨਿਕਸਨਿ ਜਤਨ ਬਿਲੋਕਿ ਬਿਚਾਰੇ।
ਨਹਿਂ ਪ੍ਰਾਪਤ ਕਜਾ ਕਰਹਿਂ ਬਿਚਾਰੇ।
ਆਪਸ ਬਿਖੈ ਕਹਿਨ ਤਬਿ ਲਾਗੇ।
'ਸਿੰਘਹੁ ਸੁਨਹੁ ਬਚਤਿ ਨਹਿਂ ਭਾਗੇ ॥੧੩॥
ਜੇ ਅਬਿ ਮਿਲਹਿਂ ਤਊ ਨਹਿਂ ਛੋਰਹਿਂ।
ਮਾਰਨ ਮਰਨ ਹਮਹੁਂ ਸਨ ਲੋਰਹਿਂ।
ਯਾਂ ਤੇ ਪ੍ਰਾਨ ਦੇਨ ਹੀ ਬਨੇ।
ਧਰਮ ਗਏ ਕਜਾ ਜੀਵਹੁ ਘਨੇ ॥੧੪॥
ਦੋਨਹੁਂ ਲੋਕ ਨਹੀਂ ਅਬਿ ਖੋਵਹੁ।
ਮਰਨਿ ਸਮੈਂ ਗੀਦੀ ਨਹਿਂ ਹੋਵਹੁ।
ਸਨਮੁਖ ਗਮਨਹੁ ਜਹਿਂ ਰਿਪੁ ਘਾਟੇ।
ਕਾਟਹੁ ਖੜਗਨ ਤੇ ਅਧਵਾਟੇ ॥੧੫॥
ਘਟ ਮਹਿਂ ਪ੍ਰਾਨ ਰਹੇ ਥਿਰ ਜਾਵਦ।

[1]ਜਿਥੇ ਸੂਰਮੇ ਸਨ ਓਥੇ ਭਾਰੀ ਭੇੜ ਹੋ ਪਿਆ।

[1]ਵੈਰੀਆਂ ਨੂੰ ਮਾਰਨਵਾਲੀ।

ਬਾਹਹੁ ਤਰਵਾਰਨ ਕੋ ਤਾਵਦ।
ਸ੍ਰੀ ਕਲਗ਼ੀਧਰ ਸਿਮਰਤਿ ਮਰਹੁ।
ਜਨਮ ਮਰਨ ਭਵਜਲ ਤੇ ਤਰਹੁ' ॥੧੬॥
ਇਮ ਕਹਿ ਕਰਵਾਰਨ ਕਰਿ ਨੰਗੀ।
ਛੁਧਿਤਿ ਸ਼੍ਰਮਤਿ ਬਹੁ ਦੁਰਬਲ ਅੰਗੀ।
ਗੁਰ ਕੋ ਪ੍ਰੇਮ ਅਧਿਕ ਬਲ ਭਰਜੋ।
ਭਿੜੇ ਭੇੜ ਭਟ ਸੰਘਰ ਕਰਜੋ ॥੧੭॥
ਕਿਹ ਇਕ ਦੁਇ ਕਿਹ ਤ੍ਰੈ ਅਰੁ ਚਾਰੇ।
ਮਾਰਿ ਮਾਰਿ ਕਰਿ ਮਰੇ ਜੁਝਾਰੇ।
ਪੰਚ, ਖਸ਼ਟ, ਕਿਹ ਸਪਤ, ਅਸ਼ਟ ਹਤਿ।
ਗਿਰੇ ਪ੍ਰਾਣ ਦੀਨੇ ਰਣ ਗੁਰ ਹਿਤ ॥੧੮॥
ਤੁਰਕਨਿ ਚਮੂੰ ਹਜ਼ਾਰਹੁੰ ਧਾਈ।
ਥੋਰੇ ਸਿੰਘ ਕਹਾਂ ਬਨਿ ਆਈ†। †ਪਾ:-ਨੂਨ ਕੀ ਨਜਾਈਂ।
ਤੁਰਕ ਸੈਂਕਰੇ ਲੇ ਕਰਿ ਸੰਗ।
ਮਰੇ ਬੀਰ ਕਰਿ ਕੈ ਬਡ ਜੰਗ ॥੧੯॥
ਕਰੇ ਕਤਲ ਸਭਿ ਤੁਰਕਨਿ ਘੇਰਿ।
ਤਹਿਂ ਤੇ ਹਟੇ ਮਾਰ ਕਰਿ ਫੇਰ।
ਇਤ ਸਤਿਗੁਰੂ ਕੋ ਸੁਧ ਨਹਿਂ ਪਾਈ।
ਚਢੈਂ ਤਿਨੋ ਹਿਤ ਲੇਤਿ ਬਚਾਈ ॥੨੦॥
ਪੁਨ ਰੁਕਿ ਗਏ ਨ ਮਾਰਗ ਪਾਯੋ।
ਤੁਰਕਨਿ ਦਲ ਦੀਰਘ ਚਲਿ ਆਯੋ।
ਇਤ ਅਨੰਦਪੁਰਿ ਧਰਤਿ ਪ੍ਰਤੀਛਨ।
ਨਹਿਂ ਆਏ ਤਬਿ ਕਰੇ ਨਿਰੀਛਨ[1] ॥੨੧॥ [1]ਨਿਰਨੇ ਕੀਤੇ।
ਹੁਇ ਨਿਰਾਸ ਗੁਰ ਕੋ ਢਿਗ ਗਏ।
ਸਕਲ ਬ੍ਰਿਤੰਤ ਬਤਾਵਤਿ ਭਏ।
'ਅਮੁਕੇ ਸਿੰਘ ਅੰਨ ਕੇ ਕਾਰਨ।
ਗਏ ਹੁਤੇ ਮਿਲਿਗੇ ਰਿਪੁ ਦਾਰੁਨ ॥੨੨॥
ਘਾਟਾ ਰੋਕਿ ਸੰਘਾਰਨਿ ਕਰੇ।
ਏਕ ਨ ਬਚਜੋ ਲਰੇ ਤਹਿਂ ਮਰੇ।
ਕ੍ਰਿਪਾ ਸਿੰਧੁ ਤਿਨ ਕੀ ਗਤਿ ਕਰੀਅਹਿ।
ਸੇਵਕ ਲਖਿ ਨਿਜ ਬਿਰਦ ਬਿਚਰੀਅਹ'

॥੨੩॥
ਸੁਨਿ ਸ਼੍ਰੀ ਮੁਖ ਫੁਰਮਾਵਤਿ ਭਏ।
'ਬਿਨਾ ਹੁਕਮ ਤੇ ਵੈ ਕਸੋਂ ਗਏ।
ਬੂਝਤਿ ਹਮ ਕੋ ਪੁਨ ਵੈ ਜਾਤੇ।
ਬਨਤਿ ਸਹਾਇਕ ਤਬਿ ਸਭਿ ਭਾਂਤੇ
॥੨੪॥
ਤਊ ਸਾਬਤੀ ਸੋਂ ਦੇ ਪ੍ਰਾਨ[1]।
ਕਰੌਂ ਪਲਤ ਮਹਿਂ[1] ਬਹੁ ਕੱਲਜਾਨ।
ਜਹਿਂ ਸਤਿਸੰਗਤਿ ਬਾਸਹਿ ਮੇਰੀ।
ਤਹਾਂ ਬਾਸ ਦੀਨਸਿ ਹਿਤ ਹੇਰੀ ॥੨੫॥
ਮੁਕਤਿ ਸਮੀਪ[1] ਦਈ ਸਭਿ ਹੀ ਕੋ।
ਬਹੁਤ ਅਨੰਦ ਪਾਇਂ ਹਿਤ ਜੀ ਕੋ।
ਰਖਹਿਂ ਸਾਬਤੀ ਜੇ ਸਿਖ ਮੇਰੇ।
ਦੇਹਿਂ ਪ੍ਰਾਨ ਨਹਿਂ ਲਾਵਤਿ ਦੇਰੇ ॥੨੬॥
ਸਹਿਕਾਮੀ ਸਭਿ ਲੈ ਹੈਂ ਰਾਜ।
ਭੋਗੈਂ ਭੂਅ ਕੇ ਸਕਲ ਸਮਾਜ।
ਪੁਨ ਸਤਿਸੰਗ ਕਰੈਂ ਭਵ ਤਰੈਂ।
ਨਿਸ਼ਕਾਮੀ ਗਤਿ ਲੇ ਰਣ ਮਰੈਂ' ॥੨੭॥
ਇੱਤਜਾਦਿਕ ਕਹਿ ਤੂਸ਼ਨਿ ਹੋਏ।
ਛੁਧਿਤਿ ਸੁਭਟ ਰਹਿਂ ਪੁਰਿ ਸਭਿ ਕੋਏ।
ਆਦਿ ਪ੍ਰਸਾਦੀ ਹਾਥੀ ਖਰੇ।
ਲਾਖਹੁਂ ਧਨ ਕੇ ਹਯ ਛੁਧ ਮਰੇ ॥੨੮॥
ਐਸੋ ਕਛੂ ਸ੍ਵਾਂਗ ਵਰਤਾਯੋ।
ਪਰਖਣੋ ਸਿਦਕ ਜਿਨਹੁਂ ਠਹਿਰਾਯੋ।
ਇਕ ਗੁਰ ਦਰਸ਼ਨ ਕੇਰ ਅਧਾਰ।
ਕਟ ਕਸਿ ਸਿੰਘ ਰਹੈਂ ਹੁਸ਼ਿਯਾਰ ॥੨੯॥
ਕਬਿ ਕਬਿ ਪਾਉ ਅੰਨ ਕੋ ਖਾਵੈਂ।
ਪਠਿ ਬਾਨੀ ਸਤਿਨਾਮ ਧਿਆਵੈਂ।
ਏਕ ਰਜਤਪਣ ਸੇਰ ਬਿਕੰਤਾ[1]।
ਸੋ ਭੀ ਖੋਜਤਿ ਕਹੂੰ ਲਭੰਤਾ ॥੩੦॥
ਲਾਖਹੁਂ ਕੇ ਹਯ ਖਰੇ ਤਬੇਲੇ।
ਖਾਇਂ ਮਲੀਦਾ ਸਦਾ ਮਹੇਲੇ[1]।

[1]ਦਿੱਤੇ ਹਨ ਪ੍ਰਾਣ (ਉਨ੍ਹਾਂ ਨੇ)।

[1]ਪ੍ਰਲੋਕ ਵਿਚ।

[1]ਸਾਮੀਪ ਮੁਕਤੀ।

[1]ਸੇਰ ਅੰਨ ਰੁਪੱਯੇ ਦਾ ਵਿਕਦਾ ਹੈ।

[1]ਮਲੀਦ=ਚੂਰੀ। ਨਿਹਾਰੀ ਜੋ ਗੁੜ ਛੋਲਿਆਂ ਦਾ ਆਟਾ

ਆਦਿ ਮਲਕੇ ਬਣਦੀ ਹੈ। ਮਹੇਲਾ=ਗੁੜ ਮੋਠ ਗਾਜਰਾਂ ਉਬਾਲੇ ਹੋਏ। ਗੁੜ ਤੇਲ ਮੋਠ ਮਾਂਹ ਆਦਿ ਉਬਾਲੇ ਹੋਏ।

ਤਿਨ ਕੋ ਦੇਤਿ ਨਹੀਂ ਬਹੁ ਖਾਨੇ।
ਦੁਰਬਲ ਹੋਏ ਮਾਸ ਸੁਕਾਨੇ ॥੩੧॥
ਤਿਮ ਹਾਥੀ ਜਿਨ ਕੀਮਤਿ ਨਾਂਹਿ।
ਲਾਖਹੁਂ ਖਰਚੈਂ ਤਊ ਨ ਪਾਹਿਂ।
ਤ੍ਰਿਣ ਦਾਨੇ ਬਿਨ ਸੁਕਤਿ ਖਰੇ[1]।
ਤਿਨ ਕੇ ਦਾਸ ਛੁਧਾ ਦੁਖ ਭਰੇ ॥੩੨॥
ਅਤਿ ਸੂਖਮ ਜਿਨ ਭਏ ਸਰੀਰ।
ਧਰਹਿਂ ਕਹਾਂ ਲਗਿ ਭੂਖੇ ਧੀਰ।
ਸਗਰੇ ਸਿੰਘਨ ਕੀ ਗਤਿ ਤੈਸੇ।
ਛੁਧਾ ਕਸ਼ਟ ਸਭਿ ਕੋ ਇਕ ਜੈਸੇ ॥੩੩॥
ਕੇਤਿਕ ਦਿਨ ਇਮ ਛੁਧਤਿ ਬਿਤਾਏ।
ਏਕ ਸਮੈ ਚਲਿ ਕਰਿ ਤਹਿਂ ਆਏ।
ਖਾਸ ਤੁਰੰਗ ਮਤੰਗ ਤਵੇਲਾ।
ਜਿਨ ਪਰ ਬੀਤਜੋ ਕਾਲ ਦੁਹੇਲਾ[1] ॥੩੪॥
ਜਬੈ ਹਯਨਿ ਮਹਿਂ ਗਏ ਗੁਸਾਈਂ।
ਹੇਰਿ ਹੇਰਿ ਹਰਿਰਤਿ ਹਿਹਨਾਈ।
ਧਰ ਪਰ ਖੁਰ ਹਿਤ ਸ਼ਬਦ ਉਠਾਵੈਂ।
ਗਜ ਫੁੰਕਾਰਤਿ ਸੁੰਡ ਭ੍ਰਮਾਵੈਂ ॥੩੫॥
ਤਿਨ ਕੇ ਸੇਵਕ ਦੁਇ ਕਰ ਜੋਰਿ।
ਬਿਨੈ ਕਰੀ ਲਹਿ ਛੁਧਿ ਦੁਖ ਘੋਰ।
ਸ੍ਰੀ ਪ੍ਰਭੁ ਜੀ ! ਅਬਿ ਹ੍ਵੈਂ ਹਤਿ ਪ੍ਰਾਨ।
ਬਿਨਾ ਅੰਨ ਤੇ ਜੀਵਤ ਹਾਨ ॥੩੬॥
ਭੋਜਨ ਦੇਹੁ ਕਿ ਦਿਹੁ ਸੰਤੋਸ਼ਾ।
ਜਿਸ ਤੇ ਹਮ ਕੋ ਹੋਇ ਭਰੋਸਾ।
ਆਪ ਕ੍ਰਿਪਾਲ ਕਰਹੁ ਪ੍ਰਭੁ ਕਰੁਨਾ।
ਨਰ ਘੇਰੇ ਮਹਿਂ ਸਭਿ ਤੁਮ ਸ਼ਰਨਾ ॥੩੭॥
ਹਾਡ ਚਾਮ ਤੇ ਤਨ ਬਨਿ ਰਹੇ।
ਬਲ ਪਲ[1] ਰਕਤ ਨ ਰੰਚਕ ਅਹੇ।
ਸਹੈਂ ਕਹਾਂ ਲਗਿ ਸੰਕਟ ਏਤ।
ਚਹੀਏ ਨਿੱਤ ਜੁ ਖੈਬੇ ਹੇਤ' ॥੩੮॥

[1]ਖੜੇ ਸੁੱਕਦੇ ਹਨ।

[1]ਦੁਖਦਾਈ।

[1]ਮਾਸ।

ਸੁਨਿ ਸਭਿ ਤੇ ਅਨਸੁਨ ਹੀ ਕੀਨਿ[1]।
ਬ੍ਰਿਤੀ ਉਦਾਸ ਨ ਉੱਤਰ ਦੀਨ।
ਦ੍ਰਿਸ਼ਟਿ ਬਿਖੈ ਕਰਿ ਸਭਿ ਇਕ ਸਾਰੀ।
ਗਏ ਬਹੁਤ ਤੂਸ਼ਨ ਮੁਖ ਧਾਰੀ ॥੩੯॥
ਸ਼੍ਰੋਤਾ ! ਸੁਨਹੁ ਕਹਤਿ ਬ੍ਰਿਧ ਭਾਈ[1]।
ਕਿਤ ਮਗ ਮੈਂ ਪਹੁੰਚਯੋ ਤਹਿਂ ਜਾਈ[1]†।

ਦਰਸ਼ਨ ਕਰਿ ਪਦ ਟੇਕਯੋ ਮਾਥਾ।
ਖੁਸ਼ੀ ਕਰੀ ਬਹੁ ਸ੍ਰੀ ਗੁਰ ਨਾਥਾ ॥੪੦॥
ਬਹੁਰ ਜਾਇ ਮੈਂ ਡੇਰਾ ਕਰਯੋ।
ਸਰਬ ਦੁਰਗ ਸਿੰਘਨਿ ਸੁਨਿ ਪਰਯੋ।
ਮਿਲਿ ਕੈ ਸਭਿ ਆਏ ਮੁਝ ਪਾਸ।
ਮਹਾਂ ਛੁਧਾਤਰ ਜਿਯਨ ਨ ਆਸ ॥੪੧॥
ਕਹਯੋ ਸਭਿਨਿ 'ਸਤਿਗੁਰ ਕੇ ਪਾਸ।
ਚਲਿ ਕੈ ਆਪ ਕਰਹੁ ਅਰਦਾਸ।
-ਸਾਥ ਸੁਖੀ ਰਖਿ ਰਿਪੁ ਕੋ ਮਾਰਨ[1]-।
ਇਹ ਕੀਨਸਿ ਉਪਦੇਸ਼ ਉਚਾਰਨਿ ॥੪੨॥
ਸੋ ਅਬਿ ਸਮਾ ਆਪ ਪ੍ਰਭੁ ਕਰੀਏ।
ਮਰਤਿ ਸਭਿਨਿ ਕੇ ਪ੍ਰਾਨ ਉਬਰੀਏ।
ਦੇਹੁ ਅੰਨ, ਜਿਸ ਤੇ ਬਚਿ ਰਹੈਂ।
ਨਹੀਂ ਛੁਧਾ ਕੇ ਸੰਕਟ ਸਹੈਂ' ॥੪੩॥
ਸਭਿ ਕੀ ਗਤਿ ਜੁਤਿ ਕਸ਼ਟ ਨਿਹਾਰੀ।
ਜਥਾ ਕ੍ਰਿਖੀ ਸੂਰਤਿ ਬਿਨ ਬਾਰੀ।
ਇਕ ਦਿਨ ਬੀਚ ਪਾਇ[1], ਗੁਰ ਪਾਸ।
ਸਭਿ ਦਿਸ਼ ਤੇ ਕੀਨਸਿ ਅਰਦਾਸ ॥੪੪॥
'ਹਾਥ ਜੋਰਿ ਮੈਂ ਕਹੌਂ ਬ੍ਰਿਤੰਤ।
ਸੁਨੀਏ ਪ੍ਰਭੁ ਮਾਲਕ ਭਗਵੰਤ !
ਨਿਜ ਕੁਟੰਬ ਕੀ ਸੁਧਿ ਨਹਿਂ ਲੇਤਿ।
ਜਿਨ ਕੋ ਆਇ ਪੁਜਯੋ ਮ੍ਰਿਤੁ ਹੇਤ ॥੪੫॥
ਬਿਨ ਭੋਜਨ ਇਕ ਦਿਨ ਬਿਤਵਾਇ।

[1]ਭਾਵ ਗੁਰੂ ਜੀ ਨੇ ਸੁਣਕੇ ਅਣਸੁਣੀ ਕਰ ਦਿੱਤੀ।

[1]ਭਾਈ ਰਾਮ ਕੌਰ ਸਾਹਿਬ ਜੀ ਕਹਿੰਦੇ ਹਨ ਕਿ.......।

[1]ਮੈਂ ਕੋਈ ਰਸਤਾ (ਪਾਕੇ) ਓਥੇ (ਅਨੰਦਪੁਰ ਘੇਰੇ ਵਿਚ) ਜਾ ਪਹੁੰਚਾ। †ਦੇਖੋ ਗੁਰ ਬਿ: ਧਿਆ ੨੦; ਅੰਕ ੧੨੨।

[1]ਸਾਥੀਆਂ ਨੂੰ ਸੁਖੀ ਰੱਖਕੇ ਤੇ ਵੈਰੀਆਂ ਨੂੰ ਮਾਰਨਾ ਹੈ।

[1]ਇਕ ਦਿਨ ਦਾ ਫਰਕ ਪਾਕੇ।

ਪ੍ਰਾਨੀ ਕੀ ਸੁਧਿ ਬੁਧਿ ਸਭਿ ਜਾਇ।
ਬੀਤਜੋ ਮਾਸ ਛੁਧਿਤਿ ਹੀ ਰਹਿਤੇ।
ਨਹੀਂ ਪਾਉ ਭੀ ਇਕ ਦਿਨ ਲਹਿਤੇ
॥੪੬॥
ਕਸਿ ਕਟ ਬਹੁਰੋ ਜੰਗ ਕਰੰਤੇ।
ਬਿਨ ਅਧਾਰ ਯਾਂ ਤੇ ਬਿਸਮੰਤੇ।
ਰਾਤਿ ਸਕਲ ਮਹਿਂ ਜਾਗ੍ਰਨ ਕਰੈਂ।
ਬੈਠਿ ਮੋਰਚਨਿ ਦਿਨ ਮਹਿਂ ਲਰੈਂ ॥੪੭॥
ਬਾਰਨ, ਬਾਜੀ[1], ਬੀਰ ਬਿਸਾਲੇ। [1]ਹਾਥੀ, ਘੋੜੇ।
ਸਰਬ ਭਾਂਤ ਕੇ ਸੇਵਕ ਜਾਲੇ।
ਦਰਸ ਆਪ ਕੋ, ਇਸੀ ਭਰੋਸੇ।
ਬੀਤਹਿ ਸਭਿ ਦਿਨ ਧਰਿ ਸੰਤੋਸ਼ੇ ॥੪੮॥
ਜੀਵਨ ਹੇਤੁ ਅਪਰ ਨਹਿਂ ਜਾਨਾ।
ਧਜਾਨ ਆਪ ਕੋ ਜਾਇ ਨ ਪ੍ਰਾਨਾ।
ਸਭਿ ਅਲਪੱਗਜ ਕਹਾਂ ਗਤਿ ਜਾਨੈਂ।
ਲਖਹੁ ਆਪ ਹੀ ਜੋ ਕ੍ਰਿਤ ਠਾਨੈਂ ॥੪੯॥
ਅਬਿ ਮਰਿਬੇ ਮਹਿਂ ਦੇਰ ਨ ਕੋਈ।
ਬੋਲ ਸਕਹਿਂ ਨਹਿਂ ਬਿਹਬਲ ਹੋਈ।
ਚਹੂੰ ਓਰ ਤੁਰਕਨਿ ਕੋ ਘੇਰਾ।
ਯਾਂ ਤੇ ਸਭਿ ਕੋ ਕਸ਼ਟ ਬਡੇਰਾ' ॥੫੦॥
ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰੁਤੇ 'ਛੁਧਤ' ਪ੍ਰਸੰਗ ਬਰਨਨੰ ਨਾਮ ਤੀਨ ਬਿੰਸਤੀ ਅੰਸੂ ॥੨੩॥

੨੪. [ਇਕ ਸਿੱਖ ਨੇ ਪਾਰਸ ਭੇਟਾ ਕੀਤਾ]

੨੩<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੫

ਦੋਹਰਾ:

ਸੁਨਿ ਕਰਿ ਬਿਨੈ ਜੁ ਮੈਂ ਕਹੀ, ਕ੍ਰਿਪਾ ਨਿਧਾਨ ਸੁਜਾਨ।
ਦੇਨਿ ਲਗੇ ਪੁਨ ਅੰਨ ਕੋ, ਪਰਖੇ ਸਿੰਘ ਮਹਾਨ ॥੧॥

ਚੌਪਈ:

ਦੇ ਕਰਿ ਕਸ਼ਟ ਸ਼ੁੱਧ ਉਰ ਕਰੇ।
ਉਚਿਤ ਮਹਾਂ ਸੁਖ ਕੋ ਉਰ ਧਰੇ।
ਤ੍ਰਿਪਤਿ ਭਏ ਸਭਿ ਪਾਇ ਅਹਾਰਾ।
ਗਜ ਬਾਜੀਨਿ ਦੀਨਿ ਤਬਿ ਚਾਰਾ ॥੨॥
ਜੇ ਮਰਿ ਗਏ ਗੁਰੂ ਪੁਰਿ ਬਸੇ।
ਜੀਵਤਿ ਲਰਤਿ ਫਿਰਤਿ ਕਟ ਕਸੇ।
ਕੇਤਿਕ ਦਿਵਸ ਬਿਤੇ ਸੁਖ ਪਾਈ।
ਕਿਸੂ ਦੇਸ਼ ਤੇ ਸੰਗਤਿ ਆਈ ॥੩॥
ਘੇਰਾ ਹੇਰਿ ਠਠਕ ਹਿਯ ਰਹੇ।
ਜਤਨ ਰਚਹਿਂ -ਕਿਮ ਗੁਰਮੁਖਿ ਲਹੇ[1]-।
ਘਾਤ ਪਾਇ ਕਿਸ ਹੂੰ ਧਨ ਦੀਨੋ।
ਅੰਤਰਿ ਜਾਇ ਪ੍ਰਵੇਸ਼ਨ ਕੀਨੋ ॥੪॥
ਸਤਿਗੁਰ ਕੋ ਦਰਸ਼ਨ ਸੁਖੁ ਪਾਇ।
ਭਾਂਤਿ ਭਾਂਤਿ ਕੀ ਭੇਟ ਚਢਾਇ।
ਏਕ ਸਿੱਖ ਤਿਨ ਮਹਿਂ ਗੁਨਵੰਤਾ।
ਪਾਰਸ ਪਾਸ ਛੁਪਾਇ ਰਖੰਤਾ ॥੫॥
ਤੁਰਕ ਆਦਿ ਜੇ ਅਪਰ ਨਰੇਸ਼ਾ।
ਤਿਨ ਤੇ ਧਾਰਹਿ ਤ੍ਰਾਸ ਵਿਸ਼ੇਖਾ।
ਦੇਖਿ ਦਸਾ ਤਹਿਂ ਸਿੰਘਨਿ ਕੇਰੀ।
ਨਿਖੁਟੀ ਸਕਲ ਵਸਤੁ ਇਸ ਬੇਰੀ ॥੬॥
-ਸਭਿ ਹੀ ਕਸ਼ਟ ਪਾਇ ਕਰਿ ਰਹੇ।
ਮਨ ਭਾਵਤਿ ਭੋਜਨ ਨਹਿਂ ਲਹੇ।
ਇਹ ਪਾਰਸ ਮੈਂ ਗੁਰ ਕੋ ਦੈ ਕੈ।
ਦਾਰਿਦ ਸਕਲ ਬਿਨਾਸ਼ੀ ਕੈ ਕੈ ॥੭॥
ਸੁਖ ਸੋ ਲਹੈਂ ਮਹਾਂ ਫਲ ਏਹ[1]।
ਪ੍ਰਭੁ ਪ੍ਰਸੰਨ ਹੋਇਂ ਜਬਿ ਲੇਹਿਂ-।

[1]ਕਿਵੇਂ ਗੁਰਾਂ ਦੇ ਮੁਖ ਦਾ ਦਰਸ਼ਨ ਕਰੀਏ।

[1]ਸੁਖ ਨਾਲ ਲੈਣਗੇ (ਵਸਤੂਆਂ ਨੂੰ ਸਿੰਘ) ਇਸ ਦਾ ਬੜਾ ਫਲ ਹੋਵੇਗਾ।

ਇਮ ਬਿਚਾਰ ਤਤਕਾਲ ਨਿਕਾਸਾ।
ਧਰਜੋ ਚਰਨ ਅਰਬਿੰਦਨਿ ਪਾਸਾ ॥ ੮ ॥
ਮਨ ਮਹਿਂ ਕਰਿ ਹੰਕਾਰ ਘਨੇਰਾ।
ਹਾਥ ਜੋਰਿ ਬੋਲਜੋ ਤਿਸ ਬੇਰਾ।
'ਪ੍ਰਭੁ ਜੀ ! ਇਹ ਪਾਰਸ ਮੈਂ ਦੀਨ।
ਜਿਸ ਤੇ ਸਭਿ ਦਾਰਿਦ ਹੁਇ ਹੀਨ ॥ ੯ ॥
ਸ਼੍ਰੀ ਗੁਰ ਕੋ ਬਹੁ ਕਾਜ ਸੁਧਾਰੈ।
ਤੁਰਕਨਿ ਤੇ ਨਾਂਹਿਨ ਦਲ ਹਾਰੈ।
ਮਨ ਭਾਵਤਿ ਧਨ ਕਰੈ, ਗੁਸਾਈਂ !
ਦੁਖ ਭੁਖ ਸਭਿ ਕੋ ਦੇਹਿ ਗੁਵਾਈ'
॥ ੧੦ ॥
ਇਮ ਕਹਿ ਮਨ ਮਹਿਂ ਗਰਬ ਕਰੰਤਾ।
-ਮੈਂ ਗੁਰ ਪਰ ਉਪਕਾਰ ਧਰੰਤਾ-।
ਜਾਨਿ ਰਿਦੇ ਕੀ ਕਰ ਮਹਿਂ ਗਹਜੋ।
ਨੀਕੀ ਰੀਤਿ ਸੁ ਪਾਰਸ ਲਹਜੋ[1] ॥ ੧੧ ॥
ਪੁਨ ਜਲ ਮਹਿਂ ਸੋ ਦਯੋ ਬਗਾਈ।
ਜਹਿਂ ਤੇ ਖੋਜੇ ਹਾਥ ਨ ਆਈ।
ਹੇਰਤਿ ਸਿੱਖ ਭਯੋ ਹੈਰਾਨਾ।
ਇਕ ਟਕ ਪ੍ਰਭੁ ਕੋ ਦੇਖਨਿ ਠਾਨਾ ॥ ੧੨ ॥
-ਵਸਤੁ ਅਮੋਲਕ ਦੁਰਲਭ ਭਾਰੀ।
ਕਿਤਹੁੰ ਨ ਪੱਯਤਿ ਜਗਤ ਮਝਾਰੀ।
ਤਿਸ ਕੀ ਕੀਮਤਿ ਗੁਰੂ ਨ ਜਾਨੀ।
ਪਾਹਨ ਸਮ ਗੇਰਜੋ ਬਿਚ ਪਾਨੀ ॥ ੧੩ ॥
ਕਜੋਂ ਮੈਂ ਦਿਯੋ- ਬਿਸੂਰਤ ਘਨੋ।
ਭਯੋ ਚਿੰਤ ਬਸਿ ਕੈਦੀ ਮਨੋ।
ਉਰ ਸੰਤਾਪ ਮੇਟਿਬੇ ਕਾਰਨ।
ਸ਼੍ਰੀ ਪ੍ਰਭੁ ਕੀਨੋ ਬਾਕ ਉਚਾਰਨ ॥ ੧੪ ॥
'ਕਹਾਂ ਦਰਬ ਤੇਰੋ ਕੁਛ ਗਯੋ ?
ਮੁਖ ਮੁਰਝਾਇ ਬਿਸੂਰਤਿ ਭਯੋ।
ਪਥਰੀ ਅਰਪਨ ਕਰਿ ਧਰਿ ਭਾਇ।
ਲਖੀ ਨਿਕੰਮੀ ਦਈ ਬਗਾਇ' ॥ ੧੫ ॥
ਕਰ ਜੋਰਤਿ ਸਿਖ ਕਹਿਤ ਅਗੇਰੇ।

[1](ਸਤਿਗੁਰਾਂ ਨੇ) ਦੇਖਿਆ।

'ਪਥਰੀ ਜਿਨ ਜਾਨਹੁ[1] ਗੁਰ ਮੇਰੇ ! [1]ਪੱਥਰੀ ਨਾ ਜਾਣੋ।
ਨਹਿਂ ਅਵਨੀ ਥਲ ਮਹਿਂ ਕਿਸ ਥਾਨਾ।
ਇਹ ਪਾਰਸ ਜਾਨਹੁਂ ਗੁਨਵਾਨਾ ॥੧੬॥
ਬਾਜੀ, ਬਾਰਨ, ਬੀਰ[1] ਬਿਸਾਲੇ। [1]ਘੋੜੇ, ਹਾਥੀ, ਸੂਰਮੇ।
ਦੇਖੇ ਛੁਧਤਿ ਸਭੈ ਜਨ ਜਾਲੇ।
ਲਰਤਿ ਘਨੋ ਤੁਰਕਨ ਕੇ ਸੰਗ।
ਜਾਨਜੋਂ ਦਾਰਿਦ ਕੇਰ ਪ੍ਰਸੰਗ ॥੧੭॥
ਦੇ ਹੌਂ ਗੁਰ ਕੋ ਦਰਬ ਉਪਾਵੈਂ।
ਰਖਿ ਸੈਨਾ ਬਡ ਜੰਗ ਮਚਾਵੈਂ।
ਸਗਲ ਜਗਤ ਹ੍ਵੈ ਹੈ ਅਨੁਸਾਰੀ।
ਜਿਸ ਕੋ ਚਹੈਂ ਰਖੈਂ ਦੇ ਮਾਰੀ ॥੧੮॥
ਰਾਵਰ ਕਰੀ ਕ੍ਰਿੱਤ ਅਬਿ ਐਸੇ।
ਗੇਰਜੋ ਪਾਰਸ ਪਾਹਨ ਜੈਸੇ।'
ਸੁਨਿ ਗੁਰ ਸਿਥਲ ਹੋਇ ਕਰ ਕਹਜੋ[1]। [1]ਢਿੱਲੇ ਜਿਹੇ ਹੋਕੇ ਕਿਹਾ।
'ਸੋ ਹਮ ਨੇ ਪਾਰਸ ਨਹਿਂ ਲਹਜੋ ॥੧੯॥
ਜੇ ਕੀਮਤਿ ਜਾਨਤਿ ਬਡ ਤਾਂਹੀ।
ਤੌ ਕਜੋਂ ਗੇਰ ਦੇਤਿ ਜਲ ਮਾਂਹੀ।
ਅਬਿ ਚਿੰਤਾ ਨਿਜ ਰਿਦੇ ਬਿਸਾਰੋ।
ਪਾਰਸ ਹਮਰੋ ਦੇਹ ਬਿਚਾਰੋ ॥੨੦॥
ਸਭਿ ਮਾਇਆ ਜਿਨ ਕੇ ਅਨੁਸਾਰੀ।
ਚਹੈਂ ਦੇਤਿ[1] ਚਹਿ ਛੀਨੈਂ ਸਾਰੀ।' [1]ਚਾਹੀਏ ਦੇਵੀਏ।
ਸੁਨਿ ਸਿਖ ਤੂਸ਼ਨ ਮਨ ਮਹਿਂ ਕਹਜੋ।
-ਕਿਮ ਜਾਨਹਿਂ ਕੁਛ ਹਮ ਨਹਿਂ ਲਹਜੋ ॥੨੧॥
ਸਕਲ ਜਗਤ ਕੇ ਮਾਲਿਕ ਜੋਈ।
ਤੌ ਪਾਰਸ ਦਿਖਰਾਵਹਿਂ ਸੋਈ।
ਕੈ ਪਾਰਸ ਸਮ ਛੁਇ ਕੈ ਕਾਹੂੰ।
ਕੰਚਨ ਕਰਹਿਂ ਬਨਾਵਨਿ ਤਾਂਹੂ ॥੨੨॥
ਪਤਾ ਰਿਦੇ ਮੋਰੇ ਤਬਿ ਆਵੈ।
ਬਨਿ ਦੇਖੇ ਕਿਮ ਮਨ ਪਤਿਆਵੈ-।
ਇੱਤਜਾਦਿਕ ਗਿਨਤੀ ਬਹੁ ਕਰਿ ਕੈ।
ਬੈਠਿ ਰਹਜੋ ਚਿਤ ਚਿੰਤਾ ਧਰਿ ਕੈ

॥੨੩॥
ਤਿਸ ਕੀ ਲਖਿ ਕੈ ਗਤਿ ਮਹਾਰਾਜਾ।
ਸਿਖ ਕੋ ਭਰਮ ਮਿਟਾਵਨਿ ਕਾਜਾ।
ਕਰਨਿ ਪਿਸ਼ਾਬ ਉਠੇ ਚਲਿ ਗਏ।
ਬੈਠਿ ਨਿਕਟ ਹੀ ਛੋਰਤਿ ਭਏ[1] ॥੨੪॥ [1]ਭਾਵ ਪਿਸ਼ਾਬ ਕੀਤਾ।
ਉਠਿ ਕਰਿ ਖਰੇ ਭਏ ਤਬਿ ਹੇਰੇ।
ਤਿਹ ਸਿਖ ਕੋ ਲੇ ਆਖਯ ਨੇਰੇ[1]। [1]ਉਸ ਸਿੱਖ ਨੂੰ ਨਾਉਂ ਲੈਕੇ ਨੇੜੇ (ਸੱਦਿਆ)।
ਆਨਹੁ ਜਲ ਕੋ ਹਾਥ ਪਖਾਰੈਂ।
ਸੁਨਿ ਕਰਿ ਲੇ ਪਹੁੰਚਯੋ ਤਿਸ ਬਾਰੈਂ
॥੨੫॥
ਥਿਤ ਹ੍ਵੈ ਗੁਰ ਕੇ ਹਾਥ ਧੁਵਾਏ।
ਸਿਖ ਪਿਸ਼ਾਬ ਦਿਸ਼ ਦ੍ਰਿਸ਼ਟਿ ਚਲਾਏ।
ਜਹਿਂ ਜਹਿਂ ਧਾਰਾ ਧਰਨੀ ਪਰੀ।
ਕੁੰਦਨ[1] ਕੀ ਜਗਮਗ ਦੁਤਿ ਕਰੀ ॥੨੬॥ [1]ਸੋਨੇ ਦੀ।
ਕਿਤਿਕ ਦੇਰਿ ਲਗਿ ਰਹਯੋ ਬਿਚਾਰਤਿ।
ਠੀਕ ਕਰਨ ਕੋ[1] ਨੀਕ ਨਿਹਾਰਤਿ। [1]ਤਸੱਲੀ ਕਰਨ ਨੂੰ।
ਚਾਮੀਕਰ ਭਾ ਨਿਸ਼ਚੈ ਕੀਨ।
ਬੈਠਯੋ ਆਨਿ ਹਰਖ ਤੇ ਹੀਨ ॥੨੭॥
ਮਹਿਮਾ ਲਖੀ, ਤਊ ਪਛੁਤਾਵੈ।
-ਕਯੋਂ ਮੈਂ ਦਿਯੋ ਜਿ ਬਾਦ ਗੁਵਾਵੈਂ[1]-। [1]ਜੋ ਬਿਰਥਾ ਗੁਵਾਉਣਾ ਸੀ।
ਮਨਹੁ ਲੂਟ ਲੀਨੋ ਬਨ ਮਾਂਹੂ।
ਗਿਨਤੀ ਗਨਤਿ ਅਨਿਕ ਮਨ ਮਾਂਹੂ
॥੨੮॥
ਸਿਖ ਕੀ ਚਿੰਤਾ ਹਤਨੇ ਹੇਤਾ।
ਬੋਲੇ ਸ਼੍ਰੀ ਸੋਢੀ ਕੁਲ ਕੇਤਾ।
'ਜੇ ਅਭਿਲਾਖਤਿ ਹੈ ਚਿਤ ਪਾਰਸ।
ਤੌ ਜਲ ਮਹਿਂ ਬਰੀਐ ਤਜਿ ਆਰਸ[1] [1]ਆਲਸ।
॥੨੯॥
ਟੁਬਕੀ ਲਾਉ ਬੀਨ ਲੈ ਆਉ।
ਰਾਖਹੁ ਸਮੀਪ ਰਿਦੈ ਹਰਖਾਉ।'
ਉਠਿ ਨ ਸਕੈ ਸੁਨਿ ਕੈ ਦਬਿ ਲਾਜਾ[1]। [1]ਲੱਜਾ ਨਾਲ ਦੱਬਿਆ।
ਛੋਰਿ ਨ ਸਕੈ ਲਹੈ ਬਡ ਕਾਜਾ ॥੩੦॥

ਕਿਤਿਕ ਬਿਲਮ ਕਰਿ ਕਹਿ ਗੁਰ ਬਾਨੀ[1]। [1]ਗੁਰੂ ਜੀ ਨੇ ਬਚਨ ਕੀਤਾ।
'ਲਿਹੁ ਪਾਰਸ ਬਰੀਅਹਿ ਬਿਚ ਪਾਨੀ।'
ਨਹਿਂ ਉਠਿ ਸਕ੍ਯੋ, ਬਹੁਰ ਗੁਰ ਕਹ੍ਯੋ।
ਨੀਠ ਨੀਠ ਉਠਿ ਬਰਿਬੋ ਚਹ੍ਯੋ ॥੩੧॥
ਮੂੰਦੇ ਨੈਨ ਕਾਨ ਅਰੁ ਨਾਸਾ।
ਲਾਵਤਿ ਟੁਬਕੀ ਪਿਖ੍ਯੋ ਤਮਾਸ਼ਾ।
ਪਾਰਸ ਸੰਚੇ ਗੰਜ ਘਨੇਰੇ।
ਜਬਰ ਜਵਾਹਰ ਜੋਤਿ ਬਡੇਰੇ ॥੩੨॥
ਬਰਣ ਬਰਣ ਕੀ ਮਣਿ ਗਣ ਜਹਾਂ।
ਪਿਖਤਿ ਸਿੱਖ ਬਿਸਮ੍ਯੋ ਮਨ ਮਹਾਂ।
ਹੀਰੇ ਉੱਜਲ ਮੁਕਤਾ ਗੋਲ।
ਪਰੇ ਬਿਕੀਮਤ ਜਹਾਂ ਅਤੋਲ ॥੩੩॥
ਸੁਨੇ ਨ ਦੇਖੇ ਅਜਬ ਜਵਾਹਰ।
ਬਿਦਤ ਜੋਤਿ ਜਿਨ ਹੂੰ ਕੀ ਜ਼ਾਹਰ।
ਨੌ ਨਿੱਧਾਂ ਗੁਰ ਕੇਰਿ ਖਜ਼ਾਨਾ[1]। [1]ਖਜ਼ਾਨੇ।
ਪਿਖੀ ਬਿਭੁਤਿ ਮਹਾਂਨ ਮਹਾਨਾ ॥੩੪॥
ਨਿਕਸ੍ਯੋ ਤਤ ਛਨ ਭ੍ਰਮ ਕੋ ਖੋਵਾ।
ਪਿਖਿ ਪਰਚਾ[1] ਨਿਰਮਲ ਸਿਖ ਹੋਵਾ। [1]ਕਰਾਮਾਤ।
ਲਪਟ੍ਯੋ ਚਰਨ ਸਰੋਜਨ ਜਾਈ।
'ਛਮਹੁ ਛਮਹੁ ਲਖਿ ਦਾਸ ਗੁਸਾਈਂ!
॥੩੫॥
ਅਹੌਂ ਅਜਾਨ, ਨ ਮਹਿਮਾ ਜਾਨੀ।
ਅਬਿ ਜਾਨੀ ਜੇ ਕਰੁਨਾ ਠਾਨੀ।
ਲਖ੍ਯੋ ਨਹੀਂ ਕੁਛ ਭੇਵ ਤੁਮਾਰਾ।
ਕਹਾਂ ਚਰਿੱਤ੍ਰ ਆਪ ਨੇ ਧਾਰਾ ॥੩੬॥
ਕੋਟਹੁ ਸੁਰਤਰੁ[1] ਅਰ ਸੁਰਧੇਨੁ। [1]ਕਲਪ ਬ੍ਰਿੱਖ।
ਕੋਟਹੁ ਪਾਰਸ ਤੁਮ ਪਗ ਰੇਨੂ।
ਮੈਂ ਮੂਰਖ ਗਰਬ੍ਯੋ ਕੁਛ ਥੋਰੇ[1]। [1]ਥੋੜੇ ਤੇ ਹੀ।
ਜਾਨੇ ਨਹਿਂ ਐਸ਼੍ਵਰਜ ਪ੍ਰਭੁ ਤੋਰੇ ॥੩੭॥
ਸਭਿ ਜਗ ਮੰਗਤ ਇਕ ਤੁਮ ਦਾਤੇ।
ਦਾਨ ਆਪ ਕੋ ਸੁਰ ਨਰ ਖਾਤੇ।
ਪਾਰਸ ਧਾਤ ਛੁਏ ਜਬਿ ਕੋਊ।

ਕੰਚਨ ਰੂਪ ਹੋਤਿ ਹੈ ਸੋਊ ॥੩੮॥
ਤੁਮਰੋ ਥੂਕ ਧਰਨ ਪਰ ਪਰੈ।
ਮਾਟੀ ਤੇ ਪਾਰਸ ਕੋ ਕਰੈ।
ਚਹਹੁ ਦਾਸ ਕੋ ਨਉ ਨਿਧਿ ਦੈਹੋ।
ਛੀਨ ਇੰਦਰ ਕੋ ਰੰਕ ਬਨੈਹੋ ॥੩੯॥
ਸਕਲ ਕਲਾ ਸਮਰਥ ਸੁਖ ਦਾਤਾ।
ਅਬਿ ਕੁਛ ਭੇਦ ਆਪ ਕੋ ਜਾਤਾ।'
ਸੁਨਿ ਕਲਗ਼ੀਧਰ ਪੁਨ ਸਮੁਝਾਯੋ।
'ਤੇਰੇ ਉਰ ਕੋ ਭਰਮ ਮਿਟਾਯੋ ॥੪੦॥
ਆਗੇ ਸਿੱਖਜਾ ਦ੍ਰਿੜ੍ਹ ਇਮ ਧਰੀਏ।
ਮਹਾਂ ਪੁਰਖ ਕੇ ਨਿਕਟ ਸਿਧਰੀਏ।
ਉਰ ਮੈਂ ਧਰਹੁ ਨ ਗਰਬ ਬਡਾਈ।
ਸਭਿ ਬਿਧਿ ਨਿਜ ਮਹਿਂ ਲਖਿ ਲਘੁਤਾਈ ॥੪੧॥
ਆਦਿ ਤੁਰਕਪਤਿ ਅਪਰ ਨਰੇਸ਼ਾ।
ਲਾਖਹੁਂ ਲਖਹਿਂ ਜਿ ਸ਼ੱਤ੍ਰ ਅਸ਼ੇਸ਼ਾ।
ਏਕ ਬਾਨ ਕੀ ਮਾਰ ਨ ਸੋਈ।
ਕਰੌਂ ਭਸਮ ਸਗਰੋ ਜਗ ਜੋਈ ॥੪੨॥
ਮਾਨੁਖ ਬਪੁਰੇ ਕਹਾਂ ਅਗਾਰੀ।
ਕਰੌਂ ਸੁਰਾਸੁਰ ਤ੍ਰਾਸਤਿ ਭਾਰੀ।
ਕਲੀ ਕਾਲ ਨਰ ਲੀਲਾ ਜੈਸੇ।
ਬਰਤੈਂ ਤਿਸ ਅਨੁਸਾਰੀ ਤੈਸੇ ॥੪੩॥
ਬਾਜੀ, ਬਾਰਨ, ਬੀਰ ਜੁ ਭੂਖੇ।
ਸਹਜੋ ਅਨੇਕ ਰੀਤਿ ਇਨ ਦੂਖੇ।
ਸ਼ੁੱਧ ਆਤਮੇ ਹੁਇ ਹੁਇ ਮਰੈਂ।
ਸੰਚਤਿ ਕਰਮ ਸਕਲ ਹੀ ਜਰੈਂ[1] ॥੪੪॥

[1]ਸੰਚਤ ਕਰਮ (ਜਿਨ੍ਹਾਂ ਦਾ ਅਜੇ ਫਲ ਹੋਣਾ ਹੈ) ਉਹ ਸਭ ਸੜ ਜਾਣਗੇ।

ਮੁਕਤਿ ਸਮੀਪ ਲਹੈਂ ਪੁਨ ਸਾਰੇ।
ਨ੍ਰਿਪਤਿ ਬਨਹਿਂ ਜੇ ਕਾਮਨ ਧਾਰੇ[1]।

[1]ਜੋ ਕਾਮਨਾ ਧਾਰਨ ਵਾਲੇ ਹਨ।

ਚਾਰ ਪਦਾਰਥ ਕਰ ਤਲ ਪਾਵੈਂ।
ਬਿਨ ਤਪ ਤਪੇ ਹਾਥ ਨਹਿਂ ਆਵੈ ॥੪੫॥
ਸਭਿ ਬਿਧਿ ਇਨ ਕੋ ਕਰਹਿਂ ਭਲੇਰੋ।
ਜੋ ਇਕ ਬਾਰ ਬਨਜੋ ਸਿਖ ਮੇਰੋ।

ਹੁਇ ਸਹਾਇ ਕਰਿ ਹੌਂ ਕਲਜਾਨਾ।
ਜਨਮ ਮਰਨ ਗਨ ਸੰਕਟ ਹਾਨਾ ॥੪੬॥
ਇਸ ਤੇ ਆਦਿ ਹੇਤ ਹੈਂ ਆਨ[1]।
ਜਾਨੈਂ ਮੇਰੇ ਸਿੱਖ ਮਹਾਨ।'
ਸਿਖ ਤਬਿ ਕਹਜੋ 'ਖੇਲ ਸਭਿ ਠਾਨੋ।
ਅਪਨੇ ਚਰਿਤ ਆਪ ਹੀ ਜਾਨੋ ॥੪੭॥
ਹਮ ਅਲਪੱਗਜ ਕਹਾਂ ਕਹਿ ਜਾਨੈਂ[1]।
ਜਥਾ ਜੋਗ ਤੁਮ ਕੌਤਕ ਠਾਨੈਂ।'
ਸੁਨਿ ਪ੍ਰਸੰਨ ਗੁਰ ਤਾਂਹਿ ਬਖਾਨਾ।
'ਮਾਂਗਹੁ ਬਰ ਇੱਛਾ ਜਿਮ ਠਾਨਾ' ॥੪੮॥
ਹਾਥ ਜੋਰਿ ਸਿਖ ਤਬੈ ਸੁਨਾਯੋ।
'ਤੁਮ ਦਰਸ਼ਨ ਤੇ ਸਭਿ ਕਿਛ ਪਾਯੋ।
ਜੇ ਅਬਿ ਦਯੋ ਚਹਤਿ ਗੁਰ ਮੇਰੇ।
ਮੇਟ ਦੇਹੁ ਭਵਜਲ ਕੇ ਫੇਰੇ ॥੪੯॥
ਤੁਮਰੇ ਸੰਗ ਪ੍ਰਸੰਗ ਜਿ ਮੇਰਾ।
ਜੇ ਨਰ ਪਢਹਿਂ ਸੁਨਹਿਂ ਇਕ ਬੇਰਾ।
ਸੋ ਸਿਖ ਸ਼ਰਧਾ ਗੁਰ ਕੀ ਪਾਇ।
ਤੁਮਰੇ ਚਰਨਨਿ ਜਾਇ ਸਮਾਇ' ॥੫੦॥
ਗੁਰੂ 'ਤਥਾਸਤੁ[1]' ਤਬਿ ਕਹਿ ਦੀਨ।
ਪਾਸ ਰਹਜੋ ਪੁਨ ਸਿੱਖ ਪ੍ਰਬੀਨ।
ਪ੍ਰੇਮ ਪਾਇ ਗੁਰ ਸੋਂ ਲਿਵਲਾਗੀ।
ਮੁਕਤਿ ਉਚਿਤ ਹੋਯੋ ਬਡਭਾਗੀ ॥੫੧॥

[1]ਹੋਰ ਵੀ।
[1]ਕੀਹ ਕੀਹ ਜਾਣਦੇ ਹਾਂ।
[1]ਐਸਾ ਹੀ ਹੋਵੇਗਾ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰੁਤੇ 'ਪਾਰਸ' ਪ੍ਰਸੰਗ ਬਰਨਨੰ ਨਾਮ ਚਤੁਰਬਿੰਸਤੀ ਅੰਸੂ ॥੨੪॥

੨੫. [ਮਾਤਾ ਜੀ ਦੀ ਸਿਪਾਰਸ਼]

੨੪<<ਪਿਛਲਾ ਅੰਸੂ ਸੰਖੇਪ ਲਿੰਕ – ਤਤਕਰਾ ਅਗਲਾ ਅੰਸੂ>>੨੬

ਦੋਹਰਾ:

ਕੇਤਿਕ ਦਿਨ ਬੀਤੇ ਬਹੁਰ, ਬਨੀ ਕਠਨ ਸਭਿਹੂੰਨ।
ਖਾਨ ਪਾਨ ਨਿਖੁਟ੍ਯੋ ਜਬੈ; ਛੁਧਤਿ, ਤ੍ਰਿਪਤਿ ਕਿਸ ਹੂੰ ਨ[1] ॥੧॥

[1]ਰੱਜ ਕਿਸੇ ਨੂੰ ਨਾ ਆਵੇ।

ਚੌਪਈ:

ਮਾਰਗ ਘਾਟੇ ਰੋਕਨ ਕਰੇ।
ਥਲ ਥਲ ਪ੍ਰਤਿ ਸਵਧਾਨੀ ਧਰੇ।
ਮਰੇ ਸਿੰਘ ਬਾਹਰ ਜਿਸ ਦਿਨ ਤੇ।
ਬਰਜਨ ਭੇ ਸਤਿਗੁਰੂ ਬਚਨ ਤੇ ॥੨॥
ਲੈਬੇ ਹੇਤ ਅੰਨ ਕੋ ਫੇਰੇ।
ਗਮਨੇ ਨਹੀਂ ਪਰੇ ਬਿਚ ਘੇਰੇ।
ਲਰਿਬੇ ਹੇਤ ਨਿਕਸਿ ਨਿਤ ਜੈ ਹੈਂ।
ਅਧਿਕ ਛੁਧਤਿ ਹੀ ਜੰਗ ਮਚੈ ਹੈਂ ॥੩॥
ਤਰੁਵਰੁ ਕੀ ਛੀਲਕ ਲੇ ਕੋਈ।
ਖਾਵੈਂ ਰੀਧਨ ਕਰਿ ਕਰਿ ਸੋਈ।
ਘਾਸ ਕਿ ਬੂਟਾ ਦਲ[1] ਫਲ ਲੇਤਿ। [1]ਪੱਤੇ।
ਅਚਵਹਿਂ ਪ੍ਰਾਨ ਰਾਖਿਬੇ ਹੇਤ ॥੪॥
ਕੇਚਿਤ ਗੁਰਬਾਣੀ ਪਠਿ ਕਰਿ ਕੈ।
ਇਸੀ ਆਸਰੇ ਰਹਤਿ ਬਿਚਰਿ ਕੈ।
ਮੁਨੀ ਹੋਤਿ ਜਿਮ ਪੌਨ ਅਹਾਰੀ।
ਅੰਤਰਮੁਖੀ ਬ੍ਰਿੱਤਿ ਕੋ ਧਾਰੀ ॥੫॥
ਤਨਹੰਤਾ ਕੋ ਤਜਤਿ ਬਿਤਾਵੈਂ।
ਛੁਧਿਤਿ ਕਸ਼ਟ ਤੇ ਨਹੀਂ ਡੁਲਾਵੈਂ।
ਇਕ ਦਿਨ ਸਤਿਗੁਰ ਤਰੁਵਰੁ ਹੇਰੇ।
ਬੂਝੇ ਸੰਗ ਹੁਤੇ ਤਿਸ ਬੇਰੇ ॥੬॥
'ਇਹ ਕਿਸ ਬ੍ਰਿੱਛਨਿ ਛੀਲ ਉਤਾਰੀ।'
ਸੁਨਤਿ ਦਾਸ ਗਨ ਤਬਹਿ ਉਚਾਰੀ।
'ਭੁਖ ਦੁਖ ਤੇ ਬਜਾਕੁਲ ਬਹੁ ਹ੍ਵੈ ਕੈ।
ਸਿੰਘ ਅਚੈਂ ਵਿਚ ਅਗਨਿ ਰਿਝੈ ਕੈ'
॥੭॥
ਤਬਿ ਗੁਰ ਕਹ੍ਯੋ 'ਹਟਾਵਨ ਕੀਜੈ।

ਇਸ ਭੋਜਨ ਤੇ ਰੋਗੀ ਥੀਜੈ।'
ਬਰਜਨ ਕੀਨੇ ਸਭਿ ਹੀ ਫੇਰ।
ਵਹਿਰ ਪਰਜੋ ਸ਼ੱਤ੍ਰਨਿ ਕੋ ਘੇਰ ॥੮॥
ਕਿਤਿਕ ਅਸ਼ਰਧਕ ਮਾਤ ਸੁਨਾਵੈਂ।
'ਗੁਰ ਮਤਵਾਲੇ ਬਾਕ ਅਲਾਵੈਂ[1]।
ਤੁਮ ਕਰਿ ਜਤਨ ਬਚਾਵਹੁ ਸਾਰੇ।
ਨਤੁ ਹੋਵੈ ਸਭਿ ਕੇਰ ਸੰਘਾਰੇ[1] ॥੯॥
ਬਨਿ ਕੈ ਦੀਨ ਜਾਇ ਘਿਘਆਵੈਂ।
ਕਜੋਂ ਨਹਿਂ ਇਨ ਕੈ ਪ੍ਰਾਨ ਬਚਾਵੈਂ[1]।
ਜੋ ਸੰਗ੍ਰਾਮ ਸਦਾ ਹੀ ਚਹੈਂ।
ਬਖਸ਼ੋ ਭੋਜਨ ਲਰਿਤੇ ਰਹੈਂ ॥੧੦॥
ਰਣ ਕੋ ਤਜਾਗਨ ਜੇ ਮਨ ਠਾਨੈਂ।
ਤਜਹਿਂ ਅਨੰਦਪੁਰਿ ਕਹੂੰ ਪਯਾਨੈਂ।
ਚਮਰਾ ਹਾਡ ਰਹੇ ਤਨ ਕੇਰੇ।
ਭੇ ਪਿੰਜਰ ਸੁਕਿ ਮਾਸ ਘਨੇਰੇ ॥੧੧॥
ਜੀਵ ਦਾਨ ਸਭਿ ਕੋ ਅਬਿ ਦੀਜੈ।
ਜਾਨ ਆਪਨੇ ਰੱਛਾ ਕੀਜੈ।'
ਇੱਤਜਾਦਿਕ ਕਹਿ ਜਨਨੀ ਸਾਥ।
ਲਜਾਏ ਜਹਿਂ ਬੈਠੇ ਗੁਰ ਨਾਥ ॥੧੨॥
ਸਨੇ ਸਨੇ ਸੁ ਪ੍ਰਸੰਗ ਚਲਾਯੋ।
ਸ਼ੰਕਤਿ ਪ੍ਰਭੁ ਤੇ ਨੀਠ ਸੁਨਾਯੋ।
'ਮਹਾਂ ਛੁਧਾ ਬਜਾਪੀ ਸਭਿ ਮਹੀਆ।
ਨਿਰਬਲ ਭੇ ਸਰੀਰ ਜਹਿਂ ਕਹੀਆ' ॥੧੩॥
ਸ੍ਰੀ ਗੁਜਰੀ ਬੋਲੀ 'ਇਮ ਕਰੋ।
ਇਨ ਕੋ ਤ੍ਰਿਪਤ ਕਰੋ ਤੌਂ ਲਰੋ।
ਜੇ ਨਹਿਂ ਮਾਨਹੁ, ਕੀਜਹਿ ਪਜਾਨਾ[1]।
ਇਨ ਦ੍ਵੈ ਬਿਨ ਨਹਿ ਬਾਚਹਿਂ ਪ੍ਰਾਨਾ ॥੧੪॥
ਹੇਰਹੁ ਸਰਬ ਸ਼ਰੀਰਨਿ ਹਾਲਾ।
ਨਿਰਬਲ ਦੁਰਬਲ ਭਏ ਬਿਸਾਲਾ।

[1]ਗੁਰੂ ਜੀ ਮਤਵਾਲਿਆਂ ਵਾਲੇ ਵਾਕ ਕਰਦੇ ਹਨ।

[1]ਨਹੀਂ ਤਾਂ ਸਾਰਿਆਂ ਦੀ ਮੌਤ ਹੋ ਜਾਏਗੀ।

[1]ਇਹ ਦੀਨ ਹੋਕੇ ਜਾ ਜਾਕੇ (ਗੁਰਾਂ ਪਾਸ) ਘਿਘਿਆਉਂਦੇ ਹਨ ਇਨ੍ਹਾਂ ਦੇ ਪ੍ਰਾਣ ਕਿਉਂ ਨਹੀਂ ਬਚਾਉਂਦੇ।

[1]ਤਾਂ) ਇਥੋਂ ਟੁਰ ਚੱਲੋ।

ਜੀਵਤਿ ਰਹੈਂ ਕਰੈਂ ਪੁਨ ਦਾਈਆ[1]।
ਲੇਹਿਂ ਅਨੰਦਪੁਰ ਅਪਨ ਛੁਡਾਈਆ ॥੧੫॥
ਮਰੇ ਪਿਛਾਰੀ ਕਛੂ ਨ ਫੇਰ।
ਪਰੇ ਸੁ ਦੀਖਹਿਂ ਮਾਟੀ ਢੇਰ[1]।
ਜੀਵਨ ਲਗਿ ਹੀ ਸਭਿ ਕਿਛ ਜਾਨੈਂ।
ਜੋ ਜਗ ਮਹਿਂ ਬਿਹਾਰ ਸਭਿ ਠਾਨੈਂ ॥੧੬॥
ਨਾਂਹਿ ਤ ਸਕਲ ਸਿੰਘ ਇਮ ਕਹੈਂ।
-ਆਇਸੁ ਬਿਖੈ ਆਪ ਹੀ ਅਹੈਂ।
ਕਰਹੁ ਹੁਕਮ ਸੰਗ੍ਰਾਮ ਮਚਾਵੈਂ।
ਸ਼ੱਤ੍ਰ ਹਜ਼ਾਰਨਿ ਕੋ ਤਨ ਘਾਵੈਂ ॥੧੭॥
ਆਪ ਮਰੈਂ ਤਿਨ ਕੇ ਵਿਚ ਬਰਿ ਕੈ।
ਸਗਰੇ ਸੰਕਟ ਦੇਹੁ ਨਿਵਰਿਕੈ-।
ਸਗਲ ਕੁਟੰਬ ਆਪ ਕੋ ਜਾਨ।
ਦੀਜੈ ਅਬੈ ਪ੍ਰਾਨ ਕੋ ਦਾਨ' ॥੧੮॥
ਇਮ ਸੁਨਿ ਮਾਤਾ ਤੇ ਸਿਖ ਬੈਸੇ।
ਸਭਿਨਿ ਸੁਨਾਇ ਭਨਜੋਂ ਗੁਰ ਐਸੇ।
'ਪੂਜਾ ਕੋ ਧਨ ਨਿਕਟ ਹਮਾਰੇ।
ਸੋ ਨਹਿਂ ਦੈਬੋ ਬਨਹਿ ਅਹਾਰੇ ॥੧੯॥
ਸੋ ਛੁਟਵਾਇ ਮਨਿੰਦ ਹਲਾਹਲ[1]।
ਰਚਜੋ ਪੰਥ ਹਮ ਦੀਨੀ ਪਾਹੁਲ।
ਜੇਕਰਿ ਅਚਹਿਂ, ਨ ਵਧਹਿ ਪ੍ਰਤਾਪੂ।
ਨਹਿਂ ਰਣ ਵਿਖੈ ਹੋਹਿਂ ਰਿਪੁ ਖਾਪੂ ॥੨੦॥
ਜਗ ਮਹਿਂ ਰਹੈਂ ਦਾਰਿਦੀ ਸਦਾ।
ਮਰਹਿਂ ਨਰਕ ਮਹਿਂ ਵਾਸੈਂ ਤਦਾ।
ਮੁਗ਼ਲ ਪਠਾਨਨਿ ਸੋਂ ਛਿਤ ਛਾਈ।
ਕਿਮ ਤਿਨ ਸਨ ਕਰਿ ਸਕਹਿਂ ਲਰਾਈ ॥੨੧॥
ਸਚਿਵ, ਸੈਨ, ਦ੍ਰੁਗ[1], ਕੋਸ਼, ਰੁ ਦੇਸ਼।
ਲੱਛਣ ਨ੍ਰਿਪ ਕੇ ਅਹੈਂ ਵਿਸ਼ੇਸ਼।

[1]ਜੇ ਜੀਂਵਦੇ ਰਹੇ ਤਾਂ ਫੇਰ (ਆ) ਦਾਈਆ ਕਰਨਗੇ।

[1]ਮਿੱਟੀ ਦਾ ਢੇਰ ਹੀ ਪਿਆ ਦਿੱਸੇਗਾ।

[1]ਜ਼ਹਿਰ ਵਰਗਾ (ਜਾਣਕੇ)।

[1]ਦੁਰਗ, ਕਿਲਾ।

ਤਿਨ ਕੋ ਮਾਰਿ, ਗਰਦ ਮਹਿਂ ਮੇਲਨ।
ਹਤਿ ਕਰਿ ਤੀਰ ਤੁਫੰਗਨਿ ਸੇਲਨ
॥੨੨॥
ਅਬਿ ਤਪ ਕਰਹਿਂ ਸ਼ਕਤਿ ਕੋ ਪਾਵੈਂ।
ਏਕ ਸਿੰਘ ਲਾਖਹੁਂ ਪਰ ਧਾਵੈ।
ਖੜਗਕੇਤੁ ਨਿਤ ਬਨੈ ਸਹਾਇ।
ਸੁਤ ਪਰ ਹੋਤਿ ਪਿਤਾ ਜਿਸ ਭਾਇ
॥੨੩॥
ਗੋਦ ਮਾਤ ਦੇਵੀ ਕੇ ਪਾਯਹੁ।
ਨਿਤ ਪ੍ਰਤਿਪਾਲਨ ਬਨੈ ਸਹਾਯਹੁ।
ਛੁਧਾ ਪਿਪਾਸਾ ਕਸ਼ਟ ਬਿਸਾਲੇ।
ਬਨਹਿਂ ਪੰਥ ਕੋ, ਲੇ ਸਭਿ ਝਾਲੇ[1]" ॥੨੪॥ [1]ਸਭ ਝੱਲ ਲੈਣਗੇ।
ਇਮ ਕੇਤਿਕ ਦਿਨ ਭਨਤਿ ਸੁਨੰਤੇ।
ਮਹਾਂਛੁਧਤਿ ਕੋ ਭਏ ਬ੍ਰਿਤੰਤੇ।
ਉਤ ਰਾਜੇ ਮਿਲਿ ਮਿਲਿ ਪਛੁਤਾਵਹਿਂ।
ਉਜਰਯੋ ਦੇਸ਼ ਦਰਬ ਖਰਚਾਵੈਂ ॥੨੫॥
ਨਹਿਂ ਮੁਹਿੰਮ ਕਿਮ ਪੂਰਨ ਭਈ।
ਸ਼੍ਰੀ ਗੁਰ ਦ੍ਰਿੜਤਾ ਅਤਿਸ਼ੈ ਲਈ।
ਲਾਖਹੁਂ ਫੌਜਾਂ ਖਰਚ ਬਿਸਾਲੇ।
ਲਕਰੀ ਘਾਸ ਅੰਨ ਤੇ ਜਾਲੇ ॥੨੬॥
ਹੋਨਿ ਨ ਪਾਵੈ ਕਤਹੂੰ ਖੇਤੀ।
ਸੈਲ ਦੇਸ਼ ਭਾ ਅਪਦਾ ਸੇਤੀ।
ਗੁਰ ਕੋ ਲਿਖਹਿਂ 'ਤਜਹਿਂ ਪੁਰ ਜਾਹਿਂ[1]'। [1]ਸ਼ਹਿਰ ਛੋੜ ਕੇ ਚਲੇ ਜਾਓ।
ਏਕ ਬਾਰ ਹੁਇ ਹਮਰੇ ਪਾਹਿ ॥੨੭॥
ਲਸ਼ਕਰ ਫੇਰ ਸਕਲ ਚਢਿ ਜਾਵੈ[1]। [1]ਤੁਰ ਜਾਏਗਾ।
ਤਬਹਿ ਬਸਨ ਹਿਤ ਸਤਿਗੁਰ ਆਵੈਂ।'
ਇਮ ਸਲਾਹ ਕਰਿ ਲਿਖੇ ਪਠਾਏ।
ਸ਼੍ਰੀ ਕਲਗੀਧਰ ਕੇ ਢਿਗ ਆਏ ॥੨੮॥
ਸੁਨਿ ਕਰਿ ਸਤਿਗੁਰ ਨਾਂਹਿਨ ਮਾਨੀ।
ਕਪਟੀ ਪਰਬਤ ਕੇ ਨਰ ਜਾਨੀ।
ਪੂਜਤਿ ਪਾਹਨ, ਭੀ ਮਤਿ ਪਾਹਨ।
ਮ੍ਰਿਦੁਲ ਕਦਾਚਿਤ ਲਖੀਅਹਿ ਨਾਹਿਨ

॥ ੨੯ ॥
ਸਭਿ ਸਿੰਘਨ ਮਹਿਂ ਨਹੀਂ ਜਨਾਈ।
ਕਈ ਬੇਰ ਲਿਖ ਪੱਤ੍ਰ ਪਠਾਈ।
ਇਕ ਦਿਨ ਸਿੰਘਨ ਲਗਯੋ ਦਿਵਾਨਾ।
ਸਭਿ ਮਹਿਂ ਆਵਤਿ ਭਾ ਪਰਵਾਨਾ
॥ ੩੦ ॥
ਲੈਕੇ ਪੰਮਾ ਤਿਨਹੁ ਅਮਾਤ[1]।
ਕਰਤਿ ਸਪਥ ਕੋ ਭਾਖਤਿ ਬਾਤ।
'ਨਹਿਂ ਰਾਜਨ ਕੇ ਮਨ ਛਲ ਕੋਈ।
ਚਹੈਂ ਕਿ ਜੰਗ ਸਮਾਪਤਿ ਹੋਈ' ॥ ੩੧ ॥
ਪਠਯੋ ਸਭਿਨਿ ਮਹਿਂ ਸੁਨਿ ਇਸ ਭਾਂਤੀ।
'ਕਰਿ ਕੈ ਧਰਮ ਲਿਖੀ ਹਮ ਪਾਤੀ।
ਜਿਤਿਕ ਸਮਾਜ ਆਦਿ ਧਨ ਭਾਰੇ।
ਲੇ ਕਰਿ ਨਿਕਸਹੁ ਸਭਿ ਸੰਭਾਰੇ ॥ ੩੨ ॥
ਜਿਤ ਚਿਤ ਬਾਂਛਹੁ ਤਿਤਹਿ ਪਯਾਨਹੁ।
ਤੁਰਕ ਰੁ ਹਮ ਤੇ[1] ਸ਼ੰਕ ਨ ਮਾਨਹੁਂ।
ਦਿਸ਼ ਜਿਤ ਕਹਹੁ ਛੋਰ ਦੇਂ ਰਾਹੂ।
ਨਿਜ ਪਰਵਾਰ ਸਹਿਤ ਚਲਿ ਜਾਹੂ'
॥ ੩੩ ॥
ਸੁਨਿ ਬੀਰਨ ਕੋ ਧੀਰਜ ਆਯੋ।
ਸ਼੍ਰੀ ਗੁਜਰੀ ਢਿਗ ਜਾਇ ਬਤਾਯੋ।
'ਸ਼੍ਰੀ ਪ੍ਰਭੁ ਮਾਨਹਿਂ ਨਹਿਂ ਇਹ ਪਾਤੀ।
ਤੁਮ ਬਿਨ ਕਹਿ ਨ ਸਕਹਿਂ ਹਿਤ ਬਾਤੀ'
॥ ੩੪ ॥
ਇਮ ਕਹਿ ਮਾਤਾ ਕੋ ਸੰਗ ਲਜਾਏ।
ਮਨਵਾਯੋ ਚਾਹਤਿ ਸਮੁਦਾਏ।
ਸ਼੍ਰੀ ਗੁਜਰੀ ਬੈਠੀ ਹੁਇ ਨੇਰੇ।
ਸਕਲ ਖਾਲਸਾ ਮਿਲਿ ਤਿਸ ਬੇਰੇ ॥ ੩੫ ॥
ਸ਼੍ਰੀ ਗੁਜਰੀ ਸੁਤ ਕੋ ਸਮੁਝਾਵੈ।
'ਅਬਿ ਤੋ ਬਾਤ ਭਲੀ ਹੁਇ ਜਾਵੈ।
ਸਭਿ ਰਿਪੁ ਕਰਹੀਂ ਧਰਮ ਇਮਾਨ[1]।
ਨਿਕਸਹੁ ਸਭਿਨਿ ਬਚਾਵਹੁ ਪ੍ਰਾਨ

[1]ਮੰਤ੍ਰੀ।

[1]ਤੁਰਕਾਂ ਤੋਂ ਤੇ ਸਾਡੇ ਤੇ।

[1]ਸਾਰੇ ਵੈਰੀ ਧਰਮ ਤੇ ਈਮਾਨ (ਜ਼ਾਮਿਨ) ਦੇ ਰਹੇ ਹਨ।

॥ ੩੬ ॥
ਸੁਖੀ ਸਾਥਿ ਅਰੁ ਤੁਮ ਸੁਖ ਪਾਵੋ।
ਕਹੇ ਮਾਤ ਕੇ ਬਾਤ ਕਮਾਵੋ।
ਤਜਹੁ ਅਨੰਦਪੁਰਿ ਦੇਰਿ ਨ ਕੀਜੈ।
ਪ੍ਰਾਨ ਦਾਨ ਸਭਿਹਿਨਿ ਕੋ ਦੀਜੈ ॥ ੩੭ ॥
ਜੇ ਹੁਇ ਅੰਤਰ ਖਰਚ ਬਿਸਾਲਾ।
ਬਨਹਿ ਲਰਨ ਤੁਮ ਕੋ ਚਿਰਕਾਲਾ।
ਸਰਬ ਭਾਂਤਿ ਕੋ ਸੰਕਟ ਅੰਤਰ।
ਤਜਾਗਨਿ ਕੋ ਸ਼ੁਭ ਲਖਹੁ ਨਿਰੰਤਰ ॥ ੩੮ ॥
ਕੇਵਲ ਚਹੈਂ ਭੂਮਿਕਾ ਸੋਈ।
ਕਪਟ ਘਾਤ ਕੋ[1] ਕਰੈਂ ਨ ਕੋਈ।
ਅਬਹਿ ਸਮਾ ਆਛੈ ਨਿਕਸੈਬੋ।
ਅਵਸਰ ਬਿਤਜੋ ਹਾਥ ਨਹਿਂ ਪੈਬੋ ॥ ੩੯ ॥
ਦੇਖਹੁ ਛੁਧਿਤਿ ਕਿਤੇ ਦਿਨ ਬੀਤੇ।
ਜੂਝਹਿਂ ਰੈਨ ਦਿਵਸ ਨਿਰਭੀਤੇ।
ਉਤ ਗਿਰਪਤਿ ਅਰੁ ਸ਼ਾਹ ਸਮੇਤ।
ਅਹਦ ਧਰਮ ਕੋ ਕਰਹਿਂ ਸੰਕੇਤ[1] ॥ ੪੦ ॥
ਹੇਰਹੁ ਲਸ਼ਕਰ ਬਡਜੋ ਬਡੇਰਾ।
ਖ੍ਵਾਜੇ[†] ਆਨਿ ਕੀਨ ਅਬਿ ਡੇਰਾ।
ਬੀੜੇ ਕੋ ਉਠਾਇ ਢਿਗ ਸ਼ਾਹੂ।
ਹਤਨਿ ਕਿ ਪਕਰਨਿ ਆਯਹੁ ਪਾਹੂ ॥ ੪੧ ॥
ਚੁਕਹੁ ਨਹੀਂ ਲਿਹੁ ਸਭਿਨਿ ਬਚਾਇ।
ਜੀਵਨ ਕੇ ਸਮ ਭਲੀ ਨ ਕਾਇ।
ਜੀਵਨ ਤੇ ਸਗਰੇ ਬਿਵਹਾਰ।
ਜੀਵਤਿ ਕਰਿ ਹੈਂ ਜਤਨ ਹਜ਼ਾਰ' ॥ ੪੨ ॥
ਸਿੰਘਨਿ ਅਰੁ ਜਨਨੀ ਤੇ ਸੁਨਿ ਕੈ।
ਸ੍ਰੀ ਪ੍ਰਭੁ ਸਭਿ ਤੇ ਬੇ ਰੁਖ਼ ਬਨਿ ਕੈ।
ਕੁਛ ਕਠੋਰਤਾ ਸਹਿਤ ਬਖਾਨਾ।
'ਪਰਬਤ ਬਾਸੀ ਗਨ ਡੁਗਰਾਨਾ[1] ॥ ੪੩ ॥
ਨਿਤ ਹੀ ਪੂਜਤਿ ਬਹੁਤ ਪਖਾਨਾ[1]।

[1]ਕਪਟ ਦਾ ਦਾਉ।

[1]ਇਕਰਾਰ।

[†]ਖ੍ਵਾਜਾ ਮਰਦੂਦ, ਜਿਸ ਦਾ ਨਾਉਂ ਖਿਜ਼ਰ ਖਾਂ ਸੀ।

[1]ਸਾਰੇ ਡੋਗਰੇ।

[1]ਪੱਥਰ।

ਯਾਂ ਤੇ ਮਤਿ ਪਾਖਾਨ ਸਮਾਨਾ।
ਸਭਿ ਕੂੜੇ ਕੂੜਾ ਕਰ ਜੋਰਾ[1]।
ਕੂੜੋ ਪੰਮਾ ਫਿਰਤਿ ਬਹੋਰਾ ॥ ੪੪ ॥
ਵਧਹਿ ਖਾਲਸਾ ਜਾਨਹਿਂ ਨਾਂਹੀ।
ਲੈ ਹੈ ਪਲਟਾ ਛੋਰਹਿ ਕਾਂਹੀ?
ਇਨ ਕੋ ਕਿਮ ਹ੍ਵੈ ਹੈ ਪਤਿਆਰਾ।
ਇਨ ਕੇ ਕਹੇ ਕਹਾਂ ਇਤਬਾਰਾ ॥ ੪੫ ॥
ਚਵਗੱਤਾ ਭੀ ਮੂਰਖ ਮੱਤਾ।
ਗਿਰਪਤਿ ਜੁਤਿ ਕੂਰੇ ਰਸ ਰੱਤਾ।
ਨਹਿ ਥਿਰ ਬੁੱਧੀ ਚਪਲ ਅਜਾਨੇ।
ਇਨ ਕੋ ਕੂਰ ਇਨਹਿਂ ਕਰਿ ਹਾਨੇ[1]" ॥ ੪੬ ॥

[1]ਕੂੜਾ ਜੋੜ ਤੋੜ ਕਰਕੇ। (ਅ) ਝੂਠੇ ਹੱਥ ਜੋੜਨੇ ਕੀਤੇ ਹਨ।

[1]ਇਨ੍ਹਾਂ ਦਾ ਝੂਠ ਹੀ ਇਨ੍ਹਾਂ ਦਾ ਨਾਸ਼ ਕਰੇਗਾ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰੁਤੇ 'ਜਨਨੀ ਸੰਬਾਦ' ਪ੍ਰਸੰਗ ਬਰਨਨੰ ਨਾਮ ਪੰਚਬੀਸਮੋ ਅੰਸੂ ॥ ੨੫ ॥

੨੬. [ਪਹਾੜੀਆਂ ਨੇ ਇਟਾਂ ਪੱਥਰ ਖਜ਼ਾਨਾ ਜਾਣਕੇ ਲੁਟੇ]

੨੫<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੭

ਦੋਹਰਾ:

†ਕਹ੍ਯੋ ਬਹੁਤ ਸਤਿਗੁਰ ਪ੍ਰਭੂ, ਜਨਨੀ ਆਦਿ ਜਿ ਸਿੱਖ।
ਨਹਿਂ ਮਨ ਲ੍ਯਾਵਤਿ ਸਾਚ ਕੋ, ਹੋਇ ਜੁ ਬਾਤ ਭਵਿੱਖ[1] ॥੧॥

[1]ਜੇ ਭਵਿੱਖ੍ਯਤ ਵਿਚ ਹੋਣੀ ਹੈ ਉਹ ਮਨ ਨਹੀਂ ਲਿਆਂਵਦੇ ਸਿੱਖ ਤੇ ਮਾਤਾ ਜੀ। †ਸੌ ਸਾਖੀ ਦੀ ਇਹ ੧੯ਵੀਂ ਸਾਖੀ ਹੈ।

ਚੌਪਈ:

ਸ਼੍ਰੀ ਕਲਗੀਧਰ ਤਬਹਿ ਬਿਚਾਰਾ।
ਇਨਹੁ ਦਿਖਾਵਹੁਂ ਕਰਿ ਪਤਿਆਰਾ[1]।

[1]ਅਜ਼ਮਾਯਸ਼ ਕਰਕੇ ਦੱਸੀਏ। (ਅ) ਇਨ੍ਹਾਂ ਨੂੰ ਦਿਖਾ ਦੇਈਏ ਤਾਂ ਭਰੋਸਾ ਕਰਨਗੇ।

ਪੰਮਾ ਅਪਨਿ ਹਜ਼ੂਰ ਹਕਾਰ੍ਯੋ।
ਸਭਿਨਿ ਸੁਨਾਵਤਿ ਤਿਸੈ ਉਚਾਰ੍ਯੋ ॥੨॥
'ਅਵਰੰਗਾ ਅਰੁ ਗਿਰਪਤਿ ਸਾਰੇ।
ਸਹਤ ਸਮਾਜ ਜਿ ਚਹਤਿ ਨਿਕਾਰੇ।
ਪੰਚ ਹਜ਼ਾਰ ਬ੍ਰਿਖਭ ਬਨਜਾਰੇ।
ਭੇਜ ਦੇਹੁ ਹਮ ਕੋਸ਼ ਨਿਕਾਰੇਂ ॥੩॥
ਪ੍ਰਥਮ ਹਮਾਰੀ ਦੌਲਤ ਜਾਵੈ।
ਤਿਸ ਪਸ਼ਚਾਤੀ ਨਿਕਰਿ ਸਿਧਾਵੈਂ।
ਅਪਰ ਸਮਾਜ ਸਾਥ ਹਮ ਰਾਖੈਂ।
ਜੰਗਲ ਦੇਸ਼ ਜਾਨਿ ਅਭਿਲਾਖੈਂ' ॥੪॥
ਇਮ ਸੁਨਿ ਪੰਮਾ ਬਾਹਰ ਗਯੋ।
ਗਿਰਪਤਿ ਸਾਥ ਕਹਤਿ ਬਿਧ ਭਯੋ।
ਸੁਨਿ ਕੈ ਹਰਖੇ ਸਭਿ ਹੀ ਮਾਨੀ।
ਉਮਰਾਵਨ ਭੀ ਨੀਕੇ ਜਾਨੀ ॥੫॥
ਨਿਤ ਕੋ ਰਣ ਮੁਹਿੰਮ ਮਿਟ ਜਾਇ।
ਆਪੋ ਅਪਨੇ ਸਦਨ ਸਿਧਾਇਂ।
ਲਸ਼ਕਰ ਬਿਖੈ ਬ੍ਰਿਖਭ ਬਨਜਾਰੇ।
ਕਰੇ ਬਟੋਰਨ ਤਤਛਿਨ ਸਾਰੇ ॥੬॥
ਬ੍ਰਿਖਭ ਗੋਨ ਜੁਤਿ[1] ਪੰਜ ਹਜ਼ਾਰ।

[1]ਛੱਟਾਂ ਸਮੇਤ।

ਭੇਜ ਦੀਏ ਸਤਿਗੁਰ ਦਰਬਾਰ।
ਆਨਿ ਥਿਰੇ ਢਿਗ ਪ੍ਰਭੁ ਪੁਨ ਕਹ੍ਯੋ।
'ਧਰਮ ਇਮਾਨ ਦੁਹਨ ਜਿਮ ਲਹ੍ਯੋ[1] ॥੭॥

[1](ਪਹਾੜੀਆਂ ਨੇ) ਧਰਮ (ਤੁਰਕਾਂ ਨੇ) ਈਮਾਨ ਜਿਵੇਂ ਦੋਹਾਂ ਨੇ (ਵਿਚ ਲਿਆਉਣਾ) ਲਖਾਇਆ ਹੈ।

ਸੋ ਕਰਿ ਕੈ ਹਮਰੇ ਢਿਗ ਆਨੋ[1]।
ਤੌ ਹਮ ਜਾਨੈਂ ਸਾਚ ਬਖਾਨੋ।'
ਪੁਨ ਪੰਮਾ ਪਹੁੰਚਜੋ ਸਭਿ ਪਾਸ।
ਕਹਜੋ ਗੁਰੂ ਕੋ ਕੀਨ ਪ੍ਰਕਾਸ਼ ॥ ੮ ॥
ਧਰਮ ਗਿਰੇਸ਼ੁਨਿ ਤਬਿ ਕਰਿ ਦੀਨ।
ਸ਼ਿਵ ਠਾਕਰ ਕੀ ਆਨਹਿ[1] ਕੀਨ।
ਤੁਰਕਨ ਕਰਜੋ ਇਮਾਨ ਪਠਾਵਾ[1]।
ਜਿਮ ਪ੍ਰਭੁ ਕਹਜੋ ਤਥਾ ਮੰਗਵਾਵਾ ॥ ੯ ॥
ਸਤਿਗੁਰ ਕੋਸ਼ਪ ਕੋ ਬੁਲਵਾਯੋ।
ਪ੍ਰਥਮ ਸਭਿਨਿ ਤੇ ਕਰਿ ਸਮੁਝਾਯੋ।
'ਟੂਟੀ ਪਨਹੀ ਜ਼ੀਨ ਪੁਰਾਨੇ।
ਬੁਰਦ ਪੋਸ਼ ਹੈਂ ਜਿਤਕ ਮਹਾਨੇ[1] ॥ ੧੦ ॥
ਮਰੇ ਤੁਰੰਗਮ ਚਰਮ ਅਨੇਕ।
ਸੰਚਵਾਇ ਕਰਿ ਹਾਡ ਜਿਤੇਕ।
ਸੰਚਿ ਠੀਕਰੀ ਬਾਸਨ ਫੂਟੇ।
ਜੀਰਣ ਬਸਤ੍ਰ ਸਾਜ ਸਭਿ ਟੂਟੇ ॥ ੧੧ ॥
ਸਕਲ ਗੋਨ ਭਰਿ ਕੀਜਹਿ ਤਜਾਰੀ।
ਨਿਸਾ ਪਰਹਿ ਦਿਹੁ ਵਹਿਰ ਨਿਕਾਰੀ।
'ਕੋਟਵਾਲ ਕੀਨੋ ਤਿਮ ਕਾਜੂ।
ਲੀਓ ਸਕੇਲ ਪੁਰਾਨ ਸਮਾਜੂ ॥ ੧੨ ॥
ਬ੍ਰਿੰਦ ਚੰਡਾਲ ਚਮਾਰਨ ਪ੍ਰੇਰੇ।
ਬਿਸ਼ਟਾ ਅਸਤ ਭਰੰਤਿ ਘਨੇਰੇ।
ਪੁਨ ਘੋਰਨ ਕੀ ਲੀਦ ਭਰਾਈ।
ਸੂਕੇ ਗੀਲ ਚਰਮ ਸਮੁਦਾਈ ॥ ੧੩ ॥
ਜਿਨ ਤੇ ਬਹੁ ਗਿਲਾਨ ਦੁਰਗੰਧਾ।
ਐਸੋ ਮਾਸ ਪਾਇ ਦਿਯ ਬੰਧਾ।
ਜਿਸ ਕੇ ਛੁਹੇ ਧਰਮ ਹੁਇ ਹਾਨੀ।
ਐਸੇ ਭਰਿ ਭਰਿ ਗੋਨ ਮਹਾਨੀ ॥ ੧੪ ॥
ਪੰਜ ਹਜ਼ਾਰ ਗੋਨ ਭਰਿਵਾਈ।
ਬਿਨ ਦੇਖੇ ਤੇ ਸਰਬ ਸਿਵਾਈ।
ਨਿਸਾ ਪਰੀ ਲਗਿ ਕੀਨਸ ਤਜਾਰੀ।

[1]ਭਾਵ ਸਾਡੇ ਪਾਸ ਸੁਗੰਦਾਂ ਚੁੱਕ ਕੇ ਲਿਆਓ।

[1]ਸਹੁੰ।

[1]ਈਮਾਨ ਕਰ ਭੇਜਿਆ ਹੈ ਭਾਵ ਸਹੁੰ ਕਰਕੇ ਕੁਰਾਨ ਘੱਲਿਆ ਹੈ।

[1]ਜਾਮੇ ਤੇ ਕਪੜੇ ਹਨ (ਪੁਰਾਣੇ) ਤੇ ਜਿੰਨੇ ਬਹੁਤੇ (ਸਾਰੇ ਹੀ) [ਅ਼:, ਬਰੁਦ=ਜਾਮਾ]।

'ਲਾਦਹੁ' ਆਗਜਾ ਗੁਰੂ ਉਚਾਰੀ ॥੧੫॥
ਵਹਿਰ ਸਭਿਨਿ ਢਿਗ ਲਿਖੇ ਪਠਾਏ।
'ਅਬਿ ਚਾਹਤਿ ਹਮ ਨਿਕਰ ਸਿਧਾਏ।'
ਸੁਧ ਤਹਿ† ਪਸਰੀ ਅਪਨਿ ਬਿਰਾਨੇ।
'ਛੋਰਿ ਦੁਰਗ ਪ੍ਰਭੁ ਚਲੇ ਪਯਾਨੇ ॥੧੬॥
ਪ੍ਰਥਮ ਖਜ਼ਾਨਾ ਕਰਹਿਂ ਨਿਕਾਰਨ।
ਬਹੁਰ ਗੁਰੂ ਕਰਿ ਕੂਚ ਪਧਾਰਨ।'
ਅੰਤਰ ਸਭਿਨਿ ਸੁਨੀ ਇਹ ਬਾਤ।
ਲਸ਼ਕਰ ਸਗਰੇ ਮਹਿਂ ਬੱਖਜਾਤ ॥੧੭॥
ਗਿਰਪਤਿ ਰਾਜੇ ਜੇਤਿਕ ਰਾਨੇ।
ਉਰ ਹਰਖੇ -ਰਣ ਮਿਟ੍ਯੋ ਮਹਾਨੇ-।
ਜ਼ੇਰਦਸਤ, ਖ੍ਵਾਜਾ, ਰੁ ਵਜੀਦ।
ਵਹਿਰ ਗੁਰੂ ਕੀ ਲਖੀ ਰਸੀਦ[1] ॥੧੮॥
ਰਿਦੇ ਮੁਦਿਤ ਭੇ ਸ਼ੋਕ ਮਿਟਾਏ।
ਕ੍ਰਿਖਿ ਮੁਰਝਾਇ ਮਨੋ ਜਲ ਪਾਏ।
ਕੋਟਵਾਲ ਗੁਰ ਕੇ ਢਿਗ ਗਯੋ।
ਹਾਥ ਜੋਰਿ ਪੁਨ ਭਾਖਤਿ ਭਯੋ ॥੧੯॥
'ਰਾਤਿ ਅੰਧੇਰੀ ਤਿਮਰ ਮਹਾਨਾ।
ਮਗ ਨਹਿਂ ਸੂਝੇ ਆਵਨ ਜਾਨਾ।
ਨਹੀਂ ਤੇਲ ਜੇ ਜਲਹਿਂ ਮਸਾਲਾ।
ਚਲਤੇ ਹੋਇ ਪ੍ਰਕਾਸ਼ ਬਿਸਾਲਾ ॥੨੦॥
ਜਿਮ ਆਇਸੁ ਹੁਇ ਬਨਹਿ ਉਪਾਇ।'
ਸੁਨਿ ਕੈ ਸ਼੍ਰੀ ਗੋਬਿੰਦ ਸਿੰਘ ਰਾਇ।
ਅਪਨਿ ਹਾਥ ਤੇ ਬਰਛਾ ਦੀਨ।
'ਲੇਹੁ ਕੂਪ ਢਿਗ ਜਾਹੁ ਪ੍ਰਬੀਨ ॥੨੧॥
ਤਿਸ ਉਪਰ ਤੋਮਰ ਧਰਿ ਦੀਜੈ।
ਇਕ ਦਿਸ਼ਿ ਤੇਲ ਨਿਕਾਸਨਿ ਕੀਜੈ।
ਦੂਸਰ ਦਿਸ਼ਾ ਰਹੈ ਜਲ ਤੈਸੇ।
ਖਾਨ ਪਾਨ ਹਿਤ ਲੀਜੈ ਵੈਸੇ ॥੨੨॥
ਅਹੈਂ ਬ੍ਰਿਖਭ ਜੋ ਪੰਚ ਹਜ਼ਾਰ।
ਦਸ ਹਜ਼ਾਰ ਤਿਹ ਸੀਂਗ ਬਿਚਾਰ।
ਸਭਿ ਪਰ ਦਿਹੁ ਮਸਾਲ ਬੰਧਵਾਇ।

†ਪਾ:-ਸ਼ੁਹਰਤ।

[1]ਬਾਹਰ ਪਹੁੰਚਣਾ ਲਖਿਆ [ਫਾ:, ਰਸੀਦ=ਪਹੁੰਚੇ]।

ਤੇਲ ਕੂਪ ਤੇ ਲਿਹੁ ਨਿਕਸਾਇ' ॥੨੩॥
ਲੇ ਗੁਰ ਕਰ ਤੇ ਤੋਮਰ ਆਏ।
ਧਰੇ ਕੂਪ ਪਰ ਕਾਢਨ ਲਾਏ।
ਦੇਖਤਿ ਬਿਸਮੈ ਹੁਇ ਕਰਿ ਸਾਰੇ।
ਬੰਧਿ ਮਸਾਲਨਿ ਸਗਰੇ ਡਾਰੇ† ॥੨੪॥ †ਪਾ:-ਸਗਰੀ ਜਾਰੇ।
ਲੋਕ ਸੈਂਕਰੇ ਲਗੇ ਸੁਧਾਰਨ।
ਕਰੀ ਮਸਾਲਨ ਤਤਛਿਨ ਜਾਰਨ।
ਹੁਕਮ ਗੁਰੂ ਕੋ ਪੁਨ ਇਮ ਭਯੋ।
'ਖੀਨ ਖਾਬ ਜੇਤਿਕ ਬਚਿ ਗਯੋ ॥੨੫॥
ਦ੍ਵੈ ਦ੍ਵੈ ਗਜ ਗੂਨਨ ਪਰ[1] ਡਾਰੇ।' [1]ਗੂਣਾਂ ਉਤੇ।
ਤਿਮ ਹੀ ਤਤਛਿਨ ਤਿਨ ਪਰ ਧਾਰੇ[1]। [1]ਤਿਵੇਂ (ਜਿਵੇਂ ਗੁਰਾਂ ਨੇ ਕਿਹਾ ਸੀ) ਉਨ੍ਹਾਂ ਉਤੇ ਉਸੇ ਵੇਲੇ ਪਾ ਦਿੱਤਾ।
ਦਸ ਹਜ਼ਾਰ ਜਬਿ ਜਰੀ ਮਸਾਲਾ।
ਜਿਤ ਕਿਤ ਦਿਪਤ ਪ੍ਰਕਾਸ਼ ਬਿਸਾਲਾ ॥੨੬॥
ਲਸ਼ਕਰ ਵਹਿਰ ਤਜਾਰ ਪਿਖਿ ਹੋਏ।
ਮਨ ਮਹਿਂ ਚਹਿਂ ਲੂਟਯੋ ਸਭਿ ਕੋਏ।
ਲਾਖਹੁਂ ਬੀਰ ਤਜਾਰ ਹੁਇ ਠਾਂਢੇ।
ਦੇਖਤਿ ਦਰਬ ਗੁਰੂ ਅਬਿ ਕਾਢੇ ॥੨੭॥
ਉਚੋ ਅਹੈ ਮੋਰਚਾ ਜੋਈ।
ਤਿਸ ਕੇ ਢਿਗ ਢਿਗ ਕੀਨੇ ਸੋਈ।
ਸਨੇ ਸਨੇ ਸਭਿ ਬ੍ਰਿਖਭ ਨਿਕਾਰੇ।
ਊਪਰ[1] ਤੋਪਹਿਂ ਕੀਨਸਿ ਤਜਾਰੇ ॥੨੮॥ [1]ਭਾਵ ਕਿਲੇ ਵਿਚ ਗੁਰੂ ਜੀ ਨੇ।
ਬਹੁ ਜ੍ਵਾਲਾ ਬਮਨੀ ਗਹਿ ਹਾਥ।
ਖਰੇ ਕਰੇ ਤਹਿਂ ਸਿੰਘ ਗਨ ਨਾਥ†। †ਪਾ:-ਸਾਥ।
ਆਪ ਅਨੰਦਪੁਰੇ ਚਲਿ ਬੈਸੇ।
ਕਪਟੀ ਹਤਹਿਂ, ਪਿਖਨਿ ਕੋ ਤੈਸੇ[1] ॥੨੯॥ [1]ਜਿਸ ਤਰ੍ਹਾਂ ਕਿ।
ਹਾਂਕਤਿ ਚਾਲੇ ਬ੍ਰਿੰਦ ਲਬਾਨੇ।
ਪਸਰਯੋ ਸਭਿਨਿ ਪ੍ਰਕਾਸ਼ ਮਹਾਨੇ।
ਰਾਜਨ ਕੀ ਸਿਪਾਹ ਗਨ ਆਈ।
ਸਨੇ ਸਨੇ ਦੇਖਤਿ ਨਿਕਟਾਈ ॥੩੦॥

ਖੀਨਖਾਬ ਕੀ ਚਮਕਤਿ ਜ਼ਰੀ।
ਜਾਨੀ ਦੌਲਤ ਅਚਰਜ ਭਰੀ।
'ਕੰਚਨ ਚਾਂਦੀ ਹੋਇਂ ਜਵਾਹਰ।
ਪਿਖਿਯਤਿ ਬਡ ਪ੍ਰਭਾਉ ਹੀ ਜ਼ਾਹਰ'
॥ ੩੧ ॥
ਸੁਨਿ ਰਾਜਨ ਭੀ ਧਰਮ ਬਿਸਾਰਾ।
ਉਮਰਾਵਨਿ ਇਮਾਨ ਕੋ ਹਾਰਾ।
'ਸਪਤ ਮਾਸ ਦੁਖ ਪਾਵਤਿ ਰਹੇ।
ਲਰਤਿ ਹਜ਼ਾਰੋਂ ਮ੍ਰਿਤੁ ਕੋ ਲਹੇ ॥ ੩੨ ॥
ਦਰਬ ਕਰੋਰਹੁੰ ਬਿਚ ਤੇ ਚਾਲਾ।
ਜਿਸ ਤੇ ਤ੍ਰਿਪਤੈ ਸੈਨ ਬਿਸਾਲਾ।
ਖਾਲੀ ਦੁਰਗ ਰਹੇ ਕਜਾ ਲੈ ਹੈਂ।
ਚਢਹਿ ਗੁਰੂ ਕਿਸ ਦੇਸ਼ ਸਿਧੈ ਹੈਂ' ॥ ੩੩ ॥
ਵਧਯੋ ਲੋਭ ਮਨ ਬਿਖੈ ਘਨੇਰਾ।
ਧਰਮ ਇਮਾਨ ਹਤਯੋ ਤਿਸ ਬੇਰਾ।
ਸ਼ਿਵ ਠਾਕਰ ਅਰ ਕਸਮ ਕੁਰਾਨਾ।
ਬਯਾਪਯੋ ਲੋਭ, ਦਯੋ ਕਰਿ ਹਾਨਾ[1] [1]ਭਾਵ ਕਸਮਾਂ ਆਦਿ ਭੁਲਾ ਦਿੱਤੀਆਂ।
॥ ੩੪ ॥
ਪਰੇ ਪਹਾਰੀ ਪੂਰਬ ਆਇ।
ਭਯੋ ਰੌਰ ਦਈ ਲੂਟ ਮਚਾਇ।
ਮਿਲਿ ਮਿਲਿ ਨਰ ਦਸ ਬੀਸ ਕਿ ਚਾਲੀ।
ਬ੍ਰਿਖਭ ਸਹਿਤ ਸਭਿ ਗੋਨ ਸੰਭਾਲੀ
॥ ੩੫ ॥
ਤਿਨ ਪਰ ਸਾਠ ਕਿ ਸੌ ਮਿਲਿ ਆਏ।
ਕਰਿ ਬਲ ਬਾਹਨ ਛੀਨਤਿ ਜਾਏ।
ਸੋ ਨਹਿਂ ਦੇਤਿ ਲਰਨ ਜੜ ਲਾਗੇ।
ਸ਼ਸਤ੍ਰ ਪਰੇ ਚਲਿ, ਕੇਤਿਕ ਭਾਗੇ ॥ ੩੬ ॥
ਪਰਯੋ ਰੌਰ ਕੋਸਨ ਲਗਿ ਸੁਨਿਯਤਿ।
ਜਨੁ ਸਮੁੰਦ੍ਰ ਮਥਿਬੇ ਕਹੁ ਜਨੀਯਤਿ।
ਜਬਿ ਆਪਸ ਮਹਿਂ ਰਾਰ ਮਚਾਈ।
ਤਬਿ ਊਪਰ ਤੇ ਤੋਪ ਚਲਾਈ ॥ ੩੭ ॥
ਗਾਜਤਿ ਗਾਜ ਸਮਾਨ ਮਹਾਂਨੀ।

ਕਰੇ ਸ਼ੱਤ੍ਰ ਸਮੁਦਾਇ ਸੁ ਹਾਨੀ।
ਲਗੀ ਹੋਨਿ ਗੋਰਨਿ ਕੀ ਮਾਰ।
ਜਿਸ ਤੇ ਮਰੇ ਹਜ਼ਾਰ ਜੁਝਾਰ ॥ ੩੮ ॥
ਕੁਛ ਆਪਸ ਮਹਿਂ ਮੂਰਖ ਮਰੇ।
ਕੁਛ ਸਤਿਗੁਰੂ ਮਾਰ ਅਰਿ ਹਰੇ[1]। [1]ਵੈਰੀ ਨਾਸ਼ ਕੀਤੇ।
ਲੇਲੇ ਗੋਨ ਗਏ ਨਿਜ ਡੇਰੇ।
ਧਰੇ ਛੁਪਾਇ ਨਹੀਂ ਦ੍ਰਿਗ ਹੇਰੇ ॥ ੩੯ ॥
ਨਿਜ ਨਿਜ ਮਹਿਂ ਕਰਿ ਕਰਿ ਤਕਰਾਈ।
ਖਾਨ ਪਾਨ ਥਲ ਗੂਨ ਛਪਾਈ।
ਜਹਿਂ ਪੂਜਾ ਠਾਕਰ ਕੀ ਕਰੈਂ।
ਸਾਂਭ ਸਾਂਭ ਕਰਿ ਗੁਪਤੀ ਧਰੈਂ ॥ ੪੦ ॥
ਜਾਨਹਿਂ -ਹਮ ਸਭਿ ਕਿਛ ਲੇ ਆਏ।
ਪੁੱਤ੍ਰ ਪੌਤ੍ਰ ਲਗਿ ਬੈਠਹਿਂ ਖਾਏ।
ਲਰਨ ਮਰਨ ਸਫਲੋ ਅਬਿ ਭਯੋ।
ਘਾਲੀ ਘਾਲ ਜਿਤਿਕ ਧਨ ਲਯੋ-
॥ ੪੧ ॥
ਰਖੀ ਦੁਰਾਇ ਭਏ ਥਿਰ ਡੇਰੇ।
ਮੁਖ ਤੂਸ਼ਨ ਮਨ ਮੁਦਤਿ ਬਡੇਰੇ।
ਨਹਿਂ ਜਾਨਹਿਂ ਮੂਰਖ ਅਲਪੱਗਜ।
ਚਾਹੈਂ ਛਲਜੋ ਗੁਰੂ ਸਰਬੱਗਜ ॥ ੪੨ ॥
ਸੁਮਤਿ ਨਿਧਾਨ ਗੁਰੂ ਮਨ ਭਾਯੋ।
ਅਜਬ ਦਗ਼ੇ ਪਰ ਦਗ਼ਾ ਦਿਖਾਯੋ[1]।

[1]ਸਹੁੰ ਖਾਕੇ ਮਾਰ ਮਾਲ ਲੁਟਣ ਆ ਪਏ ਇਹ ਵੈਰੀ ਨੇ ਦਗ਼ਾ ਕੀਤਾ ਪਰ ਸਹੁੰ ਤੋੜਨ ਵਿਚ ਉਨ੍ਹਾਂ ਦਾ ਧਰਮ ਛਲਿਆ ਗਿਆ। ਜੋ ਦੂਸਰੇ ਨੂੰ ਛਲਦਾ ਹੈ ਉਹ ਆਪਣੇ ਨਾਲ ਬੀ ਛਲ ਕਰਦਾ ਹੈ, ਇਹ ਦਗ਼ੇ ਪਰ ਦਗ਼ਾ ਹੈ। ਹੁਣ ਜਦ ਦੇਖਣਗੇ ਕਿ ਮਾਲ ਬੀ ਕੁਛ ਹਥ ਨਹੀਂ ਆਇਆ ਤਾਂ ਹੋਰ ਸ਼ਰਮਿੰਦੇ ਹੋਣਗੇ, ਛਲ ਕਰਨ ਦਾ ਫਲ ਛਲੇ ਜਾਣਾ ਮਿਲਿਆ। ਇਧਰ ਇਸ ਕੌਤਕ ਨਾਲ ਸਿੱਖਾਂ ਤੇ ਮਾਤਾ ਜੀ ਨੂੰ ਰੌਸ਼ਨ ਹੋ ਗਿਆ ਕਿ ਗੁਰੂ ਜੀ ਦਰੁਸਤੀ ਪਰ ਹਨ ਤੇ ਵੈਰੀ ਦੀ ਸਹੁੰ ਅਮੰਨਾ ਕਰਨੇ ਯੋਗ ਨਹੀਂ ਹੈ।

ਛਲ ਕੋ ਕਰਤਿ ਧਰਮ ਛਲਵਾਯੋ[1]। [1]ਧਰਮ ਗੁਆ ਲਿਆ।
ਨਰਕ ਉਚਿਤ ਭੇ ਕਛੂ ਨ ਪਾਯੋ ॥ ੪੩ ॥
ਮਹਾਂ ਪੁਰਖ ਸੋਂ ਜੋ ਛਲ ਠਾਨੈ।
ਛਲਜੋ ਜਾਇ ਦ੍ਵੈ ਲੋਕ ਸੁ ਹਾਨੈ।
ਲੂਟਿ ਗਵਾਰ ਸਰਬ ਲੇ ਗਏ।
ਨਿਸ ਮਹਿਂ ਨਹੀਂ ਨਿਹਾਰਤਿ ਭਏ

॥੪੪॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰੁਤੇ 'ਦਗ਼ਾ ਕਰਨ' ਪ੍ਰਸੰਗ ਬਰਨਨੰ ਨਾਮ ਖਸ਼ਟ ਬਿੰਸਤੀ ਅੰਸੂ ॥੨੬॥

੨੭. [ਵਕੀਲ ਦਾ ਆਉਣਾ]

੨੬<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੮

ਦੋਹਰਾ:

ਭਏ ਪ੍ਰਭਾਤਿ ਬਿਲੋਕਤੇ, ਨਿਜ ਨਿਜ ਥਾਇਂ ਛੁਪਾਇ।
ਤੰਬੂ ਮਹਿਂ ਠਾਕੁਰ ਨਿਕਟ, ਖੋਲੀ ਗੋਨ ਬਨਾਇ ॥੧॥

ਚੌਪਈ:

ਦਾਸਨ ਆਦਿਕ ਸਕਲ ਹਟਾਏ।
ਆਪਹਿ ਖੋਲਨ ਕੋ ਲਲਚਾਏ।
ਅੰਤਰ ਤੇ ਕਰਿ ਡਾਰ ਨਿਕਾਰੇ।
ਚਮਰੇ ਪਨਹੀ ਹਾਡ ਨਿਹਾਰੇ[1] ॥੨॥ [1]ਗੁਣਾਂ) ਲੈਣ ਵੇਲੇ।
ਹੇਰਤਿ ਗੇਰਹਿਂ ਦੂਰ ਬਗਾਵਹਿਂ।
ਬਿਸ਼ਟਾ ਹਾਥ ਲਗੇ ਪਛਤਾਵਹਿਂ।
ਇਕ ਤੌ ਅਪਨਾ ਧਰਮ ਗਵਾਯੋ।
ਦੁਤੀਏ ਲੇਤੇ[1] ਜੰਗ ਮਚਾਯੋ ॥੩॥ [1]ਅਪਵਿੱਤ੍ਰ।
ਤ੍ਰਿਤੀ ਨਿਪਾਕ[1] ਜੁ ਛੂਵਤਿ ਭਏ। [1]ਵੇਖਿਆ ਜੇ?
ਮਾਰੇ ਬਿਨਾ ਮੂਢ ਮਰਿ ਗਏ।
ਲੱਜਤਿ ਆਪਸ ਮਹਿਂ ਨਹਿਂ ਕਹੈਂ।
ਰਿਦੈ ਬਿਸੂਰਨ ਕੋ ਬਹੁ ਲਹੈਂ ॥੪॥
ਧਿੱਕ ਧਿਕ ਅਪਨੋ ਜਨਮ ਬਖਾਨੈਂ।
ਧਰਮਹੀਨ ਕੀ ਦੁਰਗਤਿ ਜਾਨੈਂ।
ਭਯੋ ਸਭਿਨਿ ਕੋ ਤਬਿ ਉਪਹਾਸਾ।
ਬਿਕਸੇ ਸਤਿਗੁਰ ਪੇਖਿ ਤਮਾਸ਼ਾ ॥੫॥
ਕਹਤਿ ਸਿੰਘ ਜੇ ਨਿਕਟ ਹਕਾਰੇ।
'ਕਹਿਂ ਦੁਰਜਨ ਕੇ ਧਰਮ ਨਿਹਾਰੇ?
ਸਭਿ ਤੁਮ ਹਮਰੇ ਪਾਸ ਬਖਾਨਤਿ।
-ਗਿਰਪਤਿ ਤੁਰਕ ਧਰਮ ਕੋ ਠਾਨਤਿ-
॥੬॥
ਸਭਿ ਪਰਬਤ ਬਾਸੀ ਮਤਿ ਕਾਚੇ।
ਇਹ ਕਬਿ ਬੈਨ ਭਨਹਿਂ ਨਹਿਂ ਸਾਚੇ।
ਹਮ ਕਹਿ ਰਹੇ ਨ ਛਲ ਤੁਮ ਜਾਨਾ।
ਜੇ ਕਰਤੇ ਤਜਿ ਦੁਰਗ ਪਯਾਨਾ[1] ॥੭॥ [1]ਜੇ ਅਸੀਂ ਕਿਲਾ ਛੱਡ ਟੁਰ ਜਾਂਦੇ।
ਤੁਰਕ ਗਿਰੇਸ਼ੁਨਿ ਕੀ ਬਡ ਸੈਨਾ।

ਸਭਿ ਆਵਤਿ ਹਮ ਪਰ, ਪਿਖ ਨੈਨਾ[1]। [1]ਤੁਸੀਂ ਅੱਖੀਂ ਵੇਖਦੇ। (ਅ) ਦੇਖਦੇ ਦੇਖਦੇ।
ਜੂਝਤਿ ਸਕਲ ਸਿੰਘ ਬਡ ਬੀਰ।
ਲਾਖਹੁਂ ਲਸ਼ਕਰ ਅਰਿ ਕੀ ਭੀਰ ॥੮॥
ਹੋਤਿ ਲਚਾਰੀ ਹਮ ਕੋ ਤਬੈ।
ਜੂਝ ਜਾਤਿ ਦਲ ਸਿੰਘਨਿ ਤਬੈ।
ਅਬਿ ਤੌਂ ਸਭਿ ਕੌਂ ਭਈ ਪ੍ਰਤੀਤ।
ਦੁਰਜਨ ਕਰਤਿ ਦਗ਼ਾ ਛਲ ਚੀਤ ॥੯॥
ਤੁਰਕ ਪਹਾਰੀ ਪਰ ਬਿਸਵਾਸ।
ਧਰੈ ਨ ਮਮ ਸਿਖ ਜੋ ਮਤਿ ਰਾਸ।
ਅਪਰ ਕਿਤਿਕ ਦਿਨ ਕਸ਼ਟ ਸਹੀਜੈ।
ਭਲੋ ਜਾਨਿ ਨਿਜ ਧੀਰਜ ਕੀਜੈ ॥੧੦॥
ਬਿਜੈ ਪਰਾਜੈ ਸੁਖ ਦੁਖ ਜੋਈ।
ਗੁਰ ਉਰ ਸਮਸਰ ਚਾਹ ਨ ਕੋਈ।
ਸਤ ਚੇਤਨ ਅਨੰਦਾਤਮ ਬ੍ਰਹਮ।
ਇਸ ਬਿਨ ਦ੍ਵੈਤ ਅਪਰ ਸਭਿ ਭਰਮ[1] ॥੧੧॥ [1]ਇਸ ਤੋਂ ਬਿਨਾਂ ਹੋਰ ਸਭ ਭਰਮ ਤੇ ਦ੍ਵੈਤ ਹੈ।
ਅਸ ਨਿਸ਼ਚਾ ਜਿਨ ਕੇ ਉਰ ਸਾਚੇ।
ਸੋ ਕਹੁ ਕਯੋਂ ਕੂਰੇ ਕਚ ਰਾਚੇ।
ਯਾਂ ਤੇ ਲਖਹੁ ਖਾਲਸੇ ਹੇਤਾ।
ਇਹ ਸਭਿ ਹੋਵਤਿ ਖੇਲ ਸਚੇਤਾ[1] ॥੧੨॥ [1]ਤਾਂਤੇ ਸਮਝ ਲਓ (ਕਿ ਇਹ ਸਭ ਕੁਝ) ਖਾਲਸੇ ਦੇ ਹਿਤ ਲਈ ਜਾਣ ਬੁੱਝਕੇ ਖੇਲ ਹੋ ਰਿਹਾ ਹੈ, ਕਿਉਂਕਿ..... (ਅ) ਖਾਲਸੇ ਦੇ ਸੁਚੇਤ ਹੋਣੇ ਲਈ ਇਹ ਸਭ ਖੇਲ ਹੁੰਦਾ ਹੈ।
ਜਿਤਨੋ ਸੰਕਟ ਸੁਖ ਅਧਿਕੰਤਾ।
ਪ੍ਰਭੁ ਨੇਤ ਇਮ[1] ਨਿਤ ਬਰਤੰਤਾ। [1]ਪ੍ਰਭੂ ਦੀ ਨੀਯਤਕੀਤੀ, ਹੋਣਹਾਰ, ਭਾਣਾ ਇਉਂ ਹੀ.....।
ਸ਼੍ਰੀ ਨਾਨਕ ਇਮ ਬਾਕ ਬਖਾਨਾ।
ਦੁਖ ਦਾਰੂ ਸੁਖ ਰੋਗ ਮਹਾਨਾ[†] ॥੧੩॥ [†]ਤੁਕ ਐਉਂ ਹੈ:-ਦੁਖੁ ਦਾਰੂ ਸੁਖੁ ਰੋਗੁ ਭਇਆ।
ਅੰਤਰ ਥਿਰੋ, ਨਚਿੰਤ ਕਰਾਰੇ[1]। [1]ਨਚਿੰਤ ਤੇ ਤੱਕੜੇ ਹੋਕੇ ਅੰਦਰ ਟਿਕੋ।
ਫਿਰ ਮਨ ਭਾਵਤਿ ਲੇਹੁ ਅਹਾਰੇ।
ਸ਼੍ਰੀ ਅਸਿਧੁਜ ਕੇ ਪਿਖਹੁ ਤਮਾਸ਼ੇ।
ਬਿਬਿਧ ਬਿਧਨਿ ਕੇ ਅਜਬ ਪ੍ਰਕਾਸ਼ੇ ॥੧੪॥
ਅਵਨੀ ਰਾਜ ਤੇਜ ਬਿਰਧਾਵਨਿ[1]। [1]ਭਾਵ ਖਾਲਸੇ ਦਾ।

ਸਿਰ ਸ਼ੱਤ੍ਰਨਿ ਕੇ ਚਰਨ ਟਿਕਾਵਨਿ।
ਅਲਪ ਬੀਜ ਤੇ ਬਹੁ ਬਿਸਥਾਰਨਿ।
ਬਹੁ ਬਿਸਤਰ ਕੋ ਮੂਲ ਉਖਾਰਨਿ[1] ॥੧੫॥

[1]ਬਹੁਤ ਫੈਲੇ ਹੋਏ ਦੀ ਜੜ੍ਹ ਉਖੇੜ ਦੇਣੀ ਹੈ ਭਾਵ ਤੁਰਕਾਂ ਦੀ।

[1]ਇਨ ਕੇ ਹੇਤੁ ਤਪਹਿਂ ਗਨ ਤਪਨੇ।

[1]ਇਨ੍ਹਾਂ (ਬਾਤਾਂ) ਵਾਸਤੇ ਸਾਰੇ ਤਪ ਤਪ ਰਹੇ ਹਾਂ, ਜੋ ਆਪਣਾ ਭਲਾ ਸਮਝਕੇ ਤਪ ਨੂੰ ਤਪਣਗੇ ਐਸੀਆਂ ਨੂੰ ਅਸਾਂ ਸੰਗੀ ਬਨਾਇਆ ਹੈ, ਏਹ ਸਾਰੇ ਸੁੱਖਾਂ ਨੂੰ ਨਾਸ਼ ਕਰਕੇ ਦੁੱਖ ਪਾਉਣਗੇ ਭਾਵ ਦੁੱਖਾ ਨੂੰ ਕਬੂਲਣਗੇ। (ਅ) ਇਨ੍ਹਾਂ (ਖਾਲਸੇ) ਵਾਸਤੇ ਅਸਾਂ ਤਪ ਤਪੇ ਹਨ, ਆਪਣੇ ਜੋ ਹਿਤੂ ਹੈਨ ਸੋ ਤਪ ਸਾਡੇ ਨਾਲ ਤਪ ਰਹੇ ਹਨ। (ਵੈਰੀਆਂ ਨੇ) ਐਉਂ (ਦਗ਼ਾ) ਕੀਤਾ ਹੈ ਸਾਡੇ ਨਾਲ; ਏਹ (ਵੈਰੀ ਆਪਣੇ) ਸਾਰੇ ਸੁਖ ਗਵਾਕੇ ਦੁਖ ਪਾਉਣਗੇ।

ਤਪੁ ਕੋ ਤਪਹਿਂ ਜਾਨ ਹਿਤ ਅਪਨੇ।
ਇੱਤਜਾਦਿਕ ਕੀਨਸਿ ਹਮ ਸੰਗ।
ਦੁਖ ਪੈ ਹੈਂ ਇਹ ਸਭਿ ਸੁਖ ਭੰਗਿ[੫] ॥੧੬॥
ਪਲਟਾ ਲੇਹਿ ਖਾਲਸਾ ਮੇਰਾ।
ਕੇਤਿਕ ਦਿਨ ਮਹਿਂ, ਬਡੀ ਨ ਦੇਰਾ।
ਦਗ਼ਾ ਬੁਰਾ, ਸਿੰਘਹੁ! ਨਹਿਂ ਕਰੀਏ।
ਰਣ ਮਹਿਂ ਲਰਤੇ ਸ਼ੱਤ੍ਰ ਸੰਘਰੀਏ' ॥੧੭॥
ਮਾਤਾ ਆਦਿ ਲੋਕ ਸਭਿ ਘਰ ਕੇ।
ਗੁਰ ਪਰ ਸਿਦਕ ਧਰਜੋ ਹਿਤ ਧਰਿ ਕੇ।
ਕਹਜੋ ਗੁਰੂ ਕੋ ਸਾਚੋ ਜਾਨਜੋ।
ਗਿਰਪਤਿ ਤੁਰਕਨ ਕੂਰ ਬਖਾਨਜੋ ॥੧੮॥
ਇਸ ਪ੍ਰਕਾਰ ਕਹਿ ਸਿਖ ਸਮੁਝਾਏ।
ਭਲੇ ਮਹਾਤਮ ਫਲਹਿ ਸੁਨਾਏ।
ਤਊ ਸੰਤੋਖ ਨਹੀਂ ਕਿਨ ਕੀਨਾ।
ਮਹਾਂ ਕਸ਼ਟ ਸਿਰ ਊਪਰ ਚੀਨਾ ॥੧੯॥
ਕੁਛ ਧੀਰਜ ਧਰਿ ਸਿਖ ਪੁਨ ਰਹੇ।
ਗੁਰ ਬਚ ਤੇ ਨਿਜ ਨੀਕੋ[1] ਲਹੇ।

[1]ਭਲਾ।

ਮੁਰਚਨਿ ਮਹਿਂ ਰਾਖਹਿਂ ਤਕਰਾਈ।
ਸਭਿ ਨਿਸ ਜਾਗਹਿਂ ਰਖਿ ਚੁਕਸਾਈ ॥੨੦॥
ਬਿਨਾ ਅੰਨ ਤੇ ਭਏ ਲਚਾਰ।
ਇਕ ਗੁਰ ਦਰਸ਼ਨ ਕੇ ਆਧਾਰ।

ਸੰਕਟ ਸਹੈਂ ਕਸੇ ਕਟ ਰਹੈਂ।
ਆਯੁਧ ਧਰੇ ਰਿਪੁਨਿ ਕੋ ਲਹੈਂ ॥੨੧॥
ਤਊ ਕਸ਼ਟ ਤੇ ਧੀਰਜ ਹਾਲੀ।
ਬਲ, ਪਲ[1], ਸ਼੍ਰੋਣਤ, ਤੇ ਤਨ ਖਾਲੀ। [1]ਮਾਸ।
ਕਹਾਂ ਕਰੈਂ ਕੁਛ ਲਖ੍ਯੋ ਨ ਜਾਈ।
ਗੁਰ ਚਰਿੱਤ੍ਰ ਕੋ ਪਾਰ ਨ ਪਾਈ ॥੨੨॥
ਅਧਿਕ ਛੁਧਾ ਦੁਖ ਸਹ੍ਯੋ ਨ ਪਰੈ।
ਦ੍ਰਿਸ਼ਟਿ ਭਿ ਨਹੀਂ ਅੰਨ, ਕਜ਼ਾ ਕਰੈਂ।
ਘਾਟ ਬਾਟ[1] ਕੀ ਸਭਿ ਤਕਰਾਈ। [1]ਘਾਟਾਂ ਤੇ ਰਾਹਾਂ ਦੀ। (ਅ) ਘਾਟਾਂ ਦੇ ਰਾਹਾਂ ਦੀ।
ਤੁਰਕ ਗਿਰੇਸ਼ੁਨਿ ਕੀਨ ਬਨਾਈ ॥੨੩॥
ਕਿਤਿਕ ਬਿਤੇ ਦਿਨ ਜਬਿ ਇਸ ਭਾਂਤੀ।
ਪੁਨ ਆਈ ਅਵਰੰਗ ਕੀ ਪਾਤੀ।
ਕਸਮ ਕੁਰਾਨ ਆਦਿ ਕੀ ਖਾਈ।
'ਤੁਮਰੋ ਬੁਰੋ ਨ ਚਿਤਹਿਂ ਕਦਾਈ ॥੨੪॥
ਜੇ ਕੈਸੇ ਤੁਮ ਬੁਰਾ ਤਕਾਵੈਂ।
ਨਹਿਂ ਦਰਗਾਹ ਠੌਰ ਹਮ ਪਾਵੈਂ।
ਸਚ ਜਾਨੋ ਇਹੁ ਲਿਖ੍ਯੋ ਹਮਾਰੋ।
ਤਜੋ ਅਬੈ ਸੰਗ੍ਰਾਮ ਅਖਾਰੋ ॥੨੫॥
ਹਮਰੀ ਓਰ ਆਪ ਚਲਿ ਆਵਹੁ।
ਹੁਇ ਹੈ ਮੇਲ ਸਦਾ ਹਰਖਾਵਹੁ।
ਇਤ ਆਵਨ ਜੇ ਚਾਹਤਿ ਨਾਂਹੀ।
ਮਨ ਭਾਵਤਿ ਬਿਚਰਹੁ ਜਗ ਮਾਂਹੀ ॥੨੬॥
ਏਕ ਬਾਰ ਤਜਿ ਦੁਰਗ ਲਰਾਈ।
ਇਹ ਮਾਨਹੁਂ ਬਨਿ ਮੇਲ ਤਦਾਈ।'
ਸੁਨਿ ਗੁਰ ਕਹ੍ਯੋ 'ਨ ਸਾਚ ਤੁਮਾਰੇ।
ਕਰਹੁ ਅਨਤ, ਮੁਖ ਆਨ ਉਚਾਰੇ[1]' ॥੨੭॥ [1]ਤੁਸੀਂ ਕਰਦੇ ਹੋਰ ਹੋ ਤੇ ਤੁਹਾਡੇ ਮੂੰਹ ਹੋਰ ਕਹਿੰਦੇ ਹਨ।
ਪੁਨ ਅਵਰੰਗ ਢਿਗ ਲਿਖ੍ਯੋ ਪਠਾਯੋ।
ਸੁਨਿ ਕੈ ਲਿਖਿ ਕਰਿ ਫੇਰ ਪੁਚਾਯੋ।
ਭਲੋ ਵਕੀਲ ਲਵਾਇ[1] ਪ੍ਰਵਾਨਾ। [1]ਲਿਆਇਆ।
ਸਭਿ ਗਿਰਪਤਿ ਕੀਨੇ ਇਕ ਥਾਨਾ

॥੨੮॥
ਕਰਿ ਸਲਾਹ ਸਭਿ ਆਨ[1] ਪਵਾਈ।
ਰਾਜਨਿ ਕੇ ਵਕੀਲ ਸਮੁਦਾਈ।
ਜੇ ਪ੍ਰਥਮੈ ਲੂਟਨ ਕੋ ਗਏ।
ਤਿਨ ਕੋ ਦੰਡ ਦੇਤਿ ਨ੍ਰਿਪ ਭਏ ॥੨੯॥
ਸਭਿ ਸ਼ਰਮਿੰਦਤਿ ਭਏ ਲੁਟੇਰੇ।
ਲੀਨੇ ਦਰਬ ਖਤਾ ਤਿਨ ਹੇਰੇ।
ਸ਼ਾਹ ਦੂਤ ਲੈ ਗਿਰਪਤਿ ਦੂਤ[1]।
ਅੰਤਰ ਬਰੇ ਕਰਨਿ ਕੋ ਸੂਤ ॥੩੦॥
ਜਹਿਂ ਸਤਿਗੁਰ ਬੈਠੇ ਤਹਿਂ ਆਏ।
ਸਕਲ ਜੋਰਿ ਕਰ ਸੀਸ ਨਿਵਾਏ।
ਬੈਠੇ ਨਿਕਟ ਕਹਯੋ ਨਿਜ ਕਾਜ।
'ਸੁਨੀਅਹਿ ਗੁਰੂ ਗਰੀਬ ਨਿਵਾਜ! ॥੩੧॥
ਪਰਵਾਨਾ ਲਿਖਿ ਸ਼ਾਹ ਪਠਾਯੋ।
ਮੈਂ ਲੇ ਕਰਿ ਤਹਿਂ ਤੇ ਚਲਿ ਆਯੋ।
ਹਜ਼ਰਤ ਚਿਤ ਕੋ ਹਿਤ ਕਰਿ ਕਹਯੋ।
ਮਿਲਿਬੋ ਰਾਵਰ ਕੇ ਸੰਗ ਚਹਯੋ ॥੩੨॥
ਉਤ ਮੁਹਿੰਮ ਕਰਿ ਅਟਕਯੋ ਸੋਇ।
ਨਤੁ ਆਵਤਿ ਇਤ ਹਾਜ਼ਰ ਹੋਇ।
[1]ਮੁਝ ਸੋਂ ਬਾਤੇਂ ਕਰੈਂ ਜ਼ੁਬਾਨੀ।
ਪਰਵਦਿਗਾਰ ਮਿਲਿਨਿ ਕੀ ਜਾਨੀ[ਪ] ॥੩੩॥
ਸ਼ਾਹੁ ਸਮੀਪ ਤਰੀਫ ਤੁਮਾਰੀ।
ਬਹੁ ਲੋਕਨਿ ਸਭਿ ਰੀਤਿ ਉਚਾਰੀ।
-ਬਲੀ ਬਹਾਦੁਰ ਪੀਰਨ ਪੀਰ।
ਜਨੁ ਖ਼ੁਦਾਇ ਹੀ ਆਪ ਸਰੀਰ- ॥੩੪॥
ਕਾਜ਼ੀ ਅਰ ਉਮਰਾਵ ਘਨੇਰੇ।
ਕਰਤਿ ਆਪ ਕੋ ਸੁਜਸੁ ਬਡੇਰੇ।

[1]ਸੌਂਹ।

[1]ਸ਼ਾਹ ਦੇ ਦੂਤ ਪਹਾੜੀਆਂ ਦੇ ਦੂਤ ਨੂੰ (ਨਾਲ) ਲੈਕੇ।

[1]ਮੇਰੇ ਨਾਲ ਜ਼ੁਬਾਨੀ ਗੱਲਾਂ ਕੀਤੀਆਂ ਸਨ, (ਪਾਤਸ਼ਾਹ ਚਾਹੁੰਦਾ ਹੈ ਕਿ ਗੁਰੂ ਜੀ) ਮੇਰੇ ਨਾਲ ਆਕੇ ਜ਼ੁਬਾਨੀ ਗਲਾਂ ਕਰਨ ਵਾਹਿਗੁਰੂ ਦੇ ਮਿਲਾਪ ਦੀਆਂ, ਜਾਣ ਲਓ। (ਅ) ਮੇਰੇ ਨਾਲ ਪਾਤਸ਼ਾਹ ਨੇ ਜ਼ੁਬਾਨੀ ਜੋ ਬਾਤ ਕੀਤੀ ਹੈ, (ਉਹ ਸਭ) ਮਿਲਨ ਦੀ (ਮੈਂ) ਜਾਣੀ ਹੈ, ਪਰਵਰਦਗਾਰ (ਦੀ ਸਹੁੰ)।

ਸੁਨਿ ਸੁਨਿ ਅਭਿਲਾਖਾ ਬਡ ਸ਼ਾਹੂ।
ਯਾਂ ਤੇ ਮੋਹਿ ਪਠ੍ਯੋ ਤੁਮ ਪਾਹੂ ॥੩੫॥
ਹਜ਼ਰਤ ਨਿਜ ਕਰ ਤੇ ਲਿਖਿ ਦੀਨਿ।
ਹਰਫ ਜੁ ਥੋਰੇ ਲੀਜਹਿ ਚੀਨਿ।
ਅਹਿਦ ਕਰੇ ਬਿਚ ਦਿਯੋ ਖ਼ੁਦਾਇ।
ਸਪਥ ਮੁਹੰਮਦ ਕੀ ਤਿਨ ਖਾਇ ॥੩੬॥
ਜਿਮ ਰਾਵਰ ਕੋ ਮਨ ਪਤਿਆਵੈ।
ਤਿਮ ਤੁਮ ਚਲਹੁ ਨ ਕੋ ਅਟਕਾਵੈ।
ਜੇ ਹਜ਼ਰਤ ਕੋ ਆਸ਼ੈ ਐਸੇ।
ਅਪਰ ਬੁਰੋ ਕਰਿ ਸਕੈ ਸੁ ਕੈਸੇ? ॥੩੭॥
ਗਿਰਪਤਿ ਸਗਰੇ ਕਰਿ ਕਰਿ ਆਨ।
ਪਠੇ ਆਪ ਕੇ ਢਿਗ ਪਰਧਾਨ।
ਠਾਕੁਰ ਧੇਨੁ ਧਰਮ ਬਿਚ ਦੀਨੇ।
ਤਜਹੁ ਜੰਗ ਅਬਿ ਆਛ ਸੁ ਚੀਨੇ' ॥੩੮॥
ਪੁਨ ਪੰਮਾ ਬੋਲ੍ਯੋ ਕਰ ਜੋਰਿ।
'ਸ਼੍ਰੀ ਪ੍ਰਭੁ ਸਭਿ ਨੰਮ੍ਰੀ ਤੁਮ ਓਰ।
ਨਹਿਂ ਪੂਰਬ ਕੀ ਬਾਤ ਬਿਚਾਰੋ।
ਕਾਜ ਅਚਾਨਕ ਕਰ੍ਯੋ ਬਿਗਾਰੋ ॥੩੯॥
ਕਿਸ ਰਾਜੇ ਕੋ ਮਤਿ ਇਮ ਨਾਂਹੀ[1]।
ਪਰੇ ਲੁਟੇਰੇ ਬੈਲਨਿ ਮਾਂਹੀ।
ਕਰਿ ਸਾਬਤ ਸਭਿ ਹੀ ਗਹਿ ਲੀਨੇ।
ਮਾਰਨ ਕਰੇ ਕੈਦ ਬਹੁ ਕੀਨੇ ॥੪੦॥
ਪਰ੍ਯੋ ਸਭਿਨਿ ਮਹਿ ਅਬਿ ਡਰ ਭਾਰੀ।
ਨਹਿਂ ਕੋ ਹੇਰਹਿਂ ਓਰ ਤੁਹਾਰੀ।
ਏਕ ਬਾਰ ਤਜਿ ਦੁਰਗ ਸਿਧਾਰਹੁ।
ਪੁਨ ਬਿਚਰਹੁ ਜਹਿਂ ਇੱਛਾ ਧਾਰਹੁ' ॥੪੧॥
ਇੱਤਜਾਦਿਕ ਦੂਤਨ ਬਚ ਕਹੇ।
ਜਿਮ ਕੰਚਨ ਘਟ ਮਹਿਂ ਬਿਖ ਅਹੇ[1]।
ਕਹੀ ਲਾਪਚਾਰੀ[1] ਸਭਿ ਬਾਤ।
ਗੁਰ ਕੇ ਉਰ ਸਗਰੀ ਬਿੱਖਜਾਤ ॥੪੨॥

[1]ਇਹ ਸਲਾਹ ਨਹੀਂ ਸੀ।

[1]ਜਿਵੇਂ ਸੋਨੇ ਦੇ ਘੜੇ ਵਿਚ ਜ਼ਹਿਰ ਹੋਵੇ।

[1]ਕਥਨ ਮਾਤ੍ਰ ਚਾਪਲੋਸੀ ਦੀ ਗਲ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰੁਤੇ 'ਵਕੀਲ ਆਮਦਨ' ਪ੍ਰਸੰਗ ਬਰਨਨੰ ਨਾਮ ਸਪਤ ਬਿੰਸਤੀ ਅੰਸੂ ॥੨੭॥

੨੮. [ਅਨੰਦਪੁਰ ਤਜਣ ਦੀਆਂ ਸਲਾਹਾਂ। ਬਿਦਾਵਾ]

੨੭<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੯

ਦੋਹਰਾ:
ਸੁਨਿ ਸਭਿ ਤੇ ਸਤਿਗੁਰ ਕਹਯੋ, 'ਇਹ ਦਰੋਗ਼[1] ਕੀ ਬਾਤ। [1]ਝੂਠ।
ਬੰਚਕਤਾ ਤੁਮ ਕਰਤਿ ਹੋ, ਰਾਜ ਤੇਜ ਹੁਇ ਘਾਤ ॥੧॥
ਚੌਪਈ:
ਜਿਮ ਆਗੇ ਸਭਿ ਕੀਨਸਿ ਆਨ।
ਬਹੁਰ ਬਿਨਾਸ਼ਯੋ ਧਰਮ ਇਮਾਨ।
ਨਿਜ ਤੇ ਪ੍ਰਿਥਕ ਬਨਾਇ ਲੁਟੇਰੇ।
ਨਰਕ ਸਹੇਰਯੋ ਕਸ਼ਟ ਬਡੇਰੇ ॥੨॥
ਇਮ ਹੀ ਰਾਜ ਤੇਜ ਤੁਮ ਹਾਰੋ।
ਜਗ ਤੇ ਸਫਾ ਉਠਹਿ ਇਕਬਾਰੋ।'
ਇਮ ਕਹਿ ਤੂਸ਼ਨ ਭਏ ਗੁਸਾਈਂ।
ਹਾਰੇ ਕਹਿ ਵਕੀਲ ਸਮੁਦਾਈ ॥੩॥
ਸ਼੍ਰੀ ਗੁਜਰੀ ਢਿਗ ਸੁਧਿ ਤਬਿ ਗਈ।
ਦੂਤਨਿ ਕਹੀ ਸੁ 'ਅਨਬਨ ਭਈ।
ਨਹਿਂ ਮਾਨਹਿਂ ਕਲਗੀਧਰ ਕਿਸ ਕੀ।
ਤਿਨ ਸੋਂ ਬੋਲਹਿਂ ਬਾਨੀ ਰਿਸ ਕੀ' ॥੪॥
ਸੁਨਿ ਕੈ ਅਪਨੇ ਨਿਕਟ ਹਕਾਰੇ।
ਸਗਲੇ ਮਾਤਾ ਪਾਸ ਪਧਾਰੇ।
ਕਹਿਵਤ[1] ਸ਼ਾਹੁ ਗਿਰੇਸ਼ਨਿ ਕੇਰੀ। [1]ਆਖੀ ਹੋਈ ਗਲ, ਸੁਨੇਹਾ।
ਸਰਬ ਵਕੀਲਨਿ ਭਾਖੀ ਫੇਰੀ ॥੫॥
'ਸੁਨਹੁ ਮਾਤ ! ਪਰਤੀਤ ਕਰੀਜੈ।
ਸਭਿ ਕੀ ਕਹੀ ਸਾਚ ਲਖਿ ਲੀਜੈ।
ਸਤਿਗੁਰ ਨਹਿਂ ਮਾਨਹਿਂ, ਕਹਿ ਰਹੇ।
ਪ੍ਰਿਥਮ ਬਾਰਤਾ ਪਰ ਰਿਸ ਲਹੇ ॥੬॥
ਸਰਬ ਲੁਟੇਰੇ ਕੈਦ ਪਰੇ ਹੈਂ।
ਦੰਡ ਸਾਸਨਾ ਦੇਨਿ ਕਰੇ ਹੈਂ।
ਅਬਿ ਕਰ ਜੋਰਿ ਖਤਾ ਬਖਸ਼ਾਵੈਂ।
ਤਊ ਨਹੀਂ ਮਨ ਮਹਿਂ ਕੁਛ ਲਜਾਵੈਂ'
॥੭॥
ਸੁਨਿ ਕਰਿ ਮਾਤਾ ਉਰ ਬਿਰਮਾਈ।

-ਏਤੀ ਸਪਥ ਸਾਚ ਇਨ ਖਾਈ-।
ਸਕਲ ਸਿੰਘ ਅਰੁ ਮਾਤਾ ਮਿਲੇ।
ਨਿਕਸਨਿ ਪੁਰਿ ਤੇ ਮਾਨਜੋ ਭਲੇ ॥ ੮ ॥
'ਜਜੋਂ ਕਜੋਂ ਕਹਿ ਕਰਿ ਗੁਰੂ ਨਿਕਾਰੋ।
ਤਬਿ ਮਿਟ ਹੈ ਇਹ ਜੰਗ ਅਖਾਰੋ।'
ਆਨਿ ਗੁਰੂ ਢਿਗ ਕਰਜੋ ਜਵਾਬ।
'ਮਹਾਰਾਜ ! ਅਬਿ ਤਜਹੁ ਸ਼ਿਤਾਬ ॥ ੯ ॥
ਛੁਧਾ ਕਸ਼ਟ ਹਮ ਬਹੁਤ ਸਹਾਰਜੋ।
ਹੁਇ ਲਚਾਰ ਤੁਮ ਪਾਸ ਉਚਾਰਜੋ।
ਨਿਕਸੇ ਚਹੈਂ ਪ੍ਰਾਨ ਛੁਧਿਆਰੇ।
ਕਿਮ ਹਮ ਰਾਖਹਿਂ ਧੀਰਜ ਧਾਰੇ' ॥ ੧੦ ॥
ਇਤਨੇ ਮਹਿਂ ਮਾਤਾ ਚਲਿ ਆਈ।
ਬੈਠਿ ਨਿਕਟ ਸੁਤ ਕੋ ਸਮੁਝਾਈ।
'ਕਜੋਂ ਅਬਿ ਚਾਹਤਿ ਸਭਿ ਕੋ ਮਾਰਜੋ।
ਸਿੱਖਨਿ ਤੁਮਰਾ ਕਹਾਂ ਬਿਗਾਰਜੋ ॥ ੧੧ ॥
ਮਰੇ ਹਜ਼ਾਰਹੁਂ ਲਰਿ ਲਰਿ ਆਗੇ।
ਬਚੇ, ਅੰਨ ਬਿਨ ਮਰਬਿ ਲਾਗੇ।
ਹੇਲਾ ਪਰੈ ਕਤਲ ਹੁਇ ਜੈ ਹੈਂ।
ਕੋ ਲਾਖਹੁ ਲਸ਼ਕਰ ਅਟਕੈ ਹੈ ॥ ੧੨ ॥
ਸ਼ਾਹੁ ਗਿਰੇਸ਼੍ਵਰ ਭਾਖਤਿ ਸਾਰੇ।
ਕਿਮ ਇਹ ਕੂਰ ਬਨਹਿਂ, ਧ੍ਰਮ ਹਾਰੇ[1]। [1]ਕਿਵੇਂ ਝੂਠੇ ਹੋਕੇ (ਸਾਰੇ ਹੀ) ਧਰਮ ਹਾਰ ਜਾਣਗੇ।
ਜੇ ਨਹਿਂ ਮਾਨਹੁਂਗੇ ਇਹ ਬਾਤ।
ਤਜਹਿਂ ਸਾਥ ਤੁਮਰੋ ਬੱਖਜਾਤ ॥ ੧੩ ॥
ਘਰ ਕੇ ਭੀ ਸਗਰੇ ਤਜਿ ਜਾਵੈਂ।
ਜਿਤ ਕਿਤ ਹ੍ਵੈ ਕਰਿ ਪ੍ਰਾਨ ਬਚਾਵੈਂ।
ਪੁਨ ਏਕਲ ਰਹਿ ਕਰਹਹੁ ਕਹਾਂ।
ਸਭਿਹਿਨਿ ਕੋ ਪ੍ਰਾਨਨ ਪ੍ਰਿਯ ਮਹਾਂ' ॥ ੧੪ ॥
ਸੁਨਿ ਸਿੰਘਨ ਤੇ ਅਰੁ ਬਚ ਮਾਤਹਿ।
ਰਿਸ ਕਰਿ ਕਹਿਤ ਭਏ ਬਿੱਖਜਾਤਹਿ।
'ਜੋ ਅਬਿ ਨਿਕਸਹਿ ਬਚਹਿ ਸੁ ਨਾਈ[1]। [1]ਬਚੇਗਾ ਨਹੀਂ।
ਹਮਰੋ ਦੋਸ਼ ਲਖਹੁ ਨਹਿਂ ਕਾਈ ॥ ੧੫ ॥

ਪਸਰਹਿ ਜਹਿਂ ਕਹਿਂ ਇਹੀ ਪ੍ਰਸੰਗ।
-ਹਤੇ ਗਏ ਸਗਰੇ ਬਿਚ ਜੰਗ-।
ਸੁਨਿ ਕਰਿ ਬਿਸਮੈ ਬਹੁਰ ਬਿਚਾਰਹਿਂ।
-ਅਸਮੰਜਸ ਕਜੋਂ ਭਈ[1]- ਉਚਾਰਹਿਂ ॥੧੬॥
-ਕਜੋਂ ਨ ਭਏ ਸਤਿਗੁਰ ਰਖਵਾਰੇ।
ਜੇ ਸੰਗੀ ਸਦ ਰਹਿਬੇਹਾਰੇ-।
ਯਾਂ ਤੇ ਲਿਖਿ ਲਿਖਿ ਸਕਲ ਬਿਦਾਵਾ।
ਚਲੇ ਜਾਹੁ ਜਿਤ ਜਿਹ ਮਨ ਭਾਵਾ ॥੧੭॥
ਜੇ ਹੋਵਹੁ ਹਮਰੇ ਅਨੁਸਾਰੀ।
ਤੌ ਚਿਤ ਚਾਹ ਕਰੈਂ ਰਖਵਾਰੀ[1]।
ਖੜਗ ਕੇਤੁ ਪ੍ਰਭੁ ਬਨਹਿ ਸਹਾਇ।
ਰਿਪੁ ਤੇ ਦੇ ਕਰਿ ਹਾਥ ਬਚਾਇਂ ॥੧੮॥
ਦੋਨਹੁਂ ਬਾਤਨ ਮਹਿਂ ਜਿਮ ਭਾਵੈ।
ਸੋ ਕਰਿ ਚਲੋ, ਨ ਕੋ ਅਟਕਾਵੈ।'
ਮਾਤਾ ਕੀ[†] ਰਿਸ ਲਖਿ ਕਹਿ ਸਹੀ।
ਬਿਨ ਸਨੇਹ ਬਾਨੀ ਗੁਰ ਕਹੀ ॥੧੯॥
ਭਈ ਕਸ਼ਟ ਤੇ ਬਿਹਬਲ ਮਾਈ।
-ਕਹਾਂ ਕਰੈ ਕੁਛ ਕਹੀ ਨ ਜਾਈ।
ਸੁਤ ਪਜਾਰੇ ਕਿਮ ਤਜਾਗਨ ਕਰੈ।
ਨਹਿਂ ਤਜਾਗੇ, ਜਾਨਹਿਂ -ਹਮ ਮਰੈਂ- ॥੨੦॥
ਤਿਮਹੀ ਦੁਬਿਧਾ ਸਿੰਘਨਿ ਬਜਾਪੀ।
-ਪ੍ਰਣ ਥੋ ਗੁਰ ਤਜਿ ਹੈਂ ਨ ਕਦਾਪੀ।
'ਹਮ ਨਹਿਂ ਸਿੱਖ ਗੁਰੂ ਤੁਮ ਨਾਂਹੀ।'
ਇਹ ਕਿਮ ਲਿਖੀ ਜਾਇ ਪ੍ਰਭੁ ਪਾਹੀ- ॥੨੧॥
ਚਿਤ ਸੋਚਨ ਕੋ ਸੋਚਤਿ ਸਾਰੇ।
ਕੁਛ ਨ ਸਕਹਿਂ ਕਰਿ, ਦੁਬਿਧਾ ਧਾਰੇ।

[1]ਉਲਟੀ ਗਲ ਕਿਉਂ ਹੋ ਗਈ।

[1]ਦਿਲੋਂ ਚਾਹਕੇ ਰਾਖੀ ਕਰਾਂਗੇ।

[†]ਕੀ' ਪਾਠ ੧੯੧੨ ਦੇ ਲਿਖੇ ਨੁਸਖੇ ਦਾ ਹੈ ਜੋ ਠੀਕ ਹੈ, ਇਸ ਤੋਂ ਉਪ੍ਰੰਤ ੧੯੧੯ ਤੇ ਮਗਰਲੇ ਨੁਸਖਿਆਂ ਵਿਚ ਪਾਠ 'ਭੀ' ਦੇਖਣ ਵਿਚ ਆਯਾ ਹੈ, ਜੋ ਲਿਖਾਰੀਆਂ ਦੀ ਅਨਗਹਿਲੀ ਦਾ ਫਲ ਹੈ।

ਗਏ ਵਕੀਲ ਸਭਿਨਿ ਸਨ ਕਹ੍ਯੋ।
'ਸਤਿਗੁਰ ਰਣ ਕੋ ਹਠ ਧਰਿ ਰਹ੍ਯੋ ॥੨੨॥
ਤਉ ਬਾਤ ਇਕ ਬਿਧਿ ਬਨਿ ਆਵੈ।
ਮਾਤਾ ਕੋ ਹਮ ਪੁਨ ਸਮੁਝਾਵੈਂ।
ਬਿਨਤੀ ਕਰੈਂ ਗਿਰੀਸ਼ੁਨਿ ਦਿਸ਼ ਤੇ।
ਦੇਹਿਂ ਭਰੋਸਾ ਬਿਧ ਜਿਸ ਕਿਸ ਤੇ ॥੨੩॥
ਸੋ ਅਪਨੇ ਸੁਤ ਕੋ ਸਮੁਝਾਵੈ।
ਜਯੋਂ ਕਯੋਂ ਕਰਿ ਨਿਕਸਨਿ ਮਨਵਾਵੈ।
ਜੇ ਜਨਨੀ ਕੋ ਕਹ੍ਯੋ ਨ ਮਾਨੈਂ।
ਤਉ ਇਮ ਹੋਇ ਬਾਤ, ਹਮ ਜਾਨੈਂ ॥੨੪॥
ਪੌਤ੍ਰੇ ਆਦਿਕ ਗੁਰ ਪਰਿਵਾਰ।
ਨਿਕਰਹਿਂ ਵਹਿਰ ਬਿਨਾ ਅਨੁਸਾਰਿ[1]।
ਇਸ ਬਿਧਿ ਭੇਦ ਪਰੈ ਗੁਰ ਘਰ ਮਹਿਂ।
ਹੋਇ ਇਕਾਕੀ ਸਮਝੈਂ ਉਰ ਮਹਿਂ ॥੨੫॥
ਬਹੁਰ ਆਪ ਭੀ ਨਿਕਰਨ ਕਰੈਂ।
ਠਹਿਰਹਿਂ ਨਹੀਂ ਜੰਗ ਪਰਹਰੈਂ।'
ਭੀਮ ਚੰਦ ਖ੍ਵਾਜਾ ਮਰਦੂਦ।
ਕਹ੍ਯੋ ਵਕੀਲਨਿ ਜੋ ਮਉਜੂਦ[1] ॥੨੬॥
'ਇਹ ਨੀਕੀ ਤੁਮ ਨੀਤਿ ਬਿਚਾਰੀ।
ਕਰਹੁ ਜਤਨ ਇਸ ਕੋ ਮਤਿ ਭਾਰੀ।'
ਕਹਿਲੂਰੀ ਕਹਿ 'ਲਿਹੁ ਮਮ ਨਾਮੂ।
ਕਰਹੁ ਮਾਤ ਕੇ ਚਰਣ ਪ੍ਰਣਾਮੂ ॥੨੭॥
ਜਿਮ ਹਮ ਧਰਮ ਕਰੈਂ, ਕਹਿ ਦੀਜੈ।
ਏਕ ਬਾਰ ਪੁਰਿ ਤਜਾਗਨ ਕੀਜੈ।
ਧਨ ਆਦਿਕ ਸਾਮੱਗ੍ਰੀ ਭਾਰੀ।
ਲੀਜਹਿ ਅਪਨੀ ਸਰਬ ਸੰਭਾਰੀ ॥੨੮॥
ਮੈਂ ਹੁਇ ਚਲਿਹੌਂ ਸੰਗ ਤੁਮਾਰੇ।
ਦੇਉਂ ਲੰਘਾਇ ਬਿੰਦ ਦਲ ਸਾਰੇ।

[1]ਭਾਵ, ਆਗਿਆ ਤੋਂ ਬਿਨਾਂ।

[1]ਉਹਨਾਂ ਵਕੀਲਾਂ ਨੂੰ ਕਿਹਾ ਜੋ ਮਉਜੂਦ ਸਨ।

ਪੁਨ ਗਮਨਹੁ ਚਿਤ ਚਾਹਤਿ ਜਹਾਂ।
ਲਸ਼ਕਰ ਪਰੇ ਮੋਹਿ ਦੁਖ ਮਹਾਂ[1] ॥੨੯॥ [1]ਸ਼ਾਹੀ) ਲਸ਼ਕਰ ਆ ਪਏ ਦਾ ਮੈਨੂੰ ਬੜਾ ਦੁਖ ਹੈ।
ਦੇਸ਼ ਗਿਰਨਿ ਕੋ ਭਯੋ ਬਿਨਾਸ਼ੀ।
ਉਜਰੀ ਪ੍ਰਜਾ ਕਹਾਂ ਕ੍ਰਿਖ ਰਾਸੀ[1]। [1]ਸਾਰੀ ਖੇਤੀ ਤਾਂ ਕਿਤੇ ਰਹੀ।
ਯਾਂ ਤੇ ਚਹੌਂ ਜੁ ਮਿਟੈ ਬਖੇਰਾ।
ਮਾਨਹੁਂ ਬਿਨੈ ਸਹਿਤ ਬਚ ਮੇਰਾ ॥੩੦॥
ਉਤ ਹਜ਼ਰਤ ਬਹੁ ਲਿਖੇ ਪਠਾਏ।
ਹਿਤ ਕਰਿ ਮਿਲਿਬੇ ਹੇਤੁ ਬੁਲਾਏ।'
ਇੱਤਜ਼ਾਦਿਕ ਦੂਤਨਿ ਸਨ ਕਹਿ ਕੈ।
ਪਠੇ ਮਾਤ ਢਿਗ 'ਨਿਕਸਹਿਂ ਚਹਿ ਕੈ'
॥੩੧॥
ਪ੍ਰਥਮ ਸਕਲ ਹੀ ਗੁਰ ਢਿਗ ਆਏ।
ਹਾਥ ਜੋਰਿ ਕਰਿ ਸੀਸ ਨਿਵਾਏ।
ਬੈਠਿ ਗਏ ਬਿਰਤਾਂਤ ਬਖਾਨਾ।
'ਸ਼੍ਰੀ ਸਤਿਗੁਰੂ ਸੁਜਾਨ ਮਹਾਨਾ! ॥੩੨॥
ਉਮਰਾਵਨ ਅਰੁ ਗਿਰਪਤਿ ਸਾਰੇ।
ਸਭਿ ਇਕ ਥਲ ਮਿਲਿ ਇਕ ਮਤ ਧਾਰੇ।
ਹਜ਼ਰਤ ਲਿਖਿ ਤਾਕੀਦ ਪਠਾਈ।
ਬੋਲਨ ਆਪ ਸਾਥ ਲਲਚਾਈ ॥੩੩॥
ਬਿਬਿਧਿ ਬਿਧਿਨਿ ਕੇ ਗੁਨਿ ਸੁਨ ਥਾਰੇ[1]। [1]ਆਪ ਜੀ ਦੇ।
-ਆਵਹਿਂ ਆਪ ਕਿ ਲੇਹਿਂ ਹਕਾਰੇ-।
ਸ਼ਾਹੁ ਆਪ ਜੇ ਚਾਹਤਿ ਐਸੇ।
ਬਿੱਪ੍ਰੈ ਅਪਰ ਕਰੈ ਕੋ ਕੈਸੇ ॥੩੪॥
ਤਜਹੁ ਜੰਗ ਕੀ ਬਾਤ ਨ ਨੀਕੀ।
ਜਿਸ ਮਹਿਂ ਮ੍ਰਿਤੂ ਹੋਇ ਸਭਿ ਹੀ ਕੀ।
ਏਕ ਬਾਰ ਤਜਿ ਦੁਰਗ ਸਿਧਾਰਹੁ।
ਪੁਨ ਜਹਿਂ ਇੱਛਾ ਤਹਾਂ ਬਿਹਾਰਹੁ[1]' [1]ਫਿਰੋ।
॥੩੫॥
ਕਹੀ ਨ ਤਿਨ ਕੀ ਸਤਿਗੁਰ ਮਾਨੀ।
'ਤੁਮ ਸਭਿ ਝੂਠ ਕਹਤਿ ਹੋ ਬਾਨੀ।
ਜੋ ਨਿਤ ਪੂਜਾ ਕਰਹਿਂ ਪਖਾਨ।
ਤਿਨ ਕੀ ਬੁੱਧਿ ਪਖਾਨ ਸਮਾਨ ॥੩੬॥

ਅਰ ਅਵਰੰਗ ਕੋ ਕਹਾਂ ਬਿਸਾਸੂ।
ਰਾਜ ਹੇਤ ਕਰਿ ਪਿਤਾ ਬਿਨਾਸੂ।
ਬਡਾ ਭ੍ਰਾਤ ਜੋ ਦਾਰਸ਼ਕੋਹ।
ਸਤਿਸੰਗੀ ਤਿਹ ਸੋਂ ਕਰਿ ਧ੍ਰੋਹ ॥੩੭॥
ਮਾਰਿ ਦਿਯੋ ਨਹਿਂ ਬਿਲਮ ਲਗਾਈ।
ਤਿਮ ਹੀ ਅਪਰ ਹਤੇ ਜੁਗ ਭਾਈ।
ਸੋ ਅਬਿ ਕਹਾਂ ਅਹਦ ਕੋ ਜਾਨਹਿ।
ਦੌਲਤ ਹੀ ਖ਼ੁਦਾਇ ਕਰਿ ਮਾਨੈ' ॥੩੮॥
ਇੱਤਜਾਦਿਕ ਸਤਿਗੁਰੂ ਸੁਨਾਈ।
ਪੁਨ ਉਠਿ ਗਏ ਜਹਾਂ ਥਿਰ ਮਾਈ[1]।
ਭੇਦ ਦੰਡ ਸੋ ਬਾਕ ਮਿਲਾਵੈਂ[1]।
ਬਹੁ ਬਿਧਿ ਤੇ ਮਾਤਹਿਂ ਸਮੁਝਾਵੈਂ ॥੩੯॥
'ਸੁਨਹੁ ਮਾਤ ! ਬਾਤਹਿ ਬਿੱਖਜਾਤ।
ਨ੍ਰਿਪ ਉਮਰਾਵ ਸਪਥ ਸਭਿ ਖਾਤਿ।
ਜਿਮ ਮਨ ਮਾਨਹਿ ਧਰਮ ਕਰਾਵਹੁ।
ਤਿਨ ਪਰ ਨਿਜ ਬਿੱਸ੍ਵਾਸ ਟਿਕਾਵਹੁ ॥੪੦॥
ਨਿਕਸਹੁ ਵਹਿਰ ਨ ਕਰਹੁ ਅੰਦੇਸ਼ਾ।
ਲੇਹੁ ਬਚਾਇ ਪ੍ਰਵਾਰ ਅਸ਼ੇਸ਼ਾ।
ਥਿਰੋ ਕੌਨ ਕਾਰਜ ਸਰ ਜਾਇ।
ਜੇ ਨਿਕਸਹੁ ਕਜ਼ਾ ਹੁਇ ਬਿਗਰਾਇ ॥੪੧॥
ਜਹਿ ਕਹਿਂ ਸੰਗਤਿ ਹੈ ਗੁਰ ਕੇਰੀ।
ਜਹਿਂ ਬੈਠਹੁ ਤਹਿਂ ਆਇ ਘਨੇਰੀ।
ਨਗਰ ਤੁਮਾਰਾ ਰਹੈ ਸਦਾਇ।
ਅਬਿ ਨਿਕਸਹੁ ਦਿਹੁ ਰਾਰ[1] ਮਿਟਾਇ ॥੪੨॥
ਲਾਖਹੁਂ ਲੋਕ ਵਹਿਰ ਹਰਖਾਵਹਿਂ।
ਸਿਖ ਸੰਗਤਿ ਤੁਮਰੀ ਸੁਖ ਪਾਵਹਿ।
ਨਾਹਕ ਇਨ ਕਰਿ ਰਖਯੋ ਬਖੇਰਾ।

[1]ਵਕੀਲ) ਗਏ ਮਾਈ ਜੀ ਪਾਸ।

[1]ਅਰਥਾਤ ਭੇਦ ਦੰਡ ਦੋਹਾਂ ਭਾਵਾਂ ਨਾਲ ਮਿਲਾਕੇ ਗੱਲਾਂ ਕਰਕੇ ਮਾਤਾ ਜੀ ਨੂੰ ਸਮਝਾਉਣ ਲੱਗੇ। ਭੇਦ ਤੋਂ ਭਾਵ ਹੈ ਕਿ ਘਰ ਵਿਚ ਪਾਟਕ ਪੈ ਜਾਵੇ, ਦੰਡ ਤੋਂ ਭਾਵ ਹੈ ਕਿ ਭੈ ਦਿਖਾਕੇ ਡਰਾਇਆ ਜਾਵੇ।

[1]ਝਗੜਾ।

ਮਾਤਾ! ਤੁਮ ਮਿਟਾਇ ਇਕ ਬੇਰਾ
॥੪੩॥
ਪ੍ਰਥਮੈ ਗੁਰ ਸੁਤ ਕੋ ਸਮੁਝਾਓ।
ਜਿਮ ਮਾਨਹਿਂ ਤਿਮ ਹੀ ਮਨਵਾਓ।
ਨਹੀਂ ਸੁਭਾਵ ਫਿਰੈ ਜੇ ਫੇਰੇ[1]। [1]ਭਾਵ ਜੇ ਤੁਹਾਡੇ ਪ੍ਰੇਰਿਆਂ ਨਾ ਪ੍ਰੇਰੇ ਜਾਣ।
ਅਹੈ ਸੁਭਾਵ ਬਿਸਾਲ ਕਰੇਰੇ[1] ॥੪੪॥ [1]ਬਹੁਤ ਕਰੜਾ ਹੈ।
ਤੌਂ ਅਪਨੀ ਤਜਾਰੀ ਤੁਮ ਕਰੋ।
ਪੰਥ ਦੇਸ਼ ਜੰਗਲ ਕੇ ਪਰੋ।
ਪੀਛੇ ਆਪ ਨਿਕਸਿ ਕਰਿ ਐ ਹੈਂ।
ਕੈ ਤੁਮਰੇ ਹੀ ਸੰਗ ਮਿਲੈ ਹੈਂ ॥੪੫॥
ਵਧਜੋ ਬਖੇਰਾ ਇਮ ਹੁਇ ਥੋਰਾ।
ਜੇ ਨਹਿਂ ਮਾਨਹੁ ਰਣ ਹੁਇ ਘੋਰਾ।'
ਇਮ ਸ਼੍ਰੀ ਗੁਜਰੀ ਕੋ ਸਮੁਝਾਯੋ।
ਜਯੋਂ ਕਯੋਂ ਨਿਕਸਨਿ ਕੋ ਠਹਿਰਾਯੋ
॥੪੬॥
ਕਹਜੋ ਮਾਤ ਤਬਿ 'ਤੁਮ ਅਬਿ ਜਾਵਹੁ।
ਧਰਮ ਇਮਾਨ ਦੁਹਨਿ ਤੇ ਲਜਾਵਹੁ।
ਮੈਂ ਸੁਤ ਕੋ ਸਮੁਝਾਇ ਦਿਖਾਵਉਂ।
ਦੇਖਤਿ ਰਿਦੇ ਪ੍ਰਤੀਤ ਉਪਵਾਉਂ ॥੪੭॥
ਠਾਕੁਰ ਧੇਨੁ ਬਿੱਪ੍ਰ ਲੈ ਆਵੈ।
ਕਰੇ ਸਪਥ ਗਿਰਪਤੀ ਪਠਾਵੈ।
ਹਜ਼ਰਤ ਦਿਸ਼ ਤੇ ਸੱਯਦ ਆਵੈ।
ਆਨ ਸਮੇਤ ਕੁਰਾਨ ਉਠਾਵੈ' ॥੪੮॥
[1] 'ਆਛੀ ਬਾਤ ਮਾਤ! ਹਮ ਜਾਇਂ। [1]ਦੂਤ ਕਹਿ ਰਹੇ ਹਨ।
ਜਿਮ ਤੁਮ ਉਚਰਹੁ ਤਿਮ ਲੇ ਆਇਂ।'
ਕਹਿ ਕਰਿ ਦੂਤ ਵਹਿਰ ਕੋ ਗਏ।
ਨ੍ਰਿਪੁਨਿ[1] ਪ੍ਰਸੰਗ ਸੁਨਾਵਤਿ ਭਏ ॥੪੯॥ [1]ਰਾਜਿਆਂ ਨੂੰ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰੁਤੇ 'ਵਕੀਲ' ਪ੍ਰਸੰਗ ਬਰਨਨੰ ਨਾਮ ਅਸ਼ਟ ਬਿੰਸਤੀ ਅੰਸੂ ॥੨੮॥

੨੯. [ਮਾਤਾ ਜੀ ਤੇ ਸਿੰਘਾਂ ਦਾ ਨਿਕਲਨ ਹਿਤ ਕਹਿਣਾ]

੨੮<<ਪਿਛਲਾ ਅੰਸੂ ਸੰਖੇਪ ਲਿੰਕ – ਤਤਕਰਾ ਅਗਲਾ ਅੰਸੂ>>੩੦

ਦੋਹਰਾ:

ਸ੍ਰੀ ਗੁਜਰੀ ਕੇ ਸੰਗ ਮਿਲਿ, ਛੁਧਤਿ ਸਿੰਘ ਸਮੁਦਾਇ।
ਕਰਿ ਮਸਲਤ ਆਵਤਿ ਭਏ, ਜਹਿਂ ਬੈਠੇ ਗੁਰਰਾਇ ॥੧॥

ਚੌਪਈ:

ਪੂਰਬ ਸਿੱਖਨਿ ਬਿਨੈ ਬਖਾਨੀ।
'ਸਤਿਗੁਰ ਕੀਜੈ ਕ੍ਰਿਪਾ ਮਹਾਨੀ।
ਅਪਨੇ ਜਾਨਿ ਪ੍ਰਾਨ ਦਿਹੁ ਦਾਨਾ।
ਮਤੋ ਜੰਗ ਕੋ ਕਰੀਅਹਿ ਹਾਨਾ ॥੨॥
ਦਾਈਆ ਬਹੁਰ ਖਾਲਸੇ ਕੇਰਾ।
ਲਰਹਿ ਸਮਾਜ ਬਟੋਰਿ ਬਡੇਰਾ।
ਜੰਗਲ ਚਲਹੁ ਮਵਾਸੀ ਮਹਾਂ।
ਪਹੁੰਚ ਨ ਸਕੈ ਤੁਰਕ ਦਲ ਜਹਾਂ ॥੩॥
ਇਹਾਂ ਦੁਰਗ ਮਹਿਂ ਨਿਬਰਜੋ ਸਰਬ।
ਅੰਨ ਨ ਪ੍ਰਾਪਤਿ ਖਰਚੇ ਦਰਬ।
ਅਪਰ ਸਮੱਗ੍ਰੀ ਕਿਮ ਕਰ ਆਵੈ।
ਬਿਤਜੋ ਸਮੈਂ ਬਹੁ ਜੰਗ ਮਚਾਵੈਂ ॥੪॥
ਨਿਕਸੇ ਹੁਇ ਬਹੁ ਬਿਧਿ ਕੱਲਜਾਨ।
ਹੋਹਿ ਸਰਬ ਕੁਛ, ਬਚਹਿਂ ਜਿ ਪ੍ਰਾਨ।
ਛੁਧਾ ਕਸ਼ਟ ਤੇ ਜੇ ਮਰਿ ਗਏ।
ਪੁਨ ਕੋ ਲਰਹਿ ਖਾਕ ਹਮ ਭਏ ॥੫॥
ਦੇਖਹੁ ਸਿੱਖਨਿ ਕੋ ਹਿਤ ਕਰਿ ਕੈ।
ਘਾਲੀ ਘਾਲ ਖੇਦ ਬਹੁ ਭਰਿ ਕੈ।
ਅਬਹਿ ਬਿਦਾਵਾ ਨਾਂਹਿ ਲਿਖਾਵੋ।
ਖਾਰਜ ਸਿੱਖੀ ਤੇ ਨ ਕਰਾਵੋ ॥੬॥
ਛੁਧਾ ਕਸ਼ਟ ਤੇ ਲਿਖਿ ਕਰਿ ਦੈਂਗੇ।
ਪ੍ਰਾਨ ਬਚਾਵਨਿ ਹੇਤੁ ਚਹੈਂਗੇ।
ਮਰਨ ਲਗਜੋ ਨਰ ਕਜਾ ਨਹਿਂ ਕਰੈ।
ਜੀਵਨ ਹੇਤੁ ਸਰਬ ਪਰਹਰੈ ॥੭॥
ਅਪਨਿ ਪੰਥ ਕੇ ਬਨਹੁ ਸਹਾਇ।
ਲੇਹੁ ਕਸ਼ਟ ਤੇ ਪ੍ਰਾਨ ਬਚਾਇ।'
ਸੁਨਿ ਕਰਿ ਦੀਨ ਬੈਨ ਗੁਰ ਬੋਲੇ।

'ਧੀਰਜ ਧਰਹੁ, ਨਹੀਂ ਮਨ ਡੋਲੇ ॥੮॥
ਹਮ ਤੁਮਰੇ ਸੁਖ ਹੂੰ ਕੋ ਚਾਹੈਂ।
ਨਹਿਂ ਜਾਨਹੁਂ ਇਹ ਛਲੀ ਮਹਾਂ ਹੈਂ[1]।
ਗੁਜਰਹਿ ਬੁਰਾ ਤੁਮਾਰੇ ਸਿਰ ਪਰ।
ਚਹੌਂ ਬਚਾਵਨਿ ਤਿਸਤੇ ਹਿਤ ਧਰਿ ॥੯॥
ਕਿਤਿਕ ਕਾਲ ਇਮ ਔਰ ਬਿਤਾਵੋ।
ਪੁਨ ਮਨ ਭਾਵਤਿ ਭੋਜਨ ਖਾਵੋ।
ਬਾਸੁਰ ਬੀਸ ਕਿ ਬਸਹੁ ਉਨੀਸ।
ਕੈ ਅਠਾਰ ਸਿਮਰਹੁ ਜਗਦੀਸ਼ ॥੧੦॥
ਕਿਧੌਂ ਸਪਤ ਦਸ ਖੋੜਸ ਰਹੋ।
ਕੈ ਦਸ ਪੰਚ ਥਿਰਹੁ ਸੁਖ ਲਹੋ।
ਇਤਨੇ ਦਿਨ ਮਹਿਂ ਦੋਨਹੁਂ ਲੋਕ।
ਕਰਹੁ ਸੁਧਾਰਨ ਮੇਟਹੁ ਸ਼ੋਕ' ॥੧੧॥
ਪੁਨ ਸਿਖ ਕਹੈਂ 'ਸੁਨਹੁ ਗੁਰ ਪੂਰੇ !।
ਅਬਿ ਤੌਂ ਨਿਕਸਨ ਹੀ ਬਨਹਿ ਜ਼ਰੂਰੇ।
ਏਕ ਦਿਵਸ ਭੀ ਬਸਜੋ ਨ ਜਾਈ।
ਨਿਕਸਨ ਕੋ ਚਾਹਤਿ ਸਮੁਦਾਈ ॥੧੨॥
ਬਜਾਕੁਲ ਭਏ ਛੁਧਿਤਿ ਧ੍ਰਿਤ ਹਾਰਾ।
ਸ਼ੱਤ੍ਰੁਨਿ ਸਨ ਲਰਿ ਕਿਯੋ ਅਖਾਰਾ।
ਹਾਰਿ ਪਰੇ ਮੂਰਖ ਝਖ ਮਾਰਿ।
ਯਾਂ ਤੇ ਕਰਿਹੈਂ ਸਪਥ ਉਦਾਰ ॥੧੩॥
ਅਬਿ ਨਿਕਸਨ ਤੁਮ ਕੋ ਬਨੈਂ।
ਜਿਸ ਤੇ ਰਹੈਂ ਪ੍ਰਾਨ ਕੇ ਸਨੈਂ।'
ਪੁਨ ਗੁਰ ਕਹਜੋ 'ਪੰਚ ਦਸ਼ ਦਜੋਸਾ[1]।
ਜੇ ਨਹਿਂ ਰਹਿਤੇ ਧਾਰਿ ਭਰੋਸਾ ॥੧੪॥
ਚੌਦਹਿ, ਤੇਰਾ, ਦ੍ਵਾਦਸ਼ ਰਹੋ।
ਪੁਨ ਮਨ ਭਾਵਤਿ ਸੁਖ ਸਭਿ ਲਹੋ।
ਇਕਾਦਸ਼, ਦਸ਼, ਨੌ, ਅਸ਼ਟ ਬਸੀਜੈ।
ਰਿਪੁ ਹਟ ਜਾਹਿਂ ਇਹਾਂ ਸੁਖ ਲੀਜੈ ॥੧੫॥
ਜੇ ਓਰਕ ਹੀ ਕਰਹੁ ਪਿਆਰੇ !
ਸਪਤ ਦਿਵਸ ਲਿਹੁ ਧੀਰਜ ਧਾਰੇ।

[1]ਤੁਸੀਂ) ਨਹੀਂ ਜਾਣਦੇ ਇਹ (ਤੁਰਕ) ਮਹਾਂ ਛਲੀ ਹਨ।

[1]ਪੰਦਰਾਂ ਦਿਨ।

ਅਬਿ ਨਿਕਸ ਹੁਇ ਗਜ਼ਬ ਗੁਜ਼ਾਰਨ।
ਬਚਹੁ ਨਹੀਂ ਹੁਇ ਸਭਿਨਿ ਸੰਘਾਰਨ ॥੧੬॥
ਜਿਮ ਬਾਲਿਕ ਪਿਖਿ ਰੂਪ ਅਗਨਿ ਕੋ।
ਬਰਨਿ[1] ਚਹੈ ਨਹਿਂ ਲਖੈ ਜਰਨ ਕੋ। [1]ਵਿਚ ਵੜਨਾ।
ਮਾਤਾ ਪਿਤਾ ਸੰਭਾਰਨ ਕਰੈਂ।
ਬਰਜਤਿ ਪਕਰਹਿ -ਬੀਚ ਨ ਪਰੈ- ॥੧੭॥
ਤਜੋਂ ਹਮ ਤੁਮ ਕੋ ਬਹੁ ਬਰਜੰਤੇ।
ਬੁਰਾ ਹੋਤਿ ਸਿਰ ਨਹੀਂ ਲਖੰਤੇ।'
ਸੁਨਿ ਸਿਖ ਕਹੈਂ 'ਬੁਰਾ ਅਬਿ ਨਾਂਹੀ।
ਲਖਿਯਤਿ ਬੁਰਾ ਦੁਰਗ ਕੇ ਮਾਂਹੀ ॥੧੮॥
ਅੰਨ ਬਿਨਾਂ ਸਗਰੇ ਮਰਿ ਜੈ ਹੈਂ।
ਕੈ ਮਿਲਿ ਸ਼ੱਤ੍ਰ ਕਤਲ ਕਰਿ ਦੈ ਹੈਂ।
ਦੋਨਹੁਂ ਮਹਿਂ ਤੇ ਇਕ ਹ੍ਵੈ ਜੈ ਹੈ।
ਬਚਹਿਂ ਨ ਪੁਨ, ਨ ਉਪਾਇ ਬਨੈ ਹੈ ॥੧੯॥
ਅਬਿ ਤੌਂ ਰਹਜੋ ਜਾਇ ਨਹਿਂ ਸ੍ਵਾਮੀ।
ਲਖਹੁ ਖੇਦ ਅਭਿ[1] ਅੰਤਰਜਾਮੀ !' [1]ਰਿਦੇ ਵਿਚ।
ਇਮ ਬੋਲਤਿ ਭੇ ਸਿੰਘ ਅਗਾਰੀ।
ਪੁਨ ਸ਼੍ਰੀ ਗੁਜਰੀ ਆਨਿ ਉਚਾਰੀ ॥੨੦॥
'ਹਠ ਨਹਿਂ ਗਹਹੁ ਪੁੱਤ੍ਰ ! ਅਬਿ ਚਲੀਏ।
ਰਿਪੁ ਤੇ ਵਹਿਰ ਤੁਰਤ ਹੀ ਠਿਲੀਏ[1]। [1]ਲੰਘ ਜਾਈਏ।
ਨਿਜ ਕੁਟੰਬ ਕੋ ਲੇਹੁ ਬਚਾਇ।
ਭਈ ਬਾਤ ਓਰਕ ਕੀ ਆਇ ॥੨੧॥
ਜਿਮ ਤੁਮਰੇ ਉਰ[†] ਹੁਇ ਬਿੱਸ੍ਵਾਸਾ। [†]ਪਾ:-ਮਨ।
ਤਥਾ ਸਪਥ ਕਰਵਾਉ ਅਨਾਸ਼ਾ[1]। [1]ਸੱਚੀ ਸੌਹੁੰ ਕਰਵਾਓ (ਵੈਰੀਆਂ ਤੋਂ) [ਅਵਿਨਾਸ਼=ਅਨਾਸ਼=ਨਾਸ਼ ਰਹਿਤ, ਪੱਕੀ, ਸੱਚੀ]।
ਮੈਂ ਕਹਿ ਦਿਯੋ ਨ੍ਰਿਪਤ ਤੇ ਬਿੱਪ੍ਰ[1]। [1]ਕਹਿ ਦਿਤਾ ਹੈ ਕਿ ਬ੍ਰਾਹਮਣ ਰਾਜੇ ਪਾਸੋਂ......।
ਆਨਹਿ ਆਨ ਧੇਨੁ ਕੀ ਛਿੱਪ੍ਰ ॥੨੨॥
ਸ਼ਾਹੁ ਦਿਸ਼ਾ ਤੇ ਸੱਯਦ ਆਵੈ।
ਸਿਰ ਪਰ ਅਹਿਦ ਕੁਰਾਨ ਉਠਾਵੈ[1]। [1]ਸਿਰ ਤੇ ਕੁਰਾਨ ਚੁੱਕਕੇ ਅਹਦ ਕਰੇ।

ਇਤੋ ਧਰਮ ਠਾਨਤਿ ਹੈਂ ਬਾਹਰ।
ਕਹਾਂ ਬਿਨਾਸ਼ੈਂਗੇ ਕਰਿ ਜ਼ਾਹਰ ॥੨੩॥
ਅਬਿ ਤੋ ਬਨੈ ਬਾਤ ਮਨ ਭਾਈ।
ਪੁਨ ਅਵਸਰ ਅਸ ਹਾਥ ਨ ਆਈ।
ਪ੍ਰਬਲ ਸ਼ੱਤ੍ਰ ਪੁਨ ਚਢਿ ਗਢਿ ਬਰੈ।
ਕਹੋ ਕੌਨ ਤਬਿ ਬਰਜਨ ਕਰੈ ॥੨੪॥
ਬਹੁਤ ਬਿਸਤਰੀ[1], ਬੇ ਬਸ ਹੋਇ।
ਇਕ ਛਿਨ ਮਹਿਂ ਮਰਿ ਹੈਂ ਸਭਿ ਕੋਇ।
ਜੇ ਤ੍ਰੀਮਤਿ ਨਿਜ ਹਤੈਂ ਕਟਾਰ।
ਮਰਿ ਮਰਿ ਜਾਇਂ ਉਦਰ ਕੋ ਫਾਰਿ ॥੨੫॥
ਐਸੋ ਗਜ਼ਬ ਕਰਜੋ ਕਿਮ ਚਹੋ।
ਨਰ ਤ੍ਰਿਯ ਮਰੇ ਆਪ ਕਜਾ ਲਹੋ।'
ਸੁਨਿ ਮਾਤਾ ਕੋ ਪੁਨ ਸਮੁਝਾਯੋ।
'ਭੇਦ ਨ ਦੁਸ਼ਟਨ ਕੋ ਤੁਮ ਪਾਯੋ ॥੨੬॥
ਪ੍ਰਥਮ ਦਿਖਾਇ ਨ ਭਈ ਪ੍ਰਤੀਤ।
ਤਿਨ ਪਰ ਧਰਹੁ ਭਰੋਸਾ ਚੀਤ।
ਜਿਸ ਕੁਟੰਬ ਕੋ ਚਹੈਂ ਬਚਾਯੋ।
ਕਿਮ ਸ਼ੱਤ੍ਰ ਛੋਰਹਿ ਮਿਲਿ ਜਾਯੋ ॥੨੭॥
ਬੁਰੀ ਹੋਨਿ ਸੋ ਭਲੀ ਪਰੇਖੀ।
ਜਿਮ ਹੁਇ ਭਲੀ ਬੁਰੀ ਸੋ ਦੇਖੀ।
ਤੁਮ ਜਾਨਹੁ ਜਿਨ ਜਿਨ ਜਨ ਜਾਨਾ[1]।
ਲਿਖਹੁ ਬਿਦਾਵਾ ਕਰਹੁ ਪਯਾਨਾ ॥੨੮॥
ਸਭਿ ਜਾਨਹਿਂ -ਗੁਰ ਰਹੇ ਹਟਾਇ।
ਨਹਿਂ ਬਚ ਮਾਨੇ ਮਰੇ ਸੁ ਜਾਇ[†]-।'
ਅਸ ਹਠ ਕੇ ਬਚ ਸੁਨਿ ਕਰਿ ਸਾਰੇ।

[1]ਬਹੁਤ ਖਿੱਲਰੀ ਹੋਈ (ਫੌਜ)।

[1]ਤੁਸੀਂ ਜਾਣੋ, ਜਿਸ ਜਿਸ ਜਨ ਤੇ ਜਾਣਾ ਹੈ.......। ਤੁਸੀਂ ਜਾਣੋਂ ਦਾ ਭਾਵ ਹੈ ਜ਼ਿੰਮੇਵਾਰੀ ਤੁਹਾਡੀ ਹੈ।

[†]ਇਸ ਦਾ ਭਾਵ ਇਹ ਹੈ ਕਿ ਗੁਰ ਜੀ ਜੋ ਬਾਹਰ ਹੋਣਾ ਸੀ ਉਸ ਨੂੰ ਜਾਣਦੇ ਸਨ ਸਿੱਖਾਂ ਨੂੰ ਸਾਬਤ ਕਰਕੇ ਬੀ ਦਿਖਾ ਚੁਕੇ ਸਨ, ਫਿਰ ਬੀ ਸਿੱਖ ਹਟਦੇ ਨਹੀਂ ਸਨ। ਇਸ ਕਰਕੇ ਗੁਰੂ ਜੀ ਆਖਦੇ ਹਨ ਕਿ ਬਾਹਰ ਜੋ ਖੇਚਲ ਹੋਣੀ ਹੈ ਉਸ ਭੁੱਲ ਦੀ ਜ਼ਿੰਮੇਵਾਰੀ ਤੁਸਾਂ ਦੇ ਸਿਰ ਹੋਵੇ ਜੋ ਭੁੱਲ ਕਰ ਰਹੇ ਹੋ, ਤੁਹਾਡੀ ਭੁੱਲ ਦੀ ਜ਼ਿੰਮੇਵਾਰੀ ਮੇਰੇ ਸਿਰ ਨਹੀਂ ਹੋਵੇਗੀ। ਕਿਉਂਕਿ ਮੇਰੇ ਬਚਨ ਤੁਸੀਂ ਨਹੀਂ ਮੰਨ ਰਹੇ, ਤਾਂਤੇ ਆਪਣੀ ਭੁਲ ਦੀ ਸਜ਼ਾ ਤੁਸੀਂ ਆਪ ਪਾਓਗੇ।

ਬਿਹਬਲ ਚਿੰਤਤਿ ਖਰੇ ਦੁਖਾਰੇ ॥੨੯॥
ਪੌਤ੍ਰ ਜੁਗਮ ਥੋਰੀ ਬਯ ਵਾਰੇ।
ਸ਼੍ਰੀ ਗੁਜਰੀ ਚਿਤ ਕੋ ਅਤਿ ਪਜਾਰੇ।
ਨਿਸ਼ਚੈ ਕਰਤਿ -ਸੰਗ ਇਨ ਲੈ ਕੈ।
ਕਰੌਂ ਬਚਾਵਨ ਪੁਰਿ ਨਿਕਸੈ ਕੈ—
॥੩੦॥
ਭਯੋ ਕਸ਼ਟ ਚਿਤ ਕਹਜੋ ਨ ਜਾਇ।
ਬੈਠੀ ਬਹੁਰ ਜਾਇ ਨਿਜ ਥਾਇ।
ਮਿਲਿ ਕਰਿ ਸਿੰਘ ਜਾਇ ਢਿਗ ਬੈਸੇ।
ਇਕ ਇਮਿ ਸੰਕਟ ਸਭਿ ਕੋ ਤੈਸੇ
॥੩੧॥
ਮਾਤ ਬਿਲੋਚਨ ਤੇ ਜਲ ਜਾਵਤਿ।
ਬਾਰਿ ਬਾਰਿ ਪੌਂਛਤਿ ਦੁਖ ਪਾਵਤਿ।
ਮਹਿਲ ਗੁਰੂ ਕੇ ਦੋਨਹੁਂ ਰੋਦਤਿ।
ਬੈਠੀ ਸਾਸ ਸਮੀਪ ਅਮੋਦਤ ॥੩੨॥
ਤਿਮ ਹੀ ਬਜਾਕਲ ਸਿੰਘ ਬਿਸਾਲੇ।
ਪਿਖਹਿਂ ਮਾਤ ਲੋਚਨ ਜਲ ਡਾਲੇ।
ਕੁਛ ਕਰਿ ਸਕਹਿਂ ਨ ਬਹੁ ਬਿਕੁਲਾਏ।
ਨਿਕਰਨ ਠੀਕ ਮਤੋ ਠਹਿਰਾਏ ॥੩੩॥
-ਸਤਿਗੁਰ ਹੁਇ ਬੈਠੇ ਮਤਵਾਲੇ।
ਹਿਤ ਅਨਹਿਤ ਨਹਿਂ ਸਕਹਿਂ ਕੁਢਾਲੇ[1]।

[1]ਹਿਤ ਤੇ ਅਨਹਿਤ ਨੂੰ ਨਹੀਂ (ਪਛਾਣ) ਸਕਦੇ (ਐਸੀ) ਕੁਢੱਵੀ (ਗੱਲ ਆ ਬਣੀ ਹੈ)।

ਇਨ ਹਠ ਰਣ ਕੋ ਮਨ ਮਹਿਂ ਧਾਰਜੋ।
ਨਿਕਸਨ ਸਮੋਂ ਨ ਭਲੋ ਬਿਚਾਰਜੋ-
॥੩੪॥
ਬਾਰਿ ਬਾਰਿ ਪਛੁਤਾਵਤਿ ਮਾਤਾ।
-ਕਹਾਂ ਕਰਮ ਮਮ ਲਿਖਜੋ ਬਿਧਾਤਾ।
ਸਭਿ ਤੇ ਪੂਰਬ ਮੈਂ ਕਿਮ ਮਰੌਂ।
ਸੁਤ ਪੌਤ੍ਰਨਿ ਦੁਖ ਜਿਯਤਿ ਨ ਭਰੌਂ
॥੩੫॥
ਸ਼੍ਰੀ ਬਾਬਾ ਨਾਨਕ ! ਸੁਖ ਕਰੋ।
ਸੰਕਟ ਪਰਜੋ ਅਧਿਕ ਸੋ ਹਰੋ।
ਸ਼੍ਰੀ ਦੇਵੀ ਮਾਤਾ ਸੁਖ ਦਾਤੀ !

ਸੁਤ ਕੀ ਮਤਿ ਕੀਜੈ ਅਵਿਦਾਤੀ[1] ॥੩੬॥
ਜਿਮ ਅਪਨੋ ਪਰਵਾਰ ਬਚਾਵੈਂ।
ਸੋ ਪ੍ਰਕਾਰ ਇਨ ਕੌ ਫੁਰਿ ਆਵੈ।
ਕਜਾ ਮੈਂ ਕਰੌਂ ਪੁੱਤ੍ਰ ਨਹਿਂ ਮਾਨੈ।
ਕਹਾਂ ਦੈਵ ਹਮ ਗਤਿ ਕੋ ਠਾਨੈ[1] ॥੩੭॥

ਲਿਖਹਿਂ ਬਿਦਾਵਾ ਜੇ ਚਲਿ ਜਾਵੈਂ।
'ਬਚਹਿਂ ਨਹੀਂ' ਸੁਤ ਬਾਕ ਅਲਾਵੈਂ।
ਜਜੋਂ ਕਜੋਂ ਕਹਜੋ ਸਾਚ ਜਿਨ ਕੇਰਾ।
ਪਰਖਜੋ ਬਹੁਤ ਬਾਰਿ ਦ੍ਰਿਗ ਹੇਰਾ ॥੩੮॥
ਰਹੈਂ ਦੁਰਗ ਮਹਿਂ, ਨੀਕ ਨ ਸੋਈ।
ਨਿਕਰਨ ਮਸਲਤਿ ਕਹਿ ਸਭਿ ਕੋਈ।
ਅਬਿ ਅਰਿ ਮਾਨਹਿ, ਕਰਹਿ ਨਿਕਾਰਨ।
ਪੁਨ ਹਟਿ ਜਾਇ ਕਰੈ ਬਿਚ ਮਾਰਨ-† ॥੩੯॥
ਇਮ ਹੀ ਸਿੰਘ ਧਰੈਂ ਦੁਚਿਤਾਈ।
ਚਹੈਂ ਵਹਿਰ[1], ਗੁਰ ਤਜਜੋ ਨ ਜਾਈ।
-ਜਿਨ ਆਗੇ ਘਾਲਨ ਕੋ ਘਾਲ।
ਸੇਵਾ ਕਰਤੇ ਰਹੇ ਬਿਸਾਲ ॥੪੦॥
ਜੁਗ ਲੋਕਨਿ ਕੇ ਜੌਨ ਸਹਾਈ।
ਅਸ ਗੁਰ ਪੂਰਨ ਕਿਮ ਤਜਿ ਜਾਈਂ।
ਗੁਰੂ, ਸਮੈਂ ਇਸ ਹਠ ਕੋ ਧਾਰਾ।
ਨਹਿਂ ਨਿਕਸਹਿਂ ਚਹਿਂ ਜੰਗ ਅਖਾਰਾ ॥੪੧॥
ਮਿਲਿ ਸੌ ਦੋ ਸੈ ਮਸਲਤ ਕਰੈਂ।
ਬਨੀ ਕਠਨਤਾ ਧੀਰ ਨ ਧਰੈਂ।
ਛੁਧਾ ਕਸ਼ਟ ਬਡ ਜਾਇ ਨ ਝਾਲਾ।
ਅਬਿ ਲੌ ਕਾਟਜੋ ਕਾਲ ਦੁਖਾਲਾ ॥੪੨॥
ਨੀਠ ਨੀਠ ਕਿਮ ਰਹਿਬੇ ਪ੍ਰਾਨਾ।
ਰਹਜੋ ਨ ਜਾਇ ਅਬਹਿ ਗਢ ਥਾਨਾ।
ਅੰਨ ਬਿਨਾ ਤਰਸਾਇਂ ਘਨੇਰੇ।

[1] ਉੱਜਲ।

[1] ਅਸੀਂ ਕੀਕੂੰ ਦੈਵਗਤੀ ਨੂੰ ਸਮਝ ਸਕੀਏ। [ਠਾਨਨਾ=ਵਿਚਾਰ ਨਾਲ ਨਿਸ਼ਚੈ ਕਰ ਸਕਣਾ]।

† ਇਹ ਸਾਖੀ ਸੌ ਸਾਖੀ ਦੀ ੫੪ਵੀਂ ਸਾਖੀ ਵਿਚ ਹੈ। ਓਥੇ ਦੇਵੀ ਤੋਂ ਮੰਗ ਨਹੀਂ ਲਿਖੀ।

[1] ਬਾਹਰ ਹੋਣਾ ਚਾਹੁੰਦੇ ਹਨ।

ਨਹਿ ਪ੍ਰਾਪਤ ਪੁਨ ਹੈਂ ਦ੍ਰਿਢ ਘੇਰੇ ॥੪੩॥
ਸਪਤ ਦਿਵਸ ਮਹਿ ਕਹਿ ਤੇ ਆਵੈ।
ਨਾਹਕ ਸਭਿ ਕੇ ਪ੍ਰਾਨ ਗੁਵਾਵੈਂ।
ਨਹੀਂ ਮਵਾਸ ਰਹਯੋ ਅਬਿ ਜਾਇ।
ਛੁਧਤ ਮਰੈਂ ਸਿਖ ਤੌਂ ਛੁਟਕਾਇੰ ॥੪੪॥
ਨਾਹਕ ਲਰਨ ਮਰਨ ਅਬਿ ਇਹਾਂ।
ਸਤਿਗੁਰ ਕੇ ਉਰ ਆਇ ਨ ਕਹਾਂ[1]। [1]ਕੋਈ ਬਾਤ।
ਸਭਿ ਜੇ ਨਿਕਸਿ ਚਲਹੁਗੇ ਰਾਹੂ।
ਰਹਿਹੈਂ ਗੁਰੂ ਦੁਰਗ ਕੇ ਮਾਹੂ? ॥੪੫॥
ਚਲੈਂ ਸੰਗ ਹੀ[1] ਇਨ ਬਨ ਆਵੈ। [1]ਨਾਲ ਹੀ ਚਲਣਗੇ।
ਭਲੀ ਨਹੀਂ ਇਹ ਲਿਖਤ ਕਰਾਵੈਂ।
ਸਿੱਖੀ ਬੀਜ ਜਾਇ[1] ਜਗ ਮਾਂਹੀ। [1]ਦੂਰ ਹੋ ਜਾਏਗਾ।
ਨਿੰਦਾ ਹੁਇ ਹਮਰੀ ਜਹਿਂ ਕਾਂਹੀ ॥੪੬॥
ਚਲਹਿਂ ਨਿਕਸਿ ਪ੍ਰਭੁ ਬਿਨਾ ਲਿਖਾਏ।
ਸਭਿ ਹੀ ਸ਼ੁਭ ਕਾਰਜ ਬਨਿ ਜਾਏ।
ਨਾਂਹਿਤ ਲਿਖਹੁ ਬਿਦਾਵਾ ਚਲਹੁ।
ਜੀਵਤਿ ਰਹੋ ਫੇਰ ਕਬਿ ਮਿਲਹੁ' ॥੪੭॥
ਇੱਤਯਾਦਿਕ ਸਭਿ ਦੁਰਗ ਮਝਾਰਾ।
ਮਿਲਿ ਮਿਲਿ ਜਹਿਂ ਜਹਿਂ ਕਰਹਿਂ ਉਚਾਰਾ।
ਚਲਾ ਚਲੀ ਸਭਿਹਿਨਿ ਮਹਿਂ ਭਈ।
ਛੁਧਿਤਿ ਅਧਿਕ ਤੇ ਧੀਰ ਨ ਲਈ ॥੪੮॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰੁਤੇ 'ਸ੍ਰੀ ਗੁਜਰੀ ਅਰ ਸਿੰਘਨ' ਪ੍ਰਸੰਗ ਬਰਨਨੰ ਨਾਮ ਉਨਤੀਸਮੋ ਅੰਸੂ ॥੨੯॥

੩੦. [ਬਿਦਾਵਾ ਲਿਖਾਯਾ। ਨਿਕਲਣ ਦੀ ਤਿਆਰੀ]

੨੯<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੧

ਦੋਹਰਾ:

ਢਿਗ ਖ੍ਵਾਜੇ ਮਰਦੂਦ ਕੇ, ਲਿਖਾ ਨੁਰੰਗ ਪਠਾਇ।
'ਕਸਮ ਖ਼ੁਦਾਇ ਕੁਰਾਨ ਦੀ, ਕਸਮ ਪਿਕੰਬਰ ਖਾਇ ॥੧॥

ਚੌਪਈ:

ਮੋਹਿ ਹਾਥ ਕੋ ਲਿਖ੍ਯੋ ਸੁ ਲੈ ਕੇ।
ਸੱਯਦ ਕਿਸੇ ਭਲੇ ਕੋ ਦੈ ਕੇ।
ਸਿਰ ਪਰ ਧਰਿ ਕੈ ਜਾਇ ਕੁਰਾਨ।
ਮਿਲਹਿ ਗੁਰੂ ਸੰਗ ਕਰਹਿ ਬਖਾਨ ॥੨॥
ਜਿਸ ਬਿਧਿ ਕਰਿ ਗੁਰ ਮਨ ਪਤਿਆਵੈ।
ਸੋ ਕਰਿ ਦੇਹੁ ਨਿਕਸਿ ਜਿਮ ਆਵੈ।
ਜਯੋਂ ਕਯੋਂ ਕਰਿ ਗੁਰ ਕਰਹੁ ਨਿਕਾਰਨਿ।
ਮੁਝ ਲਗਿ ਪਹੁੰਚਹਿ ਤਜਿ ਰਣ ਦਾਰੁਨ'
॥੩॥
ਸਭਿ ਉਮਰਾਵ ਬ੍ਰਿੰਦ ਗਿਰ ਰਾਜੇ।
ਮਿਲੇ ਏਕ ਥਲ ਮਸਲਤ ਕਾਜੇ।
ਸਕਲ ਵਕੀਲ ਭਏ ਮਉਜੂਦ।
ਤਬਿ ਬੋਲ੍ਯੋ ਖ੍ਵਾਜਾ ਮਰਦੂਦ ॥੪॥
'ਹਜ਼ਰਤ ਲਿਖਿ ਭੇਜ੍ਯੋ ਪਰਵਾਨਾ।
ਜਿਮ ਮਾਤਾ ਚਹਿ ਧਰਮ ਇਮਾਨਾ।
ਤਿਮ ਲਿਖਿ ਪਠਹੁ ਨ ਬਿਲਮ ਲਗਾਵਹੁ।
ਸਭਿ ਰਾਜੇ ਦਿਜ ਭਲੇ ਬੁਲਾਵਹੁ ॥੫॥
ਇਤ ਅੰਤਰ ਤੇ ਨਿਕਸ ਨ ਹਾਰੇ[1]।
ਉਤ ਹਜ਼ਰਤ ਤੁਰਨਤਾ ਧਾਰੇ।
ਦਿਨ ਮਹਿਂ ਇਕ ਦੁਇ ਸ਼ੁਤਰ ਸਊਰ।
ਭੇਜਤਿ ਸ਼ਾਹ ਅਹੈ ਬਹੁ ਦੂਰ' ॥੬॥
ਜ਼ੋਰਦਸਤ ਬੋਲ੍ਯੋ 'ਇਕ ਮਾਈ[1]।
ਨਿਕਸ੍ਯੋ ਚਹੈਂ ਸਿੰਘ ਸਮੁਦਾਈ।
ਰਹੇ ਸੁ ਓਦਰ ਅੰਨ ਬਿਹੀਨੇ।
ਗਏ ਵਕੀਲ ਦੇਖਿ ਸਭਿ ਚੀਨੇ' ॥੭॥
ਭੀਮਚੰਦ ਕਹਿ 'ਸੁਨਹੁ ਨਵਾਬ!

[1]ਇਧਰੋਂ (ਗੁਰੂ ਜੀ) ਅੰਦਰੋਂ ਨਾ ਨਿਕਲੇ ਤੇ ਨਾ ਹਾਰੇ।

[1]ਮਾਤਾ ਜੀ।

ਇਸ ਕਾਰਜ ਕੋ ਕਰਹੁ ਸ਼ਿਤਾਬ।
ਮੋਰ ਵਕੀਲ ਮਾਤ ਸਮੁਝਾਈ।
ਅਸ ਨਹਿਂ ਹੋਇ ਬਹੁਰ ਫਿਰ ਜਾਈ' ॥ ੮ ॥
ਕਹਯੋ ਵਜ਼ੀਦ 'ਕਰਹੁ ਅਬਿ ਤਜਾਰ।
ਸੱਯਦ ਦਿਜਬਰ ਲੀਨ ਹਕਾਰਿ।
ਧੇਨੁ ਚੂਨ ਕੀ[1] ਧਰਿ ਕਰਿ ਥਾਰੀ।
ਰਾਖੇ ਸਾਲਗਰਾਮ ਅਗਾਰੀ ॥ ੯ ॥
ਲਿਖਿ ਕਾਗਦ ਪਰ ਸਪਥ ਸਭਿਨਿ ਕੀ।
ਧੇਨੁ ਨਿਕਟ ਧਰਿ ਛੁਰੀ ਨਗਨ ਕੀ।
'ਸ਼੍ਰੀ ਗੁਰ ! ਤਕਹਿਂ ਜਿ ਬੁਰਾ ਤਿਹਾਰੋ।
ਲਗਹਿ ਪਾਪ ਗੋ ਬੱਧ ਕੋ ਭਾਰੋ ॥ ੧੦ ॥
ਸਭਿ ਹਮ ਪਰਹਿਂ ਧਰਮ ਤੇ ਦੂਰ।
ਜੌਂ ਤੁਮ ਸੋਂ ਹਮ ਬੋਲਹਿਂ ਕੂਰ।
ਸ਼ਾਲਗਰਾਮ ਇਸ਼ਟ ਕੀ ਆਨ।
ਤਕਹਿਂ ਬੁਰਾ ਅਘ ਲਾਗਹਿ ਆਨ' ॥ ੧੧ ॥
ਜੰਮੂਪਤਿ ਭੂਪਤਿ ਕਹਿਲੂਰੀ।
ਗਿਰਪਤਿ ਸਭਿ ਆਦਿਕ ਹੰਡੂਰੀ।
ਲਿਖਿ ਲਿਖਿ ਸਪਥ ਮੁਹਰ ਸਭਿ ਕਰੀ।
ਦਿਜਬਰ ਅਰੁ ਵਕੀਲ ਤਿਸ ਘਰੀ ॥ ੧੨ ॥
ਸੱਯਦ ਸਿਰ ਪਰ ਧਰੀ ਕੁਰਾਨ।
ਲਿਖਾ ਨੁਰੰਗ ਕਾ ਲੀਨਸਿ ਪਾਨ।
ਦੋਨਹੁਂ ਕੋ ਆਗੈ ਸਭਿ ਕਰਿ ਕੈ।
ਬ੍ਰਿੰਦ ਵਕੀਲ ਗਏ ਗਢ ਬਰਿ ਕੈ ॥ ੧੩ ॥
ਪ੍ਰਥਮ ਗੁਰੂ ਪਗ ਬੰਦਨ ਕੀਨਿ।
ਸ਼ਾਹੁ ਹਕੀਕਤ ਸਭਿ ਕਹਿ ਦੀਨਿ।
'ਇਹ ਦੇਖਹੁ ਹਜ਼ਰਤ ਨਿਜ ਹਾਥ।
ਲਿਖਿ ਕਰਿ ਪਠਯੋ ਆਪ ਕੇ ਸਾਥ ॥ ੧੪ ॥
ਇਹ ਸੱਯਦ ਸਿਰ ਧਰੀ ਕੁਰਾਨ।

[1]ਆਟੇ ਦੀ ਗਾਂ।

ਕਸਮ ਪਿਕੰਬਰ ਲਿਖੀ ਮਹਾਨ।
ਬੀਚ ਖੁਦਾਇ ਦਿਯੋ ਕਰਿ ਨੇਹੂ[1]।
ਮਿਲਿਬੇ ਕੀ ਅਭਿਲਾਖ ਅਛੇਹੂ ॥੧੫॥
ਇਹ ਦਿਜ ਸਭਿ ਗਿਰਪਤਨਿ ਪਠਾਯੋ।
ਸਾਲਗ੍ਰਾਮ ਸਿਰ ਧਰਿ ਕਰਿ ਆਯੋ।
ਨਿਜ ਨਿਜ ਮੁਹਰ ਲਿਖਤ ਕਰਿ ਦੀਨੀ।
ਥਾਲੀ ਬਿਖੈ ਧੇਨੁ ਥਿਰ ਕੀਨੀ ॥੧੬॥
ਅਬਿ ਤੌਂ ਕਰੋ ਰਿਦੈ ਬਿਸਵਾਸੂ।
ਚਲਿ ਕਰਿ ਮਿਲਹੁ ਸ਼ਾਹ ਚਹਿ ਪਾਸੂ।'
ਸੁਨਿ ਗੁਰ ਨਹਿਂ ਮਨ ਲਜਾਵਤਿ ਭਏ।
ਤਬਿ ਮਾਤਾ ਕੇ ਤੀਰ ਸਿਧਏ ॥੧੭॥
ਮਸਤਕ ਟੇਕਿ ਬੈਠਿ ਕਰਿ ਭਾਖਾ।
'ਸੁਨਹੁ ਮਾਤ ! ਜਿਮ ਤੁਮ ਅਭਿਲਾਖਾ।
ਸੋ ਬਿਧਿ ਹਜ਼ਰਤ ਕੀਨਿ ਪਠਾਈ।
ਤਿਮ ਹੀ ਸਪਥ ਗਿਰੇਸ਼ੁਨਿ ਖਾਈ ॥੧੮॥
ਲੇ ਨਿਕਸਹੁ ਅਪਨੋ ਪਰਿਵਾਰਾ।
ਜਿਤ ਇੱਛਾ ਤਿਤ ਕਰਹੁ ਪਧਾਰਾ।
ਪੁਨ ਸਤਿਗੁਰ ਥਿਰ ਰਹੋਂ ਨ ਇਹਾਂ।
ਨਿਕਸ ਚਲਹਿੰਗੇ ਪਹੁੰਚਹੁ ਜਹਾਂ' ॥੧੯॥
ਦੇਖਿ ਅਨੰਦਤਿ ਜਨਨੀ ਭਈ।
ਸੁਤ ਸਮੁਝਾਵਨਿ ਕੋ ਪੁਨ ਗਈ।
ਕਹਿਂ ਲਗਿ ਕਹੌਂ ਕਥਾ ਬਿਸਥਾਰਾ।
ਨਹਿਂ ਮਾਨੈਂ ਬਹੁ ਭਾਂਤਿ ਉਚਾਰਾ ॥੨੦॥
ਰਾਇ ਗੁਲਾਬ ਸ਼ਾਮ ਸਿੰਘ ਦੋਊ[1]।
'ਜਨਨੀ ਭਨੈ ਮਾਨ ਲਿਹੁ ਸੋਊ।
ਕਰਿ ਲੀਨੇ ਬਡ ਜੰਗ ਅਖਾਰੇ।
ਨਿਕਸਹੁ ਲਿਹੁ ਬਚਾਇ ਪਰਵਾਰੇ' ॥੨੧॥
ਭਈ ਕੋਪ ਮਨ ਮਾਤ ਬਡੇਰੀ।
ਲਿਖਯੋ ਬਿਦਾਵਾ 'ਜਨਿਨਿ ਨ ਤੇਰੀ।'
ਉਠਿ ਕਰਿ ਆਈ ਕੀਨਸਿ ਤਜਾਰੀ।

[1]ਪ੍ਰੇਮ ਕਰ।

[1]ਦੋਨਾਂ ਨੇ (ਕਹਿਆ)।

ਜੁਗ ਪੌਤ੍ਰੇ ਪ੍ਰਿਯ ਕਰੇ ਅਗਾਰੀ ॥੨੨॥
ਉਚਰਜੋ ਸੂਤ[1] ਸੰਗ ਤਤਕਾਲਾ। [1]ਰਥਵਾਹੀ।
'ਸਜੰਦਨ ਕੀਜੈ ਤਯਾਰ ਬਿਸਾਲਾ।
ਤ੍ਰਿਪਤ ਤੁਰੰਗਨ ਦੇਹੁ ਨਿਹਾਰੀ।
ਡਾਰੋ ਜ਼ੀਨ ਨ ਧਰੋ ਅਵਾਰੀ' ॥੨੩॥
ਦੇਖਿ ਮਾਤ ਕੀ ਗਤਿ ਧ੍ਰਿਤ ਹਾਲੇ।
ਲਿਖਿਨਿ ਬਿਦਾਵਾ ਸਿੰਘ ਦੁਖਾਲੇ।
ਕਾਗਦ ਦੀਹ[1] ਕਲਮ ਰੁਸ਼ਨਾਈ[2]। [1]ਵੱਡਾ। [2]ਸਿਆਹੀ।
ਸ੍ਰੀ ਕਲਗ਼ੀਧਰ ਪਾਸ ਰਖਾਈ ॥੨੪॥
ਲਾਗੇ ਲਿਖਿਨਿ ਬਿਦਾਵਾ ਸਾਰੇ।
ਚਹੈਂ ਬਚਾਯੋ ਪ੍ਰਾਨਨ ਪਜਾਰੇ।
ਮਹਾਂ ਕਸ਼ਟ ਸਭਿ ਕੌ ਤਬਿ ਹੋਵਾ।
ਕਰਯੋ ਜੁ ਪ੍ਰਣ ਸੋ ਸਗਰੋ ਖੋਵਾ ॥੨੫॥
ਗੁਰੂ ਤਜੇ ਨਹਿਂ, ਤਜਯੋ ਸਰੀਰ[1]। [1]ਪ੍ਰਣ ਇਹ ਸੀ ਕਿ ਸੀਸ ਦਿਆਂਗੇ ਪਰ ਗੁਰੂ ਨਹੀਂ ਤਯਾਗਾਂਗੇ, ਹੁਣ ਕੀ ਕੀਤਾ ਕਿ) ਗੁਰੂ ਛੱਡਿਆ ਪਰ ਸ੍ਰੀਰ (ਦਾ ਪਿਆਰ) ਨਾ ਛੁੱਟਾ।

ਪਛੁਤਾਵਤਿ ਚਿਤ ਭਏ ਅਧੀਰ।
ਪਿਖਹਿਂ ਪਰਸਪਰ ਲਿਖਤੇ ਜਾਹਿਂ।
ਹੋਇ ਉਦਾਸ ਗੁਰੂ ਲਿਖਵਾਹਿ ॥੨੬॥
ਚਾਲੀ ਸਿੰਘ ਰਹੇ ਹਠ ਧਾਰਿ।
ਨਹੀਂ ਲਿਖਹਿਂ, ਗੁਰ ਕੀਨਿ ਉਚਾਰ।
'ਤੁਮ ਭੀ ਲਿਖਹੁ ਬਨਹੁ ਸਭਿ ਸੰਗੀ।
ਕਯੋਂ ਹਟਿ ਰਹੇ, ਨ ਹੁਇ ਇਕ ਰੰਗੀ' ॥੨੭॥
ਉਦੈ ਸਿੰਘ ਆਲਮ ਸਿੰਘ ਆਦਿ।
ਸੁਨਿ ਪਿਖਿ ਕੈ ਬਿਸਮੇ ਸੰਬਾਦ।
ਕਹਨਿ ਲਗੇ 'ਹਮ ਲਿਖਹਿਂ ਨ ਕੋਈ।
ਘਾਲੀ ਘਾਲ ਬਾਦ ਹੁਇ ਸੋਈ ॥੨੮॥
ਦੋਨਹੁਂ ਲੋਕਨਿ ਸੰਗ ਸਹਾਈ।
ਅਸ ਗੁਰ ਕੋ ਕਯੋਂ ਕਰਿ ਤਜਿ ਜਾਈਂ।
ਨਿਕਸਹੁ ਦੁਰਗ ਕਿ ਰਹੀਐ ਅੰਤਰ।
ਹਮ ਨਹਿਂ ਛੋਰੈਂ ਸੰਗ ਨਿਰੰਤਰ' ॥੨੯॥
ਇਕ ਦੁਇ ਬਾਰਿ ਕਹਯੋ ਗੁਰ ਫੇਰ।

'ਕਯੋਂ ਤੁਮ ਲਿਖਹੁ ਨ? ਲਾਵਹੁ ਦੇਰ।'
ਹਾਥ ਜੋਰਿ ਸਭਿ ਕਰੀ ਪ੍ਰਣਾਮ।
'ਹਮ ਤੋ ਰਹੈਂ ਆਪ ਕੀ ਸ਼ਾਮ' ॥੩੦॥
ਦਯਾ ਸਿੰਘ ਤੇ ਆਦਿਕ ਪੰਚੇ।
ਪੰਚਹੁ ਮੁਕਤੇ ਸਿੱਖੀ ਸੰਚੇ।
ਦਸ ਇਹ ਰਹੇ ਤੀਸ ਸਿੱਖ ਔਰ।
ਉਦੈ ਸਿੰਘ ਆਦਿਕ ਭਟ ਮੌਰ[1] ॥੩੧॥
ਚਾਲੀ ਸਿੰਘ ਨਹੀਂ ਤਬਿ ਲਿਖਯੋ[1]।
ਅਪਰ ਸਭਿਨਿ ਲਿਖਿ ਦੀਨਸਿ ਪਿਖਯੋ।
-ਰਹਯੋ ਬੀਜ- ਉਰ ਗੁਰੂ ਬਿਚਾਰਾ।
-ਵਧੈ ਪੰਥ ਪੁਨ ਮੋਹਿ ਉਦਾਰਾ ॥੩੨॥
ਹੁਇ ਸਾਬਤ ਰਣ ਜੂਝਹਿਂ ਜੋਈ।
ਅਵਨੀ ਰਾਜ ਭੋਗ ਹੈ ਸੋਈ-।
ਕਾਗਦ ਲਿਖਯੋ ਜੇਬ ਲੇ ਡਾਰਾ।
ਬਹੁਰ ਵਕੀਲਨਿ ਪਾਸ ਹਕਾਰਾ ॥੩੩॥
'ਸਭਿ ਕੀ ਆਨ ਕਰੀ ਲਿਖਿ ਜੋਈ।
ਕਾਗਦ ਹਮ ਕੋ ਦੀਜੈ ਸੋਈ।'
ਕਹਿਲੂਰੀ ਆਦਿਕ ਸਭਿ ਲਿਖਯੋ।
ਸੋ ਕਾਗਦ ਕਰ ਮਹਿਂ ਲੇ ਪਿਖਯੋ ॥੩੪॥
ਪੁਨ ਅਵਰੰਗ ਕੋ ਲਿਖਯੋ ਮੰਗਾਯੋ।
ਲਿਯੋ ਸੰਭਾਰ ਜੇਬ ਮਹਿਂ ਪਾਯੋ।
ਸਭਿ ਕੋ ਕਹਯੋ 'ਤਯਾਰ ਹੁਇ ਜਾਵੋ।
ਨਿਕਸਹੁ ਵਹਿਰ ਭਲੇ ਮਗ ਪਾਵਹੁ'
॥੩੫॥
ਤੰਬੂ ਦੀਰਘ ਅਲਪ ਬਨਾਤੀ।
ਨਾਨਾ ਚਿੱਤ੍ਰਿਤਿ ਬਨੀ ਕਨਾਤੀ।
ਇਕ ਥਲ ਕਰਿ ਕੈ ਆਗ ਲਗਾਈ।
ਬਸਤ੍ਰਾਦਿਕ ਸਭਿ ਦੀਏ ਜਲਾਈ ॥੩੬॥
ਬਚਯੋ ਖਜ਼ਾਨਾ ਜੇਤਿਕ ਸ਼ੇਖ।
ਪਾਯਹੁ ਸਤੁਦ੍ਰਵ ਬਿਖੇ ਅਸ਼ੇਖ।
ਬਾਸਨ ਕੰਚਨ ਰਜਤ ਕਿ ਪੀਤਰ।
ਡਾਰਿ ਦੀਏ ਸਭਿ ਜਲ ਕੇ ਭੀਤਰ

[1]ਸੂਰਮਿਆਂ ਦੇ ਸ਼ਿਰੋਮਣ।
[1]ਨਾ ਲਿਖਿਆ (ਬਿਦਾਵਾ)।

॥ ੩੭ ॥
ਕਿਤਿਕ ਵਸਤੁ ਗਾਡੀ ਵਿਚ ਧਰਨੀ।
ਵਹਿਰ ਨ ਰਾਖੀ ਕਛੁ ਅਰਿ ਹਰਨੀ[1]। — [1]ਵੈਰੀ ਦੇ ਲੁੱਟਣ ਲਈ ਬਾਹਰ ਨਾ ਰਹਿਣ ਦਿਤੀ।
ਅਗਨਿ ਕਿ ਜਲ ਕੈ ਧਰਨਿ ਗਡਾਈ।
ਸੋ ਸਭਿ ਦਫਤਰ ਪਰ ਲਿਖਵਾਈ
॥ ੩੮ ॥
ਤਿਨ ਕੇ ਨਾਮ ਲਿਖੀ ਸਭਿ ਵਸਤੂ[1]। — [1]ਭਾਵ ਜਲ ਅਗਨੀ ਤੇ ਧਰਤੀ ਦੇ ਖਾਤੇ ਪਾ ਦਿਤੀਆਂ।
ਥਾਨ ਥਾਨ ਪ੍ਰਤਿ ਸੌਂਪਿ ਸਮਸਤੂ।
ਤੀਛਨ ਸ਼ਸ਼ਤ੍ਰ ਸਕਲ ਕਢਵਾਏ।
ਸਿੰਘਨ ਕੇ ਅੰਗਨ ਲਗਵਾਏ ॥ ੩੯ ॥
ਪੁਨ ਸ਼੍ਰੀ ਮੁਖ ਸਭਿ ਕੋ ਫੁਰਮਾਏ।
'ਨਿਕਸਹੁ ਰਾਤ ਮਹਾਂ ਤਮ ਛਾਏ।
ਭੋਰ ਹੋਤਿ ਲੌ ਪਹੁੰਚਹੁ ਦੂਰ।
ਸਾਵਧਾਨ ਹੂਜਹੁ ਬਨਿ ਸੂਰ' ॥ ੪੦ ॥
ਇੱਕੀ ਸੈ ਕੋਸਨਿ ਲਗਿ ਰਾਜੂ।
ਅਪਰ ਕਹਾਂ ਲਗਿ ਗਿਨਹਿਂ ਸਮਾਜੂ।
ਸੈਨ ਕੋਸ਼ ਅਨਗਨ ਜਿਸ ਪਾਸੀ।
ਪਚ ਹਾਰਯੋ ਅਵਰੰਗ ਬਲਰਾਸੀ ॥ ੪੧ ॥
ਆਨੰਦਪੁਰਿ ਕੇ ਹੇਤੁ ਛੁਡਾਵਨਿ।
ਸਭਿ ਗਿਰਪਤਿ ਕੋ ਦਲ ਚਢਿ ਆਵਨਿ।
ਮੂਰਖ ਲਾਇ ਲਾਇ ਬਲ ਹਾਰੇ।
ਦੇਸ਼ ਬਿਦੇਸ਼ ਸੂਰਮਾ ਸਾਰੇ ॥ ੪੨ ॥
ਕਿਸ ਕੋ ਬਲ ਨਹਿਂ ਚਲਯੋ ਕਦਾਈ।
ਪਚਿ ਪਚਿ ਬੈਠੇ ਰਿਪੁ ਸਮੁਦਾਈ।
ਨਹੀਂ ਦੂਣ ਛੋਰੀ ਕਿਸ ਕਾਲ।
ਰਾਖਯੋ ਅਪਨੋ ਤੇਜ ਬਿਸਾਲ ॥ ੪੩ ॥
ਸਿੱਖ ਸਖਾ ਕੋ ਬਾਯੁ ਨ ਤਾਤੀ।
ਸੁਖ ਸੋਂ ਸੁਪਤਿ ਨ ਦਿਏ ਅਰਾਤੀ[1]। — [1]ਵੈਰੀ।
ਗਿਰ ਕੇ ਜਨ ਰਾਜੇ ਸਮੁਦਾਈ[1]। — [1]ਪਹਾੜੀ ਲੋਗ ਤੇ ਰਾਜੇ।
ਅਪਨਿ ਤੇਜ ਤਰ ਰਖੇ ਦਬਾਈ ॥ ੪੪ ॥
ਗੁਰੂ ਬਹਾਦਰ ਬਡੇ ਬਡੇਰੇ।
ਰਿਪੁ ਦਸ[†] ਲਾਖ ਨ ਢੂਕੇ ਨੇਰੇ। — [†]ਪਾ:-ਦਲ।

ਕੋਸ ਕੋਸ ਲਗਿ ਦੂਰ ਟਿਕਾਏ।
ਮਾਰ ਹਜ਼ਾਰਹੁਂ ਬੀਰ ਖਪਾਏ ॥੪੫॥
ਸੋ ਪ੍ਰਭੁ ਆਪ ਦੁਰਗ ਕੌ ਛੋਰਿ।
ਚਹਜੋ ਪਯਾਨਾ ਦੱਛਨ ਓਰ।
ਸਭਿ ਕੇ ਗਰਬ ਬਡੇ ਕਰਿ ਭੰਜਨ।
ਸੰਤਨਿ ਜਨ ਕੇ ਮਨ ਕਰਿ ਰੰਜਨ ॥੪੬॥
ਮਹਾਂ ਪ੍ਰਤਾਪ ਦਿਖਾਇ ਬਿਚੱਛਨਿ।
ਚਾਹਤਿ ਭਏ ਜਾਨਿ ਪੁਨ ਦੱਛਨ।
ਜਿਮ ਸ੍ਰੀ ਕ੍ਰਿਸ਼ਨ ਕੀਨ ਰਣ ਸੁਥਰਾ[1]। [1]ਚੰਗਾ।
ਪੁਨ ਦੱਛਨ ਗਮਨੇ ਤਜਿ ਮਥੁਰਾ ॥੪੭॥
ਸਿਖ ਕੁਟੰਬ ਤੇ ਭਏ ਉਦਾਸ[1]। [1]ਸਿੱਖਾਂ ਤੋਂ ਤੇ ਕੁਟੰਬ ਤੋਂ।
ਤਜਜੋ ਸਨੇਹ ਜਾਨਿ ਦੁਖ ਰਾਸ।
ਚਲਜੋ ਚਹਤਿ ਤਜਿ ਕਰਿ ਧਨ ਧਾਮੁ।
ਜਿਮ ਤਜਿ ਔਧਿ[1] ਗਏ ਸ੍ਰੀ ਰਾਮੁ ॥੪੮॥ [1]ਅਯੁੱਧਜਾ।
ਕਹੌ ਕਹਾਂ ਲਗਿ ਗੁਰੂ ਬਡਾਈ।
ਜਿਨ ਕੇ ਚਲਿਤ ਲਖੇ ਨਹਿਂ ਜਾਈਂ।
ਰਹਿਨ ਦੁਰਗ ਮਹਿਂ ਕਿਨੇ ਨ ਮਾਨਜੋਂ।
'ਚਲਹੁ ਤਜਾਰ ਹ੍ਵੈ' ਤਬਹਿ ਬਖਾਨਜੋ ॥੪੯॥
ਸ਼ਾਹ ਗਿਰੇਸ਼ ਵਕੀਲ ਘਨੇਰੇ।
ਭੇਦ ਦੰਡ ਕਰਿ ਜਤਨ ਬਡੇਰੇ।
ਗੁਰੂ ਅਭੁੱਲ ਮਨਾਏ ਨਿਕਸਨਿ।
ਮਾਤ ਖਾਲਸੇ ਕੋ ਕਹਿਬੋ ਮਨਿ[1] ॥੫੦॥ [1]ਅਭੁੱਲ ਗੁਰੂ ਨੂੰ ਮਾਤਾ ਤੇ ਖਾਲਸੇ ਨੇ ਨਿਕਸਨਾ ਮਨਾਇਆ (ਜਿਨ੍ਹਾਂ ਦਾ) ਕਹਿਣਾ ਮੰਨਕੇ (ਨਿਕਲਨਾ ਪਿਆ)।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰੁਤੇ 'ਦੁਰਗ ਨਿਕਸਨ ਤਿਆਰੀ' ਪ੍ਰਸੰਗ ਬਰਨਨੰ ਨਾਮ ਤ੍ਰਿੰਸਤੀ ਅੰਸੂ ॥੩੦॥

੩੧. [ਅਨੰਦਪੁਰ ਛੋੜਨਾ]

੩੦<<ਪਿਛਲਾ ਅੰਸੂ ਸੰਖੇਪ ਲਿੰਕ – ਤਤਕਰਾ ਅਗਲਾ ਅੰਸੂ>>੩੨

ਦੋਹਰਾ:

ਸਭਿਨਿ ਸੁਨਜੋ ਗੁਰ ਬਾਕ ਕੋ, ਭਏ ਤਜਾਰ ਸਮੁਦਾਇ।
ਆਯੁਧ ਗਨ ਸਿੰਘਨਿ ਧਰੇ, ਹੁਇ ਸਵਧਾਨ ਤਦਾਇ ॥੧॥

ਚੌਪਈ:

ਅਪਨੇ ਅਪਨੇ ਬੰਧਿ ਬੰਧਿ ਭਾਰ।
ਸ਼ਸਤ੍ਰ ਧਰੇ, ਸਿਰ ਲੀਨਸਿ ਧਾਰਿ[1]।
ਜਿਸ ਕੋ ਸ਼ਕਤਿ ਉਠਾਵਨ ਕੇਰੀ।
ਸੋ ਤਿਨ ਸੀਸ ਧਰੀ ਤਿਸ ਬੇਰੀ ॥੨॥
ਚਾਰ ਘਟੀ ਜਬਿ ਨਿਸਾ ਗੁਜ਼ਾਰੀ।
ਨੀਕੇ ਭਈ ਸਭਿਨਿ ਕੀ ਤਜਾਰੀ।
ਸ਼੍ਰੀ ਮੁਖ ਤੇ ਤਬਿ ਹੁਕਮ ਬਖਾਨਾ।
'ਕਰੈਂ ਇਕੱਤ੍ਰ ਬਿਹੀਰ ਪਿਆਨਾ[1]' ॥੩॥
ਸੁਨਿ ਆਇਸੁ ਕੋ ਨਰ ਚਲਿ ਪਰੇ।
ਦੁਰਗ ਵਹਿਰ ਨਿਕਸੇ ਦੁਖ ਭਰੇ।
ਪੂਰਬ ਦਿਸ਼ ਕੋ ਮੁਖ ਕਰਿ ਚਲੇ।
ਕੋ ਅਗੈ ਕੋ ਪਾਛੈ ਮਿਲੇ ॥੪॥
ਪਹਿਰ ਨਿਸਾ ਬੀਤੀ ਜਿਸ ਕਾਲਾ।
ਮਾਤਾ ਤਜਾਰ ਸਮਾਜ ਸੰਭਾਲਾ।
ਇਕ ਖੱਚਰ ਪਰ ਲਾਦੀ ਮੁਹਰੈਂ।
ਇਕ ਦੁਇ ਦਾਸ ਚਲੇ ਕਰਿ ਮੁਹਰੈ[1] ॥੫॥
ਲਘੁ ਪੌਤ੍ਰੇ ਦੋਨਹੁਂ ਲੇ ਸਾਥ।
'ਸਜੰਦਨ ਚਢਹੁ' ਕਹਜੋ ਗੁਰ ਨਾਥ।
ਪ੍ਰਥਮ ਅਪਨਿ ਤੇ ਦੁਊ ਚਢਾਏ।
ਬਹੁਤ ਚਢੀ ਮਾਤਾ ਸਹਿਸਾਏ ॥੬॥
ਸਤਿਗੁਰ ਮਹਿਲ ਸੁੰਦਰੀ ਮਾਤ।
ਅਰੁ ਸਾਹਿਬ ਦੇਵੀ ਚਿਤ ਸ਼ਾਤ।
ਨਮੋ ਕਰੀ ਗੁਰ ਕੌਂ ਕਰ ਜੋਰੇ।
ਦੋਨਹੁਂ ਤਬਿ ਅਰੂਢਿ ਕਰਿ ਡੋਰੇ ॥੭॥
ਆਇਸ ਪਾਇ ਨਿਕਸਿ ਕਰਿ ਚਾਲੀ।

[1]ਭਾਰ) ਮਿਟ ਤੇ ਚਾ ਲਏ ਤੇ ਸ਼ਸਤ੍ਰ ਲਾ ਲਏ।

[1]ਵਹੀਰ ਇਕੱਠਾ ਹੋਕੇ ਤੁਰਨਾ ਕਰੇ।

[1]ਅੱਗੇ।

ਸ਼ਯਾਮ ਜਾਮਨੀ ਬਹੁ ਤਮ ਵਾਲੀ।
ਅਪਰ ਜਿ ਨਰ ਨਹਿਂ ਲਰਨੇ ਹਾਰੇ।
ਸੋ ਮਿਲਿ ਮਿਲਿ ਕਰਿ ਵਹਿਰ ਪਧਾਰੇ ॥੮॥
ਗਯੋ ਬਹੀਰ ਉਲੰਘਿ ਕਈ ਕੋਸ।
ਬੈਠੇ ਸਤਿਗੁਰ ਦੁਰਗ ਸਰੋਸ।
ਸਨੇ ਸਨੇ ਸਭਿ ਕਰਿ ਕਰਿ ਤਯਾਰ।
ਚਲੇ ਲੋਕ ਸਭਿ ਪੰਥ ਮਝਾਰ ॥੯॥
ਸਾਵਧਾਨ ਜੋ ਸ਼ਸਤ੍ਰ ਸਮੇਤ।
ਰਖੇ ਸਿੰਘ ਢਿਗ ਲਰਿਬੇ ਹੇਤ।
ਡੇਢਕ ਜਾਮ ਜਾਮਨੀ ਗਈ।
ਤਬਿ ਸਤਿਗੁਰ ਨਿਜ ਤਯਾਰੀ ਕਈ ॥੧੦॥
ਨਿਕਸੇ ਪ੍ਰਥਮ ਗਏ ਤਿਸ ਜਾਇ।
ਸ੍ਰੀ ਗੁਰ ਤੇਗ ਬਹਾਦਰ ਥਾਇ।
ਖਰੇ ਹੋਇ ਦਰਬਾਰ ਅਗਾਰੀ।
ਕਰਿ ਅਰਦਾਸ ਬੰਦਨਾ ਧਾਰੀ ॥੧੧॥
ਬਹੁਰੋ ਊਚੇ ਕੀਨ ਬਖਾਨ।
'ਹੈ ਕੋ ਸਾਧ ਰਹੈ ਇਸ ਥਾਨ?
ਝਾਰੂ ਦੀਪਕ ਨਿਤ ਪ੍ਰਤਿ ਕਰੈ।
ਸ੍ਰੀ ਗੁਰਦੇਵ ਸੇਵ ਹਿਤ ਧਰੈ' ॥੧੨॥
ਤੀਨ ਬਾਰਿ ਗੁਰ ਬਚਨ ਉਚਾਰਾ।
ਨਹਿਂ ਕੋ ਬੋਲਯੋ ਡਰ ਉਰ ਧਾਰਾ।
ਅਚਰਜ ਸ੍ਵਾਂਗ ਬਿਸਾਲ ਅਰੰਭੇ।
ਰਹੀ ਨ ਧੀਰਜ ਭਏ ਅਚੰਭੇ ॥੧੩॥
ਇਕ ਗੁਰਬਖਸ਼ ਸਾਧ ਢਿਗ ਖਰਯੋ।
ਤਿਸੈ ਬਿਲੋਕਤਿ ਬਾਕ ਉਚਰਯੋ।
'ਬਸਹੁ ਇਹਾਂ ਤੁਮ ਸੇਵਾ ਕਰੋ।
ਕਰਿ ਸੇਵਾ ਨਿਜ ਜਨਮ ਸੁਧਰੋ' ॥੧੪॥
ਮਹਾਂਦੇਵ ਤਿਸ ਕਾ ਗੁਰ ਬੋਲਾ[1]।
'ਖਾਇ ਕਹਾਂ ਤੇ ਰਹੈ ਅਡੋਲਾ?
ਮਹਾਂ ਕੁਮਤਿ ਧਰਿ ਨੀਚ ਪਹਾਰੀ।

[1]ਤਿਸ ਦਾ ਮੁਰਸ਼ਿਦ ਮਹੰਦੇਵ ਸ੍ਰੀ ਸੋ ਬੋਲਿਆ।

ਕਰਹਿਂ ਬੈਰ ਪਸ਼ਚਾਤ ਤੁਮਾਰੀ ॥੧੫॥
ਭੋਜਨ ਚਹੀਐ ਨਿਤ ਪ੍ਰਤਿ ਖਾਨੇ।
ਤੁਮ ਬਿਨ ਹਮ ਕੋ ਕੁਊ ਨ ਜਾਨੇ।
ਕਹੈਂ ਕਹਾਂ ਰਾਵਰ ਸਭਿ ਜਾਨੇ।
ਸੇਵਹਿ ਨਿਤ, ਕਰਿ ਦੇਹੁ ਠਿਕਾਨੇ[1]' ॥੧੬॥

[1]ਠਿਕਾਨਾ ਕਰ ਦਿਓ।

ਸੁਨਿ ਸ਼੍ਰੀ ਮੁਖਿ ਤੇ ਤਿਸਹਿ ਉਚਾਰਾ।
'ਇਹ ਸਾਚੋ ਹੈ ਗੁਰ ਦਰਬਾਰਾ।
ਅੰਨ ਭਰੀ ਗਾਡੀ ਇਹ ਖਰੀ।
ਸੋ ਸੰਭਾਰਿ ਰਾਖੋ ਲਿਹੁ ਧਰੀ ॥੧੭॥
ਸੰਧਯਾ ਸਮੈਂ ਸਦਾ ਗੁਰ ਦਰਸ਼ਨ।
ਬਰਤਹਿ ਵਿਚ ਦਿਵਾਨ ਕੇ ਪਰਸਨ[1]।

[1]ਦੀਵਾਨ ਦੇ ਵਿਚ ਦਰਸ਼ਨ ਪਰਸਨ ਹੋਵੇਗਾ। (ਅ) ਪ੍ਰਸੰਨਤਾ ਨਾਲ ਦਰਸ਼ਨ ਹੋਵੇਗਾ।

ਕਿਸ ਪ੍ਰਕਾਰ ਹ੍ਵੈ ਕਮੀ ਨ ਕਾਈ।
ਨਿਸ ਦਿਨ ਹਮ ਤੁਮ[1] ਹੋਹਿਂ ਸਹਾਈ ॥੧੮॥

[1]ਤੁਹਾਡੇ।

ਨਹਿਂ ਕਿਮ ਗ਼ਮੀ ਕਰਹੁ ਮਨ ਮਾਂਹੀ।
ਇਸ ਥਲ ਕਮੀ ਹੋਇ ਕਿਮ ਨਾਂਹੀ।'
ਇੱਤਯਾਦਿਕ ਕਹਿ ਧੀਰਜ ਦੀਨੀ।
ਤਬਿ ਤਿਨ ਸੁਨਿ ਪਦ ਬੰਦਨ ਕੀਨੀ ॥੧੯॥
ਰਹਯੋ ਧੀਰ ਧਰਿ ਗੁਰ ਬਚ ਮਾਨੇ।
ਪ੍ਰਭੁ ਪ੍ਰਕਰਮਾ ਕਰਤਿ ਪਯਾਨੇ।
ਸਜਯੋ ਤੁਰੰਗਮ ਤਤਛਿਨ ਆਯੋ।
ਭਏ ਅਰੂਢਨ ਚਲਨੋ ਭਾਯੋ ॥੨੦॥
ਦਯਾ ਸਿੰਘ ਆਲਮ ਸਿੰਘ ਸਾਥ।
ਉਦੈ ਸਿੰਘ ਆਗੈ ਚਲਿ ਨਾਥ।
ਮੁਕਤੇ ਸਿੰਘ ਬਾਮ ਦਿਸ਼ਿ ਚਲੇ।
ਮੁਹਕਮ ਸਿੰਘ ਸਾਹਿਬ ਸਿੰਘ ਭਲੇ ॥੨੧॥
ਪ੍ਰਭੁ ਕੇ ਦਾਹਨ ਪਾਸੇ ਹੋਇ।
ਪੀਛੇ ਚਲੇ ਸਿੰਘ ਸਭਿ ਕੋਇ।
ਸਤਿਗੁਰ ਕੋ ਲੇ ਬੀਚ ਪਯਾਨੇ।

ਚਢ੍ਯੋ ਅਜੀਤ ਸਿੰਘ ਧਨੁ ਪਾਨੇ ॥੨੨॥
ਜ਼ੋਰਾਵਰ ਸਿੰਘ ਦੂਸਰ ਨੰਦ।
ਚਲੇ ਪਿਤਾ ਪਸ਼ਚਾਤ ਅਮੰਦ[1]।
ਹਿੰਮਤ ਸਿੰਘ ਆਦਿਕ ਸਿਖ ਘਨੇ।
ਧਨੁਖ ਤੁਫੰਗ ਅੰਗ ਧਰਿ ਬਨੇ ॥੨੩॥
ਤੋੜੇ ਸੁਲਗਤਿ ਕਸੇ ਦੁਗਾੜੇ[1]।
ਜੜੇ ਕਲਾ ਪਰ ਮੋੜਤਿ ਝਾੜੇ।
ਲਈ ਬਰੂਦ ਜਮਾਇ ਪਲੀਤੇ।
ਕਿਨ ਸਰਪੋਸ[1] ਉਘਾੜਨਿ ਕੀਤੇ ॥੨੪॥
ਕੇਤਿਕ ਖਚਰਨਿ ਤੀਰਨ ਭਾਰ।
ਲਾਦ ਲਈ ਚਾਲੀ ਪ੍ਰਭੁ ਲਾਰ।
ਫਨੀਅਰ ਸੇ ਖਪਰੇ ਖਰ ਖਰੇ[1]।
ਸੇਲੇ, ਤੋਮਰ, ਸਾਂਗਨਿ ਧਰੇ ॥੨੫॥
ਸਨੇ ਸਨੇ ਗਮਨਹਿਂ ਮਗ ਬੀਚ।
ਦੂਰ ਖਰੇ ਪਿਖਿ ਊਚ ਰੁ ਨੀਚ।
ਕੇਤਿਕ ਕੋਸ ਪ੍ਰਭੁ ਪ੍ਰਸਥਾਨੇ।
ਅੰਧ ਭਏ ਰਿਪੁ ਨਾਂਹਿ ਨ ਜਾਨੇ ॥੨੬॥
ਕਰਹਿਂ ਪ੍ਰਤੀਖਨ -ਨਿਕਸਹਿਂ ਜਬੈ।
ਘੇਰਿ ਗੁਰੂ ਕੋ ਗਹਿ ਲਿਹੁ ਤਬੈ-।
ਰਾਮ ਘਨੌਲੇ[†] ਲਗਿ ਚਲਿ ਆਏ।
ਸਿੰਘ ਪੰਚ ਸੈ ਗੋਲ ਬਨਾਏ ॥੨੭॥
ਦੁਰਜਨ ਖਰੇ ਰਹੇ ਪਸ਼ਚਾਤੀ।
ਕਰਿ ਅਨੁਮਾਨ ਸਕਲ ਸੁਧਿ ਜਾਤੀ।
-ਗੁਰੂ ਦੁਰਗ ਮਹਿਂ ਅਬਿ ਥਿਰ ਨਾਂਹੀ।
ਰੌਰਾ ਨਹਿਂ ਲਖੀਅਤਿ ਦਿਸ਼ ਤਾਂਹੀ ॥੨੮॥
ਜਾਨ੍ਯੋਂ ਪਰੈ ਅਗਾਰੀ ਗਏ।
ਮਾਰਗ ਦੂਰ ਉਲੰਘਤਿ ਭਏ-।
ਇਮ ਲਖਿ ਕਰਿ ਅਸਵਾਰ ਧਵਾਏ।
ਸੂਨ ਪਰ੍ਯੋ ਗਢ ਦੇਖ੍ਯੋ ਜਾਏ ॥੨੯॥

[1]ਛੇਤੀ ਛੇਤੀ।

[1]ਬੰਦੂਕ ਦੀ ਨਾਲੀ ਵਿਚ ਦੋ ਦੋ ਗੋਲੀਆਂ ਕੱਸੀਆਂ। (ਅ) ਦੋ ਗੋਲੀਆਂ ਵਾਲੀਆਂ ਬੰਦੂਕਾਂ।

[1]ਪੁਰਾਣੀ ਤੋੜੇਦਾਰ ਬੰਦੂਕਾਂ ਦੇ ਪਲੀਤੇ ਤੇ ਇਕ ਢੱਕਣ ਹੁੰਦਾ ਸੀ।

[1]ਚੰਗੇ ਤੇ ਤਿੱਖੇ।

[†]ਕੀਰਤਪੁਰ ਤੋਂ ਪੂਰਬ ਰੁਖ ਨੂੰ ਗਿਰਾਂ ਹੈ ਅੱਠ ਨੌਂ ਕੋਹ ਦੀ ਵਿੱਥ ਤੇ। ਏਥੇ ਗੁਰਦਵਾਰਾ ਹੈ।

ਤਬਿ ਖ੍ਵਾਜਾ ਮਰਦੂਦ ਗ਼ੁਲਾਮ।
ਰਿਸਿ ਬੋਲੵੋ ਦਲ ਸੰਗ ਤਮਾਮ।
'ਘੇਰਹੁ ਅੱਗ੍ਰ ਜਾਇ ਕਰਿ ਐਸੇ।
ਜਿਸ ਤੇ ਨਿਕਸਿ ਜਾਇ ਨਹਿਂ ਕੈਸੇ' ॥ ੩੦ ॥
ਜਥੇਦਾਰ ਸਰਦਾਰ ਘਨੇਰੇ।
ਕਰਿ ਕਰਿ ਕ੍ਰੁੱਧਤਿ ਸਗਰੇ ਪ੍ਰੇਰੇ।
ਭੀਮਚੰਦ ਕੋ ਭਾਖਿ ਪਠਾਯੋ।
'ਤੈਂ ਅਪਨੋ ਦਲ ਕਯੋਂ ਅਟਕਾਯੋ ॥ ੩੧ ॥
ਪ੍ਰੇਰਹੁ ਸਭਿ ਪਰਬਤ ਕੀ ਸੈਨਾ।
ਘੇਰਹਿ ਜਾਇ, ਗਹੈ ਪਿਖਿ ਨੈਨਾ।'
ਖਾਨ ਵਜੀਦ ਸਿਰੰਦੀ ਧਾਯੋ।
ਲਾਖਹੁੰ ਲਸ਼ਕਰ ਲੇ ਉਮਡਾਯੋ ॥ ੩੨ ॥
ਜ਼ੇਰਦਸਤ ਸੂਬਾ ਲਵਪੁਰਿ ਕੋ।
ਦੌਰ ਚਲੵੋ ਪਕਰਨਿ ਸ਼੍ਰੀ ਗੁਰ ਕੋ।
ਬੇਸ਼ੁਮਾਰ[1] ਜਿਮ ਨਿਸ ਅੰਧਜਾਰੀ।
ਸੈਨਾ ਉਮਡੀ ਸਭਿ ਇਕਵਾਰੀ ॥ ੩੩ ॥
ਗੁਰ ਸੂਰਜ ਕੋ ਪਕਰਨ ਹੇਤ[†]।
ਗਹਿ ਗਹਿ ਆਯੁਧ ਉਮਡੇ ਖੇਤ।
ਕੋ ਆਗੈ ਕੋਊ ਪਸ਼ਚਾਤ।
ਦੌਰਤਿ ਜਾਤਿ ਗਿਰੈ ਕੋ ਖਾਤ[1] ॥ ੩੪ ॥
ਕਿਤਿਕ ਪਰਸਪਰ ਲਗਹਿਂ ਧਕੇਲੇ।
ਬਾਜੀ ਲਰਤਿ ਸਊਰਨਿ ਮੇਲੇ[1]।
ਕਰਿ ਤੂਰਨਤਾ ਪਹੁੰਚੇ ਆਇ।
ਸਿੰਘਨ ਕੋ ਪੀਛੇ ਜਹਿਂ ਜਾਇ[1] ॥ ੩੫ ॥
ਸੁਨਿ ਕੈ[1] ਸ਼ਬਦ ਹਟਾਵਨ ਕਰੇ।
'ਕੌਨ ਅਹੋ ਤੁਮ? ਰਹੀਅਹਿ ਖਰੇ!'
ਦੁਇ ਦਿਸ਼ ਦੁਸ਼ਮਨ ਜਾਨੇ ਗਏ।
ਸ਼ਸਤ੍ਰਨਿ ਗਹਿ ਸੁਚੇਤ ਸਭਿ ਭਏ ॥ ੩੬ ॥
ਜ੍ਵਾਲਾ ਬਮਣੀ ਦੁਸ਼ਟਨਿ ਦਮਣੀ।

[1]ਬੇਅੰਤ ਸੈਨਾ।
[†]ਕਵਿਤਾ ਦਾ ਕਮਾਲ ਹੈ।
[1]ਕੋਈ ਟੋਏ ਵਿੱਚ ਡਿਗਦਾ ਹੈ।
[1]ਅਸਵਾਰ ਘੋੜਿਆਂ ਨੂੰ (ਦੁੜਾਉਂਦੇ ਹਨ ਵਧ ਵਧਕੇ) ਮਿਲਦੇ ਹਨ ਤਾਂ ਘੋੜੇ (ਖਹਿਕੇ) ਲੜ ਪੈਂਦੇ ਹਨ। (ਅ) ਅਸਵਾਰ ਐਉਂ ਮੇਲ ਮੇਲ (ਕੇ ਦੁੜਾਉਂਦੇ ਹਨ ਘੋੜੇ, ਕਿ ਮਾਨੋ) ਬਾਜੀ ਲੜ ਰਹੇ ਹਨ (ਕਿ ਕੌਣ ਅੱਗੇ ਪੁੱਜਦਾ ਹੈ)।
[1]ਜਿਥੇ ਸਿੰਘ ਜਾਂਦੇ ਸੀ ਪਿਛੇ ਆ ਗਏ।
[1]ਸਿੰਘਾਂ ਨੇ) ਸੁਣਕੇ।

ਛੁਟਨਿ ਲਗੀ ਸਨਮੁਖ ਰਿਪੁ ਸ਼ਮਣੀ।
ਦਗ਼ਾ ਕਰਜੋ ਮਿਲਿ ਤੁਰਕ ਪਹਾਰੀ।
ਤਬਿ ਜਾਨੀ ਸਿੰਘਨਿ ਸੁਧਿ ਸਾਰੀ ॥੩੭॥
-ਇਸੀ ਹੇਤੁ ਸਤਿਗੁਰੂ ਹਟਾਵਤਿ-।
ਸਮੁਝਿ ਸਿੰਘ ਸਭਿ ਚਿਤ ਪਛੁਤਾਵਤਿ।
ਅਬਿ ਕਜਾ ਹੋਇ ਛੋਰਿ ਗਢ ਧਾਏ।
ਲਰਿਬੇ ਸਨਮੁਖ ਹੀ ਬਨਿ ਆਏ ॥੩੮॥
ਸ਼੍ਰੀ ਗੁਰ ਕਿਤਿਕ ਦੂਰ ਚਲਿ ਆਗੇ।
ਖਰੇ ਅਜੀਤ ਸਿੰਘ ਰਿਸ ਜਾਗੇ।
ਤੁਰਕਨਿ ਅਨੀ ਕਿ ਮੁਗ਼ਲ ਪਠਾਨਾ।
ਘਿਰੇ ਆਨਿ ਕਰਿ ਆਯੁਧ ਪਾਨਾ ॥੩੯॥
ਛੁਟੇ ਤੜਾਭੜ ਤੁਪਕ ਤੜਾਕੇ।
ਮਿਲੇ ਬੀਰ ਢਿਗ ਅਧਿਕ ਲੜਾਕੇ।
ਸ਼ਜਾਮ ਤਿਮਰ ਮਹਿਂ ਧੁਖੇ ਪਲੀਤੇ।
ਚਮਕਹਿਂ ਬਹੁ ਪ੍ਰਕਾਸ਼ ਕੌ ਕੀਤੇ ॥੪੦॥
ਜਿਮ ਖੱਦਜੋਤਨਿ ਕੋ ਸਮੁਦਾਈ।
ਚਮਕਤਿ ਹੈ ਇਸ ਬਿਧਿ ਦਮਕਾਈ[1]†।
ਸ਼ਬਦ ਹੋਤਿ ਜਿਮ ਗਾਜਤਿ ਗਾਜ।
ਸੈਲ ਟੋਲ ਪਰ ਭਟ ਤਰੁ ਸਾਜ[1] ॥੪੧॥
ਦੂਰ ਦੂਰ ਲਗਿ ਸ਼ਬਦ ਸੁਨੰਤੇ।
ਗੁਲਕਾ ਸ਼ੂਕਤਿ ਛੁਟੈਂ ਤੁਰੰਤੇ।
ਚਮੂੰ ਤੁਰਕ ਕੀ ਚੜ੍ਹਿ ਕਰਿ ਆਈ।
ਤ੍ਰਾਸਹਿਂ ਦੂਰ ਦੂਰ ਥਿਰਤਾਈ[1] ॥੪੨॥

[1]ਪ੍ਰਕਾਸ਼ ਹੋਯਾ। †ਪਾ:-ਦਿਪਤਾਈ।

[1]ਪਹਾੜ ਤੇ ਜਿਵੇਂ ਬ੍ਰਿੱਛਾਂ ਦੀ ਸਾਮਾਨ ਹੁੰਦਾ ਹੈ ਇਉਂ ਸੂਰਮਿਆਂ ਦੇ ਟੋਲੇ (ਦੇ ਟੋਲੇ ਆ ਰਹੇ ਸਨ)।

[1]ਖੜੀ ਰਹੀ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰੁਤੇ 'ਅਨੰਦ ਪੁਰ ਤੇ ਨਿਕਸਨ' ਪ੍ਰਸੰਗ ਬਰਨਨੰ ਨਾਮ ਇਕ ਤ੍ਰਿੰਸਤੀ ਅੰਸੂ ॥੩੧॥

੩੨. [ਪਿਛੋਂ ਪਹਾੜੀਆਂ ਤੇ ਸੂਬਿਆਂ ਨੇ ਆ ਪੈਣਾ। ਉਦੈ ਸਿੰਘ ਬੱਧ। ਜੀਵਨ ਸਿੰਘ]

੩੧<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੩

ਦੋਹਰਾ:

ਕੀਰਤਪੁਰ ਕੋ ਉਲੰਘਿ ਕੈ, ਪੁਨ ਆਏ ਨਿਰਮੋਹ।
ਮੁਗ਼ਲ ਪਠਾਨਨ ਆਇ ਕੈ, ਲਰੇ, ਲਖ੍ਯੋ ਤਬਿ ਧ੍ਰੋਹ[1] ॥੧॥

[1]ਤਦ (ਤੁਰਕਾਂ ਦਾ ਛਲ ਜਾਣਿਆਂ।

ਰਾਇ ਗੁਲਾਬ ਰੁ ਸ਼ਯਾਮ ਸਿੰਘ, ਪਿਖਿ ਲਿਖ ਪੱਤ੍ਰਾ ਦੀਨ[1]।
'ਜਾਹੁ ਰਾਜ ਸਿਰਮੌਰ ਕੇ, ਮਿਲਹੁ ਭੂਪ ਤਬਿ ਚੀਨ' ॥੨॥

[1]ਨੂੰ ਵੇਖਕੇ (ਗੁਰੂ ਜੀ ਨੇ) ਚਿੱਠੀ ਲਿੱਖ ਦਿੱਤੀ (ਤੇ ਕਿਹਾ......)।

-[1]ਤੁਰਕਨਿ ਸੰਗ ਬਿਰੋਧ ਹਮ, ਏਹ ਭੇਜੇ ਤੁਮ ਪਾਸ।
ਦੇਹੁ ਗ੍ਰਾਮ ਸੇਵਹੁ ਇਨਹੁੰ, ਬਾਸਹਿਂ ਕਰਹਿਂ ਅਵਾਸ- ॥੩॥

[1]ਚਿੱਠੀ ਦਾ ਭਾਵ ਇਹ ਸੀ।

ਲਈ ਲਿਖਤ ਨ੍ਰਿਪ ਢਿਗ ਗਏ, ਗੁਰ ਕੋ ਲਿਖ੍ਯੋ ਪਛਾਨਿ।
ਗ੍ਰਾਮ ਦਯੋ ਗਿਰਵੀ[1] ਤਬੈ, ਬਸੇ ਤਿਸੀ ਇਸਥਾਨ ॥੪॥

[1]ਪਿੰਡ ਦਾ ਨਾਮੁ ਹੈ; ਯਥਾ-'ਦੇਖ ਭੂਪ ਪਢ ਕਰ ਅਭਿਲਾਖੇ। ਗਿਰਵੀ ਨਾਮ ਗ੍ਰਾਮ ਦੇ ਰਾਖੇ'। [ਉਤ੍ਰ ਐਨ ਅੰਸੂ ੩੫ ਅੰਕ ੭]।

ਨਰਾਜ ਛੰਦ:

ਗੁਰੂ ਗੋਬਿੰਦ ਸਿੰਘ ਜੀ, ਖਰੇ ਕਛੂਕ ਹੋਇ ਕੈ।
-ਲਰੇ[1] ਪਿਛਾਰਿ ਆਨਿ ਕੈ- ਸੁਨੰਤਿ ਨਾਦ ਜੋਇ ਕੈ।

[1]ਤੁਰਕ ਲੜੇ ਹਨ ਪਿਛੋਂ ਦੀ ਆਕੇ।

ਮਨਿੰਦ ਟੀਡ ਬ੍ਰਿੰਦ ਕੇ[1], ਬਿਲੰਦ ਸ਼ੋਰ ਘਾਲਿਓ।
ਤੁਫੰਗ ਛੋਰਿ ਛੋਰਿ ਕੈ, ਅਗਾਊ ਪਾਉਂ ਡਾਲਿਓ ॥੫॥

[1]ਟਿੱਡੀ ਦੇ ਦਲ ਵਾਂਙੂੰ।

ਸੁਨੰਤਿ ਨਾਦ ਜਾਨਿ ਕੈ, ਧੁਖੇ ਪਲੀਤ ਹੇਰਿ ਕੈ।
ਕਰੰਤਿ ਸੂਧ ਤਾਂਹਿ ਓਰ, ਗੋਰਿ ਛੋਰਿ ਟੇਰਿ ਕੈ।
ਅਜੀਤ ਸਿੰਘ ਪਾਇ ਰੋਪਿ, ਠਾਂਢ ਗਾਢ

ਹੋਇਓ।
ਰੁਕੇ ਸੁਲੱਛ ਸੂਰਮੇ, ਮਨੋ ਕਪਾਟ ਜੋਇਓ[1] ॥੬॥

[1]ਭਾਵ ਅਜੀਤ ਸਿੰਘ ਪੈਰ ਜਮਾਕੇ ਪੱਕੀ ਤਰ੍ਹਾਂ ਖੜਾ ਹੋਗਿਆ ਤੇ ਲੱਖਾਂ ਵੈਰੀ ਰੁਕ ਗਏ ਮਾਨੋ (ਉਨ੍ਹਾਂ ਦੇ ਅੱਗੇ) ਤਖਤੇ ਜੜੇ ਹੋਏ ਹਨ।

ਕਿਧੌਂ ਪ੍ਰਵਾਹ ਨੀਰ ਕੋ, ਪਹਾਰ ਹੋਇ ਰੋਕਿਓ।
ਬਿਸਾਲ ਜੰਗ ਮੰਡਿ ਕੈ, ਖਰੇ ਕਰੇ ਬਿਲੋਕਿਓ[1]।

[1]ਵੈਰੀ ਖੜੇ ਕਰ ਲਏ ਤੇ ਉਨ੍ਹਾਂ ਨੇ ਡਿੱਠਾ ਕਿ.....।

ਸਮੂਹ ਹੂਹ ਦੇਤਿ ਹੈਂ, ਨ ਖੇਤ ਸਿੰਘ ਛੋਰਿਓ।
ਸੜਾਸੜੀ ਤਤਾਰਚੇ[1], ਪ੍ਰਹਾਰ ਬ੍ਰਿੰਦ ਮੋਰਿਓ ॥੭॥

[1]ਤੀਰ।

ਸਮਾਨ ਸਰਪ ਫੂੰਕਤੇ, ਸਰੀਰ ਫੋਰਿ ਪਾਰ ਹ੍ਵੈਂ।
ਲਗੇ[1] ਨ ਫੇਰ ਜੀਵਤੇ, ਗਿਰੰਤਿ ਤੁੰਡ ਭਾਰ ਹ੍ਵੈ।

[1](ਜਿਨ੍ਹਾਂ ਨੂੰ) ਲੱਗੇ।

ਤ੍ਰਫੰਤਿ ਕੋ ਹੁੰਕਾਰਤੇ, ਪੁਕਾਰਤੇ, ਬਿਹਾਲ ਕੋ।
ਦ੍ਰੜੰਤਿ ਕੋ ਤੁਰੰਗ ਤੇ, ਬ੍ਰੜੰਤਿ ਪਾਇ ਕਾਲ ਕੋ[1] ॥੮॥

[1]ਕੋਈ ਘੋੜਿਆਂ (ਦੇ ਖੁਰਾਂ) ਨਾਲ ਦਰੜੇ ਜਾਂਦੇ ਹਨ। ਬਰੜ ਬਰੜ ਕਰਦੇ ਮਰਦੇ ਹਨ। [ਦ੍ਰੜੰਤ=ਦਲੇ ਜਾਂਦੇ ਹਨ। ਬ੍ਰੜੰਤ=ਬਰੜ ਬਰੜ। ਪੀੜਾਂ ਦੀ ਅਵਾਜ਼]।

ਗੁਰੂ ਸੁ ਨੰਦ ਸੂਰਮਾ, ਹਠੀਲ ਜੰਗ ਖੇਤ ਕੋ।
ਅਜੀਤ ਸਿੰਘ ਨਾਮ ਕੀ, ਸੁ ਲਾਜ ਰਾਖਿ ਜੇਤ ਕੋ[1]।

[1]ਜਿੱਤਣ ਦੀ।

ਬਹੀਰ ਦੂਰ ਜਾਇ ਕੈ, ਪਹੁੰਚਿਓ ਸੰਭਾਰਿ ਕੈ।
ਰਿਪੁਨ ਕੀ ਨ ਆਂਚ ਲਾਗ[1], ਛੇਮ ਤੇ ਪਧਾਰਿ ਕੈ ॥੯॥

[1]ਵੈਰੀਆਂ ਵਲੋਂ ਆਂਚ ਵੀ ਨਾ ਲੱਗੀ।

ਗੁਰੂ ਗੋਬਿੰਦ ਸਿੰਘ ਜੀ, ਸਨੇ ਸਨੇ ਪਯਾਨਿ ਕੈ।
ਸੁਨੰਤਿ ਨਾਦ ਜੰਗ ਕੋ, ਤੁਫੰਗ ਕੇ ਮਹਾਨ ਕੈ।
'ਲਰੈ ਸੁ ਕੋਨ?' ਬੂਝਿਓ, ਸਮੂਹ ਕੀ ਸੰਭਾਰ

ਲੈ।
'ਬਿਲੰਦ ਬੀਰ ਕੌਨ ਹੈ? ਬਿਲੋਕਿ ਰੋਕ ਸਾਰ ਲੈ[1] ॥੧੦॥

[1]ਬੜਾ ਬਹਾਦਰ ਕੌਣ ਹੈ (ਜਿਸ ਵੈਰੀ) ਰੋਕਿਆ ਹੈ? (ਜਾਓ) ਦੇਖਕੇ ਖਬਰ ਲਿਆਓ।

ਸੋਰਠਾ:
ਟਿੱਬੀ ਸ਼ਜਾਮ ਸਥਾਨ,
ਠਾਂਢੇ ਭਏ ਬਿਚਾਰ ਕੈ।
-ਸੰਗ ਨ ਪੁੱਤ੍ਰ ਮਹਾਂਨ-
ਜਾਨਜੋ -ਤਿਨ ਰਣ ਘਾਲਿਓ- ॥੧੧॥

ਰਸਾਵਲ ਛੰਦ:
ਬਡੋ ਜੰਗ ਨਾਦੰ। ਸੁਨਜੋ ਬੀਰ ਬਾਦੰ[1]।
ਖਰੇ ਆਪ ਹੋਏ। ਢਿਗੈ ਸਿੰਘ ਜੋਏ ॥੧੨॥

[1]ਬਡਾ ਰੌਲਾ ਜੰਗ ਦਾ ਤੇ ਬੀਰਾਂ ਦਾ ਸ਼ੋਰ ਸੁਣਿਆ।

'ਰਖੇ ਰੋਕਿ ਬੀਰੰ। ਧਰੀ ਪੁੱਤ੍ਰ ਧੀਰੰ।
ਸਹਾਈ[1] ਸਿਧਾਵੋ। ਚਲੇ ਮੇਲ ਆਵੋਂ[2]' ॥੧੩॥

[1]ਸਹਾਇਤਾ ਹੇਤ। [2]ਨਾਲ) ਮਿਲਾਕੇ ਚਲੇ ਆਓ।

ਉਦੇ ਸਿੰਘ ਜੋਧਾ। ਚਲਜੋ ਧਾਰਿ ਕ੍ਰੋਧਾ।
'ਕਰੋ ਮੋਹਿ ਆਗਜਾ। ਜਹਾਂ ਜੁੱਧ ਜਾਗਜਾ ॥੧੪॥
ਪਹੂੰਚੋਂ ਸੁ ਜਾਈ। ਬਨੀਜੈ ਸਹਾਈ[1]।
ਸੁਪੁੱਤ੍ਰੰ ਤੁਹਾਰਾ। ਜਹਾਂ ਓਜ ਭਾਰਾ' ॥੧੫॥

[1]ਆਪ) ਸਹਾਇਕ ਹੋਵੋ।

ਸੁਨੀ ਦਾਸ ਬਾਨੀ। ਸੁ ਆਗਜਾ ਬਖਾਨੀ।
'ਕਰੋ ਜੁੱਧ ਜਾਓ। ਸਭੈ ਸ਼ੱਤ੍ਰ ਘਾਓ ॥੧੬॥
ਬਨੇ ਬੇਇਮਾਨਾ। ਸਫਾ ਹੋਇ ਹਾਨਾ[1]।
ਪਹਾਰੀ ਨ੍ਰਿਪਾਲਾ। ਮਹਾਂ ਮੂਢ ਜਾਲਾ ॥੧੭॥

[1]ਭਾਵ ਤੁਰਕਾਂ ਦੀ ਸਫਾ ਹੀ ਨਾਸ਼ ਹੋ ਜਾਵੇਗੀ।

ਤਿਨੋ ਧਰਮ ਨਾਸ਼ਾ। ਕੁਕਰਮੰ ਪ੍ਰਕਾਸ਼ਾ।'
ਉਦੇ ਸਿੰਘ ਮਾਨੀ। ਕਰੀ ਸਾਵਧਾਨੀ ॥੧੮॥
ਹਟਜੋ ਬੀਰ ਭਾਰੀ। ਕਰੰ ਚਾਪ ਧਾਰੀ।
ਲਏ ਤੀਰ ਤੀਖੇ। ਫਨੀਚੈ ਸਰੀਖੇ[1] ॥੧੯॥

[1]ਸੱਪਾਂ ਵਰਗੇ।

ਕਿਤੇ ਸਿੰਘ ਸੰਗੀ। ਚਲੇ ਹੈਂ ਭੁਜੰਗੀ।
ਜਹਾਂ ਸੈਨ ਰੋਕੀ। ਦਿਸ਼ਾ ਸੋ ਬਿਲੋਕੀ ॥੨੦॥
ਗੁਰੂ ਪਾਇ ਹੇਰੇ[1]। ਸੁ ਪਜਾਰੇ ਘਨੇਰੇ।
ਧਰਜੋ ਸੀਸ ਜਾਈ। 'ਪ੍ਰਲੋਕੰ ਸਹਾਈ ॥੨੧॥
ਗਹੋ ਬਾਹੁ ਮੇਰੀ। ਪਰਜੋ ਸ਼ਰਨਿ ਤੇਰੀ।'
ਗੁਰੂ ਦੀਨ ਥਾਪੀ। 'ਕਰੋ ਸ਼ੱਤ੍ਰ ਖਾਪੀ ॥੨੨॥
ਜਹਾਂ ਮੋਹਿ ਬਾਸਾ। ਰਖੋਂ ਤੋਹਿ ਪਾਸਾ।
ਧਰੋ ਮੋਰਿ ਧਜਾਨਾ। ਜੁਝੋ ਸ਼ੱਤ੍ਰੁ ਹਾਨਾ ॥੨੩॥

[1]ਗੁਰੂ ਜੀ ਦੇ ਚਰਨ ਦੇਖੇ।

ਦੋਹਰਾ:
ਜਿਤਿਕ ਰਿਦੇ ਮਹਿਂ ਕਾਮਨਾ,
ਪੰਥ ਸੂਦਾਰੀ ਪਾਇੰ।
ਭੋਗਹਿਂ ਧਰਨੀ ਰਾਜ ਕੋ, ਮੋਹਿ ਮਿਲਹਿਂ ਪੁਨ ਆਇ ॥੨੪॥

ਰਸਾਵਲ ਛੰਦ:
ਜਿਤੇ ਮੋਹਿ ਸੰਗੀ। ਲਰੈਂਗੇ ਭੁਜੰਗੀ[1]।
ਬਨੈ ਤੂੰ ਪ੍ਰਧਾਨਾ[1]। ਭੁਗੈਂ ਸੁਖ ਨਾਨਾ' ॥੨੫॥
ਬਰੰ ਐਸ ਦੀਨੋ। ਮਹਾਂ ਮੋਦ ਕੀਨੋ।
ਨਮੋ ਕੀਨਿ ਚਾਲਾ। ਸੁ ਜੋਧਾ ਬਿਸਾਲਾ ॥੨੬॥
ਬਡੀ ਸ਼ੀਘ੍ਰ ਧਾਯੋ। ਤਿਸੀ ਥਾਂਵ ਆਯੋ।
[1]ਗੁਰੂ ਨੰਦ ਜੋਧਾ। ਦਿਲੰ ਪੁੰਜ ਰੋਧਾ[੧੯] ॥੨੭॥
ਬਡੇ ਉਚ ਗਾਜਾ। ਮਹਾਂ ਜੁੱਧ ਸਾਜਾ।
ਤਜੇ ਤੀਰ ਤੀਖੇ। ਬਿਧੇ† ਬੀਰ ਦੀਖੇ ॥੨੮॥
[1]ਗੁਰੂ ਨੰਦ ਆਛੇ। ਕਰੇ ਬੋਲ ਪਾਛੇ।
ਭਯੋ ਆਪ ਆਗੇ[੧੧]। ਮਹਾਂ ਕ੍ਰੋਧ ਜਾਗੇ

[1]ਮੇਰੇ ਨਾਲ (ਹੋਕੇ) ਸੂਰਮੇ ਲੜਨਗੇ।

[1]ਤੂੰ ਉਨ੍ਹਾਂ ਦਾ ਮੁਖੀਆਂ ਹੋਵੇਂਗਾ।

[1]ਜਿੱਥੇ) ਗੁਰੂ ਨੰਦ ਜੋਧੇ ਨੇ (ਸ਼ੱਤ੍ਰੂ) ਦਲ ਸਾਰੇ ਨੂੰ ਰੋਕ ਰਖਿਆ ਸੀ।

†ਪਾ:-ਬਧੇ।

[1]ਗੁਰੂ ਦੇ ਪੁੱਤ੍ਰ (ਅਜੀਤ ਸਿੰਘ ਨੂੰ) ਆਵਜ਼ ਦੇਕੇ ਪਿਛੇ ਕੀਤਾ ਤੇ ਆਪ ਅੱਗੇ ਹੋ ਗਿਆ (ਉਦੇ ਸਿੰਘ)।

॥੨੯॥
ਕਹ੍ਯੋ 'ਪੰਥ ਜਾਓ। ਗੁਰੂ ਪੈ ਸਿਧਾਓ।
ਖਰੇ ਸੋ ਉਡੀਕੈਂ। ਚਲੈਂ ਫੇਰ ਨੀਕੇ'
॥੩੦॥
ਕਹੈ ਬਾਰ ਬਾਰੀ[1]। 'ਚਲੀਜੈ ਅਗਾਰੀ।'
ਗੁਰੂ ਪੁੱਤ੍ਰ ਜੋਧਾ। ਪਿਖੇ ਸ਼ੱਤ੍ਰੁ ਕ੍ਰੋਧਾ
॥੩੧॥
ਨਹੀਂ ਜਾਨ ਚਾਹਾ। ਰਣੰ ਖੇਤ ਮਾਂਹਾ।
ਪਿਤਾ ਬਾਕ ਜਾਨਾ। -ਨ ਮੇਟੋਂ- ਪਛਾਨਾ
॥੩੨॥
ਗੁਰੂ ਓਰ ਚਾਲਾ[1]। ਬਡੋ ਜੁੱਧ ਘਾਲਾ।
ਉਦੇ ਸਿੰਘ ਗਾਢਾ। ਰਿਪੂ ਰੋਕਿ ਠਾਢਾ
॥੩੩॥

[1]ਮੁੜ ਮੁੜ ਕਹਿੰਦਾ ਹੈ (ਉਦੈ ਸਿੰਘ)।

[1]ਚੱਲਿਆ (ਅਜੀਤ ਸਿੰਘ)।

ਦੋਹਰਾ:
ਗੁਰ ਢਿਗ ਜੀਵਨ ਸਿੰਘ ਇਕ, ਰੰਘਰੇਟਾ ਬਡ ਬੀਰ।
ਤਿਸ ਕੋ ਸ਼੍ਰੀ ਮੁਖ ਤੇ ਕਹ੍ਯੋ, 'ਗਛ[1] ਅਜੀਤ ਸਿੰਘ ਤੀਰ' ॥੩੪॥

[1]ਜਾਓ।

ਲਲਿਤਪਦ ਛੰਦ:
ਹਾਥ ਜੋਰਿ ਧਰਿ ਧੀਰਜ ਬੋਲ੍ਯੋ
'ਮਮ ਚਿਤ ਕੀ ਤੁਮ ਜਾਨੀ।
ਪਹੁੰਚ੍ਯੋ ਚਹੌਂ ਤਿਨਹੁੰ ਢਿਗ ਮੈਂ ਚਲਿ,
ਆਇਸੁ ਆਪ ਬਖਾਨੀ ॥੩੫॥
ਇਸ ਸਲਿਤਾ ਲਗਿ ਮੈਂ ਲੇ ਪਹੁੰਚੌਂ
ਹਿੰਮਤ ਏਤਿਕ ਦੀਨੀ[1]।

[1]ਭਾਵ ਆਪ ਨੇ) ਏਨੀ ਹਿੰਮਤ ਦੇ ਦਿੱਤੀ ਹੈ ਕਿ ਇਸ ਨਦੀ ਤਕ ਅਜੀਤ ਸਿੰਘ ਨੂੰ ਲੈ ਕੇ ਆ ਪਹੁੰਚਾਂਗਾ।

ਆਗੇ ਚਹਹੁ ਸੁ ਕਰਹੁ ਕ੍ਰਿਪਾਨਿਧਿ!
ਪਰੀ ਲਰਾਈ ਪੀਨੀ[1]' ॥੩੬॥
ਸਰਸਾ ਨਾਮ ਹੁਤੋ ਇਕ ਨਾਲਾ
ਤਿਸ ਕੇ ਤਟ ਗੁਰ ਠਾਢੇ।
ਸੁਨਿ ਕੈ ਜੀਵਣ ਸਿੰਘ ਤੇ ਬੋਲੇ
'ਗਮਨਹੁ ਹ੍ਵੈ ਕਰਿ ਗਾਢੇ ॥੩੭॥
ਪਹੁੰਚੋ ਇਸ ਨਾਲੇ ਕੇ ਤਟ ਲੌ

[1]ਸਖਤ।

ਇਹ ਮਰਜ਼ੀ ਜੇ ਤੋਹੀ।
ਆਇ ਇਹਾਂ ਲਗਿ ਹੀ ਤੂੰ ਪਹੁੰਚੈ
ਆਗੇ ਗਮਨ ਨ ਹੋਹੀ ॥ ੩੮ ॥
ਕਹਤਿ ਜਹਾਂ ਲਗਿ ਪਹੁੰਚਨ ਤੈਂ ਅਬਿ,
ਤਹਿਂ ਲੌ ਆਇਂ ਨਿਸੰਸੈ।
ਬਿਲਮ ਨ ਕਰਹੁ ਪਯਾਨਹੁ ਸਨਮੁਖ
ਸਮੁਦਾਈ ਰਿਪੁ ਧ੍ਵੰਸੈ[1]' ॥ ੩੯ ॥

[1]ਨਾਸ਼ ਕਰਦੇ।

ਸੁਨਿ ਪ੍ਰਭੁ ਬਾਕ, ਗਯੋ ਹਠ ਕਰਿ ਕੈ,
ਸ਼ੀਘ੍ਰ ਪਹੂੰਚਯੋ ਜਾਈ।
ਊਚੇ ਬੋਲਤਿ ਸਿੰਘ ਪਛਾਨਤਿ
ਫੈਲਯੋ ਤਮ ਸਮੁਦਾਈ ॥ ੪੦ ॥
ਸਨੇ ਸਨੇ ਮਾਰਤਿ ਰਿਪੁ ਗਨ ਕੋ
ਆਵਤਿ ਗੁਰ ਸੁਤ ਚਾਲਾ।
ਮਿਲਯੋ ਜਾਇ ਸਭਿ ਬਾਤ ਬਖਾਨੀ[1]

[1]ਜੀਵਣ ਸਿੰਘ ਨੇ ਕਹੀ।

'ਚਲੀਅਹਿ ਮਗ ਇਸ ਕਾਲਾ ॥ ੪੧ ॥
ਕਰੈਂ ਪ੍ਰਤੀਖਨ, ਮੋਹਿ ਪਠਾਯੋ,
ਉਦੇ ਸਿੰਘ ਰਿਪੁ ਰੋਕੇ[1]।'

[1](ਉਧਰ) ਉਦੇ ਸਿੰਘ ਨੇ ਵੈਰੀ ਰੋਕ ਰਖਿਆ ਹੈ।

ਸੁਨਿ ਅਜੀਤ ਸਿੰਘ ਸੁਭਟ ਪ੍ਰਭੂ ਸੁਤ
ਮਿਟੇ ਤੁਰਕ ਅਵਲੋਕੈ[1] ॥ ੪੨ ॥

[1]ਤੁਰਕ ਮਿਟੇ ਹੋਏ (ਦੂਰ ਰਹੇ ਹੋਏ) ਦੇਖੇ।

ਤਊ ਗਮਨ ਕਰਿ ਸਨੇ ਸਨੇ ਚਲਿ
ਲਰਤਿ ਉਦੇ ਸਿੰਘ ਜਾਨਾ[1]।

[1]ਫਿਰ ਬੀ ਸਹਿਜੇ ਸਹਿਜੇ ਚਲੇ, ਕਿਉਂਕਿ ਜਾਣ ਲਿਆ ਕਿ ਉਦੇ ਸਿੰਘ ਲੜ ਰਿਹਾ ਹੈ।

ਆਗੇ ਸਤਿਗੁਰ ਕੇ ਬਿਹੀਰ ਸਭਿ,
ਰਣ ਤੇ ਤ੍ਰਸਤਿ ਪਯਾਨਾ[1] ॥ ੪੩ ॥

[1]ਗੁਰੂ ਜੀ ਤੋਂ ਅੱਗੇ ਜੋ ਵਹੀਰ ਸੀ ਉਹ ਸਾਰਾ ਜੰਗ ਤੋਂ ਡਰਦਾ ਭੱਜਾ ਜਾ ਰਿਹਾ ਸੀ।

ਸਨੇ ਸਨੇ ਤਿਨ ਰੱਛਕ ਹ੍ਵੈ ਕਰਿ
ਮਾਰਗ ਸ਼੍ਰੀ ਪ੍ਰਭੁ ਚਾਲੇ।
ਰੋਪਰ ਲਗਿ ਨਿਰਬਾਹ ਕਰੇ ਸਭਿ,
ਪੀਛੇ ਜੰਗ ਬਿਸਾਲੇ[1] ॥ ੪੪ ॥

[1]ਉਸ ਵਹੀਰ ਦੇ ਰੱਛਕ ਹੋਕੇ ਸਹਿਜੇ ਸਹਿਜੇ ਗੁਰੂ ਜੀ ਨਾਲ ਜਾਂਦੇ ਰੋਪੜ ਤਕ ਸਾਰੇ ਪੁਚਾ ਦਿੱਤੇ, ਪਿਛੋਂ ਭਾਰੀ ਜੁੱਧ ਹੁੰਦਾ ਰਿਹਾ (ਉਦੇ ਸਿੰਘ ਵਾਲਾ)।

ਸਿੰਘ ਪੰਚ ਸੈ ਸੰਗ ਹੁਤੇ ਭਟ
ਗਢ ਕੋ ਜਬਿ ਤਜਿ ਆਏ।
ਕੇਤਿਕ ਉਦੇ ਸਿੰਘ ਕੇ ਸੰਗੀ

ਲਰਤਿ ਜੰਗ ਮਹਿਂ ਜਾਏ ॥੪੫॥
ਕੇਤਿਕ ਗੁਰ ਸੁਤ ਕੇ ਹੁਇ ਸੰਗੀ
ਜ੍ਵਾਲਾ ਬਮਣੀ ਛੋਰੈਂ।
ਔਰ ਸਕਲ ਕਲਗ਼ੀਧਰ ਕੇ ਢਿਗ
ਮਿਲਹਿਂ, ਸ਼ੱਤ੍ਰੁ ਹਤਿ ਮੋਰਹਿਂ ॥੪੬॥
ਸੁਨਹੁ ਉਦੇ ਸਿੰਘ ਸੋਂ ਰਣ ਭਾ ਜਿਮ[1]
ਢੂਕੇ ਤੁਰਕ ਪਹਾਰੀ।
ਜਾਨਜੋਂ -ਗੁਰੂ ਇਹਾਂ ਰਣ ਘਾਲਤਿ,
ਪਕਰ ਕਿਧੌਂ ਲਿਹੁ ਮਾਰੀ- ॥੪੭॥
ਪਾਇ ਜ਼ੋਰ ਅਨਗਨਤ ਚਮੂੰ ਤਬਿ
ਉਮਡੀ ਓਰੜ ਆਈ।
ਧੁਖਹਿਂ ਪਲੀਤੇ, ਛੂਟਹਿਂ ਗੁਲਕਾ,
ਗਿਰਹਿਂ ਬੀਰ ਸਮੁਦਾਈ ॥੪੮॥
ਰੁਪਜੋ ਉਦੈ ਸਿੰਘ ਤਜਤਿ ਨ ਥਲ ਕੋ
ਹਤਹਿ ਤੀਰ ਕਰਿ ਕ੍ਰੋਧਾ।
ਲਲਕਾਰਤਿ 'ਮਾਰਹੁ ਰਿਪੁ ਗਨੁ ਕੋ'
ਇਮ ਕਹਿ ਆਗਾ ਰੋਧਾ[1] ॥੪੯॥
ਤਮ ਮਹਿਂ ਗਿਰਹਿਂ ਤੁਰਕ,
ਗਿਰ ਬਾਸੀ, ਘਾਲਹਿਂ ਹੇਲ ਬਿਸਾਲੇ।
ਬਹੁਤ ਅਲਪ ਕੁਛ ਲਖੇ ਨ ਜਾਂਹੀ
ਭਾ ਸੰਗ੍ਰਾਮ ਕਰਾਲੇ ॥੫੦॥
ਹੜ ਹੜ ਹਸਤਿ ਜੋਗਨੀ ਨਾਚਹਿਂ
ਭੂਤ ਪ੍ਰੇਤ ਬੈਤਾਲਾ।
ਜੰਬੁਕ ਬ੍ਰਿੰਦ ਪੁਕਾਰੈਂ ਦਾਰੁਣ
ਆਮਿਖ ਭਖੈਂ ਬਿਸਾਲਾ ॥੫੧॥
ਤਮ ਮਹਿਂ ਜਿਮ ਜੀਂਗਣ[1] ਝਮਕੰਤੇ
ਧੁਖੈਂ ਪਲੀਤੇ ਪੁੰਜਾ।
ਤੜ ਭੜ ਸ਼ਬਦ ਧਾਨ ਬਹੁ ਲੈ ਜਿਮ
ਭਾੜ ਬਿਖੈ ਕਿਨ ਭੁੰਜਾ[1] ॥੫੨॥
ਗਿਰਹਿਂ ਸਿੰਘ ਸਨਮੁਖ ਹਤਿ ਸ਼ੱਤ੍ਰਨਿ
ਬਰੈਂ ਬਰੰਗਨ[1] ਆਈ।
[1]ਲੋਥ ਪੋਥਨਾ ਹੋਤਿ ਜਹਾਂ ਕਹਿਂ

[1]ਜਿਵੇਂ ਉਦੇ ਸਿੰਘ ਨਾਲ ਜੰਗ ਹੋਇਆ ਸੋ ਸੁਣੋ।

[1]ਵੈਰੀ ਦਾ ਅੱਗਾ) ਰੋਕ ਰਖਿਆ।

[1]ਟਿਟਾਣੇ।

[1]ਧਾਨ ਬਹੁਤੇ ਲੇਕੇ ਜਿਵੇਂ ਭੱਠੀ ਵਿਚ ਕੋਈ ਭੁੰਨਦਾ ਹੈ।

[1]ਦੇਵ ਇਸਤ੍ਰੀਆਂ, ਅਪੱਸਰਾਂ।

[1]ਇਥੋਂ ਵੈਰੀਆਂ ਦਾ ਹਾਲ ਦੱਸਣ ਲੱਗੇ ਹਨ।

ਅਟਕ ਪੈਰੋ ਗਿਰ ਜਾਈ[1] ॥੫੩॥
ਤਿਸ ਊਪਰ ਤੀਜਾ ਗਿਰ ਪਰਿ ਹੈ[1]
ਦਰੜੇ ਆਪਸ ਮਾਂਹੀ।
ਪਰੇ ਕਰਾਹੈਂ ਉਠਿ ਹੁੰਕਾਰਾ
'ਹਾਇ ਹਾਇ' ਬਹੁ ਪ੍ਰਾਹੀਂ ॥੫੪॥
ਬਿਨ ਮਾਰੇ ਸ਼ੱਤ੍ਰੂ ਗਨ ਮਰਿ ਗੇ
ਗਿਰੇ ਠੋਕਰਾਂ ਖੈ ਕੇ।
ਜ਼ੇਰਦਸਤ ਅਰੁ ਖਾਨ ਵਜੀਦਾ
ਬੋਲੇ ਊਚ ਰਿਸੈ ਕੇ ॥੫੫॥
'ਕਹਾਂ ਭਯੋ ਤੁਮ ਕਯੋਂ ਬਲ ਹਾਰਯੋ,
ਅਲਪ ਸਿੰਘ ਨਹਿਂ ਮਾਰੇ।
ਪਕਰੋ ਗੁਰ ਕੋ ਨਹਿਂ ਤ ਮਾਰ ਦਿਹੁ
ਲਾਖਹੁਂ ਤੁਮ ਬਲ ਹਾਰੇ' ॥੫੬॥
ਜਥੇਦਾਰ ਜੇ ਨਿਕਟ ਖਰੇ ਥੇ
ਦੇ ਕਰਿ ਗਾਰਿ ਪਠਾਏ।
'ਜਾਨ ਨ ਪਾਵੈ ਗੁਰੂ ਜੰਗ ਕਰਿ,
ਪਕਰਹੁ' ਕਹਿ ਕਹਿ ਧਾਏ ॥੫੭॥
'ਹਜ਼ਰਤਿ ਬਖਸ਼ੈ ਬਹੁ ਬਖਸ਼ੀਸ਼ਾਂ
ਜੇ ਗੁਰ ਗਹਿ ਲੇ ਚਾਲੈਂ।'
ਇਮ ਕਹਿ ਸੁਨਿ ਕਰਿ ਧਾਇ ਪਰ ਖਲ
ਤਜੀ ਤੁਫੰਗਨਿ ਜਾਲੈਂ ॥੫੮॥
ਰਸਾਵਲ ਛੰਦ:
ਹਜ਼ਾਰੋਂ ਸੰਘਾਰੇ। ਖਰੇ ਧੀਰ ਧਾਰੇ।
ਨਹੀਂ ਸਿੰਘ ਹਾਲੇ। ਬਡੇ ਹੇਲ ਘਾਲੇ
॥੫੯॥
ਲਗੈ ਆਨ ਗੋਰੀ।
ਤਨੂ ਦੇਤਿ ਫੋਰੀ।
ਮਿਲੈਂ ਹੱਥ ਵੱਥੈਂ।
ਮਹਾਂ ਓਜ ਸੱਥੈ ॥੬੦॥
ਤੁਫੰਗਾਨਿ ਡਾਰੀ। ਕ੍ਰਿਪਾਨੈ ਨਿਕਾਰੀ।
ਜੁਟੇ ਸਿੰਘ ਸੂਰੇ। ਬਡੇ ਕ੍ਰੋਧ ਪੂਰੇ ॥੬੧॥
ਦਗ਼ਾ ਦੁਸ਼ਟ ਕੀਨੇ। ਅਧਰਮੀ ਸੁ ਚੀਨੇ।

[1]ਲੋਥਾਂ ਦਾ ਢੇਰ ਜਿੱਥੇ ਹੋਵੇ ਪੈਰ ਅਟਕਦੇ ਡਿਗ ਪੈਣ।
[1]ਤੀਜਾ ਡਿੱਗ ਪੈਂਦਾ ਹੈ।

ਲਰੇ ਮਾਰ ਕੇਤੇ। ਗਿਰੇ ਸਿੰਘ ਖੇਤੇ ॥੬੨॥
ਰਹੇ ਫੇਰ ਥੋਰੇ। ਪਰਜੋ ਖੇਤ ਘੇਰੇ।
ਉਦੇ ਸਿੰਘ ਕ੍ਰੋਧਾ। ਰੁਪਜੋ ਪੈਰ ਜੋਧਾ ॥੬੩॥
ਹਟਜੋ ਨਾਂਹਿ ਪਾਛੇ। ਤਜੈ ਬਾਨ ਆਛੇ।
ਮਿਲੇ ਸ਼ੱਤ੍ਰੂ ਆਈ। ਚਹੂੰ ਓਰ ਧਾਈ ॥੬੪॥
ਘਿਰਜੋ ਬੀਚ ਘੇਰੇ। ਬਿਲੋਕੇ ਚੁਫੇਰੇ।
ਤਊ ਧੀਰ ਧਾਰੇ। ਤਜੈ ਤੀਰ ਸਾਰੇ ॥੬੫॥
ਭਯੋ ਛੂਛ ਭਾਥਾ। ਤਜਜੋ, ਚਾਮ ਹਾਥਾ।
ਕਰਾਚੋਲ ਕਾਢੇ[1]। ਕਿਤੇ ਦੁਸ਼ਟ ਬਾਢੇ ॥੬੬॥

[1]ਭੱਥਾ ਖਾਲੀ ਹੋ ਗਿਆ, ਸੋ ਛਡਿਆ ਤੇ ਢਾਲ (ਅਰ) ਤਲਵਾਰ ਕੱਢ ਲਈ [ਚਾਮ=ਢਾਲ]। ਪਰ ਜਾਪਦਾ ਐਉਂ ਹੈ ਕਿ ਪਾਠ 'ਤਜਜੋਂ ਚਾਂਪ ਹਾਥਾ' ਸੀ ਕਿ ਹੱਥੋਂ ਧਨੁਖ ਛੱਡ ਦਿਤਾ ਕਿਉਂਕਿ ਅੱਗੇ ਪਾਠ ਹੈ ਕਿ ਤਲਵਾਰ ਪਕੜ ਲਈ।

ਜਿਤੇ ਸਿੰਘ ਸੰਗੀ। ਕ੍ਰਿਪਾਨੈਂ ਸੁ ਨੰਗੀ।
ਲਏ ਘੇਰ ਸਾਰੇ। ਜਥਾ ਖੇਤ ਬਾਰੇ[1] ॥੬੭॥

[1]ਵਾੜ ਜਿਵੇਂ ਖੇਤ ਨੂੰ (ਘੇਰਦੀ ਹੈ)।

ਮਨੋ ਚੰਦ ਭਾਨਾ[1]। ਪ੍ਰਵਾਰੇ ਮਹਾਨਾ।
ਚਲੇ ਬਾਨ ਗੋਰੀ। ਦਈ ਦੇਹਿ ਫੋਰੀ ॥੬੮॥

[1]ਮਾਨੋਂ ਚੰਦ ਸੂਰਜ ਨੂੰ।

ਬਡੇ ਖੱਗ ਬਾਹੇ। ਮਹਾਂ ਸ਼ੱਤ੍ਰੂ ਗਾਹੇ।
ਗਿਰੇ ਸਿੰਘ ਮਾਰੇ। ਸੁ ਸੁਰਗੰ ਸਿਧਾਰੇ ॥੬੯॥
ਉਦੇ ਸਿੰਘ ਏਕੂ। ਪ੍ਰਹਾਰੈ ਅਨੇਕੂ।
ਜਿਤੈ ਕੂਦਿ ਜਾਵੈ। ਤਿਤੈ ਮਾਰਿ ਘਾਵੈ ॥੭੦॥
ਨਹੀਂ ਨੇਰ ਢੂਕੇ। 'ਹਤੋ' ਭਾਖਿ ਕੂਕੇ[1]।
ਨਹੀਂ ਨੇਰ ਹੋਵੈਂ। ਰੁਪਜੋ ਸਿੰਘ ਜੋਵੈਂ ॥੭੧॥

[1]'ਮਾਰ ਲੌ' ਕਹਿਕੇ ਕੂਕਦੇ ਹਨ।

ਦੋਹਰਾ:
ਤੁਰਕ ਪਹਾਰੀ ਬਹੁ ਹਤੇ,

ਖੇਤ ਪਰਯੋ ਸਮੁਦਾਇ।
ਗੁਰ ਪ੍ਰਤਾਪ ਤੇ ਏਕ ਹੀ,
ਲਰਤਿ ਲਾਖ[1] ਰਿਪੁ ਆਇ ॥੭੨॥

[1]ਲੱਖਾਂ ਦੇ ਨਾਲ ਇਕ।

ਚੌਪਈ:
ਬਹੁ ਜ੍ਵਾਲਾਬਮਣੀ ਤਬਿ ਤਜਾਗੀ।
ਉਦੇ ਸਿੰਘ ਕੇ ਕੇਤਿਕ ਲਾਗੀ।
ਘਾਇਲ ਭਯੋ ਸ਼੍ਰੋਣ ਨਿਚੁਰੰਤਾ।
ਭੀਗੇ ਸਰਬ ਚੀਰ ਦਿਖਰੰਤਾ ॥੭੩॥
ਨਹੀਂ ਮੂਰਛਾ ਪਾਇ ਸੁ ਤਾਂਹਿ[1]।

[1]ਤਦ ਬੀ ਮੂਰਛਤ ਨਾ ਹੋਇਆ।

ਬਹੁਰੋ ਖੜਗ ਹਨੈ ਰਨ ਮਾਂਹਿ।
-ਸ਼੍ਰੀ ਗੁਰ ਇਹੀ- ਜਾਨਿ ਰਿਪੁ ਅਰੇ[1]।

[1]ਵੈਰੀ ਇਹ ਜਾਣਕੇ ਇਸ ਨਾਲ ਅੜੇ ਕਿ ਇਹੀ ਗੁਰੂ ਹੈ।

-ਹ੍ਵੈ ਕਰਿ ਹਤਿ, ਘਾਇਲ ਕੋ ਮਰੇ[1]- ॥੭੪॥

[1]ਬਾਕੀ ਦੇ ਸਾਥੀ ਘਾਇਲ ਹੋਕੇ ਮਰ ਰਹੇ ਹਨ ਤੇ ਕਈ ਮਰ ਗਏ ਹਨ ਵੈਰੀ ਇਹ ਸਮਝ ਰਹੇ ਹਨ।

ਕਰਿ ਕਰਿ ਹੇਲ ਧਾਇ ਢਿਗ ਢੁਕੇ।
'ਮਾਰ ਮਾਰ' ਕਰਿ ਕੈ ਮੁਖ ਕੂਕੇ।
ਤਊ ਨਿਕਟ ਨਹਿਂ ਪਹੁੰਚੇ ਰਿਪੁ ਗਨ।
-ਮਾਰਹਿ ਜੋਧਾ- ਇਮ ਲਖਿ ਡਰ ਮਨ ॥੭੫॥
ਡੇਢ ਪਹਿਰ ਲੌ ਰਿਪੁ ਦਲ ਰੋਕੇ।
ਹਨੇ ਧਾਇ ਜਿਤ ਜਾਇ ਬਿਲੋਕੇ[1]।

[1]ਜਿਧਰੋਂ (ਗੁਰੂ ਜੀ ਵੱਲ) ਵੈਰੀ ਨੂੰ ਜਾਂਦਾ ਵੇਖਦਾ ਹੈ ਅੱਗੇ ਵੱਧਕੇ ਉਸਨੂੰ ਮਾਰਦਾ ਹੈ।

ਦੇਵ ਬਧੂ ਲੇ ਆਇ ਬਿਬਾਨੇ।
'ਮੈਂ ਬਰ ਹੌਂ, ਮੈਂ ਬਰੌਂ' ਬਖਾਨੇ ॥੭੬॥
'ਐਸੋ ਮਹਾਂਬੀਰ ਮਮ ਲਾਯਕ।
ਲਰਹਿ ਇਕਾਕੀ ਲਾਖਹੁਂ ਘਾਇਕ।'
ਚਲੀ ਹਜ਼ਾਰਹੁਂ ਜਬੈ ਤੁਫੰਗੰ।
ਫੋਰਿ ਦਏ ਸਗਰੇ ਹੀ ਅੰਗੇ ॥੭੭॥
ਮਸਤਕ ਬਿਖੈ ਲਗੀ ਜਬਿ ਗੋਰੀ।
ਗਿਰਯੋ ਸਮੁਖ ਹੀ ਸ਼ੱਤ੍ਰਨਿ ਓਰੀ।
ਰਿਸ ਤੇ ਕਟਹਿ ਅਧਰ ਸੰਗ ਦੰਤਾ।
ਭਯੋ ਉਦੇ ਸਿੰਘ ਕੋ ਇਮ ਅੰਤਾ ॥੭੮॥
ਦੇਖਿ ਦੇਵਤਾ ਸਭਿ ਬਿਸਮਾਏ।
ਗੁਰ ਪ੍ਰਤਾਪ ਜਾਨਹਿਂ ਸਮੁਦਾਏ।

ਸਤਿਗੁਰ ਸਿਮਰਤਿ ਉਰ ਕਰਿ ਧ੍ਯਾਨ।
ਉਦੇ ਸਿੰਘ ਛੋਰੇ ਤਬਿ ਪ੍ਰਾਨ ॥੨੯॥

ਇਤਿ ਸ਼੍ਰੀ ਗੁਰੂ ਪ੍ਰਥਾਪ ਸੂਰਜ ਗ੍ਰਿੰਥੇ ਖਸ਼ਟਮ ਰੁਤੇ 'ਉਦੇ ਸਿੰਘ ਬੱਧ' ਪ੍ਰਸੰਗ ਬਰਨਨੰ ਨਾਮ ਦ੍ਵੈ ਤ੍ਰਿੰਸਤੀ ਅੰਸੂ ॥੩੨॥

੩੩. [ਭਾਈ ਜੀਵਨ ਸਿੰਘ ਬੱਧ। ਜੰਗ]

੩੨<<ਪਿਛਲਾ ਅੰਸੂ ਸੰਖੇਪ ਲਿੰਕ – ਤਤਕਰਾ ਅਗਲਾ ਅੰਸੂ>>੩੪

ਦੋਹਰਾ:

ਸਭਿ ਸਿੰਘਨ ਕੋ ਸੰਗਿ ਲੈ, ਉਦੇ ਸਿੰਘ ਬਲ ਸੂਰ।
ਗੁਰੂ ਨਿਕਟ ਪਦ[1] ਪਾਇ ਬਡ, ਜਗ ਮਹਿਂ ਜਸ ਭਰਪੂਰ ॥੧॥ [1]ਮੁਰਾਤਬਾ।

ਭੁਜੰਗ ਪ੍ਰਯਾਤ ਛੰਦ:

ਸਭੈ ਸਿੰਘ ਸੂਰੇ ਜਬੈ ਮਾਰ ਲੀਨੇ।
ਪਹਾਰੀ ਮਲੇਛੈਂ ਬਿਲੋਕੈਂ ਸੁ ਚੀਨੇ[1]। [1]ਪਹਾੜੀਆਂ ਤੇ ਮਲੇਛਾਂ ਨੇ ਵੇਖਕੇ ਪਛਾਣਿਆਂ (ਕਿ ਗੁਰੂ ਹੈ ਇਹੋ)।
ਮਹਾਂ ਮੋਦ ਧਾਰਯੋ 'ਗੁਰੂ ਮਾਰਿ ਲੀਨੋ।
ਫਤੇ ਆਜ ਹੋਈ, ਨਹੀਂ ਜਾਨਿ ਦੀਨੋ ॥੨॥
ਜਿਸੀ ਨੇ ਪਹਾਰੀ ਘਨੇਰੇ ਖਪਾਏ।
ਚਿਰੰਕਾਲ ਬੀਤਾ ਮਹਾਂ ਜੰਗ ਪਾਏ।
ਘਨੀ ਸ਼ਾਹ ਕੀ ਸੈਨ ਜੁਝੰਤਿ ਮਾਰੀ।
ਕਿਤੇ ਮਾਸ ਬੀਤੇ ਦਿਯੋ ਖੇਦ ਭਾਰੀ ॥੩॥
ਨਹੀਂ ਖੇਤ ਤੇ ਹਾਰ ਲੈ ਕੇ ਪਧਾਰੇ।
ਬਡੇ ਕੇਸਰੀ ਚੰਦ ਤੇ ਆਦਿ ਮਾਰੇ।
ਬਡੋ ਬੀਰ ਥੋ ਪੈਂਡਖਾਨੰ ਬਿਦਾਰਾ।
ਮਹਾਂ ਓਜ ਤੇ ਤਾਂਹਿ ਕੋ[1] ਆਜ ਮਾਰਾ ॥੪॥ [1]ਉਸ (ਗੁਰੂ) ਨੂੰ।
ਬਡੀ ਦੂਣ ਸੈਲਾਨ ਕੀ ਸੈਲ ਜੋਗਾ[1]। [1]ਸੈਰ ਕਰਨ ਦੇ ਲਾਇਕ ਪਹਾੜੀ ਦੂਨ।
ਉਜਾਰੀ, ਪ੍ਰਹਾਰੇ ਜੁ ਥੇ ਬੀਰ ਲੋਗਾ।
ਘਨੇ ਦੇਸ਼ ਦੇਸ਼ੰ ਜਸੰ ਜਾਂਹਿ ਗਾਵੈਂ।
ਧਰੈਂ ਤ੍ਰਾਸ ਜੋਧੇ ਨਹੀਂ ਨੇਰ ਜਾਵੈਂ ॥੫॥
ਲਰੰਤੇ ਚਹਯੋ ਜੋ ਸਦਾ ਜੀਤ ਲੇਤਾ।
ਅਰੇ ਲਾਖ ਬੈਰੀ ਨਹੀਂ ਪੀਠ ਦੇਤਾ।
ਸਭੈ ਹਿੰਦੁਵਾਨਾ ਗੁਰੂ ਜਾਨਿ ਮਾਨੈ।
ਮਰਯੋ ਆਜ ਸੋਊ ਘਨੇ ਬੀਰ ਹਾਨੈ ॥੬॥
ਭਯੋ ਜੰਗ ਕੋ ਅੰਤ ਹੋਤੋ ਹਮੇਸ਼ਾ[1]। [1]ਹਮੇਸ਼ਾਂ ਜੰਗ ਜੋ ਹੁੰਦਾ ਸੀ ਜੋ ਅੱਗ ਮੁੱਕਾ।
ਰਹੈ ਜੀਵਤੋ ਭੇੜ ਪਾਵੈ ਵਿਸ਼ੇਸ਼ਾ[1]।' [1]ਜੇ ਜੀਂਵਦਾ ਰਹਿੰਦਾ ਤਾਂ ਬੜਾ ਭੇੜ ਪਾਉਂਦਾ।
ਕਹੈਂ ਆਪ ਮਹਿਂ ਯੌਂ ਮਲੇਛੈਂ ਪਹਾਰੀ।
ਨਹੀਂ ਮੂਢ ਜਾਨੈਂ ਗੁਰੂ ਖੇਲ ਧਾਰੀ ॥੭॥

ਬਡੇ ਤੀਰ ਮਾਰੇ ਹਯੰਗਾਤ ਪਾਰੇ[1]। — [1]ਘੋੜਿਆਂ ਦੇ ਸ੍ਰੀਰ ਪਾੜੇ। (ਅ) ਪਾਰ ਹੋ ਗਏ।
ਨਰੰ ਬਾਪੁਰੇ ਤੇ ਕਹੋ ਕਸੋਂ ਨਮਾਰੇ?
[1]ਜਥਾ ਨੀਰ ਰੋਕੇ ਗਿਰੰ, ਅੱਗ੍ਰ ਰੋਕਾ[2]। — [1]ਇਥੋਂ ਭਾ: ਜੀਵਣ ਸਿੰਘ ਦਾ ਅੱਗੇ ਵਧਕੇ ਲੜਨਾ ਤੇ ਗੁਰ ਸੁਤ ਨੂੰ ਮੋੜਨ ਦਾ ਹਾਲ ਚੱਲਿਆ ਹੈ। [2]ਜਿਵੇਂ ਪਾਣੀ (ਦੇ ਪ੍ਰਵਾਹ ਅਗੇ) ਪਹਾੜ ਆ ਜਾਵੇ ਤਿਵੇਂ ਅੱਗਾ ਰੋਕਿਆ (ਆਉਂਦੇ ਵੈਰੀ ਦਾ)।
ਢਹੇ ਤੇ ਚਲੇ ਫੈਲ ਤੈਸੇ ਬਿਲੋਕਾ[1] ॥੮॥ — [1]ਫਿਰ ਜਿਵੇਂ ਉਹ ਪਹਾੜ) ਢੈ ਪਵੇ (ਤਾਂ ਰੁਕਿਆ ਪਾਣੀ) ਫੈਲਕੇ ਚਲਦਾ ਹੈ ਤੈਸੇ ਦੇਖਿਆ (ਜੀਵਣ ਸਿੰਘ ਨੇ)।
ਦਲੰ ਅੱਗ੍ਰ ਦੌਰਯੋ ਮਿਲੇ ਤਾਂਹਿ ਆਈ[1]। — [1]ਦਲ ਦੇ ਸਾਹਮਣੇ ਦੌੜਿਆ ਤੇ ਉਥੇ ਆ ਮਿਲਿਆ ਜਿੱਥੇ......।
ਗੁਰੂ ਨੰਦ ਸੰਗੇ ਜਹਾਂ ਥੀ ਲਰਾਈ।
ਨਦੀ ਸੋ ਚਢੀ ਮੀਂਹ ਵੁੱਠਯੋ ਉਚਾਏ[1]। — [1]ਕਿਸੇ ਉਚੇ ਥਾਂ ਮੀਂਹ ਵੱਸਣ ਕਰਕੇ ਉਹ ਨਦੀ ਚੜ੍ਹ ਆਈ ਸੀ।
ਕਿਤੇ ਸਿੰਘ ਕੇ ਬੇਗ ਬੀਚੇ ਬਹਾਏ[1] ॥੯॥ — [1]ਅਪਣੇ ਵੇਗ ਵਿਚ ਬਹਾ ਲੈ ਗਈ ਨਦੀ)।

ਨਰਾਜ ਛੰਦ:

ਅਜੀਤ ਸਿੰਘ ਸੂਰਮਾ ਪ੍ਰਵਾਹ ਪਾਰ ਹੋਇਓ।
ਲਰੇ ਮਲੇਛ ਬਾਹਨੀ ਬਿਸਾਲ ਬ੍ਰਿੰਦ ਢੋਇਓ।
ਛੁਟੰਤਿ ਹੈਂ ਤੁਫੰਗ ਚੈ[1], ਚਲਾਇੰ ਤੀਰ ਤੀਛਨਾ। — [1]ਬਹੁਤੀਆਂ।
ਲਗੰਤਿ ਫੋਰ ਦੇਤਿ ਹੈਂ ਸਰੀਰ ਕੋ, ਨਿਰੀਛਨਾ[1] ॥੧੦॥ — [1]ਅੱਖਾਂ। (ਅ) ਦੇਖਿਆ ਜਾਂਦਾ ਹੈ।
ਦੁ ਓਰੀਆਂ ਜੁ ਗੋਰੀਆਂ ਕਸੰਤਿ ਫੇਰ ਛੋਰੀਆਂ।
ਸ਼ੁਕੰਤਿ[1]† ਸੀਸ ਊਪਰੇ ਲਗੰਤਿ ਦੇਹਿ ਫੋਰੀਆਂ। — [1]ਸੂਕਦੀਆਂ ਹਨ। †ਪਾ:-ਸ਼ੁਕਾਤ।
ਮਚਾਇ ਸ਼ੋਰ ਠੌਰ ਕੋ ਅਮੋਰ ਠੌਰ ਜੰਗਕੇ[1]। — [1]ਜੰਗ ਦੀ ਜੋ ਅਮੋੜ ਥਾਂ ਸੀ ਉਸ ਥਾਂ ਤੇ ਸ਼ੋਰ ਜਾ ਮਚਾਇਆ।
ਮਿਲੇ ਪ੍ਰਬੀਰ ਮਾਰਤੇ ਹਕਾਰਿ ਸ਼ੱਤ੍ਰ ਸੰਗ ਕੇ[1] ॥੧੧॥ — [1]ਸੰਗ ਦੇ ਵੈਰੀਆਂ (ਭਾਵ ਤੁਰਕਾਂ) ਨੂੰ ਵੰਗਾਰ ਕੇ ਮਾਰਨ ਵਾਲੇ ਸੂਰਮੇ ਜਾ ਮਿਲੇ। [ਸੰਸ:ਪ੍ਰਵੀਰ=ਚੰਗਾ ਸੂਰਮਾ]।

ਦੋਹਰਾ:

ਨਦੀ ਤੀਰ ਲਗਿ ਆਇਗੋ, ਸਿਖ ਰੰਘਰੇਟਾ ਜੋਇ।
ਪਿਖਿ ਕੈ ਦਲ ਬਲ ਰਿਪੁਨਿ ਕੋ, ਭਯੋ ਨੇਰ

ਕਿਯ ਢੋਇ ॥੧੨॥
ਅਪਰ ਸਿੰਘ ਕੇਤਿਕ ਥਿਰੇ, ਹੋਨਿ ਲਗਯੋ ਸੰਗ੍ਰਾਮ।
ਨਿਕਟ ਢੁਕੇ, ਰੋਕੇ, ਹਤੇ; ਪਹੁੰਚਤਿ ਭਟ ਜਮ ਧਾਮ ॥੧੩॥

ਸੈਯਾ:
ਜੀਵਨ ਸਿੰਘ ਥਿਰਯੋ ਤਿਹ ਠਾਂ
ਗਨ ਸਿੰਘਨਿ ਹਾਥ ਤੁਫੰਗ ਸੰਭਾਰੇ।
ਪਾਇ ਬਰੂਦ ਕਸੈਂ ਗੁਲਕਾ ਦੁਇ
ਠੋਕਨ ਤੇ ਛਣਕੈਂ ਗਜ ਭਾਰੇ।
ਹਾਥਨਿ ਪੈ ਧਰਿ ਤਾਕ ਰਵਾਂ ਕਰਿ
ਡਾਂਭਤਿ ਪਾਵਕ ਤੂਰਨ ਧਾਰੇ।
ਮਾਰਤਿ ਹੈਂ ਢਿਗ ਆਵਤਿ ਨਾ,
ਡਰ ਦੇਤਿ ਮਹਾਂ, ਰਹਿਂ ਦੂਰ ਬਿਡਾਰੇ ॥੧੪॥
ਹੇਲ ਕੋ ਘਾਲਿ ਬਿਸਾਲ ਪਰੇ
ਖਲ ਮਾਰਤਿ ਬੋਲਨ ਕੇ ਲਲਕਾਰੇ।
ਖਾਇ ਕੈ ਮਾਰ ਹਟੈਂ ਪਿਛੁਵਾਇ ਕੈ,
ਕੋ ਮਰਿ ਜਾਤਿ ਤ੍ਰਸੰਤਿ ਨਿਹਾਰੇ[1]।

[1]ਵੇਖਕੇ ਹੀ ਡਰ ਨਾਲ ਮਰ ਜਾਂਦੇ ਹਨ। (ਅ) ਕੋਈ ਮਰਦੇ ਕੋਈ ਡਰਦੇ ਵੇਖੀਦੇ ਹਨ।

ਜੀਵਣ ਸਿੰਘ ਰੁਪਯੋ ਪਗ ਠਾਢ ਹ੍ਵੈ
ਛੋਰਿ ਤੁਫੰਗਨਿ ਸੰਗ੍ਰ ਪ੍ਰਹਾਰੇ।
ਹੇਲ ਕੋ ਝਾਲਤਿ, ਚਾਲਤਿ ਮੰਦਹਿ,
ਘਾਲਤਿ ਸ਼ੱਤ੍ਰੁਨਿ ਕੋ ਦੁਖ ਭਾਰੇ ॥੧੫॥
ਕੇਤਿਕ ਸਿੰਘ ਗਏ ਮਰਿ ਕੈ
ਗੁਲਕਾਂ ਲਗਿ ਫੂਟੇ ਪਰੇ ਨਿਜ ਅੰਗਾ।
ਰੋਕਨ ਕੇ ਹਿਤ ਠੋਕਤਿ ਹੈਂ ਗਜ
ਬ੍ਰਿੰਦ ਬਿਲੋਕਤਿ ਛੋਰਿ ਤੁਫੰਗਾ।
ਘਾਇਲ ਘੂਮਤਿ ਝੂਮ ਗਿਰੈਂ
ਜਿਮ ਬਾਯੂ ਉਖਾਰਿ ਕਰੈ ਤਰੁ ਭੰਗਾ।
ਪੁੰਜ ਮਲੈਂ ਹਿਤ ਭੰਜਨ ਕੇ
ਹੁਇ ਗੰਜਨ ਸ਼੍ਰੋਣਤ ਰੰਗ ਸੁਰੰਗਾ[1] ॥੧੬॥

[1]ਬਹੁਤੇ (ਤੁਰਕ) (ਸਿਖਾਂ ਨੂੰ) ਮਾਰਨ ਲਈ ਮਿਲਕੇ ਆ ਪੈਂਦੇ ਹਨ (ਪਰ ਆਪ) ਮਾਰੇ ਜਾਂਦੇ ਹਨ ਲਹੁ ਨਾਲ ਲਾਲ

ਰੰਗੇ ਜਾਕੇ।

ਆਨ ਪਰੇ[1] ਕਰਿ ਜੋਰ ਮਹਾਂ
ਚਹੁੰ ਓਰਨ ਤੇ ਰਣ ਘੋਰ ਮਚਾਯੋ।
ਤੀਰ ਤਿਸੀ ਸਲਿਤਾ ਥਿਰ ਹੋਇ
ਬਡੋ ਚਲਤਾ ਜਲ ਬੇਗ ਬਹਾਯੋ।
ਛੋਡ ਦਈ ਇਕ ਸੰਗ ਤੁਫੰਗਨ
ਸਿੰਘ ਜਿਤੇਕ ਸਮੂਹਨਿ ਘਾਯੋ।
ਜੀਵਨ ਸਿੰਘ ਸਮੇਤ ਗਿਰੇ ਸਭਿ
ਪ੍ਰਾਨ ਦਏ ਗੁਰ ਕੋ ਪੁਰਿ ਪਾਯੋ ॥੧੭॥

[1]ਭਾਵ ਤੁਰਕ ਆ ਪਏ।

ਪਾਰ ਪਰੇ ਕਿਤਨੇ ਜਲ ਤੇ
ਚਲਤੇ ਬਲ ਤੇ, ਟਲਤੇ ਨ ਲਰਾਈ[1]।

[1]ਕਿਤਨੇ ਚਲਦੇ ਜਲ ਤੋਂ ਬਲ ਨਾਲ ਪਾਰ ਹੋਕੇ ਲੜਾਈ ਤੋਂ ਟਲਦੇ ਨਹੀਂ।

ਸ਼੍ਰੀ ਗੁਰ ਕੋ ਸੁਤ ਬੀਰ ਬਡੋ
ਰਿਪੁ ਰੋਕਿ ਬਿਲੋਕਤਿ ਮਾਰਗ ਜ਼ਾਈ[1]।

[1]ਸ਼ੱਤ੍ਰੂਆਂ ਨੂੰ ਰੋਕ ਪੈ ਗਈ ਵੇਖਕੇ ਗੁਰੂ ਜੀ ਦਾ ਵੱਡਾ ਬੀਰ ਪੁੱਤ੍ਰ ਰਸਤੇ ਜਾ ਰਿਹਾ ਹੈ।

ਵਾਹਿਗੁਰੂ ਮੁਖ ਬੋਲਿ ਫਤੇ ਜੁਤਿ
ਜਾਇ ਮਿਲ੍ਯੋ ਪਿਤ ਕੋ ਹਰਿਖਾਈ।
ਕੇਤਿਕ ਸਿੰਘਨਿ ਜੰਗ ਕਰੇ
ਨਿਜ ਸੰਗ ਹੁਤੇ ਸੁ ਹਤੇ ਸਮੁਦਾਈ
॥੧੮॥
ਕੇਤਿਕ ਘਾਇਲ ਸ਼੍ਰੋਣਤ ਚਾਲਤਿ ਪੁੰਜ
ਸੰਭਾਲਤਿ ਲ੍ਯਾਇ ਲਵਾਏ[1]।
ਸਿੰਘ ਉਦੇ ਰਿਪੁ ਰੋਕਿ ਲਿਯੋ ਭਟ
ਲਾਖਹੁਂ ਆਯੁਧ ਆਨਿ ਚਲਾਏ।'
ਸ਼੍ਰੀ ਗੁਰਦੇਵ ਪਿਤਾ ਢਿਗ ਭਾਖਤਿ
'ਥੰਭ ਮਨਿੰਦ ਥਿਰ੍ਯੋ ਤਿਸ ਜਾਏ[1]।
ਤੀਰ ਪਿਖੇ ਰਿਪੁ, ਤੀਰ ਦਿਯੇ ਬਹੁ,
ਬੀਰ ਗਏ ਖਪਿ ਕੈ ਸਮੁਦਾਏ ॥੧੯॥
ਚਾਰ ਘਰੀ ਇਕ ਜਾਮ ਲਰ੍ਯੋ ਬਲ
ਬਾਹੁਨਿ ਤੇ ਬਹੁ ਬੀਰਨ ਕੋ।
ਬੀਧਤਿ ਗੇਰਤਿ, ਟੇਰਤਿ ਹੈਂ ਅਰਿ,
ਜਾਚਤਿ ਕੇਤਿਕ ਨੀਰਨ ਕੋ[1]।
ਹੇਰਤਿ ਹੈਂ ਮੁਖ ਟੇਰਤਿ ਹੈਂ

[1]ਨਾਲ ਲੈ ਆਂਦੇ ਹਨ।

[1]ਉਸ ਥਾਂ ਥਮ ਵਾਂਙੂੰ (ਉਦੈ ਸਿੰਘ) ਥਿਰ ਹੋ ਗਿਆ ਸੀ।

[1]ਕਈ ਪਾਣੀ ਮੰਗਦੇ ਹਨ।

ਮਿਲਿ ਘੇਰਤਿ ਹੈਂ ਚਹਿਂ ਪੀਰਨ ਕੋ[1]।

[1]ਵੇਖਦੇ ਹਨ, ਰੌਲਾ ਪਾਉਂਦੇ ਹਨ, ਮਿਲਕੇ ਘੇਰਾ ਪਾਉਂਦੇ ਹਨ ਤੇ ਵਿਚ ਨਪੀੜਨਾ ਚਾਹੁੰਦੇ ਹਨ।

ਫੋਰਿ ਸਰੀਰਨਿ ਬੀਰਨ ਕੇ,
ਹੁਇ ਛੂਛ ਤੁਨੀਰਹਿ ਤੀਨਰ ਕੋ[1] ॥੨੦॥

[1]ਵੈਰੀ) ਬੀਰਾਂ ਦੇ ਸਰੀਰ ਫੋੜਦਿਆਂ ਭੱਥਾ ਤੀਰਾਂ ਤੋਂ ਖਾਲੀ ਹੋਗਿਆ।

ਮਜਾਨ ਤੇ ਖੈਂਚ ਕ੍ਰਿਪਾਨ ਲਈ,
ਬਲਵਾਨ ਮਹਾਂਨ ਦਿਏ ਬਿਚਲਾਈ।
ਛੋਭ ਤੇ ਛਾਲ ਮਹਾਂ ਉਛਲੈ
ਕਟਿ ਅੰਗ ਨਿਸੰਗਹਿ ਭੰਡ ਸਦਾਈ[1]।

[1]ਤਦੋਂ ਨਿਸ਼ੰਗ ਹੋਕੇ ਅੰਗ ਕੱਟਕੇ ਵੈਰੀ ਨੂੰ ਨਾਸ਼ ਕੀਤਾ।

ਹ੍ਵੈ ਇਕ ਸੰਗ ਮਲੇਛ ਤੁਫੰਗ
ਦਈ ਗਨ ਛੋਰ, ਕਰੀ ਸਮੁਹਾਈ[1]।

[1]ਸਾਹਮਣੇ ਪਾਸੇ ਕਰਕੇ।

ਭਾਲ ਮੈਂ ਲਾਗਿ ਬਿਸਾਲ ਗਈ
ਫੂਟਿ ਕੈ ਦਸ ਦ੍ਵਾਰ ਤਹਾਂ ਮ੍ਰਿਤੁ ਪਾਈ ॥੨੧॥
ਆਇ ਗਏ ਸਲਿਤਾ ਤਟ ਪੈ ਜਬਿ
ਤਉ ਹਮ ਪੈ ਬਡ ਜੋਰ ਕੋ ਘਾਲਾ।
ਮਾਰਿ ਕੈ ਤੀਰਨਿ ਬੇਧਿ ਸਰੀਰਨਿ
ਬੀਰਨ ਕੇ ਬਡ ਹੇਲ ਕੋ ਝਾਲਾ।
ਜੀਵਣ ਸਿੰਘ ਮਰਜੋ ਤਿਹ ਠਾਂ
ਗੁਲਕਾ ਲਗਿ ਕੈ ਪਦ ਪਾਇ ਬਿਸਾਲਾ[1]।

[1]ਵੱਡੀ ਵਦਵੀ ਪਾ ਲਈ।

ਤਾਂ ਛਿਨ ਮੈਂ ਚਢਿ ਨਾਰੋ ਗਯੋ ਜਲ
ਹੋਇ ਗੰਭੀਰ ਸਬੇਗ ਤੇ ਚਾਲਾ ॥੨੨॥
ਕੇਤਿਕ ਸਿੰਘ ਗਏ ਬਹਿ ਬੀਚਹਿ
ਨੀਠ ਹੀ ਨੀਠ ਤੇ ਆਇ ਉਰਾਰਾ।
ਸ਼੍ਰੀ ਪ੍ਰਭੁ ਜੀ ! ਅਬਿ ਆਪ ਸੁਨੋਂ
ਦਲ ਆਇ ਘਨੋਂ ਜਿਹ ਵਾਰ ਨ ਪਾਰਾ।
ਦੇਰ ਕਰਹੁ ਨਹਿਂ ਆਪ ਉਲੰਘਹੁ
ਤੂਰਨਤਾ ਕਰਿ ਕੈ ਬਲ ਭਾਰਾ।'
ਯੌਂ ਸੁਨਿ ਕੈ ਸਲਿਤਾ ਜਲ ਕੌਂ
ਤਬਿ ਕੋਪ ਤੇ ਸ਼੍ਰੀ ਗੁਰ ਸ੍ਰਾਪ ਉਚਾਰਾ ॥੨੩॥
'ਸਰਸਾ ਨਾਰਾ ਬਡੋ ਗੁਰ ਮਾਰਾ,
ਲਹਜੋ ਇਹ ਔਸਰ ਨੀਰ ਬਢਾਯੋ।'

ਹੈ ਅਬਿ ਲੌ ਇਹ ਬਾਤ ਪ੍ਰਸਿੱਧ
ਗੁਰੂ ਮੁਖ ਤੇ ਜਿਮ ਸ਼੍ਰਾਪ ਅਲਾਯੋ।
ਆਲਮ ਸਿੰਘ ਤਬੈ ਕਰ ਜੋਰਤਿ
ਦੀਨ ਬਨੇ ਹਿਤ ਬਾਕ ਸੁਨਾਯੋ।
'ਸਿੰਘ ਅਜੀਤ ਮਿਲੇ ਅਬਿ ਆਇ ਕੈ,
ਪਾਛੇ ਰਹਜੋ ਸੁ ਮਰਜੋ ਰਣ ਪਾਯੋ[1] ॥੨੪॥ — [1]ਜੇ ਪਿੱਛੇ ਰਹੇ ਸੀ (ਸਿੰਘ) ਸੋ ਜੁੱਧ ਕਰਕੇ ਮਰ ਗਈ।
ਆਪ ਤੁਰੰਗ ਧਵਾਇ ਚਲੋ,
ਥਿਰ ਸਿੰਘ ਰਹੈਂ ਰਿਪੁ ਰੋਕਨ ਕੋ।
ਪੰਥ ਕੇ ਮੂਲ ਅਹੋ ਨਿਕਸੋ
ਪੁਨ ਸਿੰਘ ਬਨਾਇ ਅਨੇਕਨ ਕੋ।
ਜੇ ਹਮ ਸੇ ਮਰ ਜਾਹਿਂ ਘਨੇ,
ਬਹੁ ਫੇਰ ਬਨੈਂ, ਤਜਿ ਸ਼ੋਕਨ ਕੋ।
ਸ਼੍ਰੀ ਪ੍ਰਭ ! ਜੀਵਹੁ ਅੰਮ੍ਰਿਤ ਪੀਵਹੁ,
ਨਾ ਬਿਗਰੈ ਸਿਖ ਲੋਕਨ ਕੋ[1]' ॥੨੫॥ — [1]ਸਿੱਖਾਂ ਦਾ ਲੋਕ ਪ੍ਰਲੋਕ ਨਾ ਵਿਗੜੇ। (ਅ) ਸਿੱਖ ਲੋਕਾਂ ਦਾ ਕੁਛ ਨਾ ਵਿਗੜੇਗਾ।

ਫੇਰ ਦਯਾ ਸਿੰਘ ਸਾਹਿਬ ਸਿੰਘ
ਮਿਲੇ ਕਰ ਜੋਰ ਉਚਾਰਤਿ ਹੈਂ।
'ਸ਼੍ਰੀ ਪ੍ਰਭ ! ਜੰਗ ਤਜੋ, ਪ੍ਰਸਥਾਨਹੁ,
ਮਾਨਹੁ, ਸਿੰਘ ਬਿਚਾਰਤ ਹੈਂ।
ਰਾਵਰ ਤੇ ਹੁਇਂ ਲਾਖਹੁਂ ਫੇਰ,
ਅਹੋ ਸਭਿ ਮੂਲ ਸੁਧਾਰਤਿ ਹੈਂ[1]। — [1]ਆਪ ਸਭ ਦਾ) ਮੂਲ ਹੈ (ਤੇ ਸਭ ਨੂੰ) ਸੁਧਾਰਨ ਵਾਲੇ ਹੋ।
ਆਪ ਕਹੋ ਜਹਿਂ ਪੁੰਜ ਥਿਰੈਂ ਹਮ,
ਰੋਕਹਿਂ ਸ਼ੱਤ੍ਰੂ ਸੰਘਾਰਤਿ ਹੈਂ[1]' ॥੨੬॥ — [1]ਵੈਰੀਆਂ ਨੂੰ ਮਾਰਾਂਗੇ ਤੇ ਰੋਕਾਂਗੇ।
ਬਾਰ ਹੀ ਬਾਰ ਬਿਨੈ ਬਹੁ ਬੋਲਤਿ
ਬੀਰਨ ਬਾਤ ਕੌ ਮਾਨਿ ਗੁਸਾਈਂ।
ਸ਼੍ਰੀ ਗੁਜਰੀ ਬਿਚ ਸਜੰਦਨ ਕੇ,
ਜੁਗ ਨੰਦਨ ਨੰਦ ਕੇ[1] ਸੰਗ ਚਢਾਈ। — [1]ਭਾਵ ਦੋ ਪੋਤਰਿਆਂ ਨਾਲ।
ਤਾਂਹਿ ਸੁਭਾਖ ਕਰੀ ਸਮੁਝਾਵਨ
'ਲੈ ਅਗਵਾਨ[1] ਚਲੋ ਸਹਸਾਈ। — [1]ਅਗੇ ਲੈਕੇ (ਪੋਤਰਿਆਂ ਨੂੰ)
ਏਕ ਦੁ ਰਾਤ ਕਹੂੰ ਬਸਿ ਕੈ
ਤਟ ਸੌਦ੍ਰਵ[1] ਕੇ ਗਮਨੌ ਪਿਖਿ ਥਾਈ' ॥੨੭॥ — [1]ਸਤਲੁਜ।

ਸੋਰਠਾ:
ਦਿੱਲੀ ਕੋ ਬਸਨੀਕ, ਏਕ ਸਿੱਖ ਲਸ਼ਕਰ ਬਿਖੈ।
ਔਚਕ ਆਇ ਨਜੀਕ, ਕਰੀ ਚਰਨ ਗੁਰ ਬੰਦਨਾ ॥੨੮॥
'ਕਹੌ ਆਪ ਕੁਛ ਕਾਜ, ਜੋ ਮੋ ਤੇ ਕੁਛ ਬਨਿ ਸਕੈ।
ਰਾਜਨ ਕੇ ਮਹਾਰਾਜ! ਸਕਲ ਕਲਾ ਸਮਰੱਥ ਤੁਮ' ॥੨੯॥
ਸ਼੍ਰੀ ਮੁਖ ਤੇ ਕਹਿਂ ਤਾਂਹਿ, 'ਨੀਕੇ ਅਵਸਰ ਮਹਿਂ ਮਿਲਜੋ।
ਜਾਤ ਬਿਹੀਰੈ ਮਾਂਹਿ, ਜੁਗ ਡੋਰੇ ਤਿਨ ਸੋਂ ਮਿਲੇ ॥੩੦॥
ਪੁਨ ਰੋਪਰ ਕੇ ਬੀਚ, ਕਿਸ ਕੇ ਸਦਨ ਉਤਾਰ ਦਿਹੁ।
ਲਖੈ ਉਚ ਨਹਿਂ ਨੀਚ[1], ਨਹਿਂ ਸ਼ੰਕਾ ਚਿਤ ਧਾਰੀਅਹਿ' ॥੩੧॥
ਸਿਖ ਬੋਲਜੋ ਕਰ ਬੰਦਿ 'ਮਮ ਸਨਬੰਧੀ ਘਰ ਬਸਹਿਂ।
ਕਰਹੁ ਸਹਾਇ ਬਿਲੰਦ, ਤਹਾਂ ਉਤਾਰੌਂ ਜਾਇ ਕਰਿ ॥੩੨॥
ਪੂਰਨ ਗੁਰੂ ਮਹਾਨ, ਮੈਂ ਸਿਖ ਹੋਇ ਨ ਡਰਤਿ ਹੌਂ।
ਰੱਛਹੁ ਆਪ ਸੁਜਾਨ, ਕਰੌਂ ਅਜਤਨ ਅਰਾਧਨਾ[1]' ॥੩੩॥

[1]ਊਚ ਨੀਚ ਤੈਨੂੰ ਨਹੀਂ ਜਾਣ ਸਕੇਗਾ।

[1]ਭਾਵ ਮੈਂ ਇਹੀ ਅਰਾਧਨਾ ਕਰਦਾ ਹਾਂ (ਕਿ ਇਹ ਕਾਜ) ਬਿਨ ਯਤਨ (ਸਿਰੇ ਚੜ੍ਹਾ ਦਿਓ)।

ਸ੍ਵੈਯਾ:
ਯੌਂ ਕਹਿਂ ਆਇਸੁ ਪਾਇ ਤਬੈ ਸਿਖ
ਜਾਇ ਬਹੀਰ ਕੀ ਭੀਰ ਮਹਿਂ ਡੋਰੇ।
ਤੂਰਨਤਾ ਕਰਿ ਬੰਦਨ ਕੋ
ਤਹਿਂ ਧਾਇ ਗਯੋ ਫਿਰਿ ਕੈ ਤਹਿਂ ਟੋਰੇ।
'ਮਾਤ! ਥਿਰੋ ਨਹਿਂ, ਜਾਹੁ ਅਬੈ,
ਨਿਸ ਬੀਤ ਚਲੀ ਹੁਇ ਚਾਹਤਿ ਭੋਰੇ।

ਸ਼ੱਤ੍ਰਨਿ ਪਾਪ ਦਗਾ ਸਭਿ ਕੀਨ,
ਮਿਲੈਂ ਗਨ ਆਇ ਸਮ ਬਿਤ ਥੋਰੇ[1] ॥੩੪॥
ਸ਼੍ਰੀ ਪ੍ਰਭੁ ਆਇਸੁ ਮੋਹਿ ਦਈ
ਪੁਰਿ ਮੈਂ ਸਨਬੰਧ, ਕਰੋ ਤਹਿਂ ਡੇਰਾ।
ਸੈਨ ਤੇ ਲੇਹੁ ਬਚਾਇ ਤਹਾਂ
ਪੁਨ ਆਪ ਚਲੋ ਜਿਹ ਠਾਂ ਘਰ ਮੇਰਾ।
ਰਾਵਰ ਕੀ ਬਹੁ ਸੰਗਤਿ ਹੈ
ਕਰਿ ਪੰਗਤ ਸੇਵਹਿਂ ਸਾਂਝ ਸਵੇਰਾ।
ਫੇਰ ਮਿਲੋ ਜਿਸ ਥਨ ਟਿਕੈਂ ਗੁਰ,
ਹੋਇ ਰਹਜੋ ਅਬਿ ਜੰਗ ਬਸੇਰਾ' ॥੩੫॥
ਯੌਂ ਕਹਿ ਕੈ ਨਿਜ ਸੰਗ ਲਏ
ਤਮ ਬ੍ਰਿੰਦ ਹੁਤੋ ਘਰ ਮਹਿਂ ਉਤਰਾਏ।
ਏਕ ਹੀ ਰਾਤਿ ਬਸੇ ਗੁਰ† ਰੋਪਰ
ਭੋਰ ਹ੍ਵੈ ਗਾਡੀ ਮੈਂ ਲੀਨ ਚਢਾਏ।
ਦਿੱਲੀ ਕੇ ਪੰਥ ਪਰੇ ਤਬਿ ਹੂੰ
ਚਲਿ ਕੈ ਦਿਨ ਕੇਤਿਕ ਮਹਿਂ ਤਹਿਂ ਆਏ।
ਕਾਹੂੰ ਨੈ ਭੇਦ ਲਖ੍ਯੋ ਨ ਪਿਖ੍ਯੋ
ਰਿਪੁ ਆਂਖਨਿ ਮਹਿਂ ਰਜ ਪੁੰਜ ਕੋ ਪਾਏ ॥੩੬॥
ਸ਼੍ਰੀ ਗੁਜਰੀ ਜੁਗ ਪੌਤ੍ਰਨਿ ਕੇ ਜੁਤਿ
ਸਜੰਦਨ ਕੋ ਕਰਿ ਬੇਗ ਚਲਾਈ।
ਦ੍ਵੈ ਮਹਿਲਾ ਜਿਮ ਜਾਤਿ ਭਈ ਸੁ
ਕਥਾ ਕਹਿ ਸ਼੍ਰੋਤਨਿ ਬ੍ਰਿੰਦ ਸੁਨਾਈ।
ਔਰ ਬਹੀਰ ਗਯੋ ਤਟ ਰੋਪਰ
ਆਨਿ ਮਲੇਛ ਮਿਲੇ ਸਮੁਦਾਈ।
ਆਪਨੇ ਆਪਨੇ ਰਾਹ ਪਰੇ
ਕੁਛ ਲੂਟ ਲਿਏ ਬਡ ਬਾਹਨੀ ਆਈ ॥੩੭॥
ਫੇਰ ਕਰੀ ਬਿਨਤੀ ਬਹੁ ਸਿੰਘਨਿ
'ਸ਼੍ਰੀ ਪ੍ਰਭੁ ਜੀ ! ਤੁਮ ਆਪ ਸਿਧਾਵੋ।'
ਹਾਥ ਕੋ ਜੋਰਿ ਨਿਹੋਰਿਤ ਹੈਂ

[1]ਥੋੜਾ ਸਮਾਂ ਬੀਤਿਆਂ ਆ ਪਹੁੰਚਣਗੇ।

†ਸ਼ੁੱਧ ਪਾਠ-'ਪੁਰ ਰੋਪਰ' ਚਾਹੀਏ, ਲਿਖਾਰੀ ਦੀ ਕਲਮ ਉਕਾਈ ਹੈ।

'ਥਿਰ ਦਾਸ ਰਹੈਂ ਜਿਸ ਬਾਕ ਅਲਾਵੋ।
ਲਾਖਹੁਂ ਸ਼ੱਤ੍ਰੂ ਚਹੈਂ ਤੁਮ ਕੋ,
ਨਹੀਂ ਬੀਚ ਫਸੋ, ਨਹਿਂ ਜੰਗ ਮਚਾਵੋ।
ਪੰਤ ਕਹੈ ਸਭਿ ਮਾਨਹੁ ਕਜੋਂ ਨਹਿਂ,
ਤੇਜ ਤੁਰੰਗ ਕਰੇ ਚਲਿ ਜਾਵੋ' ॥੩੮॥
ਸ਼੍ਰੀ ਗੁਰ ਸ਼੍ਰੂਯ ਬਿਚਾਰਤਿ ਭੇ
ਇਮ ਨੇਤਿ ਅਕਾਲ ਪ੍ਰਮੇਸ਼ੁਰ ਕੇਰੀ।
ਤੋਰਿ ਤੁਰੰਗਮ ਤੂਰਨਤਾ ਜੁਤਿ
ਰੋਪਰ ਕੋ ਉਲੰਘੇ ਤਿਸ ਬੇਰੀ।
ਸਿੰਘ ਖਰੇ ਤਹਿਂ ਕੇਤਿਕ ਭੇ
ਸਭਿ ਛੋਰਤਿ ਹੈਂ ਗੁਲਕਾਂ ਬਹੁਤੇਰੀ।
ਰੋਕਤਿ ਰੋਕ[1], ਬਿਲੋਕਤਿ ਹੈਂ
ਨਿਸ ਬੀਤ ਚਲੀ ਲਗ ਹੋਨਿ ਸਵੇਰੀ
॥੩੯॥

[1]ਰੋਕ ਰੋਕਦਿਆਂ।

ਸੂਰਮੇ ਸਿੰਘ ਗੁਰੂ ਸੰਗ ਸਾਯੁਧ
ਪੰਚ ਰੁ ਤੀਸ[†] ਗਏ ਤਿਸ ਕਾਲਾ।
ਔਰ ਭਿਰੇ ਭਟ ਸਾਥ ਮਲੇਛਨ
ਛੋਰਿ ਤੁਫੰਗਨ ਕੋ ਰਣ ਘਾਲਾ।
ਮਾਰ ਹਜ਼ਾਰਹੁਂ ਨਾਸ਼ ਕਰੇ
ਬਹੁ ਲੋਟਤਿ ਹੈਂ ਲਗਿ ਘਾਵ ਕਰਾਲਾ।
ਬਾਜ ਮਰੇ ਜੁਤਿ ਜ਼ੀਨ ਪਰੇ,
ਕਿਤ ਛੂਛ ਫਿਰੇ ਅਸਵਾਰਨ ਡਾਲਾ[1]
॥੪੦॥

। [†]੩੫ ਤੇ ਪੰਜ ਚਾਲੀ ਹੋ ਗਏ।

[1]ਨੂੰ ਡੇਗ ਕੇ।

ਘੋਰ ਘਮੰਡ ਪ੍ਰਚੰਡ ਪਰਜੋ
ਤਨ ਖੰਡਹਿ ਖੰਡ ਪਰੇ ਧਰਨੀ।
ਸਿੰਘ ਕੇ ਹਾਥ ਛੁਟੀ ਗੁਲਕਾ
ਨਿਫਲੀ ਨਹਿਂ ਜਾਤ ਗੁਰੂ ਬਰਨੀ[1]।
ਮਾਰ ਬਿਨਾਸ਼ਤਿ ਬੀਰ ਕਿ ਬਾਜ ਕੋ
ਲਾਗਤਿ ਹੀ ਸੁ ਕਰੈ ਕਰਨੀ[1]।
ਮੁੰਡ ਫੁਟੇ ਕਿਸ ਤੁੰਡ ਫੁਟੇ
ਕਿਸ ਅੰਗ ਕਟੇ ਅਰਿ ਸੋਂ ਅਰਨੀ[1]
॥੪੧॥

[1]ਗੁਰੂ ਜੀ ਨੇ ਇਹ ਵਰ ਦਿਤਾ ਸੀ।

[1]ਇਹ ਕਰਨੀ ਕਰ ਦਿੰਦੀ ਹੈ।

[1]ਵੈਰੀ ਨਾਲ ਅੜਕੇ।

ਕੌ ਲਗਿ ਔਰ ਬਖਾਨ ਕਰੌਂ
ਹਨਿ ਕੈ ਬਹੁ ਬੀਰ ਮਲੇਛ ਪਹਾਰੀ।
ਸਿੰਘ ਸ਼ਹੀਦ ਭਏ ਸਗਰੇ
ਭਟ ਪੰਚ ਬਚੇ ਤਨ ਹੋਇ ਸੁਮਾਰੀ[1]। [1]ਜ਼ਖਮੀ ਹੋਕੇ।
ਸੂਰਜ ਗੈਨ ਪ੍ਰਕਾਸ਼ ਭਯੋ ਤਮ
ਭਾਜਿ ਗਯੋ, ਜਗ ਭੀ ਉਜਿਆਰੀ।
ਸ਼੍ਰੋਣਤਿ ਚੁਵਤਿ ਸੋਂ[1] ਗਮਨੇ ਮਗ [1]ਭਾਵ ਓਹ ਪੰਜ ਸਿੰਘ।
ਖੋਜਿ ਭਲੇ ਪ੍ਰਭੁ ਕੀ ਅਸਵਾਰੀ ॥੪੨॥

ਦੋਹਰਾ:

ਕਈ ਹਜ਼ਾਰਨਿ ਸ਼ੱਤ੍ਰੁ ਕੋ, ਮਗ ਲਰਿ ਕੀਨ ਬਿਨਾਸ਼।
ਆਨੰਦਪੁਰਿ ਰੋਪਰ ਲਗੋਂ, ਮਰੇ ਪਰੇ ਭਟ ਰਾਸ ॥੪੩॥
ਉਡੇ ਬਿਹੰਗਮ ਆਦਿ ਗ੍ਰਿਧ, ਆਮਿਖ ਖਾਇ ਭ੍ਰਮਾਹਿਂ।
ਬੀਸ ਕੋਸ ਲਗਿ ਬੀਚ ਮੈ, ਪਲ ਭੱਖੀ[1] ਦਿਖਰਾਹਿਂ ॥੪੪॥ [1]ਮਾਸ ਖਾਣ ਵਾਲੇ ਪੰਛੀ।
ਬਾਜੀ ਬੀਰ ਹਜ਼ਾਰ ਹੀ, ਜਿਤ ਕਿਤ ਮਰੇ ਦਿਖੰਤਿ।
ਜੰਬੁਕ, ਕੂਕਰ, ਕਾਕ, ਖਗ; ਕੰਕ ਸੁ ਗੀਧ ਭ੍ਰਮੰਤਿ ॥੪੫॥
ਲਾਖੋਂ ਦਲ ਪਸ਼ਚਾਤ ਗੁਰ, ਮਾਰਤਿ ਮਰਤੇ ਆਇ।
ਪਰਜੋ ਖੇਤ ਲਰ ਭਟਨ ਕੋ, ਸੁਪਤਿ ਮਨੋ ਬਹੁ ਥਾਇੰ ॥੪੬॥
ਸਿੰਘ ਸੈਂਕਰੇ ਮ੍ਰਿਤੁ ਪਰੇ, ਤੁਰਕ ਪਹਾਰੀ ਬ੍ਰਿੰਦ।
ਦਿਵਸ ਚਢੇ ਜਾਨੇ ਪਰੇ, ਭਾ ਘਮਸਾਨ ਬਲੰਦ ॥੪੭॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰੁਤੇ 'ਜੰਗ' ਪ੍ਰਸੰਗ ਬਰਨਨੰ ਨਾਮ ਤੀਨ ਤ੍ਰਿੰਸਤੀ ਅੰਸੂ ॥੩੩॥

੩੪. [ਚਮਕੌਰ ਗੜ੍ਹੀ ਵਿਚ ਜੁੱਧ]

੩੩<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੫

ਦੋਹਰਾ:

ਆਪ ਆਪ ਕੋ ਹੁਇ ਗਯੋ, ਜੋ ਬਹੀਰ ਗੁਰ ਕੇਰ[1]।
ਕੋ ਲੂਟਯੋ ਕੋ ਬਚ ਰਹਯੋ, ਕੋ ਲਰਿ ਮ੍ਰਿਤੁ ਤਿਸ ਬੇਰ ॥੧॥

[1]ਭਾਵ ਜਿੱਧਰ ਕਿਸੇ ਨੂੰ ਰਾਹ ਮਿਲਿਆ ਓਧਰ ਹੀ ਚਲਾ ਗਿਆ।

ਭੁਜੰਗ ਛੰਦ:

ਚਲੇ ਆਪ ਨਾਥੰ ਦਿਸ਼ਾ ਦੱਛਨੀ ਕੋ।
ਹੁਤੋ ਮਾਜਰਾ ਬੂਰ[1] ਨਾਮੰ ਜਿਸੀ ਕੋ।

[1]ਬੂਰ ਮਾਜਰਾ ਪਿੰਡ ਦਾ ਨਾਮ ਹੈ ਇਸ ਤੋਂ ਚਮਕੌਰ ਸੱਤ ਕੁ ਮੀਲ ਹੈ, ਗੁਰਦੁਆਰਾ ਹੈ।

ਤਿਸੀ ਗ੍ਰਾਮ ਆਏ ਥਿਰੇ ਥੋਰ ਕਾਲਾ।
ਕਹਯੋ ਦਾਸ ਕੋ 'ਨੀਰ ਆਨੋ ਉਤਾਲਾ' ॥੨॥
ਸੁਨੇ ਸਿੰਘ ਨੇ ਡੋਰ ਲੋਟਾ ਸੰਭਾਰਾ।
ਤਹਾਂ ਕੂਪ ਤੇ ਨੀਰ ਨੀਕੋ ਨਿਕਾਰਾ।
ਗੁਰੂ ਕੋ ਦਿਯੋ ਆਨਿ ਲੀਨੋ ਤਦਾਈ।
ਚੁਲੇ ਕੀਨ ਨੇਤ੍ਰੰ ਪਖਾਰੇ ਬਨਾਈ ॥੩॥
ਕਛੂ ਪਾਨ ਕੀਨੰ ਮਲੰ ਹੀਨ ਪਾਨੀ[1]।
ਹੁਤੇ ਸਿੰਘ ਸੰਗੀ ਜਿਨੇ ਚਾਹ ਠਾਨੀ[1]।

[1]ਨਿਰਮਲ ਜਲ।

[1]ਜਿਨ੍ਹਾਂ ਇੱਛਾ ਕੀਤੀ।

ਮੁਖੰ ਧੋਇ ਲੀਨਾਂ ਚਹਯੋ ਪਨ ਕੀਨਾ।
ਚਲੇ ਫੇਰ ਆਗੇ ਜਹਾਂ ਪੰਥ ਚੀਨਾ ॥੪॥

ਲਲਿਤਪਦ ਛੰਦ:

ਦਿੱਲੀ ਤੇ ਇਕ ਮਾਨਵ ਆਯੋ
ਜਾਤਿ ਤੁਰਕ ਕੇ ਡੇਰੇ।
ਸ਼੍ਰੀ ਗੁਰ ਸੰਗ ਮਿਲਯੋ ਕਰਿ ਬੰਦਨ
ਬੂਝਯੋ ਸਿੰਘਨ ਹੇਰੇ ॥੫॥
'ਕਿਤਤੇ ਆਯੋ ਜਾਇੰ ਕਹਾਂ ਕੋ?
ਉਤਲਾਵਤਿ ਚਲਿ ਰਾਹੂ?'
ਸੁਨਿ ਕੈ ਸਭਿ ਤਿਨ ਸਕਲ ਬਤਾਈ
'ਜਾਉਂ ਤੁਰਕ ਦਲ ਮਾਂਹੂ ॥੬॥
ਖੁਆਜ ਮਰਦ ਨੇ ਚਮੂੰ ਹਕਾਰੀ
ਗੁਰ ਗਹਿਬੇ ਕੇ ਹੇਤੂ।
ਸੋ ਦਸ ਲਾਖ ਆਇ ਅਸਵਾਰਹਿ

ਆਨਿ ਮਿਲਹਿ, ਦਿਉਂ ਭੇਤੂ[1] ॥੭॥
ਰਹੀ ਨਿਕਟ ਆਵਤਿ ਬਡ ਸੈਨਾ
ਵਾਰ ਨ ਪਾਰ ਦਿਸੰਤਾ।
ਅਨਿਕ ਨਿਸ਼ਾਨ ਅਨੇਕ ਨਗਾਰੇ
ਜਯੋਂ ਸਮੁੰਦ੍ਰ ਉਮਡੰਤਾ ॥੮॥
ਤਨਕ ਭਨਕ[1] ਸੁਨਿ ਕਰਿ ਸ਼੍ਰੀ ਸਤਿਗੁਰ
ਚਹੁੰ ਦਿਸ਼ ਦ੍ਰਿਸ਼ਟਿ ਚਲਾਈ।
ਪੀਛੇ ਲਾਖਹੁਂ ਲਸ਼ਕਰ ਆਵਤਿ
ਕਰਿ ਘਮਸਾਨ ਲਰਾਈ ॥੯॥
ਆਗੇ ਦਸ ਲਖ ਕੀ ਸੁਧਿ ਸੁਨਿ ਕੈ
ਚਿਤ ਮਹਿਂ ਕੀਨ ਬਿਚਾਰਾ।
-ਹਿਤ ਲਰਿਬੇ ਕੇ ਸਭਿ ਚਲਿ ਆਏ
ਜੇ ਨ ਲਰਹਿਂ ਇਸ ਬਾਰਾ ॥੧੦॥
ਕਹਾਂ ਕਹੈਂਗੇ ਸ਼ੱਤ੍ਰੁ ਸਮੂਹੰ
ਗੁਰੂ ਲਰਯੋ ਨਹਿਂ ਪਾਯੋ[1]।
ਕੋ ਗਢ ਲੇ ਕਰਿ ਜੰਗ ਮਚਾਵਹਿਂ[1]-
ਇਮ ਸ਼੍ਰੀ ਪ੍ਰਭੁ ਕੋ ਭਾਯੋ ॥੧੧॥
ਗ੍ਰਾਮ ਨਾਮ ਚਮਕੌਰ ਜਿਸੀ ਕੋ
ਥਲ ਉਚੇ ਪਰ ਹੇਰਾ।
-ਇਸ ਮਹਿਂ ਬਰਿ ਘਮਸਾਨ ਮਚਾਵਹਿਂ
ਲਸ਼ਕਰ ਹਤਹਿਂ ਘਨੇਰਾ ॥੧੨॥
ਹਾਥ ਦਿਖਾਵਹਿਂ ਦੇਖਹਿਂ ਇਨ ਕੇ-
ਇਮ ਨਿਸ਼ਚੇ ਠਹਿਰਾਈ।
-ਛੋਰਿ ਚਲਹਿਂ ਇਹ ਬਾਤ ਨ ਆਛੀ
ਪਿਖਹਿਂ ਮਲੇਛ ਲਰਾਈ ॥੧੩॥
ਹਿੰਦੁ ਪਹਾਰੀ ਧਰਮ ਬਿਨਾਸ਼ਯੋ
ਤੁਰਕ ਸੁ ਬੇਈਮਾਨਾ।
ਇਨ ਕਰਮਨਿ ਤੇ ਤੇਜ ਘਟੈ ਰਿਪੁ
ਡਾਰ ਸ ਮੂਲ ਪ੍ਰਹਾਨਾ[1]- ॥੧੪॥

ਇਮ ਬਿਚਾਰ ਪ੍ਰਭੁ ਸੋ ਮਗ ਛੋਰਾ
ਚਲੇ ਠੌਰ ਚਮਕੌਰੰ।

[1]ਭਾਵ ਇਹ ਭੇਤ ਦੇਣ ਆਇਆ ਹਾਂ।

[1]ਥੋੜੀ ਕਨਸੋ।

[1]ਭਾਵ ਗੁਰੂ ਜਾਣਕੇ ਨਹੀਂ ਲੜਿਆ। (ਅ) ਨਾ ਲੱਭਿਆ ਤੇ ਨਾ ਲੜਿਆ।

[1]ਜੰਗ ਮਚਾਈਏ।

[1]ਮੁੱਢ ਡਾਲਾਂ ਸਮੇਤ ਨਾਸ਼ ਹੋਸੀ। ਡਾਲ ਰਾਜੇ ਤੇ ਮੁੱਢ ਨੌਰੰਗਾ।

ਉਚੇ ਥਲ ਪਰ ਗ੍ਰਾਮ ਪਿਖਯੋ ਸ਼ੁਭ
ਨਹਿਂ ਸਮੀਪ ਕੋ ਔਰੰ ॥੧੫॥
ਕਰਨ ਕਰਾਵਨ ਸਭਿ ਬਿਧਿ ਸਮਰਥ
ਕਰਨ ਹੁਤੋ ਜਿਮ ਕਾਜੰ।
ਤਥਾ ਬਨਾਉ ਬਨਾਵਤਿ ਜਹਿਂ ਕਹਿਂ
ਗਮਨੇ ਸੰਗ ਸਮਾਜੰ ॥੧੬॥
ਪਹੁੰਚੇ ਗ੍ਰਾਮ ਦੱਛਨੀ ਦਿਸ਼ ਮਹਿਂ
ਤਹਾਂ ਬਾਗ਼ ਸ਼ੁਭ ਹੇਰਾ।
ਸਿੰਘਨਿ ਸਹਿਤ ਬਰੇ ਤਿਸ ਅੰਤਰ
ਉਤਰੇ ਕੀਨਸਿ ਡੇਰਾ ॥੧੭॥
ਜੋ ਖੱਚਰ ਤੀਰਨਿ ਸੰਗ ਲਾਦੀ
ਖਰੀ ਕਰਿ ਤਿਸ ਥਾਨਾ।
ਨਿਕਟ ਤੁਰੰਗਮ ਠਾਢੋ ਕੀਨਸਿ
ਕਰਿ ਕਾਜੇ ਬਲਵਾਨਾ[1] ॥੧੮॥

[1]ਬਲਵਾਨ ਘੋੜੇ ਨੂੰ ਕਾਜੇ ਕੀਤਾ (ਕਾਜੇ ਦੇ ਅਰਥਾਂ ਲਈ ਦੇਖੋ ਗੁ: ਨਾ: ਪ੍ਰ: ਉ: ਧਿਆ ੪੨ ਅੰਕ ੭੫)।

ਅਪਰ ਸਰਬ ਹੀ ਉਤਰੇ ਭਟ ਬਰ
ਫਰਕ ਫਰਕ[1] ਕਰਿ ਬੈਸੇ।

[1]ਵਿੱਥ ਵਿੱਥ ਤੇ।

ਉਚ ਮਜਾਜ ਬਿਨਾ ਰੁਖ ਪਿਖਿ ਕਰਿ
ਤਰੁਨ ਤਰਨਿ ਹ੍ਵੈ ਜੈਸੇ[1] ॥੧੯॥

[1]ਬਿਨਾ ਰੁਖ਼ ਤੇ (ਗੁਰੂ ਜੀ ਦੀ) ਉੱਚੀ ਮਜ਼ਾਜ ਨੂੰ ਦੁਪਹਿਰ ਦੇ ਸੂਰਜ ਵਤ ਤੇਜ਼ ਵੇਖ ਕੇ।

ਹੋਇ ਨ ਸਕੈ ਸਮੀਪ ਸਿੰਘ ਕੋ,
ਕਹਨਿ ਸ਼ਕਤਿ ਕਿਸ ਮਾਂਹੀ?
ਦੁਰਨਿਰੀਛ† ਦਰਸ਼ਨ ਤਿਸ ਛਿਨ ਮਹਿਂ,
ਮੌਨ ਧਰੇ ਕਹਿਂ ਨਾਂਹੀ[1] ॥੨੦॥

†ਕਈ ਨੁਸਖਿਆਂ ਵਿਚ ਪਾਠ 'ਦੁਰਜ ਨਰੀਛ' ਹੈ, ਜੋ ਅਸ਼ੁੱਧ ਹੈ। ਦੁਰਨਿਰੀਛ ਪਾਠ ੧੯੧੨ ਵਾਲੇ ਨੁਸਖੇ ਵਿਚ ਹੈ ਤੇ ਓਥੇ ਅਗਲੇ ਪਦ ਦਾ ਪਾਠ 'ਦਰਸ਼ਨ' ਹੈ। ਹੋਰ ਨੁਸਖਿਆਂ ਵਾਂਙ 'ਦਰਸ' ਪਾਠ ਨਹੀਂ।

[1](ਜਿਵੇਂ ਦੁਪਹਿਰ ਦੇ ਸੂਰਜ ਵੱਲ ਤੱਕਣਾ ਕਠਨ ਹੁੰਦਾ ਹੈ ਤਿਵੇਂ ਗੁਰੂ ਜੀ ਦਾ) ਦਰਸ਼ਨ ਉਸ ਛਿਨ ਵਿਚ ਦੁਰ ਨਿਰੀਛ ਸੀ, (ਸਿੱਖ) ਚੁੱਪ ਹਨ ਕੁਛ ਕਹਿੰਦੇ ਨਹੀਂ। [ਸੰਸ: ਦੁਰ ਨਿਰੀਕਸ਼ਜ=ਜਿਸ ਵਲ ਤੱਕਿਆ ਨਾਂ ਜਾ ਸਕੇ, ਜੈਸੇ ਸੂਰਜ]।

ਜਟਤਿ ਜਰਾਵ ਜਵਾਹਰ ਜ਼ਾਹਰ
ਜਗਮਗ ਜਗਮਗ ਜੋਤੀ।
ਕੁੰਡਲ ਕਰਨ, ਕਰਨ ਕਲ ਕੰਕਨ[1],
ਮਾਲ ਬਿਸਾਲ ਸੁ ਮੋਤੀ ॥੨੧॥

[1]ਕੰਨਾਂ ਵਿਚ ਵਾਲੇ ਹੱਥਾਂ ਵਿਚ ਸੁਹਣੇ ਕੜੇ।

ਜਿਗਾ ਜਟਤਿ ਸ਼ੁਭ ਰਤਨ ਅਨਿਕ ਬਿਧਿ
ਕਲ਼ਗੀ ਝੁਲਤਿ ਉਤੰਗੀ।
ਨਵਰਤਨੇ ਜਨੁ ਮਿਸ ਕਰਿ ਤਨ ਕੋ
ਨਵ ਗ੍ਰਹ ਗੁਰ ਭੁਜ ਸੰਗੀ ॥੨੨॥
ਸਬਜ਼ ਸਰਾਸਨ[1] ਸੁੰਦਰ ਸਾਜਜੋ
ਸੁਵਰਨ ਸੁ ਵਰਨ ਗੋਸ਼ੇ[1]।
ਆਯੁਤ, ਨਿਠੁਰ, ਪੀਨ[1] ਕਰ ਧਰਿ ਕਰਿ
ਤੁਰਕ ਅਰਿਨਿ ਪਰ ਰੋਸੇ ॥੨੩॥
ਕਸਜੋ ਨਿਖੰਗ ਖਤੰਗ ਸੰਗ ਭਰਿ,
ਖਪਰੇ ਖਰੇ ਪੁਲਾਦੀ[1]।
ਤੀਛਨ ਤੀਛਨ ਪੀਨ ਕਾਨ ਜਿਨ
ਬਡੇ ਕਿਤਿਕ ਮਰਜਾਦੀ[1] ॥੨੪॥

[1]ਧਨੁਖ।

[1]ਸਹਣੇ ਰੰਗ ਵਾਲੇ ਸੋਨੇ ਦੇ ਗੋਸ਼ੇ (ਧਨੁਖ ਦੇ)।

[1]ਦੌੜਾ, ਕਠੋਰ ਤੇ ਸੋਟਾ (ਧਨੁਖ)।

[1]ਫੌਲਾਦ ਦੇ ਚੰਗੇ ਤੇ ਦੌੜੇ ਫਲ ਵਾਲੇ ਤੀਰ।

[1]ਤੀਰ ਕਈ ਵੱਡੇ ਹਨ, ਕਈ ਦਰਮਿਆਨੇ ਹਨ (ਪਰ ਹਨ) ਤ੍ਰਿੱਖੇ ਤੇ ਭਜਾਨਕ (ਤੇ) ਕਾਨੀਆਂ ਜਿਨ੍ਹਾਂ ਦੀਆਂ ਮੋਟੀਆਂ ਹਨ।

ਇਕ ਤੋਲਾ ਕੰਚਨ ਇਕ ਸਰ ਕੋ
ਪਰ ਦੀਰਘ ਦਰਸਾਏ।
ਚੰਦ੍ਰਹਾਸ ਦਿਸ਼ਿ ਦੂਸਰ ਦੀਪਤਿ
ਕੰਚਨ ਮੁਸ਼ਟ ਜਰਾਏ ॥੨੫॥
ਕੇਤਿਕ ਬਾਨ ਪਾਨ ਮਹਿਂ ਲੇ ਕਰਿ
ਭੂ ਪਰ ਮੁਖੀ ਟਿਕਾਈ।
ਫੋਕਨਿ ਪਰ ਕਰ ਜੁਤਿ ਸਿਰ ਧਰਿ ਕਰਿ
ਥਿਰ ਤਰੁਵਰ ਤਰ ਥਾਂਈ[1] ॥੨੬॥

[1]ਬਾਗੜਾਂ ਉਤੇ ਹੱਥ ਸਮੇਤ ਸਿਰ ਧਰਕੇ ਬ੍ਰਿੱਛਾ ਦੇ ਤਲੇ ਦੀ ਥਾਵਾਂ ਉਤੇ ਬੈਠੇ।

ਕਰਤਿ ਜੁੱਧ ਕ੍ਰੁੱਧਤਿ ਰਿਪੁ ਬਧਿ ਕਰਿ
ਲਰਤਿ ਸਿੰਘ ਸਭਿ ਮਾਰੇ।
ਤਿਨ ਮਹਿਂ ਤੇ ਬਚਿ ਪੰਚ ਸਿੰਘ ਭਟ
ਆਏ ਚਲੇ ਪਿਛਾਰੇ ॥੨੭॥
ਘਾਵ ਲਗੇ ਬਹੁ ਸ਼੍ਰੋਣਤਿ ਨਿਚੁਰਤਿ
ਭੀਜੇ ਚੀਰ ਸਰੀਰਾ।
ਗੁਰ ਬਲ ਤੇ ਚਲਿ ਦਲ ਖਲ ਦਲਮਲ,
ਖਲਭਲ ਤੇ ਧਰਿ ਧੀਰਾ[1] ॥੨੮॥

[1]ਜਿਨ੍ਹਾਂ ਸਿੰਘਾਂ ਨੇ) ਗੁਰਾਂ ਦੇ ਬਲ ਨਾਲ ਚਲਕੇ (ਖਲ=) ਵੈਰੀ ਦੇ ਦਲ ਨੂੰ ਮਲ ਸੁਟਿਆ ਤੇ ਖਰਬਾਟ ਤੋਂ ਬੀ ਧੀਰਜ ਧਾਰਿਆ ਹੈ।

ਨਮੋ ਕੀਨ ਸਿਰ ਨੰਮ੍ਰੀ ਹੁਇ ਕੈ

ਪੁਨ ਗੁਰ ਫਤੇ ਬੁਲਾਈ।
'ਸ਼੍ਰੀ ਪ੍ਰਭੁ ਸੁਨੋ ਰੋਕਤੇ ਲਸ਼ਕਰ[1]
ਸਿੰਘ ਲਰੇ ਸਮੁਦਾਈ ॥੨੯॥

[1]ਲਸ਼ਕਰ ਨੂੰ ਰੋਕਦਿਆਂ।

ਪੂਰਬ ਉਦੇ ਸਿੰਘ ਰਣ ਕਰਿ ਕੈ
ਹਤੇ ਹਜ਼ਾਰਹੁੰ ਖੋਟੇ।
ਕੁਛ ਸਿੰਘਨਿ ਸਨ ਪ੍ਰਾਨ ਅੰਤ ਭਾ,
ਅਟਕ ਛੁਟੇ ਮਤਿ ਮੋਟੇ[1] ॥੩੦॥

[1]ਮੋਟੀ ਮਤ ਵਾਲਿਆਂ (ਭਾਵ ਤੁਰਕਾਂ) ਦੇ ਅੱਗੋਂ ਜੋ ਅਟਕਾਰਾ ਸੀ ਸੋ ਛੁਟ ਗਿਆ।

ਬਹੁਰ ਅਜੀਤ ਸਿੰਘ ਜੀ ਲਰਿਤੇ
ਸਨੇ ਸਨੇ ਚਲਿ ਆਏ।
ਬੀਸ ਕੋਸ ਲੌ ਬਾਜੀ ਬੀਰਨ
ਪਰੇ ਮਰੇ ਛਿਤ ਛਾਏ ॥੩੧॥
ਤੁਰਕ ਪਹਾਰੀ ਸਿੰਘ ਸੰਗ ਹੀ
ਸ਼੍ਰੋਣਤ ਭੂਮ ਪਸਾਰਾ।
ਲਾਲ ਨਿਹਾਲੀ ਜਨੁ ਵਿਛਾਇ ਕਰਿ
ਪਰਿਗੇ ਸ਼੍ਰਮ ਨਿਰਵਾਰਾ ॥੩੨॥
ਸਗਰੇ ਸਿੰਘ ਜਿ ਗਢ ਤੇ ਨਿਕਸੇ
ਲਰਿ ਲਰਿ ਕਰਿ ਤਨ ਛੋਰਾ।
ਹਮ ਪੰਚਹੁੰ ਅਰਿ ਸਨ ਲਰਿ ਲਰਿ ਕਰਿ
ਪਹੁੰਚੇ ਤੁਮਰੀ ਓਰਾ ॥੩੩॥
ਤੁਰਕ ਪਹਾਰੀ ਲਸ਼ਕਰ ਅਨਗਨ
ਆਵਤਿ ਸਕਲ ਪਿਛਾਰੀ।
ਹਮ ਕੋ ਮਗ ਮਹਿਂ ਮਿਲਯੋ ਜਾਤਿ ਨਰ
ਤਿਨ ਇਸ ਭਾਂਤਿ ਉਚਾਰੀ ॥੩੪॥
ਸ਼ਾਹੁ ਪਠਾ ਦਸ ਲਖ ਦਲ ਅਉਰੈ
ਖ੍ਵਾਜੈ ਮਰਦ ਹਕਾਰਾ।
ਗਹਿਬੇ ਹਿਤ ਸਤਿਗੁਰ ਕੇ ਆਯੋ,
ਭੂਰ ਪਰਾ ਬੰਧ ਲਾਰਾ[1] ॥੩੫॥

[1]ਸਫਾਂ ਬੰਨ੍ਹਕੇ ਬਹੁਤਾ ਤੁੰਮਲ ਆਇਆ।

[1]ਦ਼ਗਾ ਤੁਰਕਪਤਿ ਗਿਰਪਤਿ ਚਿਤਵ੍ਯੋ,

[1]ਰਾਈ ਜਿੰਨਾਂ ਵੀ ਸੱਚ ਨਹੀਂ ਹੈ, ਨੌਰੰਗੇ ਤੇ ਪਹਾੜੀ ਰਾਜਿਆਂ (ਧੀ ਸਹੁੰ ਵਿਚ) ਜਿਨ੍ਹਾਂ ਨੇ ਦ਼ਗਾ ਚਿਤਵਿਆ।

ਮਾਨਹੁਂ ਸਾਚ ਨ ਰਾਈ।
ਘਟਾ ਸਮਾਨ ਬਡੀ ਦੁਹਿਂ ਦਿਸ਼ ਤੇ
ਚਮੂੰ ਚਢੀ ਉਮਡਾਈ ॥੩੬॥

ਜਤਨ ਕਰਨ ਕੋ ਅਵਸਰ ਆਛੋ
ਜਿਸ ਬਿਧਿ ਬਨੈ ਬਨਾਵੋ।
ਬਿਨਾ ਬਿਲਮ ਹੀ ਪਹੁੰਚੇ ਲਖੀਅਹਿ
ਫਿਰ ਨਹਿਂ ਬਨਹਿਂ ਉਪਾਵੋ ॥੩੭॥
ਭਨਜੋਂ ਸੈਨ ਸੋਂ ਤੁਰਤ ਨੁਰੰਗੇ
-ਗੁਰੂ ਨਿਕਟ ਤੁਮ ਜਾਵੋ।
ਮਿਲੈ ਜਿ ਆਵਤਿ ਪੰਥ ਬਿਖੈ ਕਿਤ
ਤਊ ਤੁਰਤ ਗਹਿ ਲਜਾਵੋ- ॥੩੮॥
ਆਪ ਰਹੇ ਕਹਿ ਕਿਨਹੁਂ ਨ ਮਾਨੀ[1]

[1]ਆਪ ਕਹਿ ਰਹੇ ਸਾਓ ਕਿਸੇ ਨੇ ਮੰਨੀ ਨਹੀਂ (ਆਪ ਦੀ ਕਹਿਣੀ)।

ਮ੍ਰਿਤੂ ਸਭਿਨਿ ਨਿਯਰਾਈ।
ਬੰਚਕ ਨਿਪੁਨ[1] ਨੁਰੰਗਾ ਬਾਦੀ,

[1]ਛਲ ਵਿਚ ਪ੍ਰਬੀਨ।

ਕਸਮ ਦਰੋਗਹਿ ਖਾਈ[1] ॥੩੯॥

[1]ਝੂਠੀ ਸਹੁੰ ਖਾਧੀ।

ਸਰਬ ਕਲਾ ਸਮਰਥ ਸਭਿ ਬਿਧਿ ਹਥ
ਚਹਹੁ ਕਰਹੁ ਪ੍ਰਭੁ ਭਾਰੀ।
ਹਮ ਅਲਪੱਗਜ ਕਹਾਂ ਗਤਿ ਜਾਨਹਿਂ
ਭੂਤ ਭਵਿਖ ਉਰਧਾਰੀ' ॥੪੦॥
ਇਮ ਸੁਨਿ ਕੈ ਕਲਗ਼ੀਧਰ ਚਿਤਵਤਿ
-ਸ਼ਾਹੁ ਨੁਰੰਗਾ ਦ੍ਰੋਹੀ।
ਸ਼ੱਤ੍ਰੁ ਅਹੈ ਅਰੁ ਗਿਰਪਤਿ ਸਗਰੇ
ਕੂੜ ਮਿਲੇ ਸਭਿ ਧ੍ਰੋਹੀ- ॥੪੧॥
ਸਿੰਘਨ ਦਿਸ਼ ਬਿਲੋਕਿ ਪ੍ਰਭੁ ਬੋਲੇ
'ਦੇਖਹੁ ਗ੍ਰਾਮ ਮਝਾਰੀ।
ਕਾਚ ਹਵੇਲੀ ਦੀਰਘ ਕੀਨਸਿ
ਊਚੇ ਥਾਨ ਉਸਾਰੀ ॥੪੨॥
ਕਾਚੀ ਗੜ੍ਹੀ ਅਟਾਰੀ ਦੀਖਤਿ
ਜੁਗ ਛਾਤਨ ਕੀ ਹੋਵੈ।
ਇਸ ਕੋ ਮਾਲਕ ਪੰਚ[1] ਜਾਟ ਕੋ

[1]ਲੰਬਰਦਾਰ।

ਤਿਹ ਆਨਹੁ ਹਮ ਜੋਵੈਂ' ॥੪੩॥
ਸੁਨਿ ਕਰਿ ਪੰਚ ਸਿੰਘ ਤਬਿ ਉਠਿ ਕਰਿ
ਗਮਨੇ ਗ੍ਰਾਮ ਮਝਾਰਾ।
ਹੁਤੋ ਅਥਾਈ[1] ਕੇ ਵਿਚ ਬੈਠਜੋ

[1]ਪਿੰਡਾਂ ਦੀ ਉਹ ਥਾਂ ਜਿਥੇ ਬੈਠਕੇ ਲੋਕੀ ਸਲਾਹਾਂ ਤੇ ਪੰਚੇਤਾਂ ਕਰਦੇ ਹਨ, ਸੱਥ।

ਤੂਰਨ ਜਾਇ ਨਿਹਾਰਾ ॥੪੪॥
'ਜ਼ਿਮੀਦਾਰ ਤੂੰ ਪੰਚ ਗ੍ਰਾਮ ਕੋ
ਗੁਰੂ ਹਕਾਰਨਿ ਕੀਨੋ।
ਉਪਬਨ ਮਹਿਂ ਉਤਰੇ ਕਰੁਨਾਨਿਧਿ
ਚਲੀਅਹਿ ਬਿਲਮ ਬਿਹੀਨੋ' ॥੪੫॥
ਸੁਨਿ ਰਾਹਕ ਹਿਤ ਟਾਰ ਕਰਨਿ ਕੋ
ਸਿੰਘਨਿ ਸੰਗ ਬਖਾਨਾ।
'ਨਹਿਂ ਅਕੋਰ ਕੁਛ ਮੋਰ ਸਮੀਪਹਿ
ਰਿਕਤ ਪਾਨ ਨਹਿਂ ਜਾਨਾ' ॥੪੬॥
ਏਕ ਸਿੰਘ ਸੁਨਿ ਤੂਰਨ ਆਯੋ
ਪ੍ਰਭੁ ਕੇ ਸਾਥ ਉਚਾਰਾ।
'-ਤਜਾਰ ਉਪਾਇਨ ਅਬਿ ਕਿਛ ਨਾਹਿਨ
ਰਿਕਤ ਪਾਨ- ਕਹਿ ਟਾਰਾ[1]' ॥੪੭॥

[1]ਟਾਲਾ ਕਰ ਦਿਤਾ ਹੈ।

ਦਯਾਸਿੰਘ ਦੀਨਾਰ ਪੰਚ ਦੇ
ਤੂਰਨ ਸਿੰਘ ਪਠਾਯੋ।
ਦਈ ਚੌਧਰੀ ਕੇ ਤਬਿ ਕਰ ਮਹਿਂ
ਲੇ ਕਰਿ ਸੋ ਉਠਿ ਆਯੋ ॥੪੮॥
ਉਪਬਨ ਮਹਿਂ ਕਰਿ ਸਤਿਗੁਰ ਦਰਸ਼ਨ
ਧਰਿ ਦੀਨਾਰ ਅਗਾਰੀ।
ਬੰਦਨ ਪਦ ਅਰਬਿੰਦਨ ਪਰ ਕਰਿ
ਬੈਠੜੋ ਸ਼ੰਕਾ ਧਾਰੀ ॥੪੯॥
ਨਹਿਂ, ਸਮਝੜੋ ਘਰ ਲੈਨ, ਪੇਚ ਕੋ
ਜੜ ਹ੍ਵੈ ਸਨਮੁਖਿ ਦੇਖੈ[1]।

[1](ਉਹ) ਸਮਝਦਾ ਸੀ ਕਿ ਘਰ ਲੈਣਗੇ ਪਰ (ਉਸ ਨੂੰ ਕੋਈ) ਪੇਚ (ਛਲ) ਸੁੱਝਦਾ ਨਹੀਂ ਸੀ (ਕਿ ਜਿਸ ਨਾਲ ਨਾ ਦੇਵੇ, ਇਸ ਲਈ) ਜੜ ਹੋਕੇ ਸਾਹਮਣੇ (ਬਿਤਰ ਬਿਤਰ) ਤੱਕਦਾ ਸੀ। (ਅੰਕ ੫੨, ੫੭ ਵਿਚੋਂ ਇਹ ਅਰਥ ਸਪਸ਼ਟ ਹੋ ਜਾਂਦਾ ਹੈ ਕਿ ਛਲ ਫ੍ਰੇਬ ਰਾਹਕ ਦੇ ਜੀ ਵਿਚ ਫੁਰ ਰਿਹਾ ਸੀ)।

ਬੂਝੀ ਕੁਸ਼ਲ ਪ੍ਰਭੂ ਨੇ ਪੂਰਬ,
ਭਾਖੀ ਸ਼੍ਰੇਯ ਵਿਸ਼ੇਖੈ ॥੫੦॥
ਸਤਿਗੁਰ ਕਹਜੋ 'ਕਿਲਾ ਜਸ ਤੇਰੋ
ਸੋ ਹਮ ਕੋ ਦਿਖਰਾਵੋ।
ਕਿਸ ਪ੍ਰਕਾਰ ਕੋ ਰਚਜੋ ਪ੍ਰਕਾਰਾ[1]
ਪੌਰ ਠੌਰ ਦਿਢ ਗਾਵੋ' ॥੫੧॥

[1]ਫਸੀਲ। [ਸੰਸ:, ਪ੍ਰਕਾਰ=ਗਿਰਦੇ ਦੀ ਕੰਧ]।

ਸੁਨਤਿ ਜਾਟ ਹਹਿਰਯੋ[1] ਉਰ ਦੀਰਘ
ਜਤਨ ਨ ਪਾਇ ਬਿਚਾਰੇ।
-ਲਾਖਹੁਂ ਸ਼ੱਤ੍ਰੂ ਗੈਲ ਮਹਿਂ ਇਨ ਕੇ-
ਜਾਨਿ ਫਰੇਬ ਉਚਾਰੈ[1] ॥੫੨॥

[1]ਕੰਬ ਗਿਆ।
[1]ਜਾਣਕੇ ਫ੍ਰੇਬ ਦੀ ਗਲ ਕਹਿਣ ਲੱਗਾ।

'ਮਹਾਂਰਾਜ ! ਏ ਦੁਰਗ ਨ ਜਾਨਹੁ
ਬਸਿਬੇ ਕੋ ਘਰ ਕੀਨਾ।
ਬੁਰਜ ਨ ਮੁਰਚਾ ਪੌਰ ਨ ਗਾਢੋ
ਪਰਖਾ ਦੀਰਘ ਹੀਨਾ[1] ॥੫੩॥

[1]ਖਾਈ ਵੱਡੀ ਨਹੀਂ ਹੈ [ਸੰਸ:, ਪਰਿਖਾ]।

ਏਕ ਅਟਾਰੀ ਏਹ ਜੁ ਦੀਖਤਿ
ਕਾਮ ਨ ਲਰਿਬੇ ਕੇਰੀ[1]।
ਦੁਇ ਤ੍ਰੈ ਘਰ ਜਾਟਨ ਕੇ ਅੰਤਰ
ਬਾਂਟੀ ਭ੍ਰਾਂਤ ਨਿਬੇਰੀ[1] ॥੫੪॥

[1]ਲੜਨ ਦੇ ਕੰਮ ਦੀ ਨਹੀਂ।
[1]ਭ੍ਰਾਵਾਂ ਨੇ ਵੰਡਕੇ ਨਿਬੇੜ ਛੱਡੀ ਹੈ।

ਪੁੰਜ ਤ੍ਰਿਯਨ ਕੋ ਪਰਦਾ ਰਾਖੈਂ
ਬਸੈਂ ਇਸੀ ਕੇ ਮਾਂਹੀ।
ਨਾਂਹਿ ਤ ਮੈਂ ਤੁਮ ਕੋ ਲੇ ਚਾਲਤਿ
ਪਿਖਨ ਅਟਕ ਕਿਛ ਨਾਂਹੀ ॥੫੫॥

ਬਹੁ ਭ੍ਰਾਤਨ ਕੋ[1] ਸਾਂਝਾ ਘਰ ਹੈ
ਪ੍ਰਵਿਸ਼ ਨ ਪੁਰਖ ਬਿਰਾਨਾ[1]।
ਬਡੇ ਹਮਾਰੇ ਹੇਤੁ ਮ੍ਰਜਾਦਾ
ਪ੍ਰਥਮੈ ਨੇਮ ਬਖਾਨਾ[1] ॥੫੬॥

[1]ਭ੍ਰਾਵਾਂ ਦਾ।
[1]ਬਿਗਾਨਾ ਪੁਰਖ ਪ੍ਰਵੇਸ਼ ਨਹੀਂ ਕਰ ਸਕਦਾ।
[1]ਨੇਮ ਕਿਹਾ ਹੈ (ਕਿ ਓਪਰੇ ਆਦਮੀ ਨੂੰ ਅੰਦਰ ਨਹੀਂ ਵੜਨ ਦੇਣਾ)।

ਲਰਿਬੇ ਉਚਿਤ ਹੁਤੋ ਜੇ ਗਢ ਇਹ
ਚਿੰਤਾ ਹੋਤਿ ਨ ਕੋਈ।
ਤੁਮ ਤੇ ਆਛੋ ਅਪਰ ਕੌਨ ਹੁਇ
ਜਿਸ ਹਿਤ ਰਾਖਤਿ ਗੋਈ[1]' ॥੫੭॥

[1]ਛਪਾਕੇ।

ਮਹਾਂ ਚਤੁਰ ਸਤਿਗੁਰ ਨਿਧਿ ਬੁਧਿ ਕੇ
ਲਖਿ ਫਰੇਬ ਹੁਇ ਠਾਢੇ।
ਸਿੰਘਨ ਤੇ ਪਕਰਾਇ ਜਾਟ ਕੋ
'ਨਹਿਂ ਛੂਟਹਿ, ਗਢ ਗਾਢੇ[1]†' ॥੫੮॥

[1]ਛੁੱਟ ਨਾ ਜਾਵੇ ਪੱਕੀ ਗੰਢ ਦੇ ਲਓ ਭਾਵ ਬੰਨ੍ਹ ਲਓ। [ਗਢ=ਗੰਢ। ਗਾਢੋ=ਪੱਕੀ]। †ਗੁਰ ਸ਼ੋਭਾ ਵਿਚ ਜੱਟ ਦਾ ਇਨਕਾਰ ਤੇ ਉਸ ਨੂੰ ਪਕੜਨਾ ਨਹੀਂ ਲਿਖਿਆ ਓਥੇ ਜੱਟ ਨੇ ਆਪੇ ਗੜ੍ਹੀ ਦੇ ਦੇਣੀ ਲਿਖੀ ਹੈ। 'ਗੁਰ ਸ਼ੋਭਾ' ਸੂ: ਪ੍ਰ: ਗੁਰ ਬਿਲਾਸ ਆਦਿਕਾਂ ਤੋਂ ਪੁਰਾਤਣ ਹੈ। ਓਥੇ ਐਉਂ ਲਿਖਿਆ ਹੈ:-ਖਬਰ ਸੁਣੀ ਜ਼ਿਮੀਂਦਾਰ ਨੇ ਮੱਧ ਬਸੇ ਚਮਕੌਰ। ਸੁਨਤ ਬਚਨ ਤਤਕਾਲ ਹੀ ਵਹੁ ਆਯੋ ਉਠ ਦਉਰ। ਹਾਥ ਜੋਰਿ ਐਸੇ ਕਹਯੋ ਬਿਨਤੀ ਸੁਣੋ ਕਰਤਾਰ। ਬਸੋ ਮੱਧ

ਚਮਕੌਰ ਕੇ ਆਪਣੀ ਕਿਰਪਾ ਧਾਰਿ। ਤਬ ਸੁਆਰ ਸਾਹਿਬ ਭਏ ਛਾਡਿ ਬਾਗ ਕੋ ਠਉਰ। ਸਿੰਘ ਸਾਥ ਸਬਿ ਹੀ ਲੀਏ ਆਇ ਬਸੇ ਚਮਕਊਰ ॥ ੭ ॥ ੪੭੯ ॥

ਸੰਗ ਸ਼ੀਘ੍ਰਤਾ ਚੜੇ ਤੁਰੰਗਮ
ਚਲੇ ਗ੍ਰਾਮ ਕੋ ਆਏ।
ਦੁਰਬਲ ਜਾਟ ਪਿਖ੍ਯੋ ਇਕ
ਆਗੇ ਤਿਹ ਸੋਂ ਪ੍ਰਭੂ ਅਲਾਏ ॥ ੫੯ ॥
'ਕਹਾਂ ਦੁਰਗ ਕੋ ਪੌਰ ਬਤਾਵਹੁ
ਚਲਿ ਆਗੇ ਖੁਲ੍ਹਵਾਵਹੁ।
ਹੇਰਨ ਹੇਤ ਹਮਹੁ ਨੇ ਬਰਨ੍ਯੋ[1]
ਸਕਲ ਭੇਤ ਸਮੁਝਾਵਹੁ' ॥ ੬੦ ॥
ਹਾਥ ਜੋਰਿ ਬੋਲ੍ਯੋ 'ਸੁਨਿ ਪ੍ਰਭੁ ਜੀ !
ਮੈਂ ਮਾਲਕ ਅਧਿ ਕੇਰੋ।
ਘਰ ਦਾਰਿਦ ਸਭਿ ਗੁਜਰ ਤੰਗ ਹੈ
ਵਧ੍ਯੋ ਸ਼ਰੀਕਾ ਮੇਰੋ ॥ ੬੧ ॥
ਜੇ ਕੁਛ ਦਰਬ ਦੇਹੁ ਅਬਿ ਮੋ ਕੌ
ਗਢ ਦੈਹੌਂ ਤੁਮ ਤਾਂਈ।
ਜੇ ਖੋਲਹਿ ਨਹੀਂ ਭ੍ਰਾਤ ਕਿਵਾਰਾ
ਥਿਰ ਅੰਤਰ ਦਿਢਤਾਈ[1] ॥ ੬੨ ॥
ਮਮ ਘਰ ਮਹਿਂ ਇਕ ਅਲਪ ਦ੍ਵਾਰ ਹੈ
ਤਹਿਂ ਕੋ ਕਰੋ ਪ੍ਰਵੇਸ਼ਾ।
ਭੀਤਰ ਹ੍ਵੈ ਤੁਮ ਪਿਖਿ ਕਰਿ ਲਾਯਕ
ਚਹਹੁ ਕਰਹੁ ਕ੍ਰਿਤ ਤੈਸਾ[†]' ॥ ੬੩ ॥

ਸੁਨਿ ਸ਼੍ਰੀ ਪ੍ਰਭੁ ਤਰਗਸ[1] ਤੇ ਬਾਹਰ
ਮੁਹਰ ਪਚਾਸ ਨਿਕਾਰੀ।
ਦੁਰਬਲ ਜ਼ਿਮੀਂਦਾਰ ਕਰ ਦੀਨਸਿ
ਹਰਖਤਿ ਚਲ੍ਯੋ ਅਗਾਰੀ ॥ ੬੪ ॥
ਗਏ ਪੌਰ ਕੀ ਠੌਰ ਨਿਹਾਰੀ
ਅਪਰ ਸਕਲ ਤਕਰਾਈ।
ਕਰੇ ਕਿਵਾਰ ਅਸੰਜਤਿ ਗਾਢੇ
ਹੁਇ ਅੰਤਰ ਦਿਢਤਾਈ ॥ ੬੫ ॥
ਰਹ੍ਯੋ ਖੁਲਾਇ ਜਾਟ ਜੋ ਦੁਰਬਲ
ਅੰਤਰ ਕੇ ਨਹਿਂ ਮਾਨੈਂ।

[1]ਕਿਹਾ ਹੈ।

[1]ਅੰਦਰ ਤਕੜਾਈ ਕਰਕੇ ਠਹਿਰਨਗੇ।

[†]ਇਹ ਆਦਮੀ ਗੜ੍ਹੀ ਦੇ ਮਾਲਕਾਂ ਵਿਚੋਂ ਹੈ ਪਰ ਹੇ ਜ਼ਰਾ ਗ਼ਰੀਬ।

[1]ਭੱਥੇ ਵਿਚੋਂ।

ਸਿੰਘਨਿ ਭਨਯੋ 'ਹਨੌਂ ਇਹ ਮਾਲਕ
ਪਕਰਯੋ ਲੇਹੁ ਪਛਾਨੈਂ[1]' ॥੬੬॥

[1]'ਇਹ ਜੋ ਫੜਿਆ ਹੋਇਆ ਹੈ ਮਾਲਕ ਅਸੀਂ ਮਾਰ ਦਿਆਂਗੇ ਇਹ ਪਛਾਣ ਲਓ।

[1] 'ਪਕਰਹੁ ਮਾਰਹੁ[2] ਤਊ ਨ ਖੋਲਹਿਂ,
ਲੁਟ ਜੈ ਹੈ ਸਭਿ ਗ੍ਰਾਮਾ।
ਲਾਖਹੁਂ ਲਸ਼ਕਰ ਬੈਰੀ ਤੁਮਰੋ
ਨਾਸ਼ ਹੋਹਿ ਮਮ ਧਾਮਾ' ॥੬੭॥

[1]ਅੰਦਰਲੀਆਂ ਨੇ ਕਿਹਾ। [2]ਚਾਹੋ ਫੜੋ ਚਾਹੋ ਮਾਰੋ।

ਅਪਨੇ ਸਦਨ ਦਿਸ਼ਾ ਤਬਿ ਗਮਨਯੋਂ
ਕਹਿ ਤਾਕੀ ਖੁਲ੍ਹਿਵਾਈ।
ਪ੍ਰਥਮ ਜਾਟ ਬਰ ਸੰਗ ਬਰੇ ਗੁਰ,
ਤਜਿ ਤੁਰੰਗ ਤਿਸ ਥਾਈ ॥੬੮॥
ਪੰਚ ਸਿੰਘ ਪੁਨ ਤਜਿ ਤਜਿ ਹਯ ਕੋ
ਅੰਤਰ ਭਏ ਪ੍ਰਵੇਸ਼ਾ।
ਖੋਲਿ ਪੌਰ ਕੋ ਸਿੰਘ ਬਰੇ ਤਬਿ
ਦਈ ਸਜ਼ਾਇ ਵਿਸ਼ੇਸ਼ਾ[1]† ॥੬੯॥

[1]ਭਾਵ ਸਜ਼ਾ ਦਾ ਡਰ ਦੇਕੇ। †ਗੁਰ ਸ਼ੋਭਾ ਦੇ ਲਿਖੇ ਮੂਜਬ ਏਹ ਸਭ ਗ਼ਲਤ ਹੈ। ਦੇਖੋ ਪਿਛਲੇ ਸਫੇ ਦੇ ਹੇਠਲੀ ਟੂਕ।

ਦਏ ਨਿਕਾਰ ਵਹਿਰ ਨਰ ਤ੍ਰਿਯ ਸਭਿ
ਕਹਿ ਕਰਿ ਬਡ ਦੇ ਤ੍ਰਾਸਾ।
ਲਰਨ ਸਮੱਗ੍ਰੀ ਅੰਤਰ ਲੇ ਗਨ
ਦ੍ਰਿਢ ਕੀਨੋ ਚਹੁਂ ਪਾਸਾ ॥੭੦॥
ਕਰੀ ਮੋਰਚਾਬੰਦੀ ਤਤਛਿਨ
ਬਾਹੀ ਪੌਰ ਅਟਾਰੀ[1]।
ਚਹਯੋ ਜੁ ਅੰਤਰ ਸੰਚਨ ਕਰਿ ਕੈ
ਬੈਠੇ ਗੁਰ ਭਟ ਭਾਰੀ ॥੭੧॥

[1]ਅਟਾਰੀ ਤੇ ਦਰਵਾਜ਼ੇ ਦੀ ਬਾਹੀ ਵੱਲ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰੁਤੇ 'ਚਮਕੌਰ ਆਗਵਨ' ਪ੍ਰਸੰਗ ਬਰਨਨੰ ਨਾਮ ਚਤੁਰ ਤ੍ਰਿੰਸਤੀ ਅੰਸੂ ॥੩੪॥

੩੫. [ਚਮਕੌਰ ਵਿੱਚ ਸਾਵਧਾਨੀ]

੩੪<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੬

ਦੋਹਰਾ:

ਸ੍ਰੀ ਸਤਿਗੁਰ ਕਰਿ ਕਾਇਮੀ, ਥਿਰੇ ਦੁਰਗ ਕੇ ਮਾਂਹਿ।
ਪੀਛੇ ਲਸ਼ਕਰ ਸ਼ੱਤ੍ਰ ਕੋ, ਖੋਜਤਿ ਪ੍ਰਾਪਤ ਨਾਂਹਿ[1] ॥੧॥ [1]ਗੁਰੂ ਜੀ) ਲੱਭਦੇ ਨਹੀਂ।

ਲਲਿਤਪਦ ਛੰਦ:

ਕੇਚਿਤ ਕਹੈਂ 'ਗੁਰੂ ਰਣ ਜੂਝੇ
ਬਹੁਤੇ ਬਾਨ ਪ੍ਰਹਾਰੇ।
ਅਰਜੋ ਰਹਜੋ ਕਰਿ ਜੁੱਧ ਬਡੇਰਾ
ਬ੍ਰਿੰਦਹਿ ਬੀਰ ਬਿਦਾਰੇ' ॥੨॥
ਕੇਚਿਤ ਕਹੈਂ 'ਅੱਗ੍ਰ ਹੀ ਗਮਨਜੋਂ
ਖੋਜ ਤੁਰੰਗ ਨਿਹਾਰੋ।
ਨਹਿਂ ਮਰਿਬੇ ਮਹਿਂ ਰਣ ਤੇ ਆਵਤਿ
ਕਰਾਮਾਤਿ ਅਤਿ ਭਾਰੋ ॥੩॥
ਤਮ ਮਹਿਂ ਲਰਤੇ ਕਛੂ ਨ ਸੁਝਜੋ
ਕੋ ਬਚ ਕੋ ਲਰਿ ਮਾਰਾ[1]। [1]ਕੌਣ ਬਚਿਆ ਤੇ ਕੌਣ ਲੜ ਕੇ ਮਾਰਿਆ ਗਿਆ ਹੈ।
ਮਰੇ ਹਜ਼ਾਰਹੁਂ ਬੀਰ ਤੁਰੰਗਮ
ਪਰਜੋ ਖੇਤ ਰਣ ਭਾਰਾ' ॥੪॥
ਇੱਤਜਾਦਿਕ ਮਿਲਿ ਨਿਰਣੈ ਕਰਿ ਕਰਿ
-ਕਿਤ ਗਮਨੇ? -ਨਹਿਂ ਸੂਝੈ।
ਆਗੇ ਤੇ ਪਾਛੇ ਤੇ ਆਵਤਿ
ਸਤਿਗੁਰ ਕੀ ਸੁਧਿ ਬੂਝੈਂ[1] ॥੫॥ [1]ਅੱਗੋਂ ਪਿਛੋਂ ਆਉਂਦਿਆਂ ਤੋਂ ਸਤਿਗੁਰਾਂ ਦਾ ਪਤਾ ਪੁੱਛਦੇ ਹਨ।

ਨਿਸ ਮਹਿਂ ਤਿਮਰ ਪਰਸਪਰ ਲਰਿ ਮਰਿ
ਘਾਇਲ ਤੁਰਕ ਪਹਾਰੀ।
ਸੁਰਤ ਸੰਭਾਰਿ ਸੰਭਾਰਿ ਪਰੇ ਮਗ
ਤ੍ਰਾਸ ਕਰੈਂ ਉਰ ਭਾਰੀ ॥੬॥
ਜੇ ਅਨੰਦਪੁਰਿ ਕੀ ਬਡ ਸੈਨਾ
ਰੋਪਰ ਲਰਿ ਲਰਿ ਹਾਰੇ।
ਤਿਨ ਤੇ ਛੂਟਜੋ ਸੰਗ ਗੁਰ ਕੇਰਾ
ਪਚਿ ਪਚਿ ਝਖੇ ਗਵਾਰੇ ॥੭॥
ਦਿੱਲੀ ਤੇ ਜੋ ਦਸ ਲਖ ਪਹੁੰਚੀ
ਤਿਨਹੁਂ ਗੁਰੂ ਸੁਧਿ ਪਾਈ।

'ਨਿਕਸਿ ਆਨੰਦ ਪੁਰਿ ਤੇ ਬਹੁ ਜੂਝੇ
ਰਹੀ ਚਮੂੰ ਪਿਛਵਾਈ ॥੮॥
ਨਾਮ ਗ੍ਰਾਮ ਚਮਕੌਰ ਤੁੰਗ ਥਲ
ਆਇ ਸੁ ਕਾਇਮ ਕੀਨਾ।'
ਦਈ ਸਕਲ ਸੁਧਿ ਗਯੋ ਜਾਟ ਇਕ
'ਹਮ ਕੋ ਗੁਰ ਗਹਿ ਲੀਨਾ ॥੯॥
ਦੈ ਸਜਾਇ ਘਰ ਛੀਨ ਸੁ ਲੀਨਾ
ਆਪ ਬਰਜੋ ਬਿਚ ਆਈ।
ਚਾਲੀ ਕੈ ਪਚਾਸ ਸੰਗ ਭਟ ਹੈਂ
ਅਪਰ ਮਰੇ ਸਮੁਦਾਈ ॥੧੦॥
ਨਰ ਦਾਰਾ ਜੇ ਸਦਨ ਮਝਾਰਾ
ਦਏ ਕਾਢਿ ਬਰਿਆਈ।
ਭਯੋ ਪ੍ਰਵੇਸ਼ ਆਪ ਗਢ ਲਖਿ ਕਰਿ
ਹ੍ਵੈ ਨਹਿਂ ਸਕਹਿ ਲਰਾਈ ॥੧੧॥
ਨਹਿਂ ਮੁਰਚਾ, ਨਹਿਂ ਪਰਖਾ[1] ਦੀਰਘ,
ਪੌਰ ਠੌਰ ਨਹਿਂ ਗਾਢੀ।
ਗਮਨਤਿ ਮਾਰਗ ਪਿਖਿ ਪ੍ਰਵੇਸ਼ ਭਾ
ਚਲਹੁ ਆਪ ਲਿਹੁ ਕਾਢੀ' ॥੧੨॥
ਸੁਨੇ ਤੁਰਕ ਤਬਿ ਹਯਨਿ ਧਵਾਏ
ਗਨ ਧੌਂਸੇ ਧੁੰਕਾਰੇ।
ਉਡੀ ਧੂਰ ਅਸਮਾਨ ਗਯੋ ਭਰਿ
ਬਡੋ ਅੰਧੇਰ ਗੁਬਾਰੇ ॥੧੩॥
ਛਾਦ ਲੀਨ ਸੂਰਜ ਕੋ ਸਾਰੇ
ਹਾਥ ਪਸਰ ਨ ਦੀਖੇ।
ਚਲੀ ਆਇ ਚਮਕੌਰ ਚਮੂੰ ਸਭਿ
ਉਛਲਿ ਸਮੁੰਦ੍ਰ ਸਰੀਖੇ ॥੧੪॥

[1]ਖਾਈ।

ਸ੍ਵੈਯਾ:
ਜੇ ਤੁਰਕਾਨ ਬਿਖੈ ਸਰਦਾਰ
ਕਹੌਂ ਤਿਨ ਨਾਮ ਸੁਨੋ ਸਮੁਦਾਈ।
-ਨਾਹਰਖ਼ਾਂ ਭਟ, ਗੈਰਤਖ਼ਾਂ ਪੁਨ,
ਖ਼ਾਨ ਪੁਲਾਦ ਨੇ ਬਾਗ ਉਠਾਈ।
ਖ਼ਾਂ ਇਸਮਾਇਲ, ਖ਼ਾਨ ਬਹਾਦਰ,

ਖ਼ਾਂ ਅਸਮਾਨ ਅਯੋ ਢਿਗ ਧਾਈ।
ਖ਼ਾਂ ਸੁਲਤਾਨ, ਜਹਾਂਨਖ਼ਾਂ ਬੀਰ
ਪਠਾਨਨ ਭੀਰ ਗਨੀ ਕਿਮ ਜਾਈ ॥੧੫॥

ਕਬਿੱਤ:

ਮੀਆਂ ਖ਼ਾਨ, ਭੂਰੇਖ਼ਾਨ, ਸੈਦਖ਼ਾਨ, ਨੂਰੇਖ਼ਾਨ,
ਫੂਲਖ਼ਾਨ, ਗੁਲਖ਼ਾਂ, ਹੁਸੈਨਖ਼ਾਨ ਧਾਯੋ ਹੈ।
ਬਲੀ ਬੇਗ ਮੁਗ਼ਲ ਕਮਾਨ ਗਹਿ ਬੇਗ ਜੁਤਿ
ਅਪਰ ਖ਼ਲੀਲਖ਼ਾਨ ਦਲ ਉਮਡਾਯੋ ਹੈ।
ਮਿਰਜ਼ਾ ਹਯਾਤਬੇਗ, ਸੈਨਾ ਸੋਂ ਕਮਰਬੇਗ,
ਸੱਯਦ ਮਹਿਮੂਦ ਅਲੀ ਯੌਂ ਸ਼ਿਤਾਬ ਆਯੋ ਹੈ।
ਬੀਰ ਬੇਗ ਜਾਫਰ ਇਮਾਨ ਹਾਨਿ ਕਾਫਰ ਭੇ
ਕਸਮ ਕੁਰਾਨ ਕੀ ਕੁਫਰ ਕਹਿਵਾਯੋ ਹੈ ॥੧੬॥

ਕੇਊ ਰੰਗ ਕਾਰੇਂ ਹੈਂ, ਕਰੂਪ ਹੀ ਸੁਧਾਰੇ ਸਾਰੇ,
ਕੇਊ ਰੰਗ ਭੂਰੇ ਜੰਗ ਸੂਰੇ ਜਗ ਜਾਨੀਐ।
ਪਸ਼ਤੋ ਬਕਨ ਹਾਰੇ, ਉਜ਼ਬਕ ਭਾਰੇ ਭਾਰੇ[1],
ਕਾਬਲੀ ਕੰਧਾਰੀ, ਦਾਉਜ਼ਈ[1] ਕੋ ਬਖਾਨੀਐ।
ਹਬਸ਼ੀ, ਪਸ਼ੌਰੀ, ਕੇਊ ਬਲਖ ਬੁਖਾਰੀ ਹੁਤੇ,
ਰੂਸੀ, ਗਨ ਰੂਮੀ, ਗ੍ਰਿਹ ਗਜ਼ਨੀ ਪ੍ਰਮਾਨੀਐ।
ਕੇਊ ਢੱਠੇ, ਭੱਖਰੀ[1], ਇਰਾਨੀ ਔ ਅਰੇਵੀ[2] ਮਿਲਿ
ਕੇਊ ਕਸ਼ਮੀਰੀ[†] ਜਿਨ ਬੋਲ ਨ ਪਛਾਨੀਐ ॥੧੭॥

ਆਈ ਦਸ ਲਾਖ ਜਬਿ ਪੀਛੇ ਕੀ ਜੁ ਸੈਨਾ ਸਭਿ

[1]ਤੁਰਕਾਂ ਦੀ ਕੌਮ ਦਾ ਨਾਮ ਹੈ ਜੋ ਬੜੇ ਕੱਦਾਵਾਰ ਤੇ ਉਜੱਡ ਹੁੰਦੇ ਹਨ। ਪੰਜਾਬੀ ਵਿਚ ਉਜ਼ਬਕ ਉਜੱਡ ਨੂੰ ਕਹਿੰਦੇ ਹਨ। [ਤੁ:, ਉਜ਼ਬਕ]।

[1]ਦਾਊਦ ਜ਼ਈ।

[1]ਠਟਾ ਤੇ ਭੱਖਰ ਸਿੰਧ ਵਿਚ ਹੈਨ, ਇਕ ਭੱਖਰ ਪੰਜਾਬ ਦੇ ਪੱਛੋਂ ਵਿਚ ਬੀ ਹੈ। [2]ਅਰਬੀ।

[†]ਬਾਰਬਰਦਾਰੀ ਵਿੱਚ ਕਸ਼ਮੀਰੀ ਭਾਵੇਂ ਹੋਣ ਜੰਗੀ ਤਾਂ ਕਸ਼ਮੀਰੀ ਕਦੇ ਨਹੀਂ ਹੋਏ।

[†]ਗੁ: ਪ੍ਰ: ਸੂਰਜ ਦੇ ਛਾਪੇ ਦੇ ਨੁਸਖੇ ਵਿਚ ਇਸ ਥਾਵੇਂ ਇਕ ਟੂਕ ਭਾਈ ਸੰਤ ਸਿੰਘ ਜੀ ਸੰਬੰਧੀ ਹੇਠਾਂ ਦਿੱਤੀ ਹੈ:– 'ਸੰਤ ਸਿੰਘ ਅਰੋੜਾ ਮਾਝੇ ਦੇਸ ਪੱਟੀ ਨਗਰ ਦਾ ਨਿਵਾਸੀ ਸੀ ਇਸ ਦੇ ਪੁੱਤ੍ਰ ਹਾੜਾ ਸਿੰਘ ਨੂੰ ਹੁਕਮਨਾਮਾ ਬਖਸ਼ੀਸ਼ ਹੋਇਆ, ਜੋ ਹੁਣ ਤੱਕ ਤਿਸਦੀ ਸੰਤਾਨ ਪਾਸ ਹੈ।' ਹੋਰ ਖੋਜ ਇਸ ਸੰਬੰਧੀ ਇਹ ਹੈ ਕਿ ਹਾੜਾ ਸਿੰਘ ਪਸ਼ੌਰ ਜਾ ਵਸਿਆ ਸੀ, ਓਥੇ ਇਹ ਹੁਕਮਨਾਮਾ ਹੈ ਜੋ ਹੁਣ ਮਾਈ ਬੁਤਕੀ ਪਾਸ ਹੈ, ਘਰ ਭਾ: ਉਤਮ ਸਿੰਘ ਦਾ ਹੈ, ਕੂਚਾ ਭਾਈਆਂ, ਮਹੱਲਾ ਗੰਜ। ਅਸਾਂ ਨੇ ਇਸ ਹੁਕਮਨਾਮੇ ਦੇ ਦਰਸ਼ਨ ਕੀਤੇ ਹਨ, ਇਸ ਤੋਂ ਤਾਂ ਪਤਾ ਭਾ: ਸੰਤ ਸਿੰਘ ਜੀ ਦਾ ਹੀ ਚਲਦਾ ਹੈ, ਪਰ ਵਿਚਾਰ ਇਹ ਹੈ ਕਿ ਭਾ: ਸੰਤ ਸਿੰਘ ਚਾਹੋ ਅਰੋੜ ਬੰਸੀ ਸੀ ਚਾਹੋ ਖੱਤ੍ਰੀ ਬੰਸੀ, ਚਾਹੋ ਕਲਗ਼ੀ ਜਿਗਾ ਭਾਈ ਸੰਤ ਸਿੰਘ ਦੇ ਲੱਗੀ ਤੇ ਚਾਹੋ ਭਾ: ਸੰਗਤ ਸਿੰਘ ਦੇ, ਜੋ ਕੁਛ ਕੀਤਾ ਗਿਆ ਖਾਲਸੇ ਦੀ ਹੈਸੀਅਤ ਵਿਚ ਖਾਲਸੇ ਪ੍ਰਤੀ, ਹੋਯਾ। ਜਾਤ ਭੇਦ, ਦੇਸ਼ ਭੇਦ ਤਾਂ ਖਾਲਸੇ ਵਿਚ ਸਤਿਗੁਰੂ ਜੀ ਨੇ ਮੇਟ ਦਿੱਤਾ ਸੀ। ਸੋ ਦੁਇ ਸਾਹਿਬ ਭਾਈ ਸੰਤ ਸਿੰਘ ਤੇ ਭਾਈ

ਸੰਗਤ ਸਿੰਘ ਜੀ ਸਾਡੇ ਸਤਿਕਾਰ ਯੋਗ ਖਾਲਸਾ ਹਨ। ਚਮਕੌਰ ਦਾ ਹਰ ਸ਼ਹੀਦ ਰਹਿੰਦੀ ਦੁਨੀਆਂ ਤੱਕ ਸਿੱਖ ਕੌਮ ਦਾ ਫਖਰ ਤੇ ਆਦਰਸ਼ਕ ਹੈ ਤੇ ਹਿੰਦੁਸਤਾਨ ਦੀ ਬੀਰਤਾ ਦਾ ਚਾਨਣ ਮੁਨਾਰਾ ਹੈ।

ਤਿਸ ਕੋ ਗੁਰਤਾ ਅਰਪਨ ਕੀਨਸਿ
ਪ੍ਰਥਮ ਖਾਲਸੇ ਮਹਿਂ ਤਿਨ ਪਾਇ।
ਸ਼ਸਤ੍ਰ ਬੰਧਾਇ ਬਿਠਾਇ ਅਟਾਰੀ
ਗੁਰੂ ਫਤੇ ਬੋਲੇ ਹਰਖਾਇ ॥੧੦॥
ਕਿਤਿਕ ਕਹਤਿ ਸੰਗਤ ਸਿੰਘ ਬੰਗਸੀ
ਬੰਗਸ ਦੇਸ਼ ਬਿਖੈ ਤੇ ਆਇ[†]।

[†]ਗੁਰ ਬਿਲਾਸ (ਕ੍ਰਿਤ ਭਾਈ ਸੁੱਖਾ ਸਿੰਘ) ਵਿਚ ਭਾਈ ਸੰਗਤ ਸਿੰਘ ਜੀ ਨੂੰ ਗੱਦੀ ਦਿੱਤੀ ਲਿਖਿਆ ਹੈ।

ਤਿਸ ਕੋ ਕਰਯੋ ਸਥਾਪਨ ਤਿਸ ਛਿਨ
ਗੁਰਤਾ ਦਈ ਜਿਗਾ ਪਹਿਰਾਇ।
ਸਤਿਗੁਰ ਕੇ ਸਿਖ ਦੋਨਹੁਂ ਗੁਰਮੁਖ
ਤਿਨ ਮਹਿਂ ਕੋਊ ਥਪਯੋ ਬਨਾਇ।
ਤਿਸ ਪਰ ਬਾਦ ਨਹੀਂ ਕੁਛ ਬਰਨਹੁਂ
ਦੋਨਹੁਂ ਕੇ ਲਿਹੁ ਚਰਨ ਮਨਾਇ ॥੧੧॥
ਸੁਨਹੁਂ ਕਥਾ ਆਗੇ ਜਿਮ ਬਰਤੀ
ਚਹੁੰਦਿਸ਼ਿ ਧੁਨਿ ਦੁੰਦਭਿ ਸਮੁਦਾਇ।
ਕਿਤ ਦਿਸ਼ਿ ਚਾਹਤਿ ਹੇਲ ਘਾਲਿਬੇ
ਕਿਤ ਦਿਸ਼ ਮੁਰਚੇ ਕੋ ਨਿਕਟਾਇ[1]।

[1]ਮੋਰਚੇ ਦੇ ਨੇੜੇ ਹੁੰਦੇ ਹਨ (ਵੈਰੀ)।

ਕੂਕ ਪੁਕਾਰੈਂ ਕੇਤਿਕ ਦੌਰੇ
ਹਲਾਹੂਲ ਤੇ ਰੌਰ ਉਠਾਇ।
ਡਰਤਿ ਨਿਕਟ ਕੋ ਪਹੁੰਚਿ ਨ ਸੱਕਈ[1]

[1]ਭਾਵੇਹ ਕਿ ਚਮਕੌਰ ਗੜ੍ਹੀ ਦੇ ਨੇੜੇ ਨਹੀਂ ਹੁੰਦੇ ਤਲਾਵਾ ਦੇਣ ਵਾਲੇ।

ਤੱਕਈ[1] ਤੀਰਨ ਤੇ ਮਰਿ ਜਾਇ ॥੧੨॥

[1]ਦੇਖਦਿਆਂ ਹੀ।

ਸਾਵਧਾਨ ਬਨ ਦੇਤਿ ਤਲਾਵਾ[1]

[1]ਪਹਿਰਾ।

ਦੁੰਦਭਿ ਆਗੇ ਬਜਤਿ ਚਲੰਤਿ।
ਛੁਟਹਿ ਤੁਫੰਗ ਖਤੰਗ ਕਿਲੇ ਦਿਸ਼ਿ
ਪੌਰ ਤੁਰੰਗਮ ਸ਼ਬਦ ਉਠੰਤਿ।
ਜਬਿ ਕੋ ਦਸ ਹਜ਼ਾਰ ਇਕ ਸਰ ਸੋਂ
ਮਾਰਯੋ ਪਰਯੋ ਨ ਅੱਗ੍ਰ ਵਧੰਤਿ।
ਬਹੁਰ ਜਾਮਨੀ ਸਮੈ ਬਿਲੋਕਯੋ
ਨਿਜ ਨਿਜ ਥਾਨ ਥਿਰੇ ਡਰਪੰਤਿ ॥੧੩॥
ਕਰਹਿਂ ਪ੍ਰਤੀਖਨ[1] -ਹੁਇ ਭੁਨਸਾਰੇ

[1]ਉਡੀਕ ਕਰਦੇ ਹਨ (ਵੈਰੀ)।

ਗਢ ਪਰ ਹੇਲਾ ਕਰਹਿਂ ਉਦਾਰ।
ਮਰੇ ਸਿੰਘ ਕੁਛ ਥੋਰੇ ਅਟਕੇ
ਲਾਖੋਂ ਲਰ ਲਸ਼ਕਰ ਸੰਘਾਰਿ-।
ਇਮ ਸਭਿ ਥਾਪ ਰਹੇ ਥਿਰ ਹ੍ਵੈ ਕਰਿ
ਸ਼੍ਰਮਤਿ ਭਏ ਤਨ ਆਲਸ ਧਾਰਿ।
ਗੁਰੂ ਜੰਗ ਕੋ ਕਰਹਿਂ ਸਰਾਹਨਿ
'ਬਡੋ ਬਹਾਦੁਰ ਬਹੁ ਹੁਸ਼ੀਆਰ' ॥੧੪॥
ਇਤ ਸਤਿਗੁਰ ਅਰ ਪੰਚੇ ਸਿੰਘਨਿ†

†ਅਜੇ ਹਾਲ ਗੁਰੂ ਜੀ ਦੇ ਚਮਕੌਰੋਂ ਬਾਹਰ ਨਿਕਲਣ ਤੋਂ ਪਹਿਲੇ ਦਾ ਚਲ ਰਿਹਾ ਹੈ, ਇਸ ਕਰਕੇ ਪੰਜਾਂ ਸਿੱਖਾਂ ਦਾ ਤੀਰ ਚਲਾਉਣਾ ਕਿਹਾ ਹੈ।

ਤੀਰ ਤੁਫੰਗਨਿ ਕਰਹਿਂ ਪ੍ਰਹਾਰ।
ਨਿਕਟ ਦਿਖਤਿ ਕੈ ਹਤਹਿਂ ਤਲਾਵੈ[1]

[1]ਪਹਿਰੇਦਾਰਾਂ ਨੂੰ।

ਲਗਿ ਲਗਿ ਗਿਰਹਿਂ ਤੁਰੰਗ ਸਵਾਰ।
ਤ੍ਰਿਪਤਿ ਨ ਹੋਤਿ ਜੰਗ ਕਹੁ ਕਰਿ ਕਰਿ
ਰਣ ਪ੍ਰਿਯ ਸ਼ੱਤ੍ਰਨਿ ਗਨ ਦੇ ਹਾਰ।
ਆਟਣ ਪਰੇ ਅੰਗੁਸ਼ਟ ਅੰਗੁਰੀ[1]

[1]ਗੰਢਾਂ ਪੈ ਗਈਆਂ ਅੰਗੂਠੇ ਤੇ ਉਂਗਲੀ ਵਿਚ।

ਐਂਚਤਿ ਪਨਚ ਓਜ ਕੋ ਧਾਰਿ ॥੧੫॥
ਤਜੇ ਹਜ਼ਾਰਹੁਂ ਸਰ ਬਰਖਾਏ
ਪੁਨ ਪੰਚਹੁਂ ਸਿੰਘ ਬਿਨਤੀ ਕੀਨਿ।
'ਨਿਕਸਹੁ ਸ਼੍ਰੀ ਪ੍ਰਭੁ ! ਸਮੋ ਭਲੋ ਅਬਿ
ਹਠ ਕੋ ਤਜਹੁ ਕਰੇ ਰਿਪੁ ਹੀਨ।
ਦੇਖਹੁ ਸਗਰੇ ਸਿੰਘ ਗਏ ਖਪਿ
ਇਕ ਰਾਵਰ ਕੇ ਪੰਥ ਅਧੀਨ[1]।

[1]ਪੰਥ (ਵਧਣਾ) ਆਪ ਦੇ ਅਧੀਨ ਹੈ।

ਜਹਾਂ ਥਿਰਹੁ ਪੁਨ ਰਚਹੁ ਹਜ਼ਰਾਹੁਂ
ਥਿਰਹਿ ਖਾਲਸਾ ਜਗਤ ਪ੍ਰਬੀਨ' ॥੧੬॥
ਇੱਤਜਾਦਿਕ ਬਹੁ ਬਾਰ ਕਹਜੋ ਸਭਿ
ਹਾਥ ਜੋਰਿ ਸਿਰ ਰਹੇ ਨਿਵਾਇ[1]।

[1](ਸਿੱਖ) ਨਿਵਾ ਰਹੇ।

ਕ੍ਰਿਪਾ ਦ੍ਰਿਸ਼ਟਿ ਪਿਖਿ ਬਿਕਸੇ ਸਤਿਗੁਰ
'ਰਣ ਮਾਰਨਿ ਮਰਣੋ ਬਨਿ ਆਇ।
ਪੰਥ ਹੋਨਿ ਕੀ ਸੋਚ ਨ ਧਰੀਅਹਿ
ਕ੍ਰਿਪਾ ਅਕਾਲ ਕਾਲਕਾ ਮਾਇ†।

†ਕਾਲਕਾ ਲਈ ਦੇਖੋ ਰੁਤ ੩ ਅੰਸੂ ੧੨ ਦੇ ਅੰਤ ਦੀ ਟੂਕ।

ਪ੍ਰਥਮ ਖਾਲਸੇ ਕੋ ਬਚ ਮਾਨਜੋਂ
ਤਜਿ ਅਨੰਦ ਪੁਰਿ ਬਿਲਮ ਨ ਲਾਇ

॥੧੭॥
ਅਬਿ ਹਮ ਕਰੋਂ ਨਹਿਂ ਮਾਨਹਿਂ ਕਹਿਬੋ
ਮਮ ਹਿਤ ਤਜਾਗੇ ਸਿੱਖਨਿ ਪ੍ਰਾਨ।
ਤੁਮ ਦੋਨਹੁਂ ਤਜਾਗਹੁ ਤਰ ਸਰ ਖਰ[1]
ਕਬਹੁਂ ਤੁਫੰਗ ਛੋਰਿ ਕਰਿ ਹਾਨ।'
ਇਮ ਕਹਿ ਕਰਿ ਅਰੁ ਥਾਪੀ ਦੇ ਕਰਿ
ਦੋਨਹੁਂ ਬੰਕੇ ਬੀਰ ਮਹਾਨ।
ਗੁਰ ਸਮਸਰ ਬਯ, ਸ਼ਮਸ ਗੁਰੂ ਸਮ,
ਪਰੇ ਦੂਰ ਤੇ ਸਮ ਪਹਿਚਾਨ ॥੧੮॥
ਹਾਥ ਜੋਰਿ ਗੁਰ ਚਰਨ ਕਮਲ ਪਰ
ਸਿਰ ਕੋ ਬਾਰ ਬਾਰ ਤਬਿ ਲਾਇ।
ਭਏ ਸੁਚੇਤ ਮਝਾਰ ਅਟਾਰੀ
ਤੂਰਨ ਤੀਰ ਤੁਫੰਗ ਚਲਾਇ।
ਉਤਰੇ ਆਪ ਕ੍ਰਿਪਾਲ ਤਰੇ ਕਹੁ
ਤੀਨਹੁਂ ਸਿੰਘ ਸੰਗ ਨਿਜ ਲਜਾਇ।
ਪੌਰ ਠੌਰ ਕੀ ਓਰ ਨ ਗਮਨੇ
ਦ੍ਵਾਰ ਅਲਪ ਜਿਸ ਪ੍ਰਵਿਸ਼ੇ ਆਇ[1]
॥੧੯॥
ਪਿਛਵਾਈ ਸੋ ਸਕਲ ਘਰਨ ਤੇ
ਸਨੇ ਸਨੇ ਤਹਿਂ ਗੇ ਭਗਵਾਨ।
ਤਕਰੇ ਤਹਾਂ ਕਿਵਾਰ ਅਸੰਜਤਿ
ਸਾਂਕਰ ਦਿਢ ਕੈ ਕੁਲਫ ਮਹਾਨ।
ਦੇਖਿ ਦਯਾ ਸਿੰਘ ਕਰ ਤੇ ਖੋਜੇ
ਨਹਿਂ ਨਿਕਸਨ ਕੋ ਦ੍ਵਾਰ ਦਿਖਾਨ।
ਵਾਕ ਕਹਜੋ 'ਗਾਢੋ ਇਹ ਮੁੰਦਤਿ[1]
ਕਿਤ ਕੁਲੀਦ[1] ਅਬਿ ਪੱਯਤਿ ਪਾਨ
॥੨੦॥
ਸਾਂਕਰ ਕੁਲਫ ਪੀਨ ਦਿਢ ਲੋਹਾ
ਬਲ ਤੇ ਨਹਿਂ ਟੂਟਹਿ ਲਖਿ ਲੀਨ।
ਬਡੇ ਪੌਰ ਕੇ ਨਿਕਟ ਮੋਰਚੇ
ਢੁਕੇ ਹਜ਼ਾਰਹੁਂ ਆਲਸ ਹੀਨ।
ਢਹੈ ਭੀਤ ਦਰ ਨਯੋ[1] ਬਨਾਵਹਿਂ

[1]ਦੋਵੇਂ ਚਲਾਓ ਬਹੁਤੇ ਤਿਖੇ ਤੀਰ।
[1]ਛੋਟਾ ਬੂਹਾ ਜਿੱਥੋਂ ਦੀ ਆਕੇ ਪ੍ਰਵੇਸ਼ੇ ਸਨ।
[1]ਜੰਦਰੇ ਲੱਗੇ ਹਨ।
[1]ਕੁੰਜੀ।
[1]ਨਵਾਂ ਦਰਵਾਜ਼ਾ।

ਲਗਹਿ ਬਿਲਮ ਲਿਹੁ ਰਾਵਰ ਚੀਨਿ।
ਹੁਕਮ ਜਥਾ ਫੁਰਮਾਵਨ ਕਰਿਹੋ
ਤਥਾ ਕਾਰ ਹਮ ਕਰਹਿਂ ਸੁ ਚੀਨ' ॥੨੧॥
ਸੁਨਿ ਕਰਿ ਸ਼੍ਰੀ ਸਤਿਗੁਰ ਤਿਸ ਛਿਨ ਮਹਿਂ
ਬਾਮ ਚਰਨ ਕੀ ਠੋਕਰ ਮਾਰ।
ਤੋਰਯੋ ਕੁਲਫ ਛੋਰ ਦਈ ਸਾਂਕਰ[1]
ਨਿਕਸਨ ਕੋ ਹ੍ਵੈ ਕੈ ਤਬਿ ਤਯਾਰ।
ਤੀਨੋ ਸਿੰਘਨ ਸਨ ਫੁਰਮਾਯਹੁ
'ਇਹ ਤਾਰਾ ਤੁਮ ਲੇਹੁ ਨਿਹਾਰ[1]।
ਹਮ ਤੇ ਬਿਛਰਹੁ ਪੰਥ ਨ ਪਾਵਹੁ[1]
ਤਬਿ ਗਮਨੌਂ ਇਤ ਕੋ ਧ੍ਰਿਤਿ ਧਾਰਿ ॥੨੨॥
ਕਰਹੁ ਸੇਧ ਇਸ ਤਾਰੇ ਦਿਸ਼ ਕੋ
ਹਮ ਕੋ ਖੋਜ ਲੇਹੁ ਤਿਤ ਜਾਇ।
ਰਾਤਿ ਬਿਖੈ ਜੇ ਮੇਲ ਨ ਹੋਵੈ
ਭਈ ਪ੍ਰਭਾਤਿ ਮਿਲਹੁ ਤਬਿ ਆਇ।
ਚਿੰਤ ਨ ਕਰੀਅਹਿ ਤ੍ਰਾਸ ਨ ਧਰੀਅਹਿ
ਖੇਹ ਰਿਪੁਨ ਕੀ ਆਂਖਨ ਪਾਇ।
ਪਰਹੁ ਨ ਦ੍ਰਿਸ਼ਟਿ, ਅਨਿਸ਼ਟਿ ਨਸ਼ਟ ਹੁਇ[1],
ਪ੍ਰਾਪਤਿ ਇਸ਼ਟ ਬਰਿਸ਼ਟ[1] ਸਦਾਇ' ॥੨੩॥

[1]ਸੰਗਲੀ।

[1]ਸਿਤਾਰੇ ਦੀ ਸੇਧ।

[1]ਜੇ ਰਾਹ ਨਾ ਲੱਭੇ।

[1]ਵਿਘਨ ਅਥਵਾ ਅਮੰਗਲ ਨਾਸ਼ ਹੋ ਜਾਣਗੇ।

[1]ਤੁਸਾਨੂੰ) ਸਦੀਵ ਆਪਣਾ ਇਸ਼ਟ ਤੇ ਪੂਜਨੀਕ ਪ੍ਰਾਪਤ ਹੋਵੇਗਾ; ਭਾਵ ਮੈਨੂੰ ਆਣ ਮਿਲੋਗੇ। [ਸੰਸ:, ਇਸ਼ਟ=ਪਿਆਰਾ। ਵਾਂਛਿਤ। ਵਰਿਖ੍ਹ=ਪੂਜਨੀਕ, ਸ੍ਰੇਸ਼ਟ]।

ਇੱਤਯਾਦਿਕ ਸਭਿ ਭੇਦ ਬਤਾਯੋ
ਧਰਮ ਸਿੰਘ ਤੇ ਦਰ ਖੁਲ੍ਹਵਾਇ।
ਤਾਕੀ ਅਲਪ ਕਿਵਾਰ ਉਘਾਰੇ
ਨਿਕਸੇ ਪ੍ਰਥਮ ਪ੍ਰਭੂ ਹਰਖਾਇ।
ਸਿੰਘ ਤੀਨ ਪਸ਼ਚਾਤ ਵਹਿਰ ਭੇ
ਸਨੇ ਸਨੇ ਤ੍ਰਾਸਨਿ ਬਿਸਰਾਇ।
ਲਸ਼ਕਰ ਪਰਯੋ ਜਹਾਂ ਕਹਿਂ ਦੇਖਯੋ
ਧੁਖਹਿਂ ਪਲੀਤੇ ਤੁਪਤ ਚਲਾਇਂ ॥੨੪॥
ਸ਼੍ਰੀ ਗੁਰ ਗੋਬਿੰਦ ਸਿੰਘ ਹਠੀਲਾ

ਧਨੁਖ ਕਠੋਰ ਘੋਰ ਕਰ ਲੀਨ।
ਕਰੇ ਨਿਰੀਛਨ ਈਛਨ[1] ਤੇ ਸਰ
ਤੀਛਨ ਭੀਛਨ ਆਛੇ ਬੀਨ[1]।
ਤਰਕਸ਼ ਭਰਜੋ ਕਰਜੋ ਕਟ ਕਸਿਬੋ
ਧਰਜੋ ਖੜਗ ਖਰ ਜਮਧਰ ਚੀਨ।
ਪੇਸ਼ ਕਬਜ਼ ਧਰਿ ਜੁਗਲ ਤਮਾਂਚੇ
ਕਮਰਕਸਾ ਬਹੁ ਕੀਨ ਪ੍ਰਬੀਨ ॥੨੫॥

[1]ਨੇਤ੍ਰਾਂ ਨਾਲ ਵੇਖਕੇ।
[1]ਚੁਣਕੇ।

ਦੋਹਰਾ:
ਸ਼ਸਤ੍ਰ ਬਸਤ੍ਰ ਬਹੁ ਮੋਲ ਕੇ, ਦਿਪਤਿ ਪ੍ਰਭੂ
ਕੀ ਕ੍ਰਾਂਤ।
ਜਬਰ ਜਵਾਹਰ ਜੇਵਰਨਿ, ਲਾਖਹੁੰ ਕੇ
ਅਵਦਾਤਿ[1] ॥੨੬॥

[1]ਉੱਜਲ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰੁੱਤੇ 'ਚਮਕੌਰ ਨਿਕਸਨ' ਪ੍ਰਸੰਗ ਬਰਨਨੰ ਨਾਮ ਏਕ ਚੱਤ੍ਵਾਰਿੰਸਤੀ ਅੰਸੂ ॥੪੧॥

੪੨. [ਮਾਛੀਵਾੜਾ]

੪੧<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੩

ਦੋਹਰਾ:

ਪਰਖਾ ਲਘੁ[1] ਸੋ ਉਲੰਘ ਕਰਿ, ਖਰੇ ਭਏ ਬਲਵੰਤ। [1]ਛੋਟੀ ਜਿਹੀ ਖਾਈ।
ਪੁਨ ਸਿੰਘਨ ਕੇ ਸੰਗ ਇਮ, ਬੋਲੇ ਸ਼੍ਰੀ ਭਗਵੰਤ ॥੧॥

ਸੈਯਾ ਛੰਦ:

'ਅਬਿ ਹਮ ਰੌਰਾ ਚਾਹਤਿ ਪਾਯੋ
ਗਹਿ ਸ਼ਸਤ੍ਰਨਿ ਹੋਵਹੁ ਸਾਵਧਾਨ।
ਸੁਧਿ ਕੋ ਦੇ ਕਰਿ ਸਗਰੇ ਲਸ਼ਕਰ
ਉਲੰਘਹਿਂ ਡੇਰੇ ਕਰਹਿਂ ਪਯਾਨ[1]।' [1]ਡੇਰਿਆਂ ਨੂੰ ਲੰਘਕੇ ਚੱਲਣਾ ਕਰਾਂਗੇ।
'ਯੌਂ ਕਹਿ ਊਚੀ ਧੁਨਿ ਤੇ ਬੋਲੇ
ਦੇ ਹਾਥਨ ਤਾੜੀ ਭਗਵਾਨ।
'ਹਿੰਦੁਨਿ ਪੀਰ ਚਲ੍ਯੋ ਅਬਿ ਨਿਕਸ੍ਯੋ
ਘੇਰਹੁ ਤੁਮ ਮਹਿਂ ਜੋ ਬਲਵਾਨ' ॥੨॥
ਤੀਨ ਬਾਰ ਸ਼੍ਰੀ ਮੁਖ ਤੇ ਕਹਿ ਕਰਿ
ਦੂਰ ਦੂਰ ਲੌ ਬਾਕ ਸੁਨਾਇ।
ਦੌਰੇ ਏਕ ਬਾਰ ਸੁਨਿ ਰੌਰਾ
ਬਾਮ ਦਾਹਨੇ ਸਨਮੁਖ ਆਇ।
ਦਸ ਹਜ਼ਾਰ ਕੋ ਫਿਰਤਿ ਤਲਾਵਾ[1] [1]ਪਹਿਰੇ ਦੀ ਫੌਜ।
ਸੁਨਿ ਅਵਾਜ਼ ਧਾਏ ਚਿਤਚਾਇ।
ਦੋਇ ਮਸਾਲੈਂ ਜ੍ਵਲਤਿ ਅਗਾਰੀ
ਆਵਤ ਪਿਖਿ ਗੋਬਿੰਦ ਸਿੰਘ ਰਾਇ
॥੩॥
ਧਨੁਖ ਬਿਖੇ ਸੰਧੇ ਦ੍ਵੈ ਖਪਰੇ
ਤਾਨ ਕਾਨ ਲੌਂ ਦਏ ਚਲਾਇ।
ਗਏ ਗਾਜ ਸਮ ਕਟੀ ਮਸਾਲਾ
ਪੁਨ ਭਟ ਬੇਧਿ ਦਿਏ ਉਥਲਾਇ।
ਪਰ੍ਯੋ ਰੌਰ ਚਹੁੰਦਿਸ਼ਿ ਤੇ ਉਮਡੇ
'ਮਾਰਹੁ ਗਹਹੁ' ਪੁਕਾਰਤਿ ਆਇ।
ਹਯ ਦੌਰੇ ਖੁਰ ਖੇਹ ਉਡੀ ਬਹੁ
ਅੰਧ ਧੁੰਧ ਹ੍ਵੈ ਗੋ ਇਕ ਭਾਇ ॥੪॥
ਮਚ੍ਯੋ ਕੁਲਾਹਲ ਭਿੜੇ ਭੇੜ ਭਟ

ਆਪਸ ਮਹਿਂ ਚਲਿਗੇ ਹੱਥਯਾਰ।
ਛੁਟੀ ਤੁਪਕ, ਤੋਮਰ ਤਰ[1] ਤੀਰਨ
ਤਰਵਾਰਨਿ ਜੁਟਿਗੇ ਕਰਿ ਮਾਰ।
ਪਿਤਾ ਪੂਤ ਕੋ ਸਿਰ ਮੈਂ ਝਾਰਤਿ
ਪੂਤ ਪਿਤਾ ਕੇ ਤਨ ਪਰ ਝਾਰਿ।
ਭ੍ਰਾਤ ਭ੍ਰਾਤ ਕੇ ਚਚਾ ਭਤੀਜਾ
ਸਖਾ ਸਖੇ ਕੇ ਬਹਿ ਤਰਵਾਰ ॥੫॥
ਜਥੇਦਾਰ ਕੋ ਹਨਯੋ ਸਿਪਾਹੀ,
ਮਾਰ ਸਿਪਾਹੀ ਕੋ ਜਥਿਦਾਰ।
ਨਹੀਂ ਪਛਾਨ ਪਰਸਪਰ ਕੋਈ
ਕਯਾਮਤ ਰਾਤ[1] ਭਈ ਤਿਸ ਬਾਰ।
ਭਏ ਕਤਲ ਸਿਰ ਧਰ ਕਿਹ ਕਰ ਪਗ
ਕੇਤਿਕ ਦਰੜੇ ਕਰਹਿਂ ਪੁਕਾਰ।
ਕਹਿਂ ਲਗਿ ਕਹੌਂ ਬਿਤੀ ਤੁਰਕਨਿ ਪਰ
ਬਿਨ ਮਾਰੇ ਮਰਿ ਗਏ ਗਵਾਰ ॥੬॥
ਭਯੋ ਸਥਾਰ ਖੇਤ ਰਣ ਅੰਤਰ
ਹਯ ਜੋਧਾ ਮਰਿਗੇ ਸਮੁਦਾਇ।
ਲੋਥ ਪੋਥਨਾ ਜਿਤ ਕਿਤ ਹੋਵਤਿ
ਜੋਵਤਿ[1] ਬਡ ਅੰਬਾਰ ਲਗਾਇ।
ਜਿਮ ਪੁਤਲੀ ਕੋ ਘਾਲ ਖੇਲ ਬਹੁ
ਲਰਵੈ ਕੈ ਇਕ ਥਲ ਧਰਵਾਇ[1]।
ਮਨਹੁਂ ਜਨਨਿ ਨਹਿਂ ਜਨੇ ਕਬਹੁਂ ਇਹੁ
ਮਰਿ ਕਰਿ ਪਰੇ ਢੇਰ ਸਮੁਦਾਇ ॥੭॥
ਪਰਬਤ ਆਦਿਕ ਦੇਸ਼ਨ ਵਾਸੀ
ਭਈ ਬਿਨਾਸ਼ੀ ਚਮੂੰ ਬਿਸਾਲ।
ਜਾਮ ਏਕ ਲਗ ਬਾਜਯੋ ਲੋਹਾ
ਮਨਹੁ ਲੁਹਾਰ ਸੁ ਘੜੇ ਉਤਾਲ।
ਜਹਿਂ ਕਹਿਂ ਸ਼ਬਦ ਸ਼ਸਤ੍ਰ ਕੋ ਸੁਨੀਅਤਿ
ਮਨਹੁਂ ਅਨੇਕ ਬਨੀ ਟਕਸਾਲ।
ਭਈ ਆਖਰੀ ਬ੍ਰਿੰਦ ਗ਼ਾਰਕੀ[1],
ਚਹੁੰਦਿਸ਼ਿ ਥਲ ਚਮਕੌਰ ਕਰਾਲ ॥੮॥

[1]ਬਹੁਤ।

[1]ਪਰਲੋ ਦੀ ਰਾਤ।

[1]ਦਿੱਸਦੇ ਹਨ।

[1]ਮਾਨੋਂ ਬਹੁਤੀਆਂ ਪੁਤਲੀਆਂ, ਲੜਾਈ ਦਾ ਤਮਾਸ਼ਾ ਕਰਨ ਪਿੱਛੋਂ ਇਕ ਥਾਂ (ਕੱਠੀਆਂ ਕਰਕੇ) ਧਰ ਦਿੱਤੀਆਂ ਹਨ।

[1]ਬਹੁਤੀ ਗ਼ਰਕੀ ਭਾਵ ਬੜਾ ਹੀ ਹਨੇਰ ਮੱਚ ਗਿਆ।

ਸਤਿਗੁਰ ਦਲ ਕੇ ਹੁਇ ਇਕ ਪਾਸੇ
ਨਿਕਸਿ ਗਏ ਰਿਪੁ ਦ੍ਰਿਗ ਰਜ ਡਾਰਿ।
ਦੁਤਿਯ ਦਿਸ਼ਾ ਕਹ ਤੀਨਹੁਂ ਸਿੰਘ ਜੁ
ਬਿਛਰੇ ਪ੍ਰਭੁ ਤੇ ਭਏ ਸੁ ਪਾਰ।
ਗਢ ਅੰਤਰ ਦੁਇ ਸਿੰਘ† ਤਿਸੀ ਬਿਧਿ

†ਤਵਾ: ਖਾ: ਵਿੱਚ ਲਿਖਿਆ ਹੈ ਕਿ ਚਮਕੌਰ ਸਾਹਿਬ ਵਿੱਚ ਸੰਤ ਸਿੰਘ ਸੰਗਤ ਸਿੰਘ ਤੋਂ ਛੁਟ ਰਾਮ ਸਿੰਘ, ਕੇਹਰ ਸਿੰਘ, ਸੰਤੋਖ ਸਿੰਘ, ਦੇਵਾ ਸਿੰਘ ਚਾਰੇ ਚਹੁੰ ਬੁਰਜਾਂ ਵਿਚ ਬਿਠਾਏ, ਜੀਵਨ ਸਿੰਘ ਤੇ ਕਾਠਾ ਸਿੰਘ ਨਗਾਰਾ ਵਜਾਉਂਦੇ ਰਹਿਣ ਤੇ ਥਾਪਿਆ। ਗੋਯਾ ਦੋ ਨਹੀਂ ਅੰਦਰ ੮ ਸਿੰਘ ਛੱਡਕੇ ਗਏ ਹਨ।

ਤਜੈਂ ਤੁਫੰਗ ਸ਼ੀਘ੍ਰਤਾ ਧਾਰਿ।
ਨਿਕਟ ਨ ਪਹੁੰਚੇ ਡਰ ਧਰਿ ਅਰਿ ਥਿਰ
ਮਰੇ ਚਹੂੰ ਦਿਸ਼ ਪਰੇ ਸਥਾਰ ॥ ੯ ॥
ਸ਼੍ਰੀ ਗੋਬਿੰਦ ਸਿੰਘ ਨਿਕਸੇ ਬਾਹਰਿ
ਸਭਿ ਲਸ਼ਕਰ ਤੇ ਹੁਇ ਕਰਿ ਪਾਰ।
ਸਵਾ ਕੋਸ ਚਲਿ ਗਏ ਝੀਲ[1] ਮਹਿਂ

[1]ਛੰਭ।

ਤਹਾਂ ਤਰੋਵਰ ਜੰਡ ਨਿਹਾਰ।
ਬੈਠਿ ਗਏ ਤਹਿਂ ਬਿਤੀ ਦੇਰ ਕੁਛ
ਦ੍ਵੈ ਨਰ ਮਹਿਖੀ[1] ਖੋਜਨਹਾਰ।

[1]ਮੱਝੀਆਂ।

ਇਕ ਮਾਲਿਕ ਇਕ ਪਾਲਕ ਤਿਨ ਮਹਿਂ
ਖੋਜਤਿ ਇਤ ਉਤ ਬਿਬਿਧ ਪ੍ਰਕਾਰ
॥ ੧੦ ॥
ਰਾਤ ਚਾਂਦਨੀ ਇਕ ਤਹਿਂ ਦੇਖੇ
ਬੈਠੇ ਗੁਰੂ ਬੰਦਨਾ ਗਾਇ।
[1] 'ਕੋ ਤੁਮ ਅਹੋ?' [2]'ਮਹਿਖ ਹਮ ਖੋਜਤਿ',

[1]ਸਤਿਗੁਰੂ ਬੋਲੇ। [2]ਮਹਿਂ ਦਾ ਮਾਲਕ ਬੋਲਿਆ) 'ਅਸੀਂ ਮਹਿਂ ਲੱਭਦੇ ਹਾਂ' ਇਹ ਗੱਲ ਸੁਣਕੇ ਦੂਸਰਾ (ਭਾਵ ਨੌਕਰ ਜੋ ਪਿੱਛੇ ਆ ਰਿਹਾ ਸੀ ਉਸਨੇ) ਸੁਣਾ ਕੇ ਕਿਹਾ।

ਸੁਨਿਤ ਦੂਸਰੇ ਕਹਜੋ ਸੁਨਾਇ[੫]।
'ਕਿਹ ਸੰਗ ਬੋਲਤਿ ਮਹਿਖ ਕਿ ਪ੍ਰਾਪਤਿ
ਮੈਂ ਜਾਵੌਂ ਕੈ ਨਹਿਂ ਅਗਵਾਇ[1]?'

[1]ਕਿਸ ਨਾਲ ਬੋਲਦਾ ਹੈਂ ਕੀ ਮੱਝ ਮਿਲ ਗਈ ਹੈ? ਮੈਂ ਅੱਗੇ ਜਾਵਾਂ ਕਿ ਨਾ (ਭਾਲਣ ਹਿਤ)?।

'ਇਤ ਨਹਿਂ ਮਹਿਖੀ, ਸਤਿਗੁਰ ਬੈਠੇ,
ਮੈਂ ਬੋਲਜੋ ਤਿਨ ਸਨ ਇਸ ਥਾਇ[1†]'
॥ ੧੧ ॥

[1]ਮੈਂ ਇਥੇ ਉਨ੍ਹਾਂ ਨਾਲ ਬੋਲ ਰਿਹਾ ਸਾਂ। †ਪਾ:-ਇਤ ਨਹਿ ਮਹਿਖਿ, ਮਹਿਖ ਪਤਿ ਬੋਲਜੋ, ਸਤਿਗੁਰੂ ਬੈਠੇ ਹੈਂ ਇਸ ਥਾਇ।

[1] 'ਕਹਾਂ ਗੁਰੂ ਇਸ ਥਲ ਮਹਿਂ ਆਯੋ,
ਗਢ ਮਹਿਂ ਘਿਰ੍ਯੋ ਲਰਤਿ ਬਡ ਜੰਗ।
ਅਪਰ ਹੋਇ ਕੋ, ਤੈਂ ਨਹਿਂ ਜਾਨ੍ਯੋਂ'
ਸੁਨਿ ਬੋਲ੍ਯੋ[1] ਤੁਰਨ ਤਿਨ ਸੰਗ।
'ਘੇਰਾ ਛੋਰਿ ਨਿਕਸ ਕਰਿ ਆਏ',
ਤਬਿ ਗੁਰ ਕਹ੍ਯੋ 'ਨ ਬੋਲ ਉਤੰਗ।
ਆਉ ਪਦਾਰਥ ਤੋ ਕੋ ਦੇਵਹਿਂ'
ਸੁਨਿ ਕਰਿ ਆਯੋ ਕਰਤਿ ਉਮੰਗ ॥ ੧੨ ॥
ਖੰਜਰ ਜਰ੍ਯੋ ਜਵਾਹਰ ਸੰਗੇ
ਦਯੋ, ਲਯੋ[1] ਉਰ ਹਰਖ ਉਪਾਇ।
ਚਹ੍ਯੋ -ਕਿ ਰੌਰਾ ਕਰੌਂ ਬੁਲਾਵੋਂ
ਤੁਰਕ ਦੇਹਿਂ ਮੁਝ ਧਨ ਸਮੁਦਾਇ-।
ਜਾਨਿ ਗੁਰੂ ਤਿਹ ਘਟ ਕੀ ਬੋਲੇ।
'ਔਰ ਦਰਬ ਕੁਛ ਦੇਂ ਸਮੁਦਾਇ।'
ਕਰਿ ਲਾਲਚ ਕੋ ਢਿਗ ਜਬਿ ਪਹੁਂਚ੍ਯੋ
ਕਹ੍ਯੋ 'ਧਰਹੁ ਖੰਜਰ ਇਸ ਥਾਇਂ'
॥ ੧੩ ॥
ਧਰਨਿ ਲਗ੍ਯੋ ਜਬਿ, ਉਲਟ ਚਪੇਟੈਂ
ਮਾਰੀ ਗੁਰੂ, ਝੁਕ੍ਯੋ ਤਿਹ ਜਾਨਿ।
ਮੁਖ ਪਰ ਲਗੀ ਭਗਨ ਭੇ ਦਸਨਾ[1]
ਭਯੋ ਗੁੰਗ ਨਹਿਂ ਸਕੇ ਬਖਾਨ।
ਸਾਥੀ ਦੁਤੀ ਬੁਲਾਵਤਿ ਬਹੁ ਬਿਧਿ
'ਕਹਾਂ ਭਯੋ ਰਹਿ ਗਈ ਜ਼ੁਬਾਨ?'
ਧਾਇ ਪਰਸਪਰ ਮਿਲੇ ਸੁ ਬੂਝੇ
ਨਹਿਂ ਕੁਛ ਕਹ੍ਯੋ ਜਾਤਿ ਮਤਿ ਹਾਨ
॥ ੧੪ ॥
ਉਠਿ ਪ੍ਰਭੁ ਗਮਨ ਕੀਨ ਬਿਨ ਪੰਥਹਿ[1]
ਸਨੇ ਸਨੇ ਚਲਿ ਸਹਿਜ ਸੁਭਾਇ।
ਰਹੇ ਇਕਾਕੀ, ਉਪਮਾ ਅਸ ਹ੍ਵੈ,
ਸੀਯ ਲਖਣ ਬਿਨ ਬਨ ਰਘੁਰਾਇ[1]।
ਚਰਨ ਕਮਲ ਤੇ ਮਗ ਨ ਚਲੇ ਕਬਿ,

[1]ਨੌਕਰ ਬੋਲਿਆ।

[1]ਮਾਲਕ) ਸੁਣਕੇ ਬੋਲਿਆ।

[1]ਲੀਤਾ (ਮਹਿਂ ਵਾਲੇ ਨੇ)।

[1]ਦੰਦ।

[1]ਭਾਵ ਰਾਹੋਂ ਸੜਕੋਂ ਬਿਨਾਂ।

[1]ਇਕੱਲੇ ਰਹਿ ਗਏ ਐਉਂ ਉਪਮਾ ਬਣੀ ਹੈ ਜਿਵੇਂ ਸੀਤਾ ਲੱਛਮਣ ਬਿਨਾਂ ਰਾਮ ਜੀ ਬਨ ਵਿਚ ਰਹਿ ਗਏ ਹਨ।

ਬਹੁ ਅਸਵਾਰੀ ਰਹਿਂ ਅਗੁਵਾਇ।
ਸ਼੍ਰਾਪ ਸਾਚ ਗਾਯਤ੍ਰੀ ਕੋ ਹੋਯੋ
ਅਪਦਾ ਭੋਗੀ ਇਕ ਰਸ ਭਾਇ† ॥੧੫॥

†ਇਸ ਤੁਕ ਦੇ ਦੋ ਪਾਠ ਹਨ:-੧. ਸ੍ਰਾਪ ਸਚ ਗਾਯਤ੍ਰੀ ਕੇ ਹਿਤ ਕੋ ਅਪਦਾ ਭੋਗੀ ਇਕ ਰਸ ਭਾਇ (੧੯੧੨ ਦੇ ਨੁਸਖੇ ਵਿਚ) ੨. ਇਕ ਨੁਸਖੇ ਵਿਚ ਉਪਰਲੇ ਪਾਠ ਦੀ ਥਾਂ ਇਹ ਪਾਠ ਲਿਖਿਆ ਹੈ:-ਜਥਾ ਸਜਾਮ ਘਨ ਅਪਦਾ ਭੋਗੀ ਤਥਾ ਭੁਗੀ ਗੁਰ ਸ਼ੋਕ ਨਾ ਕਾਇ। ਗਾਯਤ੍ਰੀ ਦੇ ਸ੍ਰਾਪ ਵਾਲੀ ਗੱਲ ਸੌ ਸਾਖੀ ਵਿਚ ਸੀ ਜੋ ਕਵਿ ਜੀ ਪਿਛੇ ਰੁਤ ਪੰਜਵੀਂ ਅੰਸੂ ੭ ਅੰਕ ੩੩ ਵਿਚ ਦੇ ਆਏ ਹਨ। ਦੇਖੋ ਉਥੋਂ ਦੀ ਹੇਠਲੀ ਟੂਕ। ਜਪੁਜੀ ਦਾ ਮੂਲ ਮੰਤਰ ਪੰਥ ਨੂੰ ਗੁਰੂ ਨਾਨਕ ਦੇਵ ਜੀ ਨੇ ਦਿੱਤਾ, ਗਾਯਤ੍ਰੀ ਤਾਂ ਉਸ ਵੇਲੇ ਭੁਲਾ ਦਿੱਤੀ ਗਈ ਸੀ। ਜਦੋਂ ਤੀਸਰੇ ਸਤਿਗੁਰਾਂ ਦੇ ਸਮੇਂ ਹਿੰਦੂਆਂ ਨੇ ਅਕਬਰ ਪਾਸ ਗੁਰੂ ਜੀ ਵਿਰੁੱਧ ਫਰਯਾਦ ਕੀਤੀ ਸੀ ਤਾਂ ਗਾਯਤ੍ਰੀ ਛੱਡਣ ਦਾ ਬੀ ਦੋਸ਼ ਦਿੱਤਾ ਸੀ। ਸੋ ਗਾਯਤ੍ਰੀ ਤਾਂ ਪਹਿਲੇ ਤ੍ਰੈ ਸਾਹਿਬਾਂ ਵੇਲੇ ਕੱਢੀ ਜਾ ਚੁੱਕੀ ਸੀ, ਅਚਰਜ ਹੈ ਕਿ ਗਾਯਤ੍ਰੀ ਨੂੰ ਗੁੱਸਾ ਹੁਣ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਤੇ ਆ ਰਿਹਾ ਦੱਸੀਦਾ ਹੈ। ਆਖੇਪਕਾਰਾਂ ਦੇ ਹਾਫਜ਼ੇ ਉਨ੍ਹਾਂ ਨੂੰ ਥਾਂ ਥਾਂ ਹਾਰ ਦੇਂਦੇ ਹਨ।

ਕੇਤਿਕ ਕੋਸ ਗਏ ਮਗ ਚਰਨਨ
ਸ਼੍ਰਮਤਿ ਭਏ ਸਤਿਗੁਰ ਇਕ ਥਾਨ।
ਮਾਛੀਵਾਰੇ ਪਰੇ ਕਿਤਿਕ ਥਲ
ਅਬਿ ਭੀ ਝਾਰ ਨਿਸ਼ਾਨੀ ਜਾਨ[1]†।

[1]ਮਾਛੀਵਾੜੇ ਤੋਂ ਕੁਝ ਥਾਂ ਪਰੇ ਜਿੱਥੇ ਹੁਣ ਭੀ ਝਾੜ ਨਿਸ਼ਾਨੀ (ਵਜੋਂ) ਹਨ। †ਚਮਕੌਰ ਤੋਂ ਨਿਕਲਕੇ ਤ੍ਰੈ ਚਾਰ ਕੋਹ ਪਰ ਇਕ ਜੰਡ ਦੇ ਹੇਠਾਂ ਸਾਹ ਲਿਆ ਹੈ ਸਾਹਿਬਾਂ ਨੇ। ਏਥੇ ਗੁਰਦਵਾਰਾ ਹੈ ਤਵਾ: ਖਾ: ਲਿਖਦੀ ਹੈ ਕਿ ੧੦੦੦ ਵਿਘੇ ਜ਼ਿਮੀਂ ਹੈ ਗੁਰਦਵਾਰੇ ਨਾਲ। ਫਿਰ ਆਪ ਝਾੜਾਂ ਵਿਚ ਠਹਿਰੇ ਹਨ ਜਿਥੇ 'ਝਾੜ ਸਾਹਿਬ' ਗੁਰਦਵਾਰਾ ਹੈ। ਇਹ ਨਹਿਰੋਂ ਪਾਰ ਦੱਖਣ ਰੁਖ ਨੂੰ ਹੈ।

ਬੈਠੇ ਤਹਾਂ ਉਪਾਨਯ ਝਾਰਜੋ[1]

[1]ਜੋੜਾ ਝਾੜਿਆ।

ਸਿਕਤਾ ਰਜ ਤੇ ਭਰਜੋ ਮਲਾਨ[1]।

[1]ਭਰਿਆ ਤੇ ਮੈਲਾ ਹੋਯਾ ਹੋਯਾ ਸੀ।

ਸਨੇ ਸਨੇ ਪੁਨ ਆਗੇ ਗਮਨੇ
ਰਹੀ ਜਾਮਨੀ ਜਾਮ ਪਛਾਨ ॥੧੬॥
ਛੱਤ੍ਰਧਾਰ[1] ਕੋ ਸਮਾਂ ਭਯੋ ਤਬਿ

[1]ਅਫੀਮ।

ਬਾਰਿ ਬਾਰਿ ਸ਼੍ਰੀ ਮੁਖ ਜੰਭਾਇ[1]†।

[1]ਉਬਾਸੀਆਂ ਆਉਣ।

†ਐਡੇ ਤੜਕੇ ਉਠਕੇ ਅਫੀਮ ਖਾਣ ਦਾ ਸੁਭਾਵ ਇਸ ਮਹਾਨ ਬਲੀ ਯੋਧੇ ਨੂੰ ਹੋਣਾ ਇਹ ਹਾਸੇ ਵਾਲੀ ਗੱਲ ਹੈ। ਅਫੀਮ ਪਹਿਲਾਂ ਤਾਕਤ ਦੇਂਦੀ ਹੈ ਫੇਰ ਸਾਰੇ ਸਨਾਯੂ (nerves) ਦੀ ਸੱਤਯਾ ਨਾਸ਼ ਕਰ ਦੇਂਦੀ ਹੈ। ਨਿਹੰਗਾਂ ਸਿੰਘਾਂ ਦੀ ਆਦਰ ਯੋਗ ਤੇ ਪ੍ਰਭਾਵਸ਼ਾਲੀ ਸੰਪ੍ਰਦਾ ਦਾ ਨੁਕਸਾਨ ਵਿਸ਼ੇਸ਼ ਕਰਕੇ ਭੰਗ ਅਫੀਮ ਨੇ ਕੀਤਾ ਹੈ। ਆਪਣੇ ਖਾਣ ਨੂੰ ਸਹੀ ਦੱਸਣ ਵਾਸਤੇ ਕਈ ਲੋਕਾਂ ਨੇ ਗੁਰੂ ਜੀ ਨਾਲ ਬੀ ਇਹ ਨਸ਼ੇ ਚਮੇੜੇ ਹਨ, ਜਿਨ੍ਹਾਂ ਦੇ ਆਧਾਰ ਤੇ ਕਵੀ ਜੀ ਬੀ ਲਿਖੀ ਗਏ ਹਨ। ਜਿਨ੍ਹਾਂ ਨੇ ਤਮਾਕੂ ਮਨ੍ਹੇ ਕੀਤਾ ਓਹ ਕਦ ਅਫੀਮ ਜਾਰੀ ਕਰ ਸਕਦੇ ਸਨ? ਸ਼੍ਰੀ ਗੁਰੂ ਜੀ ਨੂੰ ਦਸ ਯਾਰਾਂ ਪਹਿਰ ਜੰਗ ਕਰਦਿਆਂ ਬੀਤ ਚੁੱਕੇ ਹਨ, ਵੀਹ ਕੋਹ ਦੌੜਦੇ ਆਏ ਹਨ, ਸਰੀਰਕ ਬਲ ਹਾਰ ਦੇ ਰਿਹਾ ਹੈ ਤੇ ਇਸ ਵੇਲੇ ਗੁੜ, ਖੰਡ, ਮਿੱਠੇ ਭੋਜਨ ਦੁੱਧ ਆਦਿ ਕਿਸੇ ਤਾਕਤਵਰ ਸ਼ੈ ਦੀ ਲੋੜ ਹੈ ਕਿ ਜਿਸ ਨਾਲ ਸਰੀਰ ਢਿੱਲਾ ਨਾ ਪੈ ਜਾਏ, ਪਰ ਉਹ ਕੋਈ ਪ੍ਰਾਪਤ ਨਹੀਂ। ਥੱਕੇ ਸਰੀਰ ਨੇ ਸੌਂ ਆਪੇ ਹੀ ਜਾਣਾ ਹੈ। ਅਜੇ ਇਹ ਗੱਲ ਇਤਿਹਾਸਕ ਖੋਜ ਨਾਲ ਪਤਾ ਨਹੀਂ ਲੱਗੀ ਕਿ ਅੱਕ ਦੇ ਦੁੱਧ ਦੀਆਂ ਕੁਛ ਬੂੰਦਾਂ ਲਈਆਂ ਕਿ ਨਹੀਂ। ਪਰ ਜੇ ਹੋਵੇ ਬੀ ਤਾਂ ਕਰਾਮਾਤ ਨੂੰ ਆਪਣੇ ਲਈ ਨਾ ਵਰਤਣ ਵਾਲੇ ਮਹਾਂਬਲੀ ਨੇ ਜੇ ਦੋ ਚਾਰ ਟੇਪੇ ਵਰਤ ਲਏ ਹੋਣ ਤਾਂ ਇਤਰਾਜ਼ ਦੀ ਗੱਲ ਨਹੀਂ। ਅੱਕ ਔਖਧੀ ਹੈ ਤੇ ਸਨਾਯੂ ਲਈ ਕੁਛ ਸਹਾਰਾ ਦਾਇਕ ਹੈ।

ਦਾਸ ਖਾਸ ਡੱਬੇ ਤਬਿ ਕਿਹ ਠਾਂ,
ਕਹਾਂ ਅਫੀਮ ਬਿਦੇਸ਼ਨ ਆਇ।
ਚਰਨ ਪਖਾਰਨ ਸੇਵਕ ਕਿਹ ਠਾਂ,
ਕਹਾਂ ਸੇਜ ਸੁੰਦਰ ਮ੍ਰਿਦੁਲਾਇ।
ਕਹਾਂ ਤੁਰੰਗਮ ਹੇਮ ਜ਼ੀਨ ਜੁਤਿ
ਰਹੇ ਇਕਾਕੀ ਗੁਰ ਗਤਿ ਦਾਇ ॥੧੭॥
ਹੁਤੋ ਅਰਕ[1] ਕੋ ਬੂਟ ਖਰਜੋ ਤਹਿਂ
ਹਰਜੋ ਸਦਲ ਤਹਿਂ ਤੋਰਨ ਕੀਨਿ।
ਏਕ ਪੱਤ੍ਰ ਪਰ ਦੁਗਧ ਨਿਕਾਸਜੋ
ਕੇਤਿਕ ਕਰਿ ਕੈ ਪੀਯ ਸੁ ਲੀਨ[1]।
ਪੁਨ ਗਮਨੇ ਮਾਰਗ ਕਿਛੁ ਆਗੇ
ਮਾਛੀਵਾਰੇ ਨਿਕਟ ਸੁ ਚੀਨ।
ਇਕ ਥਲ ਕੋ ਅਵਲੋਕਿ ਟਿਕੇ ਪ੍ਰਭੁ
ਮਹਾਰਾਜ ਦਾਨੀ ਗਨ ਦੀਨ ॥੧੮॥
ਚਢਜੋ ਅਰਕ ਕੋ[1] ਅਮਲ ਘਨੇਰੋ
ਭਏ ਦੂਸਰੇ ਸ਼੍ਰਮਤਿ ਬਿਸਾਲ।
ਦ੍ਵੈ ਦਿਨ ਹ੍ਵੈ ਜੁਧ ਦਾਰੁਣ ਠਾਨਜੋ
ਨਹੀਂ ਅਰਾਮ ਕੀਨ ਕਿਸ ਕਾਲ।
ਨਹਿਂ ਸੁਪਤੇ ਪ੍ਰਭੁ ਯਾਂ ਤੇ ਆਲਸ
ਭਯੋ ਦੇਹਿ ਮਹਿਂ ਆਨ ਅਟਾਲ[1]।
ਪਰੇ ਫਾਲਰੇ[1] ਚਰਨਨ ਮਹਿਂ ਬਹੁ
ਪੰਕਜ ਪਾਤਨ ਮੁਕਤਾ ਢਾਲ[1] ॥੧੯॥
ਚਲਿਬੇ ਕੋ ਸਾਮਰਥ ਨ ਆਗੇ
ਦੁਤੀ ਨੀਂਦ ਬਹੁ ਪਾਯੋ ਜ਼ੋਰ।
ਬੈਠੇ ਸਤਿਗੁਰ ਪਟ ਬਹੁ ਮੋਲਾ
ਸੋ ਖੋਲਾ ਅੰਗਨ ਤੇ ਛੋਰਿ।
ਘਟਿਕਾ[1] ਹਰਟ ਕੂਪ ਤੇ ਖੋਲੀ
ਬਸਤ੍ਰ ਲਪੇਟ ਸਿਰਾਨੇ ਓਰ।
ਤਰੇ ਬਿਛਾਇ ਪੌਢਿਗੇ ਊਪਰ
ਕਮਰਕਸਾ ਤਿਮ ਹੀ ਰਣ ਲੋਰ[1] ॥੨੦॥
ਸ਼੍ਰਮਤਿ ਬਿਸਾਲ, ਬਿਸਾਲ ਸੁ ਆਲਸ
ਅਮਲ ਬਿਸਾਲ ਅਰਕ ਕੋ ਆਇ।

[1]ਅੱਕ।
[1]ਭਾਵ ਕਿਤਨਾ ਕੁ ਚੋ ਕੇ ਪੀ ਲਿਆ।
[1]ਅੱਕ ਦਾ।
[1]ਜੋ ਟਲ ਨਾ ਸਕੇ।
[1]ਛਾਲੇ।
[1]ਕਵਲਾਂ ਦੀ ਪੰਕਤੀਆਂ ਉਪਰ ਮੋਤੀਆਂ ਦੀ ਤਰ੍ਹਾਂ।
[1]ਟਿੰਡ।
[1]ਰਣ ਦੀ ਚਾਹ ਵਾਲਾ। (ਅ) ਬੀਰ ਰਸੀ ਮਦ ਵਿਚ।

ਤਜੋਂ ਹੀ ਚਲਹਿ ਪਵਨ ਪੁਰਵਾਈ[1]
ਲੋਚਨ ਮੁੰਦ੍ਰਤਿ ਕਮਲ ਕਿ ਭਾਇ[1]।
ਭਏ ਨੀਂਦ ਬਸਿ ਕਰਿ ਅਰਾਮ ਤਬਿ
ਧਰਜੋ ਕੁਵੰਡ ਹਾਥ ਅਗਵਾਇ।
ਤਜਾਰ ਤਮਾਂਚੇ ਕਰੇ ਧਰੇ ਕਟ,
ਭਰੇ ਨਿਖੰਗ ਅੰਗ ਸੰਗ ਲਾਇ† ॥੨੧॥

[1]ਪੁਰੇ ਦੀ ਪੌਣ।
[1]ਨੈਣ ਕਮਲਾਂ ਵਾਂਙੂ ਮੀਟੇ ਗਏ।
†ਕਿਤਨੀ ਸਵਾਧਾਨਤਾ ਹੈ, ਐਡੇ ਥਕਾਨ ਵੇਲੇ ਵੀ ਬੀਰਰਸੀ ਸਾਮਾਨ ਤਜਾਰ ਕਰਕੇ ਆਰਾਮ ਕਰਨ ਲੱਗੇ ਹਨ।

ਰਾਮਚੰਦ ਜਿਮ ਸਭਿ ਕੁਛ ਤਜਿ ਕਰਿ
ਗਜ ਘੋਰੇ ਸਿਵਕਾਦਿਕ ਜਾਨ[1]।
ਸੁਹ੍ਰਿਦ ਸਖਾ ਅਰੁ ਸਰਬ ਬਾਹਨੀ
ਕੰਚਨ ਕੇ ਮੰਦਿਰ ਸ਼ੁਭ ਥਾਨ।
ਹੇਮ ਪ੍ਰਯੰਕ ਸੁ, ਆਸਤਰਨ ਮ੍ਰਿਦੁ
ਦੁਗਧ ਫੇਨ ਕੇ ਸ੍ਵੇਤ ਸਮਾਨ[1]।
ਬਨ ਮਹਿਂ ਏਕਾਂਕੀ ਪਰਿ ਸੁਪਤੇ[1]
ਲਖੀਅਤਿ ਤਥਾ ਗੁਰੂ ਭਗਵਾਨ ॥੨੨॥

[1]ਅਸਵਾਰੀਆਂ।
[1]ਦੁੱਧ ਦੀ ਝੱਗ ਵਰਗੇ ਚਿੱਟੇ।
[1]ਪੈ ਕੇ ਸੌਂ ਗਏ।

ਸਾਵਧਾਨ ਰਹਿਂ ਸੁਭਟ ਚਹੂੰ ਦਿਸ਼
ਰੱਛਜਾ ਕਰੈਂ ਜਾਮਨੀ ਮਾਂਹਿ।
ਦਾਸ ਹਜ਼ਾਰਹੁਂ ਸੇਵਾ ਠਾਨਹਿ
ਰਾਗ ਸ਼ਬਦ ਤੇ ਜਾਗ੍ਰਨ ਜਾਂਹਿ।
ਤਨੇ ਬਿਤਾਨ[1] ਜ਼ਰੀ ਤੇ ਗਚ ਪਚ
ਬਰਨ ਬਰਨ ਕੇ ਫਰਸ਼ਨ ਮਾਂਹਿ।
ਬਿਨ ਬਿਛਾਵਨੇ ਭੂਮਿ ਸੇਜ ਅਬਿ
ਥਿਰੇ ਗੁਰੂ ਅਚਰਜ ਬਹੁ ਆਹਿ ॥੨੩॥

[1]ਚੰਦੋਏ।

ਦੋਹਰਾ:
ਧੰਨ ਧੰਨ ਗੁਰਦੇਵ ਜੁ, ਸੁਖ ਦੁਖ ਬ੍ਰਿਤੀ ਸਮਾਨ।
ਹਰਖ ਸ਼ੋਕ ਜਾਂ ਕੈ ਨਹੀਂ, ਰਾਗ ਨ ਦ੍ਵੈਸ਼ ਮਹਾਨ† ॥੨੪॥

†ਇਹ ਹੈ ਉਹ ਅਵਸਥਾ:-'ਤੈਸਾ ਸਵਰਨ ਤੈਸੀ ਉਸ ਮਾਟੀ ॥ ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ'।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰੁੱਤੇ 'ਸ਼੍ਰੀ ਗੁਰ ਨਿਸ' ਪ੍ਰਸੰਗ ਬਰਨਨੰ ਨਾਮ ਦ੍ਵੈ ਚੱਤ੍ਵਾਰਿੰਸਤੀ ਅੰਸੂ ॥੪੨॥

੪੩. [ਪਿੱਛੇ ਚਮਕੌਰ ਵਿਚ ਭਾਈ ਸੰਤ ਸਿੰਘ ਹੋਰਾਂ ਦਾ ਸ਼ਹੀਦ ਹੋਣਾ]

੪੨<<ਪਿਛਲਾ ਅੰਸੂ ਸੰਖੇਪ ਲਿੰਕ – ਤਤਕਰਾ ਅਗਲਾ ਅੰਸੂ>>੪੪

ਦੋਹਰਾ:

ਸੰਤ ਸਿੰਘ ਰਣਧੀਰ ਉਰ, ਬੀਰਨਿ ਬੀਰ ਬਿਸਾਲ।
ਮੁਖਤਾ ਪ੍ਰਾਪਤਿ ਖਾਲਸੇ, ਲਹਿ ਗੁਰਤਾ ਤਿਸ ਕਾਲ ॥੧॥

ਪਾਧੜੀ ਛੰਦ:

ਸਿਰ ਬਧੀ ਜਿਗਾ ਕਲਗ਼ੀ ਸੁਹਾਇ।
ਰਸ ਬੀਰ ਮਨੋ ਮੂਰਤਿ ਬਨਾਇ।
ਕਰਿ ਮਹਿਂ ਕੁਦੰਡ ਖਰ ਸਰ ਪ੍ਰਚੰਡ।
ਗਹਿ ਕਰਾਚੋਲ ਚਹਿ ਰਣ ਘਮੰਡ ॥੨॥
ਪੁਨ ਦੂਸਰ ਸੰਗਤ ਸਿੰਘ ਸੰਗ।
ਜਿਹ ਕਹੈਂ ਬੰਗਸੀ† ਮਤ ਉਤੰਗ।

†ਫਾ:, ਬੰਗਸ=ਮਾਵਰੁਲਨਹਰ (ਯਾ ਤੂਰਾਨ ਦਾ) ਇਕ ਇਲਾਕਾ। (ਅ) ਕੋਹਾਟ ਅਤੇ ਕੁਰਮ ਦੇ ਇਲਾਕੇ ਨੂੰ ਬੀ ਕਹਿੰਦੇ ਹਨ। (ੲ) ਕਈ ਬੰਗਾਲ ਦਾ ਅਰਥ ਬੀ ਲਾਉਂਦੇ ਹਨ ਕਿਉਂਕਿ ਵੰਗ ਬੰਗਾਲ ਨੂੰ ਤੇ ਇਸ ਦੇ ਪੂਰਬਲੇ ਹਿੱਸੇ ਨੂੰ ਕਹਿੰਦੇ ਹਨ।

ਬਿਨ ਕਸੇ ਤੁਫੰਗਨ ਛੋਰਿ ਛੋਰਿ।
ਚਹੁੰ ਓਰ ਫਿਰਤਿ ਅਰਿ ਟੋਰਿ ਟੋਰਿ ॥੩॥
ਗੁਲਕਾਨ ਸੰਗ ਤਨ ਫੋਰਿ ਫੋਰਿ।
ਗਰਜੰਤਿ ਜਥਾ ਘਨ ਘੋਰ ਘੋਰ[1]।

[1]ਜਿਵੇਂ ਭਯਾਨਕ ਬੱਦਲ ਗਰਜਦਾ ਹੈ।

ਦੋਨਹੁੰ ਸੁ ਬੀਰ ਹਤਿ ਔਰੁ ਔਰੁ।
ਰਨ ਸ਼ਿਵਾ[1] ਪੁਕਾਰਤਿ ਠੌਰ ਠੌਰ ॥੪॥

[1]ਗਿਦੜੀਆਂ।

ਤੁਰਕਾਨਿ ਤੁੰਡ ਗਨ ਤੋਰਿ ਤੋਰਿ।
ਦੇ ਤ੍ਰਾਸ ਅੱਗ੍ਰ ਤੇ ਮੋਰਿ ਮੋਰਿ।
ਖਰ ਤੀਰ ਤਰਾਤਰ ਮਾਰਿ ਮਾਰਿ।
ਦਿਢ ਰਹੇ ਦੁਰਗ ਧ੍ਰਿਤਿ ਧਾਰਿ ਧਾਰਿ ॥੫॥
ਇਮ ਨਿਸਾ ਬਿਤੀ ਧਨੁ ਤਾਨਿ ਤਾਨਿ।
ਤਜਿ ਤੁਪਕ ਤੜਾਕੇ ਠਾਨਿ ਠਾਨਿ।
ਮ੍ਰਿਤੁ ਲਾਖਹੁੰ ਜੋਧਾ ਹੇਰਿ ਹੇਰਿ।
ਸੁਨਿ ਪ੍ਰੇਤਿ ਨਾਦ ਰਹਿ ਟੇਰ ਟੇਰ[1] ॥੬॥

[1]ਪ੍ਰੇਤ ਸ਼ਬਦ ਪੁਕਾਰਦੇ ਸੁਣੀਂਦੇ ਹਨ।

ਜੰਬੁਕ ਪੁਕਾਰ ਗਨ ਕੂਕਿ ਕੂਕਿ।
ਗਢ ਨਿਕਟ ਸ਼ੱਤ੍ਰ ਬਹੁ ਢੂਕਿ ਢੂਕਿ।

ਅਰਣੋਦ ਸਮੈਂ ਤਮ ਹਾਨਿ ਹਾਨਿ।
ਜਗ ਉਦਯੋ ਚਹਤਿ ਤਬਿ ਭਾਨੁ ਭਾਨੁ[1] ॥੭॥
[1]ਪ੍ਰਕਾਸ਼ ਰੂਪ ਸੂਰਜ।

ਨਰ ਅਲਪ ਕੋਟ ਮਹਿਂ ਤਾਕ ਤਾਕ।
ਗਢ ਭੇਦ ਲਹਯੋ ਸਭਿ ਝਾਕਿ ਝਾਕਿ।
ਭੁਨਸਾਰ ਭਈ ਅਰਿ ਜਾਨਿ ਜਾਨਿ।
ਤਜਿ ਤ੍ਰਾਸ ਢੁਕੇ ਗਨ ਆਨਿ ਆਨਿ ॥੮॥

ਕਰ ਕਰਾਚੋਲ ਗਹਿ ਦੌਰਿ ਦੌਰਿ।
ਚਹੂੰ ਓਰ ਰੌਰ ਭਾ ਠੌਰ ਠੌਰ।
ਭੀਤਨ ਲਗੇ ਸੁ ਤਬਿ ਆਇ ਆਇ।
ਕਿਨ ਚਢਨ ਚਹਯੋ ਕਰ ਪਾਇ ਪਾਇ[1] ॥੯॥
[1]ਹੱਥ ਪਾ ਪਾਕੇ।

ਪਿਖਿ ਤੁਰਕ ਮਰੇ ਗਨ ਧਾਇ ਧਾਇ।
ਜੁਗ ਸਿੰਘ ਅਨਿਕ ਕੋ ਘਾਇ ਘਾਇ।
ਥੁਰ ਗਏ ਸਕਲ ਨਹਿਂ ਤੀਰ ਤੀਰ[1]।
[1]ਕੋਲ ਤੀਰ ਨਹੀਂ ਰਹੇ।
ਨਿਸ ਤਜੇ ਬੇਧਿ ਤਨ ਬੀਰ ਬੀਰ[1] ॥੧੦॥
[1]ਦੋਹਾਂ ਸਿੰਘਾਂ) ਸੂਰਮਿਆਂ ਨੇ (ਵੈਰੀ ਦੇ) ਸੂਰਮਿਆਂ ਦੇ ਸਰੀਰ ਰਾਤੀਂ ਤੀਰ ਛੋੜ ਛੋੜਕੇ ਵਿੰਨ੍ਹੇ ਸਨ।

ਤਬਿ ਖੈਂਚੇ ਮਜਾਨ ਕ੍ਰਿਪਾਨ ਪਾਨ।
ਮੁਖ ਦਾਰੁਣ ਸ਼ੇਰ ਸਮਾਨ ਮਾਨ।
ਪਿਖਿਯੰਤਿ ਬਿਲੋਚਨ ਲਾਲ ਲਾਲ।
ਗਨ ਅਰਿਨ ਲਖੇ ਤਿਸ ਕਾਲ ਕਾਲ[1] ॥੧੧॥
[1]ਸਾਰੇ ਵੈਰੀਆਂ ਨੇ ਤਿਸ ਵੇਲੇ ਮੌਤ ਰੂਪ ਵੇਖਿਆ (ਸਿੰਘਾਂ ਨੂੰ)।

ਚਢਿ ਭੀਤ ਹਾਥ ਕੋ ਪਾਇ ਪਾਇ।
ਤਬਿ ਹਲਾਹੂਲ ਮੁਖ ਗਾਇ ਗਾਇ।
ਲਖਿ ਫਤੇ ਤੁਰਕ ਚਿਤ ਚਾਇ ਚਾਇ।
ਬਹੁ ਪਰੇ ਕੂਦ ਤਬਿ ਧਾਇ ਧਾਇ ॥੧੨॥

ਸਭਿਹੂੰਨਿ ਤ੍ਰਾਸ ਕੋ ਤਯਾਗਿ ਤਯਾਗਿ।
ਜੁਗ ਸਿੰਘ ਖੜਗ ਤੇ ਝਾਗਿ ਝਾਗਿ[1]।
[1]ਭਾਵ ਦੋਏ ਸਿੰਘ ਤਲਵਾਰਾਂ ਝੱਲ ਝੱਲਕੇ।
ਘਨ ਘਾਵ ਦੇਹਿ ਕੋ ਲਾਗ ਲਾਗ।
ਬਹਿ ਚਲਯੋ ਰਕਤ ਪਟ ਪਾਗ ਪਾਗ[1] ॥੧੩॥
[1]ਕਪੜੇ ਭਿੱਜਕੇ ਲਹੂ ਤੁਰਿਆ।

ਗਰਜੰਤਿ ਤਊ ਤਬਿ ਦੌਰਿ ਦੌਰਿ।
ਘਾਵਨ ਅਨੇਕ ਤਬਿ ਠੌਰ ਠੌਰ।
ਅਸਿ ਝਾਰਤਿ ਬਕਤੇ 'ਮਾਰਿ ਮਾਰਿ।'
ਭਭਕੰਤਿ ਸ਼ਬਦ ਤੇ ਤਾਰ ਤਾਰ[1] ॥ ੧੪ ॥ — [1]ਤਾੜ ਤਾੜਕੇ ਭਬਕਦੇ ਹਨ।
ਤੁਰਕਾਨ ਤੋਮ[1] ਕੋ ਕਾਟ ਕਾਟ। — [1]ਬਹੁਤੇ।
ਮ੍ਰਿਤੁ ਭੇ ਸੁਮਾਰ ਕਿਯ ਫਾਟ ਫਾਟ।
ਰਿਪੁ ਆਇ ਸੈਂਕਰੇ ਘੇਰਿ ਘੇਰਿ।
ਜਿਮ ਚੰਦ੍ਰ ਪ੍ਰਵਾਰੇ ਹੇਰਿ ਹੇਰਿ ॥ ੧੫ ॥
ਨਿਜ ਚਰਨ ਅੱਗ੍ਰ ਕੋ ਡਾਰਿ ਡਾਰਿ।
ਬਲ ਰਹਯੋ ਜਬੈ ਲਗਿ, ਮਾਰਿ ਮਾਰਿ[1]। — [1]ਜਿਤਨਾ ਚਿਰ ਬਲ ਰਹਿਆ ਉਤਨਾ ਚਿਰ ਮਾਰ ਮਾਰ ਹੀ ਕਰਦੇ ਰਹੇ।
ਪੁਨ ਖੜਗ ਸੈਂਕਰੇ ਕਾਢਿ ਕਾਢਿ।
ਜੁਗ ਸਿੰਘ ਬੀਰ ਤਨ ਬਾਢਿ ਬਾਢਿ ॥ ੧੬ ॥
ਤਬਿ ਗਿਰੇ ਧਰਨਿ ਅਰਿ ਗੇਰਿ ਗੇਰਿ।
ਸਭਿ ਖੜਗ ਪ੍ਰਹਾਰੈਂ ਹੇਰਿ ਹੇਰਿ।
'ਇਹ ਗੁਰੂ ਆਪ ਰਣ ਠਾਨਿ ਠਾਨਿ।
ਲਸ਼ਕਰ ਹਤਿਓ ਧਨੁ ਤਾਨਿ ਤਾਨਿ[1]' ॥ ੧੭ ॥ — [1]ਲਸ਼ਕਰ ਨੂੰ ਮਾਰਿਆ ਹੈ (ਜਿਨ੍ਹਾਂ ਨੇ) ਧਨੁਖ ਤਾਣ ਤਾਣ ਕੇ।
ਤਬਿ ਖ੍ਵਾਜ ਮਰਦ ਚਿਤ ਚਾਇ ਚਾਇ।
ਸੁਨਿ ਗਯੋ ਕੋਟ ਮਹਿਂ ਧਾਇ ਧਾਇ।
ਉਮਰਾਵ -ਹਤਯੋ ਗੁਰ- ਜਾਨਿ ਜਾਨਿ[1]। — [1]ਉਮਰਾਵਾਂ ਨੇ ਜਾਣ ਲਿਆ ਕਿ ਗੁਰੂ ਮਾਰਿਆ ਗਿਆ ਹੈ।
ਪਹੁੰਚੇ ਸਮੀਪ ਮੁਦ ਠਾਨਿ ਠਾਨਿ ॥ ੧੮ ॥
ਸੁੰਦਰ ਸਰੂਪ ਮੁਖ ਹੇਰਿ ਹੇਰਿ।
ਮਿਲਿਗੇ ਹਜ਼ਾਰ ਤਹਿਂ ਘੇਰ ਘੇਰ।
ਮਰਦੂਦ ਖ੍ਵਾਜ ਰਿਸ ਧਾਰਿ ਧਾਰਿ।
ਸਭਿ ਸੋਂ ਪੁਕਾਰ ਕਹਿ ਬਾਰ ਬਾਰ ॥ ੧੯ ॥
'ਸਿਰ ਲੇਹੁ ਦੁਹਿਨ ਕੇ ਕਾਟਿ ਕਾਟਿ[1]। — [1]ਸਿਰ ਤਾਂ ਦੁਹਾਂ ਦੇ ਕੱਟ ਲਓ।
ਤਨ ਭਖਹਿਂ ਬਿਹੰਗਮ ਬਾਂਟ ਬਾਂਟ[1]। — [1]ਸਰੀਰ (ਪਏ ਰਹਿਣ ਦਿਓ ਜੋ) ਪੰਛੀ ਵੰਡ ਵੰਡਕੇ ਖਾਣ।
ਲਿਹੁ ਸ਼ੁਤਰ ਸਊਰਨ[1] ਬੋਲਿ ਬੋਲਿ। — [1]ਸ਼ੁਤਰ ਸਵਾਰ।
ਦਿਨ ਰਾਤ ਚਲਹਿਂ ਮਗ ਟੋਲ ਟੋਲ

॥੨੦॥
ਢਿਗ ਸ਼ਾਹਿ ਪਹੂਚਹਿਂ ਧਾਇ ਧਾਇ।
ਦਿਖਰਾਹਿ ਸੀਸ ਬਲ ਗਾਇ ਗਾਇ।
ਇਮ ਹਤਜੋ ਗੁਰੁ ਰਣ ਘੇਰਿ ਘੇਰਿ।
ਲਰ ਸੁਭਟ ਸੁ ਲਾਖਹੁਂ ਗੇਰਿ ਗੇਰਿ'
॥੨੧॥
ਗੀਦੀਨ ਕੀਨ ਤਰਵਾਰ ਵਾਰ[1]।
[1]ਗੀਦੀਆਂ ਨੇ ਤਰਵਾਰ ਦੇ ਵੀਰ ਕੀਤੇ।
ਸਿਰ ਲਏ ਕਾਟਿ ਧਰਿ ਡਾਰਿ ਡਾਰਿ।
ਦੇ ਸ਼ੁਤਰ ਸਊਰ[1] ਹੂਕਾਰ ਕਾਰ[2]†।
[1]ਸ਼ੁਤਰ (ਉਠ) ਸਵਾਰ ਨੂੰ ਦਿੱਤੇ (ਸੀਸ)। [2]ਹਲਕਾਰੇ ਦਾ ਕੰਮ ਕਰਨ ਵਾਲੇ। †ਪਾ:-ਹਕਾਰ ਕਾਰ।
'ਕਰਿ ਸ਼ੀਘ੍ਰ, ਬਿਲੰਬ ਬਿਸਾਲ ਸਾਰ[1]
[1]ਸਾਰੀ ਦੇਰੀ ਨੂੰ ਭੁਲਾਕੇ ਭਾਵ ਛੇਤੀ।
॥੨੨॥
ਮਗ ਚਲੇ ਜਾਹੁ ਨਿਤ ਦੌਰ ਦੌਰ।
ਕਹਿ ਸ਼ਾਹੁ ਫਤੇ ਕਹੁ ਠੌਰ ਠੌਰ।'
ਸਿਰ ਦਏ ਭੇਜਿ ਚਿਤ ਚਾਇ ਚਾਇ।
ਚਹੁਂ ਦਿਸ਼ਨਿ ਦ੍ਰਿਸ਼ਟਿ ਦ੍ਰਿਗ ਲਾਇ ਲਾਇ
॥੨੩॥
ਖਗ ਮਾਸ ਖਾਤਿ ਹੈਂ ਥਾਨ ਥਾਨ।
ਗਨ ਗ੍ਰਿੱਝ ਕਾਕ ਮੁਦ ਮਾਨ ਮਾਨ।
ਰੰਗੀਨ ਭੂਮਿਕਾ ਲਾਲ ਲਾਲ।
ਮ੍ਰਿੱਤੁ ਪਰੇ ਘਾਵ ਤਨ ਝਾਲ ਝਾਲ ॥੨੪॥
ਤਨ ਛਿੰਨ ਭਿੰਨ ਬਹੁ ਸੂਰ ਸੂਰ।
ਨਿਜ ਸ੍ਵਾਮਿ ਧਰਮ ਕੋ ਪੂਰ ਪੂਰ।
ਉਮਰਾਵ ਰਹੇ ਉਰ ਝੂਰਿ ਝੂਰਿ।
-ਦਲ ਬ੍ਰਿੰਦ ਦਯੋ ਕਰਿ ਚੂਰ ਚੂਰ ॥੨੫॥
ਇਹ ਅਲਪ ਸਿੰਘ ਰਣ ਮਾਂਡਿ ਮਾਂਡਿ।
ਗੁਲਕਾਨ ਬਾਨ ਗਨ ਛਾਡਿ ਛਾਡਿ।
ਲਸ਼ਕਰ ਮਹਾਨ ਕੋ ਹਾਨਿ ਹਾਨਿ।
ਭੇ ਮ੍ਰਿਤਕ, ਤਊ ਸੁ ਕ੍ਰਿਪਾਨ ਪਾਨ[1]
[1]ਮਰ ਬੀ ਗਏ ਹਨ ਤਦ ਬੀ ਕ੍ਰਿਪਾਨਾਂ ਅਜੇ ਹੱਥਾਂ ਵਿਚ ਹਨ।
॥੨੬॥
ਆਚਰਜ ਮਹਦਿ ਕੋ ਘਾਲ ਘਾਲ।
ਨਹਿਂ ਫਿਰੇ ਪਾਛ ਪਗ, ਹਾਲ ਹਾਲ[1]-।
[1]ਅਸਾਂ ਹੱਲੇ ਤੋਂ ਹੱਲਾ ਕੀਤਾ ਪਰ ਇਨ੍ਹਾਂ ਦਾ ਪੈਰ ਪਿਛੇ ਨਹੀਂ ਪਿਆ।

ਇਮ ਤੁਰਕ ਹਰਾਨੇ ਹੋਇ ਹੋਇ।
ਰਣਖੇਤ ਬਿਚਰ ਭਟ ਜੋਇ ਜੋਇ ॥੨੭॥
ਨਿਜ ਡੇਰਨ ਮਹਿਂ ਤਬਿ ਆਇ ਆਇ।
ਮਿਲਿ ਕਰਹਿਂ ਬਾਤ ਹਿਤ ਪਾਇ ਪਾਇ।
ਪਰਖੰਤਿ ਗੁਰੂ ਬਿਚ ਕੋਇ ਕੋਇ।
ਸੇ ਕਹਤਿ ਸਭਿਨਿ ਢਿਗ ਹੋਇ ਹੋਇ ॥੨੮॥
'ਇਹ ਸੀਸ ਗੁਰਨ ਕੇ ਨਾਂਹਿ ਨਾਂਹਿ।
ਤਿਹ ਭੇਜ ਹਰਖ ਉਰ ਕਾਹਿ ਕਾਹਿ[1]।
ਗਹਿ ਛਟਾ ਨ ਲੇਹਿਂ ਉਪਾਇ ਪਾਇ[1]।
ਜਿਮ ਪਾਰਦ ਦਬੈ ਨ ਧਾਇ ਧਾਇ[1] ॥੨੯॥
ਤਿਮ ਗੁਰ ਸਰੂਪ ਲਿਹੁ ਜਾਨਿ ਜਾਨਿ।
ਨਹਿਂ ਮਰਯੋ ਭਰਮ ਦਿਹੁ ਹਾਨਿ ਹਾਨਿ।
[1]ਜਬਿ ਨਿਕਸ, ਰੌਰ ਕਰਿ ਠੌਰ ਠੌਰ।
ਘੇਰਨ ਸੁ ਲਗੇ ਤਬਿ ਦੌਰਿ ਦੌਰਿ ॥੩੦॥
ਗੁਰ ਵਹਿਰ ਗਏ ਤਬਿ ਜੋਇ ਜੋਇ[1]।
ਇਹ ਭੇਦ ਲਖਤਿ ਹੈ ਕੋਇ ਕੋਇ।'
ਇਮ ਸੁਨ੍ਯੋਂ ਸਭਿਨਿ ਭ੍ਰਮ ਠਾਨਿ ਠਾਨਿ।
ਉਮਰਾਵ ਮਿਲੇ ਪੁਨ ਆਨਿ ਆਨਿ ॥੩੧॥
ਕਰਤੇ ਸਲਾਹ ਮਤਿ ਬੋਲਿ ਬੋਲਿ[1]।
'ਗੁਰ ਗਹਨ ਉਚਿਤ ਲਿਹੁ ਟੋਲ ਟੋਲ।
ਦਲ ਪਸਰ ਜਾਇ ਸਭਿ ਥਾਨ ਥਾਨ।
ਗਨ ਪੀਰ ਫਕੀਰਨ ਜਾਨਿ ਜਾਨਿ ॥੩੨॥
ਪੁਰਿ ਗ੍ਰਾਮ ਜਹਾਂ ਕਹਿਂ ਚੀਨਿ ਚੀਨਿ।
ਨਰ ਬ੍ਰਿੰਦ ਬਟੋਰਹੁ ਬੀਨ ਬੀਨ।
ਨਿਕਸੈ ਨ ਬੇਸ ਕੋ ਧਾਰਿ ਧਾਰਿ[1]।
[1]ਨਰ ਓਪਰਾਨਿ ਲਖਿ ਸਾਰ ਸਾਰ

[1]ਕਿਉਂ ਕਰਦੇ ਹੋ।

[1]ਜਤਨ ਕਰਕੇ ਬਿਜਲੀ ਨਹੀਂ ਫੜ ਸਕੀਦੀ।

[1]ਜਿਵੇਂ (ਦਬਿਆ) ਪਾਰਾ ਦਬਕਦਾ ਨਹੀਂ ਪਰ ਨਿਕਲ ਜਾਂਦਾ ਹੈ।

[1](ਉਹ) ਨਿਕਲ ਗਿਆ ਹੈ ਜਦੋਂ ਰੌਲਾ ਪਿਆ ਸੀ ਤੇ ਥਾਂ-ਥਾਂ ਤੋਂ ਅਸੀਂ ਦੌੜ ਦੌੜ ਕੇ ਘੇਰਨ ਲੱਗੇ ਸਾਂ।

[1](ਪ੍ਰੰਤੂ) ਢੂੰਡਦਿਆਂ ਢਾਂਡਦਿਆਂ (ਦੇ ਵਿਚ ਦੀ) ਗੁਰੂ ਜੀ ਬਾਹਰ ਨਿਕਲ ਗਏ।

[1]ਰਾਵਾਂ ਬੋਲ ਬੋਲਕੇ।

[1]ਕੋਈ ਵੇਸ ਧਾਰਕੇ ਨਿਕਲ ਨਾ ਜਾਵੇ।

[1]ਸਾਰੀ ਸਾਰ ਲੈ ਲੈਣ ਬਾਦ ਜੋ ਨਰ ਓਪਰਾ ਜਾਣ ਪਵੇ ਤਾਂ

॥ ੩੩ ॥ ਉਸ ਨੂੰ ਜ਼ਾਮਨੀ ਲੈ ਕੇ ਛੱਡੋ।

ਲਿਹੁ ਜ਼ਾਮਨੀ ਸੁ ਦਿਹੁ ਛੋਰਿ ਛੋਰਿ੯।
ਪੁਰਿ ਗ੍ਰਾਮ ਭਲੇ ਇਮ ਟੋਰਿ ਟੋਰਿ।
ਬਿਲਮੋ ਨ ਹੁਕਮ ਕੋ ਪਾਇ ਪਾਇ।
ਦਲ ਫੈਲ ਪਰੇ ਅਬਿ ਧਾਇ ਧਾਇ
॥ ੩੪ ॥
ਮਸਲਤ ਪਕਾਇ ਅਸ ਡੇਰ ਡੇਰ।
ਬਿਸਮਾਇ ਰਹੇ ਰਣ ਹੇਰਿ ਹੇਰਿ।
ਗਨ ਲੋਥਨ ਕੋ ਅਨੁਮਾਨ ਮਾਨ[1]।
ਚਮਕੌਰ ਓਰ ਚਹੁਂ ਜਾਨ ਜਾਨਿ[1] ॥ ੩੫ ॥
'ਲਛ ਤੇ ਵਧੀਕ' ਸਭਿ ਭਾਖਿ ਭਾਖਿ।
ਮਿਟ ਗਈ ਲਰਨ, ਅਭਿਲਾਖ ਲਾਖ[1]।
ਸਭਿ ਸਿੰਘ ਲੋਥ ਕੋ ਲਜਾਇ ਲਜਾਇ।
ਗਨ ਤੀਸ ਬਤੀਸਨ ਪਾਇ ਪਾਇ[1]†
॥ ੩੬ ॥
ਹਤਿ ਬੁੱਧਿ ਰਿਪੁਨਿ ਕੀ ਹੇਰਿ ਹੇਰ[1]।
ਤੁਰਕਾਨ ਲੋਥ ਲਗਿ ਢੇਰ ਢੇਰ।
ਕਵਿ ਕਹਤਿ ਕਥਾ ਸੰਤੋਖ ਸਿੰਘ।
'ਧੰਨ ਧੰਨ ਗੁਰੂ ਗੋਬਿੰਦ ਸਿੰਘ' ॥ ੩੭ ॥

[1]ਮਨ ਵਿਚ ਅਨੁਮਾਨ ਕਰਕੇ।
[1]ਚਮਕੌਰ ਦੇ ਚੌਤਰਫੇ ਫਿਰਕੇ ਜਾਣਿਆਂ ਕਿ....।
[1]ਜਾਣੋ।
[1]ਭਾਵ ਸਿੰਘਾਂ ਦੀਆਂ ਲੋਥਾਂ ਕੇਵਲ ਤੀਹ ਬੱਤੀਹ ਮਿਲੀਆਂ। †ਕਵੀ ਜੀ ਦੀ ਕਵਿਤਾ ਦੀ ਚਿੱਤ੍ਰਕਾਰੀ ਦੇਖਣ ਯੋਗ ਹੈ, ਅੰਕ ੩ ਤੋਂ ਦੂਹਰਾ ਤੁਕਾਂਤ ਚਲ ਰਿਹਾ ਹੈ।
[1]ਵੈਰੀਆਂ ਦੀ ਮੱਤ ਮਾਰੀ ਗਈ ਵੇਖ ਵੇਖ ਕੇ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰੁਤੇ 'ਸੰਤ ਸਿੰਘ' ਪ੍ਰਸੰਗ ਬਰਨਨੰ ਨਾਮ ਤੀਨ ਚੱਤ੍ਵਾਰਿੰਸਤੀ ਅੰਸੂ ॥ ੪੩ ॥

੪੪. [ਤਿੰਨਾਂ ਸਿੰਘਾਂ ਦਾ ਗੁਰੂ ਜੀ ਨੂੰ ਮਿਲਨਾ। ਗੁਲਾਬੇ ਮਸੰਦ ਦੇ ਬਾਗ਼ ਵਿਚ ਡੇਰਾ]

੪੩<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੫

ਦੋਹਰਾ:

ਕਰਤਿ ਸ਼ੀਘ੍ਰਤਾ ਦਲ ਚਢੇ ਗੁਰ ਖੋਜਨ ਕੇ ਕਾਜ।
ਭੀਮ ਚੰਦ ਘਾਇਲ ਭਯੋ, ਹਟੇ ਗਿਰਨ ਗਿਰ ਰਾਜ ॥੧॥

ਚੌਪਈ:

ਭਏ ਸੁਮਾਰ[1], ਹਜ਼ਾਰਹੁਂ ਮਰੇ।
ਗਿਰ ਕੀ ਦਿਸ਼ ਗਿਰਪਤਿ ਸਭਿ ਮੁਰੇ।
ਜ਼ੇਰਦਸਤ ਭੀ ਘਾਇਲ ਹੋਯੋ।
ਲਵਪੁਰਿ ਕੋ ਚਢਿ ਮਾਰਗ ਜੋਯੋ ॥੨॥
ਸੀਰੰਦ ਸੂਬਾ ਖਾਨ ਵਜੀਦ।
ਪੂਰਬ ਕੀ ਦਿਸ਼ ਕੀਨ ਰਸੀਦ[1]।
ਦੱਖਣ ਕੀ ਦਿਸ਼ ਲਾਖਹੁਂ ਚਢੇ।
'ਗਹੈਂ ਗੁਰੂ ਕੋ ਜਿਤ ਕਿਤ ਕਢੇ' ॥੩॥
ਚਢ੍ਯੋ ਖ੍ਵਾਜ ਮਰਦੂਦ ਸ਼ੀਘ੍ਰ ਕਰਿ।
ਸ਼ਾਹ ਮਿਲਨਿ ਕੋ ਨਿਕਟ ਚਾਹ ਧਰਿ।
ਭੀਮ ਚੰਦ ਘਰ ਪਹੁਂਚਤਿ ਮਰ੍ਯੋ।
ਸੈਲ ਦੇਸ਼ ਮਹਿਂ ਸ਼ੋਕ ਸੁ ਪਰ੍ਯੋ ॥੪॥
ਅਬਿ ਸਤਿਗੁਰ ਕੀ ਕਥਾ ਸੁਨੀਜੈ।
ਜਨਮ ਜਨਮ ਕੇ ਪਾਪ ਮਿਟੀਜੈ।
ਸੁਪਤਿ ਪਰੇ ਤਿਸ ਕੂਪ ਸਥਾਨ।
ਅਰਣੋਦੈ ਲਗਿ ਗੁਰ ਭਗਵਾਨ ॥੫॥
ਤੀਨਹੁਂ ਸਿੰਘ ਨਿਕਸਿ ਜਬਿ ਗਏ।
ਦਲ ਤੇ ਦੂਰ ਕੋਸ ਜੁਗ ਭਏ।
ਲਗੇ ਬਿਚਾਰਨ 'ਚਲਿ ਹਮ ਆਏ।
ਬਿਛੁਰੇ ਗੁਰ, ਜਿਨ ਕੇ ਸੰਗ ਧਾਏ ॥੬॥
ਕਹਾ ਕਰਤੱਬਜ ਅਬੈ ਹਮ ਬਨੈ।
ਕਿਤ ਕੋ ਗਮਨੈਂ ਹ੍ਵੈ ਹਿਤ ਸਨੈ?'
ਦਯਾ ਸਿੰਘ ਸਿਮਰੀ ਗੁਰ ਬਾਨੀ।
'ਗਢ ਨਿਕਸਤਿ ਹਮ ਸੰਗ ਬਖਾਨੀ ॥੭॥
ਇਸ ਤਾਰੇ ਕੀ ਸੇਧ ਪਯਾਨੈਂ।
ਚਲਹੁ ਗੁਰੂ ਮਿਲਿ ਹੈਂ ਕਿਸ ਥਾਨੈ।'

[1]ਜ਼ਖਮੀ।

[1]ਪਹੁੰਚ ਕੀਤੀ ਭਾਵ ਟੁਰਿਆ।

ਮਾਨ ਸਿੰਘ ਤਬਿ ਚਲਤਿ ਉਚਾਰੇ।
'ਇਹ ਮਗ ਪਹੁੰਚੈ ਮਾਛੀਵਾਰੇ[1] ॥੮॥

[1]'ਇਹ ਰਾਹ ਪੁੱਜਦਾ ਹੈ ਮਾਛੀਵਾੜੇ।

ਤਾਰੇ ਸੇਧ ਨਿਹਾਰਤਿ ਚਲੋ।
ਪੁਰਿ ਲਗਿ ਖੋਜਤਿ ਗੁਰ ਸੰਗ ਮਿਲੋ।'
ਧਰਮ ਸਿੰਘ ਬੋਲਯੋ ਮਤਿ ਧੀਰ।
'ਖੋਜਤਿ ਗਮਨਹੁ ਇਤ ਉਤ ਤੀਰ[1]' ॥੯॥

[1]ਨੇੜੇ ਨੇੜੇ।

ਨ੍ਰਿਭੈ ਬੀਰ ਤੀਨਹੁੰ ਤਬਿ ਚਾਲੇ।
ਮਾਰਗ ਇਤ ਉਤ ਫਿਰਤਿ ਸੰਭਾਲੇ।
ਖੋਜਤਿ ਸ਼੍ਰੀ ਸਤਿਗੁਰ ਕੋ ਜਾਤ।
ਇਸ ਬਿਧਿ ਬਿਤੀ ਸਕਲ ਹੀ ਰਾਤਿ ॥੧੦॥
ਜਬੈ ਸਮਾ ਅਰਣੋਦੈ ਹੋਯੋ।
ਚੰਦ ਪ੍ਰਕਾਸ਼ ਮੰਦ ਕੋ ਜੋਯੋ।
ਪੂਰਬ ਦਿਸ਼ ਮੁਖ ਲਾਲ ਦਿਖਾਯੋ।
ਜਨੁ ਤੁਰਕਨਿ ਕੋ ਚਹਤਿ ਖਪਾਯੋ ॥੧੧॥
ਤਿਮਰ ਤੋਮ ਪਤਰੋ ਹੁਇ ਗਯੋ[1]।

[1]ਸਾਰਾ ਹਨੇਰਾ ਪਤਲਾ ਪੈ ਗਿਆ।

ਕੁਛਕ ਪ੍ਰਕਾਸ਼ ਅਕਾਸ਼ਹਿ ਭਯੋ।
ਗਮਨਤਿ ਦੇਖਤਿ ਪਹੁਚੇ ਤਹਿਂਵਾ।
ਸੁਪਤਿ ਜਗਤਪਤਿ ਪ੍ਰਭੁ ਥਿਰ ਜਹਿਂਵਾ ॥੧੨॥
ਜ਼ੇਵਰ ਕਿਤਿਕ ਉਤਾਰਨ ਕਰੇ।
ਘਟੀ[1] ਹਰਟ ਕੀ ਸਿਰ ਤਰ ਧਰੇ।

[1]ਟਿੰਡ।

ਗੁਲਸ਼ਤ੍ਰਾਣ[1] ਅੰਗੁਸ਼ਟ ਮਝਾਰਾ।

[1]ਅੰਗੂਠੇ ਉਤੇ ਤੇ ਨਾਲ ਦੀ ਉਂਗਲ ਪਰ ਪਹਿਰਿਆਂ ਜਾਣ ਵਾਲੀ ਚਮੜੇ ਦੀ ਟੋਪੀ ਜਿਸ ਨਾਲ ਤੀਰ ਚਲਾਉਂਦਿਆਂ ਆਂਟੀਆਂ ਨਹੀਂ ਪੈਂਦੀਆਂ [ਸੰਸ:, ਅੰਗੁਲਿਤ੍ਰ ਤੇ ਅੰਗੁਲਤ੍ਰਾਨ=ਉਂਗਲੀ ਦੀ ਰੱਖਯਾ ਕਰਨ ਵਾਲਾ]।

ਪਹਿਰੇ ਰਾਖਯੋ ਨਹੀਂ ਉਤਾਰਾ ॥੧੩॥
ਮੋਲ ਹਜ਼ਾਰ ਇਕਾਦਸ਼ ਤਾਹੂ।
ਰਾਖਹਿਂ ਬਡ ਧਨੁ[1] ਧਰਿ ਕਰਿ ਮਾਂਹੂੰ।

[1]ਧਨੁਖ।

ਸਮੇਂ ਪਨਚ ਐਂਚਨਿ ਕੇ ਜੋਊ।
ਰੱਛਕ ਬਨਹਿ ਅੰਗੁਸ਼ਟਹਿ ਸੋਊ ॥੧੪॥
ਸਰ ਛੋਰਨਿ ਤੂਰਨਤਾ ਕਾਰਨ।

ਯਾਂ ਤੇ ਗੁਰ ਨਹਿਂ ਕੀਨਿ ਉਤਾਰਨ[†]।

[†]ਸਦਾ ਤਿਆਰ ਬਰਤਿਆਰ ਹਾਲਤ ਇਸ ਨੂੰ ਕਹੀਦਾ ਹੈ।

ਯੁਤ ਗੁਲਤ੍ਰਾਣ ਹੁਤੋ ਜੋ ਹਾਥ।
ਸੁਪਤ ਪਰੇ ਸਿਰ ਪਰ ਧਰਿ ਨਾਥ ॥੧੫॥
ਗੁਲਸ਼ਤ੍ਰਾਣ ਵਿਚ ਹੀਰਾ ਜਰਜੋ।
ਤਿਹ ਪ੍ਰਕਾਸ਼ ਅਰਣੋਦੈ ਪਰਜੋ।
ਚਮਕਤਿ ਭਯੋ ਸਹਤਿ ਬਹੁ ਲਾਲੀ।
ਦੇਇ ਦਿਖਾਲੀ ਦੂਰ ਬਿਸਾਲੀ ॥੧੬॥
ਧਰਮ ਸਿੰਘ ਮਗ ਚਲਤਿ ਬਿਲੋਕੇ।
ਦਯਾ ਸਿੰਘ ਕੋ ਕਹਿ ਕਰਿ ਰੋਕੇ।
'ਇਹ ਸਤਿਗੁਰ ਕੋ ਭੂਖਨ ਕੋਈ।
ਲਾਲੀ ਲਗੇ ਦਮਕ ਬਹੁ ਹੋਈ ॥੧੭॥
ਵਾਹਿਗੁਰੂ ਮੁਖ ਉਚਰਤਿ ਚਲੋ।
ਦੇਖਹੁ ਨਿਕਟ ਹੋਇ ਪ੍ਰਭੁ ਮਿਲੋ।'
ਮਾਨ ਸਿੰਘ ਤਬਿ ਗਯੋ ਨਜੀਕੇ।
ਦੇਖਹਿ ਕਹਾਂ[1], -ਪਰੇ ਪ੍ਰਿਯ ਜੀ ਕੇ[†]- ॥੧੮॥

[1]ਕੀਹ ਦੇਖਦਾ ਹੈ ਕਿ:-(ਅ) ਦੇਖਦਾ ਹੈ ਕਿ ਕਿਥੇ ਪਏ ਹਨ ਜੀਅ ਦੇ ਪਿਆਰੇ। [†]ਤਿੰਨ ਚਾਰ ਪਦ ਹਨ ਸਾਦੇ, ਪਰ ਕਿਸ ਕਮਾਲ ਦਾ ਵਲਵਲਾ ਭਰਿਆ ਹੈ ਇਨ੍ਹਾਂ ਵਿਚ ਕਵਿ ਕੁਲ ਚੂੜਾਮਣਿ ਭਾਈ ਸੰਤੋਖ ਸਿੰਘ ਜੀ ਨੇ, ਕਮਾਲ ਹੈ।

ਹੁਤੇ ਉਨੀਂਦੇ ਸ਼੍ਰਮ ਕੋ ਪਾਏ।
ਤਨ ਸੁਧਿ ਬਿਨ ਧਰਿ ਪਰ ਸੁਪਤਾਏ।
ਦੋਨਹੁਂ ਅਪਨੇ ਨਿਕਟ ਹਕਾਰੇ।
ਸੁਪਤ ਸੇਜ ਬਿਨ ਗੁਰੂ ਨਿਹਾਰੇ ॥੧੯॥
ਤੀਨਹੁਂ ਪਦ ਪੰਕਜ ਕਰਿ ਨਮੋ।
ਹੇਤ ਜਗਾਵਨ ਕੇ ਤਿਹ ਸਮੋਂ।
ਕਰਿ ਮਸਲਤਿ ਕੋ ਚਹੈਂ ਜਗਾਯੋ।
ਧਰਮ ਸਿੰਘ ਤਬਿ ਹਾਥ ਚਲਾਯੋ ॥੨੦॥
ਪਦ ਅਰਬਿੰਦ ਬੈਠਿ ਕਰਿ ਗਹੇ।
ਸਨੇ ਸਨੇ ਮਸਲਤਿ ਮ੍ਰਿਦੁ ਅਹੇ[1]।

[1]ਕੋਮਲਤਾ ਨਾਲ ਮਲਦਾ ਹੈ।

ਧਨੁਖ ਹਾਥ ਮਹਿਂ ਧਰੇ ਖਤੰਗ।
ਕਮਰਕਸਾ ਤਿਮ ਹੀ ਸਭਿ ਅੰਗ ॥੨੧॥
ਕਿਤਿਕ ਬਾਰ ਮਸਲੇ ਜਬਿ ਚਰਨਾਂ।
ਤਨਿ ਸੁਧਿ ਭਈ ਨੀਂਦ ਕਰਿ ਹਰਨਾ।

ਕਮਲ ਬਿਲੋਚਨ ਬਿਕਸੇ ਤੂਰਨ।
ਧਨੁਖ ਸੰਭਾਰ† ਉਠੇ ਗੁਰ ਪੂਰਨ ॥੨੨॥ †ਕਮਾਲ ਹੈ ਸਾਵਧਾਨਤਾ ਦਾ।
ਜਬਿ ਸੰਗੀ ਨਿਜ ਸਿੱਖ ਨਿਹਾਰੇ।
'ਆਇ ਸੁ ਪਹੁੰਚੇ ਇਹਾਂ', ਉਚਾਰੇ।
ਦਯਾ ਸਿੰਘ ਕਰ ਜੋਰਿ ਬਖਾਨੀ।
'ਸ਼੍ਰੀ ਗੁਰ ਮਹਾਰਾਜ ਬਲ ਖਾਨੀ! ॥੨੩॥
ਇਹਾਂ ਆਇ ਕਿਮ ਭੇ ਨਿਸ਼ਚਿੰਤ।
ਪਿਖਹੁ ਭਯੋ ਅਬਿ ਨਿਸ ਕੋ ਅੰਤ।
ਸੂਰਜ ਉਦੈ ਹੋਇ ਲੌਂ ਸਾਰੇ।
ਲਸ਼ਕਰ ਪਸਰਹਿ ਜਿਤ ਕਿਤ ਭਾਰੇ ॥੨੪॥
ਕੌਨ ਭਰੋਸਾ ਕਰਿ ਪਰ ਰਹੇ।
ਨਹਿਂ ਗਢ ਸੈਨਾ ਥਿਰਤਾ ਲਹੇ[1]। [1]ਨਾ ਕਿਲ੍ਹਾ ਹੈ ਨਾ ਸੈਨਾ ਹੈ ਜਿਸ ਆਸਰੇ ਇਸਥਿਤੀ ਪਾਈਏ।
ਕਰਹੁ ਉਪਾਇ ਜਥਾ ਬਨਿ ਆਵੈ।
ਨਤੁਰ ਪ੍ਰਕਾਸ਼ ਭਏ ਰਿਪੁ ਧਾਵੈਂ ॥੨੫॥
ਫੇਰ ਨ ਬਨਹਿ ਹੋਇ ਲਾਚਾਰੀ।
ਏਕ ਰਹੈ -ਮਰਿਬੇ ਕਜਾ ਮਾਰੀ[1]-।' [1]ਇੱਕੋ ਗੱਲ ਬਾਕੀ ਰਹਿ ਜਾਏਗੀ। ਮਰਨਾ ਯਾ ਮਾਰਨਾ।
ਸੁਨਿ ਕਰਿ ਪਿਖੀ, ਭਈ ਭੁਨਸਾਰੀ।
ਨਿਜ ਸਿੰਘਨਿ ਕੇ ਸੰਗ ਉਚਾਰੀ ॥੬॥
'ਅਬਿ ਉਪਾਇ ਨਹਿਂ ਕੋ ਬਨਿ ਆਵੈ।
ਚਰਨ ਫਾਲਸੇ[1]†, ਚਲ੍ਯੋ ਨ ਜਾਵੈ। [1]ਫਲੂਹੇ। †ਪਾ:-ਫਾਲਕੇ।
ਬਾਗ਼ ਬਿਲੋਕਹੁ ਸਨਮੁਖ ਜੋਈ।
ਇਸ ਮਹਿਂ ਚਲਹੁ ਰਹਹੁ ਥਿਰ ਹੋਈ ॥੨੭॥
ਜੇ ਸ਼ੱਤ੍ਰੂ ਗਨ ਕੋ ਬਨ ਮੇਲਾ[1]। [1]ਜੇ ਵੈਰੀਆਂ ਨਾਲ ਮੁਕਾਬਲਾ ਆ ਬਣਿਆਂ ਤਾਂ।
ਭਿੜਹਿਂ ਭੇੜ ਝੇਲਹਿਂ ਬਡ ਹੇਲਾ।
ਉਪਬਨ ਲੇਹੁ ਅੜਤਲਾ ਲਰਿਬੇ[1]। [1]ਆਸਰਾ ਲੜਨੇ ਲਈ। [ਪੰ:, ਅੜਤਲਾ=ਆੜ, ਓਟ]।
ਸ਼ੱਤ੍ਰੂ ਹਜ਼ਾਰਹੁਂ ਪ੍ਰਾਨਨਿ ਹਰਿਬੇ†' ॥੨੮॥ †ਸੂਰਮਤਾ ਤੇ ਅਹਿੱਲ ਦ੍ਰਿੜਤਾ ਦਾ ਕਮਾਲ ਹੈ।
ਭਯੋ ਪ੍ਰਕਾਸ਼ ਪਿਖੇ ਪਗ ਛਾਲੇ।
ਲਾਲ ਕਮਲ ਦਲ ਮੁਕਤਾ ਢਾਲੇ[1]। [1]ਕਮਲ ਦੇ ਲਾਲ ਪੱਤਿਆਂ ਉਪਰ ਮੋਤੀਆਂ ਵਾਂਗੂੰ।
ਦੋਨਹੁਂ ਚਰਨਨਿ ਪਰ ਅਸ ਪਰੇ।

ਪੋਇ ਲਰੀ[1] ਜਨ ਗੁੰਥਨਿ ਕਰੇ ॥੨੯॥
ਸੁਨਿ ਕਰਿ ਗਿਰਾ ਸਮੇਤ ਲਚਾਰੀ।
ਗੁਰ ਰਜਾਇ ਲਖਿ ਤੂਸ਼ਨ ਧਾਰੀ।
ਉਠੇ ਨਾਥ ਜਬਿ ਚਲਿਬੇ ਕਾਰਨ।
ਭਈ ਪੀਰ ਹੋਤਿ ਨ ਪਗ ਡਾਰਨ ॥੩੦॥
ਮਾਨ ਸਿੰਘ ਤਬਿ ਕੰਧ ਉਠਾਏ।
ਭਏ ਪ੍ਰਵੇਸ਼ ਬਾਗ਼ ਮਹਿ ਜਾਏ।
[1]ਹੁਤੋ ਨਿਕਟ, ਤਰੁਵਰ ਤਰ ਖਰੇ।
ਹਰੇ ਹਰੇ ਸੰਘਨਿ ਦਲ ਖਰੇ[੯] ॥੩੧॥
ਬੀਚ ਕੂਪ ਤਿਸ ਹਰਟ ਚਲੰਤਾ।
ਬੈਠੇ ਨਿਕਟ ਪਹੁੰਚਿ ਭਗਵੰਤਾ।
ਹੁਤੋ ਹਰਟ ਬਾਹਕ, ਤਿਨ ਹੇਰੇ।
-ਇਹ ਤੌਂ ਗੁਰ ਮਮ ਖਾਂਵਦ ਕੇਰੇ[1] ॥੩੨॥
ਸਿੱਖ ਗੁਲਾਬਾ ਹੁਤੋ ਮਸੰਦ।
ਤਿਸ ਕੋ ਕਾਮਾ ਬਾਗ਼ ਬਿਲੰਦ।
ਸਤਿਗੁਰ ਕੀ ਸੋ ਬਾਤ ਬਤਾਵਤਿ।
-ਕੁਛ ਕੇਸ਼ ਯੁਤ ਪੰਥ ਬਨਾਵਤਿ- ॥੩੩॥
ਸੁਨੇ ਹੁਤੇ ਤਿਨ ਪਤੇ ਅਗਾਰੇ।
ਅਨੁਮਾਨਤਿ ਸੋ ਚਿੰਨ੍ਹ ਨਿਹਾਰੇ।
-ਮਮ ਖਾਂਵਦ ਜੇ ਪਤੇ ਬਤਾਏ।
ਸੋ ਗੁਰ ਆਪ ਕਿ ਸਿਖ ਤਹਿ ਆਏ- ॥੩੪॥
ਇਮ ਮਨ ਜਾਨਿ ਪਿਖੇ ਗੁਰ ਬੈਸੇ।
ਤਜਿ ਕਰਿ ਕੂਪ ਚਲਤਿ ਕੋ ਤੈਸੇ।
ਧਾਇ ਸ਼ਿਤਾਬ ਗੁਲਾਬੇ ਪਾਸ।
ਮਿਲ੍ਯੋ ਜਾਇ ਸੁਧਿ ਕਰੀ ਪ੍ਰਕਾਸ਼ ॥੩੫॥
'ਸ਼੍ਰੀ ਗੁਰ ਆਪ ਕਿ ਸਿਖ ਗੁਰ ਕੇਰੇ।
ਉਪਬਨ ਪ੍ਰਵਿਸ਼ੇ ਹੋਤਿ ਸਵੇਰੇ।
ਕੇਸ਼ ਕਾਛ ਤੁਮ ਜਥਾ ਬਤਾਵਤਿ।

[1]ਲੜੀ ਪ੍ਰੋ ਕੇ।

[1]ਬਾਗ) ਨੇੜੇ ਹੀ ਸੀ, (ਜਿੱਥੇ) ਬਹੁਤੇ ਬ੍ਰਿੱਛ ਖੜੇ ਸਨ ਜਿਨ੍ਹਾਂ ਦੇ ਸਾਵੇ ਸਾਵੇ ਪੱਤਰ ਡਾਢੇ ਸੰਘਣੇ ਸਨ।

[1]ਮੇਰੇ ਸੁਆਮੀ ਦੇ ਗੁਰੂ ਜੀ ਹੈਨ।

ਸਗਰੇ ਚਿੰਨ੍ਹ ਤਿਨਹੁ ਮਹਿਂ ਪਾਵਤਿ ॥ ੩੬ ॥
ਉਠਹੁ ਬਿਲੋਕਹੁ ਲਿਹੁ ਸੁਧਿ ਸਾਰੀ।
ਚਲਿ ਕਰਿ ਪਰਖਹੁ ਕਰਹੁ ਚਿਨਾਰੀ।'
ਸੁਨਤਿ ਗੁਲਾਬਾ ਬਹੁ ਬਿਸਮਾਯੋ।
ਉਠਿ ਤੂਰਨ ਘਰ ਤੇ ਚਲਿ ਆਯੋ ॥ ੩੭ ॥
ਆਇ ਬਾਗ਼ ਮਹਿਂ ਕਹਾਂ ਨਿਹਾਰੇ।
-ਸ਼੍ਰੀ ਸਤਿਗੁਰ ਬੈਠੇ ਬਲਿ ਭਾਰੇ-।
ਨਮੋ ਕਰੀ ਸਿਰ ਧਰਿ ਪਰਿ ਟੇਕਾ।
ਪੁਨ ਬੂਝੇ ਪ੍ਰਭੁ ਜਲਧਿ ਬਿਬੇਕਾ ॥ ੩੮ ॥
'ਸੇਵਾ ਕਰਨ ਮੋਹਿ ਫੁਰਮਾਵਹੁ।
ਅਭਿਲਾਖਹੁ, ਕਹਿ ਅਬੈ ਮੰਗਵਾਹੁਂ[1]।'
ਸ਼੍ਰੀ ਮੁਖ ਤੇ ਤਿਹ ਸੰਗ ਉਚਾਰਾ।
'ਸੁੱਖਾ ਮਿਰਚਾਂ ਆਨਿ ਉਦਾਰਾ ॥ ੩੯ ॥
ਬਿਨਾ ਅਮਲ ਬਹੁ ਸਮਾ ਬਿਤੀਤਾ।
ਪਾਨ ਕਰੈਂ ਹੁਲਸੈ ਤਬਿ ਚੀਤਾ।'
ਸੁਨਤਿ ਗੁਲਾਬਾ ਤੂਰਨ ਗਯੋ।
ਜਾਇ ਬਜ਼ਾਰ ਖਰੀਦਨ ਕਿਯੋ ॥ ੪੦ ॥
ਜਬਿ ਗੁਰ ਉਪਬਨ ਬੈਠੇ ਜਾਇ।
ਕਾਮਾ ਗਮਨਜੋਂ ਪੁਰਿ ਸਹਿਸਾਇ।
ਖੁਸ਼ਕੀ ਅਰਕ ਦੂਧ ਤੇ[1] ਹੋਈ।
ਬਾਂਛਤਿ ਅਮਲ[1] ਪਿਯਨਿ ਤੇ ਸੋਈ ॥ ੪੧ ॥
ਬੂਝੇ ਤਬਿ ਭੀ ਸੰਗੀ ਤੀਨ।
ਸੁੱਖਾ ਕਿਸ ਕੇ ਨਿਕਟ ਕਹੀ ਨ।
ਮਾਨ ਸਿੰਘ ਕੇ ਥੋ ਕੁਛ ਪਾਲੇ।
ਸੁਨਿ ਕਰਿ ਗੁਰ ਤੇ ਖੋਲਿ ਨਿਕਾਲੇ ॥ ੪੨ ॥

[1]ਜੋ ਚਾਹੋ ਮੈਂ ਹੁਣੇ ਮੰਗਾ ਦਿਆਂ।

[1]ਅੱਕ ਦੇ ਦੁੱਧ ਤੋਂ।

[1]ਉਹ (ਅੱਕ) ਅਮਲ ਦੀ ਲੋੜ (ਵੇਲੇ) ਪੀਣ ਤੋਂ (ਹੋਈ) [ਬਾਂਛਤ ਅਮਲ=ਜਿਸ ਵੇਲੇ ਤਬੀਅਤ ਅਮਲ ਦੀ ਵਾਂਛਾ=ਲੋੜ ਪ੍ਰਤੀਤ ਕਰ ਰਹੀ ਸੀ]। (ਅ) ਪਰ ਸ਼ੁੱਧ ਪਾਠ 'ਅਬਾਂਛਤ ਅਮਲ' ਹੋਣਾ ਹੈ, ਲਿਖਾਰੀ ਦੀ ਕਲਮ ਉਕਾਈ ਹੈ। ਅੱਕ ਦਾ ਦੁੱਧ ਅਵਾਂਛਤ ਨਸ਼ਾ ਸੀ, ਉਸ ਨੇ ਖੁਸ਼ਕੀ ਕੀਤੀ। [ਅਵਾਂਛਤ ਅਮਲ=ਉਹ ਨਸ਼ਾ ਜੋ ਸਾਧਾਰਨ ਤੌਰ ਤੇ ਪੀਣ ਖਾਣ ਵਿਚ ਨਹੀਂ ਆਉਂਦਾ]।

ਥੋਰਾ ਹੁਤੋ ਤਜਾਰ ਕਰਿ ਦਯੋ।
ਤਿਖਾ ਸਹਿਤ ਸੋ ਪੀਵਨ ਕਯੋ।
ਹੁਇ ਪ੍ਰਸੰਨ ਬਰ ਦੇਵਤਿ ਜੋਵੈਂ[†]।
''[1]ਪੰਥ ਖਾਲਸੇ ਮਹਿਂ ਤੁਮ ਹੋਵੈਂ ॥੪੩॥
ਤੁਝ ਸਮ ਬੇਖ ਸੁਭਾਉ ਬਿਸਾਲੀ।
ਨਾਮ ਨਿਹੰਗ ਅਨੇਕ ਅਕਾਲੀ[੪]।'
ਇਸ ਪ੍ਰਕਾਰ ਇਕ ਘਟੀ ਬਿਤਾਈ।
ਚਾਹ ਅਮਲ ਕੀ ਰਹੀ ਤਦਾਈ ॥੪੪॥
ਸਿੰਘਨਿ ਸਭਿਨਿ ਸੁਚੇਤਾ ਧਾਰੇ।
ਆਨਨ ਪਾਨਨ ਪਾਇ[1] ਪਖਾਰੇ।
ਕਰਤਿ ਪ੍ਰਤੀਖਨ -ਮਾਦਕ[1] ਲਜਾਵੈ।
ਪਾਨ ਕਰੈਂ ਤ੍ਰਿਖ ਹਰਿ ਤ੍ਰਿਪਤਾਵੈਂ- ॥੪੫॥

[†]ਇਹ ਵਰਦਾਨ ਇਸ ਵੇਲੇ ਦਾ ਸੁੱਖੇ ਦੇ ਪ੍ਰੇਮੀਆਂ ਦੀ ਘਾੜਤ ਹੈ ਜੋ ਕਵੀ ਜੀ ਨੇ ਬਿਨ ਪੜਤਾਲੇ ਲਿਖ ਲਿਆ ਹੈ। ਵਿਸ਼ੇਸ਼ ਲਈ ਦੇਖੋ ਰੁਤ ੨ ਅੰਕ ੪੪ ਅੰਸੂ ੨੦ ਦੀ ਹੇਠਲੀ ਟੂਕ।

[1]ਪ੍ਰਸੰਨ ਹੋਕੇ (ਮਾਨ ਸਿੰਘ ਵਲ) ਤੱਕਦੇ ਹਨ ਤੇ ਵਰ ਦਿੰਦੇ ਹਨ:-ਤੇਰੇ (ਵਰਗੇ) ਪੰਥ ਖਾਲਸੇ ਵਿਚ ਅਨੇਕ ਅਕਾਲੀ ਹੋਣਗੇ ਜਿੰਨ੍ਹਾਂ ਦਾ ਤੇਰੇ ਵਰਗਾ ਵੇਸ (ਤੇ ਤੇਰੇ ਵਰਗਾ) ਉੱਤਮ ਸੁਭਾਵ ਹੋਵੇਗਾ, ਨਾਉਂ (ਉਹਨਾਂ ਦਾ) ਨਿਹੰਗ ਹੋਵੇਗਾ ਅਥਵਾ ਉਹਨਾਂ ਦਾ ਨਾਉਂ ਨਿਹੰਗ ਯਾ ਅਕਾਲੀ ਹੋਵੇਗਾ।

[1]ਮੁੱਖ ਤੇ ਹੱਥ ਜਲ ਨਾਲ।

[1]ਨਸ਼ੇ ਵਾਲੀ ਸ਼ੈ, ਇਥੇ ਮੁਰਾਦ ਸੁੱਖੇ ਤੋਂ ਹੈ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰੁਤੇ 'ਉਪਬਨ ਪ੍ਰਵੇਸ਼' ਪ੍ਰਸੰਗ ਬਰਨਨੰ ਨਾਮ ਚਤੁਰ ਚੱਤ੍ਵਾਰਿੰਸਤੀ ਅੰਸੂ ॥੪੪॥

੪੫. [ਮਾਛੀਵਾੜੇ। ਮਾਹੀ]

੪੪<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੬

ਦੋਹਰਾ:

ਸੁੱਖਾ ਮਿਰਚਾਂ ਤਜਾਰ ਕਰਿ, ਲਜਾਇ ਗੁਲਾਬਾ ਪਾਸ।
ਪੂਰਿ ਕਟੋਰਾ ਅੱਗ੍ਰ ਧਰਿ, ਗੁਰ ਉਠਾਇ ਤ੍ਰਿਖ ਨਾਸ਼[1] ॥੧॥ [1]ਤ੍ਰੇਹ ਦੂਰ ਕੀਤੀ।

ਨਿਸ਼ਾਨੀ ਛੰਦ:

ਸਰਦ ਨੀਰ ਬਰ ਪਾਨ ਤੇ
ਸਭਿ ਪਜਾਸ ਬਿਨਾਸ਼ੀ।
ਅਰਕਦੁਘਧ ਕੋ ਦੁਰਅਮਲ[1], [1]ਅਮਲ ਉਤਰ ਗਿਆ।
ਬਡ ਉਸ਼ਨ ਪ੍ਰਕਾਸ਼ੀ।
ਉਰ ਅਨੰਦ ਕਹੁ ਮਾਨ ਕਰਿ
ਉਠਿ ਚਹਜੋ ਪਯਾਨਾ।
ਚਰਨ ਫਾਲਰੇ ਬਹੁ ਪਰੇ
ਦੈਂ ਖੇਦ ਮਹਾਨਾ ॥੨॥
ਮਾਨ ਸਿੰਘ ਬਲਵੰਤ ਤਬਿ, ਬਲ ਸਾਥ ਉਠਾਏ।
ਗਏ ਸੌਚ ਹਿਤ ਕਰਨ ਤੇ, ਤਟ ਸਲਿਤਾ ਥਾਏ।
ਬਡੀ ਝੀਲ ਬੇਲਾ ਖਰਜੋ, ਨਹਿਂ ਦਿਖਤ ਨਜੀਕਾ।
ਕਾਹ, ਪਟੇਰਾ[1] ਆਦਿ ਤ੍ਰਿਣ, ਸੰਘਨ ਤਿਹ ਨੀਕਾ ॥੩॥ [1]ਕਾਹੀ ਤੇ ਦੱਭ ਯਾ ਦਿੱਭ। ਪਟੇਰਾ=ਇਕ ਪ੍ਰਕਾਰ ਦਾ ਲੰਮਾ ਘਾਹ ਜੋ ਪਾਣੀ ਦੇ ਕੰਢੇ ਤੇ ਥੋੜੇ ਪਾਣੀ ਵਿਚ ਹੁੰਦਾ ਹੈ, ਜਿਸ ਦੀਆਂ ਸਫਾਂ ਬੁਣਦੇ ਹਨ। [ਸੰਸ:, ਪਟੇਰਨ। ਹਿੰਦੀ ਪਟੇਰ]।
ਪ੍ਰਵਿਸੇ ਜਾਇ ਮਝਾਰ ਤਿਹ, ਕਰਿ ਸੌਚ ਪਯਾਨੇ।
ਉਪਬਨ ਕੋ ਆਵਨ ਲਗੇ, ਤ੍ਰਿਣ ਚੀਰ ਮਹਾਨੇ।
ਤਹਿਂ ਮਹਿਖੀ ਚਾਰਤਿ ਫਿਰਤਿ, ਇਕ ਮੂਰਖ ਮਾਹੀ[1]। [1]ਮੱਝੀ ਚਾਰਨ ਵਾਲਾ, ਛੇੜ।
ਆਵਤਿ ਗੁਰੂ ਬਿਲੋਕਿ ਤਿਸ, ਬਿਸਮਜੋ ਮਨ ਮਾਂਹੀ ॥੪॥
ਮਨ ਜਾਨੀ -ਇਹ ਸਿੰਘ ਹੈਂ, ਤਜਿ ਚਲੇ

ਲਰਾਈ।
ਮੈਂ ਅਬਿ ਕਰੌਂ ਪੁਕਾਰ ਕੋ, ਦੈ ਹੌਂ ਪਕਰਾਈ-।
ਇਮ ਨਿਸ਼ਚੈ ਕਰਿ ਉਚ ਧੁਨਿ, ਮੁਖ ਬਾਕ ਪੁਕਾਰਾ।
'ਸਿੰਘ ਪਲਾਏ ਜਾਤਿ ਹੈਂ, ਇਹ ਝੀਲ ਮਝਾਰਾ' ॥੫॥
ਸ਼੍ਰੀ ਗੁਰ ਬੋਲੇ 'ਧਰਮ ਸਿੰਘ, ਇਹ ਜਾਨ ਨ ਪਾਵੈ।
ਗਹਿ ਆਨਹੁ ਮਤਿ ਮੰਦ ਕੋ, ਨਹਿਂ ਰੌਰ ਉਠਾਵੈ।'
ਸੁਨਿ ਕੇਹਰਿ ਸਮ ਬੇਗ ਕਰਿ, ਪਕਰਜੋ ਤਤਕਾਲਾ।
ਆਨਜੋ ਸਤਿਗੁਰ ਕੇ ਨਿਕਟ, ਡਰ ਗਯੋ ਬਿਸਾਲਾ ॥੬॥
'ਕਹੁ ਕੁੱਟਣ[1] ਕੂਕਜੋ ਕਹਾਂ,, ਕਜਾ ਲੇਹੁ ਪੁਕਾਰੀ?
ਜੇ ਹਮ ਪਲਟਾ ਲੇਹਿਂ ਅਬਿ, ਦੈ ਹੈਂ ਤੁਹਿ ਮਾਰੀ।'
ਸੁਨਿ ਮਾਹੀ ਕਰ ਜੋਰਿ ਕੈ, ਮ੍ਰਿਦੁ ਬਾਕ ਉਚਾਰਾ।
'ਜਾਨਜੋਂ ਮੈਂ ਤੁਮ ਕੋ ਨਹੀਂ, ਗੁਰ ਆਪ ਉਦਾਰਾ ॥੭॥
-ਸਿੰਘ ਕਹੂੰ ਕੇ ਜਾਤਿ ਹੈਂ-, ਇਮ ਜਾਨਿ ਪੁਕਾਰਾ।
ਛਿਮਹੁ ਅਬਹਿ ਨਹਿਂ ਬੋਲਿ ਹੌਂ, ਪਿਖਿ ਦਰਸੁ ਤੁਹਾਰਾ।'
ਗੁਰੂ ਕਮਰ ਖੰਜਰ[1] ਤਬੈ, ਤਿਸ ਕੇ ਕਰ ਦੀਨੋ।
ਹੀਰੇ ਜਰੇ ਜਰਾਵ ਮੈਂ, ਜਿਹ ਕੀਮਤਿ ਪੀਨੋ ॥੮॥
'ਪੁੱਤ੍ਰ ਪੌਤ੍ਰ ਲਗਿ ਸਦਨ ਮਹਿਂ, ਕਰੀਅਹਿ

[1]ਭੜੂਏ।

[1]ਗੁਰੂ ਜੀ ਨੇ ਕਮਰ ਦਾ ਖੰਜਰ।

ਗੁਜ਼ਰਾਨਾ।
ਬੇਚਹਿਂ ਕਈ ਹਜ਼ਾਰ ਕੋ, ਧਨ ਪਾਇਂ ਮਹਾਨਾ।
ਨਹਿਂ ਬੋਲਹੁ, ਘਰ ਗਮਨ ਕਰਿ,, ਛੋਰਹਿਂ ਅਬਿ ਤੋਹੀ।'
ਸੁਨਿ ਕਰਿ ਮਾਹੀ ਨਮੋ ਕਰਿ, ਮੁਖ ਤੂਸ਼ਨਿ ਹੋਹੀ ॥ ੯ ॥
ਆਇ ਬਿਰਾਜੇ ਬਾਗ ਮਹਿਂ, ਦਿਨ ਸਕਲ ਬਿਤਾਯੋ।
ਸੰਧਜਾ ਸਮੈਂ ਬਿਲੋਕਿ ਕੈ, ਜਬਿ ਰਵਿ ਅਸਤਾਯੋ।
ਆਇ ਗੁਲਾਬਾ ਸੰਗ ਲੇ, ਗਮਨਜੋਂ ਘਰ ਮਾਂਹੀ।
ਹੁਤੋ ਚੁਬਾਰਾ ਸਦਨ ਪਰ, ਨਵ ਚਿਨਜੋ ਤਦਾਹੀ ॥ ੧੦ ॥
ਪ੍ਰਣ ਧਾਰਜੋ -ਗੁਰ ਕੇ ਚਰਨ, ਪੂਰਬ ਇਤ ਪਾਵੈਂ।
ਹਮ ਪੀਛੈ ਬਿਚ ਬਾਸਿ ਹੈਂ-, ਇਮ ਚਿਤ ਦ੍ਰਿੜਤਾਵੈ।
ਤਉ ਤੁਰਕ ਕੇ ਰਾਜ ਕਰਿ, ਡਰਪੰਤਿ ਘਨੇਰੇ।
ਦੁਤਿਯ ਪੰਜਾਬਾ ਭ੍ਰਾਤ ਤਿਹ,, ਲਾਚਾਰ ਬਡੇਰੇ ॥ ੧੧ ॥
ਸੁੰਦਰ ਏਕ ਪ੍ਰਯੰਕ ਤਬਿ, ਮੰਦਰ ਮਹਿਂ ਡਾਸਾ।
ਕਰਜੋ ਬਿਠਾਵਨ ਸਤਿਗੁਰੂ, ਆਚਰਜ ਬਿਲਾਸਾ।
ਖਾਨ ਪਾਨ ਸਭਿ ਬਿਧਿ ਕਰੇ, ਨਿਸ ਮਹਿਂ ਸੁਪਤਾਏ।
ਪ੍ਰਾਤਿ ਉਠੇ ਕਰਿ ਸੌਚ ਕੋ, ਜਲ ਘਨੋ ਅਨਾਏ ॥ ੧੨ ॥
ਕਰੀ ਰਦਨ ਧਾਵਨ[1] ਗੁਰੂ, ਮੁਖ ਕਮਲ

[1]ਦਾਤਣ।

ਪਖਾਰਾ।
ਪੁਨ ਚੌਂਕੀ ਪਰ ਖਰੇ ਹੁਇ, ਮੱਜਨ ਤਨ ਧਾਰਾ।
ਕਟ ਕੀ ਕਾਛ ਨਿਕਾਰ ਕਰਿ, ਤਹਿਂ ਨੀਚੇ ਡਾਰੀ।
ਆੜਬੰਦ† ਅੰਤਰ ਹੁਤੋ, ਦਿਢ ਕਸ ਜੋ ਸੁਧਾਰੀ ॥੧੩॥

†ਜਦੋਂ ਬੜਾ ਲੰਮਾ ਪੈਂਡਾ ਦੌੜਨਾ ਪਏ ਤਾਂ ਤੇੜ ਇਕ ਕਪੜਾ ਬੱਧਾ ਜਾਂਦਾ ਹੈ ਜੋ ਜਾਂਘੀਏ ਤੇ ਲੰਗੋਟ ਵਾਂਙ ਹੁੰਦਾ ਹੈ। ਇਸ ਨਾਲ ਬਹੁਤ ਦੌੜਨ ਵਿਚ ਸਹੂਲਤ ਹੁੰਦੀ ਹੈ ਤੇ ਕਈ ਖੇਚਲਾਂ ਤੋਂ ਬਚਾ ਹੁੰਦਾ ਹੈ। ਚਮਕੌਰ ਤੋਂ ਪੈਦਲ ਟੁਰਨ ਵੇਲੇ ਪਤਾ ਸੀ ਕਿ ਕਈ ਕੋਸ ਤ੍ਰਿਖੇ ਟੁਰਨਾ ਪੈਣਾ ਹੈ। ਜਾਪਦਾ ਹੈ ਕਿ ਇਸ ਲਈ ਪਹਿਲੋਂ ਹੀ ਕੋਈ ਕਪੜਾ ਲਕ ਨੂੰ ਕੱਸ ਪਾ ਦੇਣ ਵਾਲਾ ਬੰਨ੍ਹ ਲਿਆ ਹੈ ਜੋ ਐਤਨਾ ਪੈਂਡਾ ਦੌੜਨ ਕਰਕੇ ਮਾਸ ਵਿਚ ਖੁੱਭ ਗਿਆ ਸੀ।

ਸੋ ਆਮਿਖ ਮਹਿਂ ਖੁਭਿ ਰਹਜੋ, ਜਮਿ[1] ਸ਼੍ਰੋਣਤ ਸਾਥਾ।
ਰਹੇ ਨਿਕਾਸ ਨ ਨਿਕਸਤੋ, ਐਂਚਜੋਂ ਗਹਿ ਹਾਥਾ[1]।
ਤਬਹਿ ਗੁਲਾਬੇ ਕੋ ਕਹਜੋ, ਕਰਿ ਜਤਨ ਨਿਕਾਸੋ।
ਸਨੇ ਸਨੇ ਕਾਢਨ ਲਗਜੋ, ਹ੍ਵੈ ਕੈ ਬਹੁ ਪਾਸੋ ॥੧੪॥
ਸ਼ੰਕਤ ਚਿਤ ਗੁਰ ਨਗਨ ਤੇ, ਨਹਿਂ ਦ੍ਰਿਗ ਕਰਿ ਹੇਰੇ।
ਬਸਤ੍ਰ ਗਯੋ ਜਮ ਅਧਿਕ ਹੀ, ਨਿਕਸਿ ਨ ਜਿਸ ਬੇਰੇ[1]।
ਕਹਜੋ ਗੁਰੂ 'ਨਹਿਂ ਸ਼ੰਕ ਕਰਿ, ਅਵਲੋਕਿ ਨਿਕਾਸੋ।
ਪਿਤ ਸੁਤ ਦੋਸ਼ ਨ ਨਗਨ ਕੋ, ਨਹਿਂ ਕੀਜੈ ਸਾਂਸੋ[1]' ॥੧੫॥
ਤਊ ਗੁਲਾਬਾ ਸ਼ੰਕਤੋ, ਜਲ ਡਾਰਿ ਭਿਗੋਵੈ।
ਸਨੇ ਸਨੇ ਖਿਸਕਾਇ ਪਟ, ਨਿਕਸਾਇ ਸੁ ਜੋਵੈ।
ਜੁਗਲ ਉਰੂ ਤੇ ਐਂਚਿ ਕਰਿ, ਕਰਿ ਕਰਿ ਪਟ ਗੀਲਾ।
ਨੀਠ ਨੀਠ ਕਾਢਨ ਕਰਜੋ, ਪੁਨ ਪੁਨ ਕਰਿ

[1]ਜੰਮ ਗਿਆ ਸੀ।

[1]ਆਪਣੇ) ਹੱਥ ਨਾਲ (ਜਦ) ਫੜਕੇ ਖਿੱਚਿਆ ਤਾਂ ਖਿੱਚਣ ਤੇ ਬੀ ਨਾ ਨਿਕਲਿਆ।

[1]ਜਿਸ ਵੇਲੇ ਨਾ ਨਿਕਲਿਆ।

[1]ਸੰਸਾ ਨਾ ਕਰ।

ਢੀਲਾ ॥ ੧੬ ॥
ਅਪਰ ਕਾਛ ਪਹਿਰੀ ਬਹੁਰ, ਸਭਿ ਬਸਤ੍ਰ ਸਜਾਏ।
ਤਥਾ ਸ਼ਸਤ੍ਰ ਧਾਰਨ ਕਰੇ, ਬੈਠੇ ਤਿਸ ਥਾਂਏ।
ਖਾਨ ਪਾਨ ਤੈਸੇ ਕਰਜੋ, ਸੋ ਦਿਵਸ ਬਿਤਾਯੋ।
ਆਇ ਗੁਲਾਬੇ ਨਿਕਟ ਤਬਿ, ਕਰ ਜੋਰਿ ਅਲਾਯੋ ॥ ੧੭ ॥
'ਮਹਾਰਾਜ! ਕਜਾ ਅਸਨ ਅਬਿ, ਕਰਿਵਾਵੌਂ ਤਯਾਰਾ।
ਜਿਸ ਪਰ ਰੁਚਿ ਹੁਇ ਆਪ ਕੀ, ਸੋ ਬਨਹਿ ਅਹਾਰਾ।'
ਕਰਨ ਪਾਰਖਾ ਤਿਨਹੁ ਕੀ, ਗੁਰ ਹੁਕਮ ਬਖਾਨਾ।
'ਆਮਿਖ ਆਨਹੁ ਛਾਂਗ ਇਕ, ਝਟਕੈਂ ਨਿਜ ਪਾਨਾ[1]' ॥ ੧੮ ॥
ਤਬਹਿ ਗੁਲਾਬੇ ਖੋਜਿ ਕੈ, ਦੇ ਮੋਲ ਸੁ ਲਯਾਯੋ।
ਸ਼੍ਰੀ ਪ੍ਰਭੁ ਕੇ ਢਿਗ ਲੇ ਗਯੋ, ਤਹਿਂ ਖਰੇ ਟਿਕਾਯੋ।
ਤੁਪਕ ਮਾਰਿ ਝਟਕਾ ਕਰਜੋ, ਭਾ ਸ਼ਬਦ ਉਚੇਰੇ।
ਸੁਨਤਿ ਗੁਲਾਬਾ ਥਰਹਰਜੋ, ਬਿਦਤੈ ਨਰ ਹੇਰੇ[1] ॥ ੧੯ ॥
ਇਕਿ ਦਿਸ਼ ਹੁਤੋ ਪੜੋਸ ਕੋ, ਘਰ ਦਿਜ ਕੋ ਬਾਸਾ।
ਦੁਤਿਯ ਦਿਸ਼ਾ ਸੱਯਦ ਬਸੈ, ਬਹੁ ਨਿਕਟ ਅਵਾਸਾ।
ਬਿੱਪ੍ਰ ਬਿਲੋਕੇ ਉਕਸਿ ਕੈ, ਗੁਰ ਰੂਪ ਪਛਾਨੇ।
ਆਗੇ ਗਯੋ ਅਨੰਦਪੁਰਿ, ਤਹਿਂ ਦਰਸ਼ਨ

[1]ਆਪਣੀ ਹੱਥੀਂ ਝਟਕਾਵਾਂਗੇ।

[1]ਮਤਾਂ ਲੋਕੀਂ) ਦੇਖਣ ਲਈ ਆ ਜਾਣ (ਕਿ ਕਿਉਂ ਬੰਦੂਕ ਚੱਲੀ ਹੈ ਤਾਂ) ਗੱਲ ਖੁੱਲ੍ਹ ਜਾਵੇਗੀ।

ਠਾਨੇ ॥੨੦॥
ਡਾਰਿ ਪਤਾਸੇ ਥਲ ਮਹਿਂ, ਧਰਿ ਬੀਚ ਜਨੇਊ।
ਆਨ ਅਚਾਨਕ ਘਰ ਬਰਜੋ, ਨਹਿਂ ਰੋਕਜੋ ਕੇਊ।
ਗੁਰ ਕੋ ਆਸ਼ਿਖ ਦੇਇ ਕਰਿ,
ਧਰਿ ਥਾਲ ਅਗਾਰੀ।
ਪੰਚ ਮੁਹਰ ਨਿਜ ਹਾਥ ਲੇ,
ਪ੍ਰਭੁ ਤਿਸ ਮਹਿਂ ਡਾਰੀ ॥੨੧॥
ਪੁਨ ਅਸੀਸ ਕੋ ਬਿੱਪ੍ਰ ਦੇ, ਨਿਜ ਸਦਨ ਪਹੂਚਾ।
ਡਰੇ ਗੁਲਾਬ ਪੰਜਾਬ ਉਰ, ਨਹਿਂ ਬੋਲਤਿ ਊਚਾ।
-ਜਾਨ ਜਾਇ ਪੁਰਿ ਨਗਰ ਸਭਿ, ਮੁਝ ਆਨਿ ਗਹੈ ਹੈਂ।
ਜਤਨ ਛੁਟਨ ਕੋ ਪੁਨ ਕਹਾਂ, ਨਾਹਕ ਮਰਿ ਜੈਹੈਂ- ॥੨੨॥
ਆਮਿਖ ਕੋ ਕਰਿ ਪਾਕ ਤਬਿ, ਆਛੇ ਸੁਧਰਾਯੋ।
ਖਲਰੀ ਚਾਰੋਂ ਚਰਨ ਅਜ, ਇਕ ਥਾਨ ਟਿਕਾਯੋ।
ਕਿਤਿਕ ਸਮੈਂ ਬੀਤਯੋ ਜਬੈ, ਇਕ ਨਿਕਟ ਮਸੀਤਾ।
ਕਾਜ਼ੀ ਬਾਂਗ ਪੁਕਾਰ ਕਰਿ, ਬੋਲਯੋ ਨਿਰਭੀਤਾ ॥੨੩॥
ਸੁਨਿ ਸਤਿਗੁਰ ਉਠਿ ਪਲੰਘ ਤੈ, ਲੇ ਖਲਰੀ ਛਾਂਗਾ[1]।
ਪਗ ਸਿਰ ਬੀਚ ਲਪੇਟ ਕਰਿ[1], ਗਮਨੇ ਤਿਤ ਆਗਾ।
ਕੋਸ਼ਠ ਕੋਸ਼ਠ ਗਨ ਉਲੰਘਿ[1], ਪਹੁੰਚੇ ਤਹਿਂ ਜਾਈ।
ਖਰੋ ਪੁਕਾਰਤਿ ਬਾਂਗ ਜਹਿਂ, ਊਚੇ ਬਲ

[1]ਬੱਕਰੇ ਦੀ।
[1]ਪੈਰ ਤੇ ਸਿਰੀ (ਬੱਕਰੇ ਦੀ ਖੱਲ ਵਿਚ) ਲਪੇਟ ਕੇ।
[1]ਕੋਠੇ ਕੋਠੇ ਸਾਰੇ ਲੰਘਕੇ

ਲਾਈ ॥੨੪॥
ਤਿਸ ਕੇ ਸਿਰ ਕੋ ਤਾਕ ਕਰਿ,
ਮਾਰੀ ਤਤਕਾਲਾ।
ਪਗੀਆ ਉਤਰੀ ਧਰਿ ਪਰੀ,
ਭਾ ਕਸ਼ਟ ਬਿਸਾਲਾ।
ਕੋਸ਼ਠ ਕੋਸ਼ਠ ਪੰਥ ਜੋ, ਗੁਰ ਪਹੁੰਚੇ ਆਈ†।
ਇਤ ਉਤ ਕਾਜ਼ੀ ਦੇਖਿ ਕੈ, ਬਡ ਰੌਰ ਉਠਾਈ ॥੨੫॥
ਹਤਨਹਾਰ ਦੇਖ੍ਯੋ ਨਹੀਂ, ਤੂਸ਼ਨ ਮੁਖਧਾਰੀ।
ਬਿਸਮਾਨ੍ਯੋਂ ਚਿਤਵਤਿ ਭਯੋ, -ਨਭ ਤੇ ਕਿਨ ਮਾਰੀ-।
ਖਲਰੀ ਵਹਿਰ ਮਸੀਤ ਤੇ, ਤਤਕਾਲ ਬਗਾਈ।
ਮਾਰਿ ਖਾਇ ਮਤਿਮੰਦ ਤਬਿ, ਪੁਨ ਮੋਨ ਰਹਾਈ ॥੨੬॥
ਭੂਲ੍ਯੋ ਬਾਂਗ ਨਿਵਾਜ਼ ਕੋ, ਨਿਜ ਸਦਨ ਸਿਧਾਰਾ।
ਇਤ ਸਤਿਗੁਰ ਅਚਵਨ ਲਗੇ, ਭਾ ਤਯਾਰ ਅਹਾਰਾ।
ਛਾਂਗ ਮਾਸ ਕੋ ਅਚਵਤੇ, ਤਿਸ ਅਸਥਿ ਬਗਾਵੈਂ।
ਦਿਜ ਅਰੁ ਸੱਯਦ ਕੇ ਸਦਨ, ਗਿਰ[1] ਨਾਦ ਉਠਾਵੈਂ ॥੨੭॥
ਬਿੱਪ੍ਰ ਬਿਲੋਕੇ ਜਾਨਿ ਸਭਿ, ਨਹਿਂ ਕਛੂ ਉਚਾਰੀ।
ਦੇਖਤਿ ਸੱਯਦ ਬਹੁ ਰਿਸ੍ਯੋ, ਬੋਲਤਿ ਦੇ ਗਾਰੀ।
'ਸੁਨਹੁ ਗੁਲਾਬੇ ਮੰਦਮਤਿ! ਹਮ ਪਰਦਾ ਢਾਕਾ।
ਸਿੰਘ ਦੁਰਾਏ ਸਦਨ ਮਹਿਂ, ਤੁਝ ਭੈ ਨਹਿਂ

†ਟੂਕ ਲਈ ਦੇਖੋ ਅਗਲੇ ਸਫੇ ਹੇਠਾਂ ਨਿਸ਼ਾਨ।

[1]ਡਿੱਗਣ ਨਾਲ।

ਕਾਂ ਕਾ ॥੨੮॥
ਹੋਨੇ ਦੇਹੁ ਪ੍ਰਭਾਤ ਕੋ, ਹਮ ਜਾਇ ਪੁਕਾਰੈਂ।
ਪਾਤਿਸ਼ਾਹ ਕੇ ਲਜਾਇੰ ਨਰ, ਘਰ ਤੋਹਿ ਦਿਖਾਰੈਂ।
ਪੇਟ ਚਾਕ[1] ਤੁਵ ਕੁਟੰਬ ਕੋ, ਗਹਿ ਸੋ ਕਰਿਵਾਵੈਂ।
ਹਮਰੇ ਘਰ ਮਹਿਂ ਅਸਥਿ ਇਹ, ਨਿਰਭੈ ਗਿਰਵਾਵੈਂ' ॥੨੯॥
ਤਬਹਿ ਗੁਲਾਬ ਪੰਜਾਬ ਡਰਿ, ਤਿਨ ਢਿਗ ਕਰ ਜੋਰੇ।
'ਕਰਹੁ ਛਿਮਾ ਤੁਮ ਆਜ ਕੀ, ਇਹ ਗਮਨੈਂ ਭੋਰੇ।
ਸਦਾ ਪੜੋਸੀ ਬਸਹੁ ਢਿਗ,
ਇਹ ਕਰਹੁ ਅਸਾਨਾ।
ਹਮ ਅਧੀਨ ਤੁਮਰੇ ਰਹੈਂ,
ਰਹੁ ਪੀਰ ਮਹਾਨਾ[1]' ॥੩੦॥
ਨਹਿਂ ਬਰਜੇ ਤੇ ਜਬਿ ਹਟੇ,
ਗੁਰ ਮੁਹਰ ਬਗਾਈ।
ਪਰੀ ਸਦਨ ਮਹਿਂ ਦੇਖਿ ਕੈ,
ਬੀਨਤਿ ਸਮੁਦਾਈ।
ਅਧਿਕ ਦਰਬ ਕੇ ਲੋਭ ਮਹਿਂ,
ਲੇ ਤੁਸ਼ਨਿ ਹੋਏ।
ਨਹਿਂ ਉਕਸੇ ਬੋਲੇ ਨ ਪੁਨ,
ਪਰਿ ਘਰ ਮਹਿਂ ਸੋਏ[†] ॥੩੧॥
ਇੱਤਜਾਦਿਕ ਕਹਿ ਲੋਭ ਦੇ,
ਰਿਸ ਤਿਨਹੁं ਬਿਨਾਸ਼ੀ।
ਘਰ ਮਹਿਂ ਬਰ ਮਸਲਤ ਕਰੀ,
ਨਰ ਨਾਰਿਨਿ ਤ੍ਰਾਸੀ[1]।

[1]ਪੇਟ ਪਾੜਨਾ।

[1]ਤੁਸੀਂ ਪੀਰ ਹੋ ਵੱਡੇ।

[†]ਕਵਿ ਜੀ ਸਤਿਗੁਰੂ ਜੀ ਦੀ ਨਿਰਭੈਤਾ ਦਿਖਾ ਰਹੇ ਹਨ, ਇਕ ਪਾਸੇ ਇਸ ਦਸ਼ਾ ਵਿਚ ਭੀ ਅਭੈ ਹਨ, ਦੂਜੇ ਪਾਸੇ ਆਪਣੇ ਸੇਵਕ ਤੇ ਮਿਹਰ ਕਰਨੀ ਹੈ ਉਸ ਦੀ ਕਸਵਟੀ ਹੋ ਰਹੀ ਹੈ, ਤੀਜੇ ਪਾਸੇ ਨੀਤੀ ਟੁਰ ਰਹੀ ਹੈ, ਆਂਢ ਗੁਆਂਢ ਦੇ ਲੋਕ ਪਛਾਣ ਲਏ ਹਨ ਕਿ ਲੋਭੀ ਹਨ, ਪਰਦਾ ਢੱਕੀ ਰੱਖਣਗੇ, ਪਰ ਥੋੜਾ ਕਾਲ, ਜਦੋਂ ਵਧੇਰੇ ਲੋਭ ਮਿਲਿਆ ਤਾਂ ਇਹ ਇਤਬਾਰ ਯੋਗ ਪੜੋਸ ਨਹੀਂ ਹੈ।

[1]ਭਾਵ ਗੁਲਾਬੇ ਦੇ ਘਰ ਦੇ ਮਨੁੱਖ ਤੇ ਤੀਵੀਆਂ ਡਰੀਆਂ

ਹੋਈਆਂ ਨੇ ਸਲਾਹ ਕੀਤੀ।

'ਬਡੀ ਨਿਸਾ ਤੇ ਆਜ ਉਠਿ,
ਗੁਰ ਰੁਖਸਦ ਕੀਜੈ।
ਛਪੇ ਰਹੈਂ ਨਹਿਂ ਡਰ ਰਹੈਂ[1],
ਤੁਮ ਆਪ ਬਚੀਜੈ' ॥੩੨॥
ਇੱਤਜਾਦਿਕ ਗਿਣਤੀ ਗਿਨੀ,
ਸਭਿ ਧੀਰਜ ਖੋਈ।
ਦੇਤਿ ਕਸੌਟੀ ਗੁਰੂ ਜੀ,
ਸਹਿ ਸਕੈ ਨ ਕੋਈ।
ਗੁਰ ਪ੍ਰਸਾਦਿ ਛਕਿ ਲੀਨ ਤਬਿ,
ਜਲ ਪਾਨ ਪਖਾਰੈ।
ਥਿਕ ਪ੍ਰਯੰਕ ਪਰ ਗੁਰ ਭਏ,
ਕਿਸ ਤ੍ਰਾਸ ਨ ਧਾਰੇ ॥੩੩॥

[1]ਨਾਂ ਛਪਕੇ ਰਹਿੰਦੇ ਹਨ ਤੇ ਨਾਂ ਹੀ ਡਰਦੇ ਹਨ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰੁਤੇ 'ਮਾਛੀ ਵਾਰੇ' ਪ੍ਰਸੰਗ ਬਰਨਨੰ ਨਾਮ ਪੰਚੱਤ੍ਵਾਰਿੰਸਤੀ ਅੰਸੂ ॥੪੫॥

੪੬. [ਉੱਚ ਦੇ ਪੀਰਾਨ ਪੀਰ]

੪੫<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੭

ਦੋਹਰਾ:

ਪਸਰੀ ਸੈਨਾ ਤੁਰਕ ਕੀ, ਚਹੁਂ ਦਿਸ਼ ਮਹਿਂ ਪੁਰਿ ਗ੍ਰਾਮ।
ਦਸ ਹਜ਼ਾਰ ਪਹੁਂਚਜੋ ਇਤੇ, ਗੁਰ ਖੋਜਨਿ ਕੇ ਕਾਮ ॥੧॥

ਸ੍ਵੈਯਾ ਛੰਦ:

ਨਬੀ ਗ਼ਨੀ ਖ਼ਾਂ ਤਿਸ ਹੀ ਦਲ ਮਹਿਂ
ਗੁਰ ਕੀ ਤਨਕ ਭਨਕ[1] ਸੁਨਿ ਕਾਨ। [1]ਥੋੜੀ ਜਿਹੀ ਕਣਸੋ।
ਖੋਜਤਿ ਪੁਰਿ ਮਹਿਂ ਇਤ ਉਤ ਘਰ ਫਿਰ
ਦੂਰ ਦੂਰ ਸਭਿ ਤੇ ਚਹਤਿ ਪਛਾਨ।
ਆਗੇ ਗੁਰ ਢਿਗ ਰਹੇ ਬਹੁਤ ਚਿਰ
ਬੇਚੇ ਆਨਿ ਮਹਾਨ ਕਿਕਾਨ[1]। [1]ਘੋੜੇ।
ਕੁਛਕ ਚਾਕਰੀ ਭੀ ਤਬਿ ਕੀਨੀ
ਲੀਨਿ ਦਰਬ ਕੋ ਕਰਿ ਗੁਜ਼ਰਾਨ ॥੨॥
ਸਿਮਰਨ ਸਮੈਂ ਕਰਜੋ[1] ਸੋ ਮਨ ਮਹਿਂ [1]ਸੋ ਸਮਾਂ ਯਾਦ ਕੀਤਾ।
ਚਾਹਜੋ ਚਿਤ ਮਹਿਂ ਭਲੋ ਬਿਚਾਰ।
-ਹਮ ਤੇ ਸਰੈ ਸੇਵ ਸਤਿਗੁਰ ਕੀ
ਯਾਂ ਤੇ ਨੀਕੀ ਅਪਰ ਨ ਕਾਰ-।
ਸਦਨ ਗੁਲਾਬੇ ਕੇ ਤਬਿ ਆਏ
ਸੁਨਿ ਸ਼੍ਰੀ ਪ੍ਰਭੁ ਨੇ ਲੀਏ ਹਕਾਰ।
ਦਰਸ਼ਨ ਤੇ ਅਭਿਬੰਦਨ ਕਰਿ ਕੈ
ਬੈਠਿ ਗਏ ਢਿਗ ਕੀਨਿ ਉਚਾਰ ॥੩॥
'ਹਮ ਰਾਵਰ ਕੇ ਚਾਕਰ ਤਿਮ ਹੀ
ਜਿਮ ਆਗੇ ਤੁਮ ਕਰਤੇ ਕਾਰ[1]। [1]ਆਪਦੀ ਸੇਵਾ ਜਿਵੇਂ ਅੱਗੇ ਕਰਦੇ ਰਹੇ ਸਾਂ।
ਅਬਿ ਜੋ ਉਚਿਤ ਹੋਇ ਫੁਰਮਾਵਹੁ
ਕਰਹਿਂ ਸੁ ਹਮ ਨਹਿਂ ਕੋ ਤਕਰਾਰ[1]।' [1]ਮੁਰਾਦ ਹੈ ਕਿ ਕਿਸੇ ਗੱਲੋਂ ਇਨਕਾਰ ਨਹੀਂ।
ਸੁਨਿ ਗੁਰ ਭਨਜੋਂ 'ਰਹਹੁ ਢਿਗ ਹਮਰੇ,
ਗਮਨਹਿਂ ਸੰਗ ਚਲੋ ਹਿਤ ਧਾਰਿ।
ਜਬਿ ਹਮ ਖੁਸ਼ੀ ਦੇਹਿਂ ਤਬਿ ਹਟੀਅਹਿ,
ਕਾਰਜ ਇਹੀ ਦਿਵਸ ਦੋ ਚਾਰ' ॥੪॥
ਮਾਨਿ ਬੈਨ ਕੋ ਬੋਲੇ 'ਬਿਹਤਰ[1] !' [1]ਅੱਛੀ ਗੱਲ ਜੀ!
ਰਹੇ ਕਿਸੀ ਕੇ ਘਰ ਤਬਿ ਜਾਇ।

ਸੁਪਤੇ ਸਤਿਗੁਰ ਬਹੁਰ ਜਾਮਨੀ
ਆਪ ਆਪਨੇ ਸਿਖ ਸਭਿ ਥਾਂਇ।
ਸਹਿਤ ਕੁਟੰਬ ਗੁਲਾਬਾ ਸੁਪਤਜੋ
-ਤੁਰਕ ਪਕਰਿ ਲੇ ਦੇਹਿਂ ਸਜ਼ਾਇ-।
ਤ੍ਰਾਸ ਧਰੇ ਉਰ, ਜਾਗਤਿ ਬੈਠਜੋ-
ਗੁਰ ਕੋ ਰੁਖਸਦ ਕਰੌਂ ਬਨਾਇ- ॥੫॥
ਸਵਾ ਜਾਮ ਜਬਿ ਰਹੀ ਜਾਮਨੀ
ਪੰਚ ਰਜਤਪਣ ਲੇ ਇਕ ਥਾਨ।
ਸਤਿਗੁਰ ਸੁਪਤ ਜਗਾਵਨ ਕੀਨੇ
ਆਗੇ ਧਰਿ ਕਰਿ ਜੋਰੇ ਪਾਨ।
ਪਿਖਿ ਬਿਦਾਇਗੀ ਸਤਿਗੁਰ ਬੋਲੇ
'ਕਹਾਂ ਗੁਲਾਬਾ ਤੈਂ ਕ੍ਰਿਤਿ ਠਾਨਿ।
ਧੀਰਜ ਧਰਹੁ ਨ ਭਰਮਹੁ ਉਰ ਮਹਿਂ
ਪੂਰਬ ਸਮਸਰ ਬਨਿ ਸਵਧਾਨ' ॥੬॥
'ਸ਼੍ਰੀ ਸਤਿਗੁਰ ਤੁਮ ਸਮਰਥ ਸਭਿ ਬਿਧਿ
ਮੈਂ ਗ਼ਰੀਬ ਅਬਿ ਮਾਰਜੋ ਜਾਇ।
ਗਹੈਂ ਤੁਰਕ ਲੈ ਕੈਦ ਕਰਹਿਂਗੇ
ਸਭਿ ਕੁਟੰਬ ਜੁਤਿ ਦੇਹਿਂ ਸਜ਼ਾਇ।'
ਤ੍ਰਸਤਿ ਰਿਦੈ ਪਿਖਿ[1] [†]ਸਤਿਗੁਰੂ ਬੋਲੇ
'ਅਹੋ ਗੁਲਾਬਾ ! ਨਹਿਂ ਭਰਮਾਇ।
ਜਿਹ ਗੁਰ ਡਾਢੇ ਤਿਹ ਸਿਖ ਡਾਢੇ
ਲਗਨ ਨ ਪਾਵੈ ਤਾਤੀ ਵਾਇ' ॥੭॥
[1] 'ਸ਼੍ਰੀ ਸਤਿਗੁਰ ਤੁਮ ਸਮਰਥ ਬਡ ਬਲ
ਮੈਂ ਮਾੜੋ, ਕਿਮ ਹ੍ਵੈ ਨ ਬਚਾਇ।
ਬਹੁਰ ਉਪਾਇ ਨ ਕੋ ਬਨਿ ਆਵੈ
ਜਬਿ ਪੁਰਿ ਮਹਿਂ ਹੋਵਹੁ ਬਿਦਤਾਇ।'
ਪੁਨ ਪ੍ਰਭੁ ਭਨਜੋ ਨਹੀਂ ਤੁਮ ਮਾੜੋ,
ਗੁਰੂ ਪੀਨ[1] ਤੁਹਿ ਪੀਨ ਬਨਾਇ।
ਬੰਕੋ ਬਾਰ ਨ ਹੋਵਨ ਪਾਵੈ
ਅੰਗ ਸੰਗ ਨਿਤ ਬਨਹਿਂ ਸਹਾਇ' ॥੮॥
ਬਹੁਰ ਗੁਲਾਬੇ ਡਰ ਧਰਿ ਭਾਖਜੋ
'ਮੈਂ ਮਾੜੋ ਨਹਿਂ ਬਚਿਬੋ ਹੋਇ।'

[1]ਉਸਦਾ) ਦਿਲ ਡਰਿਆ (ਦੇਖਕੇ)। [†]ਪਾ:-ਤ੍ਰਸਤਿ ਰਿਦੇ ਤੇ।

[1]ਗੁਲਾਬਾ ਬੋਲਿਆ।

[1]ਤਕੜਾ।

ਸੁਨਿ ਪ੍ਰਭੁ ਕਹਯੋ 'ਰਹਹੁ ਤੁਮ ਮਾੜੇ
ਪਦ ਜੋਰਾਵਰ[1] ਲਿਯੋ ਨ ਕੋਇ।'
ਜਬਿ ਸਤਿਗੁਰ ਕੁਰਖੇਤਰ ਗਮਨੇ
ਉਤਰ ਤਬਿ ਚਮਕੌਰ ਸੁ ਜੋਇ।
ਹੁਤੋ ਨਿਹਾਲਾ ਗ੍ਰਾਮ ਚੌਧਰੀ
ਸੇਵਾ ਕਰੀ ਭਾਉ ਧਰਿ ਸੋਇ ॥ ੯ ॥
ਸੁਨਿ ਸੁਨਿ ਸੰਗਤਿ ਦਰਸ਼ਨ ਕੇ ਹਿਤ
ਮਿਲੀ ਆਇ ਲੇ ਅਨਿਕ ਅਕੋਰ।
ਮਾਛੀਵਾਰੇ ਕੀ ਖੱਤ੍ਰਾਣੀ
ਸੁਨਿ ਪਹੁੰਚੀ ਉਰ ਪ੍ਰੇਮ ਨਿਹੋਰਿ।
ਸੂਖਮ ਬਸਤ੍ਰ ਥਾਨ ਇਕ ਆਨਜੋਂ
ਅਰਪਜੋ ਨਮੋ ਕਰੀ ਕਰ ਜੋਰਿ।
ਸ਼੍ਰੀ ਮੁਖ ਤੇ ਪਿਖਿ ਕਰਿ ਫੁਰਮਾਯਹੁ
'ਸਿੱਖਣੀਏ ! ਜਾਚਹੁ ਚਿਤ ਲੋਰਿ' ॥ ੧੦ ॥
ਕਰਿ ਬੰਦਨ ਖੱਤ੍ਰਾਣੀ ਭਾਖਜੋ
'ਪਾਤਸ਼ਾਹੁ ਮੇਰੀ ਅਰਦਾਸ।
ਭਈ ਬ੍ਰਿਧਾ, ਮੈਂ ਗਮਨਜੋ ਜਾਇ ਨ,
ਕਿਮ ਪਹੁੰਚੌਂ ਰਾਵਰ ਕੇ ਪਾਸ।
ਸੂਖਮ ਸੂਤ ਕਾਤ ਕਰਿ ਨਿਤ ਹੀ
ਭੇਟ ਦੇਤਿ ਮੈਂ ਸੁੰਦਰ ਬਾਸ[1]।
ਕਿਮ ਦਰਸ਼ਨ ਮੁਝ ਪ੍ਰਾਪਤਿ ਹੋਵਹਿ,
ਇਹ ਕਿਮ ਪੂਰਨ ਹੋਵੈ ਆਸ' ॥ ੧੧ ॥
ਸੁਨਿ ਗੁਰ ਕਹਯੋ 'ਬਸਤ੍ਰ ਹਮ ਲੈ ਹੈਂ
ਜਹਿਂ ਤੂੰ ਬਸਹਿਂ ਤਿਸੀ ਪੁਰਿ ਆਇ।
ਕਾਤ ਬਨਾਇ ਤਯਾਰ ਕਰਿ ਰਹੀਯਹਿ
ਪਹਰੈਂਗੇ ਨਿਜ ਅੰਗ ਸਜਾਇ।
ਮਹਾਂ ਪ੍ਰਸਾਦ ਅਚਹੁ ਲੇ ਹਮ ਤੇ'
ਇਮ ਕਹਿ ਸਤਿਗੁਰ ਦਿਯੋ ਸੁ ਖਾਇ।
ਹੁਇ ਅਨੰਦ ਪੁਰ ਸਦਨ ਸਿਧਾਰੀ[1]
ਕਾਤ ਬਸਤ੍ਰ ਤਿਨ ਧਰਯੋ ਬਨਾਇ
॥ ੧੨ ॥

[1]ਤਕੜਾਈ ਦੀ ਪਦਵੀ।

[1]ਬਸਤਰ।

[1]ਇਥੋਂ ਤਾਈਂ ਮਾਛੀਵਾੜੇ ਦੀ ਖੱਤ੍ਰਾਣੀ ਦਾ ਪਿਛਲਾ ਪ੍ਰਸੰਗ ਕਿਹਾ ਹੈ ਜਦੋਂ ਕੁਰਖੇਤਰ ਤੋਂ ਮੁੜਦਿਆਂ ਸਤਿਗੁਰਾਂ ਨੂੰ ਓਹ ਚਮਕੌਰ ਮਿਲੀ ਸੀ।

ਤਿਸ ਕੋ ਕਹਜੋ ਹੁਤੋ ਜਿਮ ਪੂਰਬ
ਸੋ ਸਿਮਰਨ ਕਰਿ ਗੁਰ ਤਿਸ ਕਾਲ।
ਕਹਜੋ ਗੁਲਾਬੇ ਸੋਂ ਤਿਸ ਛਿਨ ਮਹਿਂ
'ਛੱਤ੍ਰਾਣੀ ਜੋ ਬ੍ਰਿਧਾ ਬਿਸਾਲ।
ਕਰਹੁ ਹਕਾਰਨ ਸੰਗ ਸੁ ਆਨਹੁ
ਤਿਸ ਕੀ ਪੁਰਹਿਂ ਕਾਮਨਾ ਹਾਲ[1]।
ਸੁਨਤਿ ਹੁਕਮ ਕੋ ਗਯੋ ਤੁਰਤ ਤਬਿ
ਜਹਾਂ ਸਦਨ ਥੋ ਖੋਜਿ ਉਤਾਲਾ ॥ ੧੩ ॥
ਭੇਤ ਬਤਾਯਹੁ ਸਕਲ ਗੁਰੂ ਕੋ,
ਸੁਨਿ ਹਰਖੀ ਪਰਖੀ ਸਭਿ ਬਾਤ।
ਸੂਖਮ ਬਸਤ੍ਰ ਥਾਨ ਦ੍ਵੈ ਲੈ ਕਰਿ
ਚਲਿ ਆਈ ਬਿਰਧਾ ਉਤਲਾਤਿ।
ਧਰਿ ਅਕੋਰ, ਕਰ ਜੋਰਿ ਨਮੋ ਕਰਿ,
ਹੇਰਿ ਹੇਰਿ ਕਰਿ ਸੁੰਦਰ ਗਾਤ।
ਅਧਿਕ ਮੁਦਤਿ ਮਨ ਪ੍ਰੇਮ ਉਦਤਿ ਹੁਇ
'ਧੰਨ ਭਾਗ ਮੈਂ ਪਿਖਿ ਸੱਖਜਾਤ' ॥ ੧੪ ॥
ਗੁਰ ਪ੍ਰਸੰਨ ਹੁਇ ਕਹਜੋ ਤਾਂਹਿ ਕੋ
'ਭੇਟ ਅੰਤ ਕੀ ਹਮ ਨੇ ਲੀਨ।
ਅੰਤ ਸਮਾਂ ਪੂਨਜੋ ਅਬਿ ਤੇਰੋ,
ਤਜਿ ਤਨ ਉੱਤਮ ਪਦ ਕੋ ਦੀਨਿ।'
ਕਰਿ ਦਰਸ਼ਨ ਕੋ ਗਮਨੀ ਸੋ ਪੁਨ
ਬਾਕ ਗੁਲਾਬੇ ਸਨ ਗੁਰ ਕੀਨ।
'ਸਿਯਨਹਾਰ ਤੇ ਤੁਰਤ ਸਿਵਾਵਹੁ,
ਗੁਰ ਪੈਰਾਹਨ ਬਨੈ ਨਵੀਨ' ॥ ੧੫ ॥
ਸੁਨਿ ਕਰਿ ਜਾਇ ਤਜਾਰ ਕਰਿਵਾਯਹੁ
ਏਕ ਚਾਦਰਾ ਅਰੁ ਗੁਰ ਚੀਰ[1]।
ਬਹੁਰ ਕਹਜੋ 'ਕਰਿ ਸ਼ਜਾਮ ਬਰਨ ਪਟ
ਲੇ ਕਰਿ ਆਵਹੁ ਹਮਰੇ ਤੀਰ।'
ਨਬੀ ਗ਼ਨੀ ਖਾਂ ਤਬਿ ਚਲਿ ਆਏ
ਨਿਕਸਨ ਭੇਵ ਕਹਜੋ ਗੁਰ ਧੀਰ।
'ਲੇਹੁ ਪ੍ਰਯੰਕ ਉਠਾਇ ਸੀਸ ਪਰ
ਉਲੰਘਹਿਂ ਤੁਰਕਨ ਭੀਰ ਬਹੀਰ' ॥ ੧੬ ॥

[1]ਹੁਣੇ ਹੀ।

[1]ਗਲ ਦਾ ਬਸਤਰ।

ਸੁੰਦਰ ਲੀਨ ਪ੍ਰਯੰਕ ਏਕ ਤਬਿ
ਸੂਖਮ ਆਸਤਰਨ ਤੇ ਛਾਇ।
ਚਹੁੰ ਪਾਵਨ ਸਨ ਪੰਖ ਮੋਰ ਕੇ
ਬਾਂਧੇ ਆਛੀ ਰੀਤ ਬਨਾਇ।
ਅਪਰ ਛਰੀ ਬਾਂਧੀ ਸੰਗ ਤਿਨ ਕੇ
ਹਿਤ ਛਾਇਆ ਕੇ ਚਾਰਹੁਂ ਥਾਇ।
ਮੁੱਠਾ ਏਕ ਮੋਰ ਪਰ ਕੇਰਾ[1] — [1]ਮੋਰ ਦੇ ਖੰਭਾਂ ਦਾ।
ਇੱਤਯਾਦਿਕ ਤਯਾਰੀ ਕਰਿਵਾਇ ॥੧੭॥
ਬਸਤ੍ਰ ਤਯਾਰ ਕਰਿ ਲਯਾਇ ਗੁਲਾਬਾ
ਗਰੇ ਪਿਰਾਹਨ ਸਤਿਗੁਰ ਪਾਇ।
ਦੀਰਘ ਲਿਯੋ ਚਾਦਰਾ ਊਪਰ
ਹਾਜੀ ਅਪਨੋ ਰੂਪ ਬਨਾਇ।
ਨਹਿਂ ਦਸਤਾਰ ਸੀਸ ਪਰ ਰਾਖੀ
ਪੀਛੇ ਕੇਸ਼ ਦੀਏ ਲਰਕਾਇ।
ਛਾਦਿ ਚਾਦਰੇ ਸੋਂ ਦੁਤਿ ਪਾਵਤਿ
ਤਮ ਪਟ ਮਹਿਂ[1] ਮੁਖਚੰਦ ਸੁਹਾਇ — [1]ਕਾਲੇ ਕੱਪੜੇ ਵਿਚ।
॥੧੮॥
ਚੜ੍ਹਿ ਬੈਠੇ ਗੁਰ ਤਿਸ ਪ੍ਰਯੰਕ ਪਰ
ਸਿਰ ਪਰ ਚਾਰਹੁਂ ਲੀਨਿ ਉਠਾਈ।
ਨਬੀ ਗ਼ਨੀ ਖ਼ਾਂ ਆਗਲ ਪਾਵੇ
ਦੋਨਹੁਂ ਸਿਰ ਧਰਿ ਚਲਿ ਅਗਵਾਇ।
ਧਰਮ ਸਿੰਘ ਅਰੁ ਮਾਨ ਸਿੰਘ
ਜੁਗ ਪਾਛਲ ਪਾਵੇ ਸੀਸ ਧਰਾਇ।
ਦਯਾ ਸਿੰਘ ਮੁੱਠਾ ਕਰ ਧਾਰਜੋ
ਗਨ ਮੋਰਨ ਪਰ ਬੰਧ ਬਨਾਇ[1] ॥੧੯॥ — [1]ਮੋਰਾਂ ਦੇ ਬਹੁਤੇ ਪਰ ਬੰਨ੍ਹਕੇ।
ਨਿਕਸੇ ਪ੍ਰਥਮ ਬਜ਼ਾਰ ਪੰਥ ਕੋ
ਸਨੇ ਸਨੇ ਗਮਨੇ ਇਸ ਭਾਂਤਿ।
ਜੋ ਬੂਝੈ 'ਇਹ ਕੌਨ ਪ੍ਰਯੰਕ ਪਰ
ਕਿਤ ਤੇ ਆਏ ਕਿਤ ਕੋ ਜਾਤ?'
ਨਬੀ ਗ਼ਨੀ ਖ਼ਾਂ ਉੱਤਰ ਦੇਂ ਤਿਨ
'ਉੱਚ ਨਗਰ ਕੇ ਸੱਯਦ ਜ਼ਾਤ।
ਹਾਜੀ ਅਹੈਂ, ਹੱਜ ਕਰਿ ਆਏ,

ਮਨ ਕੀ ਮੌਜ ਸਹਿਤ ਬਿਚਰਾਤਿ[†]'
॥੨੦॥

[†]ਜੋ ਫਿਕਰਾ ਇਥੇ ਵਰਤਿਆ ਹੈ ਉਹ ਇਹ ਸੀ 'ਉੱਚ ਦੇ ਪੀਰਾਨ ਪੀਰ ਹਨ'। ਉੱਚ ਦੇ ਪੀਰਾਂ ਦਾ ਵਡਕਾ ਗੁਰੂ ਨਾਨਕ ਦੇਵ ਜੀ ਨੂੰ ਮੱਕੇ ਤੇ ਹਿੰਦ ਵਿਚ ਮਿਲਿਆ ਤੇ ਪਰਮ ਪ੍ਰੇਮੀ ਸੀ। ਤਦ ਤੋਂ ਉੱਚ ਦੇ ਪੀਰ ਕੇਸਾ ਧਾਰੀ ਸਨ; ਤੇ ਹਰਿ ਗੁਰੂ ਜੀ ਦੇ ਸਮੇਂ ਗੱਦੀ ਨਸ਼ੀਨ ਸਤਿਗੁਰਾਂ ਨੂੰ ਮਿਲਦੇ ਰਹੇ ਹਨ, ਭਾਵਨਾ ਰੱਖਦੇ ਰਹੇ ਹਨ। ਇਸੇ ਕਰਕੇ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਬੀ ਇਨ੍ਹਾਂ ਨਾਲ ਸਿੱਖਾਂ ਪਜ਼ਾਰ ਕੀਤਾ ਸੀ। ਸੋ ਗੁਰੂ ਜੀ ਉਨ੍ਹਾਂ ਦੇ ਪੀਰ ਸੱਚਮੁਚ ਸਨ। ਅਤੇ ਉਨ੍ਹਾਂ ਪੀਰਾਂ ਦਾ ਕੇਸ਼ਾਧਾਰੀ ਹੋਣਾ ਮਸ਼ਹੂਰ ਸੀ। ਇਸ ਕਰਕੇ ਸ਼ੱਤ੍ਰੂਆਂ ਨੂੰ ਬਹੁਤ ਸੰਸਾ ਨਹੀਂ ਸੀ ਪੈ ਸਕਦਾ। ਕਵੀ ਜੀ ਨੇ ਉਸ ਵੇਲੇ ਵਰਤੇ ਗਏ ਫਿਕਰੇ ਦਾ ਵਿਸਥਾਰ ਕਰਕੇ ਦੱਸਿਆ ਹੈ। ਏਥੇ ਅਗਲੇ ਅੰਸੂ ਦੇ ਅੰਕ ੨੧ ਵਿਚ ਕਵੀ ਜੀ ਆਪ 'ਪੀਰਾਨ ਪੀਰ' ਲਫਜ਼ ਏਸ ਵੇਲੇ ਗੁਰੂ ਜੀ ਲਈ ਵਰਤਦੇ ਹਨ।

ਸਿੰਘਨ ਸੀਸ ਸ਼ਮਸ਼ ਜੋ ਅਪਨੀ
ਸੰਗ ਚਾਦਰੇ ਛਾਦਨ ਕੀਨਿ।
ਗਮਨੇ ਸ਼੍ਰੀ ਪ੍ਰਭੁ ਜਾਤਿ ਅੱਗ੍ਰ ਕੋ
ਪੂਜ ਤੁਰਕ ਗਨ ਕੇ ਬਨ ਪੀਨ[1]।
ਸ਼ਰਧਾਵਾਨ ਬੰਦਨਾ ਠਾਨਹਿਂ
ਹੇਰਹਿਂ ਅਦਭੁਤ ਰੂਪ ਨਵੀਨ।
ਪੁਰਿ ਤੇ ਨਿਕਸਿ ਅੱਗ੍ਰ ਕੇ ਮਗ ਚਲਿ
ਸ਼੍ਰੀ ਸਤਿਗੁਰ ਸਭਿ ਰੀਤਿ ਪ੍ਰਬੀਨ
॥੨੧॥

[1]ਤੁਰਕਾਂ ਦੇ ਭਾਰੇ ਪੂਜਜ ਬਣਕੇ।

ਕੇਤਿਕ ਕੋਸ ਗਏ ਜਬਿ ਚਲਿ ਕੈ
ਸੈਨਾ ਪਸਰੀ ਤੁਰਕਨ ਕੇਰ।
ਫਿਰਹਿਂ ਹਜ਼ਾਰਹੁਂ ਇਤ ਉਤ ਡੋਲਤਿ
ਪਰੇ ਹਜ਼ਾਰਹੁਂ ਕਰਿ ਕਰਿ ਡੇਰ।
ਉਤਰਜੋ ਇਕ ਉਮਰਾਵ ਅਗਾਰੀ
ਪੰਚ ਹਜ਼ਾਰ ਚਮੂੰ ਤਿਸ ਕੇਰ।
ਨਿਕਟ ਪ੍ਰਯੰਕ ਗੁਰੂ ਕੋ ਗਮਨਜੋਂ
ਕਿਤਿਕ ਸਿਪਾਹੀ ਆਵਤਿ ਹੇਰ ॥੨੨॥
ਜਾਇ ਕਹਜੋ ਉਮਰਾਵ ਅਗਾਰੀ
'ਇਕ ਪ੍ਰਯੰਕ ਪਰ ਚਢਜੋ ਸਿਧਾਇ।
ਫੈਲੀ ਚਮੂੰ ਸਕਲ ਜਿਸ ਕਾਰਨ
ਗੁਰ ਧਰਿ ਭੇਸ ਨਿਕਸ ਨਹਿਂ ਜਾਇ।
ਥਾਨ ਥਾਨ ਪੁਰਿ ਗ੍ਰਾਮਨਿ ਮਹਿਂ ਸਭਿ
ਜਿਤ ਤਿਸ ਖੋਜਤਿ ਹੈਂ ਸਮੁਦਾਇ।
ਸਾਵਧਾਨ ਤੁਮ ਭੀ ਕਰਿ ਨਿਰਨੈ,
ਨਰ ਤੇ ਓਪਰੇ ਤੈਂ ਨਿਕਸਾਇ[1]' ॥੨੩॥

[1]ਓਪਰੇ (ਬਣਕੇ) (ਤੇਰੇ) ਨਰਾਂ ਪਾਸੋਂ ਨਿਕਲ ਨਾ ਜਾਣ

(ਅ) ਓਪਰੇ ਨਰਾਂ ਭਾਵ ਨਾ ਪਛਾਣ ਸਕਣ ਵਾਲੇ ਤੇਰੇ ਨਰਾਂ ਪਾਸੋਂ ਮਤਾਂ ਨਿਕਲ ਜਾਣ।

ਸੁਨਿ ਉਮਰਾਵ ਪਠੇ ਸ਼ੁਭ ਮਤਿ ਨਰ,
'ਬੂਝਹੁ ਜਾਇ ਪ੍ਰਯੰਕ ਪਰ ਕੋਇ?'
ਤੁਰਤ ਆਇ ਕਰਿ ਊਚੇ ਬੋਲੇ
'ਖਰੇ ਰਹਹੁ ਬਤਲਾਵਹੁ ਸੋਇ।
ਕਿਤ ਤੇ ਆਏ, ਜਾਹਿਂ ਕਹਾਂ ਕੋ
ਜਾਮਾ[1] ਕੌਨ ਆਪ ਕੋ ਹੋਇ।'

[1]ਫਾਰਸੀ ਜਾਮਹ=ਕਪੜਾ। ਪੰਜਾਬੀ ਮੁਹਾਵਰੇ ਵਿਚ ਜਨਮ, ਜ਼ਾਤ ਤੇ ਮਜ਼ਹਬ ਵਾਸਤੇ ਵਰਤੀਂਦਾ ਹੈ।

ਨਬੀ ਗ਼ਨੀ ਖ਼ਾਂ ਉੱਤਰ ਦੀਨਸਿ
'ਇਹ ਸੱਯਦ ਉਚ ਬਾਸੀ ਜੋਇ ॥੨੪॥
ਕਰੀ ਹੱਜ ਹਾਜੀ ਏ ਦੀਰਘ
ਜਹਾਂ ਮੌਜ ਤਹਿਂ ਨਿਤ ਬਿਚਰੰਤਿ।'
ਸੁਨਤਿ ਸਿਪਾਹੀ ਗਮਨੇ ਤੂਰਨ
ਪਹੁੰਚਿ ਨਿਕਟ ਉਮਰਾਵ ਭਨੰਤਿ।
'ਸੱਯਦ ਇਹ ਹਾਜੀ ਹਜ ਕਰਿ ਕੈ
ਫਿਰਤਿ ਆਪਨੇ ਮਤੇ ਮਤੰਤ।
ਨਗਰ ਉੱਚ ਕੋ ਬਾਸੀ ਭਾਖਤਿ
ਦੀਰਘ ਪੀਰ ਰੀਤਿ ਲਖਿਯੰਤਿ' ॥੨੫॥
ਸਕਲ ਕਚਹਿਰੀ ਸੁਨਿ ਗਨ ਤੁਰਕਨ
ਮਸਲਤ ਕਰੀ 'ਗੁਰੂ ਨ ਸਿਧਾਇ।
ਨਿਸ ਕੋ ਡੇਰੇ ਬਿਖੈ ਉਤਾਰਹੁ
ਖ਼ਾਨ ਪਾਨ ਤੇ ਪਰਖਯੋ ਜਾਇ।
ਹੋਤਿ ਫਜਰ ਕੇ ਰੁਖਸਦ ਕਰੀਯਹਿ
ਆਪ ਕਰਹੁ ਜ਼ਾਰਤ ਦਰਸਾਇ[1]।'

[1]ਭਾਵ ਆਪ ਦਰਸ਼ਨ ਕਰੋ ਤੇ ਦੇਖੋ।

ਇਮ ਕਹਿ ਪਠੇ ਸਿਪਾਹੀ ਪਹੁੰਚੇ
ਢਿਗ ਸਤਿਗੁਰ ਕੇ ਕਹੀ ਸੁਨਾਇ ॥੨੬॥
'ਹੁਕਮ ਕਰਯੋ ਉਮਰਾਵ ਆਪ ਕੋ
ਡੇਰਾ ਕਰੀਅਹਿ ਨਿਸ ਇਕ ਆਇ।
ਫਜਰ ਜਾਹੁ ਜਿਤ ਇੱਛਾ ਹੋਵੈ
ਬਹੁਰ ਨਹੀਂ ਕੋ ਤੁਮ ਅਟਕਾਇ।'
ਦਯਾ ਸਿੰਘ ਸੁਨਿ ਬਾਕ ਬਖਾਨਯੋਂ
'ਤੰਬੂ ਦੀਜੈ ਪ੍ਰਿਥਕ ਲਗਾਇ।

ਤਬਹਿ ਪੀਰ ਜੀ ਸਿਵਰ ਕਰਹਿਂਗੇ
ਜ਼ਾਰਤਿ ਕਰਹਿਂ ਆਇ ਸਮੁਦਾਇ'
॥੨੭॥
ਤਿਨਹੁ ਬੂਝਿ ਉਮਰਾਵ ਲਯੋ ਪੁਨ
ਬਾਹਰ[1] ਪੌਰ ਦੁਰਗ ਕੇ ਮਾਂਹਿ।
ਅੰਤਰ ਜੈਬੇ ਕੋ ਮਗ ਢਿਗ ਢਿਗ
ਤਿਹ ਠਾਂ ਤੰਬੂ ਦੀਨਿ ਲਗਾਇ।
ਨਬੀ ਗ਼ਨੀ ਖ਼ਾਂ ਗਮਨੇ ਅੰਤਰ
ਦਯਾ ਸਿੰਘ ਪਸ਼ਚਾਤ ਚਲਾਇ।
ਧਰਮ ਸਿੰਘ ਅਰੁ ਮਾਨ ਸਿੰਘ ਜੁਗ
ਪਾਛਲ ਪਾਵੇ ਸੀਸ ਉਠਾਇ ॥੨੮॥
ਪ੍ਰਥਮ ਪੌਰ ਕੇ ਅੰਤਰ ਬਰ ਕਰਿ
ਦੁਤੀ ਪੌਰ ਕੇ ਕੁਛ ਅਗਵਾਇ।
ਤੰਬੂ ਬਿਖੈ ਪ੍ਰਯੰਕ ਉਤਾਰਯੋ
ਪੰਚਹੁੰ ਬੈਠੇ ਢਿਗ ਦਰਸਾਇ।
ਕਿਤਿਕ ਦੇਰ ਮਹਿਂ ਪੁਨ ਨਰ ਆਯੋ
'ਤੁਮ ਸੋਂ ਕਹਿ ਭੇਜਯੋ ਉਮਰਾਇ।
-ਕਹੈਂ ਸ਼ਾਹਦੀ ਆਨ ਜਿ ਕੋਈ
ਨਿਸ਼ਚੇ ਸੱਯਦ ਦੇਹੁ ਬਤਾਇ ॥੨੯॥
ਤੌ ਤੁਮ ਜਾਨ ਪਾਇਗੋ ਆਗੇ
ਜੇ ਕੋ ਨਹੀਂ ਬਤਾਵੈ ਆਇ।
ਤੌ ਅਟਕੇ ਹੀ ਇਹ ਠਾਂ ਰਹਿ ਹੋ-
ਇਸ ਕਾਰਨ ਕੁਛ ਕਰਹੁ ਉਪਾਇ।'
ਸ਼੍ਰੀ ਗੁਰ ਸੁਨਿ ਮੁਖ ਤੇ ਫੁਰਮਾਯਹੁ
'ਸੱਯਦ ਬਸੈ ਨੂਰਪੁਰਿ ਥਾਇਂ[†]।

[1]ਕਿਲ੍ਹੇ ਦੇ ਬਾਹਰਲੇ ਦਰਵਾਜ਼ੇ ਤੋਂ ਅੰਦਰਵਾਰ।

[†]ਤਵਾਰੀਖ ਖਾਲਸਾ ਨੇ ਨੂਰਪੁਰੀਏ ਸੱਯਦ ਦਾ ਨਾਮ 'ਇਨਾਯਤ ਅਲੀ' ਦਿੱਤਾ ਹੈ ਤੇ ਨਾਲ ਹੋਰ ਦੋ ਨਾਮ ਦੱਸੇ ਹਨ ਜੋ ਇਸ ਵੇਲੇ ਸੱਦੇ ਗਏ:-ਕਾਜ਼ੀ ਪੀਰ ਮੁਹੰਮਦ ਸਲੋਹ ਵਾਲੇ ਤੇ ਸੱਯਦ ਹਸਨਅਲੀ ਮੋਠੂ ਮਾਜਰੀਆਂ ਤ੍ਰੈਹਾਂ ਨੇ ਗੁਰੂ ਜੀ ਬਾਬਤ ਦੱਸਿਆ ਕਿ ਇਹ ਬੜੇ ਉੱਚੇ ਪੀਰ ਹਨ। ਪਰ-ਜਿਸ ਦੇ ਖਾਨਦਾਨ ਪਾਸ ਹੁਕਮਨਾਮਾ ਦੱਸੀਦਾ ਹੈ ਉਹ 'ਪੀਰ ਮੁਹੰਮਦ' ਸੱਯਦ ਨੂਰ ਪੁਰੇ ਦਾ ਸੀ। ਸੱਯਦ ਨੂਰਪੁਰੀਏ ਦਾ ਕੁਛ ਹਾਲ ਅਗਲੇ ਅੰਸੂ ਦੇ ਅੰਕ ੧੫, ੧੬ ਵਿਚ ਹੈ।

ਅਬਿ ਮਾਛੀਵਾਰੇ ਹੈ ਦਲ ਮਹਿਂ
ਤਿਸ ਕੋ ਬੂਝਹੁ[1] ਲੇਹੁ ਬੁਲਾਇ ॥੩੦॥
ਅਬਿ ਨ ਰਜਾਇ ਹਕਾਰਨ ਕਰਿ ਹੈ
ਭੋਰ ਹੋਤਿ ਲੌ ਸੋ ਚਲਿ ਆਇ।'

[1]ਪੁੱਛ ਲਓ।

ਇਮ ਸੁਨਿ ਕੈ ਉਮਰਾਵ ਸੁ ਤਤਛਿਨ
ਪਠ੍ਯੋ ਸਊਰ 'ਜਾਹਿ ਉਤਲਾਇ।
ਨੂਰ ਪੁਰੇ ਕੋ ਸੱਯਦ ਦਲ ਮਹਿਂ
ਅਮੁਕ ਸਿਵਰ ਮਹਿਂ ਲ੍ਯਾਉ ਬੁਲਾਇ।'
ਗਮਨ੍ਯੋਂ ਚਢਿ ਕੈ ਮਾਛੀਵਾਰੇ
ਗੁਰੂ ਤੰਬੂ ਮਹਿਂ ਟਿਕੇ ਸੁਹਾਇ ॥੩੧॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰੁਤੇ 'ਹਾਜੀ ਬੇਖ ਬਨਾਵਨ' ਪ੍ਰਸੰਗ ਬਰਨਨੰ ਨਾਮ ਖਸ਼ਟਮ ਚੱਤ੍ਵਾਰਿੰਸਤੀ ਅੰਸੂ ॥੪੬॥

੪੭. [ਕਰਦ ਭੇਟ। ਨੂਰਪੁਰੀਏ ਸੱਯਦ ਦੀ ਗਵਾਹੀ]

੪੬<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੮

ਦੋਹਰਾ:

ਸੰਧਜਾ ਹੋਈ ਆਨਿ ਜਬਿ, ਤਬਿ ਉਮਰਾਵ ਹਕਾਰਿ।
ਕਹ੍ਯੋ ਬਬਰਚੀ ਕੋ ਭਲੇ, 'ਖਾਨਾ ਕੀਜਹਿ ਤ੍ਯਾਰ ॥੧॥

ਸ੍ਵੈਯਾ ਛੰਦ:

ਪੀਰ ਅਹੈਂ ਉਚ ਬਾਸੀ ਸੱਯਦ
ਜੁਗਤ[1] ਮੁਰੀਦਨ ਖਾਨਾ ਖਾਨ।
ਸੁਧਿ ਕੋ ਦੇਹੁ ਤ੍ਯਾਰ ਜਬਿ ਹੋਵੈ'
ਸੁਨਿਓ ਗਯੋ ਆਪਨੇ ਥਾਨ।
ਨਾਨਾ ਬਿਧਿ ਕੇ ਪਾਕ ਬਨਾਯੋ
ਆਮਿਖ ਆਦਿਕ ਜੇਤਿਕ ਜਾਨ।
ਤਬਿ ਉਮਰਾਵ ਪਠ੍ਯੋ ਇਕ ਨਰ ਕੋ
'ਜਾਹੁ ਪੀਰ ਢਿਗ ਲ੍ਯਾਵਨ ਠਾਨਿ' ॥੨॥
ਤਤਛਿਨ ਚਲਿ ਸਤਿਗੁਰ ਢਿਗ ਆਯੋ
ਹਾਥ ਜੋਰ ਕਰਿ ਕਹੀ ਸੁਨਾਇ।
'ਖਾਨਾ ਖਾਨ ਪੀਰ ਜੀ ਚਲੀਅਹਿ
ਕਰਤਿ ਹਕਾਰਨ ਥਿਤ ਉਮਰਾਇ।'
ਸੁਨਿ ਸ਼੍ਰੀ ਪ੍ਰਭੁ ਬੋਲੇ ਤਿਸ ਨਰ ਸੋਂ[1]
'ਪੀਰ ਨਹੀ ਖਾਨੇ ਕੋ ਖਾਇ।
ਰੋਜ਼ੇ ਰਹਤਿ ਹਮੇਸ਼ ਇਸੀ ਬਿਧਿ
ਏਕ ਸਮੈਂ ਇਕ ਜੌਂ ਮੁਖ ਪਾਇ ॥੩॥
ਜੋ ਮੁਰੀਦ ਹੈਂ ਸੰਗ ਹਮਾਰੇ
ਸੋ ਆਵਹਿਂ ਏ ਖਾਨਾ ਖਾਨ।'
ਸੁਨ ਕਰਿ ਗਯੋ ਜਾਇ ਕਰਿ ਭਾਖੀ
'ਏਵ ਪੀਰ ਨੇ ਕੀਨਿ ਬਖਾਨ।'
ਤੀਨਹੁ ਸਿੰਘਨ ਤਬਿ ਕਰ ਜੋਰੇ
'ਕਿਮ ਹਮ ਬਚੈਂ ਕੌਨ ਕ੍ਰਿਤ ਠਾਨਿ?
ਆਪ ਅਹੋ ਸਮਰੱਥ ਸਭੀ ਬਿਧਿ
ਕਰੈਂ ਤਥਾ ਜਸ ਹੁਇ ਫੁਰਮਾਨ' ॥੪॥
ਸਤਿਗੁਰ ਕਹ੍ਯੋ 'ਨ ਸੰਸਾ ਕੀਜੈ
ਸੱਤਿਨਾਮ ਕੋ ਬਦਨ ਅਲਾਇ।

[1]ਸਮੇਤ।

[1]ਉਸ ਆਦਮੀ ਨੂੰ ਆਖਿਆ ਕਿ (ਉਮਰਾਵ ਨੂੰ ਜਾਕੇ ਆਖ ਕਿ)।

ਪੂਰਬ ਭੇਟ ਕਰਦ ਦੀ ਠਾਨਹੁ
ਵਾਹਿਗੁਰੂ ਕਹਿ ਲਿਹੁ ਮੁਖ ਪਾਇ।
ਕਿਤਿਕ ਅਹਾਰ ਬੰਧ ਲਿਹੁ ਪਾਲੇ
ਸੋ ਸਮੀਪ ਹਮਰੇ ਲੇ ਆਇ।
ਕਰਹਿਂ ਹਕਾਰਨ[1], ਅਚਹੁ ਅਹਾਰਨ,
ਮੰਤ੍ਰ ਉਚਾਰਨ ਕਰਿ ਤਿਸ ਥਾਇਂ' ॥੫॥
ਤਿਹ ਨਰ ਜਾਇ ਕਹ੍ਯੋ ਉਮਰਾਵਹਿ
'ਰੋਜ਼ੇ ਰਹੈ ਸੁ ਪੀਰ ਹਮੇਸ਼।
ਇਕ ਜੌਂ ਏਕ ਸਮੈਂ ਮੁਖ ਪਾਵਹਿ
ਇਮ ਤਨ ਸਾਧ੍ਯੋ ਰਹੈ ਵਿਸ਼ੇਸ਼।
ਸੰਗ ਮੁਰੀਦ ਪੰਚ, ਸੇ ਖਾਵਹਿਂ
ਹੁਕਮ ਕਰਹੁ ਤੌ ਲਯਾਇਂ ਅਸ਼ੇਸ਼।'
ਸੁਨਿ ਕੈ ਭਨ੍ਯੋਂ 'ਜਾਹੁ ਤਿਨ ਆਨਹੁਂ
ਲਖਿਯਤਿ ਪੀਰ ਦੀਹ ਦਰਵੇਸ਼' ॥੬॥
ਪੁਰ ਨਰ ਆਯੋ ਪੰਚ ਹਕਾਰੇ
ਗੁਰ ਕੇ ਕਹੇ ਕਰੀ ਪਰਤੀਤ।
ਉਠਿ ਗਮਨੇ ਪਹੁੰਚੇ ਤਿਸ ਥਲ ਤਬਿ
ਜਯੋਂ ਉਮਰਾਵ ਸਥਿਰਤਾ ਕੀਤ।
ਤੁਰਕ ਅਪਰ ਕੇਤਿਕ ਹੈਂ ਤਿਸ ਢਿਗ
ਗੁਰ ਗਾਥਾ ਕਹਿ ਅਚਰਜ ਚੀਤ।
'ਲਾਖਹੁਂ ਲਸ਼ਕਰ ਜੰਗ ਪ੍ਰਹਾਰ੍ਯੋ
ਬਿਚ ਤੇ ਨਿਕਸਿ ਗਯੋ ਨਿਰਭੀਤ' ॥੭॥
ਸਭਿਹਿਨਿ ਬੀਚ ਬਿਠਾਵਨ ਕੀਨੇ
ਖਾਨੇ ਹਿਤ ਖਾਨਾ ਅਨਵਾਇ।
ਬੂਝਤਿ ਬਾਤ 'ਪੀਰ ਇਹ ਕੈਸੋ
ਕਿਤ ਤੇ ਆਇ ਕਹਾਂ ਕੋ ਜਾਇ?'
ਨਬੀ ਗ਼ਨੀ ਖ਼ਾਂ ਸਹਿਤ ਪ੍ਰਸ਼ੰਸ਼ਾ
ਤੀਨੋ ਸਰਬ ਬ੍ਰਿਤੰਤ ਸੁਨਾਇ।
'ਮਹਾਂ ਮੌਜ ਕੇ ਮਾਲਿਕ ਬਿਚਰਤ
ਨਹਿਂ ਕਾਰਜ ਕੁਛ ਹੋਤਿ ਲਖਾਇ ॥੮॥
ਕਿਸਹਿ ਨਿਵਾਜੈਂ ਪਿਖਤ ਪ੍ਰੀਤ ਜਿਹ
ਕਿਹ ਕੋ ਸ੍ਰਾਪਦ[1] ਅਪਦਾ ਪਾਇਂ।

[1](ਜਦੋਂ) ਸੱਦਣ।

[1]ਸ੍ਰਾਪ ਦੇ ਕੇ।

ਮੱਕੇ ਜ਼ਾਰਤ ਕਰਤਿ ਮਸਤ ਭੇ
ਕਾਮਲ ਵਲੀ ਨ ਕੋ ਸਮਤਾਇ।'
ਇਤਨੇ ਮਹਿਂ ਖਾਨਾ ਲੇ ਆਏ
ਬਡੇ ਰਕੇਬ ਭਰੇ ਸਮੁਦਾਇ।
ਇਕ ਤੋ ਨਬੀ ਗ਼ਨੀ ਕੋ ਦੀਨਹੁਂ
ਦੋਨਹੁਂ ਆਗੇ ਧਰਯੋ ਬਨਾਇ ॥੯॥
ਦਯਾ ਸਿੰਘ ਅਰੁ ਧਰਮ ਸਿੰਘ ਕੋ
ਇਕ ਰਕੇਬ ਦੋਨਹੁਂ ਕੋ ਦੀਨ।
ਇਕ ਰਕੇਬ ਉਮਰਾਵ ਲਯੋ ਤਬਿ
ਮਾਨ ਸਿੰਘ ਅਪਨੇ ਸੰਗ ਲੀਨ।
ਅਪਰ ਤੁਰਕ ਜੁਗ ਜੁਗ ਕੈ ਤੀਨਹੁ
ਲੇ ਰਕੇਬ ਕੋ ਖਾਵਨ ਕੀਨ।
ਕਰਦ ਨਿਕਾਰੀ ਸਿੰਘਨ ਕਰਿ ਲੇ
ਸੱਤਿਨਾਮ ਕਹਿ ਫੇਰਿ ਪ੍ਰਬੀਨ ॥੧੦॥
ਮਾਨ ਸਿੰਘ ਤਬਿ ਕਰਦ ਹਾਥਿ ਧਰਿ
ਵਿਚ ਰਕੇਬ ਫੇਰੀ ਕਰਿ ਕਾਰ।
ਤਬਿ ਉਮਰਾਵ ਸੰਦੇਹ ਧਾਰਿ ਕਰਿ
ਹਿਤ ਬੂਝਨ ਕੇ ਬਾਕ ਉਚਾਰ।
'ਇਹ ਕਜਾ ਕਰਹੁ ਕਰਦ ਤੁਮ ਫੇਰਹੁ
ਮਕਰੂ[1] ਕੀਨੋ ਖਾਨ ਅਹਾਰ।

[1]ਘ੍ਰਿਣਾ ਯੋਗ। [ਅ਼:, ਮਕਰੂਹ=ਕੁਰਹਿਤ ਕੀਤਾ ਗਿਆ]।

ਤੁਰਕਨਿ ਬਿਖੈ ਕੌਨ ਇਮ ਕਰਤਾ
ਜਿਮ ਤੁਮ ਕਰੀ ਕਰਦ ਕੀ ਕਾਰ' ॥੧੧॥
ਸੁਨਿ ਕਰਿ ਮਾਨ ਸਿੰਘ ਦਿਯ ਉੱਤਰ
'ਜਬਿ ਮੱਕੇ ਹਮ ਪਹੁੰਚੇ ਜਾਇ।
ਨਈ ਰਸਮ ਨਿਕਲੀ ਇਹ ਤਹਿਂ ਤੇ
ਸਭਿ ਕਿਛ ਲੋਹੇ ਤੇ ਬਨਿ ਆਇ।
ਅੱਵਲ ਖਾਨੇ ਮਾਂਹਿ ਕਰਦ ਛੁਹਿ
ਪੁਨ ਹੁਇ ਪਾਕ ਖਾਨ ਕੇ ਭਾਇ।
ਤਬ ਕੇ ਹਮਰੇ ਪੀਰ ਬਖਾਨਜੋਂ
-ਖਾਨਾਖਾਹੁ ਕਰਦ ਨਿਤ ਛ੍ਵਾਇ-'
॥੧੨॥
ਤਬਿ ਇਮ ਕਹਿ ਕਰਿ ਖਾਨਾ ਖਾਯਹੁ

ਸਿੰਘਨਿ ਆਗੇ ਭਯੋ ਕਰਾਹਿ।
ਅਰਧ ਰਕੇਬ ਮਾਨ ਸਿੰਘ ਦਿਸ਼ ਜੋ
ਖਾਇ ਤਿਹਾਵਲ ਤਿਸ ਕੇ ਮਾਂਹਿ।
ਦਿਸ਼ ਉਮਰਾਵ ਹੁਯੋ ਤਿਮ ਆਮਿਖ
ਭੱਖਨ ਕਰਤਿ ਲਖਹਿ ਕਿਮ ਨਾਂਹਿ।
ਬਿਸਮਹਿਂ ਭਏ ਸ੍ਵਾਦ ਪੰਚਾਂਮ੍ਰਿਤ
ਗੁਰੂ ਕਲਾ ਪ੍ਰਗਟੀ ਇਹ ਆਇ ॥੧੩॥
ਮਾਨ ਸਿੰਘ ਅਰੁ ਧਰਮ ਸਿੰਘ ਨੇ
ਪਾਲੇ ਬਾਂਧਯੋ ਕੁਛਕ ਅਹਾਰ।
ਪਾਨ ਪਖਾਰੇ ਪਾਨੀ ਲੇ ਕਰਿ,
ਚਲਿ ਆਏ ਸਤਿਗੁਰ ਅਗਵਾਰ।
ਬੂਝਯੋ 'ਆਨਯੋ ਹੈ ਕਿ ਨਹੀਂ ਕਿਛੁ?'
ਦੋਨੋ ਦਿਯੋ ਦਿਖਾਇ ਉਚਾਰ।
ਕਹਯੋ ਗੁਰੂ 'ਸੰਭਾਰਿ ਰਾਖੀਏ
ਹਮ ਜਾਚਹਿਂ ਤਬਿ ਦੇਹੁ ਦਿਖਾਰਿ'
॥੧੪॥
ਨਿਸਾ ਬਿਖੇ ਤੰਬੂ ਮਹਿਂ ਸੁਪਤੇ
ਗੁਰ ਪ੍ਰਯੰਕ ਪਰ ਥਿਰੇ ਜਗੰਤਿ।
ਭਈ ਪ੍ਰਭਾਤਿ ਚਢਯੋ ਤਬਿ ਸੂਰਜ
ਸੱਯਦ ਆਨਯੋਂ ਬੋਲਿ ਤੁਰੰਤ।
ਬਾਸੀ ਨੂਰਪੁਰੇ ਕੀ ਸ਼ੁਭ ਮਤਿ
ਮਗ ਖ਼ੁਦਾਇ ਕੇ ਮਿਲਨਿ ਚਲੰਤਿ।
ਕਈ ਬਾਰ ਸਤਿਗੁਰ ਕੋ ਮੇਲੀ
ਕ੍ਰਿਪਾ ਕਰਹਿਂ ਤਿਸ ਪਰ ਭਗਵੰਤ
॥੧੫॥
ਜੋ ਅਸਵਾਰ ਹਕਾਰਨ ਗਮਨਯੋ
ਤਿਹ ਸਗਰੀ ਬਿਧਿ ਦਈ ਬਤਾਇ।
ਇਕ ਪ੍ਰਯੰਕ ਪਰ ਹਾਜੀ ਸੱਯਦ
ਤਾਂਹਿ ਸ਼ਾਹਦੀ ਹੇਤ ਬੁਲਾਇ।
ਜਾਨਿ ਗਯੋ ਸਗਰੀ ਬਿਧਿ ਸੋ ਤਬਿ
-ਮੈਂ ਗੁਰ ਕਾਜ ਬਿਖੈ ਅਬਿ ਆਇ।
ਧੰਨ ਜਨਮ ਮੇਰੋ ਸੁ ਕ੍ਰਿਤਾਰਥ

ਗਨ ਸੁੱਕ੍ਰਿਤ ਕੋ ਫਲ ਸ਼ੁਭ ਪਾਇ-
॥੧੬॥
ਆਯਹੁ ਤੁਰਤ ਪ੍ਰਵੇਸ਼ ਪੌਰ ਇਕ
ਤੰਬੂ ਲਗ੍ਯੋ ਬਿਲੋਕਨ ਕੀਨ।
ਬਿਚ ਪ੍ਰਯੰਕ ਪਰ ਸਤਿਗੁਰੂ ਬੈਠੇ
ਦੇਖਤਿ ਕਰੀ ਚਿਨਾਰੀ ਚੀਨ।
ਬੰਦਨ ਕਰਨਿ ਚਲ੍ਯੋ ਜਬਿ ਸਨਮੁਖ
ਸ਼੍ਰੀ ਪ੍ਰਭੁ ਤਿਸ ਕੋ ਸ਼ਾਰਤ ਦੀਨ।
'ਹਮ ਸਮੀਪ ਅਜਹੂੰ ਨਹਿਂ ਆਵਹੁ
ਤੁਰਕ ਸਭਾ ਮਹਿਂ ਪਹੁੰਚਿ ਪ੍ਰਬੀਨ'
॥੧੭॥
ਜਾਨਿ ਗਯੋ ਸ਼੍ਰੀ ਸਤਿਗੁਰ ਆਸ਼ੈ
ਹਟ੍ਯੋ ਤੁਰਤ ਹੀ ਅੰਤਰ ਓਰ।
ਜਹਾਂ ਕਚਹਿਰੀ ਤੁਰਕਨ ਕੇਰੀ
ਪਹੁੰਚ੍ਯੋ ਜਾਇ ਸੁ ਤਾਂਹੀ ਠੌਰ।
ਕਰੀ ਸਲਾਮਾਲੇਕਮ ਬੈਠ੍ਯੋ
ਸਾਦਰ ਸਭਿ ਜਹਿਂ ਭਏ ਬਹੋਰ[1]।
ਤਬਿ ਉਮਰਾਵ ਬੂਝਿਬੇ ਲਾਗ੍ਯੋ
'ਇਹ ਸੱਯਦ ਉਤਰ੍ਯੋ ਬਿਚ ਪੌਰ ॥੧੮॥
ਪੂਰਬ ਕਿਤ ਦੇਖ੍ਯੋ ਕੈ ਨਾਹਿਨ
ਅਹੈ ਪਛਾਨ ਕਿ ਤੁਮਰੀ ਨਾਂਹਿ?
ਹਿੰਦਨ ਕੋ ਗੁਰ ਬੇਸ ਅਪਰ ਧਰਿ
ਨਹਿਂ ਲਸ਼ਕਰ ਬਿਚ ਕੇ ਕਿਤ ਜਾਂਹਿ।
ਲਾਖਹੁਂ ਸੁਭਟ ਸ਼ਾਹੁ ਕੇ ਮਾਰੇ
ਦਲ ਬਿਚਲਾਇ ਦਯੋ ਰਣ ਮਾਂਹਿ।
ਅਬਿ ਜੀਵਤਿ ਹੀ ਨਿਕਸ ਗਯੋ ਕਿਤ
ਖੋਜਤਿ ਹੈਂ ਤਮਾਮ ਚਿਤ ਲਾਇ ॥੧੯॥
ਯਾਂ ਤੇ ਇਹ ਹਾਜੀ ਅਟਕਾਯੋ,
ਚਹੈਂ ਸ਼ਾਹਦੀ, ਦੇਹੁ ਬਤਾਇ।
ਪੂਰਬ ਮਿਲ੍ਯੋ ਬਿਲੋਕ੍ਯੋ ਜੇ ਤੁਮ
ਜਾਨਤਿ ਹੋ ਕਹੀਐ ਸਮੁਝਾਇ।
ਭਾਖਤਿ[1] -ਮੱਕੇ ਹੱਜ ਕਰਿ ਆਏ

[1]ਜਿੱਥੇ ਕੱਠੇ ਹੋਏ ਹੋਏ ਸਨ।

[1]ਕਹਿੰਦੇ ਹਨ ਕਿ।

ਰੋਜ਼ਾ ਰਖ ਹਮੇਸ਼ ਤਪਤਾਇ[1]।
ਡਾਲਤਿ ਮੁਖ ਮਹਿਂ ਇਕ ਜੌਂ, ਬਿਚਰਤਿ
ਮੌਜ ਆਪਣੀ ਮਹਿਂ ਹਰਖਾਇ-' ॥੨੦॥
ਸੁਨਿ ਸੱਯਦ ਵਿਚ ਸਭਾ ਉਚਾਰਯੋ
'ਇਹ ਤੌ ਪੀਰਨ ਪੀਰ ਮਹਾਨ।
ਮੁਖ ਤੇ ਕਹੈਂ ਸਫਲ ਹੁਇ ਤੂਰਨ,
ਕਰਹਿਂ ਨਿਹਾਲ, ਰਿਸੇ ਕਰਿ ਹਾਨ[1]।

ਉਰ ਅਚਰਜ ਮੈਂ[1] ਇਹ ਅਟਕਾਏ,
ਤੁਮ ਕੋ ਸ੍ਰਾਪ ਨ ਕੀਨਿ ਬਖਾਨ।
ਕਹੈਂ ਬਾਕ ਤੌਂ ਪ੍ਰਿਥੀ ਉਲਟ ਦੇਂ
ਅਤਿ ਸਮਰੱਥ ਅਧਿਕ ਬਲਵਾਨ ॥੨੧॥
ਤੁਮ ਸੋਂ ਛਿਮਾ ਕਰੀ ਨ ਕਹੋ ਕੁਛ
ਅਪਨੇ ਭਾਗ ਭਲੇ ਲਿਹੁ ਜਾਨ।
ਅਨਿਕ ਬਾਰ ਮੈਂ ਪਰਖਨਿ ਕੀਨੇ
ਸਫਲਹਿ ਸਹਜਿ ਸੁਭਾਇ ਬਖਾਨ।
ਅਬਿ ਬਖਸ਼ਾਵਹੁ ਬੰਦ ਕਦਮ ਤਿਨ
ਹਾਥ ਜੋਰਿ ਕਰਿ ਬਿਨੈ ਮਹਾਨ।
ਕਰਹੁ ਖਲਾਸੀ ਸ੍ਵੈਛਾ ਬਿਚਰਹਿਂ,
ਜਾਮਾ ਪਾਕ, ਜ਼ੁਹਦ[1] ਬਡ ਠਾਨਿ' ॥੨੨॥
ਸੁਨਿ ਉਮਰਾਵ ਡਰਯੋ ਉਰ ਅੰਤਰ[†]

ਤਤਛਿਨ ਉਠਯੋ ਸਹਤਿ ਨਰ ਬ੍ਰਿੰਦ।
ਦਰਬ ਪੰਚ ਸੈ ਕਹਿ ਅਨਵਾਯੋ
ਸੱਯਦ ਸੰਗ ਆਇ ਕਰ ਬੰਦਿ।
ਨਮਸਕਾਰ ਕਰਿ ਬੈਠਿ ਗਯੋ ਢਿਗ
ਬਿਨਤੀ ਬੋਲਯੋ 'ਪੀਰ ਬਿਲੰਦ !
ਅਟਕਾਵਨ ਕੀ ਕੀਨਿ ਅਵੱਗਯਾ
ਸੋ ਬਖਸ਼ਹੁ ਤੁਮ ਹੋ ਬਖਸ਼ੰਦ' ॥੨੩॥
ਅੱਗ੍ਰ ਪੰਚ ਸੈ ਧਰੇ ਰਜਤਪਣ
ਅਪਰ ਸੁਭਟ ਤਹਿਂ ਭੇ ਸਮੁਦਾਇ।
ਸਕਲ ਚਢਾਵਨ ਲਗੇ ਦਰਬ ਕੋ

[1]ਤਪ ਤਪਦੇ ਹਨ।

[1]ਮੇਹਰ) ਕਰਨ ਤਾਂ ਨਿਹਾਲ ਕਰ ਦੇਣ ਤੇ ਜੇ ਗੁੱਸੇ ਹੋਣ ਤਾਂ ਨਾਸ਼ ਕਰ ਦੇਣ।

[1]ਮੈਂ ਦਿਲ ਵਿੱਚ ਅਚਰਜ ਹਾਂ ਕਿ।

[1]ਜ਼ੁਹਦ=ਪਾਰਸਾਈ, ਤਪੱਸਿਆ, ਨਫਸਾਨੀ ਖ੍ਵਾਹਿਸ਼ਾਂ ਤੇ ਫਤੇ ਪਾਉਣੀ।

[†]ਮੁਸਲਮਾਨ ਤਦੋਂ ਬੀ ਤੇ ਹੁਣ ਤੱਕ ਫਕੀਰਾਂ ਦਾ ਸਨਮਾਨ ਕਰਦੇ ਤੇ ਉਨ੍ਹਾਂ ਤੋਂ ਡਰਦੇ ਹਨ।

ਪਿਖਿ ਸਤਿਗੁਰ ਮੁਖ ਤੇ ਫੁਰਮਾਇ।
'ਤੁਮ ਕੋ ਨਹੀਂ ਦੋਸ਼ ਪਰ ਬਸ ਹੋ,
ਹਮਰੋ ਕਹਾਂ ਘਟਜੋ ਇਸ ਥਾਇੰ।
ਸੁਖ ਸੋਂ ਨਿਸਾ ਬਸ ਅਬਿ ਗਮਨੈਂ,
ਚਿਤ ਕੀ ਚਿੰਤਾ ਦੇਹੁ ਗਵਾਇ' ॥੨੪॥
ਖੁਸ਼ੀ ਜਾਨਿ ਆਪਨੇ ਪਰ ਤਿਸ ਛਿਨ
ਹਾਥ ਬੰਦਿ ਕਰਿ ਕਹਿਂ ਉਮਰਾਇ।
'ਗਮਨਹੁ ਇੱਛਾ ਜਹਾਂ ਤੁਮਾਰੀ
ਫੇਰ ਦਰਸ ਮੋ ਕਹੁ ਦਿਹੁ ਆਇ।'
ਇਮ ਕਹਿ ਉਠਜੋ ਗਯੋ ਗਢ[1] ਅੰਤਰ, [1]ਕਿਲੇ।
ਸ਼੍ਰੀ ਪ੍ਰਭੁ ਪਲੰਘ ਲਯੋ ਉਠਵਾਇ।
ਤਹਿਂ ਤੇ[†] ਗਮਨ ਕੀਨ ਮਗ ਆਛੇ [†]ਲੱਲ ਨਾਮ ਸੀ ਏਸ ਟਿਕਾਣੇ ਦਾ।
ਚਾਰਹੁਂ ਸਿਰ ਧਰਿ ਚਲੇ ਉਠਾਇ ॥੨੫॥
ਜਬਿ ਕੋਸਕ ਪਰ ਪਹੁੰਚੇ ਗਮਨਤਿ
ਤਬਿ ਸੱਯਦ ਮਿਲਿਬੇ ਹਿਤ ਆਇ।
ਬੰਦਨ ਕਰੀ ਪਦਮ ਸਮ ਕਦਮਨ
'ਸ਼੍ਰੀ ਪ੍ਰਭੁ ! ਮੈਂ ਸਭਿ ਕਹੀ ਬਨਾਇ।
ਜੇ ਪਸ਼ਚਾਤ ਹੋਇ ਕੁਛ ਨਿਰਨੈ[1] [1]ਜੇ ਆਪ ਦੇ ਪਿੱਛੋਂ ਕੋਈ ਗੱਲ ਨਿਕਲੀ ਤਾਂ।
ਤਬਿ ਰਾਵਰ ਕੀ ਚਹੋਂ ਸਹਾਇ।
ਨਹੀਂ ਅਵੱਗਜਾ ਕਰਹਿਂ ਤੁਰਕ ਮਮ,
ਇਮ ਬਾਂਛਤਿ ਮੈਂ ਆਯਹੁ ਧਾਇ' ॥੨੬॥
ਦੇਖਿ ਦਯਾ ਨਿਧਿ ਬਿਹਸ ਬਖਾਨਜੋ
'ਤੁਮ ਕੋ ਤਾਤੀ ਲਗੈ ਨ ਬਾਇ।
ਜੇ ਉਪਕਾਰ ਕਰਹਿਂ[1] ਤਨ ਮਨ ਤੇ [1]ਜਿਹੜੇ ਕਰਦੇ ਹਨ ਉਪਕਾਰ।
ਤਿਨ ਕੇ ਹੋਤਿ ਸਹਾਇ ਖ਼ੁਦਾਇ।
ਕਿਸੂ ਵਸਤ ਕੀ ਕਮੀ ਨ ਹੋਵੈ
ਦਰਬ ਅਟੋਟ ਖਰਚ ਔ ਖਾਇ।
ਕਾਗਦ ਕਲਮਦਾਨ ਜੇ ਤੁਮ ਢਿਗ
ਲਿਖਹਿਂ ਹੁਕਮਨਾਮਾ[1] ਲਿਹੁ ਪਾਇ ॥੨੭॥ [1]ਲਿਖ ਦਿੰਦੇ ਹਾਂ ਹੁਕਮਨਾਮਾ।
ਹਮਰੇ ਸਿਖ ਸੰਗਤਿ ਸਭਿ ਮਾਨਹਿਂ
ਕੁਲ ਤੇਰੀ ਧਨ ਕੋ ਨਿਤ ਪਾਇ।'

ਸੁਨਿ ਸੱਯਦ ਕਾਗਦ ਤਬਿ ਦੀਨਸਿ
ਲਿਖ੍ਯੋ ਹੁਕਮਨਾਮਾ ਸੁਖਦਾਇ।
ਲੇ ਕਰਿ ਕਰ ਧਰਿ ਭਯੋ ਪ੍ਰਮੋਦਤਿ
ਬੰਦਿ ਕਦਮ[1] ਕੋ ਹਟ੍ਯੋ ਸਿਧਾਇ। [1]ਨਮਸਕਾਰ ਕਰਕੇ।
ਸ਼੍ਰੀ ਪ੍ਰਭੁ ਚਲੇ ਪ੍ਰਯੰਗ ਅਰੂਢੇ,
ਚਾਰਹੁੰ ਸਿਰ ਪਰ ਲੀਨਿ ਉਠਾਇ
॥੨੮॥
ਕੇਸ ਪਿਛਾਰੀ ਲਰਕਤਿ ਸੁੰਦਰ,
ਸ਼ਾਮ ਚਾਦਰਾ ਊਪਰ ਲੀਨਿ।
ਦੀਰਘ ਸ਼ਮਸ਼, ਪਿਰਾਹਨ[1] ਗਰ ਮਹਿਂ [1]ਲੰਮਾ ਚੋਲਾ।
ਮੁੱਠਾ ਮੋਰ ਪੰਖ ਕੋ ਕੀਨਿ।
ਦਯਾ ਸਿੰਘ ਸਿਰ ਪਰ ਕਬਿ ਫੇਰਤਿ,
ਚਹੁੰ ਪਾਵਨ ਪਰ ਬੰਧਿ ਸੁ ਦੀਨਿ।
ਊਪਰ ਛਟੀਅਨ ਕੀ ਕਰਿ ਛਾਯਾ,
ਚਾਦਰ ਤਾਨਿ ਕਰੀ[1] ਹਿਤ ਚੀਨ ॥੨੯॥ [1]ਤਾਣ ਦਿੱਤੀ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰੁਤੇ 'ਸ਼੍ਰੀ ਗੁਰੂ ਪਯਾਨ' ਪ੍ਰਸੰਗ ਬਰਨਨੰ ਨਾਮ ਸਪਤ ਚੱਤ੍ਵਾਰਿੰਸਤੀ ਅੰਸੂ ॥੪੭॥

੪੮. [ਫੱਤੇ ਨੇ ਘੋੜੀ ਨਾ ਦਿੱਤੀ। ਮਾਲਵੇ ਪਹੁੰਚਣਾ। ਨਬੀ ਗ਼ਨੀ ਖ਼ਾਂ ਵਿਦਾ]

੪੭<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੯

ਦੋਹਰਾ:

ਸਨੇ ਸਨੇ ਗਮਨੇ ਪ੍ਰਭੂ, ਮਾਰਗ ਚਲੇ ਕਿਤੇਕ।
ਗ੍ਰਾਮ ਕਨੇਚ[†] ਪਹੂਚ ਕੈ, ਥਿਰ ਹ੍ਵੈ ਜਲਧਿ ਬਿਬੇਕ ॥੧॥

[†]ਪਾ:-ਕਨੇਰ। ਪਰ ਠੀਕ ਨਾਮ 'ਕਨੇਚ' ਹੈ। ਜੋ ਲੁਧਿਆਣੇ ਦੇ ਜ਼ਿਲੇ ਵਿਚ ਹੈ।

ਚੌਪਈ:

ਇਕ ਗੁਰ ਸਿੱਖ ਬਸਹਿ ਤਿਸ ਮਾਂਹਿ।
ਜਾਟ ਜਨਮ ਫੱਤਾ ਕਹਿਂ ਤਾਂਹਿ।
ਨਿਕਟ ਆਇ ਤਿਨ ਸਤਿਗੁਰ ਹੇਰੇ।
ਕਰੀ ਚਿਨਾਰੀ ਹ੍ਵੈ ਤਬਿ ਨੇਰੇ ॥੨॥
ਸ਼੍ਰੀ ਗੁਰ ਗੋਬਿੰਦ ਸਿੰਘ ਪਛਾਨੇ।
ਹਾਥ ਬੰਦਿ ਕਰਿ ਬੰਦਨ ਠਾਨੇ।
ਥਿਰਯੋ ਸਮੀਪ ਬੈਠਿਗਾ ਜਬਿਹੂੰ।
ਦੇਖਿ ਪ੍ਰਭੂ ਦਿਸ਼ ਬੋਲਯੋ ਤਬਿਹੂੰ ॥੩॥
'ਸੇਵਾ ਕਰਨਿ ਮੋਹਿ ਫੁਰਮਾਵੌਂ।
ਭੋਜਨਾਦਿ ਆਨੌਂ ਮੈਂ, ਖਾਵੋ।
ਅਪਰ ਸੇਵ ਕਿਸ ਬਿਧਿ ਕੀ ਹੋਇ।
ਕਹੀਅਹਿ ਆਪ ਕਰੋਂ ਮੈਂ ਸੋਇ' ॥੪॥
ਸ਼੍ਰੀ ਮੁਖ ਤੇ ਭਾਖਯੋ ਤਿਸ ਬੇਰੇ।
'ਅਹੈ ਤੁਰੰਗਨ ਜੋ ਘਰ ਤੇਰੇ।
ਸੋ ਅਬਿ ਆਨਿ ਦੇਹੁ ਹਮ ਤਾਂਈ।
ਚਢਿ ਤਿਸ ਪਰ ਗਮਨੈਂ ਅਗਵਾਈ' ॥੫॥
ਸੁਨਿ ਫੱਤੇ ਚਿਤ ਬੀਚ ਬਿਚਾਰੀ।
ਕਹੈ ਕਿ 'ਆਨੌਂ ਆਪ ਅਗਾਰੀ[1]।' [1]ਬੋਲਿਆ ਕਿ ਮੈਂ ਆਪ ਪਾਸ ਲਿਆਉਂਦਾ ਹਾਂ।
ਇਮ ਕਹਿ ਸਦਨ ਆਪਨੇ ਗਯੋ।
ਤਤਛਿਨ ਜ਼ੀਨ ਨਿਕਾਰਤਿ ਭਯੋ ॥੬॥
ਅਲਪ ਤੁਰੰਗਨ ਪਰ ਸੋ ਪਾਇ।
ਲੈ ਆਯੋ ਗੁਰ ਢਿਗ ਸਹਿਸਾਇ।
ਬੜਵਾ ਬਡੀ ਨਹੀਂ ਤਬਿ ਆਨੀ।
-ਲੈ ਜੈ ਹੈਂ ਕਿਤ[1] ਕੋ ਮਨ ਜਾਨੀ ॥੭॥ [1]ਖਬਰੇ ਕਿੱਥੇ ਲੈ ਜਾਣਗੇ।
ਘੇਰੋ ਤੁਰਕਨ ਕੋ ਤਜਿ ਆਏ।

ਕੈ ਜਾਨੈ ਅਬਿ ਕਿਤ ਚਲਿ ਜਾਏਂ।
ਬਡੀ ਤੁਰੰਗਨ ਬਹੁ ਧਨ ਕੇਰੀ।
ਤਿਸ ਦੈਬੇ ਕੀ ਸ਼ਕਤਿ ਨ ਮੇਰੀ- ॥੮॥
ਏਵ ਬਿਚਾਰਤਿ ਗੁਰ ਢਿਗ ਆਯੋ।
ਸੰਗ ਤੁਰੰਗਨ ਛੋਟੀ ਲਜਾਯੋ।
ਖਰੀ ਕਰੀ ਜਬਿ ਆਨਿ ਅਗਾਰੀ।
ਦੇਖਤਿ ਸਤਿਗੁਰ ਗਿਰਾ ਉਚਾਰੀ ॥੯॥
'ਸੁਨਿ ਫੱਤਾ ਇਹ ਲਘੁ ਟਟਵਾਣੀ[1]।
ਨਹਿਂ ਅਰੂਢਿਬੇ ਲਾਯਕ ਜਾਣੀ।
ਨਹਿਂ ਅਸਵਾਰੀ ਹਮ ਕਿਯ ਐਸੀ।
ਲਜਾਇ ਦਿਖਾਈ ਤੈਂ ਅਬਿ ਜੈਸੀ ॥੧੦॥
ਜੋ ਬੜਵਾ ਤੁਝ ਸਦਨ ਬਡੇਰੀ।
ਤਿਸ ਕੋ ਲਜਾਉ, ਜਾਉ ਇਸ ਬੇਰੀ।'
ਹਾਥ ਜੋਰਿ ਤਬਿ ਜਾਟ ਉਚਾਰੀ।
'ਮੋਰ ਜਮਾਤਾ ਆਇ ਅਗਾਰੀ ॥੧੧॥
ਤਿਸ ਪਰ ਜ਼ੀਨ ਪਾਇ ਚਢਿ ਗਯੋ।
ਅਬਿ ਲੌਂ ਹਟ ਨਹਿਂ ਆਵਤਿ ਭਯੋ।
ਕਯਾ ਜਾਨੈਂ ਸੋ ਕਬਿ ਚਲਿ ਐ ਹੈ।
ਤਬਿ ਲੌਂ ਠਹਿਰਨ ਨਹਿਂ ਤੁਮ ਹ੍ਵੈ ਹੈ' ॥੧੨॥
ਸੁਨਤਿ ਜਾਟ ਤੇ ਗੁਰ ਤਬਿ ਕਹਯੋ।
'ਕਯੋਂ ਵਲਾਉ ਕਰਿਬੇ ਚਿਤ ਚਹਯੋ?
ਕਿਤਿਕ ਦੂਰ ਤੇ ਹਮ ਦੇਂ ਮੋਰ।
ਅਗਲੇ ਗ੍ਰਾਮਨ ਤੇ ਲੇਂ ਔਰ' ॥੧੩॥
ਸੁਨ ਫੱਤੇ ਬੋਲਯੋ ਪੁਨ ਕੂਰ।
'ਕਹਉਂ ਸਾਚ ਮੈਂ ਗੁਰੂ ਹਜ਼ੂਰ।
ਨਹੀਂ ਵਲਾਉ ਕਰਨ ਕੋ ਜਾਨੋਂ।
ਗਯੋ ਜਮਾਤਾ ਲੇ ਕਰਿ, ਮਾਨੋ[1]' ॥੧੪॥
ਸ਼੍ਰੀ ਪ੍ਰਭੁ ਰਿਸ ਕਰਿ ਬਾਕ ਉਚਾਰਾ।
'ਨਹਿਂ ਬੜਵਾ ਨਹਿਂ ਤੂੰ ਇਸ ਬਾਰਾ।
ਕੂਰ ਕਹਿਨ ਤੇ ਦੋਨਹੁਂ ਗਏ।'

[1]ਇਹ ਤਾਂ ਨਿੱਕੀ ਜਿਹੀ ਟੈਰ ਹੈ।

[1]ਮੰਨ ਲਓ।

ਇਮ ਕਹਿ ਸਤਿਗੁਰ ਚਾਲਤਿ ਭਏ
॥੧੫॥
ਤਬਿ ਫੱਤਾ ਗਮਨੵੋ ਘਰ ਮਾਂਹੀ।
ਲਘੁ ਬੜਵਾ ਲੇ ਕਰਿ ਸੰਗ ਤਾਂਹੀ।
ਮਨ ਮੈਂ ਕਹੈ -ਬਡੀ ਮੈਂ ਰਾਖੀ।
ਨਹੀਂ ਦੈਨ ਹਿਤ ਕੈ ਸਿਹੁੰ ਭਾਖੀ[1] ॥੧੬॥

[1]ਦੇਣੇ ਦੇ ਵਾਸਤੇ ਕਿਸੇ ਤਰ੍ਹਾਂ ਵੀ ਮੈਂ ਨਹੀਂ ਕਹੀ (ਭਾਵ ਦੇਣ ਵਾਸਤੇ ਮੈਂ ਮੰਨਿਆ ਨਹੀਂ)।

ਜਬਿ ਪਹੁੰਚੵੋ ਅਪਨੇ ਘਰ ਜਾਇ।
ਲਘੁ ਘੋਰੀ ਕੋ ਬੰਧਿ ਬਨਾਇ।
ਅੰਤਰ ਬਰੵੋ ਬਡੀ ਜਹਿਂ ਖਰੀ।
ਡਸੀ ਸਰਪ ਸੋ ਤਤਛਿਨ ਮਰੀ ॥੧੭॥
ਗਯੋ ਤਿਮਰ ਮਹਿਂ ਮਰੀ ਨ ਜਾਨੀ।
ਬੈਠਿ ਰਹੀ ਅਪਨੇ ਮਨ ਮਾਨੀ।
ਹੇਤ ਉਠਾਵਨਿ ਗੋਡਾ ਮਾਰਯੋ।
ਬਾਰ ਬਾਰ ਮੁਖ ਤੇ ਟਿਚਕਾਰਯੋ ॥੧੮॥
ਘੋਰੀ ਨਿਕਟ ਸਰਪ ਤਹਿਂ ਥਿਰਯੋ।
ਤਤਛਿਨ ਡਸਨ ਜਾਟ ਕੋ ਕਰਯੋ।
'ਹਾਇ ਹਾਇ' ਕਰਿ ਬਾਹਰ ਆਯੋ।
ਦ੍ਵੈ ਘਟਿਕਾ ਮਹਿਂ ਪ੍ਰਾਨ ਗਵਾਯੋ ॥੧੯॥
ਇਮ ਮੂਰਖ ਕੋ ਭਯੋ ਬਿਨਾਸ਼ੀ।
ਕਹਯੋ ਝੂਠ ਸਤਿਗੁਰ ਕੇ ਪਾਸੀ।
ਚਢੇ ਪ੍ਰਯੰਕ ਪ੍ਰਭੂ ਤਬਿ ਚਾਲੇ।
ਸ਼ਜਾਮ ਚਾਦਰਾ ਓਢਿ ਬਿਸਾਲੇ ॥੨੦॥
ਦੇਖਿ ਦੇਖਿ ਨਰ ਹਿੰਦੂ ਤੁਰਕਾ।
ਭੇਵ ਪਛਾਨ ਸਕਹਿਂ ਨਹਿਂ ਗੁਰ ਕਾ।
ਮੋਰ ਪੰਖ ਕਾ ਮੁੱਠਾ ਫਿਰੈ।
'ਹੈ ਕੋ ਬਡੋ ਪੁਰਖ' ਲਖਿ ਪਰੈ[1] ॥੨੧॥

[1]ਹਰ ਕਿਸੇ ਨੂੰ) ਇਹੋ ਜਾਣ ਪਵੇ ਕਿ ਇਹ ਕੋਈ ਵੱਡਾ ਪੁਰਖ ਹੈ।

ਆਇ ਨਿਕਟ ਕੋ ਬੰਦਨ ਕਰਿਹੀ।
ਨਿਸ਼ਚੈ ਕੋਇ ਨਹੀਂ ਮਨ ਧਰਿਹੀ[1]।

[1]ਇਹ ਨਿਸ਼ਚੇ ਕਿ ਕੌਣ ਹਨ, ਕੋਈ ਨਹੀਂ ਕਰ ਸਕਦਾ ਮਨ ਵਿਚ।

ਇਸੀ ਪ੍ਰਕਾਰ ਗਮਨਤੇ ਆਏ।
ਚਲਤਿ ਗ੍ਰਾਮ ਹੇਹਰ[†] ਨਿਯਰਾਏ ॥੨੨॥

[†]ਇਹ ਪਿੰਡ ਤਸੀਲ ਜਗਰਾਵਾਂ ਜ਼ਿਲਾ ਲੁਧਿਆਣਾ ਵਿਚ ਹੈ।

ਨਬੀ ਗ਼ਨੀ ਸਨ ਤਬਿ ਗੁਰ ਕਹੈਂ।
'ਇਹਾਂ ਕ੍ਰਿਪਾਲ ਉਦਾਸੀ ਰਹੈ।
ਰਵਿ ਅਸਤਯੋ ਸੰਧ੍ਯਾ ਅਬਿ ਹੋਈ।
ਡੇਰਾ ਕਰਯੋ ਚਹੈਂ ਥਲ ਸੋਈ ॥੨੩॥
ਬਹੁਤ ਦੂਰ ਹੀ ਅਬਿ ਚਲਿ ਆਏ।
ਅੱਗ੍ਰ ਗਮਨ ਤਬਿ ਨਹਿਂ ਬਨਿ ਆਏ।
ਇਹਾਂ ਜਾਮਨੀ ਬਸਹਿਂ ਬਿਤਾਵੈਂ।
ਉਠਿ ਪ੍ਰਭਾਤਿ ਕੋ ਅੱਗ੍ਰ ਸਿਧਾਵੈਂ ॥੨੪॥
ਤੁਮ ਭੀ ਇਸ ਥਲ ਤੇ ਹਟਿ ਜਾਵਹੁ।
ਮਿਲਿ ਬਿਰਾਦਰੀ ਨਿਜ ਦਿਖਰਾਵਹੁ।
ਆਗੇ ਗਮਨ ਸੁਗਮ ਹੀ ਅਹੈ।
ਜੰਗਲ[1] ਦੇਸ਼ ਗੁਰੂ ਸਿਖ ਰਹੈਂ ॥੨੫॥
ਸੁਨਤਿ ਖਾਨ ਬੋਲੇ ਤਬਿ ਅਰਜ਼ੀ।
'ਹਮ ਅਨੁਸਾਰਿ ਆਪ ਕੀ ਮਰਜ਼ੀ।
ਜੇ ਹਮ ਬਿਨ ਨਹਿਂ ਸਰੈ ਅਗਾਰੀ।
ਹਟਿ ਆਵੈਂ ਦ੍ਵੈ ਦਿਵਸ ਪਿਛਾਰੀ ॥੨੬॥
ਜੇਤਿਕ ਸੇਵਾ ਬਨਹਿ ਤੁਹਾਰੀ।
ਪਰਮ ਲਾਭ ਕੱਲਜਾਨ[†] ਹਮਾਰੀ।'
ਇਮ ਬੋਲਤਿ ਮਗ ਉਲੰਘਯੋ ਸਾਰਾ।
ਥਾਨ ਉਦਾਸੀ ਪਹੁੰਚਿ ਨਿਹਾਰਾ ॥੨੭॥
ਸੁਨੀ ਕਾਨ ਮਹਿਂ ਸਾਧ ਕ੍ਰਿਪਾਲ।
'ਆਨਿ ਪਹੁਚੇ ਗੁਰੂ ਕ੍ਰਿਪਾਲ।'
ਉਠਯੋ ਸ਼ੀਘ੍ਰਹੀ ਬਾਹਰ ਆਯੋ।
ਚਰਨ ਸਰੋਜਨ ਕੋ ਲਪਟਾਯੋ ॥੨੮॥
'ਉਤਰਹੁ ਪ੍ਰਭੂ ਆਪ ਕੋ ਡੇਰਾ।
ਮੁਝ ਕੋ ਜਾਨਿ ਲੀਜੀਐ ਚੇਰਾ।'
ਕਰਿ ਬਿਨਤੀ ਉਤਰਾਇ ਪ੍ਰਯੰਕਾ।
ਲੇ ਅੰਤਰ ਕੋ ਗਯੋ ਨਿਸ਼ੰਕਾ ॥੨੯॥
ਉਤਰਿ ਪਰੇ ਕੀਨਸਿ ਗੁਰ ਡੇਰਾ।
ਆਇ ਸਾਧ ਸਭਿ ਦਰਸ਼ਨ ਹੇਰਾ।
ਕਰਿ ਕਰਿ ਬੰਦਨ ਬੈਠੇ ਪਾਸੀ।
ਕਿਤਿਕ ਲੋਕ ਅਰੁ ਸਾਧ ਉਦਾਸੀ

[1]ਮਾਲਵਾ।

[†]ਇਸ ਤੋਂ ਜਾਪਦਾ ਹੈ ਕਿ ਇਹ ਦੋਇ ਪਠਾਨ ਸ਼੍ਰੀ ਗੁਰੂ ਜੀ ਤੇ ਨਿਸ਼ਚਾ ਭਰੋਸਾ ਰੱਖਦੇ ਸਨ।

॥ ੩੦ ॥
ਤੀਨ ਸਿੰਘ ਅਰੁ ਦੋਇ ਪਠਾਨ।
ਕਹਜੋ ਬਾਕ ਸ਼੍ਰੀ ਗੁਰ ਭਗਵਾਨ।
'ਮਾਨ ਸਿੰਘ ! ਤੁਮ ਨਿਸਾ ਮਝਾਰਾ।
ਗਏ ਹੁਤੇ ਹਿਤ ਕਰਨ ਅਹਾਰਾ ॥ ੩੧ ॥
ਤਬਿ ਹਮ ਤੁਮ ਸੰਗ ਭਾਖਜੋ ਜੈਸੇ।
ਹੈ ਕਿ ਨਹੀਂ ਮਨ ਸਿਮਰਨ ਤੈਸੇ।'
ਤਬਿ ਤੀਨਹੁੰ ਕਰ ਜੋਰਿ ਬਖਾਨਾ।
'ਹੁਕਮ ਮਾਨ ਪਾਲੇ ਬੰਧਿ ਆਨਾ ॥ ੩੨ ॥
ਸਿਮਰਨ ਰਾਵਰ ਕਰਜੋ ਨ ਕੋਈ।
ਬੰਧਜੋ ਰਹਜੋ ਅਬਿ ਲੌਂ ਤਿਮ ਸੋਈ।
ਹਮ ਤਿਨਹੁੰ ਨੇ ਬਾਂਧਜੋ ਪਾਲੇ।
ਹੁਕਮ ਹੋਇ ਤੌਂ ਦੇਹਿੰ ਦਿਖਾਲੇ' ॥ ੩੩ ॥
ਸੁਨਿ ਕੈ ਸ਼੍ਰੀ ਮੁਖ ਤੇ ਫੁਰਮਾਈ।
'ਅਬਿ ਸਭਿ ਹੀ ਕੋ ਦੇਹੁ ਦਿਖਾਈ।
ਕਜਾ ਤੁਮ ਖਾਯੋ ਜਾਨਜੋਂ ਜਾਇ?
ਸੰਸੇ ਤੁਮਰੇ ਉਰ ਬਿਨਸਾਇ' ॥ ੩੪ ॥
ਤਬਿ ਤੀਨਹੁੰ ਖੋਲਨ ਕਰਿ ਪਾਲੇ।
ਧਰਿ ਕਰਤਲ ਪੈ[1] ਸਭਿਨਿ ਦਿਖਾਲੇ।
'ਸ੍ਵਾਦ ਤਿਹਾਵਲ ਨਿਸ ਮਹਿਂ ਖਾਏ।
ਅਬਿ ਪਰਖਹੁ ਤਿਸ ਮਹਿਂ ਤੇ ਲਜਾਏ'
॥ ੩੫ ॥
ਹੇਰਿ ਸਰਬ ਹੀ ਕਹੈਂ 'ਕਰਾਹੂ।
ਸੰਸੇ ਕਹਾਂ ਕਰਹੁ ਇਸ ਮਾਂਹੂ।'
ਸ਼੍ਰੀ ਗੁਰ ਅਰੁ ਨਰ ਸਾਧੁ ਉਦਾਸੀ।
ਦੇਖਤਿ ਸੰਸੈ ਕੀਨ ਬਿਨਾਸੀ ॥ ੩੬ ॥
ਨਬੀ ਗ਼ਨੀ ਖਾਂ ਕੋ ਤਿਸ ਕਾਲਾ।
ਲਖਿ ਕਰਿ ਸੇਵ ਪ੍ਰਸੰਨ ਬਿਸਾਲਾ।
ਕੰਚਨ ਕੰਕਨ ਜਰੇ ਜਰਾਵਨ[1]।
ਬਖਸ਼ਨ ਕਰੇ ਰਿਦੇ ਹਰਖਾਵਨ ॥ ੩੭ ॥
ਬਹੁਰ ਪਟਾ ਕਾਗਤ ਲਿਖ ਦੀਨ।
ਸਭਿ ਸੰਗਤ ਪਰ ਆਗਜਾ ਕੀਨਿ।

[1]ਹੱਥ ਦੀ ਤਲੀ ਤੇ।

[1]ਜੜਾਊਆਂ ਨਾਲ ਜੜੇ ਹੋਏ।

'ਇਨਹੁਂ ਕਰੀ ਮਮ ਸੇਵ ਬਿਸਾਲਾ।
ਸਿਖ! ਮਾਨਹੁ[1] ਇਨ ਕੋ ਸਭਿ ਕਾਲਾ ॥੩੮॥ [1]ਹੇ ਸਿੱਖੋ! ਮੰਨੋ।
ਸੰਗਤਿ ਦੇਹਿ ਸੇਵ ਮਮ ਸਟਾ[1]।' [1]ਮੇਰੀ ਸੇਵਾ ਦਾ ਬਦਲਾ।
ਕਰੇ ਵਿਦਾ ਲਿਖਿ ਦੀਨਸਿ ਪਟਾ[†]। [†]ਇਨ੍ਹਾਂ ਦੀ ਉਲਾਦ ਪਾਸ ਹੁਕਮ ਨਾਮਾ ਸੁਣੀਦਾ ਹੈ। ਸ੍ਰੀ ਅੰਮ੍ਰਿਤਸਰ ਦੇ ਪ੍ਰਸਿੱਧ ਹਕੀਮ ਅਜ਼ੀਜ਼ ਦੀਨ (ਕਟੜਾ ਜੈਮਲ ਸਿੰਘ) ਪਾਸ ਬੀ ਗ਼ਨੀ ਖ਼ਾਂ ਨਬੀ ਖ਼ਾਂ ਵਾਲਾ ਪਟਾ ਹੈਸੀ।
ਅਧਿਕ ਅਨੰਦੇ ਬੰਦਨ ਕਰਿ ਕੈ।
ਗਮਨੇ ਪੁਨਹਿ ਪਿਛਾਰੀ ਮੁਰਿ ਕੈ ॥੩੯॥
ਤੀਨਹੁਂ ਸਿੰਘ ਸੰਗ ਤਬਿ ਰਹੇ।
ਸਾਧ ਕ੍ਰਿਪਾਲ ਦੇਖਿ ਇਮ ਲਹੇ।
-ਚਾਹੈਂ ਰਹਜੋ ਅਬੈ ਥਲ ਮੇਰੇ।
ਹੋਇ ਪਰਹਿੰਗੇ ਅਧਿਕ ਬਖੇਰੇ ॥੪੦॥
ਬਰਾਬਾਦ ਡੇਰਾ ਹੁਇ ਜਾਇ।
ਨੀਠ ਨੀਠ ਮੈਂ ਕੀਨ ਬਨਾਇ-।
ਤੁਰਕ ਤ੍ਰਾਸ ਤੇ ਭਰਮਤਿ ਡੋਲਜੋ।
ਰਹਜੋ ਨ ਦ੍ਰਿਢ ਨਿਸ ਮਹਿਂ ਇਮ ਬੋਲਜੋ ॥੪੧॥
'ਸੁਨੀਅਹਿ ਸਤਿਗੁਰ ਦਯਾ ਨਿਧਾਨ!
ਇਨ ਗ੍ਰਾਮਨ ਮਹਿਂ ਤੁਰਕ ਮਹਾਨ।
ਹਲਵਾ ਰੇੜਾ ਅਰੁ ਤਲਵੰਡੀ।
ਮੁਸਲਮਾਨ ਕੇ ਪਿੰਡ ਅਖੰਡੀ[1] ॥੪੨॥ [1]ਸਾਰੇ ਹੀ।
ਰਹੈਂ ਹਜ਼ਾਰਹੁਂ, ਸੁਨਿ ਸੁਧਿ ਜਬੈ।
ਚਢਿ ਆਵੈਂ ਗਨ ਤੁਰਨ ਤਬੈ।
ਮੋ ਤੇ ਨਹਿਂ ਕਿਮ ਰਾਖੇ ਜਾਇਂ।
ਯਾਂ ਤੇ ਲਖਹੁ ਨ ਰਹਿਬੇ ਥਾਇਂ ॥੪੩॥
ਲੰਮੇ ਗ੍ਰਾਮ ਆਪ ਚਲਿ ਜਾਈਏ।
ਸੋ ਰਾਖਹਿਂ ਤੁਮ ਕੋ ਕਰਿ ਦਾਈਏ।
ਨਰ ਸੁ ਹਜ਼ਾਰਹੁਂ ਦਾਦੇ ਪੋਤੇ।
ਲਰਿਬੇ ਦਿਢ ਡਰ ਧਰਹਿਂ ਨ ਕੋਤੇ[1]' ॥੪੪॥ [1]ਕਿਸੇ ਤੋਂ।
ਸੁਨਿ ਕਰਿ ਤਿਸ ਪ੍ਰਤਿ ਗੁਰੂ ਅਲਾਵਹਿਂ।

'ਤੁਰਕਨ ਤੇ ਹਮ ਕੋ ਡਰਪਾਵਹਿਂ।
ਤਿਨ ਕੋ ਸਦਾ ਰਹੇ ਹੀ ਮਾਰਤਿ।
ਤੂੰ ਤਿਨ ਕੇ ਡਰ ਤੇ ਹੁਇ ਆਰਤ ॥੪੫॥
ਹਮਰੋ ਨਿਸ਼ਚਾ ਤੁਮ ਉਰ ਨਾਸਾ।
ਯਾਂ ਤੇ ਤੁਰਕ ਦੇਹਿਂ ਤੁਝ ਤ੍ਰਾਸਾ।'
ਇਮ ਸ੍ਰਾਪਤ ਕਿਯ ਸਾਧ ਕ੍ਰਿਪਾਲ।
ਨਿਸ ਬਿਤਾਇ ਕਰਿ ਤਹਾਂ ਕ੍ਰਿਪਾਲ[1] [1]ਗੁਰੂ ਜੀ ਨੇ।
॥੪੬॥

ਇਹ ਕ੍ਰਿਪਾਲ ਉਹ ਕ੍ਰਿਪਾਲ ਨਹੀਂ ਜੋ ਭੰਗਾਣੀ ਦੇ ਜੁੱਧ ਵਿਚ ਲੜਿਆ ਸੀ ਤੇ ਜਿਸ ਨੇ ਹਯਾਤ ਖ਼ਾਂ ਨੂੰ ਕੁਤਕੇ ਨਾਲ ਮਾਰਿਆ ਸੀ। ਉਹ ਗਜਾਤਗੇਯ ਨਾਮ ਰਸੀਆ ਪੂਰੇ ਸਿਦਕ ਤੇ ਭਰੋਸੇ ਵਾਲਾ ਗੁਰ ਸਿੱਖ ਸੀ। ਉਹ ਮੰਡਲੀ ਦਾ ਮਹੰਤ ਤੇ ਬਹੂਦਕ ਸਾਧੂ ਸੀ, ਕੁਟੀਚਰ ਅਰਥਾਤ ਡੇਰੇ ਦਾਰ ਨਹੀਂ ਸੀ, ਕਿਉਂਕਿ ਗੁਰ ਬਿਸਾਲ ਵਿਚ ਉਸਨੂੰ ਅਵਿਧੂਤ ਲਿਖਿਆ ਹੈ,

ਯਥਾ:

-ਸੁਣ ਬੋਲਜੋ ਸ਼ੁਭ ਮਤਿ ਅਵਧੂਤਾ। ਸੰਤ ਸ਼ਿਰੋਮਣਿ ਸ਼੍ਰੀ ਪੁਰਹੂਤਾ।
ਗੁਰ ਚੇਲੇ ਸਭ ਸ਼ਰਣ ਤਿਹਾਰੀ। ਤੈਂ ਹਮਰੋ ਸਤਿਗੁਰ ਅਵਤਾਰੀ ॥ ੨੨੭ ॥
ਬਡੇ ਭਾਗ ਤੋ ਕਹੁ ਹਮ ਪਾਯੋ। ਲੋਕ ਸੁਖੀ ਪਰਲੋਕ ਬਨਾਯੋ।
ਬ੍ਰਹਮਾਦਿਕ ਰਿਖਿ ਕਵਿ ਮੁਨਿ ਜੋਨੀ। ਕਿੰਨਰ ਜੱਛ ਭੁਜੰਗ ਅਮੋਨੀ ॥ ੨੨੮ ॥
ਆਜ ਲਗੇ ਗਾਵਤ ਗੁਨ ਆਯੋ। ਤੁਵ ਪ੍ਰਸਾਦਿ ਸੋਂ ਇਹ ਮਮ ਪਾਯੋ।
ਅਬ ਮਨ ਮੈਂ ਨਿਸ਼ਚੈ ਇਮ ਆਈ। ਤੁਵ ਸਮਾਨ ਪ੍ਰਭੁ ਸੁਰ ਨਰ ਨਾਹੀਂ ॥ ੨੨੯ ॥
ਕੋਟ ਬਿਸ਼ਨ ਬ੍ਰਹਮੇ ਤ੍ਰਿਪੁਰਾਰੀ। ਇਨ ਪਾਵੋਂ ਪਰ ਦਿਜੀਐ ਵਾਰੀ।
ਅਸ ਪ੍ਰਭੁ ਗੁਰ ਪੂਰਨ ਕਹਿ ਤਜਾਗੀ। ਅਨ ਜਾ ਫਿਰਤਿ ਮੂੜ ਅਨੁਰਾਗੀ' ॥ ੨੩੦ ॥ [ਗੁਰ ਬਿ: ਧਿ: ੬

ਤੇ ਕਵਿ ਸੰਤੋਖ ਸਿੰਘ ਜੀ ਨੇ ਐਉਂ ਲਿਖਿਆ ਹੈ:-

ਦੀਰਘ ਜਟਾਜੂਟ ਸਿਰ ਬਾਧਾ। ਰੋਕਿ ਰਿਖੀਕਨ ਮਨ ਜਿਹ ਸਾਧਾ ॥੩੭॥
ਸਰਬੰਗਨ ਮਹਿਂ ਲਗੀ ਬਿਭੂਤ। ਸ਼ੋਭਤਿ ਮਨੋ ਦੱਤ ਅਵਧੂਤ।
ਤਪ ਕੋ ਤੇਜ ਦਿਪਤ ਹੈ ਐਸੇ। ਰਿਖੀਅਨ ਮਹਿਂ ਘਟਨੰਦਨ ਜੈਸੇ ॥੩੮॥
ਬ੍ਰਹਮਚਰਜ ਮਹਿਂ ਬਡੋ ਸਪੁੱਤਾ। ਗੁਰ ਕੇ ਚਰਨ ਨਾਮ ਰਸ ਮੱਤਾ।
ਕਰ ਪਗ ਕੇ ਨਖ ਬਧੇ ਬਿਸਾਲਾ। ਕਸੀ ਕੁਪੀਨ ਦਿਪਤ ਬਡ ਭਾਲਾ ॥੩੯॥
ਇਕ ਤੂੰਬਾ ਹਿਤ ਪੀਵਨ ਬਾਰੀ। ਕੁਤਕਾ ਗਹੇ ਹਾਥ ਮਹਿਂ ਭਾਰੀ।
ਸ਼ਮਸ ਬਦਨ ਪਰ ਝਮਕਤਿ ਅਹੈ। ਬਸਤ੍ਰ ਬਿਹੀਨ ਦਿਗੰਬਰ ਰਹੈ ॥੪੦॥
ਤਨ ਸਥੂਲ ਅਰੁ ਪੇਟ ਬਿਸਾਲਾ। ਲਾਂਬੀ ਭੁਜਾ ਮਹਾਂ ਬਲ ਵਾਲਾ।
ਸਤਿਗੁਰ ਸਨਮੁਖ ਮਹਿਦ ਸੁਹਾਯੋ। ਮਨੋ ਗਜਾਨ ਢਿਗ ਤਪ ਚਲਿ ਆਯੋ ॥੪੧॥
ਕਿਧੋਂ ਬਿਸ਼ਨੁ ਕੇ ਦਰਸ਼ਨ ਕਾਰਨ। ਮਹਾਂਦੇਉ ਬੈਠਜੋ ਰਿਪੁ ਦਾਰੁਨ।
ਰਾਮ ਚੰਦ ਢਿਗ ਕਿਧੌਂ ਅਗਸਤ। ਇਮ ਅਵਿਲੋਕਤ ਸਿੱਖ ਸਮਸਤ ॥੪੨॥

[ਰੁਤ ੨ ਅੰਸੂ ੨੩

ਇਸ ਤੋਂ ਸਪੱਸ਼ਟ ਹੈ ਕਿ ਇਹ ਕ੍ਰਿਪਾਲ ਪੂਰਨ ਸਾਧੂ ਹੈ, ਪੂਰਨ ਗੁਰ ਪ੍ਰੇਮੀ ਹੈ, ਤਜਾਗੀ ਹੈ, ਇਕ ਕੁਤਕਾ ਤੇ ਤੂੰਬਾ ਪਾਸ ਹੈ, ਅਵਧੂਤ ਹੈ ਤੇ ਡੇਰੇਦਾਰ ਨਹੀਂ ਹੈ, ਤੇ ਦਿਬ ਦ੍ਰਿਸ਼ਟਿ ਵਾਲਾ ਹੈ। ਭੰਗਾਣੀ ਦੇ ਜੁੱਧ ਦਾ ਅੰਤ ਗੁਰੂ ਕੀ ਬਿਜੈ ਹੈ ਉਸ ਨੇ ਪਹਿਲੋਂ ਦੱਸ ਦਿੱਤਾ ਸੀ, ਤੇ ਸਤਿਗੁਰ ਦੀ ਚਰਨ ਸ਼ਰਨ ਜੁੱਧ ਵਿਚ ਲੜਿਆ ਤੇ ਹਯਾਤ ਖ਼ਾਂ ਨੂੰ ਮਾਰਿਆ। ਕਈ ਲੋਕਾਂ ਨੇ ਇਸੇ ਮਹੰਤ ਕ੍ਰਿਪਾਲ ਨੂੰ ਹੇਹਰਾਂ ਦਾ 'ਕ੍ਰਿਪਾਲ ਸਾਧ ਉਦਾਸੀ' ਮੰਨਿਆ ਹੈ।

ਇਹ ਭੁੱਲ ਜਾਪਦੀ ਹੈ ਤੇ ਵਿਸ਼ੇਸ਼ ਖੋਜ ਦੀ ਮੁਥਾਜ ਹੈ। ਭੰਗਾਣੀ ਵਾਲਾ ਕ੍ਰਿਪਾਲ ਡੇਰੇਦਾਰ ਨਹੀਂ ਸਹੀ ਹੁੰਦਾ, ਉਹ ਤਯਾਗੀ ਤੇ ਬਹੂਦਕ ਤਯਾਗੀ ਹੈ, ਪਰ ਇਹ ਕੁਟੀਚਰ ਹੈ। ਉਹ ਤ੍ਰਿਕਾਲੱਗਯ, ਪੂਰਨ ਪਦ ਤੇ ਇਸਥਤਿ ਤੇ ਭਰੋਸੇ ਵਾਲਾ ਹੈ ਤੇ ਸਤਿਗੁਰੂ ਜੀ ਨੂੰ ਵਾਹਿਗੁਰੂ ਦਾ ਅਵਤਾਰ ਦੇਖਦਾ ਹੈ। ਇਹ ਸਾਧ ਕ੍ਰਿਪਾਲ ਗੁਰੂ ਜੀ ਨੂੰ ਗੁਰੂ ਮੰਨਦਾ ਹੈ, ਪਰ ਡਰਦਾ ਹੈ, ਭੈ ਵਿਚ ਹੈ, ਨਿਰਭੈ ਪਦ ਤੇ ਅਰੂੜ ਨਹੀਂ ਹੈ, ਤੇ ਡੇਰੇ ਨੂੰ ਗੁਰੂ ਜੀ ਤੋਂ ਵਧੀਕ ਪਿਆਰ ਕਰਦਾ ਹੈ। ਦੋਹਾਂ ਦੇ ਆਚਰਨ ਤੇ ਭਰੋਸੇ ਅੱਡ ਅੱਡ ਹਨ। ਇਸ ਤੋਂ ਜਾਪਦਾ ਹੈ ਕਿ ਵ੍ਯਕਤੀਆਂ ਵੀ ਅੱਡ ਅੱਡ ਹਨ। ਜੋ ਭਰੋਸਾ ਜੋ ਸਿਦਕ ਜੋ ਦ੍ਰਿਸ਼ਟੀ ਭੰਗਾਣੀ ਵਾਲੇ ਕ੍ਰਿਪਾਲ ਦੀ ਦੱਸੀ ਹੈ ਓਹ ਦ੍ਰਿੜ ਆਚਰਨੀ ਕਦੇ ਹੇਹਰਾ ਵਿਚ ਸਤਿਗੁਰੂ ਨੂੰ ਆਪਣ ਪਾਸ ਰੱਖਣੋਂ ਨਾਂਹ ਨਹੀਂ ਕਰ ਸਕਦਾ, ਤਵਾਰੀਖ ਖਾਲਸਾ ਨੇ ਇਸ ਡੇਰੇ ਨੂੰ ਤਾਂ ਉਸੇ ਉਦਾਸੀ ਮਹੰਤ ਭੰਗਾਣੀ ਵਾਲੇ ਦਾ ਬਸਾਯਾ ਮੰਨਿਆਂ ਹੈ, ਪਰ ਇਸ ਮਹੰਤ ਨੂੰ, ਜਿਸਨੇ ਆਪਣੇ ਸਤਿਗੁਰਾਂ ਨੂੰ ਰੈਣ ਬਸੇਰਾ ਨਹੀਂ ਦਿੱਤਾ ਉਸਦਾ ਚੇਲਾ ਮੰਨਿਆਂ ਹੈ। ਇਹ ਹੋ ਸਕਦਾ ਹੈ ਕਿ ਭੰਗਾਣੀ ਜੁੱਧ ਮਗਰੋਂ ਉਸਨੇ ਡੇਰਾ ਆ ਬੱਧਾ ਹੋਵੇ ਤੇ ਇਹ ਆਦਮੀ ਉਸਦਾ ਚੇਲਾ ਹੋਵੇ ਯਾ ਇਸ ਚੇਲੇ ਨੇ ਹੀ ਡੇਰਾ ਬੱਧਾ ਹੋਵੇ ਤੇ ਉਹ ਚੜ੍ਹ ਚੁੱਕਾ ਹੋਵੇ। ਤਵਾ: ਖਾ: ਨੇ ਤਾਂ ਇਸ ਮਹੰਤ ਨੂੰ ਕ੍ਰਿਪਾਲ ਉਦਾਸੀ ਦਾ ਚੇਲਾ ਮਹੰਤ ਹੀ ਲਿਖ੍ਯਾ ਹੈ, ਭੰਗਾਣੀ ਜੁੱਧ ਨੂੰ ਬੀ ਵੀਹ ਕੁ ਵਰ੍ਹੇ ਬੀਤ ਚੁੱਕੇ ਹਨ। ਇਹ ਬੀ ਮੁਮਕਿਨ ਹੈ ਕਿ ਚੇਲੇ ਦਾ ਨਾਮ ਬੀ ਕ੍ਰਿਪਾਲ ਹੋਵੇ। ਜੀਕੂੰ ਨੁਰੰਗਾਬਾਦ ਦੇ ਸ਼ਹੀਦ ਹੋਏ ਸ਼੍ਰੀ ਬਾਬਾ ਬੀਰ ਸਿੰਘ ਜੀ ਦੇ ਜਾਨਸ਼ੀਨ ਚੇਲੇ ਦਾ ਨਾਮ ਬੀ ਸ਼੍ਰੀ ਬਾਬਾ ਬੀਰ ਸਿੰਘ ਜੀ ਹੀ ਸੀ।

ਚਲਿਬੇ ਹੇਤ ਕਰੀ ਤਬ ਤ੍ਯਾਰੀ।
ਇਕ ਕ੍ਰਿਪਾਲ ਕੋ ਸਾਧ ਭੰਡਾਰੀ।
ਪੈਸੇ ਪੰਚ ਹਾਥ ਮਹਿੰ ਲ੍ਯਾਯੋ।
ਕਰਿ ਆਗੈ ਨਿਜ ਸੀਸ ਝੁਕਾਯੋ ॥੪੭॥
ਤਬਿ ਸਤਿਗੁਰ ਤਿਸ ਕੋ ਕਰ ਗਹ੍ਯੋ।
'ਬੰਧਿ ਮੁਸ਼ਟ ਦਿਢ[1]' ਸ਼੍ਰੀ ਮੁਖ ਕਹ੍ਯੋ।
'ਅਧਿਕ ਜ਼ੋਰ ਤੇ ਗਾਢੀ ਕੀਜੈ[1]।
ਨਹੀਂ ਖਜ਼ਾਨਾ ਖੋਲਨ ਕੀਜੈ' ॥੪੮॥
ਸੁਨਿ ਕ੍ਰਿਪਾਲ ਬੂਝ੍ਯੋ ਬੰਦਿ ਹਾਥ।
'ਰਾਖਨ ਹੀ ਭਾਖ੍ਯੋ ਅਬਿ ਨਾਥ[1] !
-ਕਬਹੂੰ ਖੁਲਹਿ- ਸੋ ਭੀ ਬਚ ਕਹੀਏ[1]।
ਕਰੁਨਾ ਕਰਤਿ ਇਨਹੁ ਪਰ ਰਹੀਏ' ॥੪੯॥
ਸ਼੍ਰੀ ਮੁਖ ਕਹ੍ਯੋ ਸੁਨਹੁ ਸੋ ਕਾਨ[1]।
ਦਸਮ ਗੁਰੂ ਬਚ ਕੀਨ ਬਖਾਨ।
'ਤੁਵ ਗਾਦੀ ਪਰ ਦਸਮੋ ਥਿਰੇ।
ਸੁਊ ਖਜ਼ਾਨਾ ਖੋਲਨਿ ਕਰੇ' ॥੫੦॥
ਕਹੈ ਕਵੀ ਅਬਿ ਲੌ ਸੋ ਧਰੈਂ।
ਨਹੀਂ ਕੋਸ਼ ਤੇ ਖਰਚਨ ਕਰੈਂ।
ਪੰਚ ਗ੍ਰਾਮ ਕੇ ਤਬਹਿ ਬੁਲਾਏ।

[1]ਮੁੱਠੀ ਚੰਗੀ ਤਰ੍ਹਾਂ ਘੁੱਟਕੇ ਰੱਖੋ।
[1]ਭਾਵ ਪੱਕੀ ਗੰਢ ਦੇ ਲਓ।
[1]ਆਪ ਨੇ ਰੱਖਣ ਵਾਸਤੇ ਹੀ ਕਿਹਾ ਹੈ ਹੇ ਨਾਥ ਕਿ।
[1]ਕਦੇ ਖੁੱਲ੍ਹੇਗਾ ਵੀ, ਉਹ ਬੀ ਬਚਨ ਕਹੋ।
[1]ਕਵੀ ਜੀ ਕਹਿੰਦੇ ਹਨ ਕਿ ਹੇ ਸ੍ਰੋਤਾ ਜਨੋ !) ਜੋ ਸ਼੍ਰੀ ਮੁਖੋਂ ਕਿਹਾ ਸੀ ਓਹ ਕੰਨ ਦੇਕੇ ਸੁਣੋ।

ਕਹਯੋ[1] ਕਿ 'ਮੰਜਾ ਲੇਹੁ ਉਚਾਏ' ॥੫੧॥
ਸੁਨਿ ਚਾਰਹੁਂ ਨੇ ਪਲੰਘ ਉਠਾਵਾ।
ਗਮਨ ਕੀਨਿ ਡੇਰੇ ਨਿਕਸਾਵਾ[1]।
ਗੁਰੂ ਕਹਯੋ 'ਇਕ ਦਿਸ਼ ਤੇ ਨੀਵੋਂ।
ਸਮ ਹੁਇ ਚਲਹੁ ਨ ਬਿਖਮੀ ਥੀਵੋ' ॥੫੨॥
ਕਹਿ ਰਾਹਕ 'ਛੋਟਾ ਮਮ ਤਨ ਹੈ।
ਤ੍ਰੈ ਲਾਂਬੈ, ਯਾਂ ਤੇ ਅਨਬਨ ਹੈ।'
ਸੁਨਿ ਸ਼੍ਰੀ ਮੁਖ ਤੇ ਵਾਕ ਉਚਾਰਾ।
ਸਮ ਬਨ ਜਾਹੁ[1] ਜਿਨਹੁਂ ਸਿਰ ਧਾਰਾ' ॥੫੩॥
ਭਯੋ ਬਚਨ ਤੇ ਤਿਨ ਸਮ ਤਤਛਿਨ।
ਦੇਖਿ ਸਕਲ ਤਬਿ ਬਿਸਮਤਿ ਬਹੁ ਮਨ।
ਲਗਯੋ ਕ੍ਰਿਪਾਲ ਪੰਚ ਸਿਰ[1] ਧਾਰੇ।
ਸਿੰਘ ਸੰਗ ਹੁਇ ਪੰਥ ਪਧਾਰੇ ॥੫੪॥
ਇਕ ਜੱਟੀ ਭੱਟੀ ਤਿਸ ਨਾਇ।
ਤਰ ਪ੍ਰਯੰਕ ਸਿਰ ਦੀਨਸਿ ਧਾਇ।
ਪਿਖਿ ਗੁਰ ਭਾਖਯੋ 'ਦੇਹੁ ਹਟਾਈ[†]।
ਕਯਾ ਮਾਂਗਤਿ ਬੂਝਹੁ ਇਸ ਤਾਈਂ?' ॥੫੫॥
ਦਯਾ ਸਿੰਘ ਤਬਿ ਕਰੀ ਹਟਾਵਨ।
'ਕਯਾ ਜਾਚਹਿ ਕਹੁ ਕਰੀਅਹਿ ਪਾਵਨ[1]।'
ਸੁਨਿ ਕਰਿ ਬੋਲੀ ਉਰ ਅਹਿਲਾਦੀ।
'ਕਹੋ ਮੋਹਿ ਸੁਤ ਕੀ ਹੁਇ ਸ਼ਾਦੀ' ॥੫੬॥
ਤਬਿ ਗੁਰ ਭਨਯੋਂ 'ਬੰਸ ਬਿਰਧੈ ਹੈ।
ਸਪਤ ਸਪਤ ਸ਼ਾਦੀ ਕਰਵੈ ਹੈਂ।'
ਹਟੀ ਸੁ ਰਿਦੇ ਅਨੰਦਹਿ ਧਰੇ।
ਤਿਹ ਸੁਤ ਤੀਨ ਬਯਾਹੁ ਪੁਨ ਕਰੇ ॥੫੭॥
ਪੋਤ੍ਰੇ ਸਪਤ ਬਯਾਹੁ ਕਰਿਵਾਏ।
ਸੋ ਹਮ ਦੇਖੇ ਲਿਖੇ ਬਨਾਏ।

[1](ਕ੍ਰਿਪਾਨ ਨੇ) ਕਿਹਾ।

[1]ਨਿਕਲਿਆ (ਪਲੰਘ)।

[1]ਬਰੱਬਰ ਦਾ ਹੋ ਜਾ।

[1]ਪੈਂਚਾਂ ਦੇ ਨਾਲ ਕ੍ਰਿਪਾਲ ਬੀ ਮੰਜਾ ਸਿਰ ਚਾਉਣ ਵਿਚ ਲੱਗ ਪਿਆ।

[†]ਤ੍ਰੀਮਤ ਤੇ ਤਰਸ ਕਰਕੇ ਕਿ ਇਹ ਔਖਾ ਕੰਮ ਨਾ ਕਰੇ।

[1]ਆਖ ਤੇ (ਗੁਰੂ ਜੀ ਤੋਂ) ਪਾਵਨਾ ਕਰ।

ਇਮ ਸਤਿਗੁਰ ਕੇ ਸ੍ਰਾਪ ਕਿਧੌਂ ਬਰ।
ਬਿਦਤ ਜਾਨੀਯਹਿ ਜਹਿਂ ਕਹਿਂ ਧਰਿ ਪਰ
॥੫੮॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰੁਤੇ 'ਸ੍ਰੀ ਗੁਰੂ ਪਯਾਨ' ਪ੍ਰਸੰਗ ਬਰਨਨੰ ਨਾਮ ਅਸ਼ਟ ਚੱਤ੍ਵਾਰਿੰਸਤੀ ਅੰਸੂ ॥੪੮॥

੪੯. [ਮਾਹੀ ਨੂੰ ਸੁਧ ਲੈਣ ਸਰਹਿੰਦ ਭੇਜਣਾ। ਰਾਇ ਕੱਲ੍ਹੇ ਦੇ ਧਰਮ ਦੀ ਵਿਥਯਾ]

੪੮<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫੦

ਦੋਹਰਾ:

ਆਗੇ ਗਮਨੇ ਸਤਿਗੁਰੂ, ਉਲੰਘੇ ਕੇਤਿਕ ਕੋਸ।
ਜਗਰਾਵਾਂ ਪੁਰਿ ਕੋਟ ਕੋ, ਰਾਇ ਹੁਤੋ ਬਡ ਹੋਸ਼[1] ॥੧॥

[1]ਰਾਇਕੋਟ ਜਗਰਾਵਾਂ ਨਗਰ (ਦਾ ਰਾਇ) ਵੱਡਾ ਦਾਨਾ (ਆਦਮੀ) ਸੀ। ਮੁਰਾਦ ਇਹ ਹੈ ਕਿ 'ਕੱਲਾ' ਗੁਰੂ ਜੀ ਦਾ ਸਿੱਖ ਸੀ ਜੋ ਅੱਗੇ ਜਾਕੇ ਦੱਸਣਗੇ। [ਦੇਖੋ ਅੰਸੂ ੫੩ ਅੰਕ ੩-ਦਾਸ ਕਦੀਮੀ ਰਾਵਰ ਕੇਰਾ]। ਰਾਇਕੋਟ ਜਗਰਾਵਾਂ ਦੀ ਤਸੀਲ ਵਿਚ ਹੈ।

ਨਿਸ਼ਾਨੀ ਛੰਦ:

ਜਨਮ ਤੁਰਕ ਹਿੰਦੂ ਧਰਮ, ਜਿਨ ਧਾਰਨ ਕੀਨਾ।
ਦਯਾ ਧਰਮ ਪੁੰਨਜਾਤਮਾ, ਸ਼ੁਭ ਮਗ ਮਨ ਭੀਨਾ।
ਸਕਲ ਭੇਵ ਗੁਰਦੇਵ ਕੋ, ਸੁਨਿ ਸੇਵ ਉਮਾਹਾ।
ਲੈ ਸੈਨਾ ਸੰਗ ਤੀਨ ਸੈ, ਚਲਿ ਦਰਸ਼ਨ ਚਾਹਾ ॥੨॥
ਆਇ ਅਗਾਰੀ ਸੋ ਮਿਲਯੋ, ਅਵਿਲੋਕੇ ਸ੍ਵਾਮੀ।
ਨੀਲੇ ਬਸਤ੍ਰ ਪ੍ਰਯੰਕ ਪਰ, ਥਿਰ ਅੰਤਰਜਾਮੀ।
ਤਜਯੋ ਤੁਰੰਗਮ ਦੂਰ ਹੀ, ਪਾਇਨ ਸੋ ਆਯੋ।
ਹਾਥ ਜੋਰਿ ਸਨਮੁਖ ਗਯੋ, ਬਹੁ ਸੀਸ ਨਿਵਾਯੋ ॥੩॥
ਕਦਮ ਪਦਮ ਸਮ ਸੁਖ ਸਦਨ[1], ਪਰਸੇ ਕਰ ਦੋਊ।

[1]ਕਵਲਾਂ ਵਰਗੇ ਚਰਨ ਸੁਖ ਦਾ ਘਰ।

ਬਦਨ ਬਿਲੋਚਨ ਭਾਲ ਪਰ, ਫਿਰ ਫੇਰਤਿ ਸੋਊ।
'ਆਪ ਸਾਥ ਰਣ ਗਾਥ ਬਡ, ਹੇ ਨਾਥ! ਅਸੰਭੈ[1]।

[1]ਹੇ ਨਾਥ ਆਪ ਸਾਥ (ਤੁਰਕਾਂ ਦੇ) ਰਣ ਦੀ ਗਾਥਾ ਬੜੀ ਨਾਮੁਨਾਸਬ ਹੈ, ਭਾਵ ਤੁਰਕਾਂ ਨੂੰ ਆਪ ਨਾਲ ਲੜਨਾ ਨਹੀਂ ਸੀ ਚਾਹੀਦਾ।

ਤਊ ਬਿਲੋਕਿ ਬਹਾਦਰੀ, ਸਭਿ ਤੁਰਕ ਅਚੰਭੈ ॥੪॥

ਕਰਾਮਾਤ ਸਾਹਿਬ ਬਡੇ, ਸਮਰਥ ਸਭਿ ਭਾਂਤੀ।
ਚਹੋ ਬਨਾਵੋ ਛਿਨਕ ਮਹਿਂ, ਅਨਬਨ ਬਨਿ ਜਾਤੀ।
ਨਰ ਲੀਲਾ ਕਲਿ ਕਾਲ ਕੀ, ਕਰਿ ਜਗ ਦਿਖਰਾਵੋ।
ਹਰਖ ਸ਼ੋਕ ਨਹਿਂ ਬਯਾਪ ਹੀ, ਤਿਲ ਲੇਪ ਨ ਲਾਵੋ ॥੫॥
ਹਮ ਲੋਕਨ ਕੌ ਦੀਖਤੀ, ਜਬਰੀ ਤੁਰਕੇਸ਼ਾ।
ਕਰਯੋ ਬੁਰਾ ਤਿਨ ਅਪਨ ਸਭਿ, ਤੁਮ ਸੋਂ ਰਚਿ ਦ੍ਵੈਸ਼ਾ।'
ਸੁਨਿ ਕੈ ਸ਼੍ਰੀ ਮੁਖ ਤੇ ਕਹਯੋ, 'ਇਮ ਹੋਵਨਹਾਰੀ।
ਮਿਟਤਿ ਨ ਕੋਟ ਉਪਾਵ ਤੇ, ਨਰ ਹ੍ਵੈ ਕੈ ਨਾਰੀ ॥੬॥
ਮਾਨਨੀਯ ਸਭਿ ਸੀਸ ਪਰ, ਸੁਰ ਅਸੁਰਨਿ ਕੇਰੀ।
ਨਰ ਬਪੁਰੇ ਕੀ ਕਹਾਂ ਗਤਿ, ਜੋ ਫੇਰੈ ਹੇਰੀ[1]।'
ਬਹੁਰ ਕਹਯੋ ਸ਼੍ਰੀ ਬਦਨ ਤੇ, 'ਸੁਨਿ ਕੱਲਾ ਰਾਊ।
ਹਯ ਅਰੂਢਿ ਗਮਨੀਜੀਏ, ਕੁਛ ਚਲੈਂ ਅਗਾਊ' ॥੭॥
ਮਾਨਿ ਹੁਕਮ ਕੋ ਹਯ ਚਢਯੋ, ਪੁਨ ਸਤਿਗੁਰ ਪਯਾਨੇ।
ਲੰਮੇ ਗ੍ਰਾਮ[†] ਪੁਨ ਪਹੁੰਚ ਕੇ, ਬਚ ਰਾਇ[1] ਬਖਾਨੇ।
'ਉਤਰਹੁ ਕਰਹੁ ਅਰਾਮ ਕੁਛ, ਆਏ ਬਹੁ ਦੂਰੀ।
ਮੁਝ ਪਰ ਕਰੁਨਾ ਕੀਜੀਅਹਿ, ਦ੍ਰਿਸ਼ਟੀ ਦਿਖਿ ਰੂਰੀ ॥੮॥
ਲੰਮੇ ਗ੍ਰਾਮ ਥਿਰੀਜੀਏ, ਆਯਹੁ ਮੈਂ ਸੰਗੀ।

[1]ਦੇਖਕੇ ਹਟਾਵੇ

[1]ਕੱਲਾ ਰਾਇ ਨੇ। [†]ਇਹ ਪਿੰਡ ਰਾਇ ਕੋਟ ਤੋਂ ਮੀਲ ਕੁ ਦੀ ਵਿੱਥ ਤੇ ਹੈ।

ਬੈਠਿ ਬਿਤਾਵਹੁ ਸਮਾ ਕੁਛ, ਮਮ ਪੁਰਹੁ ਉਮੰਗੀ।'
ਸੁਨਿ ਕਰਿ ਬੋਲੇ ਸਤਿਗੁਰੂ, 'ਕੋ ਸ਼ੀਘ੍ਰ ਬਿਸਾਲਾ[1]।
ਸੁਧਿ ਕੋ ਲਯਾਇ ਸਿਰੁੰਦ ਤੇ, ਮਗ ਜਾਇ ਉਤਾਲਾ ॥੯॥

[1]ਬੜੀ ਛੇਤੀ ਕੋਈ (ਜਾਕੇ)।

ਤਬਿ ਲਗ ਥਿਰ ਇਸ ਥਲ ਰਹੈਂ, ਪੁਨ ਜਾਇੰ ਅਗਾਊ।
ਮਾਤਾ ਗੁਜਰੀ ਉਤ ਗਈ, ਮਗ ਪਾਇ ਨ ਕਾਊ[1]।'

[1]ਮਾਤਾ ਜੀ ਉਸ ਰਾਹ ਗਏ ਹਨ ਪਰ ਪਤਾ ਕੋਈ ਨਹੀ ਲੱਗਾ।

ਕਹਿ ਕੱਲਾ 'ਸ਼੍ਰੀ ਪ੍ਰਭੁ ! ਸੁਨਹੁ, ਦਸ ਜੋਜਨ ਜਾਨਹੁੰ।
ਪੁਰਿ ਸਿਰੁੰਦ ਇਸ ਥਾਨ ਤੇ, ਸਭਿ ਕਰੌਂ ਬਖਾਨਹੁ ॥੧੦॥
ਬਨਹਿ ਨ ਜਾਨ ਸਊਰ ਕੋ, ਲਖਿ ਤੁਰਕ ਪਛਾਨੈਂ[1]।

[1]ਦੇਖਕੇ (ਸੁਰਮੇ ਨੂੰ) ਤੁਰਕ ਪਛਾਣ ਲੈਣਗੇ।

ਇਕ ਮਾਹੀ ਹਮਰੇ ਰਹੈ, ਸੋ ਇਤੋ ਪਯਾਨੈ[1]।

[1]ਇਤਨਾ ਹੀ (੧੦×੪=੪੦ ਕੋਹ) ਟੁਰ ਸਕਦਾ ਹੈ (ਇਕ ਦਿਨ ਵਿਚ)।

ਹੁਕਮ ਕਰਹੁ ਭੇਜੈਂ ਤਿਸੈ, ਦਸ ਜੋਜਨ ਜਾਵੈ।
ਦਿਵਸ ਦੂਸਰੇ ਤਿਤਿਕ ਚਲਿ[1], ਸੁਧਿ ਆਨਿ ਸੁਨਾਵੈ' ॥੧੧॥

[1]ਤਿਤਨੀ ਭਾਵ ੪੦ ਕੋਹ ਹੀ ਚੱਲਕੇ।

'ਪਠਹੁ ਤਿਸੈ' ਸ਼੍ਰੀ ਗੁਰ ਕਹਯੋ, 'ਸੋ ਸ਼ੀਘ੍ਰ ਪਯਾਨੈ।
ਸੁਧਿ ਲੇ ਕਰਿ ਪੁਰਿ ਬੀਚ ਤੇ, ਪਹੁੰਚੈ ਇਸ ਥਾਨੈ।'
ਇਮ ਕਹਿ ਕੈ ਸ਼੍ਰੀ ਬਦਨ ਤੇ, ਉਤਰਾਇ ਪ੍ਰਯੰਕਾ।
ਥਿਰੇ ਤਿਸੀ ਥਲ ਮਹਿਂ ਤਬੈ, ਗੁਰ ਹੀਨ ਅਤੰਕਾ ॥੧੨॥
ਪਠਯੋ ਹਕਾਰ ਸੁ ਮਾਹਖੀ[1], 'ਚਲਿ ਸ਼ੀਘ੍ਰ' ਸਿਖਾਯੋ[2]।

[1]ਮਾਹੀ। [2]ਇਹ ਸਿਖਾਇਆ ਕਿ ਛੇਤੀ ਚੱਲੀਂ।

'ਬਖਸ਼ਹਿਂ ਧਨ ਬਿਨ ਬਿਲਮ ਜੇ, ਪਹੁੰਚਹਿਂ ਮਗ ਧਾਯੋ।'
ਹੁਤੋ ਸਮਾ ਤਬਿ ਪ੍ਰਾਤਿ ਕੋ, ਗਮਨ੍ਯੋ ਜਬਿ ਮਾਹੀ।
ਬਾਯੁ ਬੇਗ ਤੇ ਸ਼ੀਘ੍ਰ ਚਲਿ, ਧਾਯੋ ਮਗ ਮਾਂਹੀ ॥੧੩॥
ਸਭਿ ਲਸ਼ਕਰ ਤੁਰਕਾਨ ਕੋ, ਪਸਰ੍ਯੋ ਤਬਿ ਚਾਲਾ।
ਪੁਰਿ ਸਿਰੰਦ ਡੇਰੇ ਗਏ[1], ਬਿਸਮੰਤਿ ਬਿਸਾਲਾ।
ਕੇਚਿਤ ਕਹੈਂ 'ਨ ਗੁਰ ਲਹ੍ਯੋ, ਨਹਿਂ ਕਿਨਹੂੰ ਹੇਰਾ।
ਗਯੋ ਸਭਨਿ ਕੇ ਬੀਚ ਤੇ, ਗੁਰ ਬੀਰ ਬਡੇਰਾ' ॥੧੪॥
ਕੇਚਿਤ ਕਹਿਂ 'ਰਣ ਮਹਿਂ ਮਰ੍ਯੋ, ਨਹਿਂ ਦੇਖ੍ਯੋ ਜਾਈ।
ਲਾਖਹੁਂ ਲੋਥਨਿ ਬੀਚ ਤੇ, ਕਹੁ ਕਿਸ ਬਿਧਿ ਪਾਈ।'
ਇੱਤ੍ਯਾਦਿਕ ਬਹੁ ਬਾਰਤਾ, ਮਿਲਿ ਤੁਰਕ ਕਰੰਤੇ।
ਸਗਰੇ ਗਏ ਸਿਰ੍ਹੰਦ ਕੋ, ਬਹੁ ਸ਼ੋਕ ਬਧੰਤੇ ॥੧੫॥
ਪੁਰਿ ਪੁਰਿ ਘਰ ਘਰ ਰੁਦਨ ਹ੍ਵੈ, ਜਹਿਂ ਕੇ ਨਰ ਮਾਰੇ।
ਚਚਾ ਭਤੀਜਾ ਸੁਤ ਪਿਤਾ, ਕਿਹ ਭ੍ਰਾਤ ਸੰਘਾਰੇ।
ਸਸੁਰ ਜਮਾਤਾ ਸੁਸਾ ਸੁਤ, ਬਹਿਨੋਈ ਸਾਰੇ।
ਕੇਚਿਤ ਮਾਤੁਲ ਭਾਣਜੇ, ਬੰਧਪ ਹਤਿ ਡਾਰੇ ॥੧੬॥
ਜਹਿਂ ਕਹਿਂ ਜਾਤਿ ਸੁਨਾਵਨੀ[1], ਪੀਟਹਿਂ ਮਿਲਿ ਨਾਰੀ।

[1]ਤੁਰਕ ਦਲ ਦੇ ਡੇਰੇ ਸਿਰਹੰਦ ਚਲੇ ਗਏ।

[1]ਕਿਸੇ ਦੇ ਦੇਹਾਂਤ ਹੋਣ ਦੀ ਖਬਰ।

ਨਿਜ ਸਨਬੰਧੀ ਸਿਮਰ ਕਰਿ, ਗੁਨ ਗਨਨ ਉਚਾਰੀ[1]।

[1]ਉਨ੍ਹਾਂ ਦੇ) ਬਹੁਤ ਗੁਣ ਉਚਾਰੇ ਹਨ।

ਦਿੱਲੀ ਆਦਿਕ ਉਤ ਨਗਰ, ਇਤ ਲਵਪੁਰਿ ਰੋਵੈਂ।
ਕਾਬਲ ਅਰੁ ਕੰਧਾਰ ਲਗ, ਮਨ ਕਸ਼ਟ ਪਰੋਵੈਂ ॥੧੭॥
ਮਨਹੁ ਸ਼ੋਕ ਕੰਜਰ ਭਯੋ, ਗਨ ਬਾਂਧਿ ਅਖਾਰੇ।
ਨਿਰਤਿ ਕਰਾਵਤਿ ਥਾਨ ਬਹੁ, ਤੁਰਕਨ ਘਰ ਸਾਰੇ।
ਦੇਤਿ ਤਲੀਮਾ ਨਾਇਨੀ[1], ਗਾਵਤਿ ਸੇ ਗੀਤਾ।

[1]ਨੈਣਾਂ ਮਾਨੋਂ ਤਾਲੀਮਾਂ ਦੇਂਦੀਆਂ ਹਨ। (ਕੰਜਰੀਆਂ ਨੂੰ ਰਾਗ ਸਿਖਾਉਣ ਵਾਲੇ ਆਪਣੀ ਸਿੱਖਯਾ ਦੇਣ ਨੂੰ ਤਾਲੀਮ ਦੇਣੀ ਕਹਿੰਦੇ ਹਨ)। [ਅ:, ਤਅ਼ਲੀਮ=ਸਿੱਖਯਾ]।

'ਓਹ ਓਹ' 'ਹੈ ਹੈ' ਕਹਨਿ ਇਹ, ਇਮ ਤਾਲ ਪੁਰੀਤਾ ॥੧੮॥
ਭਾਲ ਰੁ ਛਾਤੀ ਉਰੂ ਪਰ, ਲਗ ਹਾਥ ਬਜੰਤੇ।
ਕਰਤਿ ਜਾਤਿ ਇਕ ਗਤ[1] ਸਕਲ, ਨਹਿੰ ਗਨ ਬਿਚਲੰਤੇ[2]।

[1]ਰਾਗ ਵਿੱਦਯਾ ਵਿਚ ਤਾਲ ਦੱਸਣ ਦਾ ਬੋਲ ਜੋ ਜੋੜੀ ਆਦਿ ਤੋਂ ਵਜਾਉਂਦੇ ਹਨ। [2]ਭਾਵ ਸਾਰੀਆਂ ਦਾ ਤਾਲ ਟੁੱਟਦਾ ਨਹੀਂ।

ਉਠਤਿ ਨਾਦ ਰੋਦਨ ਬਡੋ, ਧੁਨਿ ਗੀਤ ਬਿਸਾਲੀ।
ਜਮ ਕੀ ਹੇਤੁ ਪ੍ਰਸੰਨਤਾ, ਮ੍ਰਿਤੁ ਕੀਨ ਖੁਸ਼ਾਲੀ[1] ॥੧੯॥

[1]ਮੌਤ ਨੇ ਖੁਸ਼ੀ ਕੀਤੀ ਹੈ।

ਜਹਿਂ ਬਾਸਾ ਤੁਰਕਾਨ ਕੋ, ਤਹਿਂ ਸ਼ੋਕ ਪਸਾਰਾ।
ਮਨਹੁ ਜੀਤ[1] ਇਸ ਦੇਸ਼ ਕੋ, ਬਿਚ ਸੈਲ ਸਿਧਾਰਾ।

[1]ਜਿੱਤਕੇ (ਸ਼ੋਕ)।

ਮੀਏਂ ਮਰੇ ਹਜ਼ਾਰ ਹੀ, ਰਾਣੇ ਅਰ ਰਾਜੇ।
ਗਿਰਬਾਸੀ ਰੋਦਤਿ ਘਨੇ, ਰਸ ਕਰੁਨਾ ਸਾਜੇ ॥੨੦॥
ਇਮ ਅਵਨੀ ਤਲ ਸ਼ੋਕ ਭਾ, ਜਹਿਂ ਕਹਿਂ ਸੁਧਿ ਜਾਈ।

ਲਸ਼ਕਰ ਗਏ ਸਿਰੁੰਦ ਕੋ, ਬੋਲਤਿ ਬਿਸਮਾਈ।
ਗੁਰ ਸੋਂ ਲਰਨ ਕਜਾਮਤਿ ਅਹੈ, ਭਟ ਪੁੰਜ ਖਪਾਏ।
ਤਊ ਨ ਪਕਰਜੋ ਕਿਨਹੁਂ ਰਣ, ਹਤਿ ਸੁਭਟ ਸਿਧਾਏ ॥੨੧॥
ਇੱਤਜਾਦਿਕ ਸਭਿ ਦੇਸ਼ ਮਹਿਂ, ਪਸਰਜੋ ਬਡ ਰੌਰਾ।
ਰੋਦਤਿ ਪੀਟਤਿ ਕਸ਼ਟ ਬਡ, ਜਗ ਠੌਰਹਿਂ ਠੌਰਾ।
ਤਬਿ ਮਾਹੀ ਗਮਨਜੋਂ ਗਯੋ, ਸੀਰੁੰਦ ਪੁਰਿ ਮਾਂਹੀ।
ਸੁਧਿ ਸਗਰੀ ਕੋ ਸੁਨਤਿ ਭਾ, ਬੀਤੀ ਜਿਮ ਆਹੀ ॥੨੨॥
ਸਤਿਗੁਰ ਥਿਰੇ ਪ੍ਰਭਾਤਿ ਤੇ, ਬੈਠੇ ਢਿਗ ਰਾਊ।
ਕਰਹਿਂ ਜੁੱਧ ਕੀ ਬਾਰਤਾ 'ਜੜ੍ਹ ਤੁਰਕਨ ਰਾਊ[1]†।'

[1]ਤੁਰਕਾਂ ਦਾ ਰਾਜਾ (ਨੌਰੰਗਾ) ਮੂਰਖ ਹੈ। (ਅ) ਜੜ੍ਹ ਤੁਰਕ ਨਾ ਰਾਊ=ਤੁਰਕਾਂ ਦੀ ਜੜ੍ਹ ਨਹੀਂ ਰਹੇਗੀ। †ਪਾ:-ਜੜ੍ਹ ਤੁਰਤ ਖਪਾਊ।

ਸਚਿਵ ਆਦਿ ਗਨ ਰਾਇ ਕੇ[1], ਕਹਿਂ ਰਾਇ ਤਰੀਫੰ।

[1]ਕੱਲਾਰਾਇ ਦੇ ਵਜ਼ੀਰ।

'ਸ਼੍ਰੀ ਗੁਰ! ਇਹ ਧਰਮਾਤਮਾ, ਹਤਿ ਦੁਸ਼ਟ ਹਰੀਫੰ[1] ॥੨੩॥

[1]ਦੁਸ਼ਟ ਵੈਰੀ ਮਾਰੇ ਹਨ (ਇਸ ਨੇ)।

ਨਗਰ ਤਿਹਾੜਾ† ਬਡ ਬਸੈ, ਲਾਖਹੁਂ ਨਰ ਜਾਂਹੀ।

†ਇਕ ਪਾਸੇ ਸਤਲੁਜ ਦੂਜੇ ਪਾਸੇ ਮਾਲਵਾ ਤੇ ਤੀਜੇ ਪਾਸੇ ਪੁਆਧ, ਤ੍ਰੈਹਾਂ ਦੇ ਵਿਚ ਦਾ ਇਲਾਕਾ ਜੋ ਜਗਰਾਵਾਂ ਦੀ ਤਸੀਲ ਵਿਚ ਹੈ। ਪਹਿਲੋਂ ਇਸ ਨਾਮ ਦਾ ਇਥੇ ਨਗਰ ਸੀ ਜੋ ਸਤਲੁਜ ਨੇ ਢਾਹ ਦਿੱਤਾ। ਕਥਾ ਅੱਗੇ ਹੈ।

ਹੁਤੇ ਤੁਰਕ ਤਹਿਂ ਦੁਸ਼ਟ ਬਡ, ਨਿਸ਼ਚੈ ਅਘ ਮਾਂਹੀ।
ਗੋਬਧ ਪਾਪੀ ਬਹੁ ਕਰਹਿਂ, ਸੁਨਿ ਕੱਲਾ ਰਾਊ।
ਪਾਪ ਸਮੀਪੀ ਹੋਨਿ ਤੇ, ਮਨ ਸਹਿ ਨ ਸਕਾਊ ॥੨੪॥
ਚਮੂੰ ਬਟੋਰਤਿ ਚਢਿ ਚਲਜੋ, ਧੌਂਸਾ

ਧੁੰਕਾਰਾ।
ਨਗਰ ਤੀਰ ਤਬਿ ਪਹੁੰਚਿ ਕੈ, ਕਿਯ ਜੰਗ ਅਖਾਰਾ।
ਨਿਕਸਿ ਵਹਿਰ ਪੂਰਬ ਲਰੇ, ਇਨ ਹਮਲਾ ਘਾਲਾ।
ਕਰੇ ਕਤਲ ਪਿਖਿ ਭਾਜਿਗੇ, ਬਿਚ ਲਰੇ ਬਿਸਾਲਾ ॥੨੫॥
ਲਾਇ ਮੋਰਚੇ ਨਗਰ ਕੋ, ਪੁਨ ਮੰਡਿ ਲਰਾਈ।
ਨਿਕਸਿ ਨ ਆਇ ਪ੍ਰਵੇਸ਼ ਤੇ, ਘੇਰੇ ਚਹੁੰ ਘਾਈ[1]।

[1]ਅੰਦਰ) ਵੜੇ (ਬਾਹਰ) ਨਿਕਲ ਨਾ ਸਕੇ (ਐਸੇ) ਘੇਰੇ ਚਹੁੰ ਪਾਸਿਆਂ ਤੋਂ। (ਅ) ਚਹੁੰ ਪਾਸਿਆਂ ਤੋਂ ਐਸੇ ਘੇਰੇ ਕਿ (ਅੰਦਰਲੇ) ਨਿਕਲ ਨਾ ਸੱਕਣ ਤੇ (ਬਾਹਰਲੇ ਅੰਦਰ) ਪ੍ਰਵੇਸ਼ ਨਾ ਕਰ ਸਕਣ।

ਇਕ ਸੰਮਤ ਲਰਤੇ ਰਹੇ, ਪੁਨ ਭਏ ਲਚਾਰੀ।
ਮਿਲਨ ਹੇਤ ਕਰਿ ਤ੍ਰਾਸ ਕੋ, ਬਾਤੈਂ ਬਿਚ ਡਾਰੀ ॥੨੬॥
-ਕਹਹੁ ਰਾਇ ਤੁਮ ਕਯੋਂ ਲਰਹੁ, ਕੁਛ ਲੈਨ ਨ ਦੈਨਾ।
ਨਾਹਕ ਬਿਨਸੈਂ ਆਦਮੀ, ਦੁਹਿ ਦਿਸ਼ ਕੀ ਸੈਨਾ-।
ਰਾਇ ਕਹਯੋ -ਗੋਬਧ ਤਜਹੁ, ਇਸ ਕਾਰਜ ਹੇਤਾ।
ਮੈਂ ਖਰਚਯੋ ਲਾਖਹੁਂ ਦਰਬ, ਰਣ ਰੋਸ ਸਮੇਤਾ- ॥੨੭॥
ਸੁਨਿ ਬੋਲੇ ਲਾਚਾਰ ਹੁਇ, -ਹਮ ਨੇ ਅਬਿ ਮਾਨੀ।
ਆਗੇ ਨਹਿਂ ਗੋਬਧ ਕਰਹਿਂ, ਸਚ ਲੀਜਹੁ ਜਾਨੀ-।
ਰਾਇ ਕਹੈ -ਦਿਹੁ ਜਾਮਨੀ, ਤੁਮ ਕੌ ਤਬਿ ਤਜਾਗੋਂ।
ਨਾਂਹਿ ਤ ਕਰਿ ਕੈ ਜੰਗ ਬਲ, ਬਾਢਨ[1] ਸਭਿ ਲਾਗੌਂ ॥੨੮॥

[1]ਕਤਲ ਕਰਨ।

ਬੀਨ ਬੀਨ ਸਭਿ ਕੋ ਹਤੌਂ, ਜਰ ਖੋਜ ਮਿਟਾਵੌਂ।
ਬਹੁਰ ਕਰਹਿਂ ਨਹਿਂ ਪਾਪ ਇਮ, ਅਸ ਪੁਰਖ ਬਸਾਵੌਂ-।
ਕਹਿਂ ਅੰਤਰ ਕੇ ਤ੍ਰਾਸ ਧਰਿ, -ਕੋ ਜਾਮਨ ਹੋਵੈ।
ਅਸ ਪੱਯਤਿ ਨਹਿਂ ਨਿਕਟ ਕੋ, ਬਿਚ ਆਨਿ ਖਲੋਵੈ ॥੨੯॥
ਅਪਰ ਨਹੀਂ ਲਖਿਯਤਿ ਇਹਾਂ, ਹਮ ਸਕਲ ਬਿਚਾਰੇਂ।
ਇਕ ਸਤੁੱਦ੍ਰਵ ਦਰਿਯਾਉ ਹੈ, ਬਿਚ ਆਇ ਹਮਾਰੇ।
ਚਹਹੁ ਜਿ ਲੀਜਹਿ ਜਾਮਨੀ, ਚਲੀਅਹਿ ਤਿਸ ਤੀਰਾ।
ਲਿਖਿ ਕਾਗਦ ਹਮ ਦੇਹਿਂਗੇ, ਸਾਪਰਸੈਂ ਨੀਰਾ[1]- ॥੩੦॥
ਭਨੀ ਦੁਸ਼ਟ ਜਿਮ ਬਾਰਤਾ,
ਮਾਨੀ ਤਿਮ ਰਾਊ।
ਸਪਤਿ ਕੋਸ ਤਹਿਂ ਤੇ ਹੁਤੇ,
ਗਮਨੇ ਤਿਸ ਥਾਊ।
ਬੈਠਿ ਪ੍ਰਥਮ ਪੂਜਾ ਕਰੀ,
ਸਭਿ ਬਿਧਿ ਦਿਸ਼ ਦੋਊ।
ਬਹੁਰ ਲਿਖੀ ਤਹਿਂ ਜਾਮਨੀ,
ਜੈਸੀ ਬਿਧਿ ਹੋਊ ॥੩੧॥
-ਜੇ ਹਮ ਗੋਬਧ ਕਰਹਿਂਗੇ,
ਦੰਡਹੁ ਦਰਿਆਊ- !
ਇੱਤਜਾਦਿਕ ਲਿਖਵਾਇ ਕਰਿ,
ਹਰਖਜੋ ਤਬਿ ਰਾਊ।
ਕਾਗਦ ਲੇ ਕਰਿ ਪੁਰਿ ਅਪਨਿ,
ਆਯਹੁ ਪੁਨ ਬਾਸਾ।
ਨਗਰ ਤਿਹਾੜਾ ਬਡ ਬਸੈ,
ਚਹੁੰ ਬਰਨ ਖੁਲਾਸਾ[1] ॥੩੨॥

[1]ਸਤਲੁਜ ਦਾ ਜਲ ਸਪਰਸ਼ ਕੇ ਭਾਵ ਸੁਗੰਦ ਖਾਕੇ ਨੀਰ ਦੀ।

[1]ਖੁੱਲ੍ਹਾ।

ਸੁਨੀਅਹਿ ਸ਼੍ਰੀ ਪ੍ਰਭੁ ਸਤਿਗੁਰ! ਇਕ ਬਰਖ ਬਿਤਾਵਾ।
ਬਹੁਰ ਏਕ ਗੋਬਧ ਕਰੀ, ਬਡ ਪਾਪ ਕਮਾਵਾ।
ਸੁਨੀ ਰਾਇ ਜਬਿ ਬਾਰਤਾ, ਦਰੀਆਉ ਅਰਾਧਾ।
-ਤੁਮ ਜ਼ਾਮਨ ਇਸ ਬਾਤ ਕੇ, ਇਹ ਦੁਸ਼ਟ ਅਸਾਧਾ ॥੩੩॥
ਨਿਰਵਾਰਹੁ ਨਿਜ ਜ਼ਾਮਨੀ, ਦਿਹੁ ਦੰਡ ਬਿਸਾਲਾ-।
ਭਈ ਆਨ ਜਬਿ ਜਾਮਨੀ -ਕਹਿਤੇ ਇਸ ਢਾਲਾ[1]।

[1]ਇਉਂ ਕਹਿੰਦੇ ਹਨ ਕਿ ਜਦੋਂ ਰਾਤ ਪੈ ਗਈ।

-ਸਪਤ ਕੋਸ ਸਤੁੱਦ੍ਰਵ ਹੁਤੋ, ਢਾਹਨ ਤਟ ਲਾਗੇ[1]।

[1]ਕੰਢਾ ਢਾਹੁੰਦਾ ਹੋਇਆ।

ਪਹੁੰਚ੍ਯੋ ਪੁਰਿ ਕੇ ਨਿਕਟ ਲੌਂ, ਨਰ ਨਾਰਿਨਿ ਜਾਗੇ ॥੩੪॥
ਬਨੇ ਸਦਨ ਗਿਰਨੇ ਲਗੇ, ਢਾਹਤਿ ਜਲ[1] ਗੇਰੇ।

[1]ਜਲ ਵਿਚ।

ਕੇਤਿਕ ਨਰ ਤ੍ਰਿਯ ਬਹਿ ਗਏ, ਭਾ ਰੌਰ ਬਡੇਰੇ।
ਔਚਕ ਜਲ ਕਹਿਂ ਤੇ ਆਯੋ, ਕੁਛ ਜਾਇ ਨ ਜਾਨਾ।
ਦਰਬ ਆਦਿ ਘਰ ਵਸਤੁ ਗਨ, ਵਿਚ ਜਲ ਕੇ ਨਾਨਾ ॥੩੫॥
ਨਿਸਾ ਅੰਧੇਰੀ ਨਾਰਿ ਨਰ, ਭਾਜੇ ਉਤਲਾਏ।
ਨਹਿਂ ਦੀਖਤਿ ਜਲ ਮਹਿਂ ਗਿਰੇ, ਸਭਿ ਦਿਏ ਬਹਾਏ।
ਨਗਰ ਸਗਰ ਘਰ ਘਰ ਬਗਰ, ਦਰਿਆਉ ਬਿਦਾਰੇ[1]।

[1]ਦਰਯਾ ਨੇ ਸਾਰਾ ਸ਼ਹਿਰ ਘਰ ਘਰ, ਵਲਗਣਾਂ (ਤਕ) ਨਾਸ਼ ਕਰ ਦਿੱਤੇ।

ਕੇਤਿਕ ਬਚੇ ਪਲਾਇ ਕਰਿ, ਕੇਤਿਕ ਬਿਚ ਮਾਰੇ ॥੩੬॥

ਕੋਸਨ ਮਹਿਂ ਜੋ ਬਸਤ ਥੋ[1], ਸਭਿ ਦੀਨ ਬਹਾਈ।
ਇਮ ਸਤੁੱਦ੍ਰਵ ਨਿਜ ਜਾਮਨੀ, ਨ੍ਰਿਪ ਕੀ ਉਤਰਾਈ-।
ਸ਼੍ਰੀ ਗੁਰ ਤੁਮਰੀ ਕ੍ਰਿਪਾ ਤੇ, ਇਮ ਰਾਇ ਕੱਲ੍ਹੇਰਾ[1]।
ਕਰਤਿ ਸਦਾ ਸਤਿਸੰਗ ਕੋ, ਕਰਿ ਪੁੰਨ ਬਡੇਰਾ' ॥੩੭॥
ਸੁਨਿ ਕਰਿ ਸ਼੍ਰੀ ਸਤਿਗੁਰ ਕਹ੍ਯੋ, 'ਆਛੋ ਪਦ ਪੈ ਹੈ।
ਨਹਿਂ ਸਜ਼ਾਇ ਪਰਲੋਕ ਮਹਿਂ, ਨੀਕੇ ਮਗ ਜੈਹੈ।
ਸਾਧ ਸਾਧ ਇਸ ਕੋ ਕਰਮ, ਸਤੁੱਦ੍ਰਵ ਭੀ ਮਾਨਾ।'
ਸੁਨਿ ਕਰਿ ਕੱਲੇਰਾਇ ਤਬਿ, ਅਭਿਬੰਦਨ ਠਾਨਾ ॥੩੮॥

[1]ਜੋ ਵਸਦਾ ਸੀ।

[1]ਭਾਵ ਰਾਇ ਕੱਲਾ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰੁਤੇ 'ਰਾਇ ਕੱਲੇ ਕੇ' ਪ੍ਰਸੰਗ ਬਰਨਨੰ ਨਾਮ ਏਕ ਊਨ ਪੰਚਾਸਤੀ ਅੰਸੂ ॥੪੯॥

੫੦. [ਮਾਹੀ ਨੇ ਆ ਕੇ ਸਾਹਿਬਜ਼ਾਦਿਆਂ ਦਾ ਸਾਕਾ ਸੁਨਾਉਣਾ]

੪੯<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫੧

ਦੋਹਰਾ:

ਬੈਠੇ, ਮਾਹੀ ਕੇ ਗਏ, ਬਾਤੈਂ ਕਰਤਿ ਬਿਤਾਇ।
ਭਯੋ ਦੁਪਹਿਰਾ ਆਨ ਕਰਿ, ਥਿਰਿ ਪ੍ਰਯੰਕ ਸੁਖਦਾਇ ॥੧॥

ਨਿਸਾਨੀ ਛੰਦ:

ਨਿਕਟ ਰਾਇ ਕੱਲਾ ਥਿਰਯੋ, ਤ੍ਰੈ ਸੈ ਭਟ ਸਾਥਾ।
ਅਪਰ ਲੋਕ ਥਿਰ ਸੈਂਕਰੇ, ਦਰਸਤਿ ਹੈਂ ਨਾਥਾ।
ਭੀਰ ਅਹੈ ਬਹੁ ਨਰਨਿ ਕੀ, ਥਿਰ ਦੂਰਹਿਂ ਦੂਰੀ।
ਆਨਿ ਆਨਿ ਬੰਦਨ ਕਰਹਿਂ, ਪਿਖਿ ਮੂਰਤਿ ਰੂਰੀ ॥੨॥
ਦੇਖਿ ਦੁਪਹਿਰੇ ਦਿਸ਼ਾ ਗੁਰ, ਸ਼੍ਰੀ ਬਦਨ ਬਖਾਨਾ।
'ਸੁਨਹੁ ਰਾਇ ਕੱਲਾ! ਅਬੈ ਮਾਹੀ ਪ੍ਰਸਥਾਨਾ[1]।
ਪਹੁੰਚਯੋ ਆਇ ਕਿ ਨਹੀਂ ਸੋ, ਦੇਖਹੁ ਤਿਸ ਘਾਈ[1]।
ਬੀਤ ਗਏ ਦੋ ਪਹਿਰ ਤਿਹ, ਆਵਹਿ ਕਰਿ ਧਾਈ' ॥੩॥
ਬੋਲਯੋ ਕੱਲਾ ਜੋਰਿ ਕਰ 'ਕਿਯ ਗਮਨ ਸਕਾਰੇ।
ਪਹੁੰਚਹਿ ਚਾਲੀ ਕੋਸ ਸੋ, ਚਲਿ ਬਾਸੁਰ ਸਾਰੇ।
ਅਗਲੇ ਦਿਨ ਪਹੁੰਚੈ, ਇਹਾਂ ਸਭਿ ਬਾਤ ਬਤਾਵੈ।
ਮਾਰਗ ਅੱਸੀ ਕੋਸ ਕੋ, ਬਲ ਕੇ ਜੁਤਿ ਆਵੈ' ॥੪॥
ਸੁਨਿ ਤੂਸ਼ਨ ਗੁਰ ਹੁਇ ਰਹੇ, ਕਹਿਂ ਔਰ ਪ੍ਰਸੰਗਾ।

[1]ਗਿਆ ਸੀ।

[1]ਤਿਸ ਤਰਫ।

ਜਥਾ ਗਿਰੇਸ਼ੁਰ ਭੀਮਸਸਿ[1], ਮਚਵਾਯਹੁ ਜੰਗਾ। [1]ਭੀਮਚੰਦ।
'ਬਾਈ ਧਾਰਨਿ ਕੇ ਪਤੀ, ਬਡ ਚਮੂੰ ਬਟੋਰੀ।
ਸਭਿ ਇਕੱਤ੍ਰ ਮਤਿ ਕੋ ਕਰੇ, ਆਏ ਹਨ ਓਰੀ' ॥੫॥
ਦ੍ਵੈ ਘਟਕਾ ਬੀਤੀ ਬਹੁਰ, ਇੱਤਜਾਦਿ ਕਹੰਤੇ।
ਅਕਸਮਾਤ੍ਰ ਸ਼੍ਰੀ ਸਤਿਗੁਰੂ, ਇਮ ਬਚਨ ਭਨੰਤੇ।
'ਮਨੁਜ ਚਢਾਵਹੁ ਤਰੂ ਪਰ[1], ਪਗ ਦੇਖਹਿ ਸੋਈ। [1]ਬ੍ਰਿੱਛ ਉੱਤੇ।
ਆਵਤ ਮਾਹੀ ਕੈ ਨਹੀਂ, ਸੁਧਿ ਪਾਵਹਿਂ ਜੋਈ' ॥੬॥
ਪੁਨਹਿ ਰਾਇ ਕੱਲਾ ਕਹੈ, 'ਪਹੁੰਚਜੋ ਭਿ ਨ ਸੋਊ।
ਕਹਾਂ ਹੋਇ ਆਗਵਨ ਅਬਿ, ਕਜਾ ਤਰੁ ਪਰ ਜੋਊ।
ਸੰਧਜਾ ਅਗਲੇ ਦਿਵਸ ਹੀ, ਹੋਵਤਿ ਸੋ ਆਵੈ।
ਥਿਰਹਿ ਨ ਪੁਰਿ ਅਰੁ ਮਗ ਬਿਖੈ, ਤੂਰਨ ਹੀ ਧਾਵੈ' ॥੭॥
ਸੁਨਿ ਪੁਨ ਗੁਨ ਗਨ ਖਾਨਿ ਗੁਰ, ਪਰਚੇ ਅਨ[1] ਖਜਾਲਾ। [1]ਹੋਰ।
ਡੂਢ ਪਹਿਰ ਦਿਨ ਜਬਿ ਰਹਜੋ, ਬੈਠੇ ਤਿਸ ਕਾਲਾ।
ਬਾਕ ਤੀਸਰੋ ਕਹਤਿ ਭੇ, ਸਭਿ ਬਿਖੈ ਸੁਨਾਯੋ।
'ਚਢੌ ਬ੍ਰਿੱਛ ਮਾਹੀ ਪਿਖਹੁ, ਆਯੋ ਕਿ ਨ ਆਯੋ?' ॥੮॥
ਸੁਨਤਿ ਰਾਇ ਕੱਲਾ ਕਹੈ, ਨਿਜ ਨਰਨਿ ਮਝਾਰਾ।

'ਪੁਰਸ਼ੋਤਮ ਪੂਰਨ ਪੁਰਖ, ਤ੍ਰੈ ਬਾਰਿ ਉਚਾਰਾ।
ਕਹਾਂ ਹਮਾਰੋ ਖਰਚ ਹੁਇ, ਚਢਿ ਤਰੁ ਪਰ ਹੇਰੋ।
ਬਚਨ ਸਾਚ ਇਨ ਕੋ ਸਦਾ, ਨਿਸ਼ਚੈ ਬਹੁਤੇਰੋ' ॥੯॥
ਇਕ ਨਰ ਤਰੁ ਪਰ ਤੁਰਤ ਹੀ, ਕਹਿ ਰਾਇ ਚਢਾਯੋ।
ਚਢਿ ਕਰਿ ਤੁੰਗ ਸਕੰਧ ਪਰ[1], ਸੋ ਮਗ ਦਰਸਾਯੋ।
ਮਾਹੀ ਆਵਤਿ ਦੂਰ ਤੇ, ਤਿਨ ਦੇਖਨਿ ਕੀਨਾ।
ਬਿਸਮਾਵਤਿ ਬੋਲਜੋ ਤਬੈ, 'ਆਯਹੁ ਮੈਂ ਚੀਨਾ' ॥੧੦॥
ਨਿਕਟ ਪਹੁੰਚਜੋ ਜਬਿ ਲਗੌ, ਰਹਿ ਦੇਖਤਿ ਸੋਊ।
ਉਤਰਜੋ ਤਰੁ ਪਰ ਤੇ ਤਰੇ, ਸੁਨਿ ਕਰਿ ਸਭਿ ਕੋਊ।
ਗਮਨਜੋਂ ਜੋਜਨ ਬੀਸ ਮਗ[1], ਮਨ ਮਹਿਂ ਬਿਸਮਾਏ।
ਕਰਾਮਾਤ ਸਾਹਿਬ ਗੁਰੂ, ਅਚਰਜ ਦਿਖਰਾਏ ॥੧੧॥
ਇਤਨੇ ਮਹਿਂ ਮਾਹੀ ਅਯੋ, ਕਰਿ ਬੰਦਨ ਬੈਸਾ।
ਕਹਜੋ 'ਸਿਰੰਦ ਬ੍ਰਿਤੰਤ ਕੋ, ਦੇਖਜੋ ਤਹਿਂ ਕੈਸਾ?'
ਹਾਥ ਜੋਰਿ ਕਰਿ ਤਬਿ ਕਹਜੋ, 'ਜੁਗ ਸਾਹਿਬਜ਼ਾਦੇ।
ਮਹਾਂ ਮਲੇਛਨ ਹਤਿ ਦਏ, ਕਰਿ ਦੀਰਘ ਬਾਦੇ' ॥੧੨॥
ਪੁਨਹਿ ਰਾਇ ਕੱਲੇ ਕਹਜੋ, 'ਬਿਛੁਰੇ ਗੁਰ ਸੰਗਾ।

[1]ਉੱਚੇ ਟਾਹਣੇ ਤੇ।

[1]ਵੀਹ ਜੋਜਨ ਦਾ ਰਸਤਾ।

ਤਹਿਂ ਤੇ ਕਿਤ ਪਕਰੇ ਗਏ, ਕਿਮ ਭਯੋ ਪ੍ਰਸੰਗਾ?
ਸਰਬ ਛੋਰ ਤੇ ਅੰਤ ਲੌ, ਅਬਿ ਦੇਹੁ ਸੁਨਾਈ।
ਜਿਸ ਹਿਤ ਸ੍ਰੀ ਸਤਿਗੁਰ ਥਿਰੇ, ਕਹੀਅਹਿ ਸਮੁਝਾਈ?' ॥੧੩॥
ਤਬਿ ਮਾਹੀ ਕਰ ਬੰਦਿ ਕਰਿ, ਬਿਚ ਸਭਾ ਉਚਾਰੀ।
'ਸੁਨਹੁ ਪ੍ਰਭੁ! ਬਿਛਰੇ ਜਬੈ, ਇਕ ਬਿੱਪ੍ਰ ਅਗਾਰੀ[1]।
ਸੰਗ ਮਾਤ ਕੇ ਕਪਟ ਕਰਿ, ਲੇ ਗਯੋ ਨਿਰਾਲਾ।
ਪਹੁੰਚਯੋ ਅਪਨੇ ਗ੍ਰਾਮ ਲੇ, ਧਰਿ ਲੋਭ ਬਿਸਾਲਾ ॥੧੪॥
ਸਜੰਦਨ ਮਹਿਂ ਮਾਤਾ ਹੁਤੀ, ਦ੍ਵੈ ਸਾਹਿਬਜ਼ਾਦੇ।
ਇਕ ਖੱਚਰ ਇਕ ਦਾਸ ਤਿਹ, ਦੀਨਾਰਨਿ ਲਾਦੇ।
ਬਿੱਪ੍ਰ ਉਤਾਰੇ ਸਦਨ ਮਹਿਂ, ਸਭਿ ਵਸਤੁ ਉਤਾਰੀ।
ਗ੍ਰਾਮ ਨਾਮ ਖੇੜੀ ਹੁਤੋ, ਦਿਜ ਅਧਮ ਕੁਚਾਰੀ ॥੧੫॥
ਕੁਛਕ ਮਸੰਦੀ ਭੀ ਕਰੀ, ਇਸ ਹੇਤੁ ਚਿਨਾਰੀ[1]।
ਮਧੁਰ ਬਾਕ ਕਹਿ ਲੇ ਗਯੋ, ਧਨ ਸੰਗ ਨਿਹਾਰੀ।
ਖੱਚਰ ਪਰ ਖੁਰਜੀ ਤਕੀ, ਦੀਨਾਰਨਿ ਕੇਰੀ।
ਬਿਸਰਾਮੇ ਬਹੁ ਥਕਤਿ ਭੇ, ਚਲਿ ਬਾਟ ਬਡੇਰੀ ॥੧੬॥
ਆਂਖ ਬਚਾਇ ਉਠਾਇ ਕਰਿ, ਲੈ ਕੈ ਘਰ ਮਾਂਹੀ।

[1]ਅੱਗੋਂ (ਮਿਲਿਆ)।

[1]ਇਸ ਵਾਸਤੇ ਪਛਾਣ ਸੀ (ਉਸ ਨੂੰ ਮਾਤਾ ਜੀ ਦੀ)।

ਦਾਬੀ ਅਵਨੀ ਕੇ ਬਿਖੈ, ਜਿਮ ਜਾਨਹਿ ਨਾਂਹੀ।
ਕਿਤਿਕ ਬੇਰ ਮਹਿਂ ਆਨਿ ਕਰਿ, ਬੋਲਤੋ ਦਿਜ ਪਾਪੀ।
-ਲੋਕ ਗ੍ਰਾਮ ਕੇ ਚੋਰ ਹੈਂ, ਸੁਚਿਤੀ ਰਖਿ ਆਪੀ[1] ॥੧੭॥
ਵਸਤੁ ਸੰਭਾਰਹੁ ਆਪਨੀ, ਮੈਂ ਭਾਖਿ ਸੁਨਾਵੋਂ।
ਦੋਸ਼ ਨ ਦੀਜੈ ਮੋਹਿ ਕੋ, ਸਭਿ ਭੇਦ ਬਤਾਵੋਂ-।
ਦਾਸ ਗਯੋ ਥੋ ਵਹਿਰ ਕੋ, ਸੋ ਤਿਸ ਛਿਨ ਆਯੋ[1]।
ਤਿਮਰ ਭਏ ਤੇ ਵਸਤੁ ਸਭਿ, ਸੰਭਾਰਨ ਲਾਯੋ ॥੧੮॥
ਤਬਹਿ ਦਾਸ ਕਹਿ ਮਾਤ ਕੋ, -ਖੁਰਜੀ ਵਿਚ ਨਾਂਹੀ।
ਬਸਤ੍ਰ ਆਦਿ ਸਭਿ ਹੈਂ ਧਰੇ-, ਮਾਤਾ ਸੁਨਿ ਪ੍ਰਾਹੀ।
-ਦਿਜ ਘਰ ਮਹਿਂ ਕੋ ਅਪਰ ਨਹਿਂ, ਹਮ ਹੈਂ, ਕੈ ਸੋਊ।
ਧਰੀ ਹੋਇਗੀ ਬੂਝ ਤਿਹ, ਅੰਤਰ ਕਿਤ ਹੋਊ- ॥੧੯॥
ਸੁਨਿ ਕੈ ਬੂਝਯੋ ਦਾਸ ਦਿਜ, -ਖੁਰਜੀ ਤੈਂ ਲੀਨੀ?
ਹੇਤ ਸੰਭਾਰਨਿ ਕੇ ਧਰੀ, ਅੰਤਰਗਤਿ ਕੀਨੀ[1]-।
ਸੁਨਤਿ ਦਿਜਾਧਮ[1] ਕੁਮਤਿ ਮਨ, ਊਚੀ ਧੁਨਿ ਭਾਖੇ।
-ਇਹ ਮੁਝ ਕੋ ਗੁਨ ਤੁਮ ਕਰਯੋ, ਮਰਤੇ ਮੈਂ ਰਾਖੇ ॥੨੦॥
ਪਤਿਸ਼ਾਹੀ ਨਵਰੰਗ ਕੀ, ਨਹਿਂ ਦੂਸ਼ਨ ਲਾਵੋ।

[1]ਆਪਣੀ ਸੰਭਾਲ ਰੱਖਣੀ।

[1]ਭਾਵ ਸੋ ਦਾਸ ਤਿਸ ਵੇਲੇ (ਜਿਸ ਵੇਲੇ ਕਿ ਬ੍ਰਾਹਮਣ ਗੱਲ ਕਰ ਰਿਹਾ ਸੀ ਮਾਤਾ ਜੀ ਨਾਲ ਕਿ ਵਸਤੂ ਸੰਭਾਲਕੇ ਰੱਖਣੀ) ਆਯਾ।

[1]ਭਾਵ ਛੁਪਾਕੇ ਰੱਖੀ ਹੋਵੇ।

[1]ਨੀਚ ਦਿਜ।

ਆਨਿ ਗਹੈਂਗੇ ਤੁਰਤ ਹੀ, ਮੁਝ ਚੋਰ ਬਨਾਵੋ।
ਕਜ਼ਾ ਫਲ ਆਗੇ ਕਰਹੁਗੇ, ਮੈਂ ਜਿਯਤ ਬਚਾਏ।
ਅਬਿ ਮੁਝ ਕੋ ਇਤਬਾਰ ਨਹਿਂ, ਨਿਕਸਹੁ ਉਤਲਾਏ ॥੨੧॥
ਸੁਨਹਿ ਜਿ ਨਰ ਗੁਰ ਮਾਤ ਹੈ, ਇਨ ਘਰ ਮਹਿਂ ਰਾਖੇ।
ਤਬੈ ਤੁਰਕ ਦੇਂ ਕੈਦ ਕਰਿ, ਗੁਰ ਪਰ ਬਹੁ ਮਾਖੇ[1]।
ਤੁਵ ਨੰਦਨ ਮਾਰੇ ਘਨੇ, ਨਹਿਂ ਕਰੀ ਭਲਾਈ।
ਜੀਤਯੋ ਚਹਿ ਬਦਸ਼ਾਹ ਸੋ, ਨਿਤ ਧੂਮ ਉਠਾਈ ॥੨੨॥
ਮੈਂ ਜੁ ਉਤਾਰੇ ਆਨਿ ਘਰ, ਲਾਯਸ ਤੌਂ ਚੋਰੀ।
ਕਯੋਂ ਨਾ ਜਾਹੁ ਜਿਤ ਕੋ ਚਹੋ, ਅਬਿ ਲੌ ਬਿਤਿ ਥੋਰੀ[1]–।
ਊਚੀ ਧੁਨਿ ਤੇ ਬੋਲ ਭਾ, ਬਹੁ ਨਰਨਿ ਸੁਨਾਵੈ।
ਪੌਤ੍ਰ ਸੰਗ ਲੇ ਮਾਤ ਗੁਰ, ਕਿਤ ਡਰਤਿ ਪਲਾਵੈ[1] ॥੨੩॥
ਤਊ ਕੂਰ[1] ਨਹਿਂ ਰਹਿ ਸਕਯੋ, ਚਹਿ – ਦਿਓਂ ਗਹਾਈ।
ਸਭਿ ਦੀਨਾਰਨਿ ਕੌਂ ਰਖਊਂ, ਕੋ ਨਹਿਂਨ ਲਖਾਈ–।
ਊਚੇ ਬੋਲਤਿ ਗ੍ਰਾਮ ਮਹਿਂ, ਗਮਨਯੋਂ ਸਹਿਸਾਈ।
ਜਹਾਂ ਚੌਧਰੀ ਕੋ ਸਦਨ, ਤਹਿਂ ਜਾਇ ਜਨਾਈ ॥੨੪॥
ਤਿਸ ਕੋ ਲੇ ਕਰਿ ਸੰਗ ਮਹਿਂ, ਗਿਨਤੀ ਇਮ ਕੀਨੀ।

[1]ਗੁਰੂ ਜੀ ਪਰ ਬਹੁਤੇ ਗੁੱਸੇ ਹਨ।

[1]ਅਜੇ ਤਾਂ (ਮੇਰੇ ਨਾਲ) ਥੋੜੀ ਬੀਤੀ ਹੈ।

[1]ਗੁਰੂ ਮਾਤਾ ਡਰਦੀ ਹੈ (ਤੇ ਸੋਚਦੀ ਹੈ) ਕਿ ਪੋਤ੍ਰਿਆਂ ਨੂੰ ਨਾਲ ਲੈਕੇ ਕਿਧਰੇ ਭੱਜ ਜਾਵੇ।

[1]ਝੂਠਾ ਭਾਵ ਬ੍ਰਾਹਮਣ।

-ਚਲਹੁ ਬਤਾਵਹਿਂ ਮੋਰੰਡੇ, ਸਭਿ ਭੇਵ ਜੁ ਚੀਨੀ[1]।
ਲੇਂ ਇਨਾਮ ਧਨ ਤੁਰਕ ਤੇ, ਦੇ ਬਹੁ ਬਡਿਆਈ।
ਗੁਰ ਅਰਿ ਕੀ ਮਾਤਾ, ਤਨੁਜ; ਗਹਿ ਕੈ ਹਰਖਾਈ- ॥੨੫॥
ਇਮ ਸਲਾਹ ਦੋਨਹੁਂ ਕਰੀ, ਤੂਰਨ ਤਬਿ ਧਾਏ।
ਤਹਿਂ ਸੈਨਾ ਕੁਛ ਤੁਰਕ ਕੀ, ਖੋਜਨ ਹਿਤ ਆਏ।
ਗ੍ਰਾਮ ਮੋਰੰਡੇ ਪਹੁੰਚਿ ਕੈ, ਦੋਨਹੁਂ ਅਘਵੰਤੇ।
ਸੈਨਪਤੀ ਕੋ ਨਿਕਟ ਗੇ, ਹਿਤ ਕਹਿਨ ਬ੍ਰਿਤੰਤੇ ॥੨੬॥
-ਸੁਨਹੁ ਮੀਆਂ ਜੀ! ਬਖਸ਼ੀਏ, ਕੁਛ ਹਮੈ ਇਨਾਮਾ।
ਗੁਰ ਕੀ ਮਾਤਾ ਪੁੱਤ੍ਰ ਦ੍ਵੈ, ਲਜਾਏ ਨਿਜ ਧਾਮਾ।
ਚਲਹੁ ਆਪ ਗਹਿ ਲੀਜੀਏ ਨਹਿਂ ਦੇਰਿ ਕਰੀਜੈ।
ਹਜ਼ਰਤ ਢਿਗ ਲੇ ਪਹੁਂਚੀਏ, ਤਹਿਂ ਬਖਸ਼ਿਸ਼ ਲੀਜੈ- ॥੨੭॥
ਸੁਨਤਿ ਚਮੂੰ ਹਯ ਜ਼ੀਨ ਧਰਿ, ਗਮਨੇ ਉਤਲਾਏ।
ਪੋਈਏ ਪਾਇਲ ਪਾਵਤੇ, ਤੂਰਨ ਚਲਿ ਆਏ।
ਸੁਨਹੁਂ ਗੁਰੂ ਜੀ! ਮਾਤ ਜੁਤਿ, ਦੋ ਸਾਹਿਬਜ਼ਾਦੇ।
ਸਜੰਦਨ ਲਏ ਚਢਾਇ ਤਬਿ, ਮੂਰਖ ਕਰਿ ਬਾਦੇ ॥੨੮॥
ਪੁਰਿ ਸਿਰੰਦ ਕੋ ਲੇ ਗਏ, ਮਗ ਉਲੰਘ੍ਯੋ ਸਾਰਾ।
ਸੂਬਾ ਖਾਨ ਵਜੀਦ ਜਹਿਂ, ਉਤਰ੍ਯੋ ਦਲ

[1]ਮੋਰੰਡੇ ਪਿੰਡ ਚੱਲੋ ਦੱਸੀਏ ਸਾਰਾ ਭੇਦ ਜੋ ਦੇਖਿਆ ਹੈ ਅਥਵਾ ਜੋ ਸਾਨੂੰ ਪਤਾ ਹੈ।

ਭਾਰਾ।
ਤਿਹ ਕੋ ਕਹ੍ਯੋ- ਨਬਾਬ ਜੀ! ਹਮ ਗਹਿ ਕਰਿ ਲ੍ਯਾਏ।
ਗੁਰੂ ਗੁਬਿੰਦ ਸਿੰਘ ਮਾਤ ਹੈ, ਦ੍ਵੈ ਪੁੱਤ੍ਰ ਸੁਹਾਏ ॥੨੯॥
ਨਿਸਾ ਬਿਖੇ ਆਏ ਚਲੇ, ਪਹੁੰਚੇ ਹੁਇ ਪ੍ਰਾਤੀ-।
ਕਹ੍ਯੋ ਨਵਾਬ -ਉਤਾਰੀਏ, ਜਹਿਂ ਬੁਰਜ ਇਕਾਤੀ।
ਰਹੈਂ ਸਿਪਾਹੀ ਖਰੇ ਤਹਿਂ, ਰਾਖਹੁ ਤਕਰਾਈ-।
ਪੁਰਿ ਨਰ ਸੁਨਿ ਸੁਨਿ ਦੌਰ ਕਰਿ, ਆਵਤਿ ਸਮੁਦਾਈ ॥੩੦॥
ਦੇਖਹਿਂ ਬੂਝਹਿਂ ਬਿੱਪ੍ਰ ਕੋ, ਸਭਿ ਗਾਰਿ ਨਿਕਾਰੈਂ[1]।
-ਧਿਕ ਧ੍ਰੋਹੀ ਕ੍ਰਿਤਘਨੀ ਜੜ, ਕਸ਼ਾ ਲਹ੍ਯੋ ਪੁਕਾਰੈ?
ਸ੍ਰੀ ਗੋਬਿੰਦ ਸਿੰਘ ਜਗਤ ਗੁਰ, ਦਾਤਾ ਸਭਿ ਸ੍ਵਾਮੀ।
ਤਿਨ ਕੇ ਸੁਤ ਗਹਿਵਾਇ ਕਰਿ, ਭਾ ਲੂਣ ਹਰਾਮੀ ॥੩੧॥
ਲਾਖਹੁਂ ਜੀਉ ਉਧਾਰਿ ਕੈ, ਹਿੰਦੁਨ ਕੀ ਰਾਖੀ[1]।
ਦੀਨੋ ਸਿਰ ਜਿਨ ਕੇ ਪਿਤਾ, ਅਰਿ ਜਰ ਹਰਿ ਕਾਂਖੀ[1]†।
ਚਰਨ ਕਮਲ ਸੁਰ ਅਸੁਰ ਗਨ, ਪੂਜਹਿਂ ਜਿਨ ਕੇਰੇ।
ਰਿਖਿ ਜੋਗੀ ਉਰ ਧ੍ਯਾਨ ਧਰਿ, ਗਤਿ ਲਹਤਿ ਅਛੇਰੇ ॥੩੨॥
ਤਿਨ ਕੇ ਸੰਗ ਅਧਰਮ ਕਰਿ, ਦੁਰ ਕਰਮ ਕਮਾਯੋ।
ਨਾਕ ਸਕੋਰਹਿ ਨਰਕ ਭੀ, ਸਹਿ ਸਕਹਿ ਨ

[1]ਦੇਖਦੇ ਹਨ, ਪੁੱਛਦੇ ਹਨ, (ਜਦ ਸਮਝਦੇ ਹਨ ਤਾਂ) ਬ੍ਰਾਹਮਣ ਨੂੰ ਗਾਲ੍ਹਾਂ ਕੱਢਦੇ ਹਨ।

[1]ਪੈਜ) ਰੱਖ ਲਈ।

[1]ਜ਼ਾਲਿਮਾਂ ਦੀ) ਜੜ੍ਹ ਦੇ ਨਾਸ਼ ਕਰਨ ਦੇ ਚਾਹਵਾਨ ਹੋਏ।
†ਪਾਠਾਂਤ੍ਰ:-ਅਰ ਜਰ ਹਰ ਕਾਖੀ=ਅਤੇ (ਹਿੰਦੂਆਂ ਦੀ) ਜੜ੍ਹ ਹਰੀ (ਰੱਖਣ ਦੇ) ਚਾਹਵਾਨ ਹੋਏ।

[1]ਨਰਕ ਬੀ ਨੱਕ ਵੱਟੇਗਾ ਤੇ ਸਹਿ ਨਹੀਂ ਸਕੇਗਾ (ਤੈਨੂੰ

ਪਾਯੋ[1]।
ਕੁੰਭੀ ਨਰਕ ਪਪਾਤ ਹ੍ਵੈ[1], ਤਹਿਂ ਜੀਵ ਤਪੈ ਹੈਂ[2]।
ਤੁਝ ਸਮ ਪਾਪੀ ਦੁਤਿਯ ਨਹਿਂ, ਬਡ ਸੰਕਟ ਸਹਿਹੈਂ[1]" ॥੩੩॥
ਬਿੱਪ੍ਰ ਜਨਮ ਚੰਡਾਲ ਕ੍ਰਿਤਿ, ਕਜਾ ਕੀਨਿ ਕਸਾਈ-!
ਲਾਖਹੁਂ ਬਾਰ ਧਿਕਾਰਤੇ, -ਲਹਿਂ ਅਧਿਕ ਸਜ਼ਾਈ-।
ਇਮ ਪੁਰਿ ਜਨ ਗਨ ਤਹਿਂ ਮਿਲੇ, ਹੋਈ ਬਡ ਭੀਰਾ।
ਸਾਹਿਬਜ਼ਾਦੇ ਜੁਗ ਪਿਖੈਂ, ਬਹੁ ਰੂਪ ਸਰੀਰਾ ॥੩੪॥
ਸਭਿ ਕੋ ਤਬੈ ਹਟਾਇ ਕਰਿ, ਲੇ ਗਏ ਤਹਾਂ ਹੀ।
ਬੁਰਜ ਬਿਖੇ ਉਤਰੇ ਥਿਰੇ, ਜਨਨੀ ਦੁਖ ਮਾਂਹੀ।
ਜਹਾਂ ਬਿਠਾਈ ਬੈਠਿ ਗੀ, ਢਿਗ ਪੌਤ੍ਰ ਬਿਠਾਏ।
ਤੁਰਕਨਿ ਕੀ ਪਰਿ ਕੈਦ ਮਹਿਂ, ਚਿਤਵਤਿ ਪਛੁਤਾਏ ॥੩੫॥
-ਕਹਾਂ ਹੋਇਗੀ ਬਾਰਤਾ, ਅਰੁ ਕਹਾਂ ਕਰੈਂਗੇ?
ਪਰੇ ਬਸੀ ਮਹਿਂ ਆਨਿ ਕੈ, ਪਿਖਿ ਕੋਪ ਧਰੈਂਗੇ।
ਸੁਤ ਕੀ ਮਾਨੀ ਬਾਤ ਨਹਿਂ, ਤੌ ਅਪਦਾ ਪਾਈ।
ਭਏ ਕ੍ਰੋਧ ਕਿਤ ਬਿਛੁਰਿਗੇ, ਜਿਨ ਸੁਧਿ ਨਹਿਂ ਕਾਈ ॥੩੬॥
ਰਹਤਿ ਦੁਰਗ ਮਹਿਂ ਲਰਤਿ ਜਬਿ, ਸੁਤ ਕਹਤਿ ਬਚੰਨਾ।
ਸਪਤ ਦਿਵਸ ਮਹਿਂ ਸਕਲ ਸੁਖ, ਹਮ

ਆਪਣੇ ਵਿਚ) ਪਾਏ ਜਾਣ ਤੋਂ।
[1]ਤੂੰ ਡਿੱਗੇਂਗਾ। [2]ਉਥੇ ਤੇਰਾ ਜੀਵ ਤਪੇਗਾ।
[1]ਸਹੇਂਗਾ।
[1]ਯਕੀਨ ਨਾ ਕੀਤਾ।

ਕਿਯ ਨ ਅਮੰਨਾ[1]।
ਆਪ ਆਪ ਬਿਛੁਰੇ ਕਿਤਹੁੰ, ਸਗਰੇ ਪਰਵਾਰਾ।
ਕਹਾਂ ਹੋਇ ਹੈਂ ਸ਼੍ਰੀ ਗੁਰੂ-, ਲੈ ਸ੍ਵਾਸ ਉਦਾਰਾ[1] ॥੩੭॥

[1]ਲੰਮੇ।

ਰਿਦੇ ਬਸੂਰਤਿ ਮਾਤ ਬਹੁ, ਲੇ ਪੌਤ੍ਰਨਿ ਅੰਕਾ।
ਬਾਰਿ ਬਿਲੋਚਨ ਤੇ ਮੁਚਤਿ, ਲਹਿ ਰਿਪੁਨਿ ਅਤੰਕਾ[1]।

[1]ਵੈਰੀਆਂ ਦਾ ਡਰ।

ਪੁਰਿ ਮਹਿਂ ਘਰ ਘਰ ਬਾਰਤਾ, ਪਸਰੀ ਸੁਧਿ ਸਾਰੇ।
ਆਇ ਹਜ਼ਾਰਹੁਂ ਹੇਰਤੇ, ਕਰਿ ਹਾਹਾਕਾਰੇ' ॥੩੮॥

ਇਤਿ ਸ਼੍ਰੀ ਗੁਰ ਪ੍ਰਾਤਪ ਸੂਰਜ ਗ੍ਰਿੰਥੇ ਖਸ਼ਟਮ ਰੁਤੇ 'ਮਾਤਾ ਗੁਜਰੀ ਸਿਰ੍ਹੰਦ ਆਵਨ' ਪ੍ਰਸੰਗ ਬਰਨਨੰ ਨਾਮ ਪੰਚਾਸਮੋ ਅੰਸੂ ॥੫੦॥

੫੧. [ਮਾਹੀ ਨੇ ਸਾਕਾ ਸੁਣਾਉਣਾ]

੫੦<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫੨

ਦੋਹਰਾ:

'ਖਾਨ ਵਜ਼ੀਦਾ ਨਿਕਸਿਕੈ, ਆਯੋ ਸਭਾ ਸਥਾਨ।
ਬ੍ਰਿੰਦ ਚਮੂੰਪਤਿ ਮਿਲਿ ਗਏ, ਬੈਠੇ ਮੇਲ ਮਹਾਨ' ॥੧॥

ਚੌਪਈ:

'ਸੁਨਿ ਪ੍ਰਭੁ' ਮਾਹੀ ਕਰਹਿ ਬਤਾਵਨ।
'ਇਕ ਸਿਖ ਮੋ ਕਹੁ ਕੀਨ ਸੁਨਾਵਨ।
ਜਥਾ ਜੋਗ ਮੈਂ ਬੂਝਿ ਬ੍ਰਿਤੰਤਾ।
ਸੋ ਤੁਮ ਪਾਸ ਭਨੌਂ ਭਗਵੰਤਾ! ॥੨॥
ਮੁਗ਼ਲ ਪਠਾਨ ਦਿਵਾਨ ਮਹਾਨਾ।
ਆਨ ਥਿਰੇ ਜਹਿਂ ਸਭਾ ਸਥਾਨਾ।
ਦੂਰ ਦੂਰ ਲਗਿ ਗਿਰਦ ਸਿਰੰਦ।
ਹੁਤੇ ਤਹਾਂ ਮਿਲਿ ਬੈਠੇ ਬ੍ਰਿੰਦ ॥੩॥
ਹਿੰਦੂ ਖੱਤ੍ਰੀ ਬਨਕ ਕਿਤੇਕ।
ਪੁਰਿ ਜਨ ਦੇਖਨਿ ਹੇਤ ਅਨੇਕ।
ਭਈ ਸਭਾ ਮਹਿਂ ਭੀਰ ਬਿਸਾਲਾ।
ਬੈਠੇ ਜਾਲ[1], ਖਰੇ ਨਰ ਜਾਲਾ ॥੪॥ [1]ਬਹੁਤੇ।
ਰੰਘਰ ਗ੍ਰਾਮ ਮੋਰੰਡੇ ਬਾਸੀ।
ਸੋ ਸਰਦਾਰ ਹੁਤੋ ਦਲ ਪਾਸੀ।
ਤਿਸ ਕੀ ਦਿਸ਼ਾ ਕਰੇ ਤਬਿ ਨੈਨਾ।
ਬੋਲਯੋ ਤਬਿ ਵਜ਼ੀਦ ਖ਼ਾਂ ਬੈਨਾ ॥੫॥
-ਪੁੱਤ੍ਰ ਗੁਰੂ ਕੇ ਜਹਾਂ ਬਿਠਾਏ।
ਤਹਿਂ ਤੇ ਲੇ ਆਵਹੁ ਇਸ ਥਾਏਂ।
ਸਾਦਰ ਮ੍ਰਿਦੁਲ ਬਾਕ ਕਹਿ ਕਰਿ ਕੈ।
ਦੇਹੁ ਦਿਲਾਸਾ ਲੇਹੁ ਸਿਧਰਿ ਕੈ[1]- ॥੬॥ [1]ਜਾਕੇ ਲੈ ਆਵੋ।
ਮੋਰੰਡੇਸ਼ ਸੁਨਿ ਕਰਿ ਤਹਿਂ ਗਯੋ।
ਦਾਦੀ ਪੌਤ੍ਰ ਬਿਲੋਕਤਿ ਭਯੋ।
ਨਿਖਟ ਪਹੁਂਚਿ ਬੋਲਯੋ -ਸੁਨਿ ਮਾਈ!
ਸਭਾ ਨਬਾਬ ਲੋਕ ਸਮੁਦਾਈ ॥੭॥
ਤਿਨ ਸਭਿਹੂੰਨਿ ਹੇਰਿਬੇ ਕਾਰਨ।
ਗੁਰ ਸੁਤ ਦੋਨਹੁਂ ਕਰੇ ਹਕਾਰਨ-।

ਸੁਨਤਿ ਮਾਤ ਕੰਪਤਿ ਦੁਖ ਪਾਯੋ।
ਰੰਘਰ ਸੰਗ ਬਾਕ ਇਮ ਗਾਯੋ ॥੮॥
-ਗੁਰ ਕੇ ਪੁੱਤ੍ਰ ਗਏ ਤਿਨ ਸੰਗ।
ਸੁਧਿ ਨ ਤਿਨਹੁੰ ਕੀ ਭਾ ਕਿਮ ਢੰਗ।
ਇਹ ਜੁਗ ਬਾਰਿਕ ਪਾਰਿਕ ਮੇਰੇ।
ਬਹੁ ਪ੍ਰਤਿਪਾਰੇ ਕੀਨ ਬਡੇਰੇ- ॥੯॥
ਸੁਨਿ ਰੰਘਰ ਨੇ ਜਾਇ ਸੁਨਾਈ।
-ਪਾਰਿਕ ਮੇਰੇ ਭਾਖਤਿ ਮਾਈ-।
ਸੁੱਚਾ ਨੰਦ ਖੱਤ੍ਰੀ ਇਕ ਨੀਚ।
ਬੈਠਯੋ ਤਹਾਂ ਸਭਾ ਕੇ ਬੀਚ ॥੧੦॥
ਸੁਤਾ ਸੰਬੰਧ ਕਰਤਿ ਗੁਰ ਘਰ ਮੈਂ।
ਦਿਯੋ ਹਟਾਇ ਸੁ ਪ੍ਰਥਮ ਝਗਰ ਮੈਂ।
ਯਾਂ ਤੇ ਦ੍ਵੈਸ਼ ਕਰੈ ਗੁਰ ਸੰਗ।
ਸੁਨਤਿ ਸਭਾ ਮਹਿਂ ਕਹਯੋ ਕੁਢੰਗ ॥੧੧॥
-ਪਤਿਸ਼ਾਹੀ ਲਸ਼ਕਰ ਗਨ ਗਾਰਾ।
ਨਹਿਂ ਪੌਤ੍ਰਨਿ ਤਬਿ ਪਜਾਰ ਬਿਚਾਰਾ[1]।
ਅਬਿ ਕਰਿ ਤ੍ਰਾਸ ਕਹੈ ਇਹ ਪਾਰਿਕ।
ਗੁਰ ਕੇ ਪੁੱਤ੍ਰ ਬਿਦਤਿ ਏ ਬਾਰਿਕ- ॥੧੨॥
ਖ਼ਾਨ ਵਜੀਦ ਕਹਯੋ -ਅਬਿ ਜਾਓ।
ਦੋਨਹੁੰ ਗੁਰ ਨੰਦਨ ਕੋ ਲਜਾਓ।
ਮਾਤਾ ਸੰਗ ਕਹੋ ਸਮੁਝਾਏ।
ਹੇਤ ਬਿਲੋਕਨ ਸਭਾ ਬੁਲਾਏ ॥੧੩॥
ਅਪਰ ਬਾਤ ਕੁਛ ਕਰੈਂ ਨ ਕੋਈ।
ਤੁਝ ਢਿਗ ਹੀ ਪਹੁੰਚਾਵਹਿਂ ਦੋਈ-।
ਮੋਰੰਡੇਸ਼ ਰੰਘਰ ਪੁਨ ਆਯੋ।
ਨਿਕਟ ਮਾਤ ਕੇ ਹੋਇ ਅਲਾਯੋ ॥੧੪॥
-ਪਿਖਹਿ ਨਬਾਬ ਪਠਾਵੈ ਫੇਰ।
ਚਾਹਤਿ ਸਭਾ ਬਿਖੇ ਇਕ ਵੇਰ-।
ਜੁਗ ਪੌਤ੍ਰੇ ਜੁਗ ਜ਼ਾਨੂ ਪਰ ਥਿਰ।
ਨਿਜ ਪਟ ਤੇ ਆਛਾਦਾਨ ਤਿਨ ਕਰਿ ॥੧੫॥

[1]ਤਦੋਂ ਨਾ ਪੋਤ੍ਰਿਆਂ ਦਾ ਪਿਆਰ ਵਿਚਾਰਿਆ।

ਬੈਠੀ ਹੁਤੀ ਮਾਤ ਬਹੁ ਨੇਹੂ।
ਬਾਰਿ[1] ਬਿਲੋਚਨ ਬਹਜੋ ਅਛੇਹੂ।
ਤਬਿ ਜੁਝਾਰ ਸਿੰਘ ਹੁਇ ਸਵਧਾਨ।
ਦਾਦੀ ਪਟ ਕੋ ਗਹਿ ਨਿਜ ਪਾਨ ॥੧੬॥
ਨਿਜ ਊਪਰ ਤੇ ਕਰਜੋ ਉਤਾਰਨਿ।
ਉਠਿ ਠਾਂਢੇ ਹੁਇ ਕੀਨ ਉਚਾਰਨਿ।
-ਕਜੋਂ ਦਾਦੀ ਤੂੰ ਕਰਹਿਂ ਬਿਖਾਦਾ?
ਤੁਰਕਨਿ ਸੰਗ ਸਦਾ ਹਮ ਬਾਦਾ ॥੧੭॥
ਅਬਿ ਨਹਿਂ ਜਾਹਿਂ ਕਹਾਂ ਬਨਿ ਆਵੈ।
ਯਾਂ ਤੇ ਉਚਿਤ ਸਭਾ ਮਹਿਂ ਜਾਵੈਂ-।
ਫਤੇ ਸਿੰਘ ਕੋ ਲੈ ਕਰਿ ਸਾਥ।
ਚਲੇ ਗੁਰੂ ਸੁਤ ਜਿਮ ਨਿਸਨਾਥ[1] ॥੧੮॥
ਸੁੰਦਰ ਬਦਨ ਮ੍ਰਿਦੁਲ ਜਿਨ ਅੰਗ।
ਚਪਲ ਬਿਲੋਚਨ ਚਾਰੂ ਰੰਗ।
ਸੰਮਤ ਅਲਪ ਬੈਸ ਹੈ ਜਿਨ ਕੀ।
ਸੁੰਦਰ ਆਭਾ[1] ਦੋਨਹੁ ਤਨ ਕੀ ॥੧੯॥
ਝਗਲੀ ਝੀਲ[†] ਝਮਕ ਲਗਿ ਜ਼ਰੀ।
ਅੰਗ ਬਿਭੂਖਨ ਬਿਨ ਦੁਤਿ ਖਰੀ[1]।
ਗਮਨੇ ਦੋਨਹੁ ਬੀਰ ਅਗਾਰੀ।
ਰੰਘਰ ਚਾਲਜੋ ਤਿਨਹੁ ਪਿਛਾਰੀ ॥੨੦॥
ਸਭਾ ਸਮੀਪ ਪਹੂਚੇ ਜਾਈ।
ਮੋਰੰਡੇਸ਼ ਕਹਿ ਸਭਿਨਿ ਸੁਨਾਈ।
-ਸਾਹਿਬਜ਼ਾਦਜੋ! ਪਿਤਾ ਤੁਹਾਰਾ।
ਗਢ ਚਮਕੌਰ ਘੇਰਿ ਗਹਿ ਮਾਰਾ ॥੨੧॥
ਤਹਿਂ ਤੁਮਰੇ ਦ੍ਵੈ ਭ੍ਰਾਤ ਪ੍ਰਹਾਰੇ।
ਸੰਗੀ ਸਿੰਘ ਸਕਲ ਸੋ ਮਾਰੇ।
ਅਬਿ ਤੁਮਰੋ ਰਾਖਾ ਨਹਿਂ ਕੋਈ।
ਆਨਿ ਉਬਾਰੇ ਇਨ ਤੇ ਜੋਈ ॥੨੨॥
ਇਹ ਨਬਾਬ ਸਰਦਾਰ ਤਮਾਮੂ।
ਝੁਕਿ ਸਿਰ ਤੇ ਤੁਮ ਕਰਹੁ ਸਲਾਮੂ।

[1]ਜਲ।

[1]ਚੰਦ੍ਰਮਾ।

[1]ਸ਼ੋਭਾ।

[†]ਮਹੀਨਾ ਪੋਹ ਦਾ ਹੈ, ਝੀਨ ਝਗਲੀ ਦਾ ਮੌਸਮ ਨਹੀਂ ਹੈ, ਮੁਹਾਵਰੇ ਪਏ ਹੋਏ ਤੇ ਕਵੀ ਜੀ ਦੀ ਕਲਮ ਤੋਂ ਪਦ ਲਿਖਜਾ ਗਿਆ ਹੈ? ਯਾ ਉੱਪਰਲੇ ਭਾਰੇ ਕਪੜੇ ਬ੍ਰਾਹਮਣ ਦੇ ਘਰ ਰਹਿ ਗਏ ਹਨ?

[1]ਗਹਿਣਿਆਂ ਤੋਂ ਬਿਨਾਂ ਅੰਗਾਂ ਦੀ ਚੰਗੀ ਸ਼ੋਭਾ ਹੈ।

ਨਹਿਂ ਮਾਰਹਿਂਗੇ, ਲੇਹਿਂ ਬਚਾਈ।
ਜੀਵਤਿ ਰਹੀਅਹਿ ਸੀਸ ਝੁਕਾਈ- ॥੨੩॥
ਸੁਨਿ ਜੁਝਾਰ ਸਿੰਘ ਬਨਿ ਸਵਧਾਨ।
ਸਭਿਨਿ ਸੁਨਾਵਤਿ ਬਾਕ ਬਖਾਨ।
-ਸ਼੍ਰੀ ਸਤਿਗੁਰ ਜੋ ਪਿਤਾ ਹਮਾਰਾ।
ਜਗ ਮਹਿਂ ਕੌਨ ਸਕਹਿ ਤਿਹ ਮਾਰਾ ॥੨੪॥
ਜਿਮ ਅਕਾਸ਼ ਕੋ ਕਜਾ ਕੁਈ ਮਾਰਹਿ।
ਕੌਨ ਅੰਧੇਰੀ ਕੋ ਨਿਰਵਾਰਹਿ।
ਮੇਰੁ ਚਲਾਇ ਸਕੈ ਨਹਿਂ ਕੋਈ।
ਸਸਿ ਸੂਰਜ ਨਹਿਂ ਪਕਰਨ ਹੋਈ ॥੨੫॥
ਕਰਤਾ ਪੁਰਖ ਅਕਾਲ ਕ੍ਰਿਪਾਲੂ।
ਸਭਿ ਤੇ ਬਡੋ ਕਾਲ ਕੋ ਕਾਲੂ।
ਤਿਸ ਆਗੇ ਹਮ ਅਰਪੇ ਸੀਸ।
ਸਕਲ ਕਲਾ ਸਮਰਥ ਜਗਦੀਸ਼ ॥੨੬॥
ਇਹ ਨਰ ਪਾਮਰ[1] ਪਾਪ ਕਮਾਵੈਂ।
ਕਿਮ ਇਨ ਆਗੇ ਸੀਸ ਨਿਵਾਵੈਂ-।
ਸੁਨਿ ਕਰਿ ਸਭਾ ਸਕਲ ਬਿਸਮਾਈ।
-ਇਹ ਬਾਰਿਕ ਕਜਾ ਸਮੁਝਿ ਸਕਾਈ ॥੨੭॥
ਸ਼ੀਰ ਖੋਰ ਇਨ ਕਹਾਂ ਬਿਗਾਰਾ।
ਲਰਿਬੇ ਮਿਲਿਬੇ ਨਹਿਨ ਬਿਚਾਰਾ[1]-।
ਸੁਨਤਿ ਜਰਜੋ ਖੱਤ੍ਰੀ ਮਤਿਮੰਦ।
ਬੋਲਜੋ ਬਾਕ ਸੁਨਾਵਨ ਬ੍ਰਿੰਦ ॥੨੮॥
-ਇਹ ਨਾਗਨ ਕੇ ਬੱਚੇ ਛੋਟੇ।
ਨਖ ਸ਼ਿਖ ਜ਼ਹਿਰ ਭਰੇ ਅਤਿ ਖੋਟੇ।
ਨਹਿਂ ਨਬਾਬ ਕੋ ਕਰਹਿਂ ਸਲਾਮੂ।
ਡਰਪਤਿ ਨਹੀਂ ਬਿਲੋਕਿ ਤਮਾਮੂ ॥੨੯॥
ਇਨ ਕੇ ਉਰ ਹੰਕਾਰ ਬਡੇਰੇ।
ਕਿਮ ਇਹ ਝੁਕਹਿਂ ਨਬਾਬ ਅਗੇਰੇ-।
ਬਹੁਰ ਬਜੀਦਖਾਨ ਬਚ ਕਹਜੋ।

[1]ਨੀਚ।

[1]ਲੜਨ ਤੇ ਮਿਲਣ ਦੀ ਇਨ੍ਹਾਂ ਨੂੰ ਵਿਚਾਰ ਨਹੀਂ।

-ਭ੍ਰਾਤ ਪਿਤਾਦਿਕ ਨਹਿਂ ਕੋ ਰਹ੍ਯੋ ॥੩੦॥
ਦੀਨ ਬਿਖੈ ਆਵਹੁ ਤੁਮ ਅਬੈ।
ਤੁਰਕ ਸ਼ਰ੍ਹਾ ਕੋ ਮਾਨਹੁ ਸਬੈ।
ਪੁਨ ਤੁਮ ਕੋ ਦੇਂ ਬਹੁ ਬਡਿਆਈ।
ਗਜ ਬਾਜੀ ਅਰੁ ਧਨ ਸਮੁਦਾਈ ॥੩੧॥
ਹਜ਼ਰਤ ਨਿਕਟ ਆਪਨੇ ਰਾਖੈ।
ਪਾਲਨ ਪੋਸਨ ਕੋ ਅਭਿਲਾਖੈ।
ਦੇਹਿ ਗ੍ਰਾਮ ਕੁਛ ਬਡੋ ਬਨਾਵਹਿ।
ਕੇਤਿਕ ਚਮੂੰ ਸੰਗ ਤੁਮ ਲਾਵਹਿ ॥੩੨॥
ਜਿਮ ਹਮ ਕਰਹਿਂ ਅਧਿਕ ਸਿਰਦਾਰੀ।
ਤਿਮ ਹੋਵਹੁਗੇ ਲਿਹੁ ਸੁਖ ਭਾਰੀ।
ਸੁਨਤਿ ਜੁਝਾਰ ਸਿੰਘ ਰਿਸ ਆਈ।
ਬੂਝ੍ਯੋ ਫਤੇ ਸਿੰਘ ਲਗੁ ਭਾਈ ॥੩੩॥
-ਪਹੁੰਚ੍ਯੋ ਸਮਾਂ ਮੋਹਿ ਅਸ ਜੋਵਾ।
ਗੁਰੂ ਪਿਤਾਮੇਂ ਪਰ ਜਿਮ ਹੋਵਾ।
ਸਾਬਤ ਰਹਨਿ ਬਾਤ ਹੈ ਨੀਕੀ।
ਕਹੁ ਭ੍ਰਾਤਾ ! ਤੂੰ ਅਪਨੇ ਜੀ ਕੀ- ॥੩੪॥
ਫਤੇ ਸਿੰਘ ਸੁਨਿ ਉੱਤਰ ਦੀਨਾ।
-ਧਰਮ ਪਿਤਾਮੇ ਜਯੋਂ ਰਖਿ ਲੀਨਾ।
ਸ਼ੁਭ ਜਸ ਤੇ ਜਗ ਪੂਰਨ ਕੀਨਾ।
ਤੀਨ ਲੋਕ ਮਹਿਂ ਸ਼ਾਕਾ ਚੀਨਾ[1] ॥੩੫॥ [1]ਸਾਕਾ ਜਾਣਿਆ ਗਿਆ।
ਹਮ ਤੁਮ ਕੋ ਤਿਮ ਹੀ ਬਨਿ ਆਵੈ।
ਸਿਰ ਦਿਹੁ ਤੁਰਕਨਿ ਮੂਲ ਗਵਾਵੈਂ।
ਹਿੰਦੂ ਧਰਮ ਜਾਗ ਹੈ ਫੇਰ।
ਤਨ ਸਭਿ ਨਾਸ਼ਵੰਤ ਹੀ ਹੇਰਿ ॥੩੬॥
ਦੀਨ ਬਿਖੈ ਲਜਾਵਨ ਕੇ ਹੇਤ।
ਕਰ੍ਯੋ ਪਿਤਾਮੇ ਕੋ ਬਹੁ ਦੇਤਿ[1]। [1]ਦਾਦਾ ਜੀ ਨੂੰ ਬਹੁਤ ਕੁਛ ਦੇਣ ਲਈ ਕਹਿੰਦੇ ਰਹੇ ਸਨ।
ਧਰਮ ਧੁਰੰਧਰ ਧੀਰਜ ਧਾਰੀ।
ਇਨ ਕਹਿਨੇ ਪਰ ਪਨਹੀ ਮਾਰੀ[1] ॥੩੭॥ [1]ਜੁੱਤੀ ਮਾਰੀ ਸੀ।
ਤਿਮ ਸ਼ਾਕਾ ਜਗ ਤੁਮ ਦਿਖਰਾਵੋ।

ਮਨ ਕੋ ਥਿਰ ਕਰਿ ਨਹੀਂ ਡੁਲਾਵੋ।
ਸਰਬ ਸ਼ਿਰੋਮਣਿ ਬੰਸ ਹਮਾਰਾ।
ਰਾਖਹੁ ਤਿਸ ਕੀ ਲਾਜ ਉਦਾਰਾ- ॥੩੮॥
ਸੁਨੇ ਅਨੁਜ ਤੇ[1] ਧੀਰਜ ਬੈਨ। [1]ਛੋਟੇ ਭਰਾ ਤੋਂ।
ਕਹਯੋ[1] ਜੁਝਾਰ ਸਿੰਘ ਰਿਸ ਨੈਨ। [1]ਨਵਾਬ ਨੂੰ) ਕਿਹਾ।
-ਸ਼ਰ੍ਹਾ ਸੀਸ ਹਮ ਪਨਹੀ ਮਾਰੈਂ।
ਧਰਮ ਆਪਨੋ ਨਹੀਂ ਬਿਗਾਰੈਂ ॥੩੯॥
ਹਮਰੇ ਬੰਸ ਰੀਤਿ ਇਮ ਆਈ।
ਸੀਸ ਦੇਤਿ ਪਰ ਧਰਮ ਨ ਜਾਈ।
ਤੁਮਰੀ ਜਰਾਂ ਉਖਾਰਨਿ ਹੇਤ।
ਹਮ ਨਹਿਂ ਡਰਪਹਿਂਗੇ ਸਿਰ ਦੇਤਿ ॥੪੦॥
ਕਹਾਂ ਮੰਦ ਮਤਿ ! ਤੂੰ ਬਿਰਮਾਵੈਂ[1]? [1]ਭਾਵ, ਭੁੱਲਾ ਫਿਰਦਾ ਹੈਂ।
ਕੂਰ ਪਦਾਰਥ ਪਰ ਨ ਲੁਭਾਵੈਂ[1]। [1]ਅਸੀਂ ਨਹੀਂ ਲੋਭਾਇਮਾਨ ਹੋਵਾਂਗੇ।
ਧਰਮ ਸਾਚ ਹੈ ਸਦ ਹੀ ਸੰਗ।
ਕੋ ਅਸ ਮੂਰਖ ਕਰਹਿ ਜੁ ਭੰਗ ॥੪੧॥
ਬਡੇ ਗੁਰੂ ਕੀ ਅਗਨਿ ਅਵੱਗਯਾ[1]। [1]ਭਾਵ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਅਵੱਗਯਾ ਦੀ ਅਗਨੀ।
ਦਾਹਨ ਤੁਰਕ ਜਰਨ ਕੋ ਲੱਗਯਾ[1]। [1]ਤੁਰਕਾਂ ਦੀਆਂ ਜੜਾਂ ਸਾੜਣ ਲੱਗੀ ਹੋਈ ਹੈ।
ਹਮ ਸਿਰ ਦੈਬੇ ਬਾਯੁ ਬਡੇਰ[1]। [1]ਸਾਡਾ ਸਿਰ ਦੇਣਾ ਬਡੀ ਹਵਾ (ਝੁੱਲੇਗੀ)।
ਜਾਰਹਿ ਛਾਰ ਕਰਹਿ ਨਹਿਂ ਦੇਰ- ॥੪੨॥
ਸੁਨਤਿ ਜੁਝਾਰ ਸਿੰਘ ਕੀ ਬਾਨੀ।
ਹਿੰਦੂ ਤੁਰਕ ਸਭਾ ਬਿਸਮਾਨੀ।
-ਕਯੋਂ ਨ ਕਹੈਂ ਗੁਰ ਕੇ ਸੁਤ ਅਹੈਂ[1]। [1]ਕਿਉਂ ਨਾ (ਏਹੋ ਜੇਹੇ ਬਹਾਦਰੀ ਦੇ ਬਚਨ ਕਹਿਣ) ਗੁਰੂ ਜੀ ਦੇ ਪੁੱਤ੍ਰ ਜੁ ਹੋਏ।
ਜਿਨ ਉਪਦੇਸ਼ੇ ਸ਼ੁਭ ਗਤਿ ਲਹੈਂ- ॥੪੩॥
ਸਿਖ ਸੰਗਤ ਹਿੰਦੂ ਤਹਿਂ ਸਬੈ।
ਧੰਨ ਧੰਨ ਬੋਲਤਿ ਭੇ ਤਬੈ।
ਤੁਰਕ ਜਰੇ ਉਰ ਜਰੇ ਨ ਕੈਸੇ।
ਪਾਵਸ ਪਰੇ ਜਵਾਸਾ ਜੈਸੇ ॥੪੪॥
ਖ਼ਾਨ ਵਜੀਦੇ ਨੈਨ ਤਰੇਰੇ[1]। [1]ਭਾਵ ਤਾੜਨਾ ਵਾਲੀਆਂ ਅੱਖਾਂ ਕੀਤੀਆਂ।

-ਡਰਤਿ ਨਹੀਂ ਕਿਮ ਕਹੈਂ ਕਰੇਰੇ[1]।
ਇਨ ਕੋ ਅਬਿ ਦੈ ਹੈਂ ਮਰਿਵਾਇ-।
ਇਮ ਨਿਸ਼ਚੈ ਕਰਿ ਰਿਸ ਕੌ ਪਾਇ'
॥੪੫॥

[1]ਡਰਦੇ ਨਹੀਂ (ਸਗੋਂ) ਕੈਸੇ ਕਰੜੇ ਬੋਲਦੇ ਹਨ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰੁਤੇ 'ਸ਼੍ਰੀ ਜੁਝਾਰ ਸਿੰਘ ਬਾਕ' ਪ੍ਰਸੰਗ ਬਰਨਨੰ ਨਾਮ ਏਕ ਪੰਚਾਸਤੀ ਅੰਸੂ ॥੫੧॥

੫੨. [ਮਾਹੀ ਨੇ ਸਾਕਾ ਸੁਨਾਉਣਾ-ਜਾਰੀ]

੫੧<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫੩

ਦੋਹਰਾ:

[1] 'ਖੱਤ੍ਰੀ ਝੁਠਾਨੰਦ ਤਬਿ, ਕਹਿ ਨਬਾਬ ਕੇ ਸਾਥ। [1]ਮਾਹੀ ਕਹਿ ਰਿਹਾ ਹੈ।
-ਦੇਖਹੁ ਕਿਮ ਇਹ ਬੋਲਤੇ, ਡਰਤਿ ਨ ਜੋਰਤਿ ਹਾਥ ॥੧॥

ਚੌਪਈ:

ਬਡੇ ਹੋਇੰਗੇ ਪਿਤਾ ਸਮਾਨਾ।
ਲਾਖਹੁ ਲਸ਼ਕਰ ਕੀਨਸਿ ਹਾਨਾ।
ਨਿਤ ਉਧਮ ਕੋ ਦੇਸ਼ ਉਠਾਵੈਂ।
ਏਹ ਨਹਿਂ ਕਜੋਂਹੁੰ ਸੀਸ ਨਿਵਾਵੈਂ ॥੨॥
ਅਬਿ ਪਕਰੇ ਬਸ ਆਇ ਤੁਮਾਰੇ।
ਛੂਟ ਨ ਜਾਹਿਂ ਮਵਾਸ ਮਝਾਰੇ[1]। [1]ਛੁੱਟਕੇ ਕਿਸੇ ਆਕੀ ਥਾਂ ਨਾਂ ਚਲੇ ਜਾਣ।
ਇਨ ਕੋ ਅਪਰ ਨਹੀਂ ਉਪਚਾਰੂ।
ਕਰੋ ਹੁਕਮ ਕਿਹ[1], ਕਰੈ ਪ੍ਰਹਾਰੂ- ॥੩॥ [1]ਕਿਸੇ ਨੂੰ ਹੁਕਮ ਕਰੋ।
ਹੁਤੇ ਸਭਾ ਮਹਿਂ ਖਾਨ ਮਲੇਰੀ।
-ਹਤਹਿ- ਜਾਨਿ ਬੋਲੇ ਤਿਸ ਬੇਰੀ[1]। [1](ਇਹ) ਜਾਣਕੇ ਕਿ-(ਨਵਾਬ ਇਨ੍ਹਾਂ ਨੂੰ) ਮਾਰ ਦੇਵੇਗਾ- ਉਸ ਵੇਲੇ ਬੋਲੇ।
-ਬਾਲਕ ਸ਼ੀਰ ਖੋਰ ਕਜਾ ਦੋਸ਼।
ਹਾਨ ਲਾਭ ਕੀ ਇਨਹਿ ਨ ਹੋਸ਼- ॥੪॥
ਸੁਨਿ ਪਾਪੀ ਤਬਿ ਏਵ ਨਵਾਬ।
ਇਤ ਉਤ ਦੇਖਨ ਲਗਜੋ ਸ਼ਤਾਬ।
ਜੇ ਨਰ ਸਨਮੁਖ ਕਿਨਹੁ ਨ ਮਾਨੀ।
-ਹਮ ਤੇ ਬਾਲਕ ਹੋਇਂ ਨ ਹਾਨੀ- ॥੫॥
ਬਹੁਰ ਦਾਹਿਨੀ ਦਿਸ਼ ਜਬਿ ਹੇਰਾ।
ਨੀਵ ਗ੍ਰੀਵ ਕਰਿ ਥਿਰ ਤਿਸ ਬੇਰਾ।
ਬਾਮੇ ਦਿਸ਼ ਤਬਿ ਦ੍ਰਿਸ਼ਟਿ ਚਲਾਈ।
ਨਹਿਂ ਕਿਨ ਮਾਨੀ ਗਿਰਾ ਅਲਾਈ ॥੬॥
ਪਾਛਲ ਦਿਸ਼ਿ ਖਲ ਬਾਂਛਤ ਬੇਗ।
ਗਿਲਜਾ ਪਸ਼ਚਮ ਕੋ ਯੁਤਿ ਬੇਗ[1]। [1]ਮੂਰਖ (ਨਵਾਬ) ਪਿਛਲੇ ਪਾਸੇ ਕਾਹਲੀ ਨਾਲ (ਤੱਕਕੇ) ਚਾਹੁੰਦਾ ਹੈ (ਕਿ ਕੋਈ ਨਿੱਤਰੇ ਤਾਂ) ਪੱਛਮ ਦਾ ਇਕ ਪ੍ਰਾਕ੍ਰਮ ਵਾਲਾ ਗਿਲਜਾ (ਉਸ ਨੂੰ ਦਿੱਸਿਆ, ਜਿਸ ਨੂੰ ਕਹਿਣ ਲੱਗਾ) [ਬੇਗ=ਕਾਹਲੀ ਨਾਲ। ਬੇਗ=ਪ੍ਰਾਕ੍ਰਮ, ਉੱਦਮ]। (ਅ) ਕਈ ਲੋਕ 'ਬਾਂਛਤ ਬੇਗ' ਉਸ ਦਾ ਨਾਂ ਕਹਿੰਦੇ ਹਨ। ਪਰ ਵਾਂਛਤ ਸੰਸਕ੍ਰਿਤ ਪਦ ਹੈ।

-ਲਿਹੁ ਬਾਲਕ ਇਤ ਦਿਸ਼ ਮਹਿਂ ਹੋਇ।
ਧਰ ਤੇ ਜੁਦੇ ਕਰਹੁ ਸਿਰ ਦੋਇ ॥੭॥
ਰਾਖਨ ਕੀ ਲਾਯਕ ਇਹ ਨਾਂਹੀ।
ਪਾਇਂ ਫਤੂਰ ਦੇਸ਼ ਕੇ ਮਾਂਹੀ-।
ਸੁਨਿ ਗਿਲਜਾ ਤਬਿ ਲੇ ਕਰਿ ਗਯੋ।
ਓਟ[1] ਸਭਾ ਕੇ ਹੋਵਤਿ ਭਯੋ ॥੮॥

[1]ਓਹਲੇ।

ਪਾਪੀ ਨਿਰਦਜਾਲੁ ਮਤਿ ਮੰਦ।
ਗਹਿ ਖੈਂਚੀ ਸ਼ਮਸ਼ੇਰ ਬਿਲੰਦ।
ਧੀਰਜ ਧਰੇ ਗੁਰੂ ਸੁਤ ਖਰੇ।
ਨਹੀਂ ਦੀਨ ਮਨ[1] ਕੈ ਸਿਹੁਂ ਕਰੇ ॥੯॥

[1]ਉਦਾਸ ਮਨ।

ਧਰਮ ਹੇਤ ਸਿਰ ਚਾਹਤਿ ਦੀਯੋ।
ਤੁਰਕਨਿ ਜਰਾਂ ਬਿਨਾਸ਼ੀ ਕੀਯੋ।
ਸਿਮਰਹਿਂ ਬਾਤ ਪਿਤਾਮੇ ਕੇਰੀ।
ਲਾਜ ਬੰਸ ਕੀ ਚਹੈਂ ਬਡੇਰੀ ॥੧੦॥
ਅਧਮ ਤਬੈ ਤਰਵਾਰ ਚਲਾਈ†।

†ਆਮ ਪ੍ਰਸਿੱਧ ਪਰੰਪਰਾਂ ਤੋਂ ਸਾਹਿਬਜ਼ਾਦਿਆਂ ਦਾ ਕੰਧਾਂ ਵਿਚ ਚਿਣੇ ਜਾਣਾ ਆ ਰਿਹਾ ਹੈ ਅਰ ਕਈ ਇਤਿਹਾਸਕਾਰਾਂ ਨੇ ਲਿਖਿਆ ਹੈ ਕਿ ਸਿੱਖਾਂ ਨੇ ਸਰਹੰਦ ਦੀ ਤਦ ਤੋਂ ਇੱਟ ਨਾਲ ਇੱਟ ਖੜਕਾਈ ਹੈ; ਹਰ ਸਿੱਖ ਹੁਣ ਤਾਈਂ ਸਰਹੰਦ ਦੀ ਇੱਟ ਚਾਕੇ ਸਤਲੁਜ ਵਿਚ ਸੁੱਟਣੀ ਧਰਮ ਜਾਣਦਾ ਹੈ। ਇਹ ਇੱਟਾਂ ਦਾ ਸੰਬੰਧ ਚਿਣੇ ਜਾਣ ਦੀ ਪਰੰਪਰਾ ਵੱਲ ਦਲੀਲ ਨੂੰ ਲੈ ਜਾਂਦਾ ਹੈ। ਤਵਾ: ਖਾਲਸਾ ਨੇ ਲਿਖਿਆ ਹੈ ਕਿ ਪਹਿਲਾਂ ਛਾਤੀ ਤਕ ਕੰਧ ਉਸਾਰੀ ਗਈ, ਉਹ ਕੰਧ ਫੁੱਟਕੇ ਢਹਿ ਪਈ ਤੇ ਫੇਰ ਕਤਲ ਕਰਵਾਏ ਗਏ।

ਸਿਰ ਜੁਝਾਰ ਸਿੰਘ ਦਯੋ ਗਿਰਾਈ।
ਬਹੁਰ ਦੂਸਰੋ ਵਾਰ ਪ੍ਰਹਾਰਾ।
ਫਤੇ ਸਿੰਘ ਕੋ ਸੀਸ ਉਤਾਰਾ ॥੧੧॥
ਹਾਹਾਕਾਰ ਜਹਾਂ ਕਹਿਂ ਭਯੋ।
ਜੈ ਜੈ ਸ਼ਬਦ ਸੁਰਨਿ ਮਹਿਂ ਥਿਯੋ।
ਧੰਨ ਗੁਰੂ ਸੁਤ ਧੀਰਜ ਧਾਰੀ।
ਧਰਮ ਹੇਤ ਸਿਰ ਦਿਯੋ ਉਤਾਰੀ ॥੧੨॥
ਅਲਪ ਆਰਬਲ ਪਕਰੇ ਹੋਏ।
ਦ੍ਰਿੜ੍ਹਤਾ ਅਪਰ ਕਰਹਿ ਇਮ ਕੋਏ?
ਤੁਰਕਨ ਜਰਾਂ ਬਿਨਾਸੀ ਕਰਿ ਕੈ।
ਗਏ ਗੁਰੂ ਪੁਰਿ ਆਨੰਦ ਧਰਿ ਕੈ ॥੧੩॥
ਕਰੇ ਕਲੰਕਤਿ ਰਿਪੁ ਕੁਲ ਸਾਰੇ।
ਰਾਜ ਤੇਜ ਕੋ ਛੀਨਸਿ ਸਾਰੇ।

ਤਿਸ ਛੀਨ ਤੁਰਕ ਹਿੰਦੂ ਤਹਿਂ ਝਾਰੀ[1]। [1]ਸਾਰੇ।
ਖੱਤ੍ਰੀ ਕੋ ਬਹੁ ਦੇਵਤਿ ਗਾਰੀ ॥੧੪॥
-ਇਹ ਦੋਖੀ ਹੈ ਬਡੋ ਚੰਡਾਲਾ।
ਦੇਖੇ ਬਾਲਿਕ ਕਹ੍ਯੋ ਕਰਾਲਾ[1]-। [1](ਜਿਸ ਨੇ) ਭ੍ਯਾਨਕ (ਵਾਕ) ਕਹੇ।
ਸਿਖ ਸੰਗਤਿ ਕਰਿ ਹਾਹਾਕਾਰੇ।
ਜਾਨੀ ਤੁਰਕਨ ਜਰਾਂ ਉਪਾਰੇ ॥੧੫॥
ਇਕ ਸਿਖ ਟੋਡਰ ਮਲ ਬਹੁ ਧਨੀ।
ਸਾਹਿਬਜ਼ਾਦੇ ਪਕਰਨਿ ਸੁਨੀ।
ਰਿਦੈ ਬਿਚਾਰ੍ਯੋ -ਧਨ ਗਨ ਦੈ ਕੈ।
ਤੁਰਕਨਿ ਤੇ ਛੁਰਵਾਵਨਿ ਕੈ ਕੈ ॥੧੬॥
ਜਹਾਂ ਗੁਰੂ ਤਹਿਂ ਦੇਉ ਪੁਚਾਈ।
ਪਾਵੌਂ ਜਗਤ ਬਿਖੈ ਬਡਿਆਈ।
ਕਹਾਂ ਦਰਬ ਜੋ ਸਰਬ ਬਿਨਾਸ਼ੀ।
ਗੁਰ ਪਦਵੀ ਦੈ ਹੈਂ ਅਬਿਨਾਸ਼ੀ- ॥੧੭॥
ਕਰਤਿ ਉਤਾਇਲ ਕੇ ਚਲਿ ਆਵਾ।
ਸਭਾ ਬਿਖੈ ਦੇਖਤਿ ਦੁਖ ਪਾਵਾ।
ਸੁਨੀ ਨਰਨ ਤੇ -ਇਨਹੁਂ ਪ੍ਰਹਾਰੇ-।
ਪਰਮ ਦੁਖੀ ਚਿਤ ਮਹਿਂ ਤਿਸ ਬਾਰੇ ॥੧੮॥
ਹੋਯਹੁ ਤਬਿ ਉਤਪਾਤ ਬਿਸਾਲਾ।
ਕੰਪੀ ਧਰਤ ਆਇ ਭੂੰਚਾਲਾ।
ਐਂਚਤਿ ਕੰਕਰ ਧੂਰ ਘਨੇਰੀ।
ਬਹੀ ਬਾਯੁ ਬਹੁ ਬੇਰ ਕੁਫੇਰੀ ॥੧੯॥
ਸਭਿਹਿਨਿ ਕੇ ਲੋਚਨ ਰਜ ਪਰੀ।
ਕੂਕੀ ਵਹਿਰ ਸ਼ਿਵਾ[1] ਮੁਦ ਭਰੀ। [1]ਗਿਦੜੀਆਂ।
ਬਿਨ ਘਨ ਗਰਜ ਗਗਨ ਤੇ ਸੁਨੀ।
ਸਭਿ ਪਛੁਤਾਵਤਿ ਮੁੰਡੀ ਧੁਨੀ ॥੨੦॥
ਜੋ ਸਜਾਨੇ ਬੁਧਿ ਕਰੈਂ ਬਿਚਾਰਨਿ।
ਬਯੋ ਕਹਿਰ ਬਡ ਕਰਤਿ ਉਚਾਰਨ।
-ਉਠੈ ਉਪੱਦ੍ਰਵ ਰਾਜ ਬਿਧੁੰਸੈ[1]। [1]ਨਾਸ਼ ਹੋਵੇਗਾ।
ਹੋਇਂ ਬਿਨਾਸ਼ੀ ਤੁਰਕ ਨਿਸੰਸੈ- ॥੨੧॥
ਸਕਲ ਕੁਕਰਮ ਕੁਲੱਛਨ ਹੇਰੇ।

ਟੋਡਰ ਮੱਲ ਹੁਇ ਦੁਖੀ ਘਨੇਰੇ।
ਗਮਨਜੋ ਤੁਰਤ ਮਾਤ ਜਹਿਂ ਬੈਸੀ।
ਚਿੰਤਾ ਬਸਿ ਥਿਰ ਮੂਰਤਿ ਜੈਸੀ ॥੨੨॥
ਕਰਤਿ ਪ੍ਰਤੀਖਨ ਪੌਤ੍ਰਨ ਕੇਰੀ।
-ਸਭਾ ਬਿਖੈ ਤੇ ਆਵਹਿਂ ਫੇਰੀ[1]। [1]ਮੁੜਕੇ।
ਰਹੈਂ ਕੈਦ ਕਿਸ ਬਿਧਿ ਛੁਟਿ ਜੈ ਹੈਂ।
ਜੀਵਤਿ ਪੁਨ ਸਭਿ ਹੂੰ ਸੁਖ ਪੈ ਹੈਂ ॥੨੩॥
ਅਤਿ ਪ੍ਰਿਯ ਮਨ ਕੇ, ਛੋਰਿ ਇਕੇਲੀ[1]। [1]ਇਕੱਲੀ ਛੱਡਕੇ।
ਗਏ ਤੁਰਕ ਜਹਿਂ ਸਭਾ ਸਕੇਲੀ।
ਅਬਿ ਐ ਹੈਂ ਬੀਤਜੋ ਚਿਰਕਾਲ-।
ਇਮ ਮਾਤਾ ਚਿਤ ਚਿੰਤ ਬਿਸਾਲ ॥੨੪॥
ਇਤਨੇ ਮਹਿਂ ਟੋਡਰਮਲ ਗਯੋ।
ਹਾਥ ਜੋਰਿ ਪਗ ਬੰਦਤਿ ਭਯੋ।
ਬਿਹਬਲ ਅੱਸ੍ਰੂਨ[1] ਬਦਨ ਪਖਾਰਾ। [1]ਹੰਝੂਆਂ ਨਾਲ।
ਰੁਕਜੋ ਕੰਠ ਨਹਿਂ ਜਾਇ ਉਚਾਰਾ ॥੨੫॥
ਦੇਖਿ ਦਸ਼ਾ ਤਿਸ ਕੀ ਦੁਖਵਾਰੀ।
ਉਠਜੋ ਹੌਲ ਉਰ ਮਾਤ ਬਿਚਾਰੀ।
-[1]ਕਹੁ ਭਾਈ ਤੂੰ ਆਯੋ ਕੌਨ? [1]ਮਾਤਾ ਜੀ ਨੇ ਕਿਹਾ।
ਕਜੋਂ ਅਤਿ ਦੁਖੀ, ਹੇਤੁ ਕਹੁ ਤੌਨ? - ॥੨੬॥
-[1]ਕਜਾ ਬੂਝਤਿ ਬੈਠੀ ਅਬਿ ਮਾਤ? [1]ਟੋਡਰ ਨੇ ਕਿਹਾ।
ਮਰਤਿ ਪਿਖੇ ਮੈਂ ਦ੍ਵੈ ਗੁਰ ਤਾਤ।
ਜੀਵਤਿ ਰਹਜੋ ਫਟੀ ਨਹਿਂ ਛਾਤੀ।
ਮੋ ਤੇ ਕੋਮਲ ਪਾਹਨ ਜਾਤੀ ॥੨੭॥
ਮੈਂ ਨਿਰਭਾਗ ਬਤਾਵਨ ਆਯੋ।
ਨਹਿਂ ਗੁਰ ਪੁੱਤ੍ਰਨਿ ਸੰਗ ਸਿਧਾਯੋ।
ਘਰ ਕੋ ਦਰਬ ਸਰਬ ਮੈਂ ਦੇਤਿ।
ਜਜੋਂ ਕਜੋਂ ਕਰਿ ਬਚਾਇ ਸੋ ਲੇਤਿ ॥੨੮॥
ਕਜਾ ਮੈਂ ਕਰਉਂ ਬਤਾਵਨ ਕੋਈ।
ਨਹਿ ਸਿੱਖੀ ਮਮ ਸਾਬਤ ਹੋਈ-।
ਸੁਨਜੋਂ ਬਾਕ ਖਰ ਬਾਨ ਸਮਾਨ।

ਲਗਜੋ ਕਾਨ ਵਿੰਧ ਰਿਦਾ ਨਿਸ਼ਾਨ ॥੨੯॥
ਊਪਰ ਤਰ ਕੇ ਜੁਟਿ ਗਏ ਰਦਨੰ[1]।

[1]ਉਪਰਲੇ ਤੇ ਹੇਠਲੇ ਦੰਦ ਜੁੜ ਗਏ ਭਾਵ ਦੰਦਣ ਪੈ ਗਈ।

ਭਯੋ ਦਰਦ ਤੇ ਜ਼ਰਦ ਸੁ ਬਦਨੰ[1]।

[1]ਦਰਦ ਨਾਲ ਚਿਹਰਾ ਪੀਲਾ ਹੋ ਗਿਆ।

ਖੁਸ਼ਕ ਹੋਇ ਮੁਖਿ ਲਾਗੁ ਸੁ ਲਾਟੀ[1]।

[1]ਹੋਠਾਂ ਤੇ ਜੀਭ ਦਾ ਸੁੱਕ ਜਾਣਾ ਤੇ ਤਾਲੂ ਨਾਲ ਜੀਭ ਤੇ ਮੂੰਹ ਦਾ ਚਪਕ ਜਾਣਾ।

ਜਨੁ ਕਦਲੀ ਤਰੁ ਕੀ ਜੜ ਕਾਟੀ ॥੩੦॥
ਤਰਫਰਾਤਿ ਮੁਰਛਾ ਕੇ ਪਾਈ।
ਗਿਰੀ ਬਿਸੁਧ ਹ੍ਵੈ ਸੁਧਿ ਨਹਿੰ ਕਾਈ।
ਤਬਿ ਟੋਡਰਮਲ ਦੁਖਿ ਅਤਿਯੰਤਾ।
ਕਰਿ ਬੈਠੀ ਗੁਰ ਮਾਤ ਤੁਰੰਤਾ[1] ॥੩੧॥

[1]ਛੇਤੀ ਨਾਲ ਗੁਰ ਮਾਤਾ ਨੂੰ ਬੈਠੀ ਕਰ ਦਿੱਤਾ ਭਾਵ ਆਸਰਾ ਦੇਕੇ ਬਿਠਾਇਆ ਤੇ......।

ਬਾਯੁ ਬਸਤ੍ਰ ਤੇ ਕਰੀ ਝੁਲਾਵਨ।
ਤਬਿ ਕੀਨੀ ਤਨ ਕੀ ਸੁਧਿ ਪਾਵਨ।
ਚੇਤਨਤਾ ਜੁਤਿ ਪੁਨ ਚਿਤ ਆਏ[1]।

[1]ਯਾਦ ਆਏ (ਸਾਹਿਬਜ਼ਾਦੇ)।

-ਕਹਾਂ ਪੌਤ੍ਰ? -ਨਹਿਂ ਦ੍ਰਿਸ਼ਟੀ ਆਏ ॥੩੨॥
-ਪੁੱਤ੍ਰ ਜੁਝਾਰ ਸਿੰਘ ਲਿਹੁ ਨਾਲੇ।
ਮੁਝ ਤੇ ਪੂਰਬ ਤੁਮ ਕਿਤ ਚਾਲੇ?
ਕਹਾਂ ਇਕਾਕੀ ਮੈਂ ਰਹਿ ਕਰਿ ਹੌਂ?
ਇਸ ਪ੍ਰਕਾਰ ਮੈਂ ਤੂਰਨ ਮਰਿ ਹੌਂ ॥੩੩॥
ਜੇ ਤੂੰ ਹੈਂ ਗੁਰ ਸਿੱਖ ਅਛੇਰਾ।
ਕਰਿ ਉਪਚਾਰ ਮਰਣ ਕੋ ਮੇਰਾ।
ਜੁਗ ਪੌਤ੍ਰਨਿ ਸੰਗ ਜਿਸ ਤੇ ਮਿਲੌਂ।
ਅਪਨੇ ਸਾਥ ਲਿਏ ਕਰਿ ਚਲੌਂ[1]- ॥੩੪॥

[1]ਤੇ (ਪੋਤਰਿਆਂ ਨੂੰ) ਆਪਣੇ ਨਾਲ ਲੈ ਕੇ ਚੱਲਾਂ।

ਇਮ ਕਹਿਤੇ ਦੁਖ ਲਖਿ ਕਰਿ ਭਾਰਾ।
ਬੁਰਜ ਸਾਥ ਬਲ ਤੇ ਸਿਰ ਮਾਰਾ।
ਸਹਿ ਨ ਸਕਜੋ ਟੋਡਰਮਲ ਹਰਿ।
ਗਰਿ ਕਰਿ ਬੈਠਜੋ ਮਾਤਾ ਫੇਰ ॥੩੫॥
[1]ਮਸਤਕ ਭਗਨ ਰੁਧਰ ਬਹੁ ਬਹਯੋ।

[1]ਮੱਥਾ ਫਟ ਗਿਆ।

ਬਜਾਕੁਲ ਤੇ ਬਜਾਕੁਲ ਹ੍ਵੈ ਗਯੋ[1]।

[1]ਮਾਤਾ ਜੀ ਨੂੰ) ਬਜਾਕੁਲ (ਦੇਖਕੇ ਟੋਡਰਮਲ) ਵਿਆਕੁਲ ਹੋ ਗਿਆ (ਤੇ ਸੋਚਣ ਲੱਗਾ ਕਿ....)।

ਮੋਹਿ ਛਾਪ ਮਹਿਂ ਹੀਰੇ ਕਣੀ।

ਜੇ ਮੈਂ ਦੇਉਂ, ਅਵੱਗਯਾ ਘਣੀ ॥੩੬॥
ਜੇ ਨਹਿਂ ਦੇਉਂ ਮਹਾਂ ਦੁਖ ਸਹਿ ਹੈ।
ਚਿਰੰਕਾਲ ਤੇ ਮ੍ਰਿਤੁ ਕੋ ਪੈ ਹੈ-।
ਕਹ੍ਯੋ ਮਾਤ -ਤੁਹਿ ਦੋਸ਼ ਨ ਕੋਈ।
ਦਿਹੁ ਹੀਰਾ ਜਿਸ ਤੇ ਮ੍ਰਿਤੁ ਹੋਈ- ॥੩੭॥
ਤਬਿ ਟੋਡਰਮਲ ਰਿਦੇ ਬਿਚਾਰਾ।
-ਹੀਰਾ ਤਤਛਿਨ ਛਾਪ ਨਿਕਾਰਾ।
ਦੇ ਮਾਤਾ ਕੋ ਬਦਨ ਪਵਾਯੋ।
ਮਹਾਂ ਦੁਖਤਿ ਨੇ ਲੇ ਕਰਿ ਖਾਯੋ ॥੩੮॥
ਕਿਤਿਕ ਕਾਲ ਮਹਿਂ ਪ੍ਰਾਨ ਨਿਕਾਰੇ।

ਸ੍ਰੀ ਮਾਤਾ ਗੁਜਰੀ ਜੀ ਦੇ ਜੋਤੀ ਜੋਤਿ ਹੋਣ ਦੇ ਪ੍ਰਸੰਗ ਇਤਿਹਾਸਾਂ ਵਿਚ ਜੁਦੇ ਜੁਦੇ ਦੱਸੇ ਗਏ ਹਨ। ਕਿਤੇ ਹੀਰਾ ਚੱਟਣਾ, ਕਿਤੇ ਬੁਰਜ ਤੋਂ ਡਿੱਗਣਾ ਤੇ ਕਿਤੇ ਮੱਥਾ ਕੰਧ ਨਾਲ ਟਕਰਾਉਣਾ ਆਦਿ। ਪਰੰਤੂ ਮਾਤਾ ਜੀ ਦਾ ਜੋਤੀ ਜੋਤਿ ਹੋਣਾ ਯੋਗਾਭ੍ਯਾਸ ਦੇ ਤ੍ਰੀਕੇ ਅਨੁਸਾਰ ਬ੍ਰਹਮਰੰਧ੍ਰ ਦਸਮ ਦ੍ਵਾਰ ਰਸਤੇ ਸਰੀਰ ਤਯਾਗਣਾ ਵਿਸ਼ੇਸ਼ ਸਹੀ ਭਾਸਦਾ ਹੈ, ਕਿਉਂਕਿ ਮਾਤਾ ਜੀ ਯੋਗੀ ਸਨ ਅਰ ਸਾਹਿਬ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ ਦਿੱਤੇ ਉਪਦੇਸ਼ ਅਨੁਸਾਰ ਆਪ ਯੋਗ ਸਾਧਨਾ ਸਾਧਦੇ ਰਹੇ ਸਨ, ਜੈਸਾ ਕਿ ਸਾਹਿਬ ਦਸਮ ਪਾਤਸ਼ਾਹ ਜੀ ਨੇ ਬੱਚਿਤ੍ਰ ਨਾਟਕ ਦੇ ਧਿਆ ੬ ਅੰਕ ੩ ਵਿਚ ਆਪ ਦਸਿਆ ਹੈ 'ਤਾਤ ਮਾਤ ਮੁਰ ਅਲਖ ਅਰਾਧਾ। ਬਹੁ ਬਿਧਿ ਜੋਗ ਸਾਧਨਾ ਸਾਧਾ।' ਇਸ ਤੋਂ ਵੱਧ ਹੋਰ ਪ੍ਰਮਾਣ ਦੀ ਲੋੜ ਹੀ ਨਹੀਂ, ਪਰ ਜੋ ਰਵਾਇਤ ਸ਼੍ਰੀ ਫਤਹਗੜ੍ਹ ਸਾਹਿਬ ਜੀ ਦੇ ਗ੍ਰੰਥੀ ਸਿੰਘਾਂ ਤੋਂ ਸੁਣੀ ਹੈ ਉਹ ਇੱਥੇ ਦੱਸਣੀ ਜ਼ਰੂਰੀ ਹੈ। ਪਿਛਲੇ ਸਾਲ ਕੁਛਕ ਯਾਤ੍ਰੂ ਸ਼੍ਰੀ ਫਤਹਗੜ੍ਹ ਸਾਹਿਬ ਗਏ ਸਨ। ਇਕ ਯਾਤ੍ਰੂ ਨੇ ਕਿਹਾ 'ਇਥੇ ਮਾਤਾ ਗੁਜਰੀ ਜੀ ਬੁਰਜ ਤੋਂ ਡਿੱਗਕੇ ਜੋਤੀ ਜੋਤ ਸਮਾਏ ਸਨ'। ਪਾਸ ਹੀ ਗ੍ਰੰਥੀ ਸਿੰਘ ਜੀ ਸੁਣ ਰਹੇ ਸਨ, ਉਨ੍ਹਾਂ ਨੇ ਉਸ ਯਾਤ੍ਰੂ ਨੂੰ ਕਿਹਾ 'ਭਾਈ ਇਸ ਤਰ੍ਹਾਂ ਦੇ ਬੇਅਦਬੀ ਦੇ ਵਾਕ ਸ਼੍ਰੀ ਮਾਤਾ ਜੀ ਵਾਸਤੇ ਨਾ ਕਹੁ, ਅਸੀਂ ਆਪਣੇ ਪਿਤਾ ਪਿਤਾਮਾ ਜੀ ਤੋਂ ਸੁਣਦੇ ਆਏ ਹਾਂ ਕਿ ਮਾਤਾ ਜੀ ਨੂੰ ਜਦ ਸਾਹਿਬਜ਼ਾਦਿਆਂ ਦੇ ਸ਼ਹੀਦ ਹੋਣ ਦੀ ਖਬਰ ਮਿਲੀ ਤਾਂ ਉਨ੍ਹਾਂ ਸ਼੍ਰੀ ਜਪੁਜੀ ਦਾ ਪਾਠ ਕਰਕੇ ਅਰਦਾਸਾ ਸੋਧਿਆ ਤੇ ਚੌਂਕੜਾ ਲਾਕੇ ਦਸਮ ਦੁਆਰ ਵਿਚ ਪ੍ਰਾਣ ਚੜ੍ਹਾ ਲਏ ਤੇ ਸਰੀਰ ਤਿਆਗ ਦਿੱਤਾ'।

ਦਸਮੀ ਪਾਤਸ਼ਾਹੀ ਦੇ ਗੁਰ ਬਿਲਾਸ ਵਿਚ ਲਿਖਿਆ ਹੈ ਕਿ ਦੋਵੇਂ ਸਾਹਿਬਜ਼ਾਦੇ ਧਰਮ ਵਾਸਤੇ ਸਰੀਰ ਤਿਆਗ ਕੇ ਆਪਣੇ ਨੂਰਾਨੀ ਜਾਮੇ ਵਿਚ ਮਾਤਾ ਜੀ ਪਾਸ ਆਏ ਯਥਾ 'ਇਹ ਕਹੇ ਬੈਨ ਮਾਤਾ ਨਿਧਾਨ। ਹਮ ਖੁਸ਼ੀ ਦੇਹੁ ਕਰੀਏ ਪਯਾਨ। ਬੋਲੀ ਪਛਾਨ ਜਨਨੀ ਸੁ ਤਾਤ। ਲਖ ਆਗ ਪਾਛ ਕਹਿਓ ਸੁ ਬਾਤ। ਕਜੋਂ ਦ੍ਰਿਸ਼ਟਿ ਨਾਹਿ ਤੁਮ ਪਰਤ ਮੋਰ। ਵਹਿ ਕਹੋ ਬਾਤ ਮੁਹਿ ਸੰਗ ਛੋਰ। ਬੋਲੇ ਸੁ ਬੀਰ ਦੋਨੋ ਨਿਧਾਨ। ਇਹ ਦਿੱਬ ਦੇਹ ਹੈ ਅਵਰ ਆਨ। ਜਿਹ ਮਨੁਸ਼ ਦੇਵ ਨਹਿਂ ਲਖਤ ਕੋਇ। ਜਹਿ ਦਿਪਤ ਜੇਤਿ ਉੱਦੇਤ ਸੋਇ। ਨਹੀਂ ਪੰਚ ਤੱਤ ਕੀ ਮਲਿਨ ਦੇਹ। ਹੈ ਬਦਨ ਘਟਨ ਤੇ ਅਮਰ ਏਹ। ' ਇਉਂ ਮਾਤਾ ਜੀ ਜਦ ਲਾਲ ਤੱਕੇ ਤਾਂ ਆਪ ਭੀ ਸਰੀਰ ਤਿਆਗ ਇਹ ਦੋ ਹੀਰਿਆਂ ਦਾ ਜੁੱਟ ਨਾਲ ਲੈ ਕੇ ਗੁਰਪੁਰੀ ਸਿਧਾਰ ਗਏ। ਸ਼ਾਇਦ ਹੀਰਿਆਂ ਦੇ ਜੁੱਟ ਤੋਂ 'ਹੀਰਾ ਚੱਟਕੇ ਮਾਤਾ ਜੀ ਗੁਰਪੁਰੀ ਸਿਧਾਏ' ਇਹ ਗੱਲ ਲਿਖੀ ਕਵੀਆਂ ਦੇ ਵੇਖਣ ਵਿਚ ਆਈ ਤੇ ਇਹੋ ਲਿਖ ਦਿੱਤੀ ਹੋਵੇ, ਕਿਉਂਕਿ ਜਜੇ ਦੀ ਔਕੜ ਮਾਤ੍ਰਾ ਜਜੇ ਦੇ ਨਾਲ ਮਿਲ ਜਾਣ ਕਰਕੇ 'ਚਚਾ' ਬਣ ਜਾਂਦਾ ਹੈ।

ਮਿਲਿ ਪੌਤ੍ਰਨਿ ਗੁਰਪੁਰੀ ਪਧਾਰੇ।
ਤੀਨਹੁ ਤਨ ਟੋਡਰ ਸਸਕਾਰੇ†।

†ਜਿੱਥੇ ਸਸਕਾਰ ਹੋਇਆ ਉਥੇ ਗੁਰਦਵਾਰਾ ਹੈ। ਨਾਮ 'ਜੋਤੀ ਸਰੂਪ' ਹੈ। ਜਿੱਥੇ ਸਾਹਿਬਜ਼ਾਦੇ ਸ਼ਹੀਦ ਹੋਏ ਉਸ ਗੁਰਦਵਾਰੇ ਦਾ ਨਾਮ 'ਫਤੇ ਗੜ੍ਹ' ਹੈ ਤੇ ਜਿੱਥੇ ਮਾਤਾ ਜੀ ਸਾਹਿਬਜ਼ਾਦੇ ਨਜ਼ਰਬੰਦ ਰਹੇ ਉਸ ਨੂੰ 'ਮਾਤਾ ਗੁਜਰੀ ਜੀ ਦਾ ਬੁਰਜ' ਕਹਿੰਦੇ ਹਨ। ਹੋਰ ਸ਼ਹੀਦ ਗੰਜ ਗੁਰਸਿੱਖਾਂ ਦੇ ਏਥੇ ਕਈ ਹਨ।

ਚੁਨੇ ਪੁਸ਼ਪ ਬਾਸਨ ਨਹਿਂ ਡਾਰੇ ॥੩੯॥
ਸਭਿ ਸਿੱਖਨਿ ਮਿਲਿ ਤਹਾਂ ਦਬਾਏ।'
ਇਮ ਮਾਹੀ ਸਭਿ ਗਾਥ ਸੁਨਾਏ।
'ਸੁਨਹੁ ਗੁਰੂ ਜੀ ! ਸਕਲ ਪ੍ਰਸੰਗ।
ਇਕ ਸਿਖ ਨੇ ਭਾਖਯੋ ਮੁਝ ਸੰਗ ॥੪੦॥
ਸੋ ਮੈਂ ਰਾਵਰਿ ਪਾਸ ਬਤਾਵਾ।
ਦਿਜ ਕੀ ਸੁਨਹੁਂ ਜਥਾ ਫਲ ਪਾਵਾ।
ਤੁਰਕਨ ਸੁਨੀ ਰਹਯੋ ਧਨ ਇਸ ਕੇ।
ਧਾਇ ਸਿਪਾਹੀ ਗਮਨੇ ਤਿਸ ਕੇ ॥੪੧॥
ਸਕਲ ਕੁਟੰਬ ਬਾਂਧਿ ਕਰਿ ਆਨਾ।
ਦਈ ਸਜ਼ਾਇ ਮਾਰ ਕਰਿ ਨਾਨਾ।

ਜਿਹ ਥਲ ਤਿਹ ਦੀਨਾਰ ਦਬਾਈ।
ਰਹ੍ਯੋ ਖੋਜ ਸੋ ਹਾਥ ਨ ਆਈ ॥੪੨॥
ਮਾਰੀਂਦਾ ਤੁਰਕਨ ਤੇ ਮਰਿਓ।
ਤਾਤਕਾਲ ਫਲ ਭੋਗਨਿ ਕਰਿਓ।'
ਤਬਿ ਸਤਿਗੁਰੂ ਪ੍ਰਯੰਕੈ ਥਿਰੇ।
ਦੋਨਹੁੰ ਚਰਨ ਧਰਾ ਪਰ ਧਰੇ ॥੪੩॥
ਬੂਟ ਖਰੋ ਕਾਹੂ[1] ਕੋ ਹੇਰੇ।

[1]ਇਕ ਬੂਟੀ ਜੋ ਦਵਾ ਦੇ ਕੰਮ ਆਉਂਦੀ ਹੈ [ਫਾ:, ਕਾਹੂ]। (ਅ) ਇਕ ਪ੍ਰਕਾਰ ਦਾ ਘਾਹ, ਕਾਹੀ।

ਤਿਸ ਕੀ ਜਰ ਕੋ ਖਨਹਿਂ ਘਨੇਰੇ।
ਕਰਦ ਹਾਥ ਮਹਿਂ ਧਾਰਨ ਕਰੇ।
ਸਗਲ ਪ੍ਰਸੰਗ ਸੁਨਜੋਂ ਚਿਤ ਧਰੇ ॥੪੪॥
ਬਹੁਰ ਬੂਝਨਾ ਕੀਨਿ ਗੁਸਾਈਂ।
'ਜਹਾਂ ਸਭਾ ਤੁਰਕਨ ਸਮੁਦਾਈ।
ਬਿਨ ਮਲੇਰੀਅਨ ਅਪਰ ਭਿ ਕੋਈ।
ਪਿਖਿ ਸਿਸ ਦਯਾ ਰਿਦੇ ਜਿਸ ਹੋਈ?' ॥੪੫॥
ਤਬਿ ਮਾਹੀ ਕਰ ਜੋਰਿ ਉਚਾਰਾ।
'ਮੈਂ ਆਛੇ ਕੀਨੋ ਨਿਰਧਾਰਾ।
ਸ਼ੀਰ ਖੋਰ ਇਨ ਦੋਸ਼ ਨ ਲੇਸ਼।
ਏਵ ਮਲੇਰੀ ਕਹਿ ਬਿਨ ਦ੍ਵੈਸ਼' ॥੪੬॥
ਸੁਨਿ ਕਰਿ ਸ਼੍ਰੀ ਗੁਰ ਬਾਕ ਬਖਾਨਾ।
'ਭਯੋ ਨਾਸ਼ ਅਬਿ ਸਭਿ ਤੁਰਕਾਨਾ।
ਇਕ ਮਲੇਰੀਅਨ ਕੀ ਜੜ੍ਹ ਰਹੈ।
ਅਪਰ ਤੁਰਕ ਸਭਿ ਹੀ ਜਰ ਦਹੈ[1]' ॥੪੭॥

[1]ਜੜ੍ਹ ਸੜ ਜਾਏਗੀ।

ਇਮ ਕਹਿ ਮੁਖ ਤੇ ਕਰਦ ਚਲਾਈ।
ਕਾਹੂ[1] ਬੂਟ ਜੜ ਕਾਟਿ ਗਵਾਇ।
'ਜਿਮ ਇਸ ਕੀ ਜੜ ਕਾਟਿ ਉਖਾਰੀ।
ਤਥਾ ਤੁਰਕ ਕੀ ਬਿਨਸਹਿ ਸਾਰੀ ॥੪੮॥
ਕੇਤਿਕ ਦਿਨ ਮਹਿਂ ਹੋਇ ਬਿਨਾਸ਼ਾ।
ਬਿਸਮਾਵੈ ਜਗ ਦੇਖਿ ਤਮਾਸ਼ਾ।'
ਦਿਯੋ ਸ੍ਰਾਪ ਗੁਰ ਕੁਪੇ ਘਨੇਰੇ।

ਰਾਜ ਤੇਜ ਕੋ ਮੂਲ ਉਖੇਰੇ ॥੪੯॥
'ਪੁਰਿ ਸਿਰੁੰਦ ਮਹਿਂ ਪਾਪ ਘਨੇਰਾ।
ਉਜਰ ਜਾਹਿ ਲਹਿ ਕਸ਼ਟ ਬਡੇਰਾ।
ਸਿੱਖ ਹਮਾਰੇ ਮਾਰਿ ਉਜਾਰਹਿਂ।
ਛੀਨਿ ਰਾਜ ਧਨ ਵਹਿਰ ਨਿਕਾਰਹਿਂ'
॥੫੦॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰੁਤੇ 'ਸ਼੍ਰਾਪ ਦੇਨ' ਪ੍ਰਸੰਗ ਬਰਨਨੰ ਨਾਮ ਦੋਇ ਪੰਚਾਸਤੀ ਅੰਸੂ ॥੫੨॥

੫੩. [ਕੱਲ੍ਹੇ ਨੂੰ ਕ੍ਰਿਪਾਨ ਬਖਸ਼ੀ। ਦੀਨੇ ਪਹੁੰਚਣਾ]

੫੨<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫੪

ਦੋਹਰਾ:

ਸੁਨਜੋ ਸ੍ਰਾਪ ਗੁਰ ਤੇ ਜਬੈ, ਬਿਸਮਜੋ ਕੱਲਾਰਾਇ।
-ਮੈਂ ਸੰਗੀ ਤੁਰਕਾਨ ਕੋ, ਤਿਨਹੁਂ ਸੰਗ ਜੜ੍ਹ ਜਾਇ ॥੧॥

ਚੌਪਈ:

ਰਹਜੋ ਸਮੀਪ ਨਹੀਂ ਕਰ ਜੋਰੇ।
ਨਹਿਂ ਬਖਸ਼ਾਯਹੁ ਗੁਰੂ ਨਿਹੋਰੇ।
ਅਬਿ ਭੀ ਸਮੋ ਲੇਉਂ ਬਖਸ਼ਾਇ-।
ਇਮ ਨਿਸ਼ਚੈ ਮਨ ਮਹਿਂ ਠਹਿਰਾਇ ॥੨॥
ਉਠਜੋ ਸਭਾ ਤੇ ਜੁਗ ਕਰ ਜੋਰੇ।
'ਸ਼੍ਰੀ ਪ੍ਰਭੁ, ਕ੍ਰਿਪਾ ਕਰਹੁ ਮਮ ਓਰੇ।
ਦਾਸ ਕਦੀਮੀ ਰਾਵਰ ਕੇਰਾ[†]।
ਤੁਰਕਨਿ ਸਨ ਕਿਛ ਹਿਤੁ ਨਹਿਂ ਮੇਰਾ ॥੩॥
ਤਿਨ ਕੇ ਸਾਥ ਨ ਮੋਹਿ ਮਿਲਾਓ।
ਅਪਨ ਸ਼੍ਰਾਪ ਤੇ ਪ੍ਰਥਕ ਬਚਾਓ।'
ਸ਼੍ਰੀ ਗੁਰ ਕਹੈਂ 'ਪ੍ਰਥਮ ਕੇ ਸਮੈ[1]।
ਅਪਨੇ ਹੇਤ ਕਹਿਨ ਥੋ ਹਮੈ[1] ॥੪॥
ਦੇਤਿ ਸ਼੍ਰਾਪ ਕੋ ਲੇਤਿ ਬਚਾਇ।
ਤੁਰਕਨ ਗਨ ਤੇ ਪ੍ਰਥਕ ਬਨਾਇ।'
ਸੁਨਤਿ ਰਾਇ ਕੱਲੇ ਤਬਿ ਕਹਜੋ।
'ਇਤੋ ਕੋਪ ਮੈਂ ਨਾਹਿਨ ਲਹਜੋ ॥੫॥
ਅਬਿ ਭੀ ਸ਼ਰਨ ਪਰੇ ਕੀ ਰਾਖਹੁ।
ਦਾਸ ਜਾਨਿ ਬਖਸ਼ਨ ਅਭਿਲਾਖਹੁ।
ਮੇਰੋ ਰਾਜ ਤੇਜ ਰਖਿ ਲੀਜੈ।
ਪਰਜੋ ਸ਼ਰਨ ਅਬਿ ਕਰੁਨਾ ਕੀਜੈ' ॥੬॥
ਪੁਨ ਸ਼੍ਰੀ ਗੁਰ ਤਿਹ ਸੰਗ ਬਖਾਨਾ।
'ਮਿਟਿ ਕਿਮ ਸਕਹਿ ਜਿ ਸਚੁ ਹੁਇ ਜਾਨਾ।

[†]ਇਸ ਤੋਂ ਸਿੱਧ ਹੋਇਆ ਕਿ ਕੱਲਾ ਨਿਰਾ ਧਰਮੀ ਪੁਰਖ ਹੀ ਨਹੀਂ ਸੀ ਪਰ ਗੁਰਸਿੱਖ ਬੀ ਸੀ। ਇਸੇ ਕਰਕੇ ਗੁਰੂ ਜੀ ਇਸ ਪਾਸ ਪੁੱਜੇ ਹਨ ਤੇ ਇਸ ਕਰਕੇ ਉਸਨੇ ਅਤੀ ਸੇਵਾ ਤੇ ਪਿਆਰ ਕੀਤਾ ਹੈ, ਜਿਵੇਂ ਸੱਕਾ ਪੁੱਤ੍ਰ ਯਾ ਸੱਚਾ ਮੁਰੀਦ ਕਰ ਸਕਦਾ ਹੈ।

[1]ਪਹਿਲੇ ਸਮੇਂ।

[1]ਆਪਣੇ (ਬਚਣੇ) ਲਈ ਸਾਨੂੰ ਕਹਿਣਾ ਸੀ।

ਹੋਨਹਾਰ ਤੁਰਕਨ ਘਰ ਖੋਵਾ।
ਨਿਤ ਅਪਰਾਧ ਕਰਤਿ ਹੀ ਜੋਵਾ ॥੭॥
ਨਹੀਂ ਨਗਾਰਬੰਦ ਕੋ ਰਹੈ।
ਤੇਜ ਛੀਨਤਾ ਨਿਤ ਪ੍ਰਤਿ ਲਹੈ।
ਅਬਿ ਇੱਕੀ ਸੈ ਕੋਸਨ ਰਾਜ।
ਚੱਕ੍ਰਵਰਤਿ ਕੋ ਸਿਰ ਪਰ ਤਾਜ ॥੮॥
ਥੋਰੇ ਦਿਨ ਮਹਿਂ ਇਮ ਹੁਇ ਹਾਨਾ।
ਨੀਠ ਨੀਠ ਜਿਨ ਕੀ ਗੁਜ਼ਰਾਨਾ।
ਜਿਹ ਸਿਰੰਦ ਮਹਿਂ ਸਾਹਿਬਜ਼ਾਦੇ।
ਕੀਰ ਅਵੱਗਜਾ ਤੁਰਕਨਿ ਬਾਦੇ ॥੯॥
ਬਡੀ ਬਸਹਿ ਕੋਸਨ ਲਗਿ ਜੋਈ।
ਧਨੀ ਘਨੀ ਮਹਲਾਇਤ[1] ਹੋਈ।

[1]ਜੋ ਬਹੁਤ ਧਨਾਢ ਹੈ ਤੇ ਜਿਸ ਵਿਚ ਬੜੇ ਬੜੇ ਮਹਲ ਹਨ (ਭਾਵ ਸਰਹੰਦ)।

ਸਕਲ ਸਦਨ ਕੀ ਜਰਾਂ ਉਖਰਿ ਹੈਂ।
ਖੇਤੀ ਬਾਹਨ[1] ਬੋਵਨ ਕਰਿਹੈਂ ॥੧੦॥

[1]ਖੇਤੀ ਵਾਹਕੇ।

ਅਸ ਫਲ ਪ੍ਰਾਪਤਿ ਪਾਪਨ ਕੇਰਾ।
ਤੁਰਕ ਰਾਜ ਕੋ ਹੋਇ ਨਿਬੇਰਾ।'
ਦੋਇ ਬਾਰ ਕਹਿ[1] ਕੱਲਾ ਰਾਊ।
ਭਯੋ ਲਚਾਰ ਮਹਾਂ ਪਛੁਤਾਊ ॥੧੧॥

[1]ਕਹਿਕੇ।

-ਅਬਿ ਰਿਸ ਮਹਿਂ ਬਖਸ਼ਤਿ ਕਿਮ ਨਾਂਹੀ।
ਸੰਗ ਚਲੌਂ ਬੈਠਵ ਨਿਤ ਪਾਂਹੀ।
ਹੁਇੰ ਪ੍ਰਸੰਨ ਕਿਸ ਬਿਧਿ ਤੇ ਜਬੈ।
ਮਹਾਂ ਪੁਰਖ ਬਖਸ਼ਹਿਂਗੇ ਤਬੈ- ॥੧੨॥
ਨਿਜ ਲੋਕਨਿ ਸਨ ਊਚ ਉਚਾਰਾ।
'ਗਮਨਹੁ ਸਦਨ ਕਰਹੁ ਸਭਿ ਤਜਾਰਾ।
ਬਾਲਿਕ ਤ੍ਰੀਮਤਿ ਸਭਿ ਲੈ ਆਓ।
ਰਾਖਹਿਂ[1] ਸੰਗ ਜਹਾਂ ਕਹਿਂ ਜਾਓ ॥੧੩॥

[1]ਨਾਲ ਰੱਖਾਂਗੇ।

ਨਾਂਹਿ ਤਾ ਕੋ ਗ਼ਨੀਮ ਚਢਿ ਆਵੈ।
ਛੀਨਹਿ ਦੇਸ਼ ਮਹਾਂ ਬਲ ਪਾਵੈ।
ਸਭਿ ਔਰਤ ਕੀ ਬੇਨੀ[1] ਗਹਿ ਗਹਿ।
ਵਹਿਰ ਨਿਕਾਰਹਿਂ ਦੁਰਬਚ ਕਹਿ ਕਹਿ ॥੧੪॥

[1]ਗੁੱਤਾਂ।

ਸ਼੍ਰੀ ਸਤਿਗੁਰ ਕੇ ਸੰਗ ਰਹੀਜੈ।
ਥਿਰੇ ਥਿਰਹੁ, ਗਮਨੈਂ ਗਮਨੀਜੈ[1]।
ਜਹਿਂ ਬਖਸ਼ਹਿਂਗੇ ਕਰੁਨਾ ਧਾਰਿ।
ਤਹਿਂ ਤੇ ਹਟਹੁ, ਬਸਾਵਹੁ ਨਾਰ[1]' ॥੧੫॥
ਅਸ ਕਹਿਬੋ ਸੁਨਿ ਕਰਿ ਗੁਨ ਕਾਨ[1]।
-ਹਮਰੇ ਬਚਨ ਪ੍ਰਤੀਤ ਮਹਾਨ-।
ਦਯਾਸਿੰਧੁ ਤਬਿ ਦਯਾ ਢਰੇ ਹੈਂ।
ਹਿਤ ਬਖਸ਼ਨ ਕੇ ਬਚਨ ਕਰੇ ਹੈਂ ॥੧੬॥
'ਜ਼ੋਰਾਵਾਰੀ ਕਰਤਿ ਹੈ ਰਾਇ।
ਜੜ ਅਪਨੀ ਰਾਖਨ ਕੇ ਦਾਇ।'
ਆਸਤਰਨ ਕੇ ਤਰ ਤਰਵਾਰ।
ਤਹਿਂ ਤੇ ਸ਼੍ਰੀ ਪ੍ਰਭੁ ਲਈ ਨਿਕਾਰਿ ॥੧੭॥
ਨਿਜ ਕਰ ਮਹਿਂ ਧਰਿ ਬਾਕ ਬਖਾਨਾ।
'ਤੁਝ ਕੋ ਬਖਸ਼ਹਿਂ ਚਾਰੁ[1] ਕ੍ਰਿਪਾਨਾ।
ਜਬਿ ਲਗਿ ਰਖਹੁ ਅਦਬ ਇਸ ਕੇਰਾ।
ਰਹੈ ਬੰਸ, ਹੁਇ ਰਾਜ ਬਡੇਰਾ ॥੧੮॥
ਨਹਿਂ ਪੂਜਹੁ ਸਨਮਾਨਹੁ ਨਾਂਹੀ।
ਕਿਧੌਂ ਪਾਇ ਲੇ ਕੋ ਗਰ ਮਾਂਹੀ।
ਬੰਸ ਰਾਜ ਤਿਸ ਦਿਨ ਤੇ ਛੀਨ।
ਕਛੁ ਨਹਿਂ ਰਹੈ, ਸਾਚ ਲਿਹੁ ਚੀਨ' ॥੧੯॥
ਸੁਨਿ ਕਰਿ ਦੋਨਹੁਂ ਹਾਥ ਪਸਾਰੇ।
ਸਤਿਗੁਰ ਕੇ ਹੁਇ ਨਿਕਟ ਅਗਾਰੇ।
'ਦੀਜਹਿ ਸਤਿਗੁਰ, ਪੂਜਹਿਂ ਸਦਾ।
ਨਹੀਂ ਅਵੱਗਜਾ ਕਰਿਹੌਂ ਕਦਾ' ॥੨੦॥
ਰਿਦੈ ਪ੍ਰਸੰਨ ਰਾਇ ਬਹੁ ਹੋਵਾ।
ਸੁੰਦਰ ਖੜਗ ਬਿਕੀਮਤਿ ਜੋਵਾ।
'ਰਾਜ ਤੇਜ ਅਰ ਬੰਸ ਉਦਾਰਾ।
ਆਯਹੁ ਰਾਖਨਹਾਰ ਹਮਾਰਾ[1]' ॥੨੧॥

[1](ਜਿੱਥੇ) ਠਹਿਰਨ ਠਹਿਰ ਜਾਈਏ ਟੁਰ ਪੈਣ (ਤਾਂ ਨਾਲ) ਟੁਰ ਪਈਏ।

[1]ਫਿਰ ਆਕੇ ਜ਼ਨਾਨੀਆਂ ਨੂੰ ਘਰੀਂ ਵਸਾਉਣਾ (ਕਿਉਂਕਿ ਪਿੱਛੇ ਕਹਿ ਆਏ ਹਨ ਕਿ ਬਾਲਕ ਤ੍ਰੀਮਤ ਸਭਿ ਲੈ ਆਓ)।

[1]ਇਹੇ ਜਿਹੀ (ਕੱਲੇ ਦੀ) ਆਖੀ (ਗੱਲ) ਸਤਿਗੁਰੂ ਜੀ ਕੰਨੀ ਸੁਣਕੇ ਕਿ....।

[1]ਸੁਹਣੀ।

[1]ਇਹੀ ਕ੍ਰਿਪਾਨ) ਸਾਡੇ (ਰਾਜ ਤੇਜ ਦੀ) ਰੱਖਜਕ ਹੋਕੇ ਆਈ ਹੈ।

ਸ਼੍ਰੀ ਗੁਰ ਕਦਮ ਪਦਮ ਸਮ ਹੇਰੇ।
ਬਾਰ ਬਾਰ ਬੰਦਹਿਂ ਤਿਸ ਬੇਰੇ।
ਹਾਥ ਜੋਰਿ ਕਰਿ ਖਰੋ ਅਗਾਰੀ।
'ਦਿਹੁ ਆਗਜਾ ਹੁਇ ਸੇਵ ਤੁਮਾਰੀ'
॥੨੨॥
ਸ਼੍ਰੀ ਗੁਰ ਕਹਜੋ 'ਗਮਨ ਹਮ ਚਾਹੈਂ।
ਤੁਮ ਭੀ ਜਾਹੁ ਅਪਨਿ ਘਰ ਮਾਂਹੈ।
ਜੰਗਲ ਦੇਸ਼ ਹਮਾਰੇ ਸਿੱਖ।
ਤਹਾਂ ਬਿਤਾਵਹਿ ਸਮਾਂ ਭਵਿੱਖ ॥੨੩॥
ਅਬਿ ਸੇਵਾ ਕੀ ਚਾਹ ਨ ਕੋਈ।
ਜਿਸ ਹਿਤ ਕਹੈਂ ਤੋਹਿ ਕੋ ਸੋਈ।'
ਇਮ ਕਹਿ ਪਲੰਘ ਤਬੈ ਉਠਿਵਾਯੋ।
ਰਾਇ ਚਮੂੰ ਜੁਤਿ ਸੀਸ ਨਿਵਾਯੋ† ॥੨੪॥

†ਰਾਇ ਨੂੰ ਮਿਲਣ ਤੋਂ ਪਹਿਲੇ ਦਾ ਇਕ ਹੋਰ ਪ੍ਰਸੰਗ ਵੀ ਹੋਯਾ ਹੈ ਕਿ ਸ਼੍ਰੀ ਗੁਰੂ ਜੀ ਜਦ ਰਾਇ ਕੱਲੇ ਦੇ ਗਿਰਾਂ ਦੀਆਂ ਜੂਹਾਂ ਵਿਚ ਅੱਪੜੇ ਹਨ ਤਾਂ ਆਪ ਜੀ ਨੇ ਗੁੱਜਰਾਂ ਤੋਂ ਦੁੱਧ ਮੰਗਿਆ। ਗੁਜਰਾਂ ਨੇ ਮਖੌਲ ਕੀਤਾ ਤੇ ਕਿਹਾ:-"ਅਸਾਂ ਦੇ ਡੰਗਰ ਲਵੇਰੇ ਨਹੀਂ! ਪਿਛੇ ਔਹ ਜੋ ਮਾਹੀ ਆ ਰਿਹਾ ਹੈ ਗੱਭਰੂ ਉਸਦੀ ਗਾਂ ਦੁੱਧ ਦੇਂਦੀ ਹੈ"। ਗੁੱਜਰ ਲੰਘ ਗਏ, ਜਦੋਂ ਉਹ ਮਾਹੀ ਆਯਾ ਤਾਂ ਆਪ ਨੇ ਦੁੱਧ ਮੰਗਿਆ। ਉਹ ਹੱਥ ਜੋੜ ਕੇ ਕਹਿਣ ਲੱਗਾ "ਦੁੱਧ ਸਦਕੇ ਨਾਂ ਕਰਾਂ, ਪਰ ਮੇਰੀ ਗਾਂ ਤਾਂ ਦੁੱਧ ਨਹੀਂ ਦੇਂਦੀ। ਆਪ ਨੂੰ ਜੋ ਉਹ ਗੁੱਜਰ ਮੇਰੀ ਗਾਂ ਲਵੇਰੀ ਦੱਸ ਗਏ ਹਨ ਮਸ਼ਕਰੀ ਕਰ ਗਏ ਹਨ"। ਆਪ ਹੱਸੇ ਤੇ ਕਹਿਣ ਲੱਗੇ "ਮਸ਼ਕਰੀਆਂ ਬੀ ਕਰਨ ਲਈ ਹੀ ਬਣੀਆਂ ਹਨ, ਤੂੰ ਲੈ ਲੋਟਾ ਤੇ ਚੋ ਗਾਂ, ਸਾਈਂ ਦੁੱਧ ਦੇਵੇਗਾ"। ਇਕ ਛੇਕੋ ਛੇਕ ਲੋਟਾ ਸੀ ਜੋ ਗੁਰਾਂ ਨੇ ਦਿੱਤਾ। ਮਾਹੀ, ਨਿਸ਼ਚੇ ਵਾਲਾ ਮਾਹੀ, ਬਹਿ ਗਿਆ; ਭੱਜੀ ਹੋਈ ਯਾ ਭੱਜ ਰਹੀ ਗਾਂ ਦੇ ਥਣਾਂ ਵਿੱਚ ਦੁੱਧ ਆ ਗਿਆ, ਮਾਹੀ ਦੁੱਧ ਚੋਵੇ, ਕੁਛ ਤੇ ਲੋਟੇ ਵਿਚ ਰਹਿਵੇ ਕੁਛ ਛੇਕਾਂ ਥਾਣੀ ਸਿੰਮੇ, ਆਖਰ ਭਰ ਗਿਆ ਲੋਟਾ। ਪਿਆਰ ਭਰੇ ਤੇ ਸ਼ਰਧਾ ਭਰੇ ਅਥਰੂਆਂ ਨਾਲ ਭਰਿਆ ਲੋਟਾ ਲੈਕੇ ਮਾਹੀ ਆਇਆ। ਆਪ ਨੇ ਦੁੱਧ ਲਿਆ, ਪੀਤਾ ਤੇ ਕਿਹਾ "ਬਿਸ਼੍ਵੰਭਰ ਹੈਂ! ਸਰਬੰਭਰ ਹੈਂ"। ਫਿਰ ਮਾਹੀ ਨੂੰ ਫੁਰਮਾਯਾ "ਮਾਹੀ! ਲੈ ਇਹ ਲੋਟਾ ਤੂੰਹੇਂ ਰੱਖ, ਤੂੰ ਰੱਜ ਖਾਵੇਂਗਾ"। ਕਹਿੰਦੇ ਹਨ ਕਿ ਇਹ ਲੋਟਾ ਅਜੇ ਤੱਕ ਰਾਇ ਕੱਲੇ ਦੇ ਖਾਨਦਾਨ ਵਿਚ ਰਾਇ ਇਨਾਯਤ ਖ਼ਾਂ ਜੀ ਸਬ ਜੱਜ ਪਾਸ ਹੈ, ਲੋਕੀਂ ਦੇਖਣ ਜਾਂਦੇ ਹਨ; ਦੇਖਣ ਵਾਲੇ ਦੱਸਦੇ ਹਨ ਕਿ ਇਹ ਲੋਟਾ ਛੇਕੋ ਛੇਕ ਹੈ ਪਰ ਜਦ ਭਰ ਜਾਏ ਤਾਂ ਪਾਣੀ ਫਿਰ ਨਹੀਂ ਸਿੰਮਦਾ।

ਜੰਗਲ ਦਿਸ਼ਾ ਬਦਨ ਕਰਿ ਚਲੇ।
ਮੁੱਠਾ ਫਿਰੈ ਸੀਸ ਪਰ ਭਲੇ।
ਗ੍ਰਾਮ ਏਕ ਪੁਨ ਪਹੁਚੇ ਜਾਇ।
ਬੱਦ੍ਰੀ ਤਰੁ ਤਰ[1] ਪਲੰਘ ਟਿਕਾਇ ॥੨੫॥ [1]ਬੇਰ ਦੇ ਬੂਟੇ ਹੇਠ।
ਕਰਜੋ ਸੁਚੇਤਾ ਥਿਰ ਕੁਛ ਭਏ।
ਬਹੁਰੋ ਆਗੇ ਚਲਿਬੋ ਕਏ।
ਸਨੇ ਸਨੇ ਮਾਰਗ ਉਲਘੰਤੇ।
ਜੰਗਲ ਦੇਸ਼ ਆਇ ਨਿਯਰੰਤੇ ॥੨੬॥
ਏਕ ਨਿਸਾ ਬਸਿ ਗਏ ਅਗਾਰੀ।

ਹਾਜੀ ਬੇਖ ਪਲੰਘ ਅਸਵਾਰੀ।
ਸਨਮੁਖ ਸਿੰਘ ਮਿਲ੍ਯੋ ਇਕ ਆਇ।
ਸ਼੍ਰੀ ਗੁਰ ਦੇਖੇ ਸੀਸ ਨਿਵਾਇ ॥੨੭॥
ਪਰ੍ਯੋ ਜ਼ੀਨ ਜਿਸ ਪਾਸ ਤੁਰੰਗਾ।
ਦੀਰਘ ਚਾਲ ਚਪਲ ਬਲ ਸੰਗਾ।
ਅਰਪਨ ਕਰ੍ਯੋ ਹਾਥ ਜੁਗ ਜੋਰੇ।
ਸ਼੍ਰੀ ਪ੍ਰਭੁ ਤਬਿ ਅਰੋਹ ਕਰਿ ਘੋਰੇ ॥੨੮॥
ਦੀਨਾ[†] ਗ੍ਰਾਮ ਨਿਕਟ ਜਬਿ ਆਯੋ।
ਪੁਰਿ ਕਾਂਗੜ ਤੇ ਨਿਕਸਿ ਬਸਾਯੋ।
[1]ਸ਼੍ਰੀ ਸਤਿਗੁਰ ਹਰਿਗੋਬਿੰਦ ਸੰਗ।
ਮਿਲ੍ਯੋ ਜੋਧ ਸਿਖ ਭਾ ਸਰਬੰਗ ॥੨੯॥
ਲਲਾਬੇਗ ਸੋਂ ਰਣ ਜਿਸ ਕਾਲ।
ਲਰ੍ਯੋ ਤਬੈ ਲੇ ਚਮੂੰ ਬਿਸਾਲ।
ਸ਼੍ਰੀ ਅਰਜਨ ਸੁਤ ਬਹੁਤ ਰਿਝਾਯੋ[1]।
ਦੀਰਘ ਪ੍ਰਾਕ੍ਰਮ ਕਰਿ ਦਿਖਰਾਯੋ ॥੩੦॥
ਤਿਹ ਤੇ ਪੌਤ੍ਰ ਤੀਨ ਤਹਿਂ ਅਹੇ।
ਪੁਰਿ ਕਾਂਗੜ ਤੇ ਦੀਨੇ ਰਹੇ।
ਏਕ ਸ਼ਮੀਰ ਦੁਤੀ ਲਖਮੀਰ।
ਤਖਤਮੱਲ ਤੀਸਰ ਮਤਿ ਧੀਰ ॥੩੧॥
ਜਿਨ ਕੋ ਹੁਕਮ ਗ੍ਰਾਮ ਗਨ ਮਾਨੈਂ।
ਰਾਹਕ ਸਕਲ ਬਡੋ ਜਿਸ ਜਾਨੈਂ।
ਤਿਨ ਕੇ ਪਾਸ ਏਕ ਨਰ ਗ੍ਯੋ।
ਤਹਿਂ ਪਹੁੰਚਨ ਗੁਰ ਰੁਖ ਲਖਿ ਲਯੋ ॥੩੨॥
ਤਿਨ ਸਭਿਹਿਨਿ ਸਨ ਖਬਰ ਸੁਨਾਈ।
'ਗਨ ਤੁਰਕਨ ਸਨ ਕੀਨਿ ਲਰਾਈ।
ਸ਼੍ਰੀ ਗੁਰ ਗੋਬਿੰਦ ਸਿੰਘ ਇਤ ਆਏ।
ਅਪਨ ਗ੍ਰਾਮ ਕੇ ਅਬਿ ਨਿਯਰਾਏ ॥੩੩॥
ਜਾਨੈ ਕੌਨ ਜਾਹਿਂ ਕਿਸ ਗ੍ਰਾਮੂ?

[†]ਇਹ ਪਿੰਡ ਮੋਗੇ ਦੀ ਤਸੀਲ ਵਿੱਚ ਹੈ।

[1]ਭਾਵ, ਜੋਧ ਨਾਮੇ ਸਿੱਖ ਗੁਰੂ ਹਰਿਗੋਬਿੰਦ ਜੀ ਨੂੰ ਮਿਲਕੇ ਪੂਰਨ ਸਿੱਖ ਹੋਇਆ ਸੀ ਤੇ ਲਲਾਬੇਗ ਨਾਲ ਲੜਿਆ ਸੀ ਤੇ ਸ਼੍ਰੀ ਗੁਰੂ ਹਰਿਗੋਬਿੰਦ ਜੀ ਨੂੰ ਜਿਸਨੇ ਬਹੁਤ ਖੁਸ਼ ਕੀਤਾ ਸੀ। [ਕਾਂਗੜ ਰਾਇ ਜੋਧ ਦੀ ਰਾਜਧਾਨੀ ਸੀ]।

ਉਤਰਹਿਂ ਕਿਸ ਰਾਹਕ ਬਰ ਧਾਮੂ।
ਉਚਿਤ ਅਹੈ ਤੁਮ ਕੋ ਅਗਵਾਈ।
ਮਿਲਹੁ ਜਾਇ ਲੇ ਨਰ ਸਮੁਦਾਈ'
॥ ੩੪ ॥
ਸੁਨਤਿ ਸ਼ਮੀਰ ਭ੍ਰਾਤ ਲਖਮੀਰ।
ਤੂਰਨ ਤਜਾਰ ਭਏ ਮਤਿ ਧੀਰ।
ਨਰ ਸਕੇਲ ਕੇਤਿਕ ਸੰਗ ਲੀਨੇ।
ਨਿਕਸਿ ਅਗਾਊ ਮਗ ਪਗ ਦੀਨੇ
॥ ੩੫ ॥
ਦੋਇ ਕੋਸ ਆਗੇ ਚਲਿ ਆਏ।
ਨਾਨਾ ਵਸਤੁ ਉਪਾਇਨ ਲਜਾਏ।
ਚਢੇ ਤੁਰੰਗਮ ਆਵਤਿ ਆਗੇ।
ਤਨ ਪਹਿਰੇ ਨੀਲਾਂਬਰ ਬਾਗੇ ॥ ੩੬ ॥
ਤੂਰਨ ਨਿਕਟ ਹੋਇ ਕਰ ਬੰਦੇ[1]।
ਬੰਦੇ[1] ਸੁੰਦਰ ਪਦ ਅਰਬਿੰਦੇ।
ਸਹਿਤ ਰਕਾਬ ਸਪਰਸ਼ਨ ਕਰੇ।
ਨੰਮ੍ਰੀ ਬਨਿ ਬਨਿ ਸਿਰ ਨਿਜ ਧਰੇ
॥ ੩੭ ॥
ਕੁਸ਼ਲ ਪ੍ਰਸ਼ਨ ਤਿਨ ਪ੍ਰਤਿ ਗੁਰ ਕਹ੍ਯੋ।
[1] 'ਕ੍ਰਿਪਾ ਆਪ ਕੀ ਸਭਿ ਸੁਖ ਲਹ੍ਯੋ।
ਪ੍ਰਭੁ ਜੀ ! ਚਲੀਅਹਿ ਧਾਮ ਹਮਾਰੇ।
ਉਤਰਹੁ, ਸ਼੍ਰਮ ਤਨ ਤੇ ਦਿਹੁ ਟਾਰੇ
॥ ੩੮ ॥
ਪਾਵਨ ਕਰਹੁ ਗ੍ਰਾਮ ਗਨ ਧਾਮੂ।
ਸਿੱਖ ਕਦੀਮੀ ਹਮ ਪਗ ਸਾਮੂ।
ਪਿਤਾ ਪਿਤਾਮਾ ਸੇਵਕ ਰਹੇ।
ਗੁਰੂ ਪ੍ਰਸੰਨ ਹੋਇ ਦੁਖ ਦਹੇ' ॥ ੩੯ ॥
ਸੁਨਿ ਸਿੱਖਨਿ ਤੇ ਕ੍ਰਿਪਾ ਨਿਧਾਨਾ।
ਹੇਤ ਸੁਚੇਤੀ ਬਾਕ ਬਖਾਨਾ।
'ਤੁਰਕਨ ਸੰਗ ਹਮਾਰੋ ਬਾਦਾ।
ਪਰੇ ਅਧਿਕ ਸੰਗ੍ਰਾਮ ਬਿਖਾਦਾ ॥ ੪੦ ॥
ਸੋ ਹਾਕਮ, ਤੁਮ ਹੋ ਤਿਨ ਰੱਯਤ।

[1]ਹੱਥ ਜੋੜੇ।
[1]ਮੱਥਾ) ਟੇਕਿਆ।
[1]ਉਨ੍ਹਾਂ ਨੇ ਉੱਤਰ ਦਿੱਤਾ।

ਲਰਹੁ ਨ ਕੁਛ ਕਰ ਅਧਿਕ ਜਮੱਯਤ[1]।
ਧਰਹੁ ਤ੍ਰਾਸ, ਨਹਿਂ ਬਲ ਸੰਭਾਰਹੁ।
ਕਿਮ ਹਮ ਕੋ ਨਿਜ ਸਦਨ ਉਤਾਰਹੁ?'
॥੪੧॥
ਸੁਨਿ ਕਰ ਜੋਰਿ ਸਰਬ ਪੁਨ ਕਹੈਂ।
'ਅਬਿ ਰਾਵਰ ਕੀ ਸ਼ਰਨੀ ਅਹੈਂ।
ਕ੍ਰਿਪਾ ਕਰਹੁ ਹੁਇੰ ਸਦਨ ਪਵਿੱਤ੍ਰਾ।
